ੴ ਸਤਿਗੁਰ ਪ੍ਰਸਾਦਿ ॥

ਸ਼ਬਦਾਰਥ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੋਥੀ ਚੌਥੀ

ਪ੍ਰਕਾਸ਼ਕ :-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

੧ਓ ਸਤਿਗੁਰ ਪ੍ਰਸਾਦਿ ॥

ਸ਼ਬਦਾਰਥ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੋਥੀ ਚੌਥੀ

ਪ੍ਰਕਾਸ਼ਕ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਸਤੰਬਰ **੨੦੧੦** **੫,੦੦੦**

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਤਤਕਰਾ ਰਾਗਾਂ ਕਾ

ਪੋਥੀ ਪਹਿਲੀ

ਪੋਥੀ ਦੂਜੀ

ਪੋਥੀ ਤੀਜੀ

ਪੋਥੀ ਚੌਥੀ

ਰਾਗੁ ਕਾਨੜਾ

ਰਾਗੁ ਕਲਿਆਨ

ਰਾਗੁ ਪ੍ਰਭਾਤੀ

* * *

ਤੁਖਾਰੀ ਛੰਤ ਮਹਲਾ ੧
ਬਾਰਹ ਮਾਹਾ*

ੴ ਸਤਿਗੁਰ ਪ੍ਰਸਾਦਿ ॥

[੧]ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ [੨]ਸਿਰਿ ਸਿਰਿ ਸੁਖ ਸਹੰਮਾ[੩] ਦੇਹਿ ਸੁ ਤੂ ਭਲਾ ॥ [੪]ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥ ਪ੍ਰਿਅ ਬਾਝੁ ਦੁਹੇਲੀ[੫] ਕੋਇ ਨ ਬੇਲੀ [੬]ਗੁਰਮੁਖਿ ਅੰਮ੍ਰਿਤੁ ਪੀਵਾਂ ॥ [੭]ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥ ਨਾਨਕ [੮]ਪੰਥੁ ਨਿਹਾਲੇ[੯] ਸਾਧਨ[੧੦] ਤੂ ਸੁਣਿ ਆਤਮਰਾਮਾ[੧੧] ॥ ੧ ॥ [੧੨]ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥ ਸਾਧਨ ਸਭਿ ਰਸ ਚੋਲੈ[੧੩] ਅੰਕਿ[੧੪] ਸਮਾਣੀਆ ॥ ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥ [੧੫]ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥ ਸਭ ਤੇਰੀ ਤੂ ਮੇਰਾ ਪ੍ਰੀਤਮੁ [੧੬]ਨਿਸਿ ਬਾਸੁਰ ਰੰਗਿ ਰਾਵੈ ॥ ਨਾਨਕ ਪ੍ਰਿਉ ਪ੍ਰਿਉ ਚਵੈ[੧੭] ਬਬੀਹਾ [੧੮]ਕੋਕਿਲ ਸਬਦਿ ਸੁਹਾਵੈ ॥ ੨ ॥ ਤੂ ਸੁਣਿ [੧੯]ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥ ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥ ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ ॥ ਨਾ ਕੋਈ ਮੇਰਾ ਹਉ [੨੦]ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ ॥ [੨੧]ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥ ਨਾਨਕ [੨੨]ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ[੨੩] ॥ ੩ ॥ [੨੪]ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥ ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥ ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ[੨੫] [੨੬]ਊਭੀ ਗੁਣ ਸਾਰੀ ॥ [੨੭]ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ॥ [੨੮]ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥ ਨਾਨਕ ਵਰਸੈ ਅੰਮ੍ਰਿਤ ਬਾਣੀ [੨੯]ਕਰਿ ਕਿਰਪਾ ਘਰਿ ਆਵੈ ॥

੧ ਹੇ ਹਰੀ ! ਤੂੰ ਸੁਣ : ਆਪਣੇ ਪਿਛਲੇ ਕਮਾਏ ਹੋਏ ਕਰਮਾਂ ਦੀ ਕਿਰਤ (ਕਮਾਈ) ਅਨੁਸਾਰ ਹਰ ਇਕ ਜੀਵ ਸੁਖ ਜਾਂ ਦੁੱਖ ਸਹਿੰਦਾ ਹੈ, ਜੋ ਤੂੰ ਦੇਵੇਂ ਸੋਈ ਭਲਾ ਹੈ ।

੨ ਹਰ ਇਕ ਜੀਵ ਨੇ । ੩ ਸਹਿਮ, ਦੁੱਖ ।

੪ ਹੇ ਵਾਹਿਗੁਰੂ ! ਇਹ ਸਭ ਤੇਰੀ ਰਚਨਾ ਹੈ, ਮੇਰੀ ਇਸ ਵਿੱਚ ਕੀ ਮਜਾਲ ਹੈ ।

੫ ਦੁਖੀ ।

੬ ਗੁਰਾਂ ਦਵਾਰੇ (ਸ਼ੁਭ ਸਿਖਿਆ ਰੂਪ) ਅੰਮ੍ਰਿਤ ਪੀਂਦੀ ਹਾਂ (ਜੋ ਅਗਲੀ ਤੁਕ ਵਿੱਚ ਦਿੱਤਾ ਹੈ)।

੭ ਨਿਰੰਕਾਰ ਦੀ ਰਚਨਾ ਵਿੱਚ ਰਚ ਰਹੇ ਹਾਂ ਪਰ ਅਸਲ ਵਿੱਚ ਹਰੀ ਜੀ ਨੂੰ ਮਨ ਵਿੱਚ ਵਸਾਣਾ ਸਭ ਤੋਂ ਉੱਤਮ ਕੰਮ ਹੈ ।

੮ ਰਸਤਾ । ੯ ਵੇਖਦੀ ਹੈ ।

੧੦ ਇਸਤ੍ਰੀ । ੧੧ ਹੇ ਵਾਹਿਗੁਰੂ !

੧੨ ਚਿਤ ਰੂਪ ਬਾਬੀਹਾ ਪਤੀ-ਪਤੀ ਕਰਦਾ ਹੈ ਤੇ ਜੀਭ ਰੂਪ ਕੋਇਲ ਪਿਆਰ ਦੀਆਂ ਬੋਲੀਆਂ ਬੋਲਦੀ ਹੈ ।

੧੩ ਖਾਂਦੀ ਹੈ, ਮਾਣਦੀ ਹੈ ।

੧੪ ਅੰਗ ਨਾਲ । ਭਾਵ ਪਤੀ ਦੇ ਦਿਲ ਅੰਦਰ ਵਸੀ ਹੈ ।

੧੫ ਨੌਂ ਗੋਲਕਾਂ (ਵਾਲੇ ਸਰੀਰ) ਨੂੰ ਪਤੀ ਦਾ ਉਚਾ ਨਿਵਾਸ ਅਸਥਾਨ ਬਣਾ ਕੇ, ਉਥੇ ਆਪਣੇ ਸ੍ਵੈ ਸਰੂਪ ਵਿੱਚ ਹਰੀ ਦਾ ਵਾਸਾ ਵੇਖਦੀ ਹੈ । ਮੁਰਾਰੇ=ਮੁਰ ਰਾਖਸ਼ ਦਾ ਵੈਰੀ, ਹਰੀ ।

੧੬ ਰਾਤ ਦਿਨ, ਭਾਵ ਸਦਾ ਉਸ ਨੂੰ ਪ੍ਰੇਮ ਨਾਲ ਸਿਮਰਦੀ ਹੈ ।

੧੭ [ਸਿੰਧੀ] ਬੋਲਦਾ ਹੈ ।

੧੮ ਉਸ ਦੀ ਜੀਭ ਰੂਪ ਕੋਇਲ ਸ਼ਬਦ ਦੁਆਰਾ ਸੋਭਦੀ ਹੈ ।

੧੯ ਪ੍ਰੀਤਮ ਆਪਣੇ ਦੇ ਹਰੀ-ਰਸ ਵਿੱਚ ਭਿੱਜੇ ਹੋਏ ਅਤੇ ਜਿਸ ਦੇ ਮਨ ਤਨ ਵਿੱਚ ਉਹ ਹਰੀ ਜਪਣ ਨਾਲ ਰਵਿਆ (ਸਮਾਇਆ) ਹੈ, ਉਸ ਦਾ ਹਾਲ ਸੁਣ, ਭਾਵ ਮੇਰਾ ਹਾਲ ਇਹ ਹੈ ।

੨੦ ਕਿਸ ਦਾ । ੨੧ ਆਸਰਾ ਪਕੜਿਆ ਹੈ ।

੨੨ ਡੂੰਘੀ ਨਜ਼ਰ ਵਾਲਾ ਹੋ ਜਾਂਦਾ ਹੈ ।

੨੩ ਧੀਰਜ ਫੜਦਾ ਹੈ ।

੨੪ ਭਾਵ ਅੰਤਰ ਆਤਮੇ ਠੰਢ ਵਰਤ ਗਈ ਹੈ, ਗੁਰਬਾਣੀ ਰੂਪ ਅੰਮ੍ਰਿਤ ਦੇ ਵਸਣ ਨਾਲ ।

੨੫ ਇਸਤ੍ਰੀ ।

੨੬ ਖੜੀ ਹੋ ਕੇ (ਤਤਪਰ ਹੋ ਕੇ) ਗੁਣਾਂ ਨੂੰ ਸੰਭਾਲਦੀ (ਯਾਦ ਕਰਦੀ) ਹੈ ।

੨੭ ਘਰ-ਘਰ ਵਿੱਚ ਉਹ ਹਰੀ ਸੁਹਾਗਣੀਆਂ ਨੂੰ ਭੋਗਦਾ ਹੈ, ਫਿਰ ਮੈਨੂੰ ਕਿਵੇਂ ਉਸ ਕੰਤ ਨੇ ਵਿਸਾਰ ਦਿੱਤਾ ਹੈ ?

੨੮ ਝੁਕ ਕੇ ਬੱਦਲ ਆਏ ਹਨ, ਬਰਸੁ (ਵਰਖਾ) ਹੋਈ ਹੈ ਤੇ ਮੇਰੇ ਤਨ ਮਨ ਵਿੱਚ ਪ੍ਰੇਮ (ਹਰੀ) ਸੁਖਾਂਦਾ ਹੈ ।

੨੯ ਕਿਰਪਾ ਕਰ ਕੇ ਉਹ ਹਰੀ ਮਨ ਵਿੱਚ ਆ ਵਸਦਾ ਹੈ ।

* ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਅੰਤਮ ਰਚਨਾ ਹੈ, ਜੋ ਗੁਰੂ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਸ੍ਰੀ ਕਰਤਾਰਪੁਰ ਵਿੱਚ ਉਚਾਰਨ ਕੀਤੀ । ਵਾਹਿਗੁਰੂ ਵੱਲੋਂ ਸੱਦਾ ਆਉਣ ਵੇਲੇ ਇਉਂ ਮਹਿਸੂਸ ਕਰਦੇ ਹਨ, ਜਿਵੇਂ ਪੇਕੇ ਘਰ ਰਹਿੰਦੀ ਇਸਤ੍ਰੀ ਆਪਣੇ ਪਤੀ ਨੂੰ ਮਿਲਣ ਲਈ ਤਿਆਰ ਹੁੰਦੀ ਹੈ। ਪਹਿਲਾਂ ਬਿਰਹੋਂ ਦਾ ਭਾਵ ਜਾਗਦਾ ਹੈ ਅਤੇ 'ਪ੍ਰਿਅ ਬਾਝੁ ਦੁਹੇਲੀ' ਮਹਿਸੂਸ ਕਰਦੀ ਹੋਈ ਪ੍ਰਿਉ-ਪ੍ਰਿਉ ਕਰਦੀ ਪਤੀ ਦਾ ਰਾਹ ਤਕਦੀ ਹੈ । ਨਾਲ-ਨਾਲ ਉਸ ਦੇ ਮਿੱਠੇ-ਮਿੱਠੇ ਗੁਣ ਯਾਦ ਕਰਦੀ ਹੋਈ ਮੇਲ ਦੀ ਤਾਂਘ ਦਸਦੀ ਹੈ । ਜਦ ਇਹ ਤਾਂਘ ਪੂਰੀ ਹੁੰਦੀ ਦਿਸਦੀ ਹੈ ਅਤੇ ਆਪਣੇ ਪਤੀ ਦੇ ਮੇਲ ਦੀ ਉਮੈਦ ਬਝਦੀ ਹੈ, ਤਾਂ ਆਪਣੀਆਂ ਅੱਖਾਂ ਅੱਗੇ ਆਪਣੇ ਪੇਕੇ ਘਰ ਦੀਆਂ ਝਾਕੀਆਂ ਇਕ-ਇਕ ਕਰ ਕੇ ਆਉਂਦੀਆਂ ਹਨ ਅਤੇ ਪਤੀ-ਵਿਛੋੜੇ ਦਾ ਸੱਲ ਦੁਆਉਂਦੀਆਂ ਹਨ । ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਅਨੰਦ ਤਕ ਦਾ ਬੜਾ ਸੁੰਦਰ ਤੇ ਦਿਲ-ਖਿਚਵਾਂ ਵਰਣਨ ਹੈ ਤੇ ਆਮ ਮਨੁੱਖਾਂ ਅੰਦਰ ਵੀ ਪਿਆਰ ਜਗਾਉਣ ਦੀ ਸਮਰੱਥਾ ਰੱਖਦਾ ਹੈ । ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਵੇਂ ਗੁਰੂ ਜੀ ਸ੍ਰੀ ਕਰਤਾਰਪੁਰ ਵਿੱਚ ਆਪਣੀਆਂ ਅੱਖਾਂ ਮੀਟਦੇ ਹਨ, ਪਰ ਜਿਹੜੇ ਨਜ਼ਾਰੇ ਅੱਖਾਂ ਅੱਗੇ ਲਿਆਉਂਦੇ ਹਨ, ਉਹ ਨਨਕਾਣੇ ਸਾਹਿਬ ਦੇ ਹਨ, ਜਿਥੇ ਬਚਪਨ ਗੁਜ਼ਾਰਿਆ ਸੀ ਅਤੇ ਜਿਥੇ ਪਸ਼ੂ ਚਾਰਦਿਆਂ ਕੜਕਦੀ ਦੁਪਹਿਰ ਵੇਲੇ ਕਿਧਰੇ ਲੰਮੇ ਪਿਆਂ 'ਟੀਡੁ ਲਵੈ ਮੰਝਿ ਬਾਰੇ' ਸੁਣਿਆ ਸੀ । ਅੱਧੀ ਸਦੀ ਮਗਰੋਂ ਚੇਤੇ ਆ ਰਿਹਾ ਹੈ ਕਿ ਹੁਣ ਮੇਰੀ ਜਨਮ-ਭੂਮੀ 'ਬਾਰ' ਵਿੱਚ ਵਣ ਦਾ ਰੁੱਖ ਫੁਲਿਆ ਹੋਣਾ ਹੈ, ਹੁਣ ਉਥੇ ਲੰਮੇ-ਲੰਮੇ ਘਾਹਾਂ ਨੇ ਬੁੰਬਲ ਕੱਢੇ ਹੋਣੇ ਨੇ । ਪਹਿਲੇ ਚਾਰ ਛੰਦਾਂ ਵਿੱਚ ਵਿਛੋੜੇ ਤੇ ਫੇਰ ਮੇਲ ਨੂੰ ਸਧਾਰਣ ਢੰਗ ਨਾਲ ਥੋੜ੍ਹੇ ਸ਼ਬਦਾਂ ਵਿੱਚ ਅਦਾ ਕੀਤਾ ਹੈ, ਫਿਰ ਵਿਸਥਾਰ ਨਾਲ ਬਾਰਾਂ ਮਹੀਨਿਆਂ ਰਾਹੀਂ ਬਿਆਨ ਕੀਤਾ ਹੈ, ਅੰਤ ਦਾ ਛੰਦ ਸਮੁੱਚੀ ਵਿਚਾਰ ਹੈ ਜੋ ਮਿਲਾਪ ਦੀ ਤਸਵੀਰ ਹੈ ।

੪ ॥ ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥ [੧]ਬਨ ਫੂਲੇ ਮੰਝ ਬਾਰਿ ਮੈ ਪਿਰੁ
ਘਰਿ ਬਾਹੁੜੈ ॥ ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ [੨]ਬਿਰਹਿ
ਬਿਰੋਧ ਤਨੁ ਛੀਜੈ ॥ ਕੋਕਿਲ ਅੰਬਿ ਸੁਹਾਵੀ ਬੋਲੈ [੩]ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ[੪] ਮਾਏ ॥ ਨਾਨਕ ਚੇਤਿ ਸਹਜਿ
ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥ ੫ ॥ ਵੈਸਾਖੁ ਭਲਾ ਸਾਖਾ ਵੇਸ
ਕਰੇ ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ
ਦੁਤਰ[੫] ਤਾਰੇ [੬]ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ [੭]ਸੁਰਤਿ ਸਬਦਿ ਮਨੁ ਮਾਨਾ ॥ ੬ ॥ ਮਾਹੁ
ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥ [੮]ਥਲ ਤਾਪਹਿ ਸਰ ਭਾਰ ਸਾਧਨ ਬਿਨਉ[੯]
ਕਰੈ ॥ [੧੦]ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥ ਸਾਚੈ
ਮਹਲਿ ਰਹੈ ਬੈਰਾਗੀ[੧੧] ਆਵਣ ਦੇਹਿ ਤ ਆਵਾ ॥ ਨਿਮਾਣੀ ਨਿਤਾਣੀ ਹਰਿ
ਬਿਨੁ ਕਿਉ ਪਾਵੈ [੧੨]ਸੁਖ ਮਹਲੀ ॥ ਨਾਨਕ ਜੇਠਿ ਜਾਣੈ [੧੩]ਤਿਸੁ ਜੈਸੀ
ਕਰਮਿ[੧੪] ਮਿਲੈ [੧੫]ਗੁਣ ਗਹਿਲੀ ॥ ੭ ॥ ਆਸਾੜੁ ਭਲਾ ਸੂਰਜੁ ਗਗਨਿ[੧੬]
ਤਪੈ ॥ ਧਰਤੀ ਦੂਖ ਸਹੈ [੧੭]ਸੋਖੈ ਅਗਨਿ ਭਖੈ ॥ [੧੮]ਅਗਨਿ ਰਸੁ ਸੋਖੈ ਮਰੀਐ
ਧੋਖੈ ਭੀ ਸੋ ਕਿਰਤੁ ਨ ਹਾਰੇ ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ
ਮੰਝਿ ਬਾਰੇ ॥ [੧੯]ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ [੨੦]ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥ ੮ ॥
ਸਾਵਣਿ ਸਰਸ[੨੧] ਮਨਾ [੨੨]ਘਣ ਵਰਸਹਿ ਰੁਤਿ ਆਏ ॥ ਮੈ ਮਨਿ
ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥ ਪਿਰੁ ਘਰਿ ਨਹੀ ਆਵੈ ਮਰੀਐ
ਹਾਵੈ ਦਾਮਨਿ[੨੩] ਚਮਕਿ ਡਰਾਏ ॥ ਸੇਜ ਇਕੇਲੀ [੨੪]ਖਰੀ ਦੁਹੇਲੀ ਮਰਣੁ
ਭਇਆ ਦੁਖੁ ਮਾਏ ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ[੨੫] ਤਨਿ
ਨ ਸੁਖਾਵਏ ॥ ਨਾਨਕ ਸਾ ਸੋਹਾਗਣਿ ਕੰਤੀ[੨੬] ਪਿਰ ਕੈ ਅੰਕਿ ਸਮਾਵਏ ॥
੯ ॥ *ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥ ਜਲ ਥਲ ਨੀਰਿ
ਭਰੇ [੨੭]ਬਰਸ ਰੁਤੇ ਰੰਗੁ ਮਾਣੀ ॥ ਬਰਸੈ ਨਿਸਿ[੨੮] ਕਾਲੀ ਕਿਉ ਸੁਖੁ
ਬਾਲੀ[੨੯] ਦਾਦਰ[੩੦] ਮੋਰ ਲਵੰਤੇ[੩੧] ॥ ਪ੍ਰਿਉ ਪ੍ਰਿਉ ਚਵੈ[੩੨] ਬਬੀਹਾ ਬੋਲੇ
ਭੁਇਅੰਗਮ[੩੩] ਫਿਰਹਿ ਡਸੰਤੇ ॥ ਮਛਰ ਡੰਗ [੩੪]ਸਾਇਰ ਭਰ ਸੁਭਰ ਬਿਨੁ
ਹਰਿ ਕਿਉ ਸੁਖੁ ਪਾਈਐ ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ
ਪ੍ਰਭੁ ਤਹ ਹੀ ਜਾਈਐ ॥ ੧੦ ॥ ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ[੩੫] ॥ ਝੂਠਿ ਵਿਗੁਤੀ[੩੬] ਤਾ ਪਿਰ ਮੁਤੀ[੩੭]

੧ ਬਾਰ ਦੇ ਇਲਾਕੇ ਵਿੱਚ ਵਣ ਫੁੱਲ ਪਵੇ, ਜੇ ਮੇਰੇ ਘਰ ਪਤੀ ਵਾਪਸ ਆਵੇ, ਭਾਵ ਜਿਵੇਂ ਉਜਾੜ ਬਾਰ ਵਿੱਚ ਵਣ ਫੁਲਦਾ ਹੈ, ਤਾਂ ਬਹੁਤ ਰੌਣਕ ਬਣ ਜਾਂਦੀ ਹੈ, ਤਿਵੇਂ ਪਤੀ ਦੇ ਪੈਰ ਪਾਉਣ ਨਾਲ ਘਰ ਵਿੱਚ ਮੰਗਲ ਹੋ ਜਾਵੇ ।

੨ ਵਿਛੋੜੇ ਦੀ ਖਿੱਚਾ-ਖਿਚੀ ਦੇ ਕਾਰਨ ਸਰੀਰ ਟੁੱਟ ਰਿਹਾ ਹੈ ।

੩ ਕਿਵੇਂ ਦੁੱਖ ਨੂੰ ਜੋ ਦਿਲ ਅੰਦਰ ਹੈ, ਸਹਾਰਾਂ? ਬਾਹਰ ਦੀਆਂ ਰੰਗ-ਬਿਰੰਗੀਆਂ ਤੇ ਰੌਣਕਾਂ ਸਗੋਂ ਜੁਦਾਈ ਦੇ ਦੁੱਖ ਨੂੰ ਤੇਜ਼ ਕਰਦੀਆਂ ਹਨ ।

੪ ਤਮੋ । ਹੇ ਮਾਈ ! ਇਹ ਤਾਂ ਮੌਤ ਰੂਪ ਹੈ, ਮੈਂ ਕਿਵੇਂ ਜੀਵਾਂ ? ਸਭ ਚੀਜ਼ ਬਸੰਤ ਦੀ ਖੁਸ਼ੀ ਮਨਾ ਰਹੀ ਹੈ, ਪਰ ਮੇਰੀ ਖੁਸ਼ੀ ਕਿਥੇ ਗਈ?

੫ ਮੁਸ਼ਕਲ ਨਾਲ ਤਰਨ ਵਾਲਿਆਂ ਨੂੰ ।

੬ ਤੇਰੇ ਬਿਨਾਂ ਮੇਰਾ ਅੱਧੀ ਕੌਡੀ ਮੁੱਲ ਨਹੀਂ ਹੈ, ਪਰ ਜੇ ਮੈਂ ਤੈਨੂੰ ਭਾਵਾਂ ਤਾਂ ਮੇਰੀ ਕੀਮਤ ਕੌਣ ਪਾਵੇ ? ਐਸੇ ਪ੍ਰੀਤਮ (ਹਰੀ) ਨੂੰ ਕੋਈ ਮੈਨੂੰ ਦੇਖ ਕੇ ਦਿਖਾਵੇ ।

੭ ਜਿਸ ਦੀ ਸੁਰਤ, ਸ਼ਬਦ ਵਿੱਚ ਜੁੜ ਕੇ ਮਨ ਪਤੀਜ ਗਿਆ ਹੈ ।

੮ ਥਲ ਤਪ ਰਹੇ ਹਨ। ਭਾਰ=ਭਾੜ (ਭੱਠ) ਸਰ (ਵਾਂਗ) ।

੯ ਬੇਨਤੀ ।

੧੦ ਇਸਤਰੀ ਬੇਨਤੀ ਕਰਦੀ ਹੈ, ਗੁਣ ਯਾਦ ਕਰਦੀ ਹੋਈ ਕਿ ਹੇ ਪ੍ਰਭੂ ! ਮੈਂ ਤੇਰੇ ਗੁਣ ਯਾਦ ਕਰਦੀ ਹਾਂ ਤਾਂ ਕਿ ਤੈਨੂੰ ਭਾਅ ਜਾਵਾਂ ।

੧੧ ਨਿਰਲੇਪ ਹਰੀ ।

੧੨ ਪਤੀ ਦੇ ਸੁਖ-ਮਹਿਲਾਂ ਵਿੱਚ ਸੁਖ । 'ਸੁਖ' ਦੋਵੇਂ ਪਾਸੇ ਲੱਗਦਾ ਹੈ ।

੧੩ ਹਰੀ ਰੂਪ ਹੋ ਜਾਂਦੀ ਹੈ ।

੧੪ ਬਖ਼ਸ਼ਿਸ਼ ਦਵਾਰਾ ।

੧੫ ਗੁਣ ਗ੍ਰਹਿਣ ਕਰਨ ਵਾਲੀ ।

੧੬ ਆਕਾਸ਼ ਵਿੱਚ ।

੧੭ ਸੁਕਦੀ ਹੈ ਤੇ ਅਗਨੀ ਵਾਂਗ ਭੱਖ ਰਹੀ ਹੈ ।

੧੮ ਸੂਰਜ ਜੋ ਅਗਨ ਰੂਪ ਹੈ ਰਸ (ਪਾਣੀ) ਨੂੰ ਸੁਕਾਂਦਾ ਹੈ, ਧੁਖ-ਧੁਖ ਮਰਦਾ ਹੈ, ਤਾਂ ਭੀ ਉਸ ਦਾ ਕੰਮ ਜਾਰੀ ਹੈ । ਇਸ ਸੂਰਜ ਦਾ ਰੱਥ ਫਿਰਦਾ ਹੈ ਤੇ ਇਸਤਰੀ ਗਰਮੀ ਤੋਂ ਬਚਣ ਲਈ ਛਾਂ ਤੱਕਦੀ ਫਿਰਦੀ ਹੈ, ਬੀਂਡਾ ਬਾਰ ਦੇ ਇਲਾਕੇ ਵਿੱਚ ਚੀਂ-ਚੀਂ ਕਰਦਾ ਹੈ ।

੧੯ ਜਿਹੜੀ ਜੀਵ-ਇਸਤਰੀ ਇਥੋਂ ਅਉਗੁਣਾਂ ਦੀ ਪੰਡ ਬੰਨ੍ਹ ਕੇ ਚੱਲਦੀ ਹੈ, ਉਸ ਨੂੰ ਅੱਗੇ ਜਾ ਕੇ ਦੁੱਖ ਮਿਲਦਾ ਹੈ; ਸੁਖ ਉਸੇ ਨੂੰ ਹੁੰਦਾ ਹੈ, ਜਿਹੜੀ ਸੱਚ ਨੂੰ ਸੰਭਾਲਦੀ ਹੈ ।

੨੦ ਐਸਾ ਮਨ, ਜੋ ਸੱਚ ਨੂੰ ਸੰਭਾਲਦਾ ਹੈ ।

੨੧ ਖਿੜ ਜਾ ।

੨੨ ਬੱਦਲ ਵਸਦੇ ਹਨ ।

੨੩ ਬਿਜਲੀ ।

੨੪ ਬਹੁਤ ਔਖੀ ਹਾਂ ਤੇ ਇਹ ਦੁੱਖ ਮੌਤ ਬਰਾਬਰ ਹੈ, ਹੇ ਮਾਂ !

੨੫ ਕੱਪੜੇ ।

੨੬ ਕੰਤ ਵਾਲੀ ।

੨੭ ਮੌਜ ਮਾਣਨ ਵਾਲੀ ਬਰਖਾ ਰੁੱਤ ।

੨੮ ਰਾਤ ।

੨੯ ਇਸਤਰੀ ਨੂੰ ।

੩੦ ਡੱਡੂ ।

੩੧ ਬੋਲਦੇ ਹਨ ।

੩੨ [ਸਿੰਧੀ] ਬੋਲਦਾ ਹੈ ।

੩੩ ਸੱਪ ।

੩੪ ਸਰੋਵਰ ਨਕਾ-ਨੱਕ ਭਰੇ ਹਨ ।

੩੫ ਖੋਹੀ ਗਈ, ਖੁੰਝ ਗਈ (ਰਸਤੇ ਤੋਂ) ਔਝੜੇ ਪੈ ਗਈ ।

੩੬ ਨਾਸ ਹੋਈ ।

੩੭ ਛੱਡੀ ਹੋਈ, ਛੁੱਟੜ ।

* ਦੇਖੋ ਪੰਨਾ ੧੩੪, ਫੁੱਟ ਨੋਟ * ।

[1]ਕੁਕਹ ਕਾਹ ਸਿ ਫੁਲੇ ॥ ਆਗੈ ਘਾਮ[2] ਪਿਛੈ ਰੁਤਿ ਜਾਡਾ[3] ਦੇਖਿ ਚਲਤ ਮਨੁ ਡੋਲੇ ॥ ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ[4] ॥ ੧੧ ॥ ਕਤਕਿ [5]ਕਿਰਤੁ ਪਇਆ ਜੋ ਪ੍ਰਭ ਭਾਇਆ ॥ [6]ਦੀਪਕੁ ਸਹਜਿ ਬਲੈ ਤਤਿ ਜਲਾਇਆ ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥ [7]ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥ [8]ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥ ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥ ੧੨ ॥ ਮੰਘਰ ਮਾਹੁ ਭਲਾ ਹਰਿ ਗੁਣ ਅੰਕਿ[9] ਸਮਾਵਏ ॥ ਗੁਣਵੰਤੀ ਗੁਣ [10]ਰਵੈ ਮੈ ਪਿਰੁ ਨਿਹਚਲੁ ਭਾਵਏ ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ[11] ਚੰਚਲੁ[12] ਜਗਤੁ ਸਬਾਇਆ ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ [13]ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥ ਨਾਨਕ ਸਾਧਨ ਨਾਹ[14] ਪਿਆਰੀ [15]ਅਭ ਭਗਤੀ ਪਿਰ ਆਗੈ ॥ ੧੩ ॥ ਪੋਖਿ ਤੁਖਾਰੁ[16] ਪੜੈ ਵਣੁ ਤ੍ਰਿਣੁ ਰਸੁ ਸੋਖੈ[17] ॥ [18]ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥ *ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ ਦਰਸਨੁ ਦੇਹੁ ਦਇਆਪਤਿ ਦਾਤੇ [19]ਗਤਿ ਪਾਵਉ ਮਤਿ ਦੇਹੋ ॥ ਨਾਨਕ [20]ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥ ੧੪ ॥ ਮਾਘਿ ਪੁਨੀਤ[21] ਭਈ ਤੀਰਥੁ[22] ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ [23]ਗੁਣ ਗਹਿ ਅੰਕਿ ਸਮਾਨਿਆ ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ[24] [25]ਤੁਧੁ ਭਾਵਾ ਸਰਿ ਨਾਵਾ ॥ ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥ ਨਾਨਕ ਮਾਘਿ [26]ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥ ੧੫ ॥ ਫਲਗੁਨਿ [27]ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ[28] ਰਹਸੁ[29] ਭਇਆ ਆਪੁ ਗਵਾਇਆ ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥ ਬਹੁਤੇ ਵੇਸ ਕਰੀ ਪਿਰ ਬਾਝਹੁ [30]ਮਹਲੀ ਲਹਾ ਨ ਥਾਓ ॥ [31]ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥ ੧੬ ॥ [32]ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥ ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ [33]ਜਾ ਪਿਰਿ ਰਾਵੀ [34]ਗੁਰਮੁਖਿ

੧ ਪਿਲਛੀ ਤੇ ਸਰਕੜਾ ਆਦਿ ਫੁੱਲ ਪਏ ਹਨ (ਪਿਲਛੀ ਆਦਿ ਦੇ ਫੁੱਲਾਂ ਦਾ ਰੰਗ ਸਫ਼ੈਦ ਹੁੰਦਾ ਹੈ); ਭਾਵ ਜਵਾਨੀ ਗਈ ਹੈ ਤੇ ਬੁਢੇਪਾ ਆ ਪੁੱਜਾ ਹੈ ।
੨ ਗਰਮੀ ।
੩ ਜਾੜਾ, ਸਰਦੀ ।
੪ [ਸੰ: ਅਵਸ੍ਰਿਸ਼ਟ=ਭੇਜਿਆ ਹੋਇਆ] ਵਿਚੋਲਾ । ਹੁਣ ਤਾਂ ਗੁਰੂ ਵਿਚੋਲਾ ਬਣਿਆ ਹੈ ।
੫ ਉਹ ਹੀ ਫਲ ਪਾਇਆ ਜੋ ਉਸ ਨੂੰ ਭਾਇਆ।
੬ ਉਹ ਹੀ ਦੀਵਾ ਸਹਿਜ ਨਾਲ ਬਲਦਾ ਹੈ, ਜੋ ਗਿਆਨ ਤੱਤ ਨਾਲ ਬਾਲਿਆ ਗਿਆ । ਦੀਵੇ ਵਿੱਚ ਤੇਲ ਰਸ (ਪ੍ਰੇਮ) ਦਾ ਹੈ, ਜਿਸ ਨਾਲ ਇਸਤਰੀ ਦਾ ਪਤੀ ਨਾਲ ਮੇਲ ਹੁੰਦਾ ਹੈ ਤੇ ਫਿਰ ਉਹ ਉਮਾਹ ਨਾਲ ਪ੍ਰਸੰਨ ਹੁੰਦੀ ਹੈ ।
੭ ਪਾਪਾਂ ਦੀ ਮਾਰੀ ਹੋਈ ਮਰ ਕੇ ਮੁਕਤ ਨਹੀਂ ਹੁੰਦੀ, ਗੁਣਾਂ ਨਾਲ ਮਾਰੀ ਜਾ ਕੇ ਹੀ ਮੁਕਤ ਹੁੰਦੀ ਹੈ ।
੮ ਜਿਨ੍ਹਾਂ ਨੂੰ ਤੂੰ ਨਾਮ ਤੇ ਭਗਤੀ ਦਿੰਦਾ ਹੈਂ, ਓਹ ਆਪਣੇ ਅਸਲੀ ਘਰ (ਹਰੀ ਦੀ ਹਜ਼ੂਰੀ) ਵਿੱਚ ਬੈਠੇ ਹਨ ਤੇ ਸਦਾ ਉਨ੍ਹਾਂ ਨੂੰ ਤੇਰੀ ਹੀ ਆਸ ਲੱਗੀ ਹੈ । ਹੇ ਪ੍ਰਭੂ ! ਦਰਵਾਜ਼ੇ ਦੇ ਭਿਤ ਖੋਲ੍ਹ ਕੇ ਮਿਲੋ : ਇਕ ਘੜੀ ਛੇ ਮਹੀਨੇ ਬਰਾਬਰ ਹੋ ਰਹੀ ਹੈ ।
੯ ਹਿਰਦੇ ਵਿੱਚ ।
੧੦ ਯਾਦ ਕਰਦੀ ਹੈ, ਕਾਸ਼ ਕਿ ਮੈਨੂੰ ਵੀ ਨਿਹਚਲ ਹਰੀ ਚੰਗਾ ਲਗਦਾ ਤੇ ਮੈਂ ਵੀ ਯਾਦ ਕਰਦੀ!
੧੧ [ਸੰ: ਵਿਧਾਤ੍ਰਿ] ਰਚਨਹਾਰ ।
੧੨ ਜੋ ਥਿਰ ਨਾ ਰਹੇ (ਨਿਹਚਲੁ ਦੇ ਉਲਟ) ।
੧੩ ਕਵੀ ਜਨਾਂ ਪਾਸੋਂ ਰਾਮ ਨਾਮ ਸੰਬੰਧੀ ਗੀਤ ਆਦਿ । ੧੪ ਪਤੀ ਦੀ ।
੧੫ ਦਿਲੀ-ਭਗਤੀ ਪਤੀ ਦੀ ਕਰਦੀ ਹੈ । ਪਿਰ ਆਗੈ=ਪਤੀ ਦੇ ਸਾਹਮਣੇ, ਉਸ ਦੇ ਹਜ਼ੂਰ ।
੧੬ ਬਰਫ਼ ।
੧੭ ਸੁਕ ਜਾਂਦਾ ਹੈ ।
੧੮ ਤੂੰ ਜੋ ਮਨ ਤਨ ਤੇ ਮੁਖ ਵਿੱਚ ਸਮਾਅ ਰਿਹਾ ਹੈਂ ਕਿਉਂ ਨਹੀਂ ਆਉਂਦਾ ?
੧੯ ਉੱਚੀ ਅਵਸਥਾ ਪ੍ਰਾਪਤ ਕਰਾਂ ।
੨੦ ਜਿਸ ਨੂੰ ਹਰੀ ਨਾਲ ਪ੍ਰੇਮ ਪਿਆ ਹੈ, ਉਹ ਉਸ ਰਸ ਵਿੱਚ ਰਸੇ ਹੋਏ ਨੂੰ ਪ੍ਰੇਮ ਨਾਲ ਭੋਗਦੀ ਹੈ ।
੨੧ ਪਵਿੱਤਰ ।
੨੨ ਗਿਆਨ ਤੀਰਥ । ਇਥੇ ਤੀਰਥ ਦਾ ਜ਼ਿਕਰ ਇਸ ਲਈ ਆਇਆ ਹੈ ਕਿ ਮਾਘੀ ਵਾਲੇ ਦਿਨ ਤੀਰਥਾਂ ਉਤੇ ਇਸ਼ਨਾਨ ਬਹੁਤ ਹੁੰਦੇ ਹਨ ਦੇਖੋ ਪੰਨਾ ੧੩੪, ਫੁਟ ਨੋਟ*, ਅੰਤਲੀ ਸਤਰ।
੨੩ ਹਰੀ ਦੇ ਗੁਣ ਹਿਰਦੇ ਵਿੱਚ ਧਾਰ ਕੇ ।
੨੪ ਸੁੰਦਰ ।
੨੫ ਤੈਨੂੰ ਭਾਵਾਂ, ਇਹੋ ਸਰੋਵਰ ਦਾ ਇਸ਼ਨਾਨ ਹੈ ਤੇ ਇਸ ਵਿੱਚ ਹੀ ਗੰਗਾ ਆਦਿ ਆ ਜਾਂਦੇ ਹਨ । ਦੇਖੋ ਪੰਨਾ ੧੦੨੨, ਨੋਟ ੬ ।
੨੬ ਹਰੀ ਜਾਪ ਦਾ ਮਹਾਂ ਰਸ, ਇਹੋ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ ।
੨੭ ਜਿਨ੍ਹਾਂ ਨੂੰ ਹਰੀ ਦਾ ਪ੍ਰੇਮ ਭਾਅ ਗਿਆ, ਉਨ੍ਹਾਂ ਦੇ ਮਨ ਵਿੱਚ ਖਿੜਾਉ ਹੈ ।
੨੮ ਹਰ ਰੋਜ਼, ਸਦਾ ।
੨੯ ਖਿੜਾਉ, ਖੁਸ਼ੀ ।
੩੦ ਮਹਲ ਵਿੱਚ ਟਿਕਣਾ ਨਹੀਂ ਲੱਭਦਾ ।
੩੧ ਜੇ ਪਿਰ ਨੇ ਮੈਨੂੰ ਲੋੜਿਆ ਤਾਂ ਮੈਂ ਹਾਰ ਡੋਰ ਆਦਿ ਨਾਲ ਸ਼ਿੰਗਾਰੀ ਗਈ ।
੩੨ ਦੋ ਤੇ ਦਸ, ਭਾਵ ਬਾਰਾਂ ।
੩੩ ਜਦੋਂ ਪਤੀ ਨੇ ਭੋਗਿਆ, ਆਪਣਾ ਮੇਲ ਦਿੱਤਾ।
੩੪ ਗੁਰੂ ਦੁਆਰੇ ਮੱਥੇ 'ਤੇ ਭਾਗ ਆ ਪਿਆ ।

* ਚਾਰੇ ਖਾਣੀਆਂ ਦੇ ਹਰ ਇਕ ਜੀਵ ਵਿੱਚ ਹਰੀ ਦੀ ਜੋਤ ਸਮਾਅ ਰਹੀ ਹੈ । ਅੰਡਜ (ਅੰਡਿਆਂ ਤੋਂ ਪੈਦਾ ਹੋਏ ਜੀਵ); ਜੇਰਜ (ਜੇਰ ਤੋਂ ਪੈਦਾ ਹੋਏ ਜੀਵ); ਸੇਤਜ (ਮੁੜ੍ਹਕੇ ਤੋਂ ਪੈਦਾ ਹੋਏ ਜੀਵ) ਅਤੇ ਉਤਭੁਜ (ਧਰਤੀ ਵਿਚੋਂ ਪੈਦਾ ਹੋਏ ਜੀਵ) ।

ਮਸਤਕਿ ਭਾਗੋ ॥ ਨਾਨਕ [੧]ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥ ੧੭ ॥ ੧ ॥ ਤੁਖਾਰੀ ਮਹਲਾ ੧* ॥ ਪਹਿਲੈ ਪਹਰੈ[੨] [੩]ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ [੪]ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥ ਵਾਰੀ ਆਵੈ ਕਵਣੁ ਜਗਾਵੈ ਸੂਤੀ[੫] ਜਮ [੬]ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ[੭] ਪੜੈ ਘਰੁ ਮੂਸਏ[੮] ॥ ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥ ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥ ੧ ॥ ਦੂਜਾ ਪਹਰੁ ਭਇਆ ਜਾਗੁ ਅਚੇਤੀ[੯] ਰਾਮ ॥ ਵਖਰੁ ਰਾਖੁ ਮੁਈਏ ਖਾਜੈ[੧੦] ਖੇਤੀ ਰਾਮ ॥ ਰਾਖਹੁ ਖੇਤੀ [੧੧]ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥ [੧੨]ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥ [੧੩]ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥ ਨਾਨਕ ਮੂਰਖੁ ਅਜਹੁ ਨ ਚੇਤੈ [੧੪]ਕਿਵ ਦੂਜੈ ਸੁਖੁ ਪਾਵਏ ॥ ੨ ॥ ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥ ਮਾਇਆ ਸੁਤ[੧੫] ਦਾਰਾ[੧੬] ਦੂਖਿ ਸੰਤਾਪੀ ਰਾਮ ॥ ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ[੧੭] ਚੁਗੈ ਨਿਤ ਫਾਸੈ ॥ ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ[੧੮] ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥ ਨਾਨਕ ਤੀਜੈ [੧੯]ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥ ੩ ॥ ਚਉਥਾ ਪਹਰੁ ਭਇਆ ਦਉਤੁ[੨੦] ਬਿਹਾਗੈ[੨੧] ਰਾਮ ॥ ਤਿਨ [੨੨]ਘਰੁ ਰਾਖਿਅੜਾ ਜੁ ਅਨਦਿਨੁ ਜਾਗੈ ਰਾਮ ॥ ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ[੨੩] ॥ ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ[੨੪] ॥ [੨੫]ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ [੨੬]ਭਸਮ ਸੇ ॥ ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥ ੪ ॥ [੨੭]ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ ॥ [੨੮]ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥ ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥ ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ[੨੯] ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ[੩੦] ਜੀਆ ॥ ਨਾਨਕ [੩੧]ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥ ੫ ॥ ੨ ॥ ਤੁਖਾਰੀ ਮਹਲਾ ੧† ॥ [੩੨]ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥ [੩੩]ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ[੩੪] ਦੇਖਿ ਬੀਚਾਰਿਆ ॥ [੩੫]ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਅੰਤਰਿ ਜੋਤਿ ਭਈ [੩੬]ਗੁਰ ਸਾਖੀ [੩੭]ਚੀਨੇ ਰਾਮ ਕਰੰਮਾ ॥ ਨਾਨਕ

੧ ਸਦਾ ਮੇਲ ਦਾ ਰਸ ਮਾਣਦੀ ਹੈ ।
੨ ਉਮਰ ਰੂਪੀ ਰਾਤ ਨੂੰ ਚਾਰ ਪਹਰਾਂ (ਜ਼ਿੰਦਗੀ ਦੇ ਅੱਡ-ਅੱਡ ਹਿੱਸਿਆਂ) ਵਿੱਚ ਵੰਡਿਆ ਹੈ ।
੩ ਸੁੰਦਰ ਲੋਇਣ (ਨੈਣਾਂ) ਵਾਲੀਏ !
੪ ਨਾਮ ਰੂਪ ਵੱਖਰ (ਸੌਦਾ) ਬਚਾਅ ਲੈ ।
੫ ਅਗਿਆਨਤਾ ਵਿੱਚ ਸੁੱਤੀ ਹੋਈ ।
੬ ਭਾਵ, ਸੁਖ ਗਵਾ ਦੇਣਗੇ ।
੭ ਕਾਮਾਦਿਕ ਚੋਰ ।
੮ ਲੁੱਟਦਾ ਹੈ ।
੯ ਹੇ ਮੂਰਖ !
੧੦ ਖਾਧੀ ਜਾ ਰਹੀ ਹੈ ।
੧੧ ਹਰੀ ਗੁਰੂ ਨਾਲ ਪਿਆਰ ਲਾ ਕੇ ।
੧੨ ਮੌਤ ਵਾਲੇ ਰਸਤੇ 'ਤੇ ।
੧੩ ਸੂਰਜ ਤੇ ਚੰਨ, ਭਾਵ ਗਿਆਨ ਤੇ ਸੀਤਲਤਾ ਦੇ ਦੀਵੇ ਜਗ ਪੈਂਦੇ ਹਨ ।
੧੪ ਕਿਵੇਂ ਦੂਜੇ ਭਾਵ ਵਿੱਚ ।
੧੫ ਪੁੱਤਰ ।
੧੬ ਇਸਤਰੀ ।
੧੭ ਭੋਗਾਂ ਦੀ ਚੋਗ ।
੧੮ ਖਾਂਦਾ ।
੧੯ ਤਿੰਨ ਪ੍ਰਕਾਰ ਦੀ ਮਾਇਆ (ਰਜ, ਸਤ, ਤਮ)। ਦੇਖੋ ਪੰਨਾ ੧੧੧੯, ਫੁਟ ਨੋਟ ‡।
੨੦ [ਸੰ. ਦਜੋਤ] ਪ੍ਰਕਾਸ਼, ਉਦਜ, ਚੜ੍ਹਨਾ ।
੨੧ [ਸੰ. ਵਿਹਗ=ਸੂਰਜ] ਦਿਨ । ਦਿਨ ਚੜ੍ਹ ਪਿਆ; ਉਮਰ ਮੁੱਕਣ 'ਤੇ ਆ ਗਈ ।
੨੨ ਜਿਹੜਾ ਸਦਾ ਗਿਆਨ ਵਿੱਚ ਜਾਗਿਆ ਉਸ ਨੇ ਘਰ ਬਚਾਅ ਰੱਖਿਆ ।
੨੩ ਸੁਖਦਾਈ ।
੨੪ ਮਿੱਤਰ ।
੨੫ ਹੱਥ ਕੰਬਦੇ ਹਨ ।
੨੬ ਸੁਆਹ ਵਾਂਗ, ਭਾਵ ਬੇ-ਰੌਣਕ ।
੨੭ ਗੰਢੜੀ ਲੇਖੇ ਦੀ ਖੁਲ੍ਹੀ ਤੇ ਹੁਕਮ ਆ ਗਿਆ ਕਿ ਚਲੋ ।
੨੮ ਕਸੈਲਾ ਆਦਿ ਛੇ ਪ੍ਰਕਾਰ ਦੇ ਰਸ ਮੁਕ ਗਏ।
੨੯ ਕੱਟੀ ਜਾਂਦੀ ਹੈ ।
੩੦ ਸਹਾਰ ।
੩੧ ਸੁਰਿ-ਨਰਾਂ ਭਾਵ ਮਹਾਤਮਾ ਪੁਰਸ਼ਾਂ ਨੂੰ, ਹਰੀ ਨੇ ਆਪਣੇ ਨਾਲ ਸ਼ਬਦ ਦੁਆਰਾ ਮਿਲਾ ਲਿਆ ਹੈ । ਐਸਾ ਉਸ ਨੇ ਕਾਰਣ ਰਚਿਆ ਹੈ, ਸਬੱਬ ਬਣਾਇਆ ਹੈ ।
੩੨ ਵਿਆਪਕ ਸਰੂਪ ਹਰੀ ਸਾਰੇ ਪ੍ਰਕਾਸ਼ ਕਰ ਰਿਹਾ ਹੈ, ਕਿਵੇਂ ਵੇਖਿਆ ਜਾਏ ? ਲੰਮਾ ਤਾਰਾ-ਬੋਦੀ ਵਾਲਾ ਤਾਰਾ, ਜੋ ਪ੍ਰਤੱਖ ਪਿਆ ਦਿੱਸਦਾ ਹੈ ।
੩੩ ਜਦ ਸੇਵਕ ਦੇ ਭਾਗ ਖੁੱਲ੍ਹੇ ਤਾਂ ਸਤਿਗੁਰੂ ਨੇ ਆਪਣੇ ਸ਼ਬਦ ਦੁਆਰਾ ਉਹ ਤਾਰਾ (ਆਤਮ-ਪ੍ਰਕਾਸ਼) ਦਿਖਾ ਦਿੱਤਾ ।
੩੪ ਦਿਨ ਰਾਤ, ਸਦਾ ।
੩੫ ਪੰਜ ਇੰਦਰੇ ਦੌੜਨ ਤੋਂ ਰੁਕ ਗਏ ।
੩੬ ਗੁਰੂ ਦੀ ਸਿਖਿਆ ਦੁਆਰਾ ।
੩੭ ਰਾਮ ਦੇ ਨਿਆਰੇ ਕਰਮ ਵੇਖੇ ।

* ਰਾਤ ਦੇ ਚਾਰ ਪਹਿਰਿਆਂ ਵਾਂਗ ਉਮਰ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਦੱਸਿਆ ਹੈ ਕਿ ਜਿਵੇਂ ਬੇਸੁਰਤ ਹੋ ਕੇ ਰਾਤ ਲੰਘਾਉਣ ਵਾਲਿਆਂ ਦੇ ਘਰ ਚੋਰ ਪੈਂਦੇ ਹਨ, ਤਿਵੇਂ ਹਰੀ ਨੂੰ ਵਿਸਾਰ ਕੇ ਜੀਊਣ ਵਾਲਿਆਂ ਦੇ ਗੁਣ ਲੁੱਟੇ ਜਾਂਦੇ ਹਨ। ਪਹਿਲੇ ਦੋ ਪਹਿਰਿਆਂ ਵਿੱਚ ਮਨੁੱਖ ਨੂੰ ਆਪਣੇ ਰੂਪ ਰਸ ਦੇ ਮਦ ਵੱਲੋਂ, ਜੋ ਜਮ ਦੇ ਮਗ ਵੱਲ ਲਿਜਾਂਦੇ ਹਨ, ਸੁਚੇਤ ਕੀਤਾ ਹੈ; ਤੀਜੇ ਵਿੱਚ ਸੁਤ ਦਾਰਾ ਦੇ ਮੋਹ ਮਾਇਆ ਵਿੱਚ ਪੈ ਕੇ ਹਰੀ ਵਲੋਂ ਅਚੇਤ ਹੋਣ ਤੋਂ ਵਰਜਿਆ ਹੈ, ਚੌਥੇ ਤੇ ਪੰਜਵੇਂ ਵਿੱਚ ਸਰੀਰ ਦੇ ਕਮਜ਼ੋਰ ਪੈ ਜਾਣ ਵੱਲ ਇਸ਼ਾਰਾ ਕਰ ਕੇ ਰਸ ਕਸ ਵਾਲੀ ਜ਼ਿੰਦਗੀ ਤੋਂ ਰੋਕਿਆ ਹੈ।

† ਉਮਰ ਰੂਪੀ ਰਾਤ ਦੇ ਹਨੇਰੇ ਵਿੱਚ ਆਤਮਕ ਪ੍ਰਕਾਸ਼ ਰੂਪ ਬੋਦੀ ਵਾਲਾ ਤਾਰਾ ਚੜ੍ਹ ਸਕਦਾ ਹੈ, ਜੇਕਰ ਗੁਰੂ ਦੇ ਸ਼ਬਦ ਵੱਲ ਧਿਆਨ ਦੇਵੀਏ । ਇਸ ਚਾਨਣ ਵਿੱਚ ਪਾਪ ਰੂਪ ਚੋਰ ਘਰ ਦੇ ਨੇੜੇ ਨਹੀਂ ਆਉਂਦੇ, ਸਗੋਂ ਗੁਣਾਂ ਦੀ ਸੋਝੀ ਰਹਿੰਦੀ ਹੈ ਅਤੇ ਹਰ ਇਕ ਵਿੱਚ ਬੇਅੰਤ ਹਰੀ ਦੀ ਜੋਤਿ ਸਮਾਈ ਹੋਈ ਦਿਸਦੀ ਹੈ, ਜਿਸ ਨਾਲ ਮਨੁੱਖ ਹਉਮੈ ਨਹੀਂ ਕਰ ਸਕਦਾ ਅਤੇ ਹਰੀ ਨਾਲ ਮਿਲਿਆ ਰਹਿੰਦਾ ਹੈ ।

ਹਉਮੈ ਮਾਰਿ ਪਤੀਣੇ[੧] ਤਾਰਾ ਚੜਿਆ ਲੰਮਾ ॥ ੧ ॥ ਗੁਰਮੁਖਿ[੨] ਜਾਗਿ ਰਹੇ ਚੂਕੀ ਅਭਿਮਾਨੀ[੩] ਰਾਮ ॥ ਅਨਦਿਨੁ[੪] ਭੋਰੁ[੫] ਭਇਆ ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ[੬] ਮਨਮੁਖਿ[੭] ਭਰਮਿ ਭੁਲਾਣੀ ॥ ਨਾਨਕ ਭੋਰੁ ਭਇਆ ਮਨੁ ਮਾਨਿਆ [੮]ਜਾਗਤ ਰੈਣਿ ਵਿਹਾਣੀ ॥ ੨ ॥ ਅਉਗਣ ਵੀਸਰਿਆ [੯]ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ[੧੦] ਰਾਮ ॥ ਰਵਿ ਰਹਿਆ ਸੋਈ ਅਵਰੁ ਨ ਕੋਈ [੧੧]ਮਨ ਹੀ ਤੇ ਮਨੁ ਮਾਨਿਆ ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ[੧੨] ਜਾਨਿਆ ॥ ਕਰਣ ਕਾਰਣ ਸਮਰਥ ਅਪਾਰਾ [੧੩]ਤ੍ਰਿਬਿਧਿ ਮੇਟਿ ਸਮਾਈ ॥ ਨਾਨਕ ਅਵਗਣ [੧੪]ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥ ੩ ॥ ਆਵਣ ਜਾਣ ਰਹੇ[੧੫] ਚੂਕਾ ਭੋਲਾ[੧੬] ਰਾਮ ॥ ਹਉਮੈ ਮਾਰਿ ਮਿਲੇ [੧੭]ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ[੧੮] ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ[੧੯] ਪਛਾਤਾ ਆਪੈ ॥ ਪੇਈਅੜੈ[੨੦] ਘਰਿ ਸਬਦਿ ਪਤੀਣੀ[੨੧] ਸਾਹੁਰੜੈ[੨੨] ਪਿਰ ਭਾਣੀ ॥ ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ [੨੩]ਕਾਣਿ ਲੋਕਾਣੀ ॥ ੪ ॥ ੩ ॥ ਤੁਖਾਰੀ ਮਹਲਾ ੧* ॥ ਭੋਲਾਵੜੈ[੨੪] ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥ ਪਿਰਿ ਛੋਡੀ ਸੁਤੀ ਅਵਗਣਿ ਮੁਤੀ[੨੫] ਤਿਸੁ ਧਨ ਵਿਧਣ[੨੬] ਰਾਤੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ[੨੭] ਹਉਮੈ ਲਗੀ ਤਾਤੇ ॥ ਉਡਰਿ [੨੮]ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥ ਨਾਨਕ ਸਚੇ ਨਾਮ ਵਿਹੂਣੀ[੨੯] ਭੁਲਿ ਭੁਲਿ ਪਛੋਤਾਣੀ ॥ ੧ ॥ ਸੁਣਿ ਨਾਹ[੩੦] ਪਿਆਰੇ ਇਕ ਬੇਨੰਤੀ ਮੇਰੀ ॥ ਤੂ ਨਿਜ ਘਰਿ[੩੧] ਵਸਿਅੜਾ ਹਉ ਰੁਲਿ ਭਸਮੈ ਢੇਰੀ ॥ ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥ [੩੨]ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ[੩੩] ॥ ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥ ੨ ॥ [੩੪]ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਵਿਖੜਾ[੩੫] ਕਿਉ ਪਾਈਐ ਪਿਰੁ ਪਾਰੇ[੩੬] ॥ ਸਤਿਗੁਰ ਸਬਦੀ ਮਿਲੈ ਵਿਛੁੰਨੀ[੩੭] ਤਨੁ ਮਨੁ ਆਗੈ ਰਾਖੈ ॥ ਨਾਨਕ [੩੮]ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥ ੩ ॥

੧ ਪਤੀਜ ਗਏ ।
੨ ਗੁਰੂ ਦੇ ਆਗਿਆਕਾਰੀ ।
੩ ਅਭਿਮਾਨ ਅਵਸਥਾ।
੪ ਹਰ ਰੋਜ਼, ਸਦਾ ।
੫ ਪ੍ਰਕਾਸ਼ (ਗਿਆਨ ਦਾ) ।
੬ ਜਾਣਿਆ ।
੭ ਆਪ-ਹੁਦਰੇ, ਗੁਰੂ ਨੂੰ ਨਾ ਮੰਨਣ ਵਾਲੇ ।
੮ ਉਮਰ-ਰੂਪੀ ਰਾਤ ਸੁਚੇਤ ਹੋ ਕੇ ਲੰਘੀ ।
੯ ਗੁਣਾਂ ਨੇ ਟਿਕਾਣਾ ਬਣਾ ਲਿਆ ਹੈ ।
੧੦ ਦੂਸਰਾ ।
੧੧ ਮਨ ਨੂੰ ਮਨ ਵਿਚੋਂ ਹੀ ਸ਼ਾਂਤੀ ਮਿਲ ਗਈ । ਦੇਖੋ ਪੰਨਾ ੫੮੭, ਨੋਟ ੨੧ ।
੧੨ ਗੁਰੂ ਦੁਆਰਾ ।
੧੩ ਤਿੰਨ ਪ੍ਰਕਾਰ ਦੀ ਮਾਇਆ ਮੇਟ ਕੇ ਮੁਕਾਅ ਦਿੱਤੀ ।
੧੪ ਗੁਣਾਂ ਦੇ ਕਾਰਨ ਮੁੱਕ ਗਏ ।
੧੫ ਰਹਿ ਗਿਆ, ਮੁੱਕ ਗਿਆ ।
੧੬ ਭੁਲੇਖਾ ।
੧੭ ਸਰੀਰ ਰੂਪ ਚੋਲਾ ਸਫਲ ਹੋ ਗਿਆ ।
੧੮ ਮੁੱਕੇ ।
੧੯ ਆਪਣੇ ਆਪ ਨੂੰ ।
੨੦ ਇਸ ਲੋਕ ਵਿੱਚ ।
੨੧ ਪਤੀਜੀ ।
੨੨ ਪਰਲੋਕ ਵਿੱਚ ।
੨੩ ਮੁਥਾਜੀ ਲੋਕਾਂ ਦੀ ।
੨੪ ਭੁਲੇਖੇ ਵਿੱਚ । ੨੫ ਛੁੱਟੜ ।
੨੬ ਧਣੀ (ਪਤੀ) ਤੋਂ ਬਿਨਾਂ । ਉਸ ਇਸਤਰੀ ਲਈ ਰਾਤ ਰੰਡੇਪੇ ਵਾਲੀ ਹੈ ।
੨੭ ਨਾਸ ਹੋਈ ।
੨੮ ਜੀਵ ਹਰੀ ਦੇ ਹੁਕਮ ਵਿੱਚ ਤੁਰ ਪਿਆ ।
੨੯ ਖਾਲੀ ।
੩੦ ਹੇ ਪਤੀ !
੩੧ ਆਪਣੇ ਘਰ ਵਿੱਚ ।
੩੨ ਅੰਮ੍ਰਿਤ ਨਾਮ ਜੋ ਰਸਾਂ ਦਾ ਰਸ ਹੈ, ਗੁਰ-ਸ਼ਬਦ ਦਵਾਰਾ ਰਸਨਾ ਨਾਲ ਪੀਵੀਏ ।
੩੩ ਬਹੁਤੀ ।
੩੪ ਸੱਜਣ ਕਿਸੇ ਪ੍ਰਦੇਸ ਦੇ ਦੇਸ ਗਿਆ ਹੈ ਤੇ ਸੁਨੇਹੇ ਘਲਦੀ ਹੈ, ਉਨ੍ਹਾਂ ਸੱਜਣਾਂ ਨੂੰ ਯਾਦ ਕਰਦੀ ਹੈ ਤੇ ਇਸਤਰੀ ਨੈਣ ਭਰਦੀ ਹੈ ।
੩੫ ਕਠਿਨ (ਰਸਤਾ) ।
੩੬ ਪਾਰਲੇ ਪਾਸੇ । ਕਿਵੇਂ ਪ੍ਰਾਪਤ ਕਰੀਏ ਪਿਰ ਨੂੰ, ਜੋ ਪਾਰਲੇ ਪਾਸੇ ਹੈ ?
੩੭ ਵਿਛੜੀ ਹੋਈ ।
੩੮ ਨਾਮ-ਅੰਮ੍ਰਿਤ ਦਾ ਬਿਰਖ ।

* ਦੇਹ ਅਤੇ ਪਰਮਾਤਮਾ-ਰੂਪ ਆਤਮਾ ਦੇ ਸੰਬੰਧ ਨੂੰ ਇਸਤਰੀ-ਪਤੀ ਵਾਲਾ ਸੰਬੰਧ ਦੱਸ ਕੇ ਕਹਿੰਦੇ ਹਨ ਕਿ ਔਗੁਣਾਂ ਕਰ ਕੇ ਵਿਛੋੜਾ ਹੁੰਦਾ ਹੈ, ਪਰ ਜੇ ਗੁਣ ਯਾਦ ਕਰੀਏ, ਤਾਂ ਫੇਰ ਮੇਲ ਹੋ ਸਕਦਾ ਹੈ। ਗੁਣਾਂ ਦਾ ਯਾਦ ਕਰਨਾ ਗੁਰੂ ਦੇ ਸ਼ਬਦ ਰਾਹੀਂ ਹੁੰਦਾ ਹੈ ਅਤੇ ਅੰਤ ਪਤੀ ਆਪਣੇ ਮਹਿਲ ਵਿੱਚ ਬੁਲਾ ਕੇ ਸਹਜਾਨੰਦ ਵਾਲਾ ਮੇਲ ਬਖਸ਼ਦਾ ਹੈ ।

[੧]ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ [੨]ਅਨਦਿਨੁ ਰਤੜੀਏ ਸਹਜਿ
ਮਿਲੀਜੈ ॥ [੩]ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ [੪]ਗਰਬੁ ਨਿਵਾਰਿ ਸਮਾਣੀ ॥
[੫]ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ
ਘੂਘਟੁ[੬] ਕੈਸਾ ਮਟੁਕੀ ਫੋੜਿ ਨਿਰਾਰੀ ॥ ਨਾਨਕ ਆਪੈ ਆਪੁ ਪਛਾਣੈ ਗੁਰਮੁਖਿ
ਤਤੁ ਬੀਚਾਰੀ ॥ ੪ ॥ ੪ ॥ ਤੁਖਾਰੀ ਮਹਲਾ ੧* ॥ ਮੇਰੇ ਲਾਲ ਰੰਗੀਲੇ
ਹਮ [੭]ਲਾਲਨ ਕੇ ਲਾਲੇ[੮] ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥
ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥
ਜਗਜੀਵਨੁ ਦਾਤਾ ਪੁਰਖੁ ਬਿਧਾਤਾ[੯] ਸਹਜਿ ਮਿਲੇ ਬਨਵਾਰੀ[੧੦] ॥ ਨਦਰਿ
ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥ [੧੧]ਪ੍ਰਣਵਤਿ
ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥ ੧ ॥ [੧੨]ਭਰਿਪੁਰਿ
ਧਾਰਿ ਰਹੇ ਅਤਿ ਪਿਆਰੇ ॥ ਸਬਦੇ ਰਵਿ ਰਹਿਆ [੧੩]ਗੁਰ ਰੂਪਿ ਮੁਰਾਰੇ ॥
ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥ [੧੪]ਰੰਗੀ
ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ ॥ [੧੫]ਅਪਰੰਪਰੁ ਆਪੇ
ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ ॥ ਨਾਨਕ [੧੬]ਹੀਰਾ ਹੀਰੈ ਬੇਧਿਆ ਗੁਣ
ਕੈ ਹਾਰਿ ਪਰੋਵੈ ॥ ੨ ॥ ਗੁਣ ਗੁਣਹਿ ਸਮਾਣੇ [੧੭]ਮਸਤਕਿ ਨਾਮ ਨੀਸਾਣੋ ॥
ਸਚੁ ਸਾਚਿ ਸਮਾਇਆ [੧੮]ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ
ਰਾਤਾ ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ
ਸਮਾਵੈ ॥ ਮੋਹਨਿ[੧੯] ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ[੨੦] ॥ ਨਾਨਕ
ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥ ੩ ॥ ਸਚ ਘਰੁ ਖੋਜਿ
ਲਹੇ ਸਾਚਾ ਗੁਰ ਥਾਨੋ ॥ [੨੧]ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥
ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ ॥ ਅਮਰੁ[੨੨] ਅਜੋਨੀ[੨੩]
ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ[੨੪] ॥ ਦੋਤਿ[੨੫] ਉਚਾਪਤਿ ਲੇਖੁ ਨ
ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥ ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ[੨੬]
ਤਰੀਐ ਤਾਰੀ ॥ ੪ ॥ ੫ ॥ ਤੁਖਾਰੀ ਮਹਲਾ ੧† ॥ ਏ ਮਨ ਮੇਰਿਆ ਤੂ
ਸਮਝੁ ਅਚੇਤ[੨੭] ਇਆਣਿਆ ਰਾਮ ॥ ਏ ਮਨ ਮੇਰਿਆ ਛਡਿ ਅਵਗਣ ਗੁਣੀ
ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ[੨੮] ਕਮਾਣੇ ਵਿਛੁੜਿਆ ਨਹੀ
ਮੇਲਾ ॥ ਕਿਉ ਦੁਤਰੁ[੨੯] ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ[੩੦]
ਦੁਹੇਲਾ[੩੧] ॥ ਮਨਿ ਰਾਮੁ ਨਹੀ ਜਾਤਾ [੩੨]ਸਾਝ ਪ੍ਰਭਾਤਾ [੩੩]ਅਵਘਟਿ ਰੁਧਾ ਕਿਆ
ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ[੨੬] ਸੇਵੈ ਨਰਹਰੇ[੩੪] ॥
੧ ॥ ਏ ਮਨ ਮੇਰਿਆ ਤੂ ਛੋਡਿ [੩੫]ਆਲ ਜੰਜਾਲਾ ਰਾਮ ॥ ਏ ਮਨ

੧ ਹਰੀ-ਮਹਲ ਵਿੱਚ ਸਦੀਏ ਹੋਈਏ ! ਦੇਰ ਨਾ ਕਰ ।
੨ ਹੇ ਹਰ ਰੋਜ਼ (ਸਦਾ) ਪ੍ਰੇਮ ਵਿੱਚ ਰਤੀ ਰਹਿਣ ਵਾਲੀਏ ! ਪੂਰਨ ਅਡੋਲਤਾ ਵਿੱਚ ਮਿਲੇਂਗੀ ।
੩ ਸਹਿਜ ਵਾਲੇ ਸੁਖ ਵਿੱਚ । ਗੁਰਮਤਿ ਵਿੱਚ ਹੋਰਨਾਂ ਸੁਖਾਂ ਦੇ ਮੁਕਾਬਲੇ 'ਤੇ 'ਸਹਜ-ਸੁਖ' ਜਾਂ 'ਸਹਜ-ਆਨੰਦ' ਆਉਂਦਾ ਹੈ ਜੋ ਅਸਲੀ ਸੁਖ ਹੈ ਤੇ ਮਨ ਨੂੰ ਟਿਕਾਣੇ ਰੱਖਦਾ ਹੈ ।
੪ ਹੰਕਾਰ ਦੂਰ ਕਰ ਕੇ ।
੫ ਸੱਚੇ ਹਰੀ ਵਿੱਚ ਰੱਤੀ ਹੋਈ ਹਰੀ ਨੂੰ ਮਿਲ ਪੈਂਦੀ ਹੈ, ਗੁਰੂ ਦੁਆਰਾ ਮਿਲਾਈ ਹੋਈ; ਪਰ ਗੁਰੂ ਤੋਂ ਬੇ-ਮੁਖ ਜਨਮ ਮਰਨ ਦੇ ਗੇੜ ਵਿੱਚ ਭਟਕਦੀ ਰਹਿੰਦੀ ਹੈ ।
੬ ਘੁੰਡ । ਭਾਵ ਜਦ ਪਰਮਾਰਥ ਨਾਲ ਸੰਬੰਧ ਜੋੜਿਆ ਤਾਂ ਲੋਕ-ਲਾਜ ਦੀ ਮਟਕੀ ਭੰਨ ਕੇ ਅਲੱਗ ਹੋਣਾ ਪੈਂਦਾ ਹੈ ।
੭ ਪਿਆਰੇ ਦੇ ।
੮ [ਫ਼ਾ: ਲਾਲਾ ਗੁਲਾਮ] ਸੇਵਕ ।
੯ [ਸੰ: ਵਿਧਾਤ੍ਰਿ] ਰਚਨਹਾਰ ।
੧੦ [ਬਨ ਜਿਸ ਦੀ ਮਾਲਾ ਹਨ] ਵਾਹਿਗੁਰੂ ।
੧੧ ਬੇਨਤੀ ਕਰਦਾ ਹੈ ਦਾਸਾਂ ਦਾ ਦਾਸ ਨਾਨਕ ।
੧੨ ਭਰਪੂਰ ਹਰੀ ਵਿੱਚ ਅਤਿ ਪਿਆਰਾ ਗੁਰੂ ਟਿਕਿਆ ਹੈ ।
੧੩ ਗੁਰੂ ਜੋ ਪਰਮਾਤਮਾ ਦਾ ਰੂਪ ਹੈ । ਮੁਰਾਰੀ= [ਮੁਰ ਰਾਖਸ਼ ਦਾ ਵੈਰੀ] ਵਾਹਿਗੁਰੂ ।
੧੪ ਕਈ ਰੰਗਾਂ ਤੇ ਕਿਸਮਾਂ ਦੇ ਜੀਵ ਪੈਦਾ ਕੀਤੇ ਅਤੇ ਉਨ੍ਹਾਂ ਨੂੰ ਹਰ ਰੋਜ਼ ਦਾਨ ਵੱਧ ਤੋਂ ਵੱਧ ਦਿੰਦਾ ਰਹਿੰਦਾ ਹੈ ।
੧੫ ਪਰੇ ਤੋਂ ਪਰੇ ਹਰੀ ਆਪੇ ਬਣਾ ਕੇ ਢਾਹੁੰਦਾ ਹੈ ।
੧੬ ਗੁਰੂ ਗੁਣਾਂ ਦੇ ਹਾਰ ਵਿੱਚ ਆਪਣੇ ਆਪ ਨੂੰ ਪਰੋਂਦਾ ਹੈ ਤੇ ਹੀਰੇ ਵਿੱਚ ਹੀਰਾ ਹੋ ਵਿੰਨ੍ਹਿਆ ਜਾਂਦਾ ਹੈ ।
੧੭ ਮੱਥੇ 'ਤੇ ਨਾਮ ਦਾ ਨਿਸ਼ਾਨ ਪਿਆ, ਭਾਵ ਭਾਗਾਂ ਵਿੱਚ ਨਾਮ ਜਪਣਾ ਲਿਖਿਆ ਗਿਆ ।
੧੮ ਮੁੱਕ ਜਾਂਦਾ ਹੈ ਜੰਮਣ ਮਰਨ ।
੧੯ ਮੋਹਨ ਨੇ ।
੨੦ ਆਜ਼ਾਦ ਕਰ ਦਿੱਤਾ ਹੈ ।
੨੧ ਆਪ ਹੁਦਰਾ ਹੋਣ ਨਾਲ ਗਿਆਨ ਨਹੀਂ ਮਿਲਦਾ, ਗੁਰੂ ਦਾ ਆਗਿਆਕਾਰੀ ਹੋਣ ਨਾਲ ਮਿਲਦਾ ਹੈ ।
੨੨ ਜੋ ਮਰਦਾ ਨਹੀਂ ।
੨੩ ਜੋ ਜੂਨ ਵਿੱਚ ਨਹੀਂ ਆਉਂਦਾ, ਨਹੀਂ ਜੰਮਦਾ ।
੨੪ ਚਿਰਾਂ ਦਾ, ਪੁਰਾਣਾ, ਅਟੱਲ ।
੨੫ ਦਿਨ ਦਾ, ਰੋਜ਼ ਦਾ । ਹੁਣ ਰੋਜ਼ਾਨਾ ਉਚਾਪਤ (ਕਰਜ਼ਾ ਕਰਮਾਂ ਦਾ) ਦਾ ਹਿਸਾਬ ਨਹੀਂ ਲਿਖਿਆ ਜਾਂਦਾ ।
੨੬ ਗੁਰੂ ਦੁਆਰਾ ।
੨੭ ਮੂਰਖ।
੨੮ ਕੀਤੇ ਕੰਮਾਂ ਦੇ ਫਲ ।
੨੯ ਔਖਾ ਤਰਿਆ ਜਾਣ ਵਾਲਾ (ਸੰਸਾਰ-ਸਾਗਰ)।
੩੦ ਰਸਤਾ ।
੩੧ ਦੁਖਦਾਈ ।
੩੨ ਭਾਵ ਕਿਸੇ ਵੇਲੇ ਵੀ ।
੩੩ ਔਖੇ ਰਸਤੇ ਪਿਆ ਹੋਇਆ ।
੩੪ [ਨਰਸਿੰਘ] ਹਰੀ ਨੂੰ ।
੩੫ ਘਰ ਦੇ ਜ਼ੰਜਾਲ ।

* ਗੁਰੂ, ਹਰੀ ਪਿਆਰੇ ਦੇ ਗੁਣ ਲਖਾ ਕੇ ਉਸ ਨਾਲ ਮੇਲ ਕਰ ਦਿੰਦਾ ਹੈ; ਫਿਰ ਕਰਮਾਂ ਦਾ ਲੇਖਾ ਮੁੱਕ ਜਾਂਦਾ ਹੈ ਅਤੇ ਸੱਚੇ ਮਹਿਲ ਵਿੱਚ ਵਾਸਾ ਮਿਲ ਜਾਂਦਾ ਹੈ ।

† ਮਨ ਨੂੰ ਸੰਬੋਧਨ ਕਰ ਕੇ ਸਮਝਾਂਦੇ ਹਨ ਕਿ ਅਵਗੁਣ ਛੱਡ ਕੇ ਹਰੀ ਦੇ ਗੁਣ ਯਾਦ ਕਰ, ਤਾਂ ਕਿ ਸੰਸਾਰ ਦੇ ਬੰਧਨ ਟੁੱਟ ਕੇ ਵਿਛੋੜਾ ਦੂਰ ਹੋਵੇ ਅਤੇ ਆਪਣੇ ਮਾਲਕ ਦੇ ਸੱਚੇ ਮਹਿਲ ਵਿੱਚ ਵਾਸਾ ਮਿਲੇ। ਉਸ ਮਹਿਲ ਤਕ ਪਹੁੰਚਣ ਲਈ ਗੁਰੂ ਹੀ ਪਉੜੀ ਹੈ, ਉਸ ਦੀ ਸੰਗਤਿ ਵਿੱਚ ਸ਼ਬਦ ਨੂੰ ਸੁਣੋ ਅਤੇ ਹਰੀ ਦਾ ਜਸ ਕਰਦੇ ਹੋਏ ਉਸ ਅਪਾਰ ਸੱਜਣ ਨਾਲ ਇਕ-ਮਿਕ ਹੋ ਜਾਓ ।

ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ[੧] ਗੁਰਿ[੨] ਖੇਲੁ ਜਗਤਿ ਦਿਖਾਇਆ ॥ ਆਚਾਰਿ[੩] ਤੂ ਵੀਚਾਰਿ[੪] ਆਪੇ ਹਰਿ ਨਾਮੁ ਸੰਜਮ ਜਪ ਤਪੋ ॥ [੫]ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥ ੨ ॥ ਏ ਮਨ ਮੇਰਿਆ ਤੂ ਥਿਰੁ ਰਹੁ [੬]ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ[੭] ਸਮਾਵਹੀ ਰਾਮ ॥ [੮]ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ[੯] ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ[੧੦] ॥ ਭੈ ਕਾਟਿ ਨਿਰਭਉ ਤਰਹਿ ਦੁਤਰੁ[੧੧] ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥ ੩ ॥ ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ[੧੨] ਰਾਮ ॥ ਧਨੁ ਸੰਚਿ[੧੩] ਹਰਿ ਹਰਿ ਨਾਮ ਵਖਰੁ [੧੪]ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ[੧੫] ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥ ਪਤਿ[੧੬] ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥ ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥ ੪ ॥ ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ[੧੭] ਰਾਮ ॥ ਪਾਰਿ[੧੮] ਸਾਜਨੁ ਅਪਾਰੁ ਪ੍ਰੀਤਮੁ [੧੯]ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧਸੰਗਤਿ ਕਰਹਿ ਰਲੀਆ[੨੦] ਫਿਰਿ ਨ ਪਛੋਤਾਵਏ ॥ [੨੧]ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ[੨੨] ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥ ੫ ॥ ੬ ॥

ਤੁਖਾਰੀ ਛੰਤ ਮਹਲਾ ੪ ੴ ਸਤਿਗੁਰ ਪ੍ਰਸਾਦਿ ॥

*ਅੰਤਰਿ [੨੩]ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ॥ [੨੪]ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ ॥ ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ ਤਿਸੁ ਬਿਨੁ ਰਹਨੁ ਨ ਜਾਏ ॥ ਅਨਦਿਨੁ[੨੫] ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ[੨੬] ਨ ਜਾਏ ॥ ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ ਹਰਿ ਹਰਿ ਨਾਮੁ ਸਦ ਸਾਰਿਆ[੨੭] ॥ ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ ਹਉ ਸਤਿਗੁਰ ਵਿਟਹੁ[੨੮] ਵਾਰਿਆ ॥ ੧ ॥ ਜਬ ਦੇਖਾਂ

੧ ਬੰਨ੍ਹ ਕੇ ਰੱਖੇ ਹਨ । ਦੇਖੋ ਪੰਨਾ ੩੫੦, ਨੋਟ ੩੧ ।

੨ ਗੁਰੂ (ਹਰੀ) ਨੇ ।

੩ ਕਰਮ-ਕਾਂਡੀ ।

੪ ਵਿਚਾਰਵਾਨ, ਗਿਆਨੀ । ਹੇ ਮਨ ! ਜੇ ਤੂੰ ਹਰੀ-ਨਾਮ ਨੂੰ ਸੰਜਮ ਜਪ ਤਪ ਬਣਾਵੇਂ ਤਾਂ ਤੂੰ ਆਚਾਰੀ ਤੇ ਵਿਚਾਰੀ ਹੈਂ ।

੫ ਹਰੀ-ਨਾਮ ਜੋ ਸਾਥੀ, ਸੰਬੰਧੀ ਤੇ ਪਿਆਰਾ ਪ੍ਰੀਤਮ ਹੈ ।

੬ ਫੇਰ ਤੂੰ ਸੱਟ ਨਹੀਂ ਖਾਵੇਂਗਾ ।

੭ ਪੂਰਨ ਅਡੋਲ ਤੇ ਸ਼ਾਂਤੀ ਵਾਲੀ ਅਵਸਥਾ ਵਿੱਚ।

੮ ਰਾਮ ਦੇ ਗੁਣ ਗਾ ਕੇ ਰਸਾਇ (ਪ੍ਰੇਮ ਨਾਲ) ਤੂੰ ਰਸ ਵਾਲਾ ਹੋ ਜਾ ।

੯ ਸੁਰਮਾ । ਗੁਰੂ ਦੇ ਗਿਆਨ ਦਾ ਸੁਰਮਾ ਪਾ, ਜਿਸ ਨਾਲ ਸਾਰੇ ਜਹਾਨ ਦਾ ਜੋ ਦੀਵਾ ਹੈ (ਹਰੀ) ਉਸ ਦਾ ਚਾਨਣਾ ਸ਼ਬਦ ਰਾਹੀਂ ਮਿਲ ਜਾਏਗਾ; (ਉਸ ਚਾਨਣ ਨਾਲ) ਕਾਮਾਦਿ ਪੰਜ ਵੈਰੀ ਮਾਰ ਲਵੇਂਗਾ ।

੧੦ ਸੰਘਾਰਹਿ, ਮਾਰ ਲਵੇਂ ।

੧੧ [ਸੰ. ਦੁਸਤਰ] ਔਖਾ ਤਰਿਆ ਜਾਣ ਵਾਲਾ ।

੧੨ ਦੂਰ ਕਰੇਂਗਾ ।

੧੩ ਇਕੱਠਾ ਕਰ ।

੧੪ ਗੁਰੂ ਦੇ ਉਪਦੇਸ਼ ਦੁਆਰਾ ਉਸ ਨਾਮ ਰੂਪ ਸੌਦੇ ਦਾ ਭਾ ਨਿਰਣਾ ਕਰ ਕੇ ।

੧੫ ਦੂਰ ਕਰ ਕੇ । ਸ਼ਬਦ ਦੁਆਰਾ ਮੈਲ ਦੂਰ ਕਰ ਕੇ ਨਿਰਮਲ ਹੋ ਜਾ ਅਤੇ ਆਪਣਾ ਅਸਲੀ ਘਰ ਟਿਕਾਣਾ ਲੱਭ ਲੈ ।

੧੬ ਸ਼ੋਭਾ । ਨਾਮ ਰੂਪ ਸ਼ੋਭਾ ਲੈ ਕੇ ਘਰ ਵਾਪਸ ਜਾਵੇਂ ਅਤੇ ਅੰਮ੍ਰਿਤ-ਰਸ ਝੋਲ ਕੇ (ਖੁਲ੍ਹੇ ਬੁੱਕੀਂ) ਪੀਵੇਂ ।

੧੭ ਅਪੜੈ, ਪਹੁੰਚਦਾ ।

੧੮ ਪਾਰਲੇ ਪਾਸੇ ।

੧੯ ਗੁਰ-ਸ਼ਬਦ ਦੀ ਸੋਝੀ ਨਾਲ ।

੨੦ ਮੌਜਾਂ, ਖੁਸ਼ੀਆਂ ।

੨੧ ਹੇ ਦਿਆਲੂ ! ਦਇਆ ਦਾ ਸੱਚਾ ਦਾਨ ਕਰ।

੨੨ [ਸੰ. ਪ੍ਰਲਪਨ] ਬੇਨਤੀ ਕਰਦਾ ਹੈ ।

੨੩ ਪਤੀ ਦਾ ਪ੍ਰੇਮ ਹੈ ।

੨੪ ਜਿਤਨਾ ਚਿਰ ।

੨੫ ਹਰ ਰੋਜ਼, ਨਿਤ ।

੨੬ ਪਪੀਹੇ ਦੀ ਮਿਸਾਲ ਲਈ ਹੈ ।

੨੭ ਸੰਭਾਲਿਆ, ਯਾਦ ਕੀਤਾ ਹੈ ।

੨੮ ਉੱਤੋਂ ।

* ਪਪੀਹੇ ਵਤ ਹਰੀ ਪਿਆਰੇ ਦੇ ਮਿਲਣ ਦੀ ਤਾਂਘ ਦੱਸਦੇ ਹਨ । ਜਿਵੇਂ ਸ੍ਵਾਂਤੀ ਬੂੰਦ ਦੇ ਮਿਲਣ ਖੁਣੋਂ ਪਪੀਹਾ ਰਹਿ ਨਹੀਂ ਸਕਦਾ, ਤਿਵੇਂ ਹਰੀ ਪਿਆਰੇ ਦੇ ਮਿਲਾਪ ਰੂਪ ਅੰਮ੍ਰਿਤ ਬਾਝੋਂ ਜੀਵ ਨੂੰ ਸ਼ਾਂਤੀ ਨਹੀਂ ਆਉਂਦੀ (੧) । ਗੁਰ-ਸ਼ਬਦ ਰਾਹੀਂ ਹਰੀ ਦੇ ਗੁਣ ਗਾਵੀਏ, ਤਾਂ ਹਰੀ ਦੇ ਦਰਸ਼ਨ ਹੁੰਦੇ ਹਨ। ਇਸ ਲਈ ਗੁਰੂ ਦੇ ਚਰਨੀਂ ਲੱਗਣਾ ਚਾਹੀਦਾ ਹੈ (੨) । ਮਨੁੱਖ ਪਾਪਾਂ ਕਰ ਕੇ ਕਈ ਜਨਮ ਵਿਛੜਿਆ ਰਹਿੰਦਾ ਹੈ, ਪਰ ਗੁਰੂ ਦੇ ਸ਼ਬਦ ਦੁਆਰਾ ਤਰ ਜਾਂਦਾ ਹੈ (੩) । ਗੁਰੂ-ਪਾਰਸ ਦੀ ਛੋਹ ਮਨੁੱਖ ਨੂੰ ਪਵਿੱਤਰ ਕਰ ਕੇ ਹਰੀ ਦੇ ਮਿਲਣ ਜੋਗਾ ਬਣਾ ਦਿੰਦੀ ਹੈ (੪) ।

ਪਿਰੁ ਪਿਆਰਾ ਹਰਿ ਗੁਣ [੧]ਰਸਿ ਰਵਾ ਰਾਮ ॥ ਮੇਰੈ ਅੰਤਰਿ ਹੋਇ ਵਿਗਾਸੁ[੨] ਪ੍ਰਿਉ ਪ੍ਰਿਉ ਸਚੁ ਨਿਤ ਚਵਾ[੩] ਰਾਮ ॥ ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ[੪] ਬਿਨੁ ਦੇਖੇ [੫]ਤ੍ਰਿਪਤਿ ਨ ਆਵਏ ॥ ਸਬਦਿ ਸੀਗਾਰੁ ਹੋਵੈ ਨਿਤ ਕਾਮਣਿ[੬] ਹਰਿ ਹਰਿ ਨਾਮੁ ਧਿਆਵਏ ॥ ਦਇਆ ਦਾਨੁ [੭]ਮੰਗਤ ਜਨ ਦੀਜੈ ਮੈ ਪ੍ਰੀਤਮੁ ਦੇਹੁ ਮਿਲਾਏ ॥ ਅਨਦਿਨੁ[੮] ਗੁਰੁ ਗੋਪਾਲੁ ਧਿਆਈ ਹਮ ਸਤਿਗੁਰ [੯]ਵਿਟਹੁ ਘੁਮਾਏ ॥ ੨ ॥ ਹਮ ਪਾਥਰ ਗੁਰੁ ਨਾਵ[੧੦] [੧੧]ਬਿਖੁ ਭਵਜਲੁ ਤਾਰੀਐ ਰਾਮ ॥ ਗੁਰ ਦੇਵਹੁ ਸਬਦੁ ਸੁਭਾਇ[੧੨] ਮੈ ਮੂੜ ਨਿਸਤਾਰੀਐ ਰਾਮ ॥ ਹਮ ਮੂੜ ਮੁਗਧ[੧੩] ਕਿਛੁ ਮਿਤਿ[੧੪] ਨਹੀ ਪਾਈ ਤੂ ਅਗੰਮੁ[੧੫] ਵਡ ਜਾਣਿਆ ॥ ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ॥ [੧੬]ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥ ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ[੧੭] ॥ ੩ ॥ [੧੮]ਗੁਰ ਪਾਰਸ ਹਮ ਲੋਹ ਮਿਲਿ ਕੰਚਨੁ[੧੯] ਹੋਇਆ ਰਾਮ ॥ ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ[੨੦] ਰਾਮ ॥ ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ[੨੧] ਕਿਉ [੨੨]ਸਾਸਿ ਗਿਰਾਸਿ ਵਿਸਾਰੀਐ ॥ ਅਦ੍ਰਿਸਟੁ[੨੩] ਅਗੋਚਰੁ[੨੪] ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥ ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥ ਆਪੇ ਦਇਆ ਕਰਹੁ ਪ੍ਰਭ ਦਾਤੇ [੨੫]ਨਾਨਕ ਅੰਕਿ ਸਮਾਵੈ ॥ ੪ ॥ ੧ ॥

ਤੁਖਾਰੀ ਮਹਲਾ ੪* ॥ ਹਰਿ ਹਰਿ ਅਗਮ ਅਗਾਧਿ[੨੬] ਅਪਰੰਪਰ[੨੭] ਅਪਰਪਰਾ[੨੮] ॥ ਜੋ ਤੁਮ ਧਿਆਵਹਿ ਜਗਦੀਸ[੨੯] ਤੇ ਜਨ ਭਉ[੩੦] ਬਿਖਮੁ[੩੧] ਤਰਾ ॥ ਬਿਖਮ ਭਉ ਤਿਨ ਤਰਿਆ ਸੁਹੇਲਾ[੩੨] ਜਿਨ ਹਰਿ ਹਰਿ ਨਾਮੁ ਧਿਆਇਆ ॥ [੩੩]ਗੁਰ ਵਾਕਿ ਸਤਿਗੁਰ ਜੋ ਭਾਇ[੩੪] ਚਲੇ ਤਿਨ ਹਰਿ ਹਰਿ ਆਪਿ ਮਿਲਾਇਆ ॥ ਜੋਤੀ ਜੋਤਿ ਮਿਲਿ ਜੋਤਿ ਸਮਾਣੀ ਹਰਿ ਕ੍ਰਿਪਾ ਕਰਿ ਧਰਣੀਧਰਾ[੩੫] ॥ ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥ ੧ ॥ ਤੁਮ ਸੁਆਮੀ ਅਗਮ ਅਥਾਹ [੩੬]ਤੂ ਘਟਿ ਘਟਿ ਪੂਰਿ ਰਹਿਆ ॥ ਤੂ ਅਲਖ ਅਭੇਉ[੩੭] ਅਗੰਮੁ ਗੁਰ ਸਤਿਗੁਰ ਬਚਨਿ ਲਹਿਆ[੩੮] ॥ ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ[੩੯] ॥ [੪੦]ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥ [੪੧]ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥ ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥ ੨ ॥ ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ[੪੨] ਹਰੇ ॥ ਤਿਨ ਕੇ ਕੋਟਿ[੪੩] ਸਭਿ ਪਾਪ ਖਿਨੁ ਪਰਹਰਿ ਹਰਿ ਦੂਰਿ ਕਰੇ ॥

੧ ਸਵਾਦ ਨਾਲ ਸਿਮਰਾਂ ।
੨ [ਸੰ. ਵਿਕਾਸ਼] ਖਿੜਾਉ, ਖੁਸ਼ੀ ।
੩ [ਸਿੰਧੀ] ਬੋਲਾਂ ।
੪ ਤਾਰ ਦੇਵੇ ।
੫ ਸ਼ਾਂਤੀ ਨਹੀਂ ਹੁੰਦੀ, ਰੱਜਦੀ ਨਹੀਂ ।
੬ ਇਸਤਰੀ ।
੭ ਦਾਸ ਮੰਗਤੇ ਨੂੰ ।
੮ ਹਰ ਰੋਜ਼ ।
੯ ਉਤੋਂ ਕੁਰਬਾਨ ਹਾਂ ।
੧੦ ਬੇੜੀ ।
੧੧ ਵਿਸ਼ੇ ਰੂਪ ਸੰਸਾਰ-ਸਾਗਰ ਤੋਂ ਤਰਾ ਦਿਓ ।
੧੨ ਪ੍ਰੇਮ ਨਾਲ (ਗੁਰ ਸ਼ਬਦ ਦੇਵੋ, ਹੇ ਹਰੀ !) ।
੧੩ ਮੂਰਖ ।
੧੪ ਅੰਦਾਜ਼ਾ ।
੧੫ ਅਪਹੁੰਚ ।
੧੬ ਕਈ ਜਨਮ ਪਾਪਾਂ ਕਰ ਕੇ ਭੌਂਦੇ ਰਹੇ, ਹੁਣ (ਇਸ ਜਨਮ ਵਿੱਚ) ਤੇਰੀ ਸ਼ਰਨ ਵਿੱਚ ਆਏ ਹਾਂ ।
੧੭ ਪੈਰੀਂ, ਚਰਨੀਂ ।
੧੮ ਗੁਰੂ ਪਾਰਸ ਹੈ, ਅਸੀਂ ਲੋਹਾ ਹਾਂ । 'ਪਾਰਸ' ਇਕ ਖ਼ਿਆਲੀ ਪੱਥਰ ਮੰਨਿਆ ਗਿਆ ਹੈ । ਜਿਸ ਦੇ ਛੋਹਣ ਨਾਲ ਲੋਹਾ ਸੋਨਾ ਬਣ ਜਾਂਦਾ ਹੈ ।
੧੯ ਸੋਨਾ ।
੨੦ ਸੋਹਣਾ ਬਣਿਆ ਹੈ ।
੨੧ ਮੋਹ ਲਿਆ ਹੈ ।
੨੨ ਸਾਹ ਲੈਂਦਿਆਂ ਅਤੇ ਖਾਂਦਿਆਂ ਪੀਂਦਿਆਂ ।
੨੩ ਨਾ ਦਿੱਸਣ ਵਾਲਾ (ਹਰੀ) ।
੨੪ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ, ਉਹ ਹਰੀ ।
੨੫ ਦਾਸ ਆਪ ਦੀ ਗੋਦੀ ਵਿੱਚ ਸਮਾਅ ਜਾਵੇ ।
੨੬ ਅਥਾਹ ।
੨੭ ਪਰੇ ਤੋਂ ਪਰੇ ।
੨੮ ਬੇਹੱਦ ।
੨੯ ਹੇ ਜਗਤ ਦੇ ਮਾਲਕ !
੩੦ ਭਵਜਲ, ਸੰਸਾਰ-ਸਾਗਰ ।
੩੧ ਕਠਿਨ ।
੩੨ ਸੌਖੇ ਹੀ ।
੩੩ ਸਤਿਗੁਰੂ ਦੇ ਗੁਰਵਾਕ ਅਨੁਸਾਰ ।
੩੪ ਪ੍ਰੇਮ ਨਾਲ ।
੩੫ ਧਰਤੀ ਦਾ ਆਸਰਾ ।
੩੬ ਤੂੰ ਹਰ ਇਕ ਵਿੱਚ ਭਰ ਕੇ ਵੱਸ ਰਿਹਾ ਹੈਂ।
੩੭ ਜਿਸ ਦਾ ਭੇਦ ਨਾ ਪਾਇਆ ਜਾ ਸਕੇ ।
੩੮ ਲਖਿਆ ਹੈ, ਲੱਭਿਆ ਹੈ, ਸਮਝਿਆ ਹੈ ।
੩੯ ਯਾਦ ਕੀਤੇ ।
੪੦ ਗੁਰਮੁਖ ਲੋਕ ਵਿਚਾਰ ਵਾਲੀ ਬੁਧੀ ਦੁਆਰਾ । ਵਿਚਾਰ ਕੇ ਗੁਰ-ਸ਼ਬਦ ਦੁਆਰਾ ਪਲ-ਪਲ ਹਰੀ ਨੂੰ ਸਿਮਰਦੇ ਹਨ । ਚਵੈ=ਉਚਾਰਦੇ ਹਨ ।
੪੧ ਗੁਰਮੁਖ ਲੋਕ ਜਦ ਬਹਿੰਦੇ ਹਨ ਤਾਂ ਹਰੀ ਨਾਮ ਹੀ ਉਚਾਰਦੇ ਹਨ ਜਦ ਗੁਰਮੁਖ ਲੋਕ ਖੜੇ ਹੁੰਦੇ ਹਨ ਤਾਂ ਭੀ ਹਰੀ-ਹਰੀ ਹੀ ਆਖਦੇ ਹਨ ।
੪੨ ਗੁਰੂ ਦੇ ਉਪਦੇਸ਼ ਅਨੁਸਾਰ ।
੪੩ ਕਰੋੜਾਂ ।

* ਹਰੀ ਇਕ ਅਪਹੁੰਚ ਹਸਤੀ ਹੈ, ਪਰ ਗੁਰ-ਸ਼ਬਦ ਰਾਹੀਂ ਮਨੁੱਖ ਐਸੀ ਹਸਤੀ ਨੂੰ ਭੀ ਮਿਲ ਸਕਦਾ ਹੈ (੧) । ਕਿਉਂਕਿ ਗੁਰਬਾਣੀ ਦੁਆਰਾ ਇਹ ਸਮਝ ਆ ਜਾਂਦੀ ਹੈ ਕਿ ਹਰੀ ਹਰ-ਇਕ ਜੀਵ ਵਿੱਚ ਸਮਾਅ ਰਿਹਾ ਹੈ, ਖਾਸ ਕਰ ਕੇ ਗੁਰੂ ਦੀ ਸੰਗਤ ਵਿੱਚ ਬਿਬੇਕ-ਬੁਧੀ ਵਾਲੀ ਵਿਚਾਰ ਅਤੇ ਹਰੀ ਦਾ ਸਿਮਰਨ ਹੁੰਦਾ ਰਹਿੰਦਾ ਹੈ, ਜਿਥੋਂ ਹਰੀ ਹਰ ਪਾਸੇ ਪਸਰਿਆ ਦਿੱਸਦਾ ਹੈ (੨) । ਨਾਲੇ ਸੇਵਾ ਕਰਨ ਕਰ ਕੇ ਜੀਵ ਦੇ ਜਨਮਾਂ ਜਨਮਾਂਤਰਾਂ ਦੇ ਪਾਪ ਦੂਰ ਹੋ ਜਾਂਦੇ ਹਨ (੩) । ਗੁਰੂ ਦਾ ਭਾਣਾ ਮੰਨਣ ਨਾਲ ਹਰੀ ਪ੍ਰਸੰਨ ਹੋ ਕੇ ਕਰਮਾਂ ਦਾ ਲੇਖਾ ਮੇਟ ਦਿੰਦਾ ਹੈ ਅਤੇ ਜੀਵ ਨੂੰ ਆਪਣੇ ਭਾਣੇ ਅਨੁਸਾਰ ਚਲਾ ਕੇ ਆਪਣੇ ਨਾਲ ਮੇਲ ਲੈਂਦਾ ਹੈ (੪) ।

ਤਿਨ ਕੇ ਪਾਪ ਦੋਖ[੧] ਸਭਿ ਬਿਨਸੇ ਜਿਨ [੨]ਮਨਿ ਚਿਤਿ ਇਕੁ ਅਰਾਧਿਆ ॥ ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ ਜਿਨ ਗੁਰ ਬਚਨੀ ਸਚੁ ਭਾਖਿਆ[੩] ॥ ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ[੪] ਬਿਖਮੁ[੫] ਤਰੇ ॥ ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥ ੩ ॥ ਤੂ ਅੰਤਰਜਾਮੀ[੬] ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥ ਹਮਰੈ ਹਾਥਿ ਕਿਛੁ ਨਾਹਿ ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥ ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ[੭] ਛੁਟਕਿ ਗਇਆ ॥ ਤਿਨ ਕੀ ਗਣਤ[੮] ਨ ਕਰਿਅਹੁ ਕੋ ਭਾਈ ਜੋ ਗੁਰ ਬਚਨੀ ਹਰਿ ਮੇਲਿ ਲਇਆ ॥ ਨਾਨਕ ਦਇਆਲੁ ਹੋਆ ਤਿਨ ਊਪਰਿ ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥ ਤੂ ਅੰਤਰਜਾਮੀ ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥ ੪ ॥ ੨ ॥ ਤੁਖਾਰੀ ਮਹਲਾ ੪* ॥ ਤੂ ਜਗਜੀਵਨੁ ਜਗਦੀਸੁ[੯] ਸਭ ਕਰਤਾ ਸ੍ਰਿਸਟਿ ਨਾਥੁ ॥ ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ ਮਾਥੁ[੧੦] ॥ ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ ॥ ਤਿਨ ਕੇ ਪਾਪ ਇਕ ਨਿਮਖ[੧੧] ਸਭਿ ਲਾਥੇ ਜਿਨ ਗੁਰ ਬਚਨੀ ਹਰਿ ਜਾਪਿਆ ॥ ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥੁ[੧੨] ॥ ਤੂ ਜਗਜੀਵਨੁ ਜਗਦੀਸੁ ਸਭ ਕਰਤਾ [੯]ਸ੍ਰਿਸਟਿ ਨਾਥੁ ॥ ੧ ॥ ਤੂ [੧੩]ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ[੧੪] ॥ ਜਿਨ ਜਪਿਆ ਹਰਿ ਮਨਿ ਚੀਤਿ ਹਰਿ ਜਪਿ ਜਪਿ ਮੁਕਤੁ ਘਣੀ[੧੫] ॥ ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ ॥ ਓਇ [੧੬]ਹਲਤਿ ਪਲਤਿ ਜਨ ਭਏ ਸੁਹੇਲੇ[੧੭] ਹਰਿ ਰਾਖਿ ਲੀਏ ਰਖਨਹਾਰਿ ॥ ਹਰਿ ਸੰਤਸੰਗਤਿ ਜਨ ਸੁਣਹੁ ਭਾਈ [੧੮]ਗੁਰਮੁਖਿ ਹਰਿ ਸੇਵਾ ਸਫਲ ਬਣੀ ॥ ਤੂ ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ ॥ ੨ ॥ ਤੂ [੧੯]ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ[੨੦] ॥ ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ[੨੧] ॥ ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ ॥ ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ ॥ [੨੨]ਸੋ ਸਫਲੁ ਦਰਸਨੁ ਦੇਹੁ ਕਰਤੇ ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥ ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥ ੩ ॥ ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ ਜਿਸ ਕੈ ਮਸਤਕਿ[੧੦] ਗੁਰ ਹਾਥੁ ਤਿਸੁ ਹਿਰਦੈ ਹਰਿ ਗੁਣ ਟਿਕਹਿ ॥ ਹਰਿ ਗੁਣ

੧ ਦੋਸ਼, ਕਸੂਰ, ਔਗੁਣ ।
੨ ਦਿਲੋਂ ਮਨੋਂ ਹੋ ਕੇ ਇਕ ਹਰੀ ਨੂੰ ਯਾਦ ਕੀਤਾ ਹੈ ।
੩ ਆਖਿਆ ਹੈ ।
੪ ਭਵਜਲ, ਸੰਸਾਰ-ਸਾਗਰ ।
੫ ਕਠਿਨ, ਜੋ ਔਖਾ ਤਰਿਆ ਜਾਣ ਵਾਲਾ ਹੈ ।
੬ ਅੰਦਰ ਦੀਆਂ ਗੱਲਾਂ ਜਾਣਨ ਵਾਲਾ ।
੭ ਹਿਸਾਬ ਕਰਮਾਂ ਦਾ ।
੮ ਲੇਖਾ ।
੯ ਜਗਤ ਦਾ ਮਾਲਕ ।
੧੦ ਮੱਥਾ । ਭਾਵ ਜਿਨ੍ਹਾਂ ਦੇ ਭਾਗ ਧੁਰੋਂ ਲਿਖੇ ਹੋਏ ਹਨ ।
੧੧ ਅੱਖ ਦੇ ਫੋਰ ਜਿੰਨੇ ਸਮੇਂ ਵਿੱਚ, ਝਟ-ਪਟ ।
੧੨ ਖਸਮ ਵਾਲਾ । ਉਨ੍ਹਾਂ ਨੂੰ ਦੇਖ ਕੇ (ਦਰਸ਼ਨ ਕਰ ਕੇ) ਮੈਂ ਮਾਲਕ ਵਾਲਾ ਹੋਇਆ ਹਾਂ; ਭਾਵ ਮਾਲਕ ਦਾ ਸੇਵਕ ਅਖਵਾਣ ਜੋਗਾ ਹੋਇਆ ਹਾਂ ।
੧੩ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਦੋਹਾਂ ਦੇ ਵਿਚਕਾਰਲੀ ਥਾਂ ਵਿੱਚ ।
੧੪ [ਸਿੰਧੀ] ਮਾਲਕ ।
੧੫ ਬਹੁਤੀ (ਦੁਨੀਆਂ) ।
੧੬ ਲੋਕ ਪ੍ਰਲੋਕ ਵਿੱਚ । ੧੭ ਸੁਖੀ ।
੧੮ ਗੁਰਮੁਖਾਂ ਦੀ ਹਰੀ ਦੀ ਸੇਵਾ ਸਫਲ ਹੋਈ, ਭਾਵ ਜਿਹੜੇ ਹਰੀ ਦੀ ਸੇਵਾ ਗੁਰੂ ਦੇ ਆਗਿਆਕਾਰੀ ਹੋ ਕੇ ਕਰਦੇ ਹਨ, ਉਨ੍ਹਾਂ ਦੀ ਸੇਵਾ ਤੋੜ ਚੜ੍ਹਦੀ ਹੈ ।
੧੯ ਥਾਵਾਂ ਅਤੇ ਥਾਵਾਂ ਦੇ ਵਿਚਕਾਰ ਜੋ ਵਿੱਥਾਂ ਹਨ, ਉਨ੍ਹਾਂ ਵਿੱਚ ।
੨੦ ਵਿਆਪਕ ।
੨੧ ਉਚਾਰਿਆ । ਜੰਗਲ ਵਿੱਚ, ਘਾਹ ਵਿੱਚ; ਤਿੰਨਾਂ ਭਵਨਾਂ ਵਿੱਚ ਦੀ ਸਾਰੀ ਰਚਨਾ ਨੇ ਮੂੰਹ ਨਾਲ ਹਰੀ-ਨਾਮ ਉਚਾਰਿਆ ।
੨੨ ਹੇ ਕਰਤਾਰ ! ਮੈਨੂੰ ਉਹ ਸਫਲ ਦਰਸ਼ਨ ਦੇਹ, ਭਾਵ ਉਸ ਗੁਰੂ ਦਾ ਫਲ-ਦਾਇਕ ਦਰਸ਼ਨ ਕਰਾ, ਜਿਸ ਨੇ ਆਪਣੇ ਦਿਲੋਂ ਸਦਾ ਹਰੀ ਦਾ ਨਾਮ ਉਚਾਰਿਆ ਹੈ । 'ਸਫਲ ਦਰਸ਼ਨ' ਉਹ ਦਰਸ਼ਨ ਜਿਸ ਤੋਂ ਜ਼ਰੂਰ ਲਾਭ ਪੁੱਜੇ, ਕਦੇ ਵਿਅਰਥ ਨਾ ਜਾਵੇ ।

* ਸਾਰੀ ਸ੍ਰਿਸ਼ਟੀ ਦੇ ਮਾਲਕ ਹਰੀ ਨੂੰ ਕੋਈ ਕਰਮਾਂ ਵਾਲਾ ਹੀ ਧਿਆਉਂਦਾ ਹੈ । ਉਸ ਦੇ ਪਾਪ ਦੂਰ ਹੋ ਜਾਂਦੇ ਹਨ ਅਤੇ ਉਸ ਦਾ ਦਰਸ਼ਨ ਕਰਨ ਨਾਲ ਹੋਰ ਭੀ ਬਚ ਨਿਕਲਦੇ ਹਨ (੧) । ਸਭ ਥਾਂ ਭਰਪੂਰ ਹਰੀ ਨੂੰ ਜਪਣ ਵਾਲਾ ਮੁਕਤ ਹੋ ਜਾਂਦਾ ਹੈ, ਇਹ ਜਪਣਾ ਗੁਰੂ ਦੀ ਸੰਗਤ ਤੋਂ ਮਿਲਦਾ ਹੈ (੨) । ਹਰ ਥਾਂ ਵੱਸਣ ਵਾਲਾ ਹਰੀ ਗੁਰੂ-ਸੰਤ ਦੇ ਦਰਸ਼ਨਾਂ ਤੋਂ ਲੱਭਦਾ ਹੈ (੩) । ਹਰੀ ਦੀ ਭਗਤੀ ਉਸ ਨੂੰ ਮਿਲਦੀ ਹੈ, ਜਿਸ ਦੇ ਮੱਥੇ 'ਤੇ ਗੁਰੂ ਦਾ ਹੱਥ ਹੋਵੇ । ਉਹ ਭਾਗਾਂ ਵਾਲਾ ਪ੍ਰਾਣੀ ਭਉ ਦੇ ਰਾਹੀਂ ਪ੍ਰੇਮ ਸਿਖਦਾ ਅਤੇ ਗੁਣ ਗਾਉਂਦਾ ਹੋਇਆ ਹਰੀ ਨਾਲ ਜਾ ਮਿਲਦਾ ਹੈ (੪) ।

ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ[੧] ਹੋਈ॥ [੨]ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ॥ ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ॥ ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ॥ ੪॥ ੩॥ ਤੁਖਾਰੀ ਮਹਲਾ ੪* ॥ ਨਾਵਣੁ ਪੁਰਬੁ ਅਭੀਚੁ[੩] ਗੁਰ ਸਤਿਗੁਰ ਦਰਸੁ ਭਇਆ॥[੪]ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ [੫]ਅੰਤਰਿ ਜੋਤਿ ਪ੍ਰਗਾਸੀ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ॥ ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ[੬] ਨਾਵਣਿ ਗਇਆ॥ ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥ ੧॥ [੭]ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥ ਅਨਦਿਨੁ[੮] ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ[੯]॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ॥ ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ॥ ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ[੧੦]॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥ ੨॥ ਪ੍ਰਥਮ[੧੧] ਆਏ ਕੁਲਖੇਤਿ [੧੨]ਗੁਰ ਸਤਿਗੁਰ ਪੁਰਬੁ ਹੋਆ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ[੧੩]॥ ਦੇਖਣਿ ਆਏ ਤੀਨਿ ਲੋਕ [੧੪]ਸੁਰਿ ਨਰ ਮੁਨਿ ਜਨ ਸਭਿ ਆਇਆ॥ ਜਿਨ ਪਰਸਿਆ[੧੫] ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ[੧੬] ਨਾਸ ਗਵਾਇਆ॥ ਜੋਗੀ ਦਿਗੰਬਰ[੧੭] ਸੰਨਿਆਸੀ [੧੮]ਖਟੁ ਦਰਸਨ ਕਰਿ ਗਏ ਗੋਸਟਿ[੧੯] ਢੋਆ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥ ੩॥ [੨੦]ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥ [੨੧]ਜਾਗਾਤੀ ਮਿਲੇ ਦੇ ਭੇਟ [੨੨]ਗੁਰ ਪਿਛੈ ਲੰਘਾਇ ਦੀਆ॥ ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ॥ ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥ ੪॥ ਤ੍ਰਿਤੀਆ[੨੩] ਆਏ ਸੁਰਸਰੀ[੨੪] ਤਹ ਕਉਤਕੁ ਚਲਤੁ ਭਇਆ॥ [੨੫]ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ॥ ਆਢੁ ਦਾਮੁ ਕਿਛੁ ਪਇਆ ਨ ਬੋਲਕ[੨੬] ਜਾਗਾਤੀਆ [੨੭]ਮੋਹਣ ਮੁੰਦਣਿ ਪਈ॥ ਭਾਈ ਹਮ ਕਰਹ[੨੮] ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ

੧ ਸ਼ਰਧਾ ।
੨ 'ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ' (ਵਾਰ ਆਸਾ-੪੬੫)
੩ ਅਭਿਜਿਤ ਲਗਨ ਵਾਲਾ । ਇਸ ਪੁਰਬ ਸਮੇਂ ਲੋਕੀਂ ਗੰਗਾ 'ਤੇ ਇਕੱਠੇ ਹੁੰਦੇ ਸਨ । ਇਸ ਸਮੇਂ ਪੁੰਨ ਦਾਨ ਸਫਲ ਸਮਝੇ ਜਾਂਦੇ ਸਨ ਤੇ ਸੂਰਮਾ ਜੇ ਸਿੱਧਾ ਦੁਸ਼ਮਣ ਨਾਲ ਲੜੇ ਤਾਂ ਫ਼ਤਹ ਪਾਂਦਾ ਮੰਨਿਆ ਗਿਆ ਸੀ । ਨ੍ਹਾਵਣ ਤੇ ਪੁਰਬ ਅਭੀਚ ਦਾ ਮਹਾਤਮ ਮਿਲ ਗਿਆ, ਜਦ ਸਤਿਗੁਰ ਦੇ ਉਥੇ ਦਰਸ਼ਨ ਹੋ ਗਏ ।
੪ ਉਸ ਦਰਸ਼ਨ ਨੇ ਖੋਟੀ ਮਤ ਦੀ ਮੈਲ ਦੂਰ ਕੀਤੀ ਅਤੇ ਅਗਿਆਨਤਾ ਵਾਲਾ ਹਨੇਰਾ ਚਲਾ ਗਿਆ ।
੫ ਅੰਦਰ ਆਤਮਕ-ਚਾਨਣਾ ਜਗ ਪਿਆ ।
੬ ਕੁਰਖੇਤਰ ਵਿੱਚ ।
੭ ਰਾਹ ਵਿੱਚ ।
੮ ਹਰ ਰੋਜ਼ ।
੯ ਕਦਮ-ਕਦਮ 'ਤੇ ।
੧੦ ਖ਼ਾਤਰ । ਲੋਕਾਂ ਦੇ ਉਧਾਰ ਦੀ ਖ਼ਾਤਰ ।
੧੧ ਪਹਿਲਾਂ ।
੧੨ ਸੱਚੇ ਗੁਰੂ ਦਾ ਪੁਰਬ ਹੋਇਆ ।
੧੩ ਤਰੈਲੋਕੀ ।
੧੪ ਦੈਵੀ ਗੁਣਾਂ ਵਾਲੇ ਪੁਰਸ਼ ।
੧੫ ਛੋਹਿਆ, ਦਰਸ਼ਨ ਕੀਤੇ ।
੧੬ ਪਾਪ ।
੧੭ [ਦਿਗ (ਦਿਸ਼ਾ) ਹਨ ਜਿਨ੍ਹਾਂ ਦੇ ਅੰਬਰ (ਕੱਪੜੇ)] ਨਾਂਗੇ ।
੧੮ ਛੇ ਭੇਖ : ਜੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਬੈਰਾਗੀ ।
੧੯ ਵਿਚਾਰਾਂ ਕਰ ਕਰ ਕੇ ਢੋਆ (ਭੇਟਾ) ਦੇ ਗਏ।
੨੦ ਫੇਰ ਗੁਰੂ ਜੀ ਜਮਨਾ ਗਏ ।
੨੧ ਮਸੂਲੀਏ ਵੀ ਭੇਟਾ ਦੇ ਕੇ ਮਿਲੇ ।
੨੨ ਜੋ ਕੋਈ ਆਪਣੇ ਆਪ ਨੂੰ ਗੁਰੂ ਦਾ ਸਿੱਖ ਜ਼ਾਹਰ ਕਰਦਾ ਸੀ, ਉਸ ਨੂੰ ਮਸੂਲ ਨਹੀਂ ਸੀ ਲਗਦਾ, ਇਸ ਲਈ ਗੁਰੂ ਆਸਰੇ ਸਭ ਲੰਘ ਗਏ ।
੨੩ ਤੀਜੀ ਥਾਂ । ੨੪ ਗੰਗਾ ।
੨੫ ਸਾਰੀ ਲੋਕਾਈ ਸੰਤ-ਗੁਰੂ ਦਾ ਦਰਸ਼ਨ ਕਰ ਕੇ ਮੋਹੀ ਗਈ ਅਤੇ ਕਿਸੇ ਨੇ ਉਸ ਪਾਸੋਂ ਅੱਧੀ ਕੌਡੀ ਵੀ ਨਾ ਲਈ ।
੨੬ ਗੋਲਕਾਂ ਵਿੱਚ । ਪੈਸੇ ਪਾਣ ਲਈ ਜੋ ਭਾਂਡਾ ਹੁੰਦਾ ਹੈ, ਉਸ ਨੂੰ ਗੋਲਕ ਜਾਂ ਬੋਲਕ ਕਹਿੰਦੇ ਹਨ ।
੨੭ ਮੋਹਣ (ਮੂੰਹ) ਬੰਦ ਹੋ ਗਏ, ਭਾਵ ਹੱਕੇ-ਬੱਕੇ ਹੋ ਗਏ ।
੨੮ ਜਦ ਕਰਤਾ 'ਹਮ' ਹੋਵੇ ਤਾਂ ਕਿਰਿਆ ਦਾ ਅੰਤਲਾ 'ਹ' ਮੁਕਤਾ ਹੁੰਦਾ ਹੈ, ਜਿਵੇਂ 'ਕਰਹ' 'ਮੰਗਹ; ਪਰ ਜਦ ਕਰਤਾ ਓਹ ਬਹੁ-ਵਚਨ ਹੋਵੇ ਤਾਂ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ, ਜਿਵੇਂ 'ਕਰਹਿ' 'ਮੰਗਹਿ' ।

* ਗੁਰੂ ਅਮਰਦਾਸ ਜੀ ਸਿੱਖ ਬਣਨ ਤੋਂ ਪਹਿਲਾਂ ੧੯ ਵਾਰੀ ਤੀਰਥਾਂ ਦੀ ਯਾਤਰਾ ਕਰਨ ਗਏ ਸਨ, ਪਰ ਜਦ ਗੁਰੂ ਅੰਗਦ ਸਾਹਿਬ ਦੀ ਭੇਟਣਾ ਹੋਈ, ਤਾਂ ਤੀਰਥ ਯਾਤਰਾ ਦਾ ਖਿਆਲ ਮਿੱਟ ਗਿਆ। "ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ" (ਸੂਹੀ ਮਹਲਾ ੩, ਪੰਨਾ ੭੫੩) । ਗੁਰੂ ਜੀ ਫੇਰ ਉਨ੍ਹਾਂ ਹੀ ਤੀਰਥ-ਅਸਥਾਨਾਂ 'ਤੇ ਫੇਰੀ ਪਾਂਦੇ ਹਨ, ਪਰ ਹੁਣ ਮੰਤਵ ਕੁਝ ਹੋਰ ਹੈ । ਮੈਕਾਲਿਫ਼ ਆਦਿ ਨੇ ਗਲਤ ਲਿਖਿਆ ਹੈ ਕਿ ਗੁਰੂ ਜੀ ਬਾਦਸ਼ਾਹ ਦੇ ਆਖੇ ਲੱਗ ਕੇ ਹਿੰਦੂ ਸ਼ਿਕਾਇਤੀਆਂ ਨੂੰ ਖੁਸ਼ ਕਰਨ ਲਈ ਤੀਰਥ ਯਾਤਰਾ ਲਈ ਗਏ । ਗੁਰੂ ਜੀ ਦਾ ਮੰਤਵ ਇਸੇ ਬਾਣੀ ਵਿੱਚ ਸਾਫ ਦਰਜ ਹੈ ਕਿ 'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ' । ਭਾਵ ਗੁਰੂ ਜੀ ਨੇ ਤੀਰਥਾਂ ਉਤੇ ਜਾਣ ਦੀ ਤਕਲੀਫ਼ ਲੋਕਾਂ ਦੇ ਉਧਾਰ ਲਈ ਕੀਤੀ; ਮਤਲਬ ਕੇਵਲ ਧਰਮ ਪ੍ਰਚਾਰ ਸੀ ।

ਉਨ੍ਹੀਂ ਦਿਨੀਂ ਸਰਕਾਰ ਵੱਲੋਂ ਹਿੰਦੂ ਯਾਤਰੂਆਂ ਪਾਸੋਂ ਮਸੂਲ ਲਿਆ ਜਾਂਦਾ ਸੀ, ਪਰ ਇਸ ਮੌਕੇ 'ਤੇ ਬਾਦਸ਼ਾਹ ਵੱਲੋਂ ਗੁਰੂ ਦੀਆਂ ਸੰਗਤਾਂ ਨੂੰ ਮਾਫ਼ੀ ਸੀ, ਜਿਵੇਂ ਹੋਰ ਗੈਰ-ਹਿੰਦੂਆਂ ਨੂੰ ਮਾਫ਼ੀ ਸੀ । ਇਸ ਰਿਆਇਤ ਤੋਂ ਫ਼ਾਇਦਾ ਉਠਾ ਕੇ ਹੋਰ ਲੋਕ ਵੀ ਸਿੱਖ ਹੋਣ ਦਾ ਦਾਹਵਾ ਕਰ ਕੇ ਬਿਨਾਂ ਮਸੂਲ ਦਿੱਤੇ ਸਿੱਖਾਂ ਨਾਲ ਪਾਰ ਲੰਘ ਗਏ । ਸਿੱਟਾ ਇਹ ਨਿਕਲਿਆ ਕਿ ਮਸੂਲੀਆਂ ਨੂੰ ਇਕ ਕੌਡੀ ਵੀ ਗੋਲਕ ਵਿੱਚ ਨਾ ਪਈ ।

ਸਤਿਗੁਰ ਪਿਛੈ ਪਈ ॥ ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ[੧] ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ ੫ ॥ [੨]ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ[੩] ॥ [੪]ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ[੫] ਤਿਨ ਕਾ ਥਾਉ ਥੇਹੁ ਗਵਾਇਆ ॥ [੬]ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ ॥ ੬ ॥ ੪ ॥ ੧੦ ॥

ਤੁਖਾਰੀ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

*[੭]ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ ॥ ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ[੮] ॥ ਇਹੁ ਮਨੁ ਭੀਨਾ ਜਿਉ ਜਲ ਮੀਨਾ[੯] ਲਾਗਾ [੧੦]ਰੰਗੁ ਮੁਰਾਰਾ ॥ ਕੀਮਤਿ ਕਹੀ ਨ ਜਾਈ ਠਾਕੁਰ[੧੧] ਤੇਰਾ ਮਹਲੁ ਅਪਾਰਾ ॥ ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ[੧੨] ਸੁਨਹੁ ਇਕ ਦੀਨਾ[੧੩] ॥ ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ [੧੪]ਬਲਿ ਬਲਿ ਕੀਨਾ ॥ ੧ ॥ ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ ॥ [੧੫]ਖੰਨੀਐ ਵੰਞਾ ਦਰਸਨ ਤੇਰੇ ॥ ਦਰਸਨ ਤੇਰੇ ਸੁਣਿ ਪ੍ਰਭ ਮੇਰੇ [੧੬]ਨਿਮਖ ਦ੍ਰਿਸਟਿ ਪੇਖਿ ਜੀਵਾ ॥ ਅੰਮ੍ਰਿਤ ਨਾਮੁ ਸੁਨੀਜੈ ਤੇਰਾ ਕਿਰਪਾ ਕਰਹਿ ਤ ਪੀਵਾ ॥ ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ[੧੭] ॥ ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥ ੨ ॥ ਤੂ ਸਾਚਾ ਸਾਹਿਬੁ ਸਾਹੁ ਅਮਿਤਾ[੧੮] ॥ ਤੂ ਪ੍ਰੀਤਮੁ ਪਿਆਰਾ[੧੯] ਪ੍ਰਾਨ ਹਿਤ ਚਿਤਾ ॥ ਪ੍ਰਾਨ ਸੁਖਦਾਤਾ ਗੁਰਮੁਖਿ[੨੦] ਜਾਤਾ ਸਗਲ ਰੰਗ ਬਨਿ ਆਏ ॥ ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ ॥ ਜਾ ਕਉ ਕ੍ਰਿਪਾ ਕਰੀ ਜਗਦੀਸੁਰਿ[੨੧] ਤਿਨਿ ਸਾਧਸੰਗਿ ਮਨੁ ਜਿਤਾ[੨੨] ॥ ਕਹੁ ਨਾਨਕ ਜੀਅੜਾ ਬਲਿਹਾਰੀ ਜੀਉ ਪਿੰਡੁ[੨੩] ਤਉ[੨੪] ਦਿਤਾ ॥ ੩ ॥ ਨਿਰਗੁਣੁ[੨੫] ਰਾਖਿ ਲੀਆ ਸੰਤਨ ਕਾ ਸਦਕਾ ॥ ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥ ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ ॥ ਅਬਿਨਾਸੀ ਅਬਿਗਤ[੨੬] ਸੁਆਮੀ ਪੂਰਨ ਪੁਰਖ ਬਿਧਾਤੇ[੨੭] ॥ ਉਸਤਤਿ ਕਹਨੁ ਨ ਜਾਇ ਤੁਮਾਰੀ [੨੮]ਕਉਣੁ ਕਹੈ ਤੂ ਕਦ ਕਾ ॥ ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ[੨੯] ॥ ੪ ॥ ੧ ॥ ੧੧ ॥

੧ ਗੋਲਕਾਂ ।

੨ ਨਗਰ ਦੇ ਪੈਂਚ ਇਕੱਠੇ ਹੋ ਕੇ ਆਏ ।

੩ ਪਕੜੀ, ਲਈ ।

੪ ਪੈਂਚਾਂ ਨੇ ਗੁਰੂ ਪਾਸੋਂ ਪੁੱਛ ਕੀਤੀ ਤੇ ਉਨ੍ਹਾਂ ਸਿੰਮ੍ਰਿਤੀ ਵਿਚੋਂ ਹੀ ਸਭ ਕੁਝ ਸਹੀ ਕਰ ਦੱਸਿਆ ਕਿ ਕਿਵੇਂ ਸੁਕਦੇਵ, ਪ੍ਰਹਿਲਾਦ, ਰਾਮ ਚੰਦਰ ਜੀ ਨੇ ਗੁਰ ਗੋਬਿੰਦ ਕਰ ਕੇ ਧਿਆਇਆ ਤੇ ਦੇਹੀ ਰੂਪ ਨਗਰ ਤੇ ਕਿਲ੍ਹੇ ਵਿੱਚੋਂ ਕਾਮਾਦਿਕ ਚੋਰਾਂ ਦਾ ਡੇਰਾ ਚੁੱਕ ਦਿੱਤਾ । 'ਸ੍ਰੀਰਾਮਿ' ਦੀ ਅੰਤਲੀ ਸਿਹਾਰੀ ਨੇਮ ੨੦ (ੳ) ਵਾਲੀ ਹੈ; ਭਾਵ ਸੁਕ ਤੇ ਪ੍ਰਹਿਲਾਦ ਵਾਕੁਰ ਸ੍ਰੀ ਰਾਮ ਭੀ 'ਧਿਆਇਆ' ਦਾ ਕਰਤਾ ਹੈ ।

੫ ਵਾਟ-ਪਾਰ, ਰਸਤੇ ਪਾੜਨ ਵਾਲੇ, ਰਾਹਗੀਰ, ਲੁਟੇਰੇ, ਠੱਗ ।

੬ ਅੱਗੇ ਉਥੇ ਨਿੱਤ ਕੀਰਤਨ, ਪੁਰਾਣਾਂ ਦੀ ਕਥਾ ਤੇ ਪੁੰਨ ਆਦਿ ਹੁੰਦੇ ਸਨ, ਹੁਣ ਗੁਰੂ ਦੇ ਬਚਨ ਦੁਆਰਾ ਗੁਰੂ ਨਾਨਕ ਤੋਂ ਉਨ੍ਹਾਂ ਨੂੰ ਹਰੀ ਦੀ ਭਗਤੀ ਹੀ ਲੱਭੀ ।

੭ ਹੇ ਪਿਆਰੇ ! ਮੈਂ ਤੈਥੋਂ ਘੋਲੀ ਜਾਂਦਾ ਹਾਂ । ਮੈਂ ਤੈਨੂੰ ਗੁਰੂ ਦੀ ਰਾਹੀਂ ਆਪਣਾ ਮਨ ਦਿੱਤਾ ਹੈ ।

੮ ਭਿੱਜਿਆ ਹੈ ।

੯ ਮੱਛੀ ।

੧੦ ਹਰੀ ਦਾ ਪਿਆਰ । ਮੁਰਾਰੀ [ਮੁਰ ਰਾਖਸ਼ ਦਾ ਵੈਰੀ] ਵਾਹਿਗੁਰੂ ।

੧੧ ਹੇ ਮਾਲਕ !

੧੨ ਬੇਨਤੀ ।

੧੩ ਦੀਨ ਦੀ ।

੧੪ ਕੁਰਬਾਨ ਕੀਤਾ ਹੈ ।

੧੫ ਟੋਟੇ-ਟੋਟੇ ਹੋ ਜਾਵਾਂ ।

੧੬ ਅੱਖ ਦੇ ਇਕ ਫੋਰ ਜਿੰਨੇ ਸਮੇਂ ਲਈ ਨਜ਼ਰ ਨਾਲ ਦੇਖ ਕੇ ਜੀਵਾਂ ।

੧੭ ਬੂੰਦ ਲਈ । ਜਿਵੇਂ ਬਬੀਹਾ ਇਕ ਸਵਾਂਤੀ ਬੂੰਦ ਲਈ ਤਿਹਾਇਆ ਹੁੰਦਾ ਹੈ । ਚਾਤ੍ਰਿਕ-ਪਪੀਹਾ, ਜਿਸ ਨੂੰ ਬੰਬੀਹਾ, ਸਾਰੰਗ ਆਦਿ ਭੀ ਕਹਿੰਦੇ ਹਨ । ਇਸ ਪੰਛੀ ਬਾਬਤ ਰਵਾਇਤ ਹੈ ਕਿ ਇਹ ਬੱਦਲਾਂ ਵੱਲ ਮੂੰਹ ਕਰ ਕੇ ਇਕ ਖਾਸ ਬੂੰਦ ਲਈ (ਜਿਸ ਨੂੰ ਸਵਾਂਤੀ ਬੂੰਦ ਕਹਿੰਦੇ ਹਨ) ਲਿਊਂ-ਲਿਊਂ ਕਰਦਾ ਰਹਿੰਦਾ ਹੈ । ਉਸ ਨੂੰ ਸ਼ਾਂਤੀ ਤਦ ਆਉਂਦੀ ਹੈ, ਜਦ ਉਹ ਬੂੰਦ ਉਸ ਦੇ ਮੂੰਹ ਵਿੱਚ ਪੈਂਦੀ ਹੈ ।

੧੮ ਬੇਹੱਦ, ਬੇਅੰਤ ।

੧੯ ਪ੍ਰਾਣ ਤੇ ਚਿਤ ਦਾ ਪਿਆਰਾ ।

੨੦ ਗੁਰੂ ਦੁਆਰਾ ।

੨੧ ਜਗਤ ਦੇ ਮਾਲਕ ।

੨੨ ਜਿਤਿਆ ।

੨੩ ਸਰੀਰ ।

੨੪ ਤੂੰ ।

੨੫ ਮੈਂ ਨਿਰਗੁਣ ਨੂੰ ।

੨੬ ਨਾਸ ਰਹਿਤ ।

੨੭ [ਵਿਧਾਤ੍ਰਿ] ਰਚਨਹਾਰ ।

੨੮ ਕੌਣ ਕਹਿ ਸਕਦਾ ਹੈ ਕਿ ਤੂੰ ਕਿਸ ਸਮੇਂ ਤੋਂ ਹੈਂ ? ਭਾਵ ਤੂੰ ਅਨਾਦੀ ਹੈਂ, ਸਦਾ ਤੋਂ ਹੈਂ ।

੨੯ ਨਿਮਖ ਮਾਤਰ ਇਕ ਅੱਖ ਦੇ ਫੋਰ ਜਿੰਨੇ ਸਮੇਂ ਲਈ ।

* ਹਰੀ ਦੇ ਦਰਸ਼ਨ ਤੇ ਮਿਲਾਪ ਲਈ ਮੱਛੀ ਤੇ ਪਪੀਹੇ ਵਾਲੀ ਤਾਂਘ ਦੱਸ ਕੇ ਫ਼ਰਮਾਉਂਦੇ ਹਨ ਕਿ ਇਹ ਮੇਲ ਗੁਰੂ ਜਾਂ ਗੁਰੂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ ।

ਕੇਦਾਰਾ ਮਹਲਾ ੪
ਘਰੁ ੧ ੴ ਸਤਿਗੁਰ ਪ੍ਰਸਾਦਿ ॥

*ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥ ਅਗਮ[1] ਅਗੋਚਰੁ[2] ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ[3] ਰੇ ॥ ਰਹਾਉ ॥ ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥ ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ [4]ਥਾਇ ਪਾਵੀਐ ਰੇ ॥ ੧ ॥ ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ[5] ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥ ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥ ੨ ॥ ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ [6]ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥ ਤਿਨ ਦੇਖੇ ਮੇਰਾ ਮਨੁ ਬਿਗਸੈ[7] ਜਿਉ ਸੁਤੁ[8] ਮਿਲਿ ਮਾਤ[9] ਗਲਿ ਲਾਵੀਐ ਰੇ ॥ ੩ ॥ ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋ ਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥ ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥ ੪ ॥ ੧ ॥

ਕੇਦਾਰਾ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥

†ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥ ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ [10]ਇਨ ‡ਬਿਧਿ ਮੇਰਾ ਹਰਿ ਪ੍ਰਭੁ ਲਹੁ[11] ਰੇ ॥ ਰਹਾਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ [12]ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥

੧ ਜੋ ਪਹੁੰਚ ਤੋਂ ਪਰੇ ਹੈ ।	ਧੁਰ ਹਜ਼ੂਰੋਂ ਲਿਖੇ ਹੁੰਦੇ ਹਨ ।
੨ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।	੭ ਖਿੜਦਾ ਹੈ ।
੩ ਸਮਝ ਸਕੀਦਾ ਹੈ ।	੮ ਪੁੱਤਰ । ੯ ਮਾਤਾ ।
੪ ਕਬੂਲ ਪੈਂਦਾ ਹੈ ।	੧੦ ਇਸ ਤਰ੍ਹਾਂ ।
੫ ਪਾਸ ਹੈ ।	੧੧ ਲੱਭੋ ।
੬ ਉਨ੍ਹਾਂ ਦੇ ਮੱਥੇ 'ਤੇ (ਸਿਮਰਨ ਕਰਨ ਦੇ) ਭਾਗ	੧੨ ਵਿਸ਼ੇ ਵਾਲੇ ਸੁਾਦ ।

* ਹਰੀ ਨੇ ਆਪਣੇ ਨਾਮ ਦਾ ਪਿਆਰ ਆਪਣੇ ਹੱਥ ਰੱਖਿਆ ਹੈ, ਜਿਸ ਨੂੰ ਕਿਰਪਾ ਕਰੇ, ਉਸ ਨੂੰ ਮਿਲਦਾ ਹੈ । ਇਸ ਕਿਰਪਾ ਦਾ ਰੂਪ ਰਹਾਉ ਵਿੱਚ ਦਿੱਤਾ ਹੈ ਅਰਥਾਤ ਗੁਰੂ ਵਸੀਲਾ ਹੈ, ਜਿਸ ਰਾਹੀਂ ਅਲਖ ਹਰੀ ਦਾ ਨਾਮ ਸਮਝ ਵਿੱਚ ਆ ਜਾਂਦਾ ਹੈ ।

† ਮਨੁੱਖ ਆਪਣੇ ਜ਼ੋਰ ਨਾਲ ਕੁਝ ਪ੍ਰਾਪਤ ਨਹੀਂ ਕਰ ਸਕਦਾ । ਅੰਦਰ ਦੇ ਔਗੁਣ ਛੱਡ ਕੇ ਹਰੀ ਦੇ ਸੰਤਾਂ ਦੀ ਸੰਗਤ ਵਿੱਚ ਬਹਿ ਕੇ ਹਰੀ ਦੇ ਗੁਣ ਗਾਉਣ ਨਾਲ ਹਰੀ ਦੀ ਕਿਰਪਾ ਹੁੰਦੀ ਤੇ ਨਾਮ ਦਾ ਦਾਨ ਮਿਲਦਾ ਹੈ ।

ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ[੧] ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ[੨] ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ[੩] ਰੇ ॥ ੧ ॥ ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ [੪]ਆਪਨ ਗਹੁ ਰੇ ॥ ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ ਕਰਿ ਹਰੇ[੫] ॥ ੨ ॥ ੧ ॥ ੨ ॥

ਕੇਦਾਰਾ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥

*ਮਾਈ ਸੰਤਸੰਗਿ ਜਾਗੀ[੬] ॥ [੭]ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥ [੮]ਦਰਸਨ ਪਿਆਸ ਲੋਚਨ ਤਾਰ ਲਾਗੀ ॥ ਬਿਸਰੀ ਤਿਆਸ[੯] ਬਿਡਾਨੀ[੧੦] ॥ ੧ ॥ ਅਬ ਗੁਰੁ ਪਾਇਓ ਹੈ [੧੧]ਸਹਜ ਸੁਖਦਾਇਕ [੧੨]ਦਰਸਨੁ ਪੇਖਤ ਮਨੁ ਲਪਟਾਨੀ ॥ ਦੇਖਿ ਦਮੋਦਰ[੧੩] ਰਹਸੁ[੧੪] ਮਨਿ ਉਪਜਿਓ ਨਾਨਕ [੧੫]ਪ੍ਰਿਅ ਅੰਮ੍ਰਿਤ ਬਾਨੀ ॥ ੨ ॥ ੧ ॥

ਕੇਦਾਰਾ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥

†[੧੬]ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ[੧੭] ਤੀਨਿ‡ ਦੋਖੀ ਏਕ ਮਨੁ [੧੮]ਅਨਾਥ ਨਾਥ ॥ ਰਾਖੁ ਹੋ ਕਿਰਪਾਲ ॥ ਰਹਾਉ ॥ ਅਨਿਕ ਜਤਨ ਗਵਨੁ[੧੯] ਕਰਉ ॥ [੨੦]ਖਟੁ ਕਰਮ ਜੁਗਤਿ ਧਿਆਨੁ ਧਰਉ ॥ ਉਪਾਵ ਸਗਲ[੨੧] ਕਰਿ ਹਾਰਿਓ ਨਹ ਨਹ ਹੁਟਹਿ[੨੨] ਬਿਕਰਾਲ[੨੩] ॥ ੧ ॥ ਸਰਣਿ ਬੰਦਨ[੨੪] [੨੫]ਕਰੁਣਾ ਪਤੇ ॥ [੨੬]ਭਵ ਹਰਣ ਹਰਿ ਹਰਿ ਹਰਿ ਹਰੇ ॥ ਏਕ ਤੂਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥ ਉਧਰੇ ਭ੍ਰਮ ਮੋਹ ਸਾਗਰ ॥ [੨੭]ਲਗਿ ਸੰਤਨਾ ਪਗ ਪਾਲ ॥ ੨ ॥ ੧ ॥ ੨ ॥

ਕੇਦਾਰਾ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥

§ਸਰਨੀ ਆਇਓ [੨੮]ਨਾਥ ਨਿਧਾਨ ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥ ੧ ॥ ਰਹਾਉ ॥ ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ[੨੯] ॥ ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ [੩੦]ਹਰਿ ਗੁਨ ਰਸਨ ਬਖਾਨ ॥ ੧ ॥ ਗੋਪਾਲ ਦਇਆਲ ਗੋਬਿਦ ਦਮੋਦਰ[੧੩] ਨਿਰਮਲ ਕਥਾ ਗਿਆਨ ॥ ਨਾਨਕ ਕਉ ਹਰਿ ਕੈ ਰੰਗਿ ਰਾਗਹੁ[੩੧] ਚਰਨ ਕਮਲ ਸੰਗਿ ਧਿਆਨ ॥ ੨ ॥ ੧ ॥ ੩ ॥ ਕੇਦਾਰਾ ਮਹਲਾ ੫ ॥

੧ ਗੱਲ-ਬਾਤ, ਵਿਚਾਰ ।
੨ ਰਸਾਂ ਦਾ ਘਰ ਹੈ ।
੩ ਸਿਮਰੋ ।
੪ ਆਪਣੇ ਆਪ ਨੂੰ ਕਾਬੂ ਵਿੱਚ ਰੱਖੋ ।
੫ ਹੇ ਹਰੀ !
੬ ਅਗਿਆਨਤਾ ਵਾਲੀ ਨੀਂਦ ਤੋਂ ।
੭ ਪਿਆਰੇ ਦੇ ਰੰਗ ਦੇਖਦੀ ਹੈ ਤੇ ਸਾਰੇ ਸੁਖਾਂ ਵਾਲੇ ਨਾਮ ਨੂੰ ਜਪਦੀ ਹੈ ।
੮ ਦਰਸ਼ਨ ਦੀ ਪਿਆਸ ਕਰ ਕੇ ਅੱਖਾਂ ਦੀ ਤਾਰ ਲੱਗ ਗਈ ਹੈ ।
੯ ਪਿਆਸ ।
੧੦ ਪਰਾਏ ਪਦਾਰਥਾਂ ਦੀ ।
੧੧ ਸਹਜ ਵਾਲਾ ਸੁਖ ਦੇਣ ਵਾਲਾ । ਦੇਖੋ ਪੰਨਾ ੧੧੧੨, ਨੋਟ ੩ ।
੧੨ ਉਸ ਦਾ ਦਰਸ਼ਨ ਦੇਖਦਿਆਂ ਹੀ ਮਨ ਉਸ ਨਾਲ ਚੰਬੜ ਗਿਆ ।
੧੩ [ਜਿਸ ਦੇ ਉਦਰ (ਪੇਟ) ਦਵਾਲੇ ਦਾਮ (ਰੱਸੀ) ਹੈ; ਕ੍ਰਿਸ਼ਨ] ਵਾਹਿਗੁਰੂ ।
੧੪ ਆਨੰਦ ।
੧੫ ਪਿਆਰੇ ਦੀ ਅੰਮ੍ਰਿਤ ਬਾਣੀ ਦੁਆਰਾ ।
੧੬ ਦੀਨ ਦੀ ਬੇਨਤੀ ।
੧੭ [ਸੰ. ਦਸ੍ਯੁ-ਆਰੀਆਂ ਦੇ ਹਿੰਦ ਵਿੱਚ ਆਉਣ ਸਮੇਂ ਇਥੇ ਇਕ ਅਸੱਭਯ ਕੌਮ ਵੱਸਦੀ ਸੀ ਜਿਸ ਨੂੰ ਰਿਗਵੇਦ ਵਿੱਚ 'ਦਸ੍ਯੁ' ਕਿਹਾ ਹੈ] ਵੈਰੀ । ਪੰਜ ਵਿਸ਼ੇ ਇਸ ਦੇ ਵੈਰੀ ਹਨ ਤੇ ਤਿੰਨ ਗੁਣ ਇਸ ਦੇ ਦੋਖੀ ਹਨ ।
੧੮ ਹੇ ਅਨਾਥਾਂ ਦੇ ਨਾਥ !
੧੯ ਤੀਰਥ ਆਦਿਕਾਂ 'ਤੇ ਜਾਣਾ ।
੨੦ ਸ਼ਾਸਤ੍ਰਾਂ ਦੇ ਦੱਸੇ ਛੇ ਤਰ੍ਹਾਂ ਦੇ ਕਰਮ : ਵੇਦ ਪੜ੍ਹਨਾ, ਪੜ੍ਹਾਉਣਾ; ਯੱਗ ਕਰਨਾ, ਕਰਾਉਣਾ; ਦਾਨ ਦੇਣਾ, ਦਾਨ ਲੈਣਾ ।
੨੧ ਸਾਰੇ ।
੨੨ ਦੂਰ ਹੁੰਦੇ ।
੨੩ ਡਰਾਉਣੇ ।
੨੪ ਨਮਸਕਾਰ ।
੨੫ ਦਇਆ ਦੇ ਮਾਲਕ ਹਰੀ !
੨੬ ਸੰਸਾਰ ਦੇ ਬੰਧਨਾਂ ਨੂੰ ਤੋੜਨ ਵਾਲਾ ।
੨੭ ਸੰਤਾਂ ਦੇ ਪੱਲੇ ਤੇ ਚਰਨੀਂ ਲੱਗ ਕੇ ।
੨੮ ਹੇ ਨਾਥ ! ਹੇ ਨਿਧਾਨ (ਸਾਰੇ ਸੁਖਾਂ ਦਾ ਘਰ)!
੨੯ ਮਾਣ, ਲਾਜ ।
੩੦ ਜੀਭ ਦੁਆਰਾ ਹਰੀ ਦੇ ਗੁਣ ਬਿਆਨ ਕਰਨਾ।
੩੧ ਰੰਗੋ ।

* ਸੰਤਾਂ ਦੀ ਸੰਗਤ ਵਿੱਚ ਮਨੁੱਖ ਦੀ ਆਤਮ-ਬ੍ਰਿਤੀ ਜਾਗਦੀ ਹੈ ਤੇ ਉਹ ਹਰੀ ਦੇ ਵਿਸਮਾਦੀ ਕੌਤਕ ਦੇਖ-ਦੇਖ ਨਾਮ ਵਿੱਚ ਸੁਖ ਮਾਣਦਾ ਹੈ । ਉਸ ਨੂੰ ਹੋਰਨਾਂ ਪਾਸਿਆਂ ਦੀ ਖਿੱਚ ਮੁੱਕ ਜਾਂਦੀ ਹੈ ਤੇ ਉਹ ਕੇਵਲ ਹਰੀ ਦੇ ਦਰਸ਼ਨਾਂ ਲਈ ਤਾਂਘਣ ਲੱਗ ਪੈਂਦਾ ਹੈ । ਇਹ ਦਰਸ਼ਨ ਅੰਮ੍ਰਿਤ-ਬਾਣੀ ਦੁਆਰਾ ਹੁੰਦੇ ਹਨ ।

† ਦਿਆਲੂ ਹਰੀ ਪਾਸ ਬੇਨਤੀ ਕਰਦੇ ਹਨ ਕਿ ਮੇਰਾ ਮਨ ਇਕ ਹੈ, ਪਰ ਅਨੇਕ ਵੈਰੀਆਂ ਨਾਲ ਘਿਰਿਆ ਪਿਆ ਹੈ । ਇਨ੍ਹਾਂ ਤੋਂ ਬਚਾਓ । ਹਿੰਦੂਆਂ ਦੇ ਸ਼ਾਸਤਰਾਂ ਦੇ ਦੱਸੇ ਹੋਏ ਤਰੀਕੇ ਇਨ੍ਹਾਂ ਤੋਂ ਨਹੀਂ ਬਚਾਅ ਸਕਦੇ । ਇਹ ਤੇਰੇ ਚਰਨਾਂ ਦਾ ਆਸਰਾ ਹੈ, ਜਾਂ ਤੇਰੇ ਸੰਤਾਂ ਦਾ ।

‡ ਤਿੰਨ ਗੁਣ । ਮਨੁੱਖ ਆਮ ਤੌਰ 'ਤੇ ਤਿੰਨਾਂ ਹਾਲਤਾਂ ਵਿੱਚ ਰਹਿੰਦਾ ਹੈ । ਜਦ ਉਹ ਵੱਡਾ ਹੋਣ ਦੀ ਖ਼ਾਹਿਸ਼ ਕਰਦਾ ਇਧਰ-ਉਧਰ ਦੌੜਦਾ ਹੈ, ਤਾਂ ਉਸ ਵਿੱਚ 'ਰਜ' ਗੁਣ ਦਾ ਜ਼ੋਰ ਹੁੰਦਾ ਹੈ । ਜਦ ਉਹ ਗੁੱਸੇ ਜਾਂ ਈਰਖਾ ਦੇ ਹਨੇਰੇ ਵਿੱਚ ਫਿਰਦਾ ਹੈ ਤਾਂ ਉਸ ਵਿੱਚ 'ਤਮ' ਗੁਣ ਬਹੁਤਾ ਹੁੰਦਾ ਹੈ। ਕਈ ਵੇਰ ਉਹ ਛੱਡ ਛਡਾ ਕੇ ਵੈਰਾਗ-ਮਈ ਹੋ ਜਾਂਦਾ ਹੈ ਤੇ ਦੁੱਖ-ਸੁਖ ਉਸ ਉੱਤੇ ਅਸਰ ਨਹੀਂ ਕਰਦੇ । ਤਦੋਂ ਉਸ ਦੀ ਬਿਰਤੀ 'ਸਤ' ਗੁਣ ਵਾਲੀ ਹੁੰਦੀ ਹੈ । ਗੁਰਮਤਿ ਵਿੱਚ ਇਨ੍ਹਾਂ ਤਿੰਨਾਂ ਤੋਂ ਉੱਤੇ 'ਸਹਜ' ਪਦ ਜਾਂ ਤੁਰੀਆ (ਚੌਥੀ) ਅਵਸਥਾ ਹੈ, ਜਿਥੇ ਗੁਰਮੁਖ ਪੁੱਜਦੇ ਹਨ । ਇਸ ਅਵਸਥਾ ਵਿੱਚ ਓਹ ਇਨ੍ਹਾਂ ਗੁਣਾਂ ਦੇ ਅਧੀਨ ਨਹੀਂ ਹੁੰਦੇ, ਸਗੋਂ ਇਨ੍ਹਾਂ 'ਤੇ ਕਾਬੂ ਪਾ ਕੇ ਲੋੜ ਅਨੁਸਾਰ ਆਪਣੇ ਫ਼ਰਜ਼ ਨੂੰ ਪੂਰਾ ਕਰਨ ਲਈ ਹਰ ਇਕ ਗੁਣ ਦਾ ਯੋਗ ਵਰਤਾਓ ਕਰਦੇ ਹਨ ।

§ ਹਰੀ ਅੱਗੇ ਅਰਦਾਸ ਕਰਦੇ ਹਨ ਕਿ ਸਾਧ-ਸੰਗਤ ਰਾਹੀਂ ਆਪਣੀ ਪ੍ਰੀਤੀ ਵਿੱਚ ਰੰਗ ਦਿਓ ।

*ਹਰਿ ਕੇ ਦਰਸਨ ਕੋ ਮਨਿ ਚਾਉ ॥ ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥ ਕਰਉ ਸੇਵਾ ਸਤ ਪੁਰਖ ਪਿਆਰੇ [੧]ਜਤ ਸੁਨੀਐ ਤਤ ਮਨਿ ਰਹਸਾਉ ॥ ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ[੨] ਤੇਰੋ ਠਾਉ ॥ ੧ ॥ ਸਰਬ ਪ੍ਰਤਿਪਾਲਹਿ ਸਗਲ[੩] ਸਮਾਲਹਿ ਸਗਲਿਆ ਤੇਰੀ ਛਾਉ[੪] ॥ ਨਾਨਕ ਕੇ ਪ੍ਰਭ ਪੁਰਖ ਬਿਧਾਤੇ[੫] ਘਟਿ ਘਟਿ ਤੁਝਹਿ ਦਿਖਾਉ[੬] ॥ ੨ ॥ ੨ ॥ ੪ ॥ ਕੇਦਾਰਾ ਮਹਲਾ ੫† ॥ ਪ੍ਰਿਅ ਕੀ ਪ੍ਰੀਤਿ ਪਿਆਰੀ ॥ ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ[੭] ਤੁਹਾਰੀ ॥ ਰਹਾਉ ॥ ਓਇ ਦਿਨ ਪਹਰ ਮੂਰਤ[੮] ਪਲ ਕੈਸੇ ਓਇ ਪਲ ਘਰੀ ਕਿਹਾਰੀ[੯] ॥ ਖੂਲੇ ਕਪਟ[੧੦] ਧਪਟ[੧੧] ਬੁਝਿ ਤ੍ਰਿਸਨਾ ਜੀਵਉ ਪੇਖਿ[੧੨] ਦਰਸਾਰੀ ॥ ੧ ॥ ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥ ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ[੧੩] ॥ ੨ ॥ ੩ ॥ ੫ ॥ ਕੇਦਾਰਾ ਮਹਲਾ ੫‡ ॥ ਹਰਿ ਹਰਿ ਹਰਿ ਗੁਨ ਗਾਵਹੁ ॥ ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥ ਕਾਢਿ ਲੀਏ ਪ੍ਰਭ [੧੪]ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ ॥ ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥ ੧ ॥ ਸਭ ਕੀ ਰੇਨ[੧੫] ਹੋਇ ਮਨੁ ਮੇਰਾ [੧੬]ਅਹੰਬੁਧਿ ਤਜਾਵਹੁ ॥ ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥ ੨ ॥ ੪ ॥ ੬ ॥ ਕੇਦਾਰਾ ਮਹਲਾ ੫§ ॥ ਹਰਿ ਬਿਨੁ ਜਨਮੁ ਅਕਾਰਥ[੧੭] ਜਾਤ ॥ [੧੮]ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ ॥ ਰਹਾਉ ॥ ਧਨੁ ਜੋਬਨੁ ਸੰਪੈ[੧੯] ਸੁਖ ਭੋਗਵੈ ਸੰਗਿ ਨ ਨਿਬਹਤ ਮਾਤ[੨੦] ॥ [੨੧]ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ [੨੨]ਦ੍ਰੁਮ ਛਾਇਆ ਰੰਗਿ ਰਾਤ ॥ ੧ ॥ ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ[੨੩] ॥ [੨੪]ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥ ੨ ॥ ੫ ॥ ੭ ॥ ਕੇਦਾਰਾ ਮਹਲਾ ੫¶ ॥ ਹਰਿ ਬਿਨੁ ਕੋਇ ਨ ਚਾਲਸਿ ਸਾਥ ॥ [੨੫]ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਨਾਥ ॥ ਰਹਾਉ ॥ ਸੁਤ ਸੰਪਤਿ[੨੬] ਬਿਖਿਆ ਰਸ ਭੋਗਵਤ ਨਹ ਨਿਬਹਤ ਜਮ ਕੈ ਪਾਥ[੨੭] ॥ [੨੮]ਨਾਮੁ ਨਿਧਾਨੁ ਗਾਉ ਗੁਨ ਗੋਬਿੰਦ [੨੯]ਉਧਰੁ ਸਾਗਰ ਕੇ ਖਾਤ ॥ ੧ ॥ ਸਰਨਿ ਸਮਰਥ ਅਕਥ ਅਗੋਚਰ[੩੦] ਹਰਿ ਸਿਮਰਤ ਦੁਖ ਲਾਥ[੩੧] ॥ [੩੨]ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ ॥ ੨ ॥ ੬ ॥ ੮ ॥

੧ ਜਦ ਨਾਮ ਸੁਣੀਦਾ ਹੈ, ਤਦ ਮਨ ਵਿੱਚ ਅਨੰਦ ਹੁੰਦਾ ਹੈ ।
੨ [ਜਿਸ ਦੀ ਉਪਮਾ ਨਾ ਹੋ ਸਕੇ] ਸੁੰਦਰ ।
੩ ਸਾਰਿਆਂ ਨੂੰ ।
੪ ਓਟ, ਆਸਰਾ ।
੫ [ਵਿਧਾਤ੍ਰਿ] ਰਚਨਹਾਰ ।
੬ ਦੇਖਾਂ ।
੭ ਤਾੜੀ ।
੮ ਮਹੂਰਤ ।
੯ ਕਿਹੋ ਜਿਹੀ ।
੧੦ [ਕਪਾਟ] ਦਰਵਾਜ਼ੇ ।
੧੧ ਝਟ-ਪਟ ।
੧੨ ਦੇਖ ਕੇ । ਉਹ ਸਮਾਂ ਕਿਹਾ ਚੰਗਾ ਹੋਊ ਜਦੋਂ ਤੇਰਾ ਦਰਸ਼ਨ ਹੋਵੇ ਤੇ ਉਸ ਨਾਲ ਮਨ ਦੇ ਕਪਾਟ ਝਟ-ਪਟ ਖੁਲ੍ਹ ਜਾਣ ਅਤੇ ਤੇਹ ਮਿਟ ਜਾਏ; ਐਸੇ ਦਰਸ਼ਨ ਦੇਖ-ਦੇਖ ਕੇ ਮੈਨੂੰ ਜ਼ਿੰਦਗੀ ਮਿਲੇ ।
੧੩ ਉਧਾਰ ਹੋ ਜਾਵੇ ।
੧੪ ਹੋਰ ਵਿਸ਼ਿਆਂ ਤੋਂ ।
੧੫ ਚਰਨ-ਧੂੜ ।
੧੬ ਹਉਮੈ ਵਾਲੀ ਬੁੱਧੀ ਛੁਡਾ ਦੇਵੋ ।
੧੭ ਬੇਅਰਥ, ਨਿਕੰਮਾ ।
੧੮ ਹਰੀ ਨੂੰ ਛੱਡ ਕੇ ਕਿਸੇ ਹੋਰ ਦੇ ਪ੍ਰੇਮ ਵਿੱਚ ਮਗਨ ਹੋਣ ਨਾਲ ਜੋ ਪਹਿਨਣਾ ਜਾਂ ਖਾਣਾ ਹੈ, ਉਹ ਝੂਠਾ ਹੈ ।
੧੯ [ਸੰਪਦਾ] ਦੌਲਤ ।
੨੦ ਮਾਤ੍ਰ, ਰਤਾ ਭਰ । ਨਾਲ ਤਾਂ ਜ਼ਰਾ ਜਿੰਨਾਂ ਭੀ ਨਹੀਂ ਨਿਭਣ ਲੱਗਾ ।
੨੧ ਰੇਤਲੇ ਮੈਦਾਨਾਂ ਵਿੱਚ ਦੁਪਹਿਰ ਵੇਲੇ ਸੂਰਜ ਦੀਆਂ ਕਿਰਣਾਂ ਰੇਤ ਉੱਤੇ ਪੈ ਕੇ ਜਦ ਉਠਦੀਆਂ ਹਨ, ਤਾਂ ਮ੍ਰਿਗਾਦਿਕ ਜਾਨਵਰਾਂ ਨੂੰ ਪਾਣੀ ਭਾਸਦਾ ਹੈ । ਸੂਰਜ ਦੇ ਢਲਣ ਨਾਲ ਅਸਲੀਅਤ ਦੀ ਸੋਝੀ ਹੁੰਦੀ ਹੈ । ਮਾਇਆ ਦੇ ਪਦਾਰਥਾਂ ਦੀ ਲਾਲਸਾ ਜਾਂ ਹੋਰ ਅਨਿਸਥਿਰ ਭੋਗਾਂ ਲਈ 'ਮ੍ਰਿਗ-ਤ੍ਰਿਸ਼ਨਾ' ਵਰਤਿਆ ਹੈ । ਦੇਖੋ ਪੰਨਾ ੮੦੩, ਨੋਟ ੪ ਤੇ ੫ ।
੨੨ ਰੁੱਖ ਦੀ ਛਾਂ ਵਾਂਗ ਅਨਿਸਥਿਰ ।
੨੩ ਖਾਤਾ, ਟੋਆ ।
੨੪ ਹੱਥ ਫੜ ਲਓ ।
੨੫ ਦੀਨਾਂ ਦਾ ਮਾਲਕ ਤੇ ਦਇਆ ਦਾ ਮਾਲਕ ।
੨੬ [ਸੰਪਦਾ] ਧਨ ।
੨੭ [ਸੰ. ਪਥ; ਅ. ਪਾਥ] ਰਸਤੇ ।
੨੮ ਜੋ ਸੁਖਾਂ ਦਾ ਘਰ ਹੈ ।
੨੯ ਸੰਸਾਰ-ਸਾਗਰ ਦੇ ਟੋਏ ਤੋਂ ਬਚ ਜਾਓ ।
੩੦ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੩੧ ਲੱਭਦੇ ਹਨ ।
੩੨ ਦਾਸ ਨਾਨਕ ਹਰੀ-ਸੇਵਕਾਂ ਦੀ ਚਰਨ-ਧੂੜ ਮੰਗਦਾ ਹੈ, ਜੋ ਤਦ ਮਿਲਦੀ ਹੈ ਜੇ ਧੁਰੋਂ ਹਜ਼ੂਰੋਂ ਭਾਗਾਂ ਵਿੱਚ ਮਿਲਣੀ ਲਿਖੀ ਹੋਵੇ ।

* ਹਰੀ ਕੋਲੋਂ ਉਸ ਦਾ ਦਰਸ਼ਨ ਮੰਗਦੇ ਹਨ, ਤਾਂ ਕਿ ਉਸ ਨੂੰ ਘਟ-ਘਟ ਵੱਸਦਾ ਦੇਖ ਸਕਣ ।

† ਹਰੀ ਦੇ ਦਰਸ਼ਨਾਂ ਦੀ ਤਾਂਘ ਦੱਸਦੇ ਹਨ ਅਤੇ ਪੁੱਛਦੇ ਹਨ ਕਿ ਉਹ ਜਤਨ ਕਿਹੜਾ ਹੈ ਜਿਸ ਰਾਹੀਂ ਮਨ ਦੇ ਪੜਦੇ ਖੁਲ੍ਹ ਜਾਣ ਤੇ ਹੋਰ ਤ੍ਰਿਸ਼ਨਾ ਮਰ ਕੇ ਇਕ ਹਰੀ ਦੀ ਲਗਨ ਲੱਗ ਜਾਵੇ । ਉਹ ਉਪਾਉ ਸੰਤ-ਸੰਗ ਹੈ ।

‡ ਸਤ-ਸੰਗ ਰਾਹੀਂ ਹਰੀ ਦੀ ਭਗਤੀ ਮਿਲਦੀ ਹੈ, ਜਿਸ ਨਾਲ ਹਉਮੈ, ਭਰਮ, ਮੋਹ ਆਦਿ ਔਗੁਣ ਦੂਰ ਹੁੰਦੇ ਅਤੇ ਗੁਣ ਗਾ ਕੇ ਹਰੀ ਨੂੰ ਮਿਲਣ ਦਾ ਰਸਤਾ ਲੱਭਦਾ ਹੈ ।

§ ਹਰੀ ਤੋਂ ਬਿਨਾਂ ਖਾਣਾ ਪੀਣਾ ਤੇ ਪਹਿਰਨਾ ਸਭ ਅਕਾਰਥ ਹੈ । ਰੱਬ ਆਪ ਹੀ ਬਚਾਵੇ ਤਾਂ ਬਚੀਦਾ ਹੈ ।

¶ ਸਾਕ-ਸੰਬੰਧੀ, ਧਨ-ਦੌਲਤ ਕਿਸੇ ਨੇ ਨਾਲ ਨਹੀਂ ਨਿੱਭਣਾ, ਕੇਵਲ ਹਰੀ-ਨਾਮ ਹੀ ਪਾਰ ਲੰਘਾ ਸਕਦਾ ਹੈ । ਪਰ ਇਹ ਮਿਲਦਾ ਤਦੇ ਹੈ ਜੇ ਹਰੀ ਦੀ ਕਿਰਪਾ ਹੋਵੇ ।

ਕੇਦਾਰਾ ਮਹਲਾ ੫ ਘਰੁ ੫ ੴ ਸਤਿਗੁਰ ਪ੍ਰਸਾਦਿ ॥

*ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ [1]ਮਹਾ ਪ੍ਰਬਲ ਭਈ [2]ਆਨ
ਬਿਖੈ ਜਰੀ ॥ ਰਹਾਉ ॥ [3]ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ
ਘਰੀ ॥ ਗੁਨ ਗੋਪਾਲ ਉਚਾਰੁ ਰਸਨਾ ਟੇਵ[4] ਏਹ ਪਰੀ ॥ ੧ ॥ ਮਹਾ ਨਾਦ
[5]ਕੁਰੰਕ ਮੋਹਿਓ [6]ਬੇਧਿ ਤੀਖਨ ਸਰੀ ॥ ਪ੍ਰਭ ਚਰਨ ਕਮਲ ਰਸਾਲ[7] ਨਾਨਕ
[8]ਗਾਠਿ ਬਾਧਿ ਧਰੀ ॥ ੨ ॥ ੧ ॥ ੯ ॥ ਕੇਦਾਰਾ ਮਹਲਾ ੫† ॥ ਪ੍ਰੀਤਮ ਬਸਤ
ਰਿਦ ਮਹਿ ਖੋਰ[9] ॥ [10]ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ
ਓਰ ॥ ੧ ॥ ਰਹਾਉ ॥ ਅਧਿਕ ਗਰਤ[11] ਸੰਸਾਰ ਸਾਗਰ ਕਰਿ ਦਇਆ
ਚਾਰਹੁ ਧੋਰ[12] ॥ ਸੰਤਸੰਗਿ ਹਰਿ ਚਰਨ ਬੋਹਿਥ[13] ਉਧਰਤੇ ਲੈ ਮੋਰ[14] ॥ ੧ ॥
ਗਰਭ ਕੁੰਟ ਮਹਿ ਜਿਨਹਿ ਧਾਰਿਓ [15]ਨਹੀ ਬਿਖੈ ਬਨ ਮਹਿ ਹੋਰ ॥ [16]ਹਰਿ
ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ ॥ ੨ ॥ ੨ ॥ ੧੦ ॥
ਕੇਦਾਰਾ ਮਹਲਾ ੫‡ ॥ [17]ਰਸਨਾ ਰਾਮ ਰਾਮ ਬਖਾਨੁ ॥ ਗੁਨ ਗੁੋਪਾਲ ਉਚਾਰੁ
ਦਿਨੁ ਰੈਨਿ [18]ਭਏ ਕਲਮਲ ਹਾਨ ॥ ਰਹਾਉ ॥ ਤਿਆਗਿ ਚਲਨਾ ਸਗਲ
ਸੰਪਤ[19] ਕਾਲੁ ਸਿਰ ਪਰਿ ਜਾਨੁ ॥ ਮਿਥਨ ਮੋਹ ਦੁਰੰਤ[20] ਆਸਾ ਝੂਠੁ
ਸਰਪਰ[21] ਮਾਨੁ ॥ ੧ ॥ ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥
ਨਾਮੁ ਨਿਧਾਨੁ[22] ਲਾਭੁ ਨਾਨਕ ਬਸਤੁ ਇਹ ਪਰਵਾਨੁ ॥ ੨ ॥ ੩ ॥ ੧੧ ॥
ਕੇਦਾਰਾ ਮਹਲਾ ੫§ ॥ ਹਰਿ ਕੇ ਨਾਮ ਕੋ ਆਧਾਰੁ[23] ॥ [24]ਕਲਿ ਕਲੇਸ ਨ
ਕਛੁ ਬਿਆਪੈ ਸੰਤਸੰਗਿ ਬਿਉਹਾਰੁ ॥ ਰਹਾਉ ॥ ਕਰਿ ਅਨੁਗ੍ਰਹੁ[25] ਆਪਿ
ਰਾਖਿਓ ਨਹ ਉਪਜਤਉ ਬੇਕਾਰੁ[26] ॥ ਜਿਸੁ ਪਰਾਪਤਿ ਹੋਇ ਸਿਮਰੈ ਤਿਸੁ
ਦਹਤ[27] ਨਹ ਸੰਸਾਰੁ ॥ ੧ ॥ ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ
ਅੰਮ੍ਰਿਤ ਸਾਰੁ[28] ॥ ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ[29] ॥
੨ ॥ ੪ ॥ ੧੨ ॥ ਕੇਦਾਰਾ ਮਹਲਾ ੫¶ ॥ ਹਰਿ ਕੇ ਨਾਮ ਬਿਨੁ ਧ੍ਰਿਗੁ
ਸ੍ਰੋਤ[30] ॥ [31]ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ ॥ ਰਹਾਉ ॥
ਖਾਤ ਪੀਤ ਅਨੇਕ ਬਿੰਜਨ[32] ਜੈਸੇ [33]ਭਾਰ ਬਾਹਕ ਖੋਤ ॥ ਆਠ ਪਹਰ ਮਹਾ
ਸ੍ਰਮੁ[34] ਪਾਇਆ ਜੈਸੇ ਬਿਰਖ[35] ਜੰਤੀ[36] ਜੋਤ[37] ॥ ੧ ॥ [38]ਤਜਿ ਗੁੋਪਾਲ ਜਿ
ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ[39] ॥ [40]ਕਰ ਜੋਰਿ ਨਾਨਕ ਦਾਨੁ ਮਾਗੈ ਹਰਿ
[41]ਰਖਉ ਕੰਠਿ ਪਰੋਤ ॥ ੨ ॥ ੫ ॥ ੧੩ ॥ ਕੇਦਾਰਾ ਮਹਲਾ ੫:: ॥ ਸੰਤਹ ਧੂਰਿ
ਲੇ ਮੁਖਿ ਮਲੀ ॥ [42]ਗੁਣਾ ਅਚੁਤ ਸਦਾ ਪੂਰਨ ਨਹ ਦੋਖ ਬਿਆਪਹਿ ਕਲੀ ॥

੧ ਬਹੁਤ ਜ਼ੋਰਦਾਰ ਹੋ ਗਈ ਹੈ ।
੨ ਹੋਰ ਵਿਸ਼ਿਆਂ ਦੀ (ਪ੍ਰੀਤੀ) ਸੜ ਗਈ ਹੈ ।
੩ ਪਾਣੀ ਦੀ ਬੂੰਦ ਛੱਡ ਕੇ ਪਪੀਹਾ ਕਿਵੇਂ ਰਹਿ ਸਕਦਾ ਹੈ ? ਇਸੇ ਤਰ੍ਹਾਂ ਮੱਛੀ ਭੀ ਘੜੀ ਭਰ ਨਹੀਂ ਰਹਿ ਸਕਦੀ । ਦੇਖੋ ਪੰਨਾ ੧੧੧੭, ਨੋਟ ੧੭ ।
੪ [ਸਿੰਧੀ] ਸੁਭਾਵ; ਬਾਣ, ਚਸਕਾ, ਆਦਤ । ਇਹ ਆਦਤ ਪੈ ਗਈ ਹੈ ।
੫ ਹਿਰਨ ਜੋ ਸ਼ਬਦ ਨਾਲ ਮੋਹਿਆ ਹੈ ।
੬ ਵਿੰਨ੍ਹਿਆ ਜਾਂਦਾ ਹੈ ਤੇਜ਼ ਤੀਰਾਂ ਨਾਲ ।
੭ ਰਸਾਂ ਦੇ ਘਰ, ਸ੍ਵਾਦੀ, ਮਿੱਠੇ ।
੮ (ਐਸੇ ਚਰਨਾਂ ਨਾਲ) ਗੰਢ ਬੰਨ੍ਹ ਲਈ ਹੈ ।
੯ ਖੋੜ, ਖੁੱਡ, ਸੱਖਣਾਪਨ (ਭਰਮਾਂ ਦੇ ਕਾਰਨ) ਹੇ ਪ੍ਰੀਤਮ ! ਰਿਦੇ ਵਿੱਚ ਸੱਖਣਾਪਨ ਵੱਧ ਰਿਹਾ ਹੈ ।
੧੦ ਭਰਮ ਦੀ ਕੰਧ ਦੂਰ ਕਰ ਦੇਹ, ਹੇ ਮਾਲਕ ! ਅਤੇ ਫੜ ਕੇ ਆਪਣੇ ਵੱਲ ਕਰ ਲਓ । ਓਰ=ਪਾਸੇ।
੧੧ ਟੋਏ ।
੧੨ [ਬਾਂਗਰ] ਕੰਢੇ । ਕਿਨਾਰੇ ਚਾੜ੍ਹੋ ।
੧੩ ਜਹਾਜ਼, ਬੇੜੀ । ੧੪ ਮੈਨੂੰ ।
੧੫ ਵਿਸ਼ਿਆਂ ਦੇ ਬਨ (ਪਾਣੀ, ਸਮੁੰਦਰ) ਵਿੱਚ ਵੀ ਉਹੀ ਹੈ (ਆਪੇ ਬਚਾਅ ਲਵੇਗਾ) । ਦੇਖੋ ਪੰਨਾ ੮੦੨, ਨੋਟ ੨੫ ।
੧੬ ਹਰੀ ਦੀ ਸ਼ਰਨ ਸ਼ਕਤ (ਬਲਵਾਨ) ਹੈ ਤੇ ਸਮਰੱਥ ਹੈ, ਹੋਰ ਕਿਸੇ ਦਾ ਅਹਿਸਾਨ ਨਹੀਂ ਹੈ ।
੧੭ ਹੇ ਜੀਭ ! ਰਾਮ-ਨਾਮ ਉਚਾਰਨ ਕਰ ।
੧੮ ਪਾਪਾਂ ਦਾ ਨਾਸ ਹੋ ਜਾਵੇ ।
੧੯ [ਸੰਪਦਾ] ਧਨ ।
੨੦ ਜਿਸ ਦਾ ਅੰਤ (ਨਤੀਜਾ) ਮਾੜਾ ਹੋਵੇ ।
੨੧ ਜ਼ਰੂਰ ਹੀ । ਝੂਠੇ ਮੋਹ ਅਤੇ ਮਾੜੇ ਅੰਤ ਵਾਲੀ ਆਸਾ ਜ਼ਰੂਰ ਹੀ ਝੂਠੀ ਮੰਨ ।
੨੨ ਨਿਧੀਆਂ ਦਾ ਘਰ, ਸੁਖਾਂ ਦਾ ਸੋਮਾ ।
੨੩ ਆਸਰਾ ।
੨੪ ਕਲਪਣਾ ਤੇ ਦੁੱਖ ।
੨੫ ਕਿਰਪਾ । ੨੬ ਵਿਕਾਰ ।
੨੭ ਸਾੜਦਾ । ੨੮ ਸਮਝ ।
੨੯ ਧੂੜੀ ਚਰਨਾਂ ਦੀ ।
੩੦ ਸੁਣਨਾ ।
੩੧ ਜੀਵਨ-ਸਰੂਪ ਹਰੀ ਨੂੰ ਵਿਸਾਰ ਕੇ ਜੋ ਜੀਉਂਦੇ ਹਨ, ਉਨ੍ਹਾਂ ਦਾ ਕਾਹਦਾ ਜੀਵਨ ਹੈ ?
੩੨ [ਵਜੰਜਨ] ਖਾਣ ਯੋਗ ਪਦਾਰਥ, ਭੋਜਨ ।
੩੩ ਭਾਰ ਵਾਹਣ ਵਾਲੇ ਖੋਤੇ ।
੩੪ ਥਕਾਵਟ (ਧੰਧਿਆਂ ਦੇ ਕਾਰਨ) ।
੩੫ ਬਲਦ ।
੩੬ ਯੰਤ੍ਰ ਵਿੱਚ, ਕੋਹਲੂ ਵਿੱਚ ।
੩੭ ਜੋਇਆ ਹੁੰਦਾ ਹੈ ।
੩੮ ਹਰੀ ਪਾਲਣਹਾਰ ਨੂੰ ਛੱਡ ਕੇ ਜੋ ਹੋਰਨਾਂ ਵਿੱਚ ਲੱਗੇ ਰਹਿੰਦੇ ਹਨ ।
੩੯ ਰੋਂਦੇ ਹਨ ।
੪੦ ਹੱਥ ਜੋੜ ਕੇ ।
੪੧ ਗਲੇ ਵਿੱਚ ਪਰੋ ਕੇ ਰੱਖੋ, ਗਲੇ ਨਾਲ ਲਾ ਕੇ ਰੱਖੋ ।
੪੨ ਸਦਾ ਪੂਰਨ ਅਬਿਨਾਸੀ ਹਰੀ ਦੇ ਗੁਣਾਂ ਕਰ ਕੇ ਕਲਜੁਗ ਦੇ ਦੋਖ ਨਹੀਂ ਵਿਆਪਦੇ ।

* ਹਰੀ ਦੇ ਚਰਨਾਂ ਦਾ ਪਿਆਰ ਇਤਨਾ ਵੱਧ ਗਿਆ ਹੈ ਕਿ ਹੋਰ ਕਿਸੇ ਕਿਸਮ ਦਾ ਵਿਸ਼ਾ ਜਾਂ ਪਿਆਰ ਨੇੜੇ ਨਹੀਂ ਆਉਂਦਾ ।

† ਹਿਰਦੇ ਦੇ ਖਾਲੀਪਨ ਨੂੰ ਹਰੀ ਦਾ ਪਿਆਰ ਹੀ ਭਰ ਸਕਦਾ ਹੈ, ਉਸ ਦੇ ਪਿਆਰ ਵਿੱਚ ਬੜੀ ਸ਼ਕਤੀ ਹੈ ।

‡ ਹੋਰ ਝੂਠੇ ਪਦਾਰਥਾਂ ਦੇ ਮੋਹ ਛੱਡ ਕੇ ਅਸਲੀ ਸੁਖਾਂ ਦੇ ਘਰ ਹਰੀ ਦਾ ਧਿਆਨ ਧਰੋ ।

§ ਜਿਸ ਉਤੇ ਕਿਰਪਾ ਹੋਵੇ, ਉਸ ਨੂੰ ਸੰਸਾਰ ਦੇ ਮੋਹ ਨਹੀਂ ਪੋਂਹਦੇ ।

¶ ਸੰਸਾਰ ਦੇ ਰਸ ਹਰੀ-ਰਸ ਦੇ ਮੁਕਾਬਲੇ 'ਤੇ ਹੈ ਵੀ ਕੀ ? ਉਨ੍ਹਾਂ ਵੱਲ ਭੱਜ-ਦੌੜ ਨਿਰੀ ਖੋਤੇ ਜਾਂ ਬਲਦ ਵਾਲੀ ਮਿਹਨਤ ਹੈ ।

:: ਸਤ-ਸੰਗ ਵਿੱਚ ਗੁਰ-ਸ਼ਬਦ ਰਾਹੀਂ ਹਰੀ ਦੇ ਗੁਣ ਗਾਣ ਨਾਲ ਹਰੀ ਹਰ ਥਾਂ ਪ੍ਰਤੱਖ ਦਿੱਸਦਾ ਹੈ, ਜਿਸ ਨਾਲ ਪਾਪ ਨੇੜੇ ਨਹੀਂ ਆਉਂਦੇ ਅਤੇ ਹਰੀ ਨਾਲ ਮੇਲ ਬਣਿਆ ਰਹਿੰਦਾ ਹੈ ।

ਰਹਾਉ ॥ ਗੁਰ ਬਚਨਿ [੧]ਕਾਰਜ ਸਰਬ ਪੂਰਨ ਈਤ ਊਤ ਨ ਹਲੀ ॥ [੨]ਪ੍ਰਭ ਏਕ ਅਨਿਕ ਸਰਬਤ ਪੂਰਨ ਬਿਖੈ ਅਗਨਿ ਨ ਜਲੀ ॥ ੧ ॥ [੩]ਗਹਿ ਭੁਜਾ ਲੀਨੋ ਦਾਸੁ ਅਪਨੋ ਜੋਤਿ ਜੋਤੀ ਰਲੀ ॥ ਪ੍ਰਭ ਚਰਨ ਸਰਨ ਅਨਾਥੁ ਆਇਓ ਨਾਨਕ ਹਰਿ ਸੰਗਿ ਚਲੀ ॥ ੨ ॥ ੬ ॥ ੧੪ ॥ ਕੇਦਾਰਾ ਮਹਲਾ ੫* ॥ ਹਰਿ ਕੇ ਨਾਮ ਕੀ ਮਨ ਰੁਚੈ[੪] ॥ ਕੋਟਿ[੫] ਸਾਂਤਿ ਅਨੰਦ ਪੂਰਨ [੬]ਜਲਤ ਛਾਤੀ ਬੁਝੈ ॥ ਰਹਾਉ ॥ ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ[੭] ॥ ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ[੮] ॥ ੧ ॥ ਚਰਨ ਕਮਲ ਧਿਆਨ ਭੀਤਰਿ [੯]ਘਟਿ ਘਟਹਿ ਸੁਆਮੀ ਸੁਝੈ ॥ ਸਰਨਿ ਦੇਵ ਅਪਾਰ ਨਾਨਕ ਬਹੁਰਿ[੧੦] ਜਮੁ ਨਹੀ ਲੁਝੈ[੧੧] ॥ ੨ ॥ ੭ ॥ ੧੫ ॥

ਕੇਦਾਰਾ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

†ਮਿਲੁ ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥ [੧੨]ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ[੧੩] ॥ [੧੪]ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥ ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ [੧੫]ਘਟਿ ਘਟਿ ਨਦਰਿ ਨਿਹਾਲਿਆ ॥ ਜੋ ਸਰਨੀ ਆਵੈ ਸਰਬ ਸੁਖ ਪਾਵੈ [੧੬]ਤਿਲੁ ਨਹੀ ਭੰਨੈ ਘਾਲਿਆ ॥ ਹਰਿ ਗੁਣ ਨਿਧਿ ਗਾਏ [੧੭]ਸਹਜ ਸੁਭਾਏ [੧੮]ਪ੍ਰੇਮ ਮਹਾ ਰਸ ਮਾਤਾ ॥ ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ ॥ ੧ ॥ [੧੯]ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ ॥ [੨੦]ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ ॥ ਹਰਿ ਬਿਨੁ ਕਿਉ ਰਹੀਐ ਦੂਖ [੨੧]ਕਿਨਿ ਸਹੀਐ ਚਾਤ੍ਰਿਕ[੨੨] ਬੂੰਦ ਪਿਆਸਿਆ ॥ [੨੩]ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ ॥ ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ [੨੪]ਹਰਿ ਗੁਣ ਗਾਹੀ ॥ ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥ ੨ ॥ ਸਾਸ ਬਿਨਾ ਜਿਉ ਦੇਹੁਰੀ[੨੫] ਕਤ ਸੋਭਾ ਪਾਵੈ ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥ ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥ ਹਰਿ ਰਸਿਕ[੨੬] ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ[੨੭] ॥ ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ [੨੮]ਨ ਮਾਵੈ ॥ ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ ॥ ੩ ॥ ਖੋਜਤ ਖੋਜਤ ਪ੍ਰਭ ਮਿਲੇ ਹਰਿ [੨੯]ਕਰੁਣਾ ਧਾਰੇ ॥ ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ ॥ ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ [੩੦]ਪਾਵਨ ਬਿਰਦੁ

੧ ਸਾਰੇ ਕੰਮ ਪੂਰੇ ਹੋ ਜਾਂਦੇ ਹਨ ਤੇ ਮਨ ਇਧਰ ਉਧਰ ਨਹੀਂ ਡੋਲਦਾ ।
੨ ਜੋ ਸਾਰਿਆਂ (ਅਨੇਕਾਂ ਹਸਤੀਆਂ) ਵਿੱਚ ਇਕੋ ਹਰੀ ਨੂੰ ਵਿਆਪਕ ਸਮਝਦਾ ਹੈ, ਉਹਨੂੰ ਵਿਸ਼ਿਆਂ ਦੀ ਅੱਗ ਨਹੀਂ ਸਾੜਦੀ ।
੩ ਬਾਂਹ ਪਕੜ ਕੇ ।
੪ ਰੁਚੀ ਹੋਵੇ ਤਾਂ ।
੫ ਕ੍ਰੋੜਾਂ ।
੬ ਸੜਦੀ ਹੋਈ ਛਾਤੀ ਠੰਡੀ ਹੋ ਜਾਂਦੀ ਹੈ ।
੭ ਬਹੁਤ ਸਾਰੇ ।
੮ ਸੁਚਮ; ਇਸ਼ਨਾਨ । ਹਰੀ ਦੇ ਸੇਵਕ ਦੀ ਚਰਨ-ਧੂੜ ਮੱਥੇ 'ਤੇ ਲੱਗ ਗਈ, (ਬੱਸ ਇਉਂ ਸਮਝੋ ਕਿ) ਕਈ ਤੀਰਥਾਂ ਦਾ ਇਸ਼ਨਾਨ ਹੋ ਗਿਆ ।
੯ ਹਰ ਹਿਰਦੇ ਵਿੱਚ ।
੧੦ ਮੁੜ ਕੇ, ਫੇਰ ।
੧੧ ਝਗੜਦਾ, ਤੰਗ ਕਰਦਾ ।
੧੨ ਸਾਰਿਆਂ ਵਿੱਚ ਵਿਆਪਕ ਹੈ ।
੧੩ [ਵਿਧਾਤ੍ਰਿ] ਰਚਨਹਾਰ ।
੧੪ ਹਰੀ ਨੂੰ ਮਿਲਣ ਦਾ ਰਸਤਾ ਉਸ ਨੇ ਆਪ ਕੀਤਾ ਹੈ, ਪਰ ਸੰਤਾਂ ਦੀ ਸੰਗਤ ਵਿੱਚ ਜਾਣਿਆ ਜਾਂਦਾ ਹੈ ।
੧੫ ਹਰ ਇਕ ਵਿੱਚ ਨਜ਼ਰ ਨਾਲ ਦੇਖਿਆ ।
੧੬ ਜ਼ਰਾ ਭਰ ਭੀ ਕਮਾਈ ਕੀਤੀ ਹੋਈ ਬਿਰਥੀ ਨਹੀਂ ਗਵਾਂਦਾ ।
੧੭ ਸੁਤੇ-ਸਿੱਧ, ਕੁਦਰਤੀ ਤੌਰ 'ਤੇ ।
੧੮ ਉਹ ਪਰੇਮ ਦੇ ਉਤਮ ਰਸ ਨਾਲ ਮਸਤ ਰਹਿੰਦਾ ਹੈ ।
੧੯ ਜਿਹੜਾ ਜਨ ਹਰੀ ਦੀ ਪ੍ਰੇਮਾ-ਭਗਤੀ ਨਾਲ ਵਿੰਨ੍ਹਿਆਂ ਪਿਆ ਹੈ, ਉਹ ਹੋਰ ਕਿਥੇ ਜਾ ਸਕਦਾ ਹੈ ?
੨੦ ਮੱਛੀ ਵਿਛੋੜਾ ਨਹੀਂ ਸਹਿ ਸਕਦੀ (ਪਾਣੀ ਦਾ)।
੨੧ ਕਿਵੇਂ ਸਹਾਰ ਸਕੀਏ ?
੨੨ ਦੇਖੋ ਪੰਨਾ ੧੧੧੭, ਨੋਟ ੧੭ ।
੨੩ ਕਦੋਂ ਰਾਤ ਬੀਤੇ, ਕਦੋਂ ਸੂਰਜ ਚੜ੍ਹੇ ਤੇ ਫਿਰ ਚਕਵੀ ਨੂੰ ਸੁਖ ਮਿਲੇ ।
੨੪ ਹਰ ਰੋਜ਼ ।
੨੫ ਸਰੀਰ । ਸਾਹ ਬਿਨਾਂ ਦੇਹੀ ਕਿਵੇਂ ਸੋਹਣੀ ਲੱਗ ਸਕਦੀ ਹੈ ? (ਉਹ ਤਾਂ ਮੁਰਦਾ ਹੋ ਜਾਂਦੀ ਹੈ।)
੨੬ ਰਸ (ਪਿਆਰ) ਵਾਲਾ ।
੨੭ ਨਿੰਦਿਆ ਗਿਆ ।
੨੮ ਸਮਾਂਵਦਾ ਨਹੀਂ ।
੨੯ ਕਿਰਪਾ ਕਰ ਕੇ ।
੩੦ ਪਵਿੱਤਰ ਕਰਨਾ ਉਸ ਦਾ ਨਿੱਤ ਕਰਮ (ਧਰਮ) ਹੈ ।

* ਹਰੀ-ਪ੍ਰੇਮ ਵਿੱਚ ਕ੍ਰੋੜਾਂ ਸ਼ਾਂਤੀਆਂ ਤੇ ਅਨੰਦ ਹਨ, ਤੀਰਥ-ਇਸ਼ਨਾਨ ਤੇ ਮੁਕਤੀਆਂ ਹਨ ।

† ਹਰੀ ਕਿਵੇਂ ਮਿਲੇ ? ਹਰੀ ਹਰ ਥਾਂ ਵੱਸ ਰਿਹਾ ਹੈ, ਪਰ ਸਤ-ਸੰਗ ਦੁਆਰਾ ਇਹ ਸਮਝ ਆਉਂਦੀ ਹੈ, ਜਿਥੇ ਹਰੀ ਦੇ ਗੁਣ ਗਾ-ਗਾ ਕੇ ਉਸ ਦੇ ਦਰਸ਼ਨ ਹੁੰਦੇ ਰਹਿੰਦੇ ਹਨ (੧) । ਇਕ ਵਾਰੀ ਹਰੀ ਦੀ ਲਗਨ ਲੱਗ ਜਾਏ; ਤਾਂ ਹੋਰ ਸਾਰੇ ਰਸ ਭੁੱਲ ਜਾਂਦੇ ਹਨ (੨) । ਫਿਰ ਤਾਂ ਪ੍ਰੇਮੀ ਨੂੰ ਹਰੀ ਬਿਨਾਂ ਜੀਉਣਾ ਔਖਾ ਹੋ ਜਾਂਦਾ ਹੈ (੩) । ਅੰਤ ਵਿੱਚ ਹਰੀ ਨਾਲ ਮੇਲ ਦੀ ਹਾਲਤ ਬਿਆਨ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਾਡੇ ਦੋਸ਼ਾਂ ਦਾ ਖਿਆਲ ਨਾ ਕਰਦੇ ਹੋਏ ਹਰੀ ਨੇ ਨਿਰੀ ਆਪਣੀ ਕਿਰਪਾ ਦੁਆਰਾ ਸਾਨੂੰ ਮੇਲ ਲਿਆ (੪) ।

ਬਖਾਨਿਆ[੧] ॥ [੨]ਭਗਤਿ ਵਛਲੁ ਸੁਨਿ [੩]ਅੰਚਲੋ ਗਹਿਆ [੪]ਘਟਿ ਘਟਿ ਪੂਰ ਸਮਾਨਿਆ ॥ ਸੁਖ ਸਾਗਰੋ ਪਾਇਆ [੫]ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥ [੬]ਕਰੁ ਗਹਿ ਲੀਨੇ ਨਾਨਕ ਦਾਸ ਅਪਨੇ [੭]ਰਾਮ ਨਾਮ ਉਰਿ ਹਾਰੇ ॥ ੪ ॥ ੧ ॥

ਰਾਗੁ ਕੇਦਾਰਾ ਬਾਣੀ [੮]ਕਬੀਰ ਜੀਉ ਕੀ ੴ ਸਤਿਗੁਰ ਪ੍ਰਸਾਦਿ ॥

*ਉਸਤਤਿ ਨਿੰਦਾ ਦੋਊ ਬਿਬਰਜਿਤ[੯] ਤਜਹੁ[੧੦] ਮਾਨੁ ਅਭਿਮਾਨਾ[੧੧] ॥ ਲੋਹਾ ਕੰਚਨੁ[੧੨] ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥ ੧ ॥ ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ[੧੩] ਹਰਿ ਪਦੁ ਚੀਨੈ੍ ਸੋਈ ॥ ੧ ॥ ਰਹਾਉ ॥ [੧੪]ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥ [੧੪]ਚਉਥੇ ਪਦ ਕਉ ਜੋ ਨਰੁ ਚੀਨੈ੍ ਤਿਨ੍ ਹੀ [੧੫]ਪਰਮ ਪਦੁ ਪਾਇਆ ॥ ੨ ॥ ਤੀਰਥ ਬਰਤ ਨੇਮ ਸੁਚਿ ਸੰਜਮ[੧੬] ਸਦਾ ਰਹੈ ਨਿਹਕਾਮਾ[੧੭] ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮਰਾਮਾ[੧੮] ॥ ੩ ॥ [੧੯]ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥ ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥ ੪ ॥ ੧ ॥ †ਕਿਨਹੀ ਬਨਜਿਆ ਕਾਂਸੀ[੨੦] ਤਾਂਬਾ ਕਿਨਹੀ ਲਉਗ ਸੁਪਾਰੀ ॥ ਸੰਤਹੁ ਬਨਜਿਆ ਨਾਮੁ ਗੋਬਿਦ ਕਾ [੨੧]ਐਸੀ ਖੇਪ ਹਮਾਰੀ ॥ ੧ ॥ ਹਰਿ ਕੇ ਨਾਮ ਕੇ ਬਿਆਪਾਰੀ ॥ ਹੀਰਾ [੨੨]ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ[੨੩] ॥ ੧ ॥ ਰਹਾਉ ॥ ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ [੨੪]ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥ ੨ ॥ ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ[੨੫] ॥ ਆਪੈ ਦਹ ਦਿਸ[੨੬] ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥ ੩ ॥ ਮਨੁ ਕਰਿ ਬੈਲੁ [੨੭]ਸੁਰਤਿ ਕਰਿ ਪੈਡਾ ਗਿਆਨ ਗੋਨਿ[੨੮] ਭਰਿ ਡਾਰੀ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ [੨੯]ਨਿਬਹੀ ਖੇਪ ਹਮਾਰੀ ॥ ੪ ॥ ੨ ॥ ‡[੩੦]ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥ ਮਨੁ ਮਤਵਾਰ [੩੧]ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥ ੧ ॥ ਬੋਲਹੁ ਭਈਆ ਰਾਮ ਕੀ ਦੁਹਾਈ ॥ ਪੀਵਹੁ ਸੰਤ ਸਦਾ ਮਤਿ[੩੨] ਦੁਰਲਭ ਸਹਜੇ ਪਿਆਸ ਬੁਝਾਈ ॥ ੧ ॥ ਰਹਾਉ ॥ ਭੈ ਬਿਚਿ [੩੩]ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥ ਜੇਤੇ ਘਟ[੩੪] ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥ ੨ ॥ ਨਗਰੀ[੩੫] ਏਕੈ [੩੬]ਨਉ ਦਰਵਾਜੇ [੩੭]ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ[੩੮] ਛੂਟੈ ਦਸਵਾ ਦਰੁ ਖੂਲੈ੍ ਤਾ ਮਨੁ ਖੀਵਾ[੩੯] ਭਾਈ ॥ ੩ ॥ [੪੦]ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥ ਉਬਟ[੪੧] ਚਲੰਤੇ ਇਹੁ ਮਦੁ

੧ ਆਖਿਆ ਜਾਂਦਾ ਹੈ ।
੨ ਭਗਤੀ ਦਾ ਪਿਆਰਾ, ਭਗਤੀ ਭਾਵ ਵਾਲੇ ਨੂੰ ਪਿਆਰ ਕਰਨ ਵਾਲਾ ।
੩ ਪੱਲਾ ਪਕੜਿਆ ।
੪ ਹਰ ਇਕ ਵਿੱਚ ਭਰ ਕੇ ਸਮਾਉਣ ਵਾਲਿਆ!
੫ ਸੁਤੇ-ਸਿਧ ਹੀ ।
੬ ਹੱਥ ਫੜ ਕੇ ਰੱਖ ਲਏ ।
੭ ਰਾਮ ਨਾਮ ਦਾ ਗਲ ਵਿੱਚ ਹਾਰ ਪਾਇਆ ।
੮ ਬਨਾਰਸ ਵਿੱਚ ਰਹਿਣ ਵਾਲੇ ਇਕ ਉੱਘੇ ਭਗਤ ਜੋ ਸੰਨ ੧੩੯੮ ਤੋਂ ੧੫੧੮ ਤੱਕ ਜੀਵੇ ।
੯ [ਵਿਵਰਜਿਤ] ਤਿਆਗਣ ਯੋਗ ਹਨ ।
੧੦ ਛੱਡੋ ।
੧੧ ਅਪਮਾਨ । ਮਾਨ ਜਾਂ ਅਪਮਾਨ ਦਾ ਖਿਆਲ ਛੱਡ ਦਿਓ ।
੧੨ ਸੋਨਾ ।
੧੩ ਛੱਡ ਦਿੰਦਾ ਹੈ, ਜਿਹੜਾ ਮਨੁੱਖ ਕਾਮ ਕ੍ਰੋਧ ਆਦਿ ਛੱਡ ਦਿੰਦਾ ਹੈ, ਉਹੋ ਹਰੀ ਦੀ ਗਤੀ ਸਮਝਦਾ ਹੈ ।
੧੪ ਦੇਖੋ ਪੰਨਾ ੧੧੧੯, ਫੁਟ ਨੋਟ ‡।
੧੫ ਉੱਚੀ ਤੋਂ ਉੱਚੀ ਅਵਸਥਾ ਜਿਥੇ ਤੱਕ ਮਨੁੱਖ ਤਰੱਕੀ ਕਰਦਾ ਪੁੱਜ ਸਕਦਾ ਹੈ ।
੧੬ ਇੰਦ੍ਰਿਆਂ ਨੂੰ ਕਾਬੂ ਕਰਨਾ ।
੧੭ [ਨਿਸ਼ਕਾਮ] ਇਨ੍ਹਾਂ ਦੇ ਫਲ ਦੀ ਇੱਛਾ ਨਾ ਕਰੇ।
੧੮ ਵਾਹਿਗੁਰੂ ਨੂੰ ।
੧੯ ਜਿਸ ਮਕਾਨ ਵਿੱਚ ਦੀਵਾ ਬਲੇ, ਉਥੋਂ ਹਨੇਰਾ ਦੂਰ ਹੋ ਜਾਂਦਾ ਹੈ, ਇਸ ਤਰ੍ਹਾਂ ਜਿਸ ਮਨੁੱਖ ਦੇ ਅੰਦਰ ਨਿਰਭਉ ਹਰੀ (ਦੀ ਜੋਤਿ) ਪਸਰ ਜਾਵੇ, ਉਸ ਵਿਚੋਂ ਭਰਮ ਨੱਸ ਜਾਂਦਾ ਹੈ ।
੨੦ ਕੈਂਹਾ ।
੨੧ ਸਾਡੀ ਵੀ ਅਜੇਹੀ ਖੇਪ ਹੈ । ਖੇਪ= ਸੌਦੇ ਦਾ ਭਾਰ, ਮਾਲ ਦੀ ਭਰਤੀ ।
੨੨ ਲੱਭਿਆ ।
੨੩ ਸੰਸਾਰੀਪੁਣਾ, ਸੰਸਾਰੀਆਂ ਵਾਲੀ ਚਾਲ ।
੨੪ ਭਾਰ ਲੱਦ ਲਏ ਤੇ ਹਰੀ ਦੇ ਖ਼ਜ਼ਾਨੇ ਵਿੱਚ ਜਾ ਪਏ ।
੨੫ [ਪਨਜਸਾਰੀ= ਸੌਦਾ ਫੈਲਾਉਣ ਵਾਲਾ] ਜੌਹਰੀ ।
੨੬ ਦਸ ਤਰਫਾਂ ਪੂਰਬ, ਪੱਛਮ ਆਦਿ ।
੨੭ ਸੁਰਤੀ ਨੂੰ ਰੱਬ ਦੇ ਪ੍ਰੇਮ ਵਿੱਚ ਜੋੜਨਾ ਇਹ ਮਾਰਗ ਹੈ । ੨੮ ਛੱਟ ।
੨੯ ਮਾਲ ਦੀ ਪੰਡ ਤੋੜ ਪਹੁੰਚੀ ।
੩੦ ਹੇ ਕਲਾਲਣ (ਹੇ ਬੁੱਧੀ) ! ਅਸੰਭਜ ਤੇ ਮੂਰਖ! ਵਾਸ਼ਨਾ ਰੂਪ ਪਵਨ ਨੂੰ ਸੰਸਾਰ ਵੱਲੋਂ ਉਲਟਾਵੋ।
੩੧ ਦਸਮ ਦੁਆਰ ਭੱਠੀ ਵਤ ਹੈ । ਮਨ ਨੂੰ ਦਸਮ-ਦੁਆਰ ਦੀ ਭੱਠੀ ਵਿਚੋਂ ਅੰਮ੍ਰਿਤ ਚੁਆ ਕੇ ਮਤਵਾਲਾ ਬਣਾਉ । ਮੇਰ= ਦਸਮ ਦੁਆਰਾ ਸੁਰਤਿ ਦੀ ਉਹ ਉੱਚੀ ਤੇ ਸਾਫ਼ ਹਾਲਤ ਜਿਸ ਵਿੱਚ ਨਾ ਸਰੀਰਕ ਰੁਝੇਵਿਆਂ ਦਾ ਖਿਆਲ ਤੇ ਨਾ ਮਨ ਦੀ ਉਧੇੜ-ਬੁਣ ਬਾਕੀ ਰਹਿ ਜਾਂਦੀ ਹੈ, ਆਤਮਾ ਦੇ ਧੁਰ ਅੰਦਰ ਜਿਥੇ ਵਾਹਿਗੁਰੂ ਅਨੁਭਵ ਹੁੰਦਾ ਹੈ । ਸਰ=ਵਾਕੁਰ ।
੩੨ ਮਦਜ, ਸ਼ਰਾਬ ।
੩੩ ਪ੍ਰੇਮ ਭਾਵਨਾ ।
੩੪ ਘੜੇ, ਭਾਵ ਮਨ ।
੩੫ ਸਰੀਰ-ਨਗਰੀ ।
੩੬ ਨੌਂ ਗੋਲਕਾਂ : ਨੱਕ, ਕੰਨ ਆਦਿ ।
੩੭ ਦੌੜਦੇ ਮਨ ਨੂੰ ਰੋਕ ਰੱਖੋ ।
੩੮ ਤਿੰਨਾਂ ਗੁਣਾਂ ਦੀ ਗੁੰਝਲ ।
੩੯ ਮਸਤ ।
੪੦ ਅਭੈ ਪਦਵੀ ਪੂਰਨ ਕਰਨ ਨਾਲ ਤਿੰਨ ਤਾਪ ਨਾਸ਼ ਹੁੰਦੇ ਹਨ । ਤਿੰਨ ਤਾਪ : ਆਧਿ (ਮਨ ਦੇ ਦੁੱਖ); ਬਿਆਧਿ (ਸਰੀਰ ਦੇ ਦੁੱਖ); ਉਪਾਧਿ (ਭੁਲੇਖੇ ਦੇ ਦੁੱਖ)
੪੧ ਉਲਟੇ । ਮਾਇਆ ਵੱਲ ਚਲਦੇ ਮਨ ਨੂੰ ਉਲਟਾਇਆਂ ਇਹ ਸ਼ਰਾਬ ਮਿਲੀ ਹੈ ।

* ਤਿੰਨਾਂ ਗੁਣਾਂ ਤੋਂ ਪੈਦਾ ਹੋਈਆਂ ਹਾਲਤਾਂ ਅਤੇ ਹੋਰ ਕਰਮ ਛੱਡ ਕੇ ਇਕ ਹਰੀ ਨੂੰ ਮਨ ਵਿੱਚ ਵਸਾਉਣ ਨਾਲ ਮਨ ਉੱਚੀ ਤੋਂ ਉੱਚੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ ।

† ਹਰੀ-ਨਾਮ ਸਭ ਤੋਂ ਅਮੋਲਕ ਵਸਤੂ ਹੈ ਕੋਈ ਧਨ-ਮਾਲ ਇਸ ਦਾ ਟਾਕਰਾ ਨਹੀਂ ਕਰ ਸਕਦਾ ।

‡ ਮਨ ਨੂੰ ਮਾਇਆ ਵਲੋਂ ਉਲਟ ਕੇ ਹਰੀ-ਰਸ ਵਿੱਚ ਲਾਉਣ ਲਈ ਪ੍ਰੇਰਿਆ ਹੈ ।

ਪਾਇਆ ਜੈਸੇ [੧]ਖੋਂਦ ਖੁਮਾਰੀ ॥ ੪ ॥ ੩ ॥ *ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ[੨] [੩]ਗਤਿ ਨਹੀ ਏਕੈ ਜਾਨੀ ॥ [੪]ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ ॥ ੧ ॥ ਚਲਤ ਕਤ ਟੇਢੇ ਟੇਢੇ ਟੇਢੇ ॥ [੫]ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ[੬] ॥ ੧ ॥ ਰਹਾਉ ॥ ਰਾਮ ਨ ਜਪਹੁ ਕਵਨ ਭ੍ਰਮ ਭੂਲੇ ਤੁਮ ਤੇ ਕਾਲੁ ਨ ਦੂਰੇ ॥ ਅਨਿਕ ਜਤਨ ਕਰਿ ਇਹੁ ਤਨੁ ਰਾਖਹੁ [੭]ਰਹੈ ਅਵਸਥਾ ਪੂਰੇ ॥ ੨ ॥ ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ॥ ਜਾ ਤਿਸੁ ਭਾਵੈ ਸਤਿਗੁਰੁ ਭੇਟੈ[੮] ਏਕੋ ਨਾਮੁ ਬਖਾਨੀ[੯] ॥ ੩ ॥ [੧੦]ਬਲੂਆ ਕੇ ਘਰੂਆ ਮਹਿ ਬਸਤੇ [੧੧]ਫੁਲਵਤ ਦੇਹ ਅਇਆਨੇ ॥ ਕਹੁ ਕਬੀਰ ਜਿਹ ਰਾਮੁ ਨ ਚੇਤਿਓ ਬੂਡੇ[੧੨] ਬਹੁਤੁ ਸਿਆਨੇ ॥ ੪ ॥ ੪ ॥ †ਟੇਢੀ ਪਾਗ ਟੇਢੇ ਚਲੇ [੧੩]ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ [੧੪]ਮੇਰੋ ਕਾਮੁ ਦੀਵਾਨ ॥ ੧ ॥ ਰਾਮੁ ਬਿਸਾਰਿਓ ਹੈ ਅਭਿਮਾਨਿ ॥ [੧੫]ਕਨਿਕ ਕਾਮਨੀ ਮਹਾ ਸੁੰਦਰੀ [੧੬]ਪੇਖਿ ਪੇਖਿ ਸਚੁ ਮਾਨਿ ॥ ੧ ॥ ਰਹਾਉ ॥ ਲਾਲਚ ਝੂਠ ਬਿਕਾਰ ਮਹਾ ਮਦ[੧੭] ਇਹ ਬਿਧਿ [੧੮]ਅਉਧ ਬਿਹਾਨਿ ॥ ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ[੧੯] ॥ ੨ ॥ ੫ ॥ ‡ਚਾਰਿ ਦਿਨ ਅਪਨੀ [੨੦]ਨਉਬਤਿ ਚਲੇ ਬਜਾਇ ॥ [੨੧]ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥ ੧ ॥ ਰਹਾਉ ॥ ਦਿਹਰੀ ਬੈਠੀ ਮਿਹਰੀ[੨੨] ਰੋਵੈ [੨੩]ਦੁਆਰੈ ਲਉ ਸੰਗਿ ਮਾਇ ॥ [੨੪]ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ[੨੫] ਇਕੇਲਾ ਜਾਇ ॥ ੧ ॥ [੨੬]ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥ ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥ ੨ ॥ ੬ ॥

ਰਾਗੁ ਕੇਦਾਰਾ ਬਾਣੀ ਰਵਿਦਾਸ[੨੭] ਜੀਉ ਕੀ ੴ ਸਤਿਗੁਰ ਪ੍ਰਸਾਦਿ ॥

§[੨੮]ਖਟੁ ਕਰਮ [੨੯]ਕੁਲ ਸੰਜੁਗਤੁ ਹੈ [੩੦]ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰਬਿੰਦ[੩੧] ਨ ਕਥਾ ਭਾਵੈ [੩੨]ਸੁਪਚ ਤੁਲਿ ਸਮਾਨਿ ॥ ੧ ॥ [੩੩]ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥ ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ[੩੪] ॥ ੧ ॥ ਰਹਾਉ ॥ [੩੫]ਸੁਆਨ ਸਤ੍ਰੁ ਅਜਾਤੁ[੩੬] ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥ ਲੋਗੁ ਬਪੁਰਾ[੩੭] ਕਿਆ ਸਰਾਹੈ[੩੮] [੩੯]ਤੀਨਿ ਲੋਕ ਪ੍ਰਵੇਸ ॥ ੨ ॥ ਅਜਾਮਲੁ[੪੦] ਪਿੰਗੁਲਾ[੪੧] ਲੁਭਤੁ[੪੨] ਕੁੰਚਰੁ[੪੩] ਗਏ ਹਰਿ ਕੈ ਪਾਸਿ ॥ ਐਸੇ [੪੪]ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥ ੩ ॥ ੧ ॥

੧ ਪਸ਼ੂ ਨੂੰ ਕੰਮੋਂ ਹਟਾ ਕੇ ਤੇ ਕਿੱਲੇ ਬੰਨ੍ਹ ਕੇ ਛੋਲੀਆ ਆਦਿ ਤਾਕਤ ਵਾਲੇ ਭੋਜਨ ਖਿਲਾਣ ਨੂੰ ਖੋਦੇ ਬੰਨ੍ਹਣਾ ਕਹਿੰਦੇ ਹਨ । ਖੋਦੋਂ ਕਢਿਆ ਪਸ਼ੂ ਬੜਾ ਤਕੜਾ ਤੇ ਮਸਤ ਹੁੰਦਾ ਹੈ । ਕਹਿੰਦੇ ਹਨ ਏਹ ਨਸ਼ਾ ਪੀ ਕੇ ਖੋਦ ਖੁਮਾਰੀ ਵਾਂਗ ਪ੍ਰਤੀਤ ਹੁੰਦਾ ਹੈ ।

੨ ਗੁਸੇ ਹੋਏ, ਠੱਗੇ ਹੋਏ ।

੩ ਇਕ ਹਰੀ ਦੀ ਪ੍ਰਾਪਤੀ ਦੀ ਅਵਸਥਾ ।

੪ ਅੰਨ੍ਹਿਆਂ ਨੂੰ, ਅਗਿਆਨੀਆਂ ਨੂੰ ।

੫ ਹੱਡੀਆਂ, ਚੰਮ ਤੇ ਵਿਸ਼ਟੇ ਦੇ ਢਕੇ ਹੋਏ ।

੬ ਵੇੜ੍ਹੇ ਹੋਏ, ਲਿਬੜੇ ਹੋਏ ।

੭ ਜਦੋਂ ਉਮਰ ਪੁਗ ਜਾਵੇਗੀ, ਇਹ ਤਨ ਰਹਿ ਜਾਵੇਗਾ ।

੮ ਮਿਲਦਾ ਹੈ । ੯ ਉਚਾਰਦਾ ਹੈ ।

੧੦ ਰੇਤ ਦੇ ਘਰ ।

੧੧ ਇਹ ਇਆਣਾ ਇਸ ਦੇਹ ਦਾ ਮਾਨ ਕਰ ਰਿਹਾ ਹੈ ।

੧੨ ਡੁੱਬ ਗਏ ।

੧੩ ਪਾਨ ਬੀੜੇ ਖਾਣ ਲੱਗਦੇ ਹਨ ।

੧੪ ਮੇਰਾ ਕੰਮ ਦੀਵਾਨ ਦਾ ਹੈ, ਹਕੂਮਤ ਕਰਨਾ ਹੈ ।

੧੫ ਸੋਨਾ ਤੇ ਇਸਤਰੀ ।

੧੬ ਦੇਖ-ਦੇਖ ਕੇ । ੧੭ ਨਸ਼ਾ ।

੧੮ ਉਮਰ ਗੁਜ਼ਰਦੀ ਹੈ ।

੧੯ ਓੜਕ ।

੨੦ [ਹਾਕਮਾਂ ਦੇ ਦਰਵਾਜ਼ੇ 'ਤੇ ਨੌਬਤ ਵਜਦੀ ਸੀ] ਹਕੂਮਤ ਕਰ ਗਏ ।

੨੧ ਇਤਨੀ ਖੱਟੀ ਗੰਢਾਂ ਵਿੱਚ ਤੇ ਮਿੱਟੀ ਵਿੱਚ ਦੱਬੀ ਹੋਈ । ੨੨ ਇਸਤਰੀ ।

੨੩ ਦਰਵਾਜ਼ੇ ਤੱਕ ਮਾਂ ਨਾਲ ਜਾਂਦੀ ਹੈ ।

੨੪ ਸ਼ਮਸ਼ਾਨ ਭੂਮੀ ਤੱਕ । ੨੫ ਰੂਹ ।

੨੬ ਓਹ ਪੁੱਤਰ ਤੇ ਓਹ ਧਨ ਓਹ ਨਗਰ ਤੇ ਓਹ ਸ਼ਹਿਰ ਮੁੜ ਨਹੀਂ ਆ ਕੇ ਦੇਖਣੇ ਮਿਲਦੇ ।

੨੭ ਕਾਂਸ਼ੀ ਦਾ ਉੱਘਾ ਭਗਤ ਜੋ ਰਾਮਾ ਨੰਦ ਦਾ ਚੇਲਾ ਤੇ ਕਬੀਰ ਜੀ ਦਾ ਸਮਕਾਲੀ ਸੀ । ਇਹ ਚਮਾਰ ਦਾ ਕੰਮ ਕਰਦਾ ਸੀ ।

੨੮ ਸ਼ਾਸਤਰਾਂ ਦੇ ਦੱਸੇ ਛੇ ਕਰਮ । ਦੇਖੋ ਪੰਨਾ ੧੧੧੯, ਨੋਟ ੨੦ ।

੨੯ ਚੰਗੀ ਕੁਲ ਸੰਯੁਕਤ ਹੋਵੇ, ਚੰਗਾ ਖਾਨਦਾਨੀ ਹੋਵੇ।

੩੦ ਪਰ ਹਿਰਦੇ ਵਿੱਚ ਜੇ ਭਗਤੀ ਨਹੀਂ ਹੈ ।

੩੧ ਹਰੀ ਦੇ ਚਰਨ ਕਮਲਾਂ ਦੀ ।

੩੨ [ਸੰ. ਸ਼੍ਵ (ਕੁੱਤਾ) ਪਚ (ਖਾਣ ਵਾਲਾ)] ਚੰਡਾਲ ਦੇ ਬਰਾਬਰ ਹੈ ।

੩੩ ਹੇ ਚੇਤ ਤੋਂ ਅਚੇਤ ਚਿਤ (ਮੂਰਖ ਮਨ) ! ਕਿਉਂ ਨਹੀਂ ਬਾਲਮੀਕ ਵੱਲ ਵੇਖਦਾ (ਕਿ ਉਹ ਹਰੀ ਜਪ ਕੇ ਕਿਸ ਨੀਚ ਜ਼ਾਤ ਤੋਂ ਅਮਰ ਹੋ ਗਿਆ) ?

੩੪ ਵਿਸ਼ੇਸ਼ਤਾ । ਇਹ ਵਡਿਆਈ ਭਗਤੀ ਦੇ ਕਾਰਨ ਸੀ ।

੩੫ ਕੁੱਤਿਆਂ ਨੂੰ ਮਾਰਨ ਵਾਲਾ ਸੀ ਬਾਲਮੀਕ ।

੩੬ ਚੰਡਾਲ । ੩੭ ਵਿਚਾਰਾ ।

੩੮ ਸਲਾਹੇ ।

੩੯ ਤਿੰਨਾਂ ਲੋਕਾਂ ਵਿੱਚ ਉਹ ਪਸਰਿਆ ਹੋਇਆ ਹੈ, ਉਸ ਦੀ ਉਪਮਾ ਖਿਲਰੀ ਹੋਈ ਹੈ ।

੪੦ ਇਕ ਬ੍ਰਾਹਮਣ ਜੋ ਵੇਸਵਾ ਨਾਲ ਰਹਿੰਦਾ ਸੀ । ਪੁੱਤਰ ਦਾ ਨਾਂ 'ਨਾਰਾਇਣ' ਹੋਣ ਕਰ ਕੇ ਨਾਰਾਇਣ ਦਾ ਨਾਮ ਲੈਣ ਲੱਗ ਪਿਆ, ਜਿਸ ਕਰ ਕੇ ਉਸ ਦਾ ਉਧਾਰ ਹੋ ਗਿਆ ।

੪੧ ਇਕ ਕੰਜਰੀ । ਦੇਖੋ ਭਾਗਵਤ, ਯਾਰ੍ਹਵਾਂ ਸਕੰਧ ਅੱਠਵਾਂ ਅਧਿਆਇ ।

੪੨ ਇਕ ਲੋਦੀਆ ਨਾਮੇ ਸ਼ਿਕਾਰੀ ਸੀ, ਉਸ ਨੇ ਸੰਤਾਂ ਦੀ ਸੇਵਾ ਕੀਤੀ, ਬਹੁਤ ਸ਼ਿਕਾਰ ਮਿਲੇ, ਇਕ ਸੰਤਾਂ ਨੂੰ ਦਿੱਤਾ; ਉਨ੍ਹਾਂ ਕਿਹਾ ਸਾਡੇ ਕੰਮ ਦਾ ਨਹੀਂ ਹੈ; ਸਾਨੂੰ ਕੋਈ ਸੰਖ ਚਕ੍ਰ ਗਦਾ ਵਾਲਾ, ਭਾਵ ਹਰੀ, ਲੱਭ ਕੇ ਲਿਆ ਦੇ । ਸ਼ਿਕਾਰੀ ਲੱਭ ਥਕਿਆ, ਪਰ ਨਾ ਮਿਲਿਆ, ਇਸ 'ਤੇ ਮਾਯੂਸ ਹੋ ਮਰਨ ਲੱਗਾ ਤੇ ਭਗਵਾਨ ਪ੍ਰਗਟ ਹੋਏ ।

੪੩ ਭਾਗਵਤ ਅਨੁਸਾਰ ਇਕ ਗੰਧਰਵ, ਜੋ ਕਿਸੇ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ। ਇਸ ਨੂੰ ਵਰੁਣ ਦੇ ਤਲਾਅ ਵਿੱਚ ਇਕ ਤੇਂਦੂਆ ਆਪਣੀਆਂ ਤੰਦਾਂ ਵਿੱਚ ਪਕੜ ਬੈਠਾ ਸੀ । ਰਾਮ-ਨਾਮ ਸਿਮਰਨ ਨਾਲ ਛੁਟਕਾਰਾ ਹੋਇਆ।

੪੪ ਖੋਟੀ ਬੁੱਧ ਵਾਲੇ ਤਰ ਗਏ ।

---

* ਸਰੀਰਕ ਚੇਸ਼ਟਾ ਵਾਲੇ ਰਸਾਂ ਨਾਲ ਕੋਈ ਅੰਤ ਨਿਭਣ ਵਾਲੀ ਖੁਸ਼ੀ ਨਹੀਂ ਮਿਲਦੀ । ਇਸ ਭਰਮ ਵਿਚੋਂ ਕੱਢ ਕੇ ਗੁਰੂ ਹੀ ਹਰੀ-ਨਾਮ ਵਿੱਚ ਲਾਉਂਦਾ ਹੈ ।

† ਭਾਉ ਭਗਤਿ ਨੂੰ ਛੱਡ ਕੇ ਹੋਛੇ ਰਸਾਂ ਵਿੱਚ ਲੱਗਣ ਨਾਲ ਮੌਤ ਹੀ ਮਿਲਦੀ ਹੈ ।

‡ ਸੰਸਾਰਕ ਵਡਿਆਈ ਚਾਰ ਦਿਨ ਦੀ ਹੈ, ਹਰੀ-ਨਾਮ ਤੋਂ ਬਿਨਾਂ ਜੀਵਨ ਵਿਅਰਥ ਜਾਂਦਾ ਹੈ ।

§ ਉੱਚੀ ਕੁਲ ਵਾਲਾ ਤੇ ਕਰਮ-ਕਾਂਡੀ ਹੋਣ ਨਾਲ ਹਰੀ ਦੀ ਨਜ਼ਰ ਵਿੱਚ ਪ੍ਰਵਾਨ ਨਹੀਂ ਹੋਈਦਾ । ਨੀਚ ਕੁਲ ਵਾਲੇ ਭਗਤ ਲੋਕ ਹਰੀ-ਨਾਮ ਲੈਣ ਨਾਲ ਤਰ ਗਏ ।

ਰਾਗੁ ਭੈਰਉ ਮਹਲਾ ੧
ਘਰੁ ੧ ਚਉਪਦੇ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*ਤੁਝ ਤੇ ਬਾਹਰਿ ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥ ੧ ॥ ਕਿਆ ਕਹੀਐ ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ[੧] ਸਭ ਤੇਰੀ ਰਜਾਇ ॥ ੧ ॥ ਰਹਾਉ ॥ [੨]ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥ ਕਿਸੁ ਆਗੈ ਕੀਚੈ[੩] ਅਰਦਾਸਿ ॥ ੨ ॥ [੪]ਆਖਣੁ ਸੁਨਣਾ ਤੇਰੀ ਬਾਣੀ ॥ ਤੂ ਆਪੇ ਜਾਣਹਿ [੫]ਸਰਬ ਵਿਡਾਣੀ ॥ ੩ ॥ ਕਰੇ ਕਰਾਏ ਜਾਣੈ ਆਪਿ ॥ ਨਾਨਕ ਦੇਖੈ [੬]ਥਾਪਿ ਉਥਾਪਿ ॥ ੪ ॥ ੧ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਭੈਰਉ ਮਹਲਾ ੧ ਘਰੁ ੨ ॥

†ਗੁਰ ਕੈ ਸਬਦਿ ਤਰੇ ਮੁਨਿ[੭] ਕੇਤੇ [੮]ਇੰਦ੍ਰਾਦਿਕ ਬ੍ਰਹਮਾਦਿ ਤਰੇ ॥ [੯]ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ[੧੦] ਪਾਰਿ ਪਰੇ ॥ ੧ ॥ ਭਵਜਲੁ[੧੧] ਬਿਨੁ ਸਬਦੈ ਕਿਉ ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ[੧੨] ਡੁਬਿ ਡੁਬਿ ਮਰੀਐ ॥ ੧ ॥ ਰਹਾਉ ॥ ਗੁਰੁ ਦੇਵਾ ਗੁਰੁ ਅਲਖ ਅਭੇਵਾ[੧੩] ਤ੍ਰਿਭਵਣ[੧੪] ਸੋਝੀ ਗੁਰ ਕੀ ਸੇਵਾ ॥ ਆਪੇ ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ ॥ ੨ ॥ [੧੫]ਮਨੁ ਰਾਜਾ [੧੬]ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ[੧੭] ॥ ਮਨੁ ਜੋਗੀ[੧੮] ਮਨੁ [੧੯]ਬਿਨਸਿ ਬਿਓਗੀ [੨੦]ਮਨੁ ਸਮਝੈ ਗੁਣ ਗਾਈ ॥ ੩ ॥ ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ॥ ਨਾਨਕ [੨੧]ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥ ੪ ॥ ੧ ॥ ੨ ॥
ਭੈਰਉ ਮਹਲਾ ੧‡ ॥ [੨੨]ਨੈਨੀ ਦ੍ਰਿਸਟਿ ਨਹੀ ਤਨੁ ਹੀਨਾ [੨੩]ਜਰਿ ਜੀਤਿਆ

੧ ਹੈ ।
੨ ਜੋ ਭੀ ਬੇਨਤੀ ਕਰਨੀ ਹੈ ਸੋ ਤੇਰੇ ਪਾਸ ਹੀ ਕਰਨੀ ਹੈ ।
੩ ਕਰੀਏ ।
੪ ਜੋ ਕੁਝ ਬੋਲਣਾ ਹੈ ਜਾਂ ਸੁਣਨਾ ਹੈ ਤੇਰੀ ਬਾਣੀ ਹੀ ਹੈ । "ਬਾਣੀ ਪ੍ਰਭ ਕੀ ਸਭੁ ਕੋ ਬੋਲੈ" (ਸੁਖਮਨੀ)। "ਆਖਣਾ ਸੁਨਣਾ ਨਾਮੁ ਅਧਾਰੁ॥ ਧੰਧਾ ਛੁਟਕਿ ਗਇਆ ਵੇਕਾਰੁ" (ਪ੍ਰਭਾਤੀ ਮ:੧)
੫ ਹੇ ਸਭ ਤਰ੍ਹਾਂ ਦੇ ਕੌਤਕਾਂ ਵਾਲੇ ! ਦੇਖੋ ਪੰਨਾ ੩੫੫ ਨੋਟ ੩੪ ।
੬ ਬਣਾ-ਬਣਾ ਕੇ ਤੇ ਢਾਹ-ਢਾਹ ਕੇ ।
੭ ਮੋਨੀ, ਚੁੱਪ ਸਾਧਣ ਵਾਲੇ ।
੮ ਇੰਦ੍ਰ ਆਦਿ ਅਤੇ ਬ੍ਰਹਮਾ ਆਦਿ ।
੯ ਬ੍ਰਹਮਾ ਦੇ ਲੜਕੇ ।
੧੦ ਕਿਰਪਾ ਦੁਆਰਾ ।
੧੧ ਹਸਤੀ ਦਾ ਸਮੁੰਦਰ ।
੧੨ ਦ੍ਵੈਤ ਭਾਵ ਦੇ ਕਾਰਨ ।
੧੩ ਜਿਸ ਦਾ ਭੇਦ ਪਾਇਆ ਜਾ ਸਕੇ ।
੧੪ ਤਿੰਨਾਂ ਭਵਨਾਂ ਦੀ, ਸਾਰੇ ਜਹਾਨ ਦੀ ।
੧੫ ਮਨ ਦੀਆਂ ਅੱਡ-ਅੱਡ ਹਾਲਤਾਂ ਦੱਸੀਆਂ ਹਨ, ਕਿਉਂਕਿ ਖੇਡ ਸਾਰੀ ਹੈ ਹੀ ਮਨ ਦੀ । ਪਹਿਲੋਂ ਮਨ ਨੂੰ ਭੋਗਣ ਵਾਲਾ ਰਾਜਾ ਕਿਹਾ ਹੈ, ਜੋ ਆਪਣੀਆਂ ਰਜੋ ਗੁਣ ਵਾਲੀਆਂ ਖਾਹਿਸ਼ਾਂ ਪਿੱਛੇ ਭੱਜਦਾ ਹੈ ਪਰ ਗੁਰੂ ਦੇ ਪਰਚੇ ਦੁਆਰਾ ਇਸ ਨੂੰ ਮਨ ਵਿਚੋਂ ਹੀ ਸੰਤੋਖ ਮਿਲ ਜਾਂਦਾ ਹੈ । ਅਗਲੀ ਤੁਕ ਵਿੱਚ ਮਨ ਨੂੰ ਜੋਗੀ ਕਿਹਾ ਹੈ ।
੧੬ ਮਨ ਨੂੰ ਮਨ ਵਿਚੋਂ ਹੀ ਸ਼ਾਂਤੀ ਮਿਲ ਗਈ । ਦੇਖੋ ਪੰਨਾ ੫੮੭, ਨੋਟ ੨੧ ।
੧੭ ਮੁੱਕ ਗਈ । ਦੇਖੋ ਪੰਨਾ ੪੧੯, ਨੋਟ ੧੫ ।
੧੮ ਜੁੜਿਆ ਹੋਇਆ ਹਰੀ ਨਾਲ ।
੧੯ ਵਿਛੜ ਕੇ ਨਾਸ ਹੁੰਦਾ ਹੈ ।
੨੦ ਤੇ ਸਮਝ ਵਾਲਾ ਹੋ ਕੇ ਗੁਣ ਗਾਂਵਦਾ ਹੈ ।
੨੧ ਮਾਲਕ (ਹਰੀ) ਸਭ ਥਾਂ ਭਰਪੂਰ ਤੇ ਲੀਣ (ਮਿਲਿਆ ਹੋਇਆ) ਹੈ । ਦੇਖੋ ਪੰਨਾ ੫੬੨, ਨੋਟ ੨੭ ।
੨੨ ਅੱਖੀਂ ਦਿਸਦਾ ਨਹੀਂ ।
੨੩ ਬੁਢੇਪੇ ਦਾ ਜਿਤਿਆ ਹੋਇਆ ।

* ਸਭ ਕੁਝ ਹਰੀ ਤੋਂ ਹੈ ਤੇ ਉਸੇ ਦੀ ਰਜ਼ਾ ਵਿੱਚ ਹੋ ਰਿਹਾ ਹੈ ।

† ਵੱਡੇ-ਵੱਡੇ ਰਿਸ਼ੀ ਮੁਨੀ ਤੇ ਦੇਵਤੇ ਗੁਰੂ ਦੇ ਸ਼ਬਦ ਰਾਹੀਂ ਹੀ ਤਰਦੇ ਆਏ ਹਨ (੧) । ਗੁਰੂ ਅਲੱਖ ਅਭੇਵ ਹਰੀ ਦਾ ਰੂਪ ਹੈ, ਇਸੇ ਲਈ ਅਲੱਖ ਅਭੇਵ ਹਰੀ ਦੀ ਸੋਝੀ ਕਰਾ ਸਕਦਾ ਹੈ (੨) । ਤੇ ਮਨ ਦੀਆਂ ਸਾਰੀਆਂ ਹਾਲਤਾਂ ਵਿੱਚ ਉਸ ਦੀ ਨਿਸ਼ਾ ਕਰਾ ਸਕਦਾ ਹੈ (੩) । ਐਸੇ ਜਨ ਵਿਰਲੇ ਹੀ ਹੁੰਦੇ ਹਨ ਜੋ ਗੁਰੂ ਦੇ ਰਾਹੀਂ ਉਪਰ ਦੱਸੇ ਦੋ ਕੰਮ ਕਰਦੇ ਹਨ, ਅਰਥਾਤ ਮਨ ਨੂੰ ਮਾਰਨਾ ਅਤੇ ਅਲੱਖ ਅਭੇਵ ਹਰੀ ਨੂੰ ਹਰ ਥਾਂ ਪਸਰਿਆ ਹੋਇਆ ਵੇਖਣਾ (੪) ।

‡ ਆਮ ਮਨੁੱਖ ਤਾਂ ਹੋਛੇ ਰੂਪ ਰਸ ਵਿੱਚ ਲੱਗੇ ਹੋਏ ਜਨਮ ਗੁਆ ਲੈਂਦੇ ਹਨ । ਸਫਲ ਜਨਮ ਗੁਰੂ ਦੇ ਦੱਸੇ ਨਾਮ ਦੁਆਰਾ ਹੁੰਦਾ ਹੈ ।

ਸਿਰਿ ਕਾਲੋ ॥ [੧]ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥ ੧ ॥ ਪ੍ਰਾਣੀ ਹਰਿ ਜਪਿ ਜਨਮੁ ਗਇਓ ॥ ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥ ੧ ॥ ਰਹਾਉ ॥ ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ[੨] ਕਠਿਨ ਪੀਰ ਅਤਿ ਭਾਰੀ ॥ [੩]ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥ ੨ ॥ [੪]ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ[੫] ਨਹੀ ਬੂਝਿਆ ॥ ਜਨਮੁ ਪਦਾਰਥੁ ਮਨਮੁਖਿ[੬] ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥ ੩ ॥ ਰਹੈ ਉਦਾਸੁ ਆਸ ਨਿਰਾਸਾ[੭] ਸਹਜ ਧਿਆਨਿ ਬੈਰਾਗੀ ॥ ਪ੍ਰਣਵਤਿ[੮] ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥ ੪ ॥ ੨ ॥ ੩ ॥ ਭੈਰਉ ਮਹਲਾ ੧* ॥ ਭੂੰਡੀ[੯] ਚਾਲ [੧੦]ਚਰਣ ਕਰ ਖਿਸਰੇ ਤੁਚਾ[੧੧] ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ [੪]ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥ ੧ ॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥ ੧ ॥ ਰਹਾਉ ॥ [੧੨]ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ[੧੩] ॥ ੨ ॥ ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥ ੩ ॥ [੧੪]ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥ ਗੁਰ ਪਰਸਾਦਿ [੧੫]ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥ ੪ ॥ ੩ ॥ ੪ ॥ ਭੈਰਉ ਮਹਲਾ ੧† ॥ [੧੬]ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ ॥ ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ ॥ ੧ ॥ ਮਨ ਰੇ ਕਿਉ ਛੂਟਸਿ ਦੂਖੁ ਭਾਰੀ ॥ ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮ ਜਪਹੁ ਗੁਣਕਾਰੀ[੧੭] ॥ ੧ ॥ ਰਹਾਉ ॥ [੧੮]ਊਂਧਉ ਕਵਲੁ ਮਨਮੁਖ ਮਤਿ ਹੋਛੀ[੧੯] ਮਨਿ ਅੰਧੈ ਸਿਰਿ ਧੰਧਾ ॥ ਕਾਲੁ ਬਿਕਾਲੁ[੨੦] ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥ ੨ ॥ ਡਗਰੀ[੨੧] ਚਾਲ ਨੇਤ੍ਰ ਫੁਨਿ[੨੨] ਅੰਧੁਲੇ [੨੩]ਸਬਦ ਸੁਰਤਿ ਨਹੀ ਭਾਈ ॥ ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥ ੩ ॥ ਖੋਇਓ ਮੂਲੁ ਲਾਭੁ ਕਹ ਪਾਵਸਿ [੨੪]ਦੁਰਮਤਿ ਗਿਆਨ ਵਿਹੂਣੇ ॥ ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ[੨੫] ॥ ੪ ॥ ੪ ॥ ੫ ॥ ਭੈਰਉ ਮਹਲਾ ੧‡ ॥ ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥ ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥ ੧ ॥ ਸੋ ਜਨੁ ਐਸਾ ਮੈ ਮਨਿ ਭਾਵੈ ॥ ਆਪੁ ਮਾਰਿ ਅਪਰੰਪਰਿ[੨੬] ਰਾਤਾ ਗੁਰ ਕੀ

੧ ਰੂਪ ਰੰਗ ਤੇ ਰਹੱਸ (ਸੁਆਦ) ਸੱਚੇ ਨਹੀਂ (ਭਾਵ ਝੂਠੇ ਨਾਸਮਾਨ ਰੂਪ ਰਸ ਵਿੱਚ ਲੱਗਾ ਹੋਇਆ ਹੈ); ਇਸ ਲਈ ਜਮ ਦਾ ਜਾਲ ਇਸ ਨੂੰ ਕਿਵੇਂ ਛੱਡ ਸਕਦਾ ਹੈ ?

੨ ਮੈਂ-ਮੇਰੀ ਦਾ ਭਾਵ ।

੩ ਗੁਰੂ ਦੁਆਰਾ ਜੀਭ ਨਾਲ ਰਾਮ-ਰਸ ਜਪੋ, ਭਾਵ ਰਾਮ-ਨਾਮ ਜਿਹੀ ਸਵਾਦੀ ਚੀਜ਼ ਗ੍ਰਹਿਣ ਕਰੋ।

੪ ਕੰਨ ਬੋਲੇ ਹੋ ਗਏ ।

੫ ਗਿਆਨ ।

੬ ਗੁਰੂ ਤੋਂ ਬੇਮੁੱਖ ਹੋਣ ਕਰ ਕੇ ।

੭ ਸਹਜ ਦੇ ਧਿਆਨ ਵਿੱਚ ਵੈਰਾਗੀ ਹੋ ਕੇ ਰਹੇ, ਭਾਵ ਮਾਇਆ ਤੋਂ ਉਚਾਟ ਹੋ ਕੇ ਪੂਰਨ ਅਡੋਲਤਾ ਵਾਲੀ ਹਾਲਤ ਵਿੱਚ ਰਹੇ ।

੮ ਕਹਿੰਦਾ ਹੈ ।

੯ ਭੱਦੀ, ਕੋਝੀ ।

੧੦ ਪੈਰ ਤੇ ਹੱਥ ਢਿੱਲੇ ਹੋ ਗਏ ।

੧੧ ਚਮੜੀ ।

੧੨ ਜੀਭ ਹਰੀ ਦੇ ਪ੍ਰੇਮ ਵਿੱਚ ਨਹੀਂ ਲੱਗੀ, ਜਦ ਵੀ ਬੋਲਦੀ ਹੈ ਤਦ ਹੀ ਫਿੱਕੇ ਬਚਨ ਬੋਲਦੀ ਹੈ ।

੧੩ ਚੰਗੇ ।

੧੪ ਹੋਰ ਕਿਸੇ ਦਰ ਘਰ ਨੂੰ ਜੋ ਨਹੀਂ ਜਾਣਦਾ ।

੧੫ ਕਿਰਪਾ ਨਾਲ ।

੧੬ ਸਾਰੀ ਰਾਤ ।

੧੭ ਜੋ ਫ਼ਾਇਦੇਮੰਦ ਹੈ ।

੧੮ ਮਨਮੁਖ ਦਾ ਹਿਰਦਾ ਰੂਪ ਕਮਲ ਉਲਟਾ ਹੈ।

੧੯ ਮਨ ਅੰਨ੍ਹਾ ਹੋਣ ਕਰ ਕੇ ਸਿਰ ਉੱਤੇ ਸੰਸਾਰ ਦੇ ਧੰਧੇ ਪਏ ਰਹਿੰਦੇ ਹਨ । ਦੇਖੋ ਨੇਮ ੧੨ ।

੨੦ [ਕਾਲ ਤੋਂ ਉਲਟ] ਜਨਮ । ਜਨਮ ਮਰਨ ਸਦਾ ਤੇਰੇ ਸਿਰ ਰਹਿੰਦੇ ਹਨ ।

੨੧ ਡੋਲਣ ਵਾਲੀ, ਟੇਢੀ ।

੨੨ ਭੀ ।

੨੩ ਗੁਰੂ ਦੇ ਸ਼ਬਦ ਦੀ ਸੋਝੀ ਨਹੀਂ ਚੰਗੀ ਲੱਗਦੀ (ਸ਼ਾਸਤਰ ਵੇਦ ਹੀ ਚੰਗੇ ਲੱਗਦੇ ਹਨ) । ਉਸ ਨੂੰ ਇਹ ਨਹੀਂ ਪਤਾ ਕਿ ਸ਼ਾਸਤਰ ਵੇਦ ਤਾਂ ਤ੍ਰੈਗੁਣੀ ਮਾਇਆ ਵਾਲੇ ਹਨ । ਦੇਖੋ ਪੰਨਾ ੧੧੪, ਫੁਟ ਨੋਟ* ।

੨੪ ਖੋਟੀ ਮਤਿ ਤੇ ਗਿਆਨ ਤੋਂ ਖਾਲੀ ਹੋਣ ਕਰ ਕੇ।

੨੫ ਪਤੀਜੇ ।

੨੬ ਪਰੇ ਤੋਂ ਪਰੇ ਹਰੀ ਵਿੱਚ ।

* ਗੁਰੂ ਨੂੰ ਨਾ ਮੰਨਣ ਵਾਲਾ ਮਨਮੁਖ ਹਰੀ-ਰਸ ਵਿੱਚ ਰੁਚੀ ਨਹੀਂ ਰੱਖਦਾ, ਬਲਕਿ ਹਰੀ-ਰਸ ਵਾਲਿਆਂ ਦੀ ਨਿੰਦਾ ਕਰਦਾ ਹੈ, ਇਸ ਲਈ ਉਸ ਦੀ ਬ੍ਰਿਤੀ ਪਸ਼ੂ ਵਾਲੀ ਬਣ ਜਾਂਦੀ ਹੈ, ਤੇ ਜ਼ਿੰਦਗੀ ਦੀ ਹਰ-ਇਕ ਗੱਲ ਕੋਝੀ ਹੁੰਦੀ ਹੈ । ਹਰ ਵੇਲੇ ਉਸ ਨੂੰ ਮੌਤ ਦਾ ਡਰ ਸਤਾਉਂਦਾ ਰਹਿੰਦਾ ਹੈ । ਗੁਰੂ ਮਿਲੇ, ਤਾਂ ਹਰੀ ਦੇ ਦਰ ਦੀ ਸੋਝੀ ਹੁੰਦੀ ਹੈ ।

† ਮਨਮੁਖ ਦਾ ਦਿਲ ਮੂੰਧੇ ਪਏ ਕੰਵਲ ਵਾਂਗ ਹੁੰਦਾ ਹੈ, ਜਿਸ ਵਿੱਚ ਨਾਮ-ਅੰਮ੍ਰਿਤ ਨਹੀਂ ਪੈ ਸਕਦਾ । ਉਹ ਤਾਂ ਹੋਛੀ ਮਤਿ ਦੁਆਰਾ ਸ਼ਾਸਤਰਾਂ ਵੇਦਾਂ ਦੇ ਤ੍ਰੈਗੁਣੀ ਭਰਮਾਂ ਵਿੱਚ ਪਿਆ ਰਹਿੰਦਾ ਹੈ ਅਤੇ ਗੁਰ-ਸ਼ਬਦ ਵੱਲ ਰੁਚੀ ਕਰਨੋਂ ਕਤਰਾਉਂਦਾ ਹੈ । ਸਿੱਟਾ ਇਹ ਨਿਕਲਦਾ ਹੈ ਕਿ ਉਸ ਦੀ ਜ਼ਿੰਦਗੀ ਅਗਿਆਨਤਾ ਵਿੱਚ ਨਿਸਫਲ ਜਾਂਦੀ ਹੈ । ਨਾਮ-ਰਸ ਤਾਂ ਗੁਰ-ਸ਼ਬਦ ਰਾਹੀਂ ਮਿਲ ਸਕਦਾ ਹੈ ।

‡ ਗੁਰੂ ਸਾਹਿਬ ਕਹਿੰਦੇ ਹਨ ਕਿ ਸਾਨੂੰ ਤਾਂ ਉਹ ਚੰਗਾ ਲੱਗਦਾ ਹੈ ਜੋ ਸਦਾ ਗੁਰੂ ਦੀ ਸੰਗਤ ਵਿੱਚ ਰਹਿ ਕੇ ਸ਼ਬਦ ਨੂੰ ਵਿਚਾਰਦਾ ਤੇ ਹਰੀ-ਰਸ ਵਿੱਚ ਰਹਿੰਦਾ ਹੋਇਆ ਗੁਰੂ ਦੀ ਸੇਵਾ ਕਰਦਾ ਹੈ । ਐਸਾ ਪੁਰਸ਼ ਹਰ ਵਕਤ ਤੇ ਹਰ ਥਾਂ ਪਵਿੱਤਰ ਹਰੀ ਨੂੰ ਹਾਜ਼ਰ-ਨਾਜ਼ਰ ਦੇਖਦਾ ਹੈ, ਇਸ ਲਈ ਉਸ ਦੇ ਨੇੜੇ ਅਪਵਿੱਤ੍ਰਤਾ ਨਹੀਂ ਆਉਂਦੀ ਤੇ ਗੁਣੀਆਂ ਨੂੰ ਮਿਲ ਕੇ ਗੁਣ ਗ੍ਰਹਿਣ ਕਰਦਾ ਰਹਿੰਦਾ ਹੈ ।

ਕਾਰ ਕਮਾਵੈ ॥ ੧ ॥ ਰਹਾਉ ॥ ਅੰਤਰਿ ਬਾਹਰਿ ਪੁਰਖੁ ਨਿਰੰਜਨੁ[੧] ਆਦਿ ਪੁਰਖੁ ਆਦੇਸੋ[੨] ॥ ਘਟ ਘਟ ਅੰਤਰਿ [੩]ਸਰਬ ਨਿਰੰਤਰਿ ਰਵਿ ਰਹਿਆ ਸਚੁ[੪] ਵੇਸੋ ॥ ੨ ॥ ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ[੫] ਮਿਥਿਆ ਮੈਲੁ ਨ ਰਾਈ[੬] ॥ ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥ ੩ ॥ [੭]ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ[੮] ਨਾਮਿ ਵਡਾਈ ॥ ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ[੯] ॥ ੪ ॥ ੫ ॥ ੬ ॥ ਭੈਰਉ ਮਹਲਾ ੧* ॥ ਹਿਰਦੈ [੧੦]ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ[੧੧] ਪਾਈਐ ॥ ਅਮਰ ਪਦਾਰਥ ਤੇ ਕਿਰਤਾਰਥ[੧੨] [੧੩]ਸਹਜ ਧਿਆਨਿ ਲਿਵ ਲਾਈਐ ॥ ੧ ॥ ਮਨ ਰੇ ਰਾਮ ਭਗਤਿ ਚਿਤੁ ਲਾਈਐ ॥ ਗੁਰਮੁਖਿ[੮] ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ ॥ ੧ ॥ ਰਹਾਉ ॥ ਭਰਮੁ ਭੇਦੁ ਭਉ ਕਬਹੁ ਨ ਛੂਟਸਿ [੧੪]ਆਵਤ ਜਾਤ ਨ ਜਾਨੀ ॥ ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ ॥ ੨ ॥ ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥ ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ ਅੰਧੁਲੇ ਧੰਧੁ ਪਸਾਰਾ ॥ ੩ ॥ [੧੫]ਅਕੁਲ ਨਿਰੰਜਨ[੧] ਸਿਉ ਮਨੁ ਮਾਨਿਆ [੧੬]ਮਨ ਹੀ ਤੇ ਮਨੁ ਮੂਆ ॥ ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥ ੪ ॥ ੬ ॥ ੭ ॥ ਭੈਰਉ ਮਹਲਾ ੧† ॥ [੧੭]ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ[੧੮] ਲਹੈ ॥ ੧ ॥ ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥ ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥ ੧ ॥ ਰਹਾਉ ॥ ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ[੧੯] ਕਰੈ ॥ ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ [੨੦]ਉਰਝਿ ਮਰੈ ॥ ੨ ॥ ਡੰਡ[੨੧] ਕਮੰਡਲ ਸਿਖਾ[੨੨] ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥ ੩ ॥ [੨੩]ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ [੨੪]ਕਿਰਤ ਕੈ ਬਾਂਧੈ ਭੇਖੁ ਭਇਆ ॥ ੪ ॥ ਜੇਤੇ ਜੀਅ ਜੰਤ [੨੫]ਜਲਿ ਥਲਿ ਮਹੀਅਲਿ [੨੬]ਜਤ੍ਰ ਕਤ੍ਰ ਤੂ ਸਰਬ ਜੀਆ ॥ ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ[੨੭] ਪੀਆ ॥ ੫ ॥ ੭ ॥ ੮ ॥

੧ ਮਾਇਆ ਰਹਿਤ ਹਰੀ ।
੨ ਨਮਸਕਾਰ ।
੩ ਸਭ ਦੇ ਧੁਰ ਅੰਦਰ ।
੪ ਸੱਚ ਸਰੂਪ (ਹਰੀ) ।
੫ ਜੀਭ ।
੬ ਰਤਾ ਵੀ ।
੭ (ਸਿੱਖ) ਗੁਣੀ (ਗੁਰੂ) ਗੁਣੀ ਨੂੰ ਮਿਲ ਕੇ ।
੮ ਗੁਰੂ ਦੁਆਰਾ ।
੯ ਸਾਥੀ, ਮਿੱਤਰ ।
੧੦ ਨਾਮ ਹਰ ਤਰ੍ਹਾਂ ਦਾ ਧਨ ਹੈ ਤੇ ਸਾਰਿਆਂ ਦਾ ਆਸਰਾ ਹੈ ।
੧੧ ਕਿਰਪਾ ਨਾਲ ।
੧੨ ਸਫਲ ।
੧੩ ਪੂਰਨ ਸ਼ਾਂਤੀ ਤੇ ਅਡੋਲਤਾ ਵਾਲੇ ਧਿਆਨ ਦੁਆਰਾ ਲਿਵ ਲਾਈਏ (ਬਿਰਤੀ ਜੋੜੀਏ) ।
੧੪ ਜੰਮਦੇ ਮਰਦੇ ਰਹੇ ਪਰ ਸਮਝ ਨਾ ਆਈ ।
੧੫ ਕੁਲ ਰਹਿਤ ਹਰੀ ।
੧੬ (ਇਸ ਤਰ੍ਹਾਂ) ਮਨ ਦੀ ਮੱਦਦ ਨਾਲ ਹੀ ਮਨ ਦੇ ਵਿਕਾਰ ਦੂਰ ਹੋ ਗਏ ।
੧੭ ਹੋਮ ਯੱਗ ।
੧੮ ਗੁਰੂ ਦੀ ਆਗਿਆ ਵਿੱਚ ਚੱਲਣ ਵਾਲਾ ।
੧੯ ਤ੍ਰੈ ਕਾਲ, ਤਿੰਨੇ ਵੇਲੇ ।
੨੦ ਫਸ ਮਰਦਾ ਹੈ ।
੨੧ ਡੰਡਾ ।
੨੨ ਬੋਦੀ ।
੨੩ ਜਟਾਂ ਦਾ ਜੂੜਾ ।
੨੪ ਕਰਮਾਂ ਦੀ ਕਮਾਈ ਦੇ ਬੱਧੇ ਹੋਏ (ਸੰਸਕਾਰਾਂ ਅਧੀਨ) ।
੨੫ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰਲੇ ਪੁਲਾੜ ਵਿੱਚ ।
੨੬ ਜਿੱਥੇ ਕਿੱਥੇ, ਭਾਵ ਸਭ ਥਾਈਂ ।
੨੭ ਹੱਥਾਂ ਨਾਲ ਬੂਰ ਨੂੰ ਹਟਾ ਕੇ ਭਾਵ ਖੁੱਲ੍ਹੇ ਹੱਥੀਂ।

* ਹਰੀ-ਨਾਮ ਜੋ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ ਸਰਵੋਤਮ ਚੀਜ਼ ਹੈ । ਇਸ ਤੋਂ ਬਿਨਾਂ ਸਾਰੇ ਕੰਮ ਨਿਰੇ ਪਿਟਣੇ ਮਲੂਮ ਹੁੰਦੇ ਹਨ, ਭਰਮ ਨਹੀਂ ਦੂਰ ਹੁੰਦਾ ਅਤੇ ਮੁਕਤੀ ਨਹੀਂ ਮਿਲਦੀ । ਨਾਮ ਦੁਆਰਾ ਹੀ ਮਨ ਦੇ ਭਰਮ ਦੂਰ ਹੋ ਕੇ ਪੂਰਨ ਸ਼ਾਂਤੀ ਮਿਲਦੀ ਅਤੇ ਹਰ ਥਾਂ ਹਰੀ ਪਰੀ-ਪੂਰਨ ਦਿਸਦਾ ਹੈ।

† ਨਾਮ ਦੇ ਮੁਕਾਬਲੇ 'ਤੇ ਹੋਮ ਜਗ, ਪੂਜਾ ਪਾਠ, ਸਿਖਾ ਸੂਤ ਤੇ ਹੋਰ ਭੇਖ ਕਿਸੇ ਕੰਮ ਦੇ ਨਹੀਂ ।

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥
*ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ[੧] ਸੋ ਬ੍ਰਾਹਮਣੁ ਹੋਈ ॥
੧ ॥ ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ
ਬਹੁਤੁ ਵਿਕਾਰਾ ॥ ੧ ॥ ਰਹਾਉ ॥ ਚਾਰੇ ਵਰਨ ਆਖੈ ਸਭੁ ਕੋਈ ॥ [੨]ਬ੍ਰਹਮੁ
ਬਿੰਦ ਤੇ ਸਭ ਓਪਤਿ ਹੋਈ ॥ ੨ ॥ ਮਾਟੀ ਏਕ ਸਗਲ ਸੰਸਾਰਾ ॥ ਬਹੁ ਬਿਧਿ
ਭਾਂਡੇ ਘੜੈ ਕੁਮ੍ਹਾਰਾ ॥ ੩ ॥ ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ [੩]ਘਟਿ
ਵਧਿ ਕੋ ਕਰੈ ਬੀਚਾਰਾ ॥ ੪ ॥ ਕਹਤੁ ਨਾਨਕ ਇਹੁ ਜੀਉ [੪]ਕਰਮ ਬੰਧੁ ਹੋਈ ॥
ਬਿਨੁ ਸਤਿਗੁਰ ਭੇਟੇ[੫] ਮੁਕਤਿ ਨ ਹੋਈ ॥ ੫ ॥ ੧ ॥ ਭੈਰਉ ਮਹਲਾ ੩† ॥
ਜੋਗੀ ਗ੍ਰਿਹੀ[੬] ਪੰਡਿਤ ਭੇਖਧਾਰੀ ॥ ਏ [੭]ਸੂਤੇ ਅਪਣੈ ਅਹੰਕਾਰੀ ॥ ੧ ॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ[੮] ਕੋਇ ॥ ੧ ॥
ਰਹਾਉ ॥ ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ[੯] ਕਰੈ ॥
੨ ॥ ਸੋ ਜਾਗੈ ਜੋ ਤਤੁ ਬੀਚਾਰੈ ॥ [੧੦]ਆਪਿ ਮਰੈ ਅਵਰਾ ਨਹ ਮਾਰੈ ॥ ੩ ॥
ਸੋ ਜਾਗੈ ਜੋ ਏਕੋ ਜਾਣੈ ॥ [੧੧]ਪਰਕਿਰਤਿ ਛੋਡੈ ਤਤੁ ਪਛਾਣੈ ॥ ੪ ॥ ਚਹੁ
ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥ ੫ ॥ ਕਹਤ ਨਾਨਕ
ਜਨੁ ਜਾਗੈ ਸੋਇ ॥ ਗਿਆਨ ਅੰਜਨੁ[੧੨] ਜਾ ਕੀ ਨੇਤ੍ਰੀ ਹੋਇ ॥ ੬ ॥ ੨ ॥
ਭੈਰਉ ਮਹਲਾ ੩‡ ॥ ਜਾ ਕਉ ਰਾਖੈ ਅਪਣੀ ਸਰਣਾਈ ॥ ਸਾਚੇ ਲਾਗੈ ਸਾਚਾ
ਫਲੁ ਪਾਈ ॥ ੧ ॥ ਰੇ ਜਨ ਕੈ ਸਿਉ ਕਰਹੁ ਪੁਕਾਰਾ ॥ ਹੁਕਮੇ ਹੋਆ ਹੁਕਮੇ
ਵਰਤਾਰਾ ॥ ੧ ॥ ਰਹਾਉ ॥ ਏਹੁ ਆਕਾਰੁ ਤੇਰਾ ਹੈ ਧਾਰਾ[੧੩] ॥ ਖਿਨ ਮਹਿ
ਬਿਨਸੈ ਕਰਤ ਨ ਲਾਗੈ ਬਾਰਾ[੧੪] ॥ ੨ ॥ ਕਰਿ ਪ੍ਰਸਾਦੁ[੧੫] ਇਕੁ ਖੇਲੁ
ਦਿਖਾਇਆ ॥ ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥ ੩ ॥ ਕਹਤ ਨਾਨਕੁ
ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥ ੪ ॥ ੩ ॥
ਭੈਰਉ ਮਹਲਾ ੩§ ॥ ਮੈ ਕਾਮਣਿ[੧੬] ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ ਤੇਹਾ
ਕਰੀ ਸੀਗਾਰੁ ॥ ੧ ॥ ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥ ਤਨੁ ਮਨੁ ਸਾਚੇ ਸਾਹਿਬ
ਜੋਗੁ ॥ ੧ ॥ ਰਹਾਉ ॥ ਉਸਤਤਿ ਨਿੰਦਾ ਕਰੇ ਕਿਆ ਕੋਈ ॥ ਜਾਂ ਆਪੇ ਵਰਤੈ
ਏਕੋ ਸੋਈ ॥ ੨ ॥ ਗੁਰ ਪਰਸਾਦੀ [੧੭]ਪਿਰਮ ਕਸਾਈ ॥ ਮਿਲਉਗੀ ਦਇਆਲ
[੧੮]ਪੰਚ ਸਬਦ ਵਜਾਈ ॥ ੩ ॥ ਭਨਤਿ[੧੯] ਨਾਨਕੁ ਕਰੇ ਕਿਆ ਕੋਇ ॥ ਜਿਸ
ਨੋ ਆਪਿ ਮਿਲਾਵੈ ਸੋਇ ॥ ੪ ॥ ੪ ॥ ਭੈਰਉ ਮਹਲਾ ੩¶ ॥ ਸੋ ਮੁਨਿ[੨੦] ਜਿ
ਮਨ ਕੀ ਦੁਬਿਧਾ[੨੧] ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥ ੧ ॥ ਇਸੁ ਮਨ

੧ ਜਾਣੇ । ਦੇਖੋ ਪੰਨਾ ੫੧੨, ਨੋਟ ੭; ਪੰਨਾ ੮੪੯, ਨੋਟ ੭ ।

੨ ਬ੍ਰਹਮ ਬੂੰਦ (ਬੀਰਜ) ਤੋਂ ਸਭ ਉਤਪਤ ਹੁੰਦੇ ਹਨ । ਭਾਵ ਇਲਾਹੀ ਅਸਲੇ ਤੋਂ ਸਭ ਪੈਦਾ ਹੁੰਦੇ ਹਨ, (ਦੇਖੋ ਪੰਨਾ ੩੨੪, ਨੋਟ ੩੫) ਇਸ ਲਈ ਸਾਰੇ ਇਕ ਪਿਤਾ ਦੇ ਪੁੱਤਰ ਹੋਣ ਕਰ ਕੇ ਊਚ ਨੀਚ ਜ਼ਾਤ ਵਾਲੇ ਨਹੀਂ ਹੋ ਸਕਦੇ।

੩ ਕੌਣ ਕਹਿ ਸਕਦਾ ਹੈ ਕਿ ਕਿਸ ਵਿੱਚ ਕੋਈ ਤੱਤ ਘੱਟ ਜਾਂ ਵੱਧ ਹੈ ।

੪ ਕਰਮਾਂ ਦਾ ਬੱਧਾ ਹੋਇਆ ।

੫ ਮਿਲਣ ਦੇ ।

੬ ਗ੍ਰਿਹਸਤੀ ।

੭ ਸੁੱਤੇ ਹਨ ਅਗਿਆਨਤਾ ਦੀ ਨੀਂਦ, ਹੰਕਾਰ ਦੇ ਕਾਰਨ ।

੮ ਲੁੱਟਿਆ । ਜੇ ਜਾਗਦਾ ਰਹੇ, ਤਾਂ ਕੋਈ ਭੀ ਲੁੱਟਿਆ ਨਹੀਂ ਜਾ ਸਕਦਾ ।

੯ ਵੱਸ ਵਿੱਚ ।

੧੦ ਅਸਲੀ ਕਸ਼ੱਤਰੀ ਦਾ ਵਰਣਨ ਹੈ । ਉਹ ਨਿਰਾ ਹੋਰਨਾਂ ਉਤੇ ਹਮਲੇ ਕਰਨ ਨੂੰ ਹੀ ਕਸ਼ੱਤਰੀਪੁਣਾ ਨਹੀਂ ਸਮਝਦਾ, ਬਲਕਿ ਵੱਡੀ ਬਹਾਦਰੀ ਇਸ ਵਿੱਚ ਮੰਨਦਾ ਹੈ ਕਿ ਆਪਣੇ ਆਪ ਉੱਤੇ ਕਾਬੂ ਪਾਵੇ । ਦੇਖੋ ਪੰਨਾ ੩੫੬, ਨੋਟ ੩੨ ।

੧੧ ਸੂਦਰਾਂ ਵਾਲੀ ਪ੍ਰਕਿਰਤਿ ਛੱਡੇ, ਅਸਲੀਅਤ ਪਛਾਣ ਕੇ; ਭਾਵ ਲੋਕਾਂ ਦੀ ਸੇਵਾ (ਪਰਕਿਰਤ) ਗੁਲਾਮ ਬ੍ਰਿਤੀ ਨਾਲ ਨਾ ਕਰੇ, ਇਹ ਜਾਣ ਕੇ ਕਿ ਉੱਚੀਆਂ ਜ਼ਾਤਾਂ ਵਾਲੇ ਅਸਲ ਵਿੱਚ ਕੀ ਹਨ, ਉਸੇ ਮਿੱਟੀ ਦੇ ਬਣੇ ਹਨ, ਜਿਸ ਤੋਂ ਉਹ ਆਪ ਬਣਿਆ ਹੈ, ਸਾਰੇ ਇਕੋ ਰਾਮ ਕੀ ਅੰਸ਼ ਹਨ। 'ਪਰਕਿਰਤਿ' ਲਈ ਦੇਖੋ ਪੰਨਾ ੪੬੯, ਨੋਟ ੨੦ ।

੧੨ ਸੂਰਮਾ ।

੧੩ ਟਿਕਾਇਆ ਹੋਇਆ ।

੧੪ ਦੇਰ ।

੧੫ ਕਿਰਪਾ ਮਿਹਰ ।

੧੬ ਇਸਤਰੀ ।

੧੭ ਪਿਆਰੇ ਦੀ ਖਿੱਚੀ ਹੋਈ ।

੧੮ ਪੂਰੇ ਅਨੰਦ ਵਿੱਚ ਪ੍ਰਗਟ ਹੋ ਕੇ । ਦੇਖੋ ਪੰਨਾ ੭੬੪, ਨੋਟ ੧੧; ਅਤੇ ਪੰਨਾ ੭੬੫, ਨੋਟ ੩੯ ।

੧੯ ਕਹਿੰਦਾ ਹੈ ।

੨੦ ਮੋਨੀ ।

੨੧ ਦ੍ਵੈਤ ਭਾਵ ।

* ਜ਼ਾਤ ਪਾਤ ਦਾ ਭਰਮ ਇਹ ਕਹਿ ਕੇ ਦੂਰ ਕਰਦੇ ਹਨ ਕਿ ਸਾਰੇ ਪ੍ਰਾਣੀ ਇਕੋ ਹਰੀ ਦੀ ਉਲਾਦ ਹਨ, ਫਿਰ ਊਚ ਨੀਚ ਕੌਣ ਹੋ ਸਕਦਾ ਹੈ ।

† ਜ਼ਾਤ ਦੇ ਹੰਕਾਰ ਵਿੱਚ ਮਨੁੱਖ ਸੁੱਤੇ ਰਹਿੰਦੇ ਹਨ, ਉਨ੍ਹਾਂ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ । ਜਿਸ ਨੂੰ ਸਤਿਗੁਰੂ ਮਿਲੇ ਉਸ ਨੂੰ ਅਸਲੀਅਤ ਦੀ ਸੋਝੀ ਪੈਂਦੀ ਹੈ; ਉਹ ਬ੍ਰਾਹਮਣ, ਕਸ਼ੱਤਰੀ ਅਤੇ ਸੂਦਰ ਵਾਲੀਆਂ ਕਮਜ਼ੋਰੀਆਂ ਛੱਡ ਕੇ ਅਸਲੀ ਗਿਆਨ, ਅਸਲੀ ਬੀਰਤਾ, ਅਸਲੀ ਸੇਵਾ ਦਾ ਭੇਦ ਸਮਝਦਾ ਹੈ ।

‡ ਸਭ ਤੋਂ ਉੱਚਾ ਗਿਆਨ ਇਹ ਹੈ ਕਿ ਸਭ ਕੁਝ ਹਰੀ ਦੇ ਹੁਕਮ ਵਿੱਚ ਹੁੰਦਾ ਹੈ । ਜਿਸ ਨੂੰ ਉਹ ਆਪਣਾ ਬਣਾਵੇ; ਉਹੋ ਬਣਦਾ ਹੈ ।

§ ਹਰੀ ਸਰਬ-ਸਮਰੱਥ ਹੈ । ਉਹ ਜਿਸ ਨੂੰ ਆਪਣੇ ਨਾਲ ਮੇਲਣਾ ਚਾਹੇ, ਮੇਲਦਾ ਹੈ ।

¶ ਕਈ ਲੋਕ ਮੋਨੀ ਹੋਣ ਉੱਤੇ ਮਾਣ ਮਹਿਸੂਸ ਕਰਦੇ ਹਨ । ਅਸਲ ਵਿੱਚ ਮੋਨੀ ਉਹ ਹੈ ਜੋ ਮਨ ਦੇ ਉਚਾਣ ਨਿਵਾਣ ਨੂੰ ਸਮਝ ਕੇ ਇਸ ਨੂੰ ਕਾਬੂ ਕਰ ਕੇ ਇਕ ਹਰੀ ਵੱਲ ਲਾਵੇ ।

ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ *ਨਉ ਨਿਧਿ ਪਾਈ ॥ ੧ ॥
ਰਹਾਉ ॥ [੧]ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ[੨] ਲਾਇ
ਭਰਮਿ ਭੋੁਲਾਇਆ ॥ ੨ ॥ ਇਸੁ [੩]ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ
ਵੀਚਾਰਿ ਹੁਕਮੁ ਬੁਝਿ ਸਮਾਣਾ ॥ ੩ ॥ ਕਰਮੁ[੪] ਹੋਵੈ ਗੁਰੁ ਕਿਰਪਾ ਕਰੈ ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥ ੪ ॥ ਮਨ ਕਾ ਸੁਭਾਉ[੫]
ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ[੬] ਅਨਰਾਗੀ[੭] ॥ ੫ ॥ ਕਹਤ ਨਾਨਕੁ
ਜੋ ਜਾਣੈ ਭੇਉ[੮] ॥ [੯]ਆਦਿ ਪੁਰਖੁ ਨਿਰੰਜਨ ਦੇਉ ॥ ੬ ॥ ੫ ॥ ਭੈਰਉ ਮਹਲਾ
੩† ॥ ਰਾਮ ਨਾਮੁ ਜਗਤ ਨਿਸਤਾਰਾ ॥ ਭਵਜਲੁ[੧੦] ਪਾਰਿ ਉਤਾਰਣਹਾਰਾ ॥
੧ ॥ ਗੁਰ ਪਰਸਾਦੀ[੧੧] ਹਰਿ ਨਾਮੁ ਸਮ੍ਹਾਲਿ ॥ ਸਦ ਹੀ ਨਿਬਹੈ ਤੇਰੈ ਨਾਲਿ ॥
੧ ॥ ਰਹਾਉ ॥ ਨਾਮੁ ਨ ਚੇਤਹਿ [੧੨]ਮਨਮੁਖ ਗਾਵਾਰਾ ॥ ਬਿਨੁ ਨਾਵੈ ਕੈਸੇ
ਪਾਵਹਿ ਪਾਰਾ ॥ ੨ ॥ ਆਪੇ ਦਾਤਿ ਕਰੇ ਦਾਤਾਰੁ ॥ ਦੇਵਣਹਾਰੇ ਕਉ ਜੈਕਾਰੁ ॥
੩ ॥ ਨਦਰਿ ਕਰੇ ਸਤਿਗੁਰੂ ਮਿਲਾਏ ॥ ਨਾਨਕ ਹਿਰਦੈ ਨਾਮੁ ਵਸਾਏ ॥ ੪ ॥
੬ ॥ ਭੈਰਉ ਮਹਲਾ ੩ ॥ ਨਾਮੇ ਉਧਰੇ ਸਭਿ ਜਿਤਨੇ ਲੋਅ[੧੩] ॥ ਗੁਰਮੁਖਿ[੧੪]
ਜਿਨਾ ਪਰਾਪਤਿ ਹੋਇ ॥ ੧ ॥ ਹਰਿ ਜੀਉ ਅਪਣੀ ਕ੍ਰਿਪਾ ਕਰੇਇ ॥
ਗੁਰਮੁਖਿ[੧੪] ਨਾਮੁ ਵਡਿਆਈ ਦੇਇ ॥ ੧ ॥ ਰਹਾਉ ॥ ਰਾਮ ਨਾਮਿ ਜਿਨ
ਪ੍ਰੀਤਿ ਪਿਆਰੁ ॥ ਆਪਿ ਉਧਰੇ ਸਭਿ ਕੁਲ ਉਧਾਰਣਹਾਰੁ ॥ ੨ ॥ ਬਿਨੁ ਨਾਵੈ
ਮਨਮੁਖ ਜਮ ਪੁਰਿ ਜਾਹਿ ॥ ਅਉਖੇ ਹੋਵਹਿ ਚੋਟਾ ਖਾਹਿ ॥ ੩ ॥ ਆਪੇ ਕਰਤਾ
ਦੇਵੈ ਸੋਇ ॥ ਨਾਨਕ ਨਾਮੁ ਪਰਾਪਤਿ ਹੋਇ ॥ ੪ ॥ ੭ ॥ ਭੈਰਉ ਮਹਲਾ ੩ ॥
ਗੋਵਿੰਦ ਪ੍ਰੀਤਿ ਸਨਕਾਦਿਕ[੧੫] ਉਧਾਰੇ ॥ ਰਾਮ ਨਾਮ ਸਬਦਿ ਬੀਚਾਰੇ ॥ ੧ ॥
ਹਰਿ ਜੀਉ ਅਪਣੀ ਕਿਰਪਾ ਧਾਰੁ ॥ ਗੁਰਮੁਖਿ[੧੪] ਨਾਮੇ ਲਗੈ ਪਿਆਰੁ ॥
੧ ॥ ਰਹਾਉ ॥ ਅੰਤਰਿ ਪ੍ਰੀਤਿ ਭਗਤਿ ਸਾਚੀ ਹੋਇ ॥ ਪੂਰੈ ਗੁਰਿ ਮੇਲਾਵਾ[੧੬]
ਹੋਇ ॥ ੨ ॥ [੧੭]ਨਿਜ ਘਰਿ ਵਸੈ ਸਹਜਿ ਸੁਭਾਇ ॥ ਗੁਰਮੁਖਿ ਨਾਮੁ ਵਸੈ
ਮਨਿ ਆਇ ॥ ੩ ॥ ਆਪੇ ਵੇਖੈ ਵੇਖਣਹਾਰੁ ॥ ਨਾਨਕ ਨਾਮੁ ਰਖਹੁ ਉਰ
ਧਾਰਿ[੧੮] ॥ ੪ ॥ ੮ ॥ ਭੈਰਉ ਮਹਲਾ ੩‡ ॥ ਕਲਜੁਗ ਮਹਿ ਰਾਮ ਨਾਮੁ ਉਰ
ਧਾਰੁ[੧੯] ॥ ਬਿਨੁ ਨਾਵੈ ਮਾਥੈ ਪਾਵੈ ਛਾਰੁ[੨੦] ॥ ੧ ॥ ਰਾਮ ਨਾਮੁ ਦੁਲਭੁ[੨੧] ਹੈ
ਭਾਈ ॥ ਗੁਰ ਪਰਸਾਦਿ ਵਸੈ ਮਨਿ ਆਈ ॥ ੧ ॥ ਰਹਾਉ ॥ ਰਾਮ ਨਾਮੁ
ਜਨ ਭਾਲਹਿ ਸੋਇ ॥ ਪੂਰੇ ਗੁਰ ਤੇ ਪ੍ਰਾਪਤਿ ਹੋਇ ॥ ੨ ॥ ਹਰਿ ਕਾ ਭਾਣਾ
ਮੰਨਹਿ ਸੇ ਜਨ ਪਰਵਾਣੁ ॥ ਗੁਰ ਕੈ ਸਬਦਿ ਨਾਮ ਨੀਸਾਣੁ ॥ ੩ ॥ ਸੋ ਸੇਵਹੁ
ਜੋ ਕਲ[੨੨] ਰਹਿਆ ਧਾਰਿ ॥ ਨਾਨਕ ਗੁਰਮੁਖਿ[੧੪] ਨਾਮੁ ਪਿਆਰਿ ॥ ੪ ॥ ੯ ॥

੧ ਮੋਹ ਨੂੰ ਮੂਲ ਬਣਾ ਕੇ ।
੨ ਮੈਂ ਮੇਰੀ ਦਾ ਭਾਵ ।
੩ ਮਨ ਦੇ ਸੰਸਕਾਰਾਂ ਕਰ ਕੇ ਜਨਮ ਮਰਨ ਹੁੰਦਾ ਹੈ । ਇਸ ਅਰਥ ਵਿੱਚ ਮਨ ਨੂੰ ਪਿੰਡ ਪ੍ਰਾਣ ਦਾ ਕਾਰਣ ਕਿਹਾ ਹੈ ।
੪ [ਅ.] ਹਰੀ ਦੀ ਮਿਹਰ ।
੫ ਅਸਲ ਸੁਭਾਉ, ਕਿਉਂਕਿ "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ" (ਆਸਾ ਮ: ੩) ।
੬ ਤਿਆਗੀ ।
੭ ਰਾਗ ਰਹਿਤ, ਮੋਹ ਤੋਂ ਰਹਿਤ, ਵੈਰਾਗੀ । ਦੇਖੋ ਪੰਨਾ ੫੯੮, ਨੋਟ ੨੪ ।
੮ ਭੇਦ ।
੯ ਭਾਵ ਵਾਹਿਗੁਰੂ ਦਾ ਰੂਪ ਹੈ । ਦੇਖੋ ਪੰਨਾ ੪੬੯, ਨੋਟ ੨੧ ।
੧੦ ਸੰਸਾਰ-ਸਾਗਰ ।
੧੧ ਕਿਰਪਾ ਦੁਆਰਾ ।
੧੨ ਹੇ ਮੂਰਖ, ਆਪ ਹੁਦਰੇ !
੧੩ ਲੋਕ ।
੧੪ ਗੁਰੂ ਦੁਆਰਾ ।
੧੫ ਬ੍ਰਹਮਾ ਦੇ ਪੁੱਤਰ ਸਨਕ ਆਦਿਕ ।
੧੬ ਮੇਲ ।
੧੭ ਸੁਤੇ ਸਿਧ ਹੀ ਆਪਣੇ ਅਸਲੀ ਘਰ (ਵਾਹਿਗੁਰੂ ਦੀ ਹਜ਼ੂਰੀ) ਵਿੱਚ ਵਸਦਾ ਹੈ ।
੧੮ ਦਿਲ ਵਿੱਚ ਟਿਕਾ ਕੇ ।
੧੯ ਹਿਰਦੇ ਦੀ ਟੇਕ ਹੈ ।
੨੦ ਸੁਆਹ ।
੨੧ ਦੁਰਲੱਭ ।
੨੨ ਸ਼ਕਤੀ ।

* ਤਰ੍ਹਾਂ-ਤਰ੍ਹਾਂ ਦੇ ਸੁਖਾਂ ਦੇ ਸਮਿਆਨ ਜੋ ਨੌਂ ਗਿਣੇ ਜਾਂਦੇ ਹਨ : ਪਦਮ (ਸੋਨਾ ਚਾਂਦੀ), ਮਹਾ ਪਦਮ (ਹੀਰੇ ਜਵਾਹਰਾਤ), ਸੰਖ (ਸੋਹਣੇ-ਸੋਹਣੇ ਖਾਣੇ ਤੇ ਕੱਪੜੇ), ਮਕਰ (ਸ਼ਸਤਰ ਵਿੱਦਿਆ ਦੀ ਪ੍ਰਾਪਤੀ, ਰਾਜ ਦਰਬਾਰ ਵਿੱਚ ਮਾਣ), ਕੱਛਪ (ਕੱਪੜੇ ਦਾਣੇ ਦੀ ਸੁਦਾਗਰੀ), ਕੁੰਦ (ਸੋਨੇ ਦੀ ਸੁਦਾਗਰੀ), ਨੀਲ (ਮੋਤੀ ਮੂੰਗੇ ਦੀ ਸੁਦਾਗਰੀ), ਮੁਕੰਦ (ਰਾਗ ਆਦਿ ਕੋਮਲ ਹੁਨਰ ਦੀ ਪ੍ਰਾਪਤੀ), ਵਰਚ ਜਾਂ ਖਰਬ ।
† ਅਗਲੇ ਤਿੰਨਾਂ ਸ਼ਬਦਾਂ ਵਿੱਚ ਹਰੀ-ਨਾਮ ਦੀ ਮਹਿਮਾ ਹੈ, ਜੋ ਗੁਰੂ ਤੋਂ ਮਿਲਦਾ ਹੈ ।
‡ ਅਗਲੇ ਦੋਹਾਂ ਸ਼ਬਦਾਂ ਵਿੱਚ ਦੱਸਿਆ ਹੈ ਕਿ ਕਲਜੁਗ ਵਿੱਚ ਜੀਵਾਂ ਦੇ ਉਧਾਰ ਦਾ ਖਾਸ ਸਾਧਨ ਹਰੀ-ਨਾਮ ਹੈ ।

ਭੈਰਉ ਮਹਲਾ ੩ ॥ ਕਲਜੁਗ ਮਹਿ ਬਹੁ ਕਰਮ ਕਮਾਹਿ ॥ [੧]ਨਾ ਰੁਤਿ ਨ ਕਰਮ ਥਾਇ ਪਾਹਿ ॥ ੧ ॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ[੨] ॥ ਗੁਰਮੁਖਿ[੩] ਸਾਚਾ ਲਗੈ ਪਿਆਰੁ ॥ ੧ ॥ ਰਹਾਉ ॥ ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ[੩] ਰਾਮ ਨਾਮਿ ਚਿਤੁ ਲਾਇਆ ॥ ੨ ॥ ਗਿਆਨ ਅੰਜਨੁ[੪] ਸਤਿਗੁਰ ਤੇ ਹੋਇ ॥ [੫]ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥ ੩ ॥ ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥ ਨਾਨਕ ਗੁਰਮੁਖਿ[੩] ਹਿਰਦੈ ਰਾਮ ਨਾਮੁ ਲੇਹੁ ਜਮਾਈ ॥ ੪ ॥ ੧੦ ॥

ਭੈਰਉ ਮਹਲਾ ੩ ਘਰੁ ੨ ੴ ਸਤਿਗੁਰ ਪ੍ਰਸਾਦਿ ॥

*ਦੁਬਿਧਾ ਮਨਮੁਖ[੬] ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ[੭] ॥ ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥ ੧ ॥ ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥ ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥ ੧ ॥ ਰਹਾਉ ॥ ਸਿੰਮ੍ਰਿਤਿ[੮] ਸਾਸਤ੍ਰ[੯] ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥ [੧੦]ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥ ੨ ॥ ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥ ਹਰਿ ਕਾ ਨਾਮੁ ਨਿਧਾਨੋ[੧੧] ਪਾਇਆ ਸੁਖੁ ਵਸਿਆ ਮਨਿ ਆਏ ॥ ੩ ॥ [੧੨]ਚਉਥੀ ਪਦਵੀ ਗੁਰਮੁਖਿ[੧੩] ਵਰਤਹਿ ਤਿਨ ਨਿਜ ਘਰਿ[੧੪] ਵਾਸਾ ਪਾਇਆ ॥ ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ[੧੫] ਗਵਾਇਆ ॥ ੪ ॥ [੧੬]ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥ ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥ ੫ ॥ ੧ ॥ ੧੧ ॥ ਭੈਰਉ ਮਹਲਾ ੩† ॥ ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥ ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥ ੧ ॥ ਹਰਿ ਜੀਉ ਸਤਸੰਗਤਿ ਮੇਲਾਇ ॥ ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥ ੧ ॥ ਰਹਾਉ ॥ ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥ ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ [੧੭]ਉਰਿ ਧਾਰਾ ॥ ੨ ॥ ਜਿਨ ਹਰਿ ਕਾ ਨਾਮੁ ਨ ਗੁਰਮੁਖਿ[੩] ਜਾਤਾ ਸੇ ਜਗ ਮਹਿ ਕਾਹੇ ਆਇਆ ॥ ਗੁਰ ਕੀ ਸੇਵਾ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੩ ॥ ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥ ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ ॥ ੪ ॥ ੨ ॥ ੧੨ ॥ ਭੈਰਉ ਮਹਲਾ ੩‡ ॥ ਦੁਖ ਵਿਚਿ ਜੰਮੈ

੧ ਭਾਵ ਕਲਜੁਗ ਕਰਮ-ਕਾਂਡ ਦਾ ਜ਼ਮਾਨਾ ਨਹੀਂ ਹੈ, ਇਥੇ ਭਗਤੀ ਹੀ ਸਰੇਸ਼ਟ ਹੈ । ਦੇਖੋ ਪੰਨਾ ੪੪੫, ਫੁਟ ਨੋਟ* ।

੨ ਸਰੇਸ਼ਟ ।

੩ ਗੁਰੂ ਦੁਆਰੇ ।

੪ ਸੂਰਮਾ ।

੫ ਰਾਮ ਦਾ ਨਾਮ ਤਿੰਨਾਂ ਲੋਕਾਂ (ਭਾਵ ਸਾਰੀ ਰਚਨਾ) ਵਿੱਚ ਵਿਆਪਕ ਹੈ । ਇਥੇ ਨਾਮ ਦਾ ਅਰਥ ਹਰੀ ਦਾ ਪ੍ਰਕਾਸ਼ ਹੈ ।

੬ ਆਪ ਹੁਦਰੇ, ਜੋ ਗੁਰੂ ਦੀ ਮੰਨ ਕੇ ਨਹੀਂ ਚੱਲਦੇ ।

੭ ਬਹੁਤੀ ।

੮ ਹਿੰਦੂ ਰਿਸ਼ੀਆਂ ਦੇ ਲਿਖੇ ਹੋਏ ਧਾਰਮਿਕ ਗ੍ਰੰਥ, ਜੋ ਉਨ੍ਹਾਂ ਵੇਦਾਂ ਜਾਂ ਵੱਡਿਆਂ ਦੇ ਵਾਕਾਂ ਨੂੰ ਚੇਤੇ ਕਰ ਕੇ ਹਿੰਦੂ ਸਮਾਜ ਦੀ ਅਗਵਾਈ ਲਈ ਲਿਖੇ । ਇਹ ੨੭ ਦੇ ਕਰੀਬ ਹਨ ।

੯ ਹਿੰਦੂ ਫਲਸਫੇ ਦੇ ਗ੍ਰੰਥ; ਜੋ ਗਿਣਤੀ ਵਿੱਚ ਛੇ ਹਨ : ਸਾਂਖ, ਪਤੰਜਲ ਜਾਂ ਜੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ; ਵੇਦਾਂਤ ।

੧੦ ਤ੍ਰੈ ਗੁਣੀ ਜੀਵ । ਇਨ੍ਹਾਂ ਧਾਰਮਿਕ ਪੁਸਤਕਾਂ ਦੇ ਦੱਸੇ ਤਿੰਨਾਂ ਗੁਣਾਂ ਦੀ ਉਧੇੜ-ਬੁਣ ਵਿੱਚ ਲੱਗੇ ਹੋਏ ਜੀਵ ।

੧੧ ਜੋ ਸੁਖਾਂ ਦਾ ਘਰ ਹੈ ।

੧੨ ਸਹਜ ਅਵਸਥਾ, ਜੋ ਤਿੰਨਾਂ ਗੁਣਾਂ ਤੋਂ ਉਤੇ ਹੈ।

੧੩ ਗੁਰੂ ਦੀ ਮੰਨ ਕੇ ਚੱਲਣ ਵਾਲੇ ।

੧੪ ਆਪਣੇ ਅਸਲੀ ਘਰ (ਹਰੀ ਦੀ ਹਜ਼ੂਰੀ) ਵਿੱਚ।

੧੫ ਆਪਾ ਭਾਵ ਹਉਮੈ ।

੧੬ ਇਕੋ ਦੀ (ਹਰੀ ਦੀ) ਸਿਰ 'ਤੇ ਕਾਰ ਹੈ, ਤੇ ਉਹ ਕਾਰ ਭੀ ਇਕੋ ਹੈ, ਭਾਵ ਵਿਸ਼ਨੂੰ, ਬ੍ਰਹਮਾ, ਸ਼ਿਵ ਨੂੰ ਛੱਡ ਕੇ, ਉਨ੍ਹਾਂ ਦੇ ਬਨਾਣ ਵਾਲੇ ਇਕ ਹਰੀ ਨੂੰ ਮੰਨਣਾ ਤੇ ਉਸ ਵੱਲੋਂ ਪਾਇਆ ਫ਼ਰਜ਼ ਭੀ ਕੇਵਲ ਨਾਮ ਜਪਣਾ ਹੀ ਨਿਭਾਉਣਾ । ਰੁਦ੍ਰ=ਸ਼ਿਵ ਜੀ ।

੧੭ ਦਿਲ ਵਿੱਚ ਧਾਰਿਆ ਹੈ ।

* ਗੁਰੂ ਨੂੰ ਨਾ ਮੰਨਣ ਵਾਲੇ (ਮਨਮੁਖ) ਦੁਬਿਧਾ ਵਿੱਚ ਪਏ ਹੋਏ ਇਕ ਹਰੀ ਨੂੰ ਨਹੀਂ ਮੰਨਦੇ, ਉਸ ਦੀ ਥਾਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਦੇ ਅਤੇ ਉਸ ਦੀ ਦੱਸੀ ਕਾਰ (ਨਾਮ-ਜਾਪ) ਨੂੰ ਛੱਡ ਕੇ ਸਿੰਮ੍ਰਿਤੀਆਂ ਸ਼ਾਸਤਰਾਂ ਦੇ ਦੱਸੇ ਤ੍ਰਿਗੁਣੀ ਕੰਮਾਂ ਵਿੱਚ ਲੱਗੇ ਰਹਿੰਦੇ ਹਨ ਪਰ ਜਦ ਏਹੋ ਗੁਰਮੁਖ ਹੋ ਜਾਣ ਤਾਂ ਗੁਰੂ-ਬਾਣੀ ਦੀ ਦੱਸੀ ਹੋਈ ਕਾਰ ਇਕ ਹਰੀ ਦੇ ਨਾਮ-ਜਾਪ ਵਿੱਚ ਲੱਗ ਜਾਂਦੇ ਹਨ ਅਤੇ ਜਨਮ ਮਰਨ ਵਿਚੋਂ ਨਿਕਲ ਕੇ ਮੁਕਤ ਹੋ ਜਾਂਦੇ ਹਨ ।

† ਭਾਵ ਉਤਲਾ ਹੀ ਹੈ ।

ਦੁਖਿ ਮਰੈ ਦੁਖ ਵਿਚਿ ਕਾਰ ਕਮਾਇ ॥ ਗਰਭ ਜੋਨੀ ਵਿਚਿ[੧] ਕਦੇ ਨ ਨਿਕਲੈ [੨]ਬਿਸਟਾ ਮਾਹਿ ਸਮਾਇ ॥ ੧ ॥ ਧ੍ਰਿਗੁ ਧ੍ਰਿਗੁ ਮਨਮੁਖਿ[੩] ਜਨਮੁ ਗਵਾਇਆ ॥ ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥ ੧ ॥ ਰਹਾਉ ॥ ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥ ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥ ੨ ॥ ਸਤਿਗੁਰੁ ਭੇਟੈ[੪] ਤਾ ਫਲੁ ਪਾਏ [੫]ਸਚੁ ਕਰਣੀ ਸੁਖ ਸਾਰੁ ॥ ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥ ੩ ॥ ਤਿਨ ਕੀ ਰੇਣੁ[੬] ਮਿਲੈ ਤਾਂ [੭]ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ॥ ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ ਜਿਨੀ ਰਾਮ ਨਾਮਿ ਚਿਤੁ ਲਾਇਆ ॥ ੪ ॥ ੩ ॥ ੧੩ ॥ ਭੈਰਉ ਮਹਲਾ ੩* ॥ ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥ ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥ ੧ ॥ ਭਗਤੁ ਭਗਤੁ ਕਹੈ ਸਭੁ ਕੋਈ ॥ ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥ ੧ ॥ ਰਹਾਉ ॥ ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥ ਜਮਕਾਲੁ ਸਦਾ ਹੈ ਸਿਰ ਊਪਰਿ[੮] ਦੂਜੈ ਭਾਇ ਪਤਿ ਖੋਈ ॥ ੨ ॥ ਬਹਲੇ[੯] ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥ ਪੜਿ ਪੜਿ ਲੂਝਹਿ[੧੦] [੧੧]ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥ ੩ ॥ ਸਤਿਗੁਰੁ ਸੇਵਹਿ [੧੨]ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ ॥ ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ ॥ ੪ ॥ ੪ ॥ ੧੪ ॥ ਭੈਰਉ ਮਹਲਾ ੩† ॥ ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥ [੧੩]ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ[੧੪] ॥ ੧ ॥ ਸਦਾ ਅਨੰਦੁ ਰਾਮ ਰਸਿ ਰਾਤੇ ॥ ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ[੧੫] ॥ ੧ ॥ ਰਹਾਉ ॥ ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ [੧੬]ਸਿਰਿ ਸਿਰਿ ਧੰਧੈ ਲਾਏ ॥ ਮਾਇਆ ਮੋਹੁ ਕੀਆ ਜਿਨਿ ਆਪੇ ਆਪੇ ਦੂਜੈ[੧੭] ਲਾਏ ॥ ੨ ॥ ਤਿਸ ਨੋ ਕਿਹੁ[੧੮] ਕਹੀਐ ਜੇ ਦੂਜਾ ਹੋਵੈ ਸਭਿ ਤੁਧੈ ਮਾਹਿ ਸਮਾਏ ॥ ਗੁਰਮੁਖਿ[੧੯] ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ ॥ ੩ ॥ ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ ॥ ਨਾਨਕ ਸਤਿਗੁਰਿ ਸੋਝੀ ਪਾਈ ਸਚਿ ਨਾਮਿ ਨਿਸਤਾਰਾ ॥ ੪ ॥ ੫ ॥ ੧੫ ॥ ਭੈਰਉ ਮਹਲਾ ੩‡ ॥ ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ[੨੦] ਬੀਚਾਰੀ[੨੧] ॥ ਦੁਆਪੁਰਿ ਤ੍ਰੇਤੈ ਮਾਣਸ[੨੨] ਵਰਤਹਿ ਵਿਰਲੈ ਹਉਮੈ ਮਾਰੀ ॥ ੧ ॥

੧ ਵਿਚੋਂ ।
੨ ਮੈਲੇ ਵਿੱਚ ਪਿਆ ਰਹਿੰਦਾ ਹੈ ।
੩ ਆਪ-ਹੁਦਰੇ ਨੇ ।
੪ ਮਿਲੇ ।
੫ ਸੱਚ ਹੀ ਅਸਲ ਕਰਨੀ ਹੈ ਤੇ ਇਹੀ ਸਾਰੇ ਸੁਖਾਂ ਦਾ ਤੱਤ ਹੈ ।
੬ ਚਰਨ-ਧੂੜੀ ।
੭ ਮੱਥੇ 'ਤੇ ਲਾਵਾਂ ।
੮ ਦ੍ਵੈਤ ਭਾਵ ਵਿੱਚ; ਇਕ ਹਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨ ਕਰ ਕੇ ।
੯ ਬਹੁਤੇ ।
੧੦ ਝਗੜਦੇ ਹਨ ।
੧੧ ਝਗੜੇ ਦੀ ਗੱਲ ਕਰਦੇ ਹਨ ।
੧੨ ਉੱਚੀ ਤੋਂ ਉੱਚੀ ਗਤੀ ।
੧੩ ਉਨ੍ਹਾਂ ਦਾ ਪੇਟ ਨੈ (ਨਦੀ) ਸਾਣੁ (ਵਾਂਗ) ਭਰਦਾ ਨਹੀਂ ।
੧੪ ਸੜਦਾ ਹੈ ।
੧੫ ਰੱਜਦੇ ।
੧੬ ਹਰ ਇਕ ਨੂੰ ਆਪੋ ਆਪਣੇ ਕੰਮ 'ਤੇ ਲਾਇਆ।
੧੭ ਦੂਜੇ ਭਾਵ ਵਿੱਚ ।
੧੮ ਕੂੜ ।
੧੯ ਗੁਰੂ ਦੁਆਰਾ ।
੨੦ ਚਾਰ ਤਰ੍ਹਾਂ ਦੇ ਸੰਨਿਆਸੀਆਂ ਦੀ ਇਕ ਸ਼੍ਰੇਣੀ । ਇਸ ਤੋਂ ਉੱਤਮ ਪੁਰਸ਼ਾਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਸਤਰਾਂ ਵਿੱਚ ਪ੍ਰੇਤ, ਹੰਸ ਤੇ ਮਨੁੱਖਾਂ ਦੇ ਲੱਛਣ ਦੱਸੇ ਹਨ ।
੨੧ ਵਿਚਾਰਵਾਨ ।
੨੨ ਮਨੁੱਖ ।

* ਗੁਰੂ ਦੀ ਸੇਵਾ ਵਿੱਚ ਆਉਣ ਤੋਂ ਬਿਨਾਂ ਪਾਠ, ਭੇਖ ਸਭ ਦ੍ਵੈਤ ਭਾਵ ਵੱਲ ਲਿਜਾਂਦੇ ਹਨ, ਨਾ ਹਉਮੈ ਦਾ ਦੁੱਖ ਜਾਂਦਾ ਹੈ ਤੇ ਨਾ ਨਾਮ ਦੀ ਪ੍ਰਾਪਤੀ ਹੁੰਦੀ ਹੈ ।

† ਗੁਰੂ ਨੂੰ ਨਾ ਮੰਨਣ ਨਾਲ ਆਸ਼ਾ ਤ੍ਰਿਸ਼ਨਾ ਨਹੀਂ ਜਾਂਦੀ । ਜਦ ਗੁਰੂ ਦੇ ਰਾਹੀਂ ਤੱਤ ਗਿਆਨ ਲੈ ਕੇ ਹਰੀ-ਰਸ ਵਿੱਚ ਲੀਨ ਹੋਈਏ ਤਾਂ ਦ੍ਵੈਤ ਭਾਵ ਦੂਰ ਹੋ ਕੇ ਸਦਾ ਅਨੰਦ ਰਹੀਦਾ ਹੈ ।

‡ ਸਮੇਂ-ਸਮੇਂ ਮਨੁੱਖਾਂ ਦੇ ਸੁਭਾਉ ਬਦਲਦੇ ਰਹਿੰਦੇ ਹਨ । ਸਤਿਯੁਗ ਵਿੱਚ ਤਿਆਗੀ ਤੇ ਵਿਚਾਰਵਾਨ ਲੋਕ ਸਨ, ਦੁਆਪਰ ਤੇ ਤ੍ਰੇਤੇ ਵਿੱਚ ਸਾਧਾਰਨ ਮਨੁੱਖ ਸਨ, ਕਲਯੁਗ ਵਿੱਚ ਮਨੁੱਖ ਭੂਤਨਿਆਂ ਵਰਗੇ ਹੋ ਗਏ। ਪਰ ਇਨ੍ਹਾਂ ਸਮਿਆਂ ਵਿੱਚ ਹਉਮੈ ਦਾ ਤਿਆਗ ਘੱਟ ਹੀ ਦਿਸਦਾ ਸੀ । ਇਹ ਤਾਂ ਨਾਮ ਦੀ ਕਮਾਈ ਨਾਲ ਹੀ ਹੋ ਸਕਦਾ ਹੈ । ਨਾਮ ਦੀ ਕਮਾਈ ਹਰ ਇਕ ਯੁਗ ਵਿੱਚ ਮੁਕਤ ਕਰਨ ਵਾਲੀ ਹੈ । ਕਲਯੁਗ ਵਿੱਚ ਇਸ ਦੀ ਖਾਸ ਵਿਸ਼ੇਸ਼ਤਾ ਹੈ । ਇਹ ਗੁਰੂ ਤੋਂ ਪ੍ਰਾਪਤ ਹੁੰਦੀ ਹੈ ।

[੧]ਕਲਿ ਮਹਿ ਰਾਮ ਨਾਮਿ ਵਡਿਆਈ ॥ [੨]ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥ ੧ ॥ ਰਹਾਉ ॥ ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ[੩] ਮੰਨਿ ਵਸਾਈ ॥ ਆਪਿ ਤਰੇ [੪]ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ ॥ ੨ ॥ ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ ॥ ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ ॥ ੩ ॥ [੫]ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ [੬]ਰੰਗ ਸਿਉ ਰਲੀਆ ਮਾਣੈ ॥ ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ[੭] ॥ ੪ ॥ ੬ ॥ ੧੬ ॥ ਭੈਰਉ ਮਹਲਾ ੩* ॥ ਮਨਸਾ [੮]ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥ ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥ ੧ ॥ ਮਨ ਮੇਰੇ ਰਾਮ ਨਾਮੁ ਆਧਾਰੁ[੯] ॥ [੧੦]ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ॥ ੧ ॥ ਰਹਾਉ ॥ ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥ ਗੁਰਮੁਖਿ[੩] ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ [੧੧]ਹਰਿ ਗੁਣ ਗਾਇ ॥ ੨ ॥ ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥ ਸਤਿਗੁਰੁ ਜਿਨੀ ਨ ਸੇਵਿਆ ਦਾਤਾ ਸੇ ਅੰਤਿ ਗਏ ਪਛੁਤਾਹਿ ॥ ੩ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ ਦੂਖੁ ਨ ਲਾਗੈ ਧਾਇ ॥ ਨਾਨਕ ਹਰਿ ਭਗਤਿ ਪਰਾਪਤਿ ਹੋਈ ਜੋਤੀ ਜੋਤਿ ਸਮਾਇ ॥ ੪ ॥ ੭ ॥ ੧੭ ॥ ਭੈਰਉ ਮਹਲਾ ੩† ॥ ਬਾਝੁ ਗੁਰੂ ਜਗਤੁ ਬਉਰਾਨਾ[੧੨] ਭੂਲਾ ਚੋਟਾ ਖਾਈ ॥ ਮਰਿ ਮਰਿ ਜੰਮੈ ਸਦਾ ਦੁਖੁ ਪਾਏ [੧੩]ਦਰ ਕੀ ਖਬਰਿ ਨ ਪਾਈ ॥ ੧ ॥ ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ ॥ ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ ਗੁਰ ਸਬਦੇ ਭਵਜਲੁ[੧੪] ਤਰਣਾ ॥ ੧ ॥ ਰਹਾਉ ॥ ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥ ਅੰਤਰਿ ਤਿਸਾ[੧੫] ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ[੧੬] ॥ ੨ ॥ ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ[੧੭] ॥ ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ [੧੮]ਉਰ ਧਾਰਿ ॥ ੩ ॥ ਜਿਉ ਤਿਸੁ ਭਾਵੈ ਤਿਵੈ ਚਲਾਵੈ ਕਰਣਾ ਕਿਛੂ ਨ ਜਾਈ ॥ ਨਾਨਕ ਗੁਰਮੁਖਿ[੩] ਸਬਦੁ ਸਮ੍ਹਾਲੇ ਰਾਮ ਨਾਮਿ ਵਡਿਆਈ ॥ ੪ ॥ ੮ ॥ ੧੮ ॥ ਭੈਰਉ ਮਹਲਾ ੩‡ ॥ ਹਉਮੈ ਮਾਇਆ ਮੋਹਿ ਖੁਆਇਆ[੧੯] ਦੂਖੁ ਖਟੇ ਦੂਖ ਖਾਇ ॥ ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ[੨੦] ਭਰਮਾਇ ॥ ੧ ॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ[੨੧] ॥ ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥ ੧ ॥ ਰਹਾਉ ॥ ਪਸੂਆ ਕਰਮ

੧ ਦੇਖੋ ਪੰਨਾ ੪੪੫, ਫੁਟ ਨੋਟ * ।

੨ ਗੁਰੂ ਦੁਆਰਾ ਸਾਰੇ ਜੁਗਾਂ ਵਿੱਚ ਇਕੋ ਹਰੀ ਵਰਤਦਾ ਜਾਣਿਆਂ ਅਤੇ ਇਹ ਜਾਣਿਆਂ ਕਿ ਕਿਸੇ ਜੁਗ ਵਿੱਚ ਨਾਮ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ ।

੩ ਗੁਰੂ ਦੇ ਰਾਹੀਂ ।

੪ ਸਾਰੀਆਂ ਕੁਲਾਂ ਨੂੰ ।

੫ ਆਪਣਾ ਅਸਲੀ ਘਰ, ਹਰੀ-ਪਤੀ ਦਾ ਮਹਿਲ।

੬ ਜੀਵ-ਇਸਤਰੀ ਪ੍ਰੇਮ ਨਾਲ ਮੌਜਾਂ ਮਾਣਦੀ ਹੈ ।

੭ ਉਚਾਰਦੀ ਹੈ ।

੮ ਮਨ ਦੇ ਅੰਦਰ ਹੀ ਮੁਕਾ ਦਿੰਦਾ ਹੈ । ਦੇਖੋ ਪੰਨਾ ੪੧੯, ਨੋਟ ੧੫ ਅਤੇ ਪੰਨਾ ੧੧੨੫, ਨੋਟ ੧੭ । ਵੀਚਾਰ (ਵੀਚਾਰਿ)=ਵਿਚਾਰ ਕੇ । ਤੁਕ ਦੇ ਅੰਤ ਵਿੱਚ ਕਈ ਵਾਰੀ ਲਗ ਰਹਿਤ ਅੱਖਰ ਦੇ ਦਿੰਦੇ ਹਨ ।

੯ ਆਸਰਾ ਬਣਾ ।

੧੦ ਉਸ ਗੁਰੂ ਦੀ ਕਿਰਪਾ ਨਾਲ, ਜੋ ਸਾਰੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ, ਉੱਚੀ ਤੋਂ ਉੱਚੀ ਪਦਵੀ ਪਾਈ ।

੧੧ ਹਰ ਰੋਜ਼, ਨਿੱਤ ।

੧੨ ਝੱਲਾ, ਦੀਵਾਨਾ, ਸ਼ੁਦਾਈ ।

੧੩ ਹਰੀ ਦੇ ਦਰ ਦੀ ਸੋਝੀ ।

੧੪ ਸੰਸਾਰ-ਸਾਗਰ ।

੧੫ ਤ੍ਰਿਸ਼ਨਾ ।

੧੬ ਦਰ-ਬ-ਦਰ, ਘਰ-ਘਰ ।

੧੭ ਹਰੀ ਦੇ ਦੁਆਰੇ 'ਤੇ ।

੧੮ ਦਿਲ ਵਿੱਚ ਧਾਰ ਕੇ ।

੧੯ ਖੁੰਝਿਆ ਹੋਇਆ ।

੨੦ ਵਿਚਾਰ ।

੨੧ ਸੰਸਾਰ ਵਿੱਚ ।

* ਗੁਰੂ ਦੇ ਉਪਦੇਸ਼ ਦੁਆਰਾ ਮਨ ਦੀਆਂ ਪ੍ਰਬਲ ਖਾਹਿਸ਼ਾਂ ਮਰਦੀਆਂ ਅਤੇ ਸੱਚੀ ਭਗਤੀ ਮਿਲਦੀ ਹੈ, ਜਿਸ ਨਾਲ ਹਰ ਥਾਂ ਹਰੀ ਪਸਰਿਆ ਅਨੁਭਵ ਹੁੰਦਾ ਹੈ ।

† ਗੁਰੂ ਤੋਂ ਬਿਨਾਂ ਮਨੁੱਖ ਦੀ ਅਕਲ ਠਿਕਾਣੇ ਨਹੀਂ ਰਹਿੰਦੀ ਅਤੇ ਭੇਖਾਂ ਦੰਭਾਂ ਵਿੱਚ ਪਿਆ ਰਹਿੰਦਾ ਹੈ । ਗੁਰੂ ਦਾ ਸ਼ਬਦ ਗ੍ਰਹਿਣ ਕਰਨ ਨਾਲ ਮਨ ਨੂੰ ਸ਼ਾਂਤੀ ਆਉਂਦੀ ਅਤੇ ਹੁਕਮੀ ਬੰਦਾ ਬਣੀਦਾ ਹੈ।

‡ ਗੁਰੂ ਤੋਂ ਬਿਨਾਂ ਮਨੁੱਖ ਪਸ਼ੂ ਵਾਕੁਰ ਅਬੂਝ ਹੁੰਦਾ ਹੈ, ਪਰ ਗੁਰੂ ਦੇ ਮਿਲਣ ਨਾਲ ਸੁਚੇਤ ਹੋ ਕੇ ਕੂੜ ਤੇ ਹੰਕਾਰ ਤੋਂ ਛੁਟਕਾਰਾ ਪਾ ਕੇ ਰਜ਼ਾਕਾਰ ਬੰਦਾ ਬਣਦਾ ਹੈ ।

ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ ਸਤਿਗੁਰੁ ਮਿਲੈ ਤ [੧]ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥ ੨ ॥ ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ [੨]ਗੁਣੀ ਨਿਧਾਨੁ ॥ ਗੁਰ ਪਰਸਾਦੀ[੩] ਪੂਰਾ ਪਾਇਆ [੪]ਚੂਕਾ ਮਨ ਅਭਿਮਾਨੁ ॥ ੩ ॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ[੫] ਪਾਏ ॥ ਆਪੇ ਗੁਰਮੁਖਿ[੬] ਦੇ ਵਡਿਆਈ ਨਾਨਕ ਨਾਮਿ ਸਮਾਏ ॥ ੪ ॥ ੯ ॥ ੧੯ ॥ ਭੈਰਉ ਮਹਲਾ ੩* ॥ [੭]ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ [੮]ਦੂਜੈ ਭਾਇ ਫਾਥੇ ਜਮ ਜਾਲਾ[੯] ॥ ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥ ਹਰਿ ਸੁਖਦਾਤਾ ਮੇਰੈ ਨਾਲਾ ॥ ੧ ॥ ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥ ਸਾਸਨਾ[੧੦] ਤੇ ਬਾਲਕੁ ਗਮੁ ਨ ਕਰੈ ॥ ੧ ॥ ਰਹਾਉ ॥ ਮਾਤਾ ਉਪਦੇਸੈ ਪ੍ਰਹਿਲਾਦ[੧੧] ਪਿਆਰੇ ॥ ਪੁਤ੍ਰ[੧੨] ਰਾਮ ਨਾਮੁ ਛੋਡਹੁ [੧੩]ਜੀਉ ਲੇਹੁ ਉਬਾਰੇ ॥ ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥ ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥ ੨ ॥ [੧੪]ਸੰਡਾ ਮਰਕਾ ਸਭਿ ਜਾਇ ਪੁਕਾਰੇ ॥ ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ [੧੫]ਵਿਗਾੜੇ ॥ [੧੬]ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥ ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ[੧੭] ॥ ੩ ॥ ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥ ਹਰਿ ਤੇਰਾ ਕਹਾ ਤੁਝੁ [੧੮]ਲਏ ਉਬਾਰਿ ॥ ਖਿਨ ਮਹਿ ਭੈਆਨ[੧੯] ਰੂਪੁ ਨਿਕਸਿਆ ਥੰਮ੍ ਉਪਾੜਿ ॥ ਹਰਣਾਖਸੁ [੨੦]ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥ ੪ ॥ ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥ ਪ੍ਰਹਲਾਦ ਜਨ ਕੇ [੨੧]ਇਕੀਹ ਕੁਲ ਉਧਾਰੇ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥ ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥ ੫ ॥ ੧੦ ॥ ੨੦ ॥ ਭੈਰਉ ਮਹਲਾ ੩† ॥ [੨੨]ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥ ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ ॥ ੧ ॥ ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥ ਦੈਤ ਪੁਤ੍ਰੁ ਪ੍ਰਹਲਾਦੁ ਗਾਇਤ੍ਰੀ[੨੩] ਤਰਪਣੁ[੨੪] ਕਿਛੂ ਨ ਜਾਣੈ ਸਬਦੇ ਮੇਲਿ ਮਿਲਾਇਆ ॥ ੧ ॥ ਰਹਾਉ ॥ ਅਨਦਿਨੁ[੨੫] ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥ ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥ ੨ ॥ ਮੂਰਖ[੨੬] ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥ ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ [੨੭]ਦੈਤੁ ਚਿੜਾਇਆ ॥ ੩ ॥ ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ ॥ ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ[੨੮] ਕਾਲੁ ਨੇੜਾ ਆਇਆ ॥ ੪ ॥ ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ ॥ ਨਾਨਕ ਹਰਣਾਖਸੁ [੨੦]ਨਖੀ ਬਿਦਾਰਿਆ ਅੰਧੈ ਦਰ ਕੀ ਖਬਰਿ ਨ ਪਾਈ ॥ ੫ ॥ ੧੧ ॥ ੨੧ ॥

੧ ਸੰਸਾਰ ਵੱਲੋਂ ਉਲਟਦਾ ਹੈ ।
੨ ਗੁਣਾਂ ਦਾ ਖਜ਼ਾਨਾ ।
੩ ਕਿਰਪਾ ਨਾਲ ।
੪ ਦੂਰ ਹੋ ਗਿਆ ਮਨ ਦਾ ਹੰਕਾਰ ।
੫ ਰਸਤੇ, ਠੀਕ ਰਾਹ ਉੱਤੇ ।
੬ ਗੁਰੂ ਦੇ ਰਾਹੀਂ ।
੭ ਪ੍ਰਹਿਲਾਦ ਜੀ ਪਾਂਧੇ ਨੂੰ ਕਹਿੰਦੇ ਹਨ ਕਿ ਮੇਰੀ ਪੱਟੀ 'ਤੇ ਗੋਬਿੰਦ ਦਾ ਨਾਮ ਲਿਖੋ ।
੮ ਇਕ ਹਰੀ ਨੂੰ ਛੱਡ ਕੇ ਕਿਸੇ ਦੂਜੇ ਵਿੱਚ ਪਿਆਰ ਪਾਣ ਨਾਲ ।
੯ ਜਮ ਦੇ ਜਾਲ ਵਿੱਚ, ਮੌਤ ਦੀ ਫਾਹੀ ਵਿੱਚ ।
੧੦ ਤਾੜਨਾ । ਉਸਤਾਦ ਦੀ ਤਾੜਨਾ ਤੋਂ ਬਾਲਕ (ਪ੍ਰਹਿਲਾਦ) ਨਹੀਂ ਸੀ ਡਰਦਾ ।
੧੧ ਹੇ ਪ੍ਰਹਲਾਦ ! ੧੨ ਹੇ ਪੁੱਤਰ !
੧੩ ਆਪਣੀ ਜਾਨ ਬਚਾਅ ਲਵੇਂ ।
੧੪ ਸੰਡ ਅਤੇ ਅਮਰਕ ਸ਼ੁੱਕਰ ਦੇ ਦੋਵੇਂ ਪੁੱਤਰ ਜੋ ਪ੍ਰਹਿਲਾਦ ਨੂੰ ਪੜ੍ਹਾਣ ਲਈ ਮੁਕੱਰਰ ਹੋਏ ਸਨ।
੧੫ ਸ਼ਾਗਿਰਦ, ਹੋਰ ਪੜ੍ਹਨ ਵਾਲੇ ਮੁੰਡੇ ।
੧੬ ਦੁਸ਼ਟ ਰਾਜੇ ਦੇ ਦਰਬਾਰ ਵਿੱਚ ਸਲਾਹ ਕੀਤੀ ਗਈ (ਪ੍ਰਹਿਲਾਦ ਦੇ ਵਿਰੁੱਧ) ।
੧੭ ਵਾਹਿਗੁਰੂ ।
੧੮ ਬਚਾਅ ਲਵੇ ।
੧੯ ਭਿਆਨਕ (ਨਰਸਿੰਘ ਦੇ ਰੂਪ ਵਿੱਚ) ।
੨੦ ਨਹੁੰਆਂ ਨਾਲ ਪਾੜਿਆ (ਨਰਸਿੰਘ ਰੂਪ ਧਾਰ ਕੇ) ।
੨੧ ੭ ਦਾਦਕੇ; ੭ ਨਾਨਕੇ, ੭ ਸਹੁਰੇ ਘਰ ਦੇ ਸੰਬੰਧੀ, ਭਾਵ ਸਾਰੇ ਸਾਕ ਸੰਬੰਧੀ । "ਨਿਸ਼ ਪਾਪ ਪ੍ਰਹਿਲਾਦ ! ਤੇਰਾ ਪਿਤਾ, ਤੇਰੇ ੨੧ ਵਡਿੱਕਿਆਂ ਸਮੇਤ, ਤਰ ਗਿਆ ਕਿਉਂਕਿ, ਹੇ ਭਲੇ ਪੁਰਸ਼ ! ਤੇਰੇ ਜਿਹਾ ਕੁਲ ਉਧਾਰਨ ਵਾਲਾ ਉਸ ਦੇ ਘਰ ਪੈਦਾ ਹੋਇਆ" (ਸ੍ਰੀ ਮਦ ਭਾਗਵਤ) ।
੨੨ ਹਰੀ ਆਪ ਹੀ ਆਪਣੇ ਭਗਤਾਂ ਦੇ ਪਿਛੇ ਵੈਰੀ ਲਾ ਦਿੰਦਾ ਹੈ ਤੇ ਆਪ ਹੀ ਉਨ੍ਹਾਂ ਤੋਂ ਬਚਾਅ ਲੈਂਦਾ ਹੈ ।
੨੩ ਹਿੰਦੂਆਂ ਦਾ ਬੜਾ ਪਵਿੱਤਰ ਮੰਤਰ, ਜੋ ਪੂਜਾ ਵੇਲੇ ਪੜ੍ਹਦੇ ਹਨ ।
੨੪ ਪਿੱਤਰਾਂ ਅਤੇ ਦੇਵਤਿਆਂ ਨੂੰ 'ਤ੍ਰਿਪਤ' ਕਰਨ ਲਈ ਜਲ ਅਰਪਣ ਕਰਨਾ ।
੨੫ ਹਰ ਰੋਜ਼, ਨਿੱਤ, ਸਦਾ ।
੨੬ ਮੂਰਖ ਪਾਂਧੇ (ਸੰਡਾ ਮਰਕਾ) ।
੨੭ ਹਰਨਾਕਸ਼ ਦੈਂਤ ਨੂੰ ਕ੍ਰੋਧਾਤੁਰ ਕਰ ਦਿੱਤਾ, ਪ੍ਰਹਿਲਾਦ ਦੇ ਵਿਰੁੱਧ ਗੁੱਸੇ ਕਰ ਦਿੱਤਾ ।
੨੮ ਹਰਨਾਕਸ਼ ਦੈਂਤ ਦਾ ।

* ਪ੍ਰਹਿਲਾਦ ਭਗਤ ਦੀ ਮਿਸਾਲ ਲੈ ਕੇ ਦੱਸਦੇ ਹਨ ਕਿ ਇਕ ਵੇਰ ਗੁਰੂ ਦਾ ਦ੍ਰਿੜ੍ਹ ਕਰਾਇਆ ਉਪਦੇਸ਼ ਭਗਤਾਂ ਨੂੰ ਨਹੀਂ ਭੁੱਲਦਾ ਤੇ ਹਰੀ ਨਾਮ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਾਉਣ ਲਈ ਤਿਆਰ ਕਰ ਦਿੰਦਾ ਹੈ । ਦੇਖੋ ਭਾਈ ਗੁਰਦਾਸ, ਵਾਰ ੧੦, ਪੌ. ੨ । ਹੋਰ ਦੇਖੋ ਪੰਨਾ ੧੧੫੪ ਅਤੇ ਪੰਨਾ ੧੧੬੫ ਉੱਤੇ ਇਸੇ ਭਾਵ ਦੇ ਸ਼ਬਦ ।

† ਹਰੀ ਆਪਣੇ ਭਗਤਾਂ ਦੀ ਸਦਾ ਰੱਖਦਾ ਆਇਆ ਹੈ ਗੁਰ ਸ਼ਬਦ ਰਾਹੀਂ । ਦੇਖੋ ਭਗਤ ਪ੍ਰਹਿਲਾਦ ਦੀ ਮਿਸਾਲ ।

ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥
*[੧]ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ ॥ [੨]ਗੁਰ ਸਬਦੀ ਹਰਿ ਭਜੁ
ਸੁਰਤਿ ਸਮਾਇਣੁ ॥ ੧ ॥ ਮੇਰੇ ਮਨ ਹਰਿ ਭਜੁ ਨਾਮੁ ਨਰਾਇਣੁ ॥ [੩]ਹਰਿ ਹਰਿ
ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣੁ ॥ ੧ ॥
ਰਹਾਉ ॥ ਸੰਗਤਿ ਸਾਧ ਮੇਲਿ ਹਰਿ ਗਾਇਣੁ ॥ ਗੁਰਮਤੀ ਲੇ ਰਾਮ ਰਸਾਇਣੁ[੪] ॥
੨ ॥ [੫]ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥ ਸਭਿ ਕਿਲਵਿਖ[੬] ਪਾਪ
ਗਏ ਗਾਵਾਇਣੁ ॥ ੩ ॥ ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ[੭] ॥ ਜਨੁ
ਨਾਨਕੁ ਮੇਲਿ [੮]ਤੇਰਾ ਦਾਸ ਦਸਾਇਣੁ ॥ ੪ ॥ ੧ ॥ ਭੈਰਉ ਮਹਲਾ ੪† ॥
ਬੋਲਿ ਹਰਿ ਨਾਮੁ ਸਫਲ ਸਾ ਘਰੀ ॥ ਗੁਰ ਉਪਦੇਸਿ ਸਭਿ ਦੁਖ ਪਰਹਰੀ[੯] ॥
੧ ॥ ਮੇਰੇ ਮਨ ਹਰਿ ਭਜੁ ਨਾਮੁ ਨਰਹਰੀ[੧੦] ॥ ਕਰਿ ਕਿਰਪਾ ਮੇਲਹੁ ਗੁਰੁ ਪੂਰਾ
ਸਤਸੰਗਤਿ ਸੰਗਿ [੧੧]ਸਿੰਧੁ ਭਉ ਤਰੀ ॥ ੧ ॥ ਰਹਾਉ ॥ ਜਗਜੀਵਨੁ ਧਿਆਇ
ਮਨਿ ਹਰਿ ਸਿਮਰੀ ॥ [੧੨]ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥ ੨ ॥ ਸਤਸੰਗਤਿ
ਸਾਧ ਧੂਰਿ ਮੁਖਿ ਪਰੀ ॥ ਇਸਨਾਨੁ ਕੀਓ ਅਠਸਠਿ ਸੁਰਸਰੀ[੧੩] ॥ ੩ ॥ ਹਮ
ਮੂਰਖ ਕਉ ਹਰਿ ਕਿਰਪਾ ਕਰੀ ॥ ਜਨੁ ਨਾਨਕੁ ਤਾਰਿਓ ਤਾਰਣ ਹਰੀ ॥ ੪ ॥
੨ ॥ ਭੈਰਉ ਮਹਲਾ ੪‡ ॥ [੧੪]ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ
ਚਲੈ ਤੁਧੁ ਨਾਲੀ ॥ ੧ ॥ ਹਰਿ ਹਰਿ ਨਾਮੁ ਜਪਹੁ ਬਨਵਾਲੀ[੧੫] ॥ ਕਰਿ
ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ [੧੬]ਮਾਇਆ ਜਮ ਜਾਲੀ ॥ ੧ ॥
ਰਹਾਉ ॥ ਗੁਰਮੁਖਿ[੧੭] ਸੇਵਾ ਘਾਲ ਜਿਨਿ ਘਾਲੀ ॥ [੧੮]ਤਿਸੁ ਘੜੀਐ ਸਬਦੁ
ਸਚੀ ਟਕਸਾਲੀ ॥ ੨ ॥ ਹਰਿ ਅਗਮ ਅਗੋਚਰੁ[੧੯] ਗੁਰਿ ਅਗਮ ਦਿਖਾਲੀ ॥
ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥ ੩ ॥ ਹਮ ਬਾਰਿਕ ਹਰਿ ਪਿਤਾ
ਪ੍ਰਤਿਪਾਲੀ ॥ ਜਨ ਨਾਨਕ ਤਾਰਹੁ [੨੦]ਨਦਰਿ ਨਿਹਾਲੀ ॥ ੪ ॥ ੩ ॥ ਭੈਰਉ
ਮਹਲਾ ੪§ ॥ ਸਭਿ ਘਟ[੨੧] ਤੇਰੇ ਤੂ ਸਭਨਾ ਮਾਹਿ ॥ ਤੁਝ ਤੇ ਬਾਹਰਿ ਕੋਈ
ਨਾਹਿ ॥ ੧ ॥ ਹਰਿ ਸੁਖਦਾਤਾ ਮੇਰੇ ਮਨ ਜਾਪੁ ॥ ਹਉ ਤੁਧੁ ਸਾਲਾਹੀ ਤੂ ਮੇਰਾ
ਹਰਿ ਪ੍ਰਭੁ ਬਾਪੁ ॥ ੧ ॥ ਰਹਾਉ ॥ ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ ॥
ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥੨॥ ਜਿਸ ਕਉ ਤੁਮ ਹਰਿ ਰਾਖਿਆ
ਭਾਵੈ ॥ ਤਿਸ ਕੈ ਨੇੜੈ ਕੋਇ ਨ ਜਾਵੈ ॥ ੩ ॥ ਤੂ [੨੨]ਜਲਿ ਥਲਿ ਮਹੀਅਲਿ
ਸਭ ਤੈ[੨੩] ਭਰਪੂਰਿ ॥ ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ ॥ ੪ ॥ ੪ ॥

੧ ਹਰੀ ਜਨਾਂ ਸੰਤਾਂ ਦੀ ਕਿਰਪਾ ਕਰ ਕੇ ਉਨ੍ਹਾਂ ਦੀ ਚਰਨੀਂ ਲੱਗੀਦਾ ਹੈ ।
੨ ਗੁਰੂ-ਉਪਦੇਸ਼ ਦੁਆਰਾ ਹਰੀ ਨੂੰ ਸਿਮਰ ਆਪਣੀ ਸੁਰਤੀ ਵਿੱਚ ਉਸ ਨੂੰ ਸਮਾਅ ਕੇ ।
੩ ਜੇ ਹਰੀ ਸੁਖ ਦਾਤਾ ਕਿਰਪਾ ਕਰੇ, ਤਾਂ ਗੁਰੂ ਦੁਆਰਾ ਹਰੀ ਨਾਮ ਦੇ ਰਾਹੀਂ ਸੰਸਾਰ-ਸਾਗਰ ਤਰ ਜਾਈਦਾ ਹੈ ।
੪ ਰਸਾਂ ਦਾ ਘਰ ।
੫ ਜੇ ਕਮਾਈ ਵਾਲੇ ਗੁਰੂ ਦੇ ਦਿੱਤੇ ਗਿਆਨ ਰੂਪ ਅੰਮ੍ਰਿਤ-ਸਰੋਵਰ ਵਿੱਚ ਨ੍ਹਾਉਣ ਹੋਵੇ (ਨ੍ਹਾਵੀਏ)।
੬ ਪਾਪ । ੭ ਟੇਕ, ਆਸਰਾ ।
੮ ਜੋ ਤੇਰਾ ਦਾਸਾਂ ਦਾ ਦਾਸ ਹੈ ।
੯ ਦੂਰ ਕੀਤਾ ।
੧੦ [ਨਰਸਿੰਘ] ਹਰੀ ।
੧੧ ਭਵ-ਸਿੰਧ, ਭਵ-ਸਾਗਰ, ਹਸਤੀ ਦਾ ਸਮੁੰਦਰ।
੧੨ ਕਰੋੜਾਂ ਹੀ ਕਰੋੜਾਂ ।
੧੩ ਦੇਵਤਿਆਂ ਦੀ ਨਦੀ ਗੰਗਾ । ਭਾਵ ਸਤਸੰਗਤਿ ਵਿੱਚ ਜਦ ਸਾਧੂ ਦੀ ਚਰਨ ਧੂੜ ਮੂੰਹ 'ਤੇ ਪਈ ਤਾਂ ਅਠਾਹਠ ਗੰਗਾ ਦਾ ਇਸ਼ਨਾਨ ਹੋ ਗਿਆ ।
੧੪ ਚੰਗੀ ਕਰਨੀ ਹੀ ਸ੍ਰੇਸ਼ਟ ਮਾਲਾ ਹੈ ।
੧੫ [ਬਨ ਜਿਸ ਦੀ ਮਾਲਾ ਹਨ] ਹਰੀ ਦਾ ।
੧੬ ਮਾਇਆ ਦੀ ਜਾਲੀ ਜੋ ਮੌਤ ਦੀ ਫਾਹੀ ਵਰਗੀ ਹੈ ।
੧੭ ਗੁਰੂ ਦੁਆਰਾ ।
੧੮ ਸੱਚੀ ਟਕਸਾਲ ਵਿੱਚ ਉਸ ਦਾ ਸ਼ਬਦ (ਆਚਰਨ) ਘੜਿਆ ਜਾਂਦਾ ਹੈ । "ਘੜੀਐ ਸਬਦੁ ਸਚੀ ਟਕਸਾਲ" (ਜਪੁ) । ਦੇਖੋ ਪੰਨਾ ੮, ਨੋਟ ੧੩।
੧੯ ਜੋ, ਮਨ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ ।
੨੦ ਮਿਹਰ ਦੀ ਨਜ਼ਰ ਨਾਲ ਨਿਹਾਲ ਕਰ ਕੇ ।
੨੧ [ਘੜੇ] ਸਰੀਰ, ਜੀਵ ।
੨੨ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰਲੇ ਪੁਲਾੜ ਵਿੱਚ ।
੨੩ ਸਭ ਥਾਵਾਂ 'ਤੇ ।

* ਹਰੀ ਦੀ ਕਿਰਪਾ ਹੋਵੇ ਤਾਂ ਗੁਰੂ ਦੇ ਸ਼ਬਦ ਰਾਹੀਂ ਹਰੀ ਨਾਮ ਦਾ ਸਿਮਰਨ ਕਰ ਕੇ ਪਾਪ ਦੂਰ ਹੁੰਦੇ ਤੇ ਪਾਰ ਉਤਾਰਾ ਹੁੰਦਾ ਹੈ ।

† ਹਰੀ ਦੀ ਕਿਰਪਾ ਦੁਆਰਾ ਗੁਰੂ ਮਿਲਦਾ ਹੈ, ਜਿਸ ਦੀ ਸੰਗਤ ਵਿਚੋਂ ਤੀਰਥ ਇਸ਼ਨਾਨ ਦਾ ਪੁੰਨ ਮਿਲਦਾ, ਦੁੱਖ ਤੇ ਪਾਪ ਦੂਰ ਹੁੰਦੇ ਅਤੇ ਸੰਸਾਰ-ਸਾਗਰ ਤੋਂ ਪਾਰ ਹੋਈਦਾ ਹੈ ।

‡ ਹਰੀ ਦੀ ਕਿਰਪਾ ਨਾਲ ਜਦ ਗੁਰੂ ਮਿਲਦਾ ਹੈ ਤਾਂ ਉਸ ਦੀ ਸੰਗਤ ਦੇ ਰਾਹੀਂ ਸੇਵਾ ਕਰ ਕੇ ਮਨੁੱਖ ਦਾ ਆਚਰਣ ਚੰਗੀ ਤਰ੍ਹਾਂ ਘੜਿਆ ਜਾਂਦਾ ਹੈ, ਕਿਉਂਕਿ ਉਸ ਨੂੰ ਹਰੀ ਆਪਣੇ ਅੰਦਰ ਵੱਸਦਾ ਦਿਸ ਪੈਂਦਾ ਹੈ ਤੇ ਉਹ ਸੁਕ੍ਰਿਤ (ਭਲਾਈ) ਨੂੰ ਜਪ ਮਾਲਾ ਵਾਕੁਰ ਜਪਦਾ ਹੈ, ਭਾਵ ਉਹ ਭਲਾਈ ਤੋਂ ਕਦੀ ਪਰੇ ਨਹੀਂ ਜਾ ਸਕਦਾ ।

§ ਹਰੀ ਹਰ ਥਾਂ ਹਾਜ਼ਰਾ ਹਜ਼ੂਰ ਹੈ । ਜਿਸ ਨੂੰ ਇਹ ਅਨੁਭਵ ਹੋ ਜਾਵੇ, ਉਸ ਦੇ ਨੇੜੇ ਦੁੱਖ ਪਾਪ ਕਦੀ ਨਹੀਂ ਆ ਸਕਦੇ ।

ਭੈਰਉ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥
*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ[੧] ॥ ਮਸਤਕਿ[੨] ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਾਰਿ[੩] ॥ ੧ ॥ ਮਧੁਸੂਦਨੁ[੪] ਜਪੀਐ ਉਰ ਧਾਰਿ[੫] ॥ ਦੇਹੀ ਨਗਰਿ ਤਸਕਰ[੬] ਪੰਚ ਧਾਤੂ[੭] ਗੁਰ ਸਬਦੀ ਹਰਿ ਕਾਢੇ ਮਾਰਿ ॥ ੧ ॥ ਰਹਾਉ ॥ ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ ॥ ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ[੮] ਕੀਆ ਕਰਤਾਰਿ ॥ ੨ ॥ [੯]ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥ ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ[੧੦] ਨਾਮੁ ਮੁਰਾਰਿ ॥ ੩ ॥ ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥ ਨਾਨਕ ਸੋ ਪ੍ਰਭੁ ਸਦਾ ਧਿਆਈਐ ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥ ੪ ॥ ੧ ॥ ੫ ॥ ਭੈਰਉ ਮਹਲਾ ੪† ॥ [੧੧]ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥ ਤਿਨ ਕਾ ਦਰਸੁ ਦੇਖਿ ਮਨੁ ਬਿਗਸੈ[੧੨] ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥ ੧ ॥ ਹਰਿ ਹਿਰਦੈ ਜਪਿ ਨਾਮੁ ਮੁਰਾਰੀ[੧] ॥ ਕ੍ਰਿਪਾ ਕ੍ਰਿਪਾ ਕਰਿ [੧੩]ਜਗਤ ਪਿਤ ਸੁਆਮੀ[੧੪] ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥ ੧ ॥ ਰਹਾਉ ॥ ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ[੧੫] ॥ ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ ॥ ੨ ॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥ ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥ ੩ ॥ ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ[੧੬] ॥ ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥ ੪ ॥ ੨ ॥ ੬ ॥ ਭੈਰਉ ਮਹਲਾ ੪‡ ॥ ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ ॥ ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ[੧੭] ਤਿਨ ਹਮ [੧੮]ਸ੍ਰੇਵਹ ਨਿਤ ਚਰਣੇ ॥ ੧ ॥ ਜਗਜੀਵਨੁ ਹਰਿ ਧਿਆਇ ਤਰਣੇ ॥ ਅਨੇਕ ਅਸੰਖ[੧੯] ਨਾਮ ਹਰਿ ਤੇਰੇ [੨੦]ਨ ਜਾਹੀ ਜਿਹਵਾ ਇਤੁ ਗਨਣੇ ॥ ੧ ॥ ਰਹਾਉ ॥ ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥ ਜੋ ਉਪਦੇਸੁ ਸੁਣੇ ਗੁਰ ਕੇਰਾ[੨੧] ਸੋ ਜਨੁ ਪਾਵੈ ਹਰਿ ਸੁਖ ਘਣੇ[੨੨] ॥ ੨ ॥ ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ[੨੩] ॥ ਜਿਨ ਸਾਸਿ ਗਿਰਾਸਿ[੨੪] ਧਿਆਇਆ

੧ [ਮੁਰ ਰਾਖਸ਼ ਦਾ ਵੈਰੀ] ਹਰੀ।
੨ ਮੱਥੇ 'ਤੇ ।
੩ ਯਾਦ ਕਰਦਾ ਹੈ ।
੪ [ਮਧੂ ਰਾਖਸ਼ ਨੂੰ ਮਾਰਨ ਵਾਲਾ, ਵਿਸ਼ਨੂੰ] ਹਰੀ।
੫ ਦਿਲ ਵਿੱਚ ਧਾਰ ਕੇ ।
੬ ਚੋਰ । ਕਾਮਾਦਿਕ ਪੰਜ ਚੋਰ ।
੭ ਦੌੜਨ ਵਾਲੇ ਵਿਸ਼ੇ । 'ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ' (ਨੋਟ ਮ: ੪, ਪੰਨਾ ੯੭੫) ।
੮ ਪੱਖ, ਸਹਾਇਤਾ ।
੯ ਆਪਣੀ ਮਨ ਮਰਜ਼ੀ ਦੇ ਸਲਾਹ ਮਸ਼ਵਰੇ ।
੧੦ ਹਰ ਰੋਜ਼, ਸਦਾ ।
੧੧ ਹੇ ਹਰੀ ਮਾਲਕ ਜੀ ! ਐਸਾ ਸਾਧ ਗੁਰੂ ਮੇਲੋ, ਜਿਸ ਨੂੰ ਯਾਦ ਕੀਤਿਆਂ ਸਾਡੀ ਮੁਕਤੀ ਹੋ ਜਾਵੇ ।
੧੨ ਖਿੜਦਾ ਹੈ ।
੧੩ ਹੇ ਜਗਤ ਦੇ ਪਿਤਾ ।
੧੪ ਸਾਨੂੰ ਆਪਣੇ ਦਾਸਨਿ ਦਾਸਾਂ ਦੇ ਸੇਵਕ ਬਣਾ ਦਿਓ ।
੧੫ [ਬਨ ਜਿਸ ਦੀ ਮਾਲਾ ਹਨ] ਹਰੀ ।
੧੬ ਜੋ ਭੋਜਨ ਆਦਿਕ ਦੇ ਅਧਾਰ ਤੋਂ ਉੱਤੇ ਹੈ, ਵਾਹਿਗੁਰੂ ।
੧੭ ਭਿੱਜ ਗਿਆ, ਸੰਤੁਸ਼ਟ ਹੋ ਗਿਆ, ਰਾਜ਼ੀ ਹੋ ਗਿਆ ।
੧੮ ਸਦਾ ਚਰਨ ਸੇਵੀਏ ।
੧੯ ਅਣਗਿਣਤ ।
੨੦ ਇਸ ਜੀਭ ਨਾਲ ਨਹੀਂ ਗਿਣੇ ਜਾ ਸਕਦੇ ।
੨੧ ਦਾ ।
੨੨ ਬਹੁਤ ।
੨੩ ਜੰਮੇ ।
੨੪ ਖਾਂਦਿਆਂ ਪੀਂਦਿਆਂ ।

* ਹਰੀ ਬਿਨਾਂ ਹੋਰ ਕੋਈ ਸਹਾਈ ਨਹੀਂ ਹੋ ਸਕਦਾ । ਉਹ ਆਪੇ ਮਿਹਰ ਕਰੇ, ਤਾਂ ਗੁਰੂ ਮਿਲਦਾ ਹੈ; ਜਿਸ ਦੇ ਸ਼ਬਦ ਦੁਆਰਾ ਪਾਪ ਦੂਰ ਹੁੰਦੇ ਤੇ ਹਰੀ ਸਿਮਰਨ ਮਿਲਦਾ ਹੈ ।

† ਹਰੀ ਦੀ ਅਪਾਰ ਕਿਰਪਾ ਹੋਵੇ ਤਾਂ ਗੁਰੂ ਮਿਲਦਾ ਹੈ, ਜਿਸ ਦੀ ਸੰਗਤਿ ਕਰ ਕੇ ਮਨੁੱਖ ਤਰ ਜਾਂਦਾ ਹੈ ।

‡ ਧੰਨ ਹੈ ਗੁਰੂ ਜਿਸ ਦੇ ਮਿਲਣ ਨਾਲ ਹਰੀ ਮਿਲਦਾ ਹੈ ।

ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ[੧] ॥ ੩ ॥ ਹਰਿ ਹਰਿ ਅਗਮ ਨਾਮ ਹਰਿ ਤੇਰੇ ਵਿਚਿ ਭਗਤਾ ਹਰਿ ਧਰਣੇ[੨] ॥ ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ ਪਵਣੇ[੩] ॥ ੪ ॥ ੩ ॥ ੭ ॥

ਭੈਰਉ ਮਹਲਾ ੫ ਘਰੁ ੧ ੴ ਸਤਿਗੁਰ ਪ੍ਰਸਾਦਿ ॥

*[੪]ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ ਜਨਮਾਸੀ ॥ ੧ ॥ ਭਰਮਿ ਭੂਲੇ ਨਰ ਕਰਤ ਕਚਰਾਇਣ[੫] ॥ ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥ ਕਰਿ ਪੰਜੀਰੁ[੬] ਖਵਾਇਓ ਚੋਰ ॥ ਓਹੁ ਜਨਮਿ ਨ ਮਰੈ [੭]ਰੇ ਸਾਕਤ ਢੋਰ ॥ ੨ ॥ [੮]ਸਗਲ ਪਰਾਧ ਦੇਹਿ ਲੋਰੋਨੀ ॥ [੯]ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥ ਜਨਮਿ ਨ ਮਰੈ ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ ਰਹਿਓ ਸਮਾਇ ॥ ੪ ॥ ੧ ॥ ਭੈਰਉ ਮਹਲਾ ੫† ॥ ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ [੧੦]ਜਾਂ ਐਸੇ ਬੁਝੀਆ ॥ ੧ ॥ ਰਾਖਾ ਏਕੁ ਹਮਾਰਾ ਸੁਆਮੀ ॥ [੧੧]ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥ ਸੋਇ ਅਚਿੰਤਾ[੧੨] ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥ ੨ ॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ [੧੩]ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥ ੨ ॥ ਭੈਰਉ ਮਹਲਾ ੫‡ ॥ [੧੪]ਵਰਤ ਨ ਰਹਉ ਨ [੧੫]ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ[੧੬] ॥ ੧ ॥ [੧੭]ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ [੧੮]ਦੁਹਾਂ ਨੇਬੇਰਾ ॥ ੧ ॥ ਰਹਾਉ ॥ [੧੯]ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥ ੨ ॥ ਪੂਜਾ ਕਰਉ ਨ ਨਿਵਾਜ[੨੦] ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ ੩ ॥ ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ [੨੧]ਪਿੰਡੁ ਪਰਾਨ ॥ ੪ ॥ ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥ ੫ ॥ ੩ ॥ ਭੈਰਉ ਮਹਲਾ ੫§ ॥ [੨੨]ਦਸ ਮਿਰਗੀ ਸਹਜੇ ਬੰਧਿ ਆਨੀ ॥ [੨੩]ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥ ੧ ॥ ਸੰਤਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ[੨੪] ਹਥੀਆਰ ॥ ੧ ॥ ਰਹਾਉ ॥ [੨੫]ਆਖੇਰ ਬਿਰਤਿ ਬਾਹਰਿ ਆਇਓ ਧਾਇ ॥ ਅਹੇਰਾ ਪਾਇਓ ਘਰ ਕੈ ਗਾਂਇ[੨੬] ॥ ੨ ॥ ਮ੍ਰਿਗ ਪਕਰੇ ਘਰਿ ਆਣੇ ਹਾਟਿ[੨੭] ॥ [੨੮]ਚੁਖ ਚੁਖ ਲੇ ਗਏ [੨੯]ਬਾਂਢੇ ਬਾਟਿ ॥ ੩ ॥ [੩੦]ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥ ੪ ॥ ੪ ॥ ਭੈਰਉ ਮਹਲਾ ੫¶ ॥ ਜੇ [੩੧]ਸਉ ਲੋਚਿ ਲੋਚਿ ਖਾਵਾਇਆ ॥ ਸਾਕਤ ਹਰਿ ਹਰਿ ਚੀਤਿ ਨ ਆਇਆ ॥ ੧ ॥

੧ ਫਬਦੇ ਹਨ ।
੨ ਰੱਖੇ ਹਨ ।
੩ ਪੈਂਦੇ ਹਨ ।
੪ ਹੋਰ ਥਿੱਤਾਂ ਇਕ ਪਾਸੇ ਰੱਖ ਦਿੱਤੀਆਂ ਤੇ ਅਸ਼ਟਮੀ ਨੂੰ ਰੱਬ ਦੇ ਜਨਮ ਦੀ ਥਿੱਤ ਮੰਨ ਲਿਆ । ਕ੍ਰਿਸ਼ਨ ਜੀ ਨੂੰ ਅਵਤਾਰ ਜਾਣ ਕੇ ਉਨ੍ਹਾਂ ਦਾ ਜਨਮ, ਅਸ਼ਟਮੀ ਵਾਲੇ ਦਿਨ ਮੰਨਦੇ ਹਨ । ਗੁਰੂ ਸਾਹਿਬ ਹਾਸ-ਰਸ ਵਿੱਚ ਉਨ੍ਹਾਂ ਦੇ ਰੱਬ-ਅਵਤਾਰ ਹੋਣ ਦਾ ਖੰਡਨ ਕਰਦੇ ਹਨ ।
੫ ਕੱਚਾਪਣ, ਉਹ ਗੱਲ ਜੋ ਦਲੀਲ ਦੀ ਕਸਵਟੀ ਉੱਤੇ ਨਾ ਠਹਿਰ ਸਕੇ ।
੬ ਫਲਜੀਰਾ । ਚੋਰੀ-ਚੋਰੀ ਠਾਕੁਰ ਨੂੰ ਖਵਾਂਦੇ ਹਨ, ਭਾਵ ਪਰਦਾ ਸੁੱਟ ਕੇ ਠਾਕੁਰ ਨੂੰ ਭੋਗ ਲਵਾਂਦੇ ਹਨ ।
੭ ਹੇ ਮਾਦਾ ਪ੍ਰਸਤ ਮੂਰਖ !
੮ ਜੋ ਤੂੰ ਲੋਰੀ ਦਿੰਦਾ ਹੈਂ, ਇਹ ਸਾਰੇ ਅਪਰਾਧਾਂ ਦਾ ਕਾਰਣ ਹੈ ।
੯ ਉਹ ਮੂੰਹ ਸੜ ਜਾਵੇ ਜਿਸ ਰਾਹੀਂ ਕਹਿੰਦਾ ਹੈਂ ਕਿ ਰੱਬ ਜੂਨ ਵਿੱਚ ਆਉਂਦਾ ਹੈ, ਰੱਬ ਜੰਮਦਾ ਹੈ । 'ਜਲਉ ਲਈ' ਦੇਖੋ ਨੇਮ ੨੭ ।
੧੦ ਜਦ ਉੱਪਰ ਦੱਸੀ ਗੱਲ ਸਮਝ ਲਈ ਕਿ ਪ੍ਰਭੂ ਹਰ ਥਾਂ ਸਮਾਯ ਰਿਹਾ ਹੈ (ਇਹ ਸ਼ਬਦ ਪਿਛਲੇ ਨਾਲ ਰਲਾ ਕੇ ਲੈਣਾ ਹੈ, ਜਿਵੇਂ ਚੌਥਾ ਸ਼ਬਦ ਪੰਜਵੇਂ ਨਾਲ) ।
੧੧ ਸਾਰੇ ਦਿਲਾਂ ਦੇ ਅੰਦਰ ਦੀਆਂ ਜਾਣਨ ਵਾਲਾ ।
੧੨ ਬੇਫ਼ਿਕਰ ।
੧੩ ਗੁਰੂ ਨੇ ਇਹ ਸਿਖਿਆ ਦਿੱਤੀ ਹੈ ।
੧੪ ਮੈਂ ਵਰਤ ਨਹੀਂ ਰੱਖਦਾ ।
੧੫ ਮਾਹਿ ਰਮਜ਼ਾਨ, ਰੋਜ਼ਿਆਂ ਦਾ ਮਹੀਨਾ । ਨਾ ਰੋਜ਼ੇ ਰੱਖਦਾ ਹਾਂ ।
੧੬ ਓੜਕ ।
੧੭ ਮੇਰੇ ਲਈ ਓਹੀ ਗੁਸਾਈਂ ਹੈ (ਹਿੰਦੂਆਂ ਦਾ ਰੱਬ) ਜੋ (ਮੁਸਲਮਾਨਾਂ ਦਾ) ਅੱਲਾ ਹੈ ।
੧੮ ਦੋਹਾਂ ਤੋਂ ਪੱਲਾ ਛੁੜਾ ਲਿਆ ਹੈ ।
੧੯ ਨਾ ਮੈਂ ਮੁਸਲਮਾਨਾਂ ਦੇ ਕਾਬੇ ਯਾਤਰਾ ਕਰਨ ਜਾਂਦਾ ਹਾਂ ਅਤੇ ਨਾ ਹਿੰਦੂਆਂ ਦੇ ਤੀਰਥਾਂ 'ਤੇ ਪੂਜਾ ਕਰਨ ਜਾਂਦਾ ਹਾਂ ।
੨੦ ਨਿਮਾਜ਼ । ਨਾ ਮੈਂ ਹਿੰਦੂਆਂ ਵਾਲੀ ਪੂਜਾ ਕਰਦਾ ਹਾਂ, ਨਾ ਮੁਸਲਮਾਨਾਂ ਵਾਲੀ ਨਿਮਾਜ਼ ਪੜ੍ਹਦਾ ਹਾਂ।
੨੧ ਦੇਹ ਪ੍ਰਾਣ । ਸਾਡੇ ਦੇਹ ਪ੍ਰਾਣ ਅੱਲਾ ਰਾਮ ਦੇ ਹਨ (ਪਹਿਲੀਆਂ ਸਾਰੀਆਂ ਤੁਕਾਂ ਵਿੱਚ ਕਿਰਿਆ ਇਕ ਵਚਨ ਸੀ, ਪਰ ਇਥੇ ਸਾਰਿਆਂ ਸਿੱਖਾਂ ਵਲੋਂ ਨਿਸਚਾ ਦੱਸਦੇ ਹਨ, ਇਸ ਲਈ ਲਫ਼ਜ਼ ਬਹੁ-ਵਚਨ ਵਰਤੇ ਹਨ) ।
੨੨ ਦਸ ਇੰਦਰੀਆਂ ਰੂਪ ਹਰਨੀਆਂ ਸਹਿਜੇ ਹੀ ਬੰਨ੍ਹ ਲਿਆਂਦੀਆਂ ਹਨ ।
੨੩ ਕਾਮਾਦਿਕ ਪੰਜ ਹਿਰਨ ਵਿੰਨ੍ਹੇ ਹਨ ਖਤਾ ਨਾ ਹੋਣ ਵਾਲੇ ਤੀਰਾਂ ਨਾਲ । (ਸਿਵ ਕੀ ਬਾਨੀ) ਸ਼ਿਵ ਬਾਣ ਨਾਲ, ਖ਼ਤਾ ਨਾ ਹੋਣ ਵਾਲੇ (ਗੁਰ ਸ਼ਬਦ) ਤੀਰਾਂ ਨਾਲ ।
੨੪ ਘੋੜੇ ।
੨੫ [ਸੰ. ਆਖ਼ੇਟ=ਸ਼ਿਕਾਰ] ਸ਼ਿਕਾਰ ਵਾਲੀ ਬਿਰਤੀ ਬਾਹਰ ਦੌੜਦੀ ਸੀ । ਦੇਖੋ ਪੰਨਾ ੧੭੯, ਨੋਟ ੩੩ । ਭਾਵ ਫੋਕਟ ਸਾਧਨ ਕੀਤੇ ਸਨ, ਪਰ ਹੁਣ ਅਹੇਰਾ (ਸ਼ਿਕਾਰ) ਘਰ ਹੀ ਮਿਲਿਆ ਹੈ, ਆਪਣੇ ਆਪ ਵਿੱਚ ਟਿਕਿਆ ਹਾਂ।
੨੬ ਗ੍ਰਾਮ ਵਿੱਚ ।
੨੭ ਹਟ ਕੇ, ਮੁੜ ਕੇ ।
੨੮ ਰਤਾ-ਰਤਾ ।
੨੯ ਹਿੱਸੇ ਵੰਡ ਕੇ (ਸਤਿਸੰਗੀ ਸਾਥੀਆਂ ਨੂੰ ਹਿੱਸੇ ਵੰਡੇ) ।
੩੦ ਸਾਨੂੰ ਸ਼ਿਕਾਰ ਵਿੱਚ ਇਹ ਹੀ ਹਿੱਸਾ ਮਿਲਿਆ-ਨਾਮ ।
੩੧ ਸੌ ਢੰਗਾਂ ਨਾਲ, ਚਾਅ ਨਾਲ ਖਵਾਇਆ । (ਕੀ ਖਵਾਇਆ ? ਉਤਲੇ ਸ਼ਬਦ ਵਿੱਚ ਦੱਸਿਆ ਨਾਮ ਰੂਪ ਸ਼ਿਕਾਰ ।)

* ਇਕ ਸਰਬ-ਵਿਆਪੀ ਹਰੀ ਨੂੰ ਛੱਡ ਕੇ ਜੋ ਉਸ ਦੀ ਥਾਂ ਕ੍ਰਿਸ਼ਨ ਆਦਿ ਮਨੁੱਖਾਂ ਨੂੰ ਮੰਨਦੇ ਤੇ ਉਨ੍ਹਾਂ ਦੇ ਦਿਨ ਮਨਾਉਂਦੇ ਹਨ, ਉਹ ਕੱਚੇ ਲੋਕ ਹਨ ।

† ਸੁਖੀ ਉਹ ਹੀ ਹਨ, ਜੋ ਉਸ ਨੂੰ ਘਟ-ਘਟ ਵਿੱਚ ਵੱਸਣ ਵਾਲਾ ਨਿਰਾਕਾਰ ਹਰੀ ਕਰ ਕੇ ਸਿਮਰਦੇ ਹਨ ।

‡ ਗੁਰੂ ਜੀ ਆਪਣਾ ਮੱਤ, ਵਰਤ ਨੇਮ ਕਰਨ ਵਾਲੇ ਹਿੰਦੂਆਂ ਅਤੇ ਨਿਮਾਜ਼ ਰੋਜ਼ੇ ਰੱਖਣ ਵਾਲੇ ਮੁਸਲਮਾਨਾਂ ਤੋਂ ਅੱਡਰਾ ਦੱਸ ਕੇ ਇਕ ਨਿਰੰਕਾਰ ਦੇ ਪੁਜਾਰੀ ਹੋਣ ਦਾ ਦਾਹਵਾ ਕਰਦੇ ਹਨ ।

§ ਸ਼ਿਕਾਰ ਦਾ ਅਲੰਕਾਰ ਲੈ ਕੇ ਦੱਸਦੇ ਹਨ ਕਿ ਸਤਸੰਗ ਨੂੰ ਨਾਲ ਲੈ ਕੇ ਪਾਪਾਂ ਦਾ ਪ੍ਰਹਾਰ ਕਰਨ ਚੜ੍ਹੇ ਅਤੇ ਗੁਰ-ਬਾਣੀ ਦੇ ਬੇ-ਖ਼ਤਾ ਤੀਰਾਂ ਨਾਲ ਕਾਮਾਦਿ ਮਿਰਗ ਮਾਰੇ ਅਤੇ ਆਪਣੇ ਅੰਦਰੋਂ ਹੀ ਨਾਮ ਦਾ ਸ਼ਿਕਾਰ ਮਿਲ ਗਿਆ, ਜੋ ਸਤਸੰਗੀਆਂ ਨਾਲ ਮਿਲ ਕੇ ਖਾਧਾ ।

¶ ਪਰ ਮਨਮੁਖ ਨੂੰ ਇਹ ਨਾਮ ਨਹੀਂ ਭਾਉਂਦਾ ਕਿਉਂਕਿ ਉਹ ਪੱਥਰ ਵਾਂਗ ਅਭਿੱਗ ਨਕੋਰ ਹੁੰਦਾ ਹੈ । ਪਰ ਉਹ ਕੀ ਕਰੇ, ਹਰੀ ਨੇ ਉਸ ਦੀ ਬਿਰਤੀ ਹੀ ਐਸੀ ਬਣਾਈ ਹੈ ।

ਸੰਤ ਜਨਾ ਕੀ ਲੇਹੁ ਮਤੇ ॥ ਸਾਧਸੰਗਿ ਪਾਵਹੁ ਪਰਮ ਗਤੇ[੧] ॥ ੧ ॥ ਰਹਾਉ ॥
ਪਾਥਰ ਕਉ ਬਹੁ ਨੀਰੁ ਪਵਾਇਆ ॥ ਨਹ ਭੀਗੈ[੨] [੩]ਅਧਿਕ ਸੂਕਾਇਆ ॥
੨ ॥ [੪]ਖਟੁ ਸਾਸਤ੍ਰ ਮੂਰਖੈ ਸੁਨਾਇਆ ॥ ਜੈਸੇ ਦਹ ਦਿਸ ਪਵਨੁ ਝੁਲਾਇਆ ॥
੩ ॥ ਬਿਨੁ ਕਣ[੫] [੬]ਖਲਹਾਨੁ ਜੈਸੇ ਗਾਹਨ ਪਾਇਆ ॥ ਤਿਉ ਸਾਕਤ ਤੇ
ਕੋ ਨ ਬਰਾਸਾਇਆ ॥ ੪ ॥ ਤਿਤ ਹੀ ਲਾਗਾ ਜਿਤੁ ਕੋ ਲਾਇਆ ॥ ਕਹੁ
ਨਾਨਕ ਪ੍ਰਭਿ ਬਣਤ ਬਣਾਇਆ ॥ ੫ ॥ ੫ ॥ ਭੈਰਉ ਮਹਲਾ ੫* ॥ ਜੀਉ
ਪ੍ਰਾਣ ਜਿਨਿ ਰਚਿਓ ਸਰੀਰ ॥ [੭]ਜਿਨਹਿ ਉਪਾਏ ਤਿਸ ਕਉ ਪੀਰ ॥ ੧ ॥
ਗੁਰੁ ਗੋਬਿੰਦੁ ਜੀਅ ਕੈ ਕਾਮ ॥ [੮]ਹਲਤਿ ਪਲਤਿ ਜਾ ਕੀ ਸਦ ਛਾਮ[੯] ॥
੧ ॥ ਰਹਾਉ ॥ ਪ੍ਰਭੁ ਆਰਾਧਨ ਨਿਰਮਲ ਰੀਤਿ ॥ ਸਾਧਸੰਗਿ ਬਿਨਸੀ
ਬਿਪਰੀਤਿ[੧੦] ॥ ੨ ॥ ਮੀਤ ਹੀਤ ਧਨੁ ਨਹ ਪਾਰਣਾ[੧੧] ॥ ਧੰਨਿ ਧੰਨਿ ਮੇਰੇ
ਨਾਰਾਇਣਾ ॥ ੩ ॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ
ਜਾਣੀ ॥ ੪ ॥ ੬ ॥ ਭੈਰਉ ਮਹਲਾ ੫† ॥ ਆਗੈ ਦਯੁ[੧੨] ਪਾਛੈ ਨਾਰਾਇਣ ॥
[੧੩]ਮਧਿ ਭਾਗਿ ਹਰਿ ਪ੍ਰੇਮ ਰਸਾਇਣ[੧੪] ॥ ੧ ॥ ਪ੍ਰਭੂ ਹਮਾਰੈ [੧੫]ਸਾਸਤ੍ਰ ਸਉਣ ॥
[੧੬]ਸੂਖ ਸਹਜ ਆਨੰਦ ਗ੍ਰਿਹ ਭਉਣ[੧੭] ॥ ੧ ॥ ਰਹਾਉ ॥ ਰਸਨਾ[੧੮] ਨਾਮੁ
ਕਰਨ[੧੯] ਸੁਣਿ ਜੀਵੇ ॥ ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥ ੨ ॥
ਜਨਮ ਜਨਮ ਕੇ ਦੂਖ ਨਿਵਾਰੇ[੨੦] ॥ [੨੧]ਅਨਹਦ ਸਬਦ ਵਜੇ ਦਰਬਾਰੇ ॥ ੩ ॥
ਕਰਿ ਕਿਰਪਾ ਪ੍ਰਭਿ ਲੀਏ ਮਿਲਾਏ ॥ ਨਾਨਕ ਪ੍ਰਭ ਸਰਣਾਗਤਿ ਆਏ ॥
੪ ॥ ੭ ॥ ਭੈਰਉ ਮਹਲਾ ੫‡ ॥ ਕੋਟਿ ਮਨੋਰਥ ਆਵਹਿ ਹਾਥ ॥ ਜਮ ਮਾਰਗ
ਕੈ ਸੰਗੀ ਪਾਂਥ[੨੨] ॥ ੧ ॥ ਗੰਗਾ ਜਲੁ ਗੁਰ ਗੋਬਿੰਦ ਨਾਮ ॥ ਜੋ ਸਿਮਰੈ ਤਿਸ
ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ[੨੩] ॥ ੧ ॥ ਰਹਾਉ ॥ ਪੂਜਾ
ਜਾਪ ਤਾਪ ਇਸਨਾਨ ॥ ਸਿਮਰਤ ਨਾਮ ਭਏ ਨਿਹਕਾਮ ॥ ੨ ॥ ਰਾਜ ਮਾਲ
ਸਾਦਨ[੨੪] ਦਰਬਾਰ ॥ ਸਿਮਰਤ ਨਾਮ [੨੫]ਪੂਰਨ ਆਚਾਰ ॥ ੩ ॥ ਨਾਨਕ ਦਾਸ
ਇਹੁ ਕੀਆ ਬੀਚਾਰੁ ॥ ਬਿਨੁ ਹਰਿ ਨਾਮ ਮਿਥਿਆ ਸਭ ਛਾਰੁ[੨੬] ॥ ੪ ॥
੮ ॥ ਭੈਰਉ ਮਹਲਾ ੫§ ॥ ਲੇਪੁ[੨੭] ਨ ਲਾਗੋ ਤਿਲ ਕਾ ਮੂਲਿ ॥ ਦੁਸਟੁ
ਬ੍ਰਾਹਮਣੁ ਮੂਆ ਹੋਇ ਕੈ ਸੂਲ ॥ ੧ ॥ ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥ ਅਪਣਾ ਖਸਮੁ ਜਨਿ ਆਪਿ
ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ[੨੮] ॥ ੨ ॥ ਪ੍ਰਭ ਮਾਤ
ਪਿਤਾ ਅਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ [੨੯]ਈਹਾਂ ਊਹਾ ਕਾਲਾ ॥
੩ ॥ ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ[੩੦] ਪਾਪੀ

੧ ਮੁਕਤੀ ।
੨ ਭਿੱਜਦਾ ।
੩ ਬਹੁਤ ਸੁੱਕਾ ਹੋਣ ਕਰ ਕੇ ।
੪ ਜੇ ਮੂਰਖ ਨੂੰ ਛੀ ਸ਼ਾਸਤਰ ਸੁਣਾਓ, ਤਾਂ ਉਹ ਇਸ ਤਰ੍ਹਾਂ ਬੇਅਸਰ ਰਹਿੰਦਾ ਹੈ । ਜਿਵੇਂ ਸਭ ਤਰਫੀਂ ਹਵਾ ਆ ਕੇ ਲੰਘ ਜਾਂਦੀ ਹੈ । ਦੇਖੋ ਪੰਨਾ ੧੧੩੦, ਨੋਟ ੯ ।
੫ ਅੰਨ ਦੇ ਦਾਣੇ ।
੬ ਖਲਵਾੜਾ, ਬੋਹਲ । ਜਿਵੇਂ ਦਾਣਿਆਂ ਤੋਂ ਖਾਲੀ ਖਲਵਾੜੇ ਨੂੰ ਗਾਹਣ ਲਗੀਏ; (ਤਾਂ ਕੁਝ ਨਹੀਂ ਲਭਦਾ), ਤਿਵੇਂ ਮਾਇਆਧਾਰੀ ਤੋਂ ਕੋਈ ਲਾਭ ਨਹੀਂ ਉਠਾਂਦਾ । 'ਕਣੁ ਨਾਹੀ ਤੁਹ ਗਾਹਣ ਲਾਗੇ' (ਸਾਰਗ ਮ: ੫, ਪੰ: ੧੨੦੭) ।
੭ ਜਿਸ ਨੇ ਸਾਨੂੰ ਪੈਦਾ ਕੀਤਾ ਹੈ, ਉਸ ਨੂੰ ਸਾਡਾ ਦਰਦ ਹੈ ।
੮ ਲੋਕ ਪਰਲੋਕ ਵਿੱਚ ।
੯ ਛਾਉਂ, ਆਸਰਾ ।
੧੦ [ਵਿਪਰੀਤਜ] ਉਲਟਪੁਣਾ ।
੧੧ [ਪਰਣਾ] ਆਸਰਾ । ਮਿੱਤਰ, ਹਿਤੂ ਤੇ ਧਨ, ਇਨ੍ਹਾਂ ਦਾ ਆਸਰਾ ਕੁਝ ਨਹੀਂ ।
੧੨ [ਦਈਵ] ਵਾਹਿਗੁਰੂ ।
੧੩ ਵਿਚਕਾਰਲੇ ਭਾਗ (ਹਿੱਸੇ) ਵਿੱਚ ਵੀ ਉਹੀ ਹੈ।
੧੪ ਰਸਾਂ ਦਾ ਘਰ, ਵਾਹਿਗੁਰੂ ।
੧੫ ਸ਼ਾਸਤ੍ਰ ਅਤੇ ਸ਼ਗਨ (ਸਾਡੇ ਲਈ ਉਹ ਆਪ ਹੈ) ।
੧੬ ਦੇਖੋ ਪੰਨਾ ੧੧੧੨, ਨੋਟ ੩ ।
੧੭ ਭਵਨ, ਘਰ ।
੧੮ ਜੀਭ ।
੧੯ ਕੰਨ ।
੨੦ ਦੂਰ ਕੀਤੇ ।
੨੧ ਆਤਮ-ਮੰਡਲ ਦਾ ਸੰਗੀਤ ਜੋ ਬਿਨਾਂ ਵਜਾਏ ਵਜਦਾ ਹੈ, ਜੋ ਕੰਨਾਂ ਦਾ ਵਿਸ਼ਾ ਨਹੀਂ, ਕੇਵਲ ਅੰਦਰ ਦੀ ਇਕਾਗਰਤਾ ਵਿੱਚ ਅਨੁਭਵ ਕਰੀਦਾ ਹੈ; ਆਤਮਕ ਆਨੰਦ ਦੀ ਸੰਗੀਤਕ ਸ਼ਕਲ ।
੨੨ ਮੁਸਾਫ਼ਰੀ ਵੇਲੇ ਨਾਲ ਤੁਰਨ ਵਾਲਾ ਸਹਾਇਕ । (ਨਾਮ ਸਿਮਰਨ ਨਾਲ) ਕਰੋੜਾਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਅੱਗੇ ਮੌਤ ਦੇ ਰਸਤੇ ਉੱਤੇ ਇਕ ਸੰਗੀ ਸਾਥੀ ਮਿਲ ਜਾਂਦਾ ਹੈ ।
੨੩ ਭਰਮਨਾ । ਮੁੜ ਕੇ ਜੂਨਾਂ ਵਿੱਚ ਨਹੀਂ ਭਾਉਂਦਾ।
੨੪ [ਸੰ. ਘਰ] ਮਹਲ । ਦੇਖੋ ਪੰਨਾ ੪੦੬, ਨੋਟ ੨੮ । ਇਹ ਸਭ ਕੁਝ ਨਾਮ ਹੀ ਹੈ ਮੇਰੇ ਲਈ ।
੨੫ ਮੁਕੰਮਲ ਆਚਰਣ ।
੨੬ ਸੁਆਹ ।
੨੭ ਬੁਰਾ ਅਸਰ । ਜ਼ਹਿਰ ਦਾ ਅਸਰ ਜ਼ਰਾ ਭੀ ਨਾ ਹੋਇਆ ।
੨੮ ਸਾੜਿਆ, ਤਬਾਹ ਕੀਤਾ ।
੨੯ ਏਥੇ ਓਥੇ, ਲੋਕ ਪਰਲੋਕ ਵਿੱਚ ।
੩੦ ਮੰਦੀ ਇੱਛਾ ਵਾਲਾ, ਮੰਦੀ ਭਾਵਨੀ ਵਾਲਾ (ਬ੍ਰਾਹਮਣ) ।

* ਇਹ ਉਲਟੀ ਬਿਰਤੀ ਬਦਲ ਜਾਂਦੀ ਹੈ ਜਦ ਸਾਡਾ ਦਰਦੀ ਰੱਬ ਮਿਹਰ 'ਤੇ ਆਉਂਦਾ ਹੈ ਤੇ ਸਾਧ-ਸੰਗ ਦੇ ਕੇ ਹਰੀ ਦੀ ਅਰਾਧਨਾ ਤੇ ਨਿਰਮਲ ਕਰਣੀ ਦਾ ਦਾਨ ਦਿੰਦਾ ਹੈ ।

† ਹਰੀ ਦੀ ਅਰਾਧਨਾ ਇਉਂ ਹੁੰਦੀ ਹੈ ਕਿ ਹਰੀ ਹਰ ਪਾਸੇ ਦਿੱਸਦਾ ਹੈ, ਜੀਭ ਕੰਨ ਆਦਿ ਉਸ ਦੇ ਗੁਣ ਗਾ ਕੇ ਤੇ ਸੁਣ ਕੇ ਜੀਉਂਦੇ ਹਨ ਅਤੇ ਜਨਮਾਂ ਜਨਮਾਤ੍ਰਾਂ ਦੇ ਦੁੱਖ ਦੂਰ ਕਰ ਕੇ ਪਰਮ-ਅਨੰਦ ਵਿੱਚ ਲੀਨ ਰਹੀਦਾ ਹੈ ।

‡ ਹਰੀ ਨਾਮ ਦੀ ਪ੍ਰਾਪਤੀ ਵਿੱਚ ਹਰ ਤਰ੍ਹਾਂ ਦੇ ਮਨੋਰਥ (ਧਾਰਮਿਕ ਤੋਂ ਲੈ ਕੇ ਸੰਸਾਰੀ ਸੁਖਾਂ ਤੱਕ) ਆ ਜਾਂਦੇ ਹਨ ।

§ ਬਾਲਕ ਹਰਿ ਗੋਬਿੰਦ ਜੀ ਨੂੰ ਉਨ੍ਹਾਂ ਦੇ ਬ੍ਰਾਹਮਣ ਖਿਡਾਵੇ ਨੇ ਪ੍ਰਿਥੀ ਚੰਦ ਦੇ ਆਖੇ ਲਗ ਕੇ ਜ਼ਹਿਰ ਦੇਣਾ ਚਾਹਿਆ, ਪਰ ਪਤਾ ਲੱਗ ਜਾਣ 'ਤੇ ਬਚਾਉ ਹੋ ਗਿਆ । ਬ੍ਰਾਹਮਣ ਆਪਣੀ ਮੰਦੀ ਭਾਵਨੀ ਕਰ ਕੇ ਪੇਟ ਦੇ ਦਰਦ ਨਾਲ ਮਰ ਗਿਆ । ਧੰਨਵਾਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਿਆ ।

ਪਚਿਆ[੧] ਭਇਆ ਨਿਰਾਸੁ[੨] ॥ ੪ ॥ ੯ ॥ ਭੈਰਉ ਮਹਲਾ ੫* ॥ ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ ੧ ॥ ਰਹਾਉ ॥ ਨਗਜ[੩] ਤੇਰੇ ਬੰਦੇ ਦੀਦਾਰੁ ਅਪਾਰੁ ॥ ਨਾਮ ਬਿਨਾ ਸਭ ਦੁਨੀਆ ਛਾਰੁ[੪] ॥ ੧ ॥ ਅਚਰਜੁ ਤੇਰੀ ਕੁਦਰਤਿ ਤੇਰੇ [੫]ਕਦਮ ਸਲਾਹ ॥ ਗਨੀਵ[੬] ਤੇਰੀ ਸਿਫਤਿ ਸਚੇ ਪਾਤਿਸਾਹ ॥ ੨ ॥ [੭]ਨੀਧਰਿਆ ਧਰ ਪਨਹ[੮] ਖੁਦਾਇ ॥ [੯]ਗਰੀਬ ਨਿਵਾਜੁ ਦਿਨੁ ਰੈਣਿ[੧੦] ਧਿਆਇ ॥ ੩ ॥ ਨਾਨਕ ਕਉ ਖੁਦਿ ਖਸਮ ਮਿਹਰਵਾਨ ॥ ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥ ੪ ॥ ੧੦ ॥ ਭੈਰਉ ਮਹਲਾ ੫† ॥ ਸਾਚ ਪਦਾਰਥੁ ਗੁਰਮੁਖਿ[੧੧] ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥ ੧ ॥ ਜੀਵਤ ਜੀਵਤ ਜੀਵਤ ਰਹਹੁ ॥ ਰਾਮ ਰਸਾਇਣੁ[੧੨] ਨਿਤ ਉਠਿ ਪੀਵਹੁ ॥ ਹਰਿ ਹਰਿ ਹਰਿ ਹਰਿ ਰਸਨਾ[੧੩] ਕਹਹੁ ॥ ੧ ॥ ਰਹਾਉ ॥ ਕਲਿਜੁਗ ਮਹਿ ਇਕ ਨਾਮਿ ਉਧਾਰੁ ॥ ਨਾਨਕੁ ਬੋਲੈ ਬ੍ਰਹਮ ਬੀਚਾਰੁ ॥ ੨ ॥ ੧੧ ॥ ਭੈਰਉ ਮਹਲਾ ੫‡ ॥ ਸਤਿਗੁਰੁ ਸੇਵਿ ਸਰਬ ਫਲ ਪਾਏ ॥ ਜਨਮ ਜਨਮ ਕੀ ਮੈਲੁ ਮਿਟਾਏ ॥ ੧ ॥ [੧੪]ਪਤਿਤ ਪਾਵਨ ਪ੍ਰਭ ਤੇਰੋ ਨਾਉ ॥ [੧੫]ਪੂਰਬਿ ਕਰਮ ਲਿਖੇ ਗੁਣ ਗਾਉ ॥ ੧ ॥ ਰਹਾਉ ॥ ਸਾਧੂ ਸੰਗਿ ਹੋਵੈ ਉਧਾਰੁ ॥ ਸੋਭਾ ਪਾਵੈ ਪ੍ਰਭ ਕੈ ਦੁਆਰ ॥ ੨ ॥ ਸਰਬ ਕਲਿਆਣ[੧੬] ਚਰਣ ਪ੍ਰਭ ਸੇਵਾ ॥ ਧੂਰਿ[੧੭] ਬਾਛਹਿ ਸਭਿ ਸੁਰਿ ਨਰ ਦੇਵਾ ॥ ੩ ॥ ਨਾਨਕ ਪਾਇਆ ਨਾਮ ਨਿਧਾਨੁ[੧੮] ॥ ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ ॥ ੪ ॥ ੧੨ ॥ ਭੈਰਉ ਮਹਲਾ ੫§ ॥ ਅਪਣੇ ਦਾਸ ਕਉ ਕੰਠਿ[੧੯] ਲਗਾਵੈ ॥ ਨਿੰਦਕ ਕਉ ਅਗਨਿ ਮਹਿ ਪਾਵੈ ॥ ੧ ॥ ਪਾਪੀ ਤੇ ਰਾਖੇ ਨਾਰਾਇਣ ॥ ਪਾਪੀ ਕੀ ਗਤਿ ਕਤਹੂ ਨਾਹੀ ਪਾਪੀ [੨੦]ਪਚਿਆ ਆਪ ਕਮਾਇਣ ॥ ੧ ॥ ਰਹਾਉ ॥ ਦਾਸ ਰਾਮ ਜੀਉ ਲਾਗੀ ਪ੍ਰੀਤਿ ॥ ਨਿੰਦਕ ਕੀ ਹੋਈ ਬਿਪਰੀਤਿ[੨੧] ॥ ੨ ॥ ਪਾਰਬ੍ਰਹਮਿ ਅਪਣਾ ਬਿਰਦੁ[੨੨] ਪ੍ਰਗਟਾਇਆ ॥ ਦੋਖੀ ਅਪਣਾ ਕੀਤਾ ਪਾਇਆ ॥ ੩ ॥ ਆਇ ਨ ਜਾਈ ਰਹਿਆ ਸਮਾਈ ॥ ਨਾਨਕ ਦਾਸ ਹਰਿ ਕੀ ਸਰਣਾਈ ॥ ੪ ॥ ੧੩ ॥

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥

¶ਸ੍ਰੀਧਰ[੨੩] ਮੋਹਨ [੨੪]ਸਗਲ ਉਪਾਵਨ ਨਿਰੰਕਾਰ ਸੁਖਦਾਤਾ ॥ ਐਸਾ ਪ੍ਰਭੁ ਛੋਡਿ ਕਰਹਿ [੨੫]ਅਨ ਸੇਵਾ [੨੬]ਕਵਨ ਬਿਖਿਆ ਰਸ ਮਾਤਾ ॥ ੧ ॥ ਰੇ ਮਨ ਮੇਰੇ ਤੂ ਗੋਵਿਦ ਭਾਜੁ[੨੭] ॥ ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥ ੧ ॥ ਰਹਾਉ ॥ ਠਾਕੁਰੁ ਛੋਡਿ ਦਾਸੀ[੨੮] ਕਉ ਸਿਮਰਹਿ [੨੯]ਮਨਮੁਖ ਅੰਧ

੧ ਗ਼ਰਕ ਹੋਇਆ ।
੨ ਕਿਉਂਕਿ ਉਸ ਦੇ ਦਿੱਤੇ ਜ਼ਹਿਰ ਤੋਂ ਬਾਲਕ ਦਾ ਬਚਾਉ ਹੋ ਗਿਆ ਸੀ ।
੩ [ਫ਼ਾ. ਨਗਜ਼] ਚੰਗੇ, ਖੂਬਸੂਰਤ । ਤੇਰੇ ਭਗਤ ਸੋਹਣੇ ਹਨ ਤੇ ਤੇਰਾ ਦੀਦਾਰ ਬਿਅੰਤ (ਸੋਹਣਾ) ਹੈ ।
੪ ਸੁਆਹ ।
੫ ਕਦਮ ਸਲਾਹੁਣ ਯੋਗ ਹਨ ।
੬ [ਅ. ਗ਼ਨੀਮਤ] ਅਮੋਲਕ ।
੭ ਨਿਆਸਰਿਆਂ ਦਾ ਆਸਰਾ ।
੮ [ਫ਼ਾ.] ਪਨਾਹ, ਟੇਕ ।
੯ ਨਿਮਾਣਿਆਂ ਨੂੰ ਮਾਣ ਦੇਣ ਵਾਲਾ ।
੧੦ ਰਾਤ ।
੧੧ ਗੁਰੂ ਦੁਆਰਾ ।
੧੨ (ਨਾਮ ਜੋ) ਰਸਾਂ ਦਾ ਘਰ ਹੈ ।
੧੩ ਜੀਭ ਦੁਆਰਾ ।
੧੪ ਡਿੱਗਿਆਂ ਹੋਇਆਂ (ਪਾਪੀਆਂ) ਨੂੰ ਪਵਿੱਤਰ ਕਰਨ ਵਾਲਾ ।
੧੫ ਪਿਛਲੇ ਕੀਤੇ ਕਰਮਾਂ ਤੋਂ ਬਣੇ ਸੁਭਾਉ ਅਨੁਸਾਰ।
੧੬ ਸੁਖ ।
੧੭ ਧੂੜੀ ਮੰਗਦੇ ਹਨ, ਸੁਰਿ ਨਰ (ਦੈਵੀ ਗੁਣਾਂ ਵਾਲੇ ਪੁਰਸ਼) ਅਤੇ ਦੇਵਤੇ ।
੧੮ ਖ਼ਜ਼ਾਨਾ । ੧੯ ਗਲੇ ਨਾਲ ।
੨੦ ਸੜਿਆ ਹੈ ਆਪਣੇ ਕੀਤੇ ਕਾਰਨ ।
੨੧ ਉਲਟੀ ਰੀਤੀ (ਦੁਰਮਤਿ ਵਿੱਚ) ।
੨੨ ਸੁਭਾਵ ।
੨੩ [ਲੱਛਮੀ ਨੂੰ ਧਾਰਨ ਵਾਲਾ ਵਿਸ਼ਨੂੰ] ਵਾਹਿਗੁਰੂ।
੨੪ ਸਾਰਿਆਂ ਨੂੰ ਪੈਦਾ ਕਰਨ ਵਾਲਾ ।
੨੫ ਹੋਰ ਦੀ ਸੇਵਾ ।
੨੬ ਕੈਸੇ ਬੁਰੇ ਸਵਾਦਾਂ ਵਿੱਚ ਮਸਤ ਹੋਇਆ-ਹੋਇਆ ਹੈ ।
੨੭ ਭਜ, ਸਿਮਰਨ ਕਰ ।
੨੮ ਭਾਵ ਮਾਇਆ ਦਾਸੀ ।
੨੯ ਆਪ ਹੁਦਰੇ ਅੰਨ੍ਹੇ ਤੇ ਮੂਰਖ ਹਨ ।

* ਹਰੀ ਦੀ ਸਿਫ਼ਤ ਸਲਾਹ ਅਤੀ ਸੋਹਣੀ ਤੇ ਗੁਣਕਾਰੀ ਹੈ । ਇਹ ਕਦੀ ਨਹੀਂ ਵਿਸਰਨੀ ਚਾਹੀਦੀ।

† ਸੱਚੀ ਗੱਲ ਤਾਂ ਇਹ ਹੈ ਕਿ ਕਲਯੁਗ ਵਿੱਚ ਨਾਮ ਹੀ ਉਧਾਰਨ ਵਾਲਾ ਹੈ ।

‡ ਇਹ ਉਧਾਰਨ ਵਾਲਾ ਨਾਮ ਗੁਰੂ ਦੀ ਸੇਵਾ ਤੋਂ ਮਿਲਦਾ ਹੈ ।

§ ਜਿਹੜਾ ਹਰੀ ਦੇ ਪਾਸੇ ਲਗਦਾ ਹੈ, ਉਸ ਨੂੰ ਹਰੀ ਆਪਣੀ ਲਗਨ ਦਿੰਦਾ ਹੈ ਅਤੇ ਨਿੰਦਕ ਉਲਟੇ ਰਾਹ ਪਿਆ ਰਹਿੰਦਾ ਹੈ ! ਅੰਤ ਉਸ ਦਾ ਬੁਰਾ ਹੁੰਦਾ ਹੈ, ਜਿਵੇਂ ਸੁਲਹੀ ਖਾਂ ਦਾ । ਦੇਖੋ ਪੰਨਾ ੭੧੪, ਫੁਟ ਨੋਟ* ਅਤੇ ਪੰਨਾ ੮੨੫, ਫੁਟ ਨੋਟ* ।

¶ ਸਭ ਤੋਂ ਉੱਚੇ ਹਰੀ ਨੂੰ ਛੱਡ ਕੇ ਉਸ ਦੀ ਦਾਸੀ ਮਾਇਆ ਦਾ ਖਿਆਲ ਕਰਨਾ ਮੂਰਖਤਾ ਹੈ । ਆਪਾ ਭਾਵ ਛੱਡ ਕੇ ਸਾਰਾ ਦਿਲ ਹਰੀ ਦੇ ਅਰਪਣ ਕਰ ਕੇ ਉਸ ਦਾ ਧਿਆਨ ਕਰਨਾ ਚਾਹੀਦਾ ਹੈ ।

ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ [੧]ਪਸੂ
ਸਮਾਨਾ ॥ ੨ ॥ ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ [੨]ਸਾਕਤ ਕਹਤੇ ਮੇਰਾ ॥
ਅਹੰਬੁਧਿ[੩] ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ[੪] ਫੇਰਾ ॥ ੩ ॥ ਹੋਮ ਜਗ
ਜਪ ਤਪ ਸਭਿ ਸੰਜਮ[੫] ਤਟਿ[੬] ਤੀਰਥਿ ਨਹੀ ਪਾਇਆ ॥ ਮਿਟਿਆ ਆਪੁ[੭] ਪਏ
ਸਰਣਾਈ ਗੁਰਮੁਖਿ[੮] ਨਾਨਕ ਜਗਤੁ ਤਰਾਇਆ ॥ ੪ ॥ ੧ ॥ ੧੪ ॥ ਭੈਰਉ
ਮਹਲਾ ੫* ॥ ਬਨ ਮਹਿ ਪੇਖਿਓ[੯] ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ
ਉਦਾਸਾਏ[੧੦] ॥ ਦੰਡਧਾਰ[੧੧] ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥ ੧ ॥
ਸੰਤਸੰਗਿ ਪੇਖਿਓ [੧੨]ਮਨ ਮਾਏਂ ॥ [੧੩]ਊਭ ਪਇਆਲ ਸਰਬ ਮਹਿ ਪੂਰਨ ਰਸਿ
ਮੰਗਲ ਗੁਣ ਗਾਏ ॥ ੧ ॥ ਰਹਾਉ ॥ ਜੋਗ ਭੇਖ ਸੰਨਿਆਸੈ ਪੇਖਿਓ ਜਤਿ
ਜੰਗਮ[੧੪] ਕਾਪੜਾਏ[੧੫] ॥ ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ
ਨਿਰਤਾਏ[੧੬] ॥ ੨ ॥ ਚਹੁ[੧੭] ਮਹਿ ਪੇਖਿਓ ਖਟ[੧੮] ਮਹਿ ਪੇਖਿਓ ਦਸ ਅਸਟੀ[੧੯]
ਸਿੰਮ੍ਰਿਤਾਏ[੨੦] ॥ ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ
ਦੁਰਾਏ[੨੧] ॥ ੩ ॥ ਅਗਹ[੨੨] ਅਗਹ ਬੇਅੰਤ ਸੁਆਮੀ ਨਹ ਕੀਮ[੨੩] ਕੀਮ
ਕੀਮਾਏ ॥ ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ [੨੪]ਜਿਹ ਘਟਿ
ਪਰਗਟੀਆਏ ॥ ੪ ॥ ੨ ॥ ੧੫ ॥ ਭੈਰਉ ਮਹਲਾ ੫† ॥ [੨੫]ਨਿਕਟਿ ਬੁਝੈ ਸੋ
ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥ ਹੈ ਨਿਕਟੇ ਅਰੁ ਭੇਦੁ ਨ
ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥ ੧ ॥ ਨੇੜੈ ਨੇੜੈ ਸਭੁ ਕੋ
ਕਹੈ ॥ ਗੁਰਮੁਖਿ[੮] ਭੇਦੁ ਵਿਰਲਾ ਕੋ ਲਹੈ ॥ ੧ ॥ ਰਹਾਉ ॥ ਨਿਕਟਿ ਨ ਦੇਖੈ
ਪਰ ਗ੍ਰਿਹਿ[੨੬] ਜਾਇ ॥ [੨੭]ਦਰਬੁ ਹਿਰੈ ਮਿਥਿਆ ਕਰਿ ਖਾਇ ॥ ਪਈ ਠਗਉਰੀ[੨੮]
ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥ ੨ ॥ ਨਿਕਟਿ
ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ[੨੯] ਹੈ ਮੂੜੁ ॥ ਅੰਤਰਿ ਵਸਤੁ
ਦਿਸੰਤਰਿ[੩੦] ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥ ੩ ॥ ਜਿਸੁ ਮਸਤਕਿ
ਕਰਮੁ ਲਿਖਿਆ ਲਿਲਾਟ[੩੧] ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ[੩੨] ॥ ਅੰਤਰਿ
ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥ ੪ ॥ ੩ ॥
੧੬ ॥ ਭੈਰਉ ਮਹਲਾ ੫‡ ॥ ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥ ਸਭ ਤੁਝ
ਹੀ ਅੰਤਰਿ ਸਗਲ ਸੰਸਾਰੈ ॥ [੩੩]ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥ ਸੋ ਹੋਵੈ
ਜਿ ਕਰੈ [੩੪]ਚੋਜ ਵਿਡਾਣੀ ॥ ੧ ॥ ਰਾਖਹੁ ਰਾਖਹੁ ਕਿਰਪਾ ਧਾਰਿ ॥ ਤੇਰੀ
ਸਰਣਿ ਤੇਰੈ ਦਰਵਾਰਿ ॥ ੧ ॥ ਰਹਾਉ ॥ ਜਿਨਿ ਸੇਵਿਆ ਨਿਰਭਉ
ਸੁਖਦਾਤਾ ॥ ਤਿਨਿ ਭਉ ਦੂਰਿ ਕੀਆ ਏਕੁ ਪਰਾਤਾ[੩੫] ॥ ਜੋ ਤੂ ਕਰਹਿ ਸੋਈ
ਫੁਨਿ[੩੬] ਹੋਇ ॥ ਮਾਰੈ ਨ ਰਾਖੈ ਦੂਜਾ ਕੋਇ ॥ ੨ ॥ ਕਿਆ ਤੂ ਸੋਚਹਿ [੩੭]ਮਾਣਸ

੧ ਪਸ਼ੂਆਂ ਵਾਕੁਰ ।

੨ ਪਰ ਮਾਦਾ ਪ੍ਰਸਤ (ਮਾਇਆਧਾਰੀ) ਕਹਿੰਦੇ ਹਨ ਕਿ ਸਾਡਾ ਹੈ ।

੩ ਹਉਮੈ ਵਾਲੀ ਬੁੱਧੀ, ਹੰਕਾਰ ।

੪ ਸੰਸਾਰ-ਸਾਗਰ ਵਿੱਚ ।

੫ ਇੰਦ੍ਰਿਆਂ ਨੂੰ ਰੋਕਣ ਦੇ ਸਾਧਨਾਂ ਰਾਹੀਂ ।

੬ ਦਰਿਆਵਾਂ ਦੇ ਕੰਢਿਆਂ 'ਤੇ (ਜਿਥੇ ਧਾਰਮਿਕ ਅਸਥਾਨ ਹੁੰਦੇ ਹਨ) ਜਾਣ ਨਾਲ ।

੭ ਆਪਾ ਭਾਵ, ਹਉਮੈ ।

੮ ਗੁਰੂ ਦੇ ਰਾਹੀਂ ।

੯ ਵੇਖਿਆ, ਭਾਲਿਆ ਹੈ (ਉਸ ਨੂੰ ਇਨ੍ਹਾਂ ਥਾਵਾਂ 'ਤੇ) ।

੧੦ ਉਦਾਸੀ ਵਿੱਚ ।

੧੧ ਡੰਡਾ ਧਾਰ ਜੋਗੀ ਹੋ ਕੇ ।

੧੨ ਮਨ ਦੇ ਵਿੱਚ ਹੀ ।

੧੩ ਆਕਾਸ਼ ਤੇ ਪਾਤਾਲ ਸਾਰਿਆਂ ਵਿੱਚ ਭਰਪੂਰ ਹਰੀ ਦੇ ਗੁਣਾਂ ਦੇ ਗੀਤ ਸਵਾਦ ਨਾਲ ਗਾਏ ।

੧੪ ਜੋਗੀਆਂ ਦਾ ਫ਼ਿਰਕਾ ।

੧੫ ਕਾਪੜੀ ਫ਼ਿਰਕਾ । ਦੇਖੋ ਪੰਨਾ ੭੧, ਨੋਟ ੨੪, ਪੰਨਾ ੪੧੯, ਨੋਟ ੨ ।

੧੬ [ਸੰ. ਨ੍ਰਿਤ੍ਯ] ਨਾਚ ਵਿੱਚ ।

੧੭ ਚਾਰ ਵੇਦ ।

੧੮ ਛੇ ਸ਼ਾਸਤ੍ਰ ਦੇਖੋ ਪੰਨਾ ੧੧੩੦, ਨੋਟ ੯ ।

੧੯ ਅਠਾਰਾਂ ਪੁਰਾਣ ।

੨੦ ਦੇਖੋ ਪੰਨਾ ੧੧੩੦, ਨੋਟ ੮ ।

੨੧ ਲੁਕਿਆ ਹੋਇਆ । ਦੇਖੋ ਪੰਨਾ ੨੫੯, ਨੋਟ ੩੩ ।

੨੨ ਅਥਾਹ । ੨੩ ਕੀਮਤ ।

੨੪ ਜਿਸ ਦੇ ਦਿਲ ਵਿੱਚ ਆਣ ਜ਼ਾਹਿਰ ਹੁੰਦਾ ਹੈ।

੨੫ ਜੋ ਹਰੀ ਨੂੰ ਨੇੜੇ ਜਾਣਦਾ ਹੈ; ਉਹ ਬੁਰਾਈ ਕਿਵੇਂ ਕਰ ਸਕਦਾ ਹੈ ? ਪਰ ਜੋ ਮਾਇਆ ਰੂਪੀ ਜ਼ਹਿਰ ਇਕੱਠੀ ਕਰਦਾ ਹੈ; ਉਹ ਡਰਦਾ ਫਿਰਦਾ ਹੈ ।

੨੬ ਦੂਜਿਆਂ ਦੇ ਘਰ ।

੨੭ ਧਨ ਚੁਰਾਂਦਾ ਹੈ ਅਤੇ ਝੂਠ ਵਰਤ-ਵਰਤ ਕੇ ਗੁਜ਼ਾਰਾ ਕਰਦਾ ਹੈ ।

੨੮ ਠਗਮੂਰੀ, ਉਹ ਨਸ਼ੇ (ਧਤੂਰ) ਆਦਿ ਵਾਲੀ ਵਸਤ ਜੋ ਠੱਗ ਲੋਕ ਰਾਹੀਆਂ ਨੂੰ ਖੁਆ ਕੇ ਉਨ੍ਹਾਂ ਦਾ ਧਨ ਲੁੱਟਦੇ ਸਨ । ਐਸੀ ਠੱਗੀ ਵਰਤ ਰਹੀ ਹੈ ਕਿ ਹਰੀ ਨੂੰ ਸੰਗ ਹੁੰਦਿਆਂ ਹੋਇਆਂ ਵੀ ਨਹੀਂ ਜਾਤਾ ।

੨੯ ਠੱਗਿਆ ਗਿਆ ਹੈ । (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ ਮੁਠਾ ਹੈ ।)

੩੦ ਪਰਦੇਸ, ਬਾਹਰ ।

੩੧ [ਸੰ. ਲਲਾਟ] ਮੱਥੇ 'ਤੇ । ਜਿਸ ਦੇ ਭਾਗਾਂ ਵਿੱਚ ਇਹ ਹੁਕਮ ਲਿਖਿਆ ਹੈ, ਉਹ ਸਤਿਗੁਰੂ ਨੂੰ ਸੇਂਵਦਾ ਹੈ । ਜਿਸ ਕਰਕੇ ਉਸ ਦੇ ਮਨ ਦਾ ਦਰਵਾਜ਼ਾ ਖੁਲ੍ਹ ਪੈਂਦਾ ਹੈ, ਭਾਵ ਸੁਰਤ ਜਾਗ ਪੈਂਦੀ ਹੈ ।

੩੨ (ਮਨ ਦੇ ਦਰਵਾਜ਼ੇ ਦੇ) ਕਿਵਾੜ, ਭਿੱਤ ।

੩੩ ਜੀਵ ਕਰੋੜਾਂ ਉਪਾਉ ਸੋਚਦਾ ਹੈ, ਪਰ ਹੁੰਦਾ ਉਹੀ ਹੈ ਜੋ ਕੌਤਕੀ-ਰੱਬ ਕਰਨਾ ਚਾਹੁੰਦਾ ਹੈ ।

੩੪ ਅਚਰਜ ਚੋਜਾਂ ਵਾਲਾ ।

੩੫ ਪਛਾਤਾ ।

੩੬ ਫਿਰ ।

੩੭ ਮਨੁੱਖ ਵਾਲੇ ਸੁਭਾਵ ਨਾਲ ।

* ਜਦ ਹਰੀ ਦਿਲ ਵਿੱਚ ਪ੍ਰਗਟ ਹੁੰਦਾ ਹੈ ਤਾਂ ਬਨ ਤ੍ਰਿਣ ਸਭ ਥਾਂ ਹਰੀ ਹੀ ਹਰੀ ਦਿੱਸਦਾ ਹੈ ।

† ਜੇ ਹਰ ਥਾਂ ਹਰੀ ਨੂੰ ਦੇਖੀਏ, ਤਾਂ ਪਾਪ ਨਹੀਂ ਕਰ ਸਕਦੇ । ਹਰ ਥਾਂ ਹਰੀ ਨੂੰ ਦੇਖਣ ਲਈ ਗੁਰੂ ਦੀ ਸਹਾਇਤਾ ਦੀ ਲੋੜ ਹੈ ।

‡ ਜੇ ਇਕ ਸਰਬ ਸਮਰੱਥ ਤੇ ਘਟ-ਘਟ ਦੀਆਂ ਜਾਣਨ ਵਾਲੇ ਹਰੀ ਦਾ ਆਸਰਾ ਫੜੀਏ ਤਾਂ ਨਾ ਕਿਸੇ ਫ਼ਿਕਰ ਦੀ ਲੋੜ ਰਹਿੰਦੀ ਹੈ ਤੇ ਨਾ ਕਿਸੇ ਹੋਰ ਦਾ ਆਸਰਾ ਤੱਕਣ ਦੀ ।

ਬਾਣਿ ॥ [੧]ਅੰਤਰਜਾਮੀ ਪੁਰਖੁ ਸੁਜਾਣੁ ॥ ਏਕ ਟੇਕ ਏਕੋ ਆਧਾਰੁ[੨] ॥ ਸਭ ਕਿਛੁ ਜਾਣੈ ਸਿਰਜਣਹਾਰੁ[੩] ॥ ੩ ॥ ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥ ਤਿਸੁ ਜਨ ਕੇ ਸਭਿ ਕਾਜ ਸਵਾਰਿ ॥ ਤਿਸ ਕਾ ਰਾਖਾ ਏਕੋ ਸੋਇ ॥ ਜਨ ਨਾਨਕ ਅਪੜਿ ਨ ਸਾਕੈ ਕੋਇ ॥ ੪ ॥ ੪ ॥ ੧੭ ॥ ਭੈਰਉ ਮਹਲਾ ੫* ॥ ਤਉ ਕੜੀਐ[੪] ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ[੫] ॥ ਤਉ ਕੜੀਐ [੬]ਜੇ ਦੂਜਾ ਭਾਏ ॥ ਕਿਆ ਕੜੀਐ ਜਾਂ ਰਹਿਆ ਸਮਾਏ ॥ ੧ ॥ ਮਾਇਆ ਮੋਹਿ [੭]ਕੜੇ ਕੜਿ ਪਚਿਆ ॥ ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ ੧ ॥ ਰਹਾਉ ॥ ਤਉ ਕੜੀਐ ਜੇ ਦੂਜਾ ਕਰਤਾ ॥ ਤਉ ਕੜੀਐ ਜੇ [੮]ਅਨਿਆਇ ਕੋ ਮਰਤਾ ॥ ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥ ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥ ੨ ॥ ਤਉ ਕੜੀਐ ਜੇ ਕਿਛੁ ਹੋਇ ਧਿਙਾਣੈ[੯] ॥ ਤਉ ਕੜੀਐ ਜੇ ਭੂਲਿ ਰੰਞਾਣੈ[੧੦] ॥ [੧੧]ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥ ਤਬ ਕਾੜਾ[੧੨] ਛੋਡਿ ਅਚਿੰਤ[੧੩] ਹਮ ਸੋਤੇ ॥ ੩ ॥ ਪ੍ਰਭ ਤੂਹੈ ਠਾਕੁਰੁ[੧੪] ਸਭੁ ਕੋ ਤੇਰਾ ॥ ਜਿਉ ਭਾਵੈ ਤਿਉ ਕਰਹਿ ਨਿਬੇਰਾ ॥ [੧੫]ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ[੧੬] ਨਾਨਕ ਸਰਣਾਇ ॥ ੪ ॥ ੫ ॥ ੧੮ ॥ ਭੈਰਉ ਮਹਲਾ ੫† ॥ ਬਿਨੁ ਬਾਜੇ ਕੈਸੋ ਨਿਰਤਿਕਾਰੀ[੧੭] ॥ ਬਿਨੁ ਕੰਠੈ[੧੮] ਕੈਸੇ ਗਾਵਨਹਾਰੀ ॥ ਜੀਲ[੧੯] ਬਿਨਾ ਕੈਸੇ ਬਜੈ ਰਬਾਬ ॥ ਨਾਮ ਬਿਨਾ ਬਿਰਥੇ ਸਭਿ ਕਾਜ ॥ ੧ ॥ ਨਾਮ ਬਿਨਾ ਕਹਹੁ ਕੋ ਤਰਿਆ ॥ ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥ ੧ ॥ ਰਹਾਉ ॥ ਬਿਨੁ ਜਿਹਵਾ ਕਹਾ ਕੋ ਬਕਤਾ[੨੦] ॥ ਬਿਨੁ ਸ੍ਰਵਨਾ[੨੧] ਕਹਾ ਕੋ ਸੁਨਤਾ ॥ ਬਿਨੁ ਨੇਤ੍ਰਾ ਕਹਾ ਕੋ ਪੇਖੈ[੨੨] ॥ ਨਾਮ ਬਿਨਾ ਨਰੁ ਕਹੀ ਨ ਲੇਖੈ ॥ ੨ ॥ ਬਿਨੁ ਬਿਦਿਆ ਕਹਾ ਕੋਈ ਪੰਡਿਤ ॥ ਬਿਨੁ ਅਮਰੈ[੨੩] ਕੈਸੇ [੨੪]ਰਾਜ ਮੰਡਿਤ ॥ ਬਿਨੁ ਬੂਝੇ ਕਹਾ ਮਨੁ ਠਹਰਾਨਾ ॥ ਨਾਮ ਬਿਨਾ ਸਭੁ ਜਗੁ ਬਉਰਾਨਾ[੨੫] ॥ ੩ ॥ ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥ [੨੬]ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥ ੪ ॥ ਬਿਨੁ ਗੁਰ ਦੀਖਿਆ[੨੭] ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥ [੨੮]ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥ ੫ ॥ ੬ ॥ ੧੯ ॥ ਭੈਰਉ ਮਹਲਾ ੫‡ ॥ ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ[੨੯] ਬਸਿ ਲੀਨਾ ॥ [੩੦]ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ[੩੧] ਰੋਗਿ ਖਪਿ ਗਏ ਕੁਰੰਗਾ[੩੨] ॥ ੧ ॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥ ਜਿਹਵਾ ਰੋਗਿ [੩੩]ਮੀਨੁ ਗ੍ਰਸਿਆਨੋ ॥ ਬਾਸਨ[੩੪] ਰੋਗਿ ਭਵਰੁ ਬਿਨਸਾਨੋ ॥ ਹੇਤ[੩੫] ਰੋਗ ਕਾ

੧ ਅੰਦਰ ਦੀਆਂ ਜਾਣਨ ਵਾਲਾ ਪੁਰਖ (ਭਾਵ ਵਾਹਿਗੁਰੂ) ਆਪ ਸਿਆਣਾ ਹੈ ।
੨ ਆਸਰਾ ।
੩ ਪੈਦਾ ਕਰਨ ਵਾਲਾ ।
੪ ਝੂਰੀਏ । ਦੁਖੀ ਤਾਂ ਹੋਵੀਏ ਜੇ ਹਰੀ ਸਾਥੋਂ ਕਿਧਰੇ ਬਾਹਰ ਹੋਵੇ ।
੫ [ਨਰਸਿੰਘ] ਹਰੀ ।
੬ ਜੇ ਦੂਜਾ ਭਾਵ ਹੋ ਜਾਵੇ, ਭਾਵ ਜੇ ਹਰੀ ਤੋਂ ਬਿਨਾਂ ਕਿਸੇ ਹੋਰ ਵੱਲ ਰੁਚੀ ਹੋ ਜਾਵੇ ।
੭ ਕੜ੍ਹ-ਕੜ੍ਹ ਕੇ (ਕ੍ਰਿਝ-ਕ੍ਰਿਝ ਕੇ) ਸੜ ਗਿਆ।
੮ ਜੇ ਕੋਈ ਅਨਿਆਈ ਮੌਤ ਮਰੇ ।
੯ ਧੱਕੇ ਨਾਲ ।
੧੦ [ਫ਼ਾ. ਰੰਜ=ਦੁੱਖ, ਤਕਲੀਫ਼] ਰੰਜੀਦਾ ਕਰੇ, ਦੁੱਖ ਦੇਵੇ, ਜੇ ਭੁਲੇਖੇ ਨਾਲ ਕਿਸੇ ਨੂੰ ਤੰਗ ਕਰਦਾ ਹੋਵੇ ।
੧੧ ਗੁਰੂ ਨੇ ਦੱਸਿਆ ਹੈ ਕਿ ਜੋ ਕੁਝ ਹੁੰਦਾ ਹੈ, ਸਭ ਹਰੀ ਤੋਂ ਹੀ ਹੁੰਦਾ ਹੈ ।
੧੨ ਝੋਰਾ ।
੧੩ ਬੇ-ਫ਼ਿਕਰ ।
੧੪ ਮਾਲਕ ।
੧੫ [ਸੰ.] ਹੋਰ ਕੋਈ ਨਹੀਂ ਹੈ ।
੧੬ ਇੱਜ਼ਤ, ਲਾਜ ।
੧੭ ਨਾਚ ।
੧੮ ਗਲੇ ਦੇ ।
੧੯ [ਫ਼ਾ. ਜ਼ੀਰ, ਸਾਜ਼ ਦੀ ਛੋਟੀ ਤਾਰ, ਜਿਸ ਨਾਲ ਸੁਰ ਉੱਚੀ ਤੇ ਤਿੱਖੀ ਨਿਕਲਦੀ ਹੈ] ਤਾਰ, ਤੰਦੀ ।
੨੦ ਬੋਲਣਹਾਰ । ਜੀਭ ਬਿਨਾਂ ਕਿਵੇਂ ਕੋਈ ਬੋਲ ਸਕਦਾ ਹੈ ?
੨੧ ਕੰਨਾਂ ਦੇ ।
੨੨ ਦੇਖ ਸਕਦਾ ਹੈ ।
੨੩ ਹੁਕਮ ਦੇ ।
੨੪ ਰਾਜ ਦੀ ਸ਼ੋਭਾ ।
੨੫ ਸ਼ੁਦਾਈ ।
੨੬ ਪੰਜ ਕਾਮਾਦਿ ਨੂੰ ਵੱਸ ਕਰਨ ਤੋਂ ਬਿਨਾਂ ਮਨ ਕਿਵੇਂ ਕਾਬੂ ਹੋ ਸਕਦਾ ਹੈ ? ਚੂਰੇ=ਪੀਠਾ ਜਾਵੇ, ਟੋਟੇ-ਟੋਟੇ ਹੋਵੇ, ਵੱਸ ਹੋਵੇ ।
੨੭ ਉਪਦੇਸ਼ ।
੨੮ ਹਰੀ ਦੇ ਭੈ ਤੋਂ ਬਿਨਾਂ ਜੋ ਕੁਝ ਕਹਿਣਾ ਹੈ, ਸਭ ਮਾੜਾ ਹੈ ।
੨੯ ਹਾਥੀ ।
੩੦ ਦੇਖਣ ਦੇ ਰੋਗ ਕਰ ਕੇ ਪਤੰਗਾ ਸੜ ਮਰਦਾ ਹੈ, ਭਾਵ ਪਤੰਗੇ ਨੂੰ ਇਹ ਰੋਗ ਹੈ ਕਿ ਉਹ ਦੀਵੇ ਦੀ ਲਾਟ ਦੇਖ ਕੇ ਉਸ ਉੱਤੇ ਜਾ ਪੈਂਦਾ ਹੈ ਤੇ ਸੜ ਮਰਦਾ ਹੈ ।
੩੧ ਸ਼ਬਦ । ਹਿਰਨ ਘੰਟੇ ਹੇੜੇ ਦੀ ਆਵਾਜ਼ ਨੂੰ ਸੁਣ ਕੇ ਉਸ 'ਤੇ ਮੋਹਿਤ ਹੋ ਜਾਂਦਾ ਹੈ ਤੇ ਪਕੜੀ ਕੇ ਮਾਰਿਆ ਜਾਂਦਾ ਹੈ ।
੩੨ ਹਿਰਨ ।
੩੩ ਮੱਛੀ ਖਾਧੀ ਜਾਂਦੀ ਹੈ ।
੩੪ ਵਾਸ਼ਨਾ ।
੩੫ ਮੋਹ ।

* ਜਦ ਤੱਕ ਇਹ ਖਿਆਲ ਬਣਿਆ ਰਹੇ ਕਿ ਸਭ ਕੁਝ ਹਰੀ ਕਰਦਾ ਹੈ ਅਤੇ ਜੋ ਕੁਝ ਕਰਦਾ ਹੈ ਠੀਕ ਕਰਦਾ ਹੈ, ਤਦ ਤੋੜੀ ਮਨ ਨੂੰ ਕੋਈ ਝੋਰਾ ਨਹੀਂ ਹੁੰਦਾ । ਫ਼ਿਕਰ ਉਸ ਨੂੰ ਪੈਂਦਾ ਹੈ ਜਿਹੜਾ ਹਰੀ ਨੂੰ ਛੱਡ ਕੇ ਮਾਇਆ ਮੋਹ ਵਿੱਚ ਪੈ ਜਾਂਦਾ ਹੈ ।

† ਜ਼ਰੂਰੀ ਗੱਲਾਂ ਦੀਆਂ ਮਿਸਾਲਾਂ ਲੈ ਕੇ ਦੱਸਦੇ ਹਨ ਕਿ ਗੁਰੂ ਤੋਂ ਨਾਮ ਪ੍ਰਾਪਤ ਕੀਤੇ ਬਿਨਾਂ ਮੁਕਤੀ ਨਹੀਂ ਹੋ ਸਕਦੀ ।

‡ ਹਾਥੀ, ਪਤੰਗੇ, ਹਿਰਨ, ਮੱਛੀ, ਭਵਰੇ ਦੇ ਖ਼ਾਸ ਵਿਕਾਰ ਨੂੰ ਲੈ ਕੇ ਦੱਸਦੇ ਹਨ ਕਿ ਮਨੁੱਖ ਵਿੱਚ ਭੀ ਤਿੰਨਾਂ ਗੁਣਾਂ ਦੇ ਵੱਸ ਹੋਣ ਕਰ ਕੇ ਹਉਮੈ ਦਾ ਰੋਗ ਹੈ, ਜਿਸ ਕਰ ਕੇ ਉਸ ਨੂੰ ਟਿਕਾਉ ਨਹੀਂ ਮਿਲਦਾ ਤੇ ਹਰੀ ਤੋਂ ਵਿਛੜਿਆ ਹੋਇਆ ਜਨਮ ਮਰਨ ਦੇ ਗੇੜ ਕੱਢਦਾ ਰਹਿੰਦਾ ਹੈ । ਇਸ ਰੋਗ ਤੋਂ ਕੇਵਲ ਗੁਰੂ ਹੀ ਬਚਾਅ ਸਕਦਾ ਹੈ, ਜੋ ਇਸ ਰੋਗ ਤੋਂ ਬਰੀ ਹੈ ।

ਸਗਲ ਸੰਸਾਰਾ ॥ [੧]ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥ ੨ ॥ ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥ ਰੋਗ ਬੰਧ ਰਹਨੁ[੨] ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥ ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥ ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥ ੪ ॥ ੭ ॥ ੨੦ ॥ ਭੈਰਉ ਮਹਲਾ ੫* ॥ ਚੀਤਿ ਆਵੈ ਤਾਂ ਮਹਾ ਅਨੰਦ ॥ ਚੀਤਿ ਆਵੈ ਤਾਂ ਸਭਿ ਦੁਖ ਭੰਜ[੩] ॥ ਚੀਤਿ ਆਵੈ ਤਾਂ ਸਰਧਾ ਪੂਰੀ ॥ ਚੀਤਿ ਆਵੈ ਤਾਂ ਕਬਹਿ ਨ ਝੂਰੀ ॥ ੧ ॥ ਅੰਤਰਿ ਰਾਮ ਰਾਇ ਪ੍ਰਗਟੇ ਆਇ ॥ ਗੁਰਿ ਪੂਰੈ ਦੀਓ ਰੰਗੁ[੪] ਲਾਇ ॥ ੧ ॥ ਰਹਾਉ ॥ ਚੀਤਿ ਆਵੈ ਤਾਂ ਸਰਬ ਕੋ ਰਾਜਾ ॥ ਚੀਤਿ ਆਵੈ ਤਾਂ ਪੂਰੇ ਕਾਜਾ ॥ ਚੀਤਿ ਆਵੈ ਤਾਂ ਰੰਗਿ ਗੁਲਾਲ[੫] ॥ ਚੀਤਿ ਆਵੈ ਤਾਂ ਸਦਾ ਨਿਹਾਲ ॥ ੨ ॥ ਚੀਤਿ ਆਵੈ ਤਾਂ ਸਦ ਧਨਵੰਤਾ ॥ ਚੀਤਿ ਆਵੈ ਤਾਂ ਸਦ ਨਿਭਰੰਤਾ[੬] ॥ ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥ ਚੀਤਿ ਆਵੈ ਤਾਂ ਚੂਕੀ ਕਾਣੇ[੭] ॥ ੩ ॥ ਚੀਤਿ ਆਵੈ ਤਾਂ [੮]ਸਹਜ ਘਰੁ ਪਾਇਆ ॥ ਚੀਤਿ ਆਵੈ ਤਾਂ ਸੁੰਨਿ[੯] ਸਮਾਇਆ ॥ ਚੀਤਿ ਆਵੈ ਸਦ ਕੀਰਤਨੁ ਕਰਤਾ ॥ ਮਨੁ ਮਾਨਿਆ ਨਾਨਕ ਭਗਵੰਤਾ ॥ ੪ ॥ ੮ ॥ ੨੧ ॥ ਭੈਰਉ ਮਹਲਾ ੫† ॥ ਬਾਪੁ[੧੦] ਹਮਾਰਾ [੧੧]ਸਦ ਚਰੰਜੀਵੀ ॥ [੧੨]ਭਾਈ ਹਮਾਰੇ ਸਦ ਹੀ ਜੀਵੀ ॥ ਮੀਤ ਹਮਾਰੇ ਸਦਾ ਅਬਿਨਾਸੀ ॥ ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥ ੧ ॥ ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ[੧੩] ॥ ਗੁਰਿ ਪੂਰੈ ਪਿਤਾ ਸੰਗਿ ਮੇਲੇ ॥ ੧ ॥ ਰਹਾਉ ॥ ਮੰਦਰ ਮੇਰੇ ਸਭ ਤੇ ਊਚੇ ॥ ਦੇਸ ਮੇਰੇ ਬੇਅੰਤ ਅਪੂਛੇ[੧੪] ॥ ਰਾਜੁ ਹਮਾਰਾ ਸਦ ਹੀ ਨਿਹਚਲੁ ॥ ਮਾਲੁ ਹਮਾਰਾ ਅਖੂਟੁ ਅਬੇਚਲੁ[੧੫] ॥ ੨ ॥ ਸੋਭਾ ਮੇਰੀ ਸਭ ਜੁਗ ਅੰਤਰਿ ॥ ਬਾਜ[੧੬] ਹਮਾਰੀ ਥਾਨ ਥਨੰਤਰਿ ॥ ਕੀਰਤਿ[੧੭] ਹਮਰੀ ਘਰਿ ਘਰਿ ਹੋਈ ॥ ਭਗਤਿ ਹਮਾਰੀ ਸਭਨੀ ਲੋਈ[੧੮] ॥ ੩ ॥ ਪਿਤਾ ਹਮਾਰੇ ਪ੍ਰਗਟੇ ਮਾਝ[੧੯] ॥ ਪਿਤਾ ਪੂਤ ਰਲਿ ਕੀਨੀ ਸਾਂਝ ॥ ਕਹੁ ਨਾਨਕ ਜਉ ਪਿਤਾ ਪਤੀਨੇ[੨੦] ॥ ਪਿਤਾ ਪੂਤ ਏਕੈ ਰੰਗਿ[੨੧] ਲੀਨੇ ॥ ੪ ॥ ੯ ॥ ੨੨ ॥ ਭੈਰਉ ਮਹਲਾ ੫‡ ॥ ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ ਹਮ ਅਪਰਾਧੀ ਤੁਮ੍ ਬਖਸਾਤੇ[੨੨] ॥ ਜਿਸੁ ਪਾਪੀ ਕਉ ਮਿਲੈ ਨ ਢੋਈ ॥ ਸਰਣਿ ਆਵੈ ਤਾਂ ਨਿਰਮਲੁ ਹੋਈ ॥ ੧ ॥ ਸੁਖੁ ਪਾਇਆ ਸਤਿਗੁਰੂ ਮਨਾਇ ॥ ਸਭ ਫਲ ਪਾਏ ਗੁਰੂ ਧਿਆਇ ॥ ੧ ॥ ਰਹਾਉ ॥ [੨੩]ਪਾਰਬ੍ਰਹਮ ਸਤਿਗੁਰ ਆਦੇਸੁ ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥ ਚੂਕਾ[੨੪] ਪੜਦਾ ਤਾਂ ਨਦਰੀ ਆਇਆ ॥ ਖਸਮੁ ਤੂਹੈ ਸਭਨਾ ਕੇ ਰਾਇਆ[੨੫] ॥ ੨ ॥ ਤਿਸੁ ਭਾਣਾ ਸੂਕੇ ਕਾਸਟ[੨੬] ਹਰਿਆ ॥ ਤਿਸੁ ਭਾਣਾ ਤਾਂ

੧ ਤਿੰਨ ਗੁਣਾਂ ਵਾਲੇ ਰੋਗ । ਦੇਖੋ ਪੰਨਾ ੧੧੧੯, ਫੁਟ ਨੋਟ ‡ ।

੨ ਟਿਕਾਉ । ਰੋਗ ਦਾ ਗ੍ਰਸਿਆ ਜ਼ਰਾ ਭੀ ਟਿਕਾਉ ਨਹੀਂ ਪਾਉਂਦਾ ।

੩ ਟੁੱਟਦੇ ਹਨ ।

੪ ਪਿਆਰ ।

੫ ਗੂੜ੍ਹਾ ਲਾਲ ਰੰਗ ।

੬ [ਨਿਭਰਾਂਤਿ] ਭਰਮ ਰਹਿਤ ।

੭ ਮੁਥਾਜੀ ।

੮ ਉੱਚੀ ਤੋਂ ਉੱਚੀ ਅਡੋਲ ਅਵਸਥਾ ਜੋ ਤਿੰਨਾਂ ਗੁਣਾਂ ਤੋਂ ਉੱਤੇ ਹੁੰਦੀ ਹੈ । ਦੇਖੋ ਪੰਨਾ ੧੧੧੯, ਫੁਟ ਨੋਟ ‡ ।

੯ ਅਫੁਰ ਅਵਸਥਾ ਵਿੱਚ, ਨਿਰਬਾਣ ਪਦ ਵਿੱਚ।

੧੦ ਵਾਹਿਗੁਰੂ ।

੧੧ ਸਦਾ ਜੀਉ ਦਾ ਰਹਿਣ ਵਾਲਾ ।

੧੨ ਭਾਈ, ਮੀਤ, ਕੁਟੰਬੀ ਆਦਿ ਸਾਥੀਆਂ ਸੰਗੀਆਂ ਲਈ ਵਰਤੇ ਹਨ । ਜਦ ਹਰੀ ਅੰਦਰ ਆ ਵਸਿਆ ਤਾਂ ਸਾਰੇ ਸੁਖ ਤੇ ਖੁਸ਼ੀਆਂ ਪ੍ਰਾਪਤ ਹੋਈਆਂ ਤੇ ਸਾਰੇ ਸੰਗੀ-ਸਾਥੀ ਤਰ ਨਿਕਲੇ ।

੧੩ ਸੁਖੀ ।

੧੪ (ਜਮਾਂ ਦੀ) ਪੁੱਛ ਤੋਂ ਬਾਹਰ ।

੧੫ ਅਬਿਚਲ, ਅਟੱਲ ।

੧੬ ਮਸ਼ਹੂਰੀ ।

੧੭ ਜਸ ।

੧੮ ਲੋਕਾਂ ਵਿੱਚ ।

੧੯ ਮੇਰੇ ਅੰਦਰ ।

੨੦ ਪ੍ਰਸੰਨ ਹੋ ਗਿਆ ।

੨੧ ਪਿਆਰ ਵਿੱਚ ।

੨੨ ਬਖਸ਼ਦੇ ਹੋ ।

੨੩ ਹੇ ਪਾਰਬ੍ਰਹਮ, ਹੇ ਸਤਿਗੁਰੂ ! ਤੈਨੂੰ ਨਮਸਕਾਰ ਹੈ ।

੨੪ ਦੂਰ ਹੋਇਆ ।

੨੫ ਰਾਜਾ ।

੨੬ ਲੱਕੜ । ਜੇ ਹਰੀ ਨੂੰ ਭਾਵੇ, ਤਾਂ ਸੁੱਕਾ ਕਾਠ ਭੀ ਹਰਾ ਹੋ ਜਾਂਦਾ ਹੈ, ਭਾਵ ਹਰੀ-ਰਸ ਵਲੋਂ ਸੁੱਕਾ ਹੋਇਆ ਮਨ ਫਿਰ ਰਸ ਪੂਰਤ ਹੋ ਜਾਂਦਾ ਹੈ ।

* ਹਰੀ-ਸਿਮਰਨ ਦੇ ਲਾਭ ਦੱਸੇ ਹਨ ।

† ਹਰੀ ਜਿਹਾ ਵੱਡਾ ਜਿਸ ਦਾ ਬਾਪ ਹੋਵੇ, ਉਸ ਦੀ ਵਡਿਆਈ ਤੇ ਸੁਖਾਂ ਦਾ ਅੰਤ ਨਹੀਂ ।

‡ ਸਰਬ ਨਿਧਾਨ ਵਾਹਿਗੁਰੂ, ਗੁਰੂ ਦੀ ਸੇਵਾ ਤੋਂ ਮਿਲਦਾ ਹੈ । ਮਨੁੱਖ ਭਾਵੇਂ ਕਿੰਨਾ ਧਾਰਮਿਕ ਭਾਵ ਤੋਂ ਖਾਲੀ ਹੋਵੇ, ਪਰ ਜਦ ਉਹ ਗੁਰੂ ਦੇ ਚਰਨੀਂ ਲੱਗੇ, ਤਾਂ ਉਸ ਦੇ ਦਿਲ ਅੰਦਰ ਭਗਤੀ ਭਾਵ ਪੈਦਾ ਹੋ ਜਾਂਦਾ ਹੈ, ਜੋ ਉਸ ਨੂੰ ਹਰੀ ਦੀ ਮਿਹਰ ਦਾ ਪਾਤਰ ਬਣਾਉਂਦਾ ਹੈ ।

ਥਲ ਸਿਰਿ[1] ਸਰਿਆ ॥ ਤਿਸੁ ਭਾਣਾ ਤਾਂ ਸਭਿ ਫਲ ਪਾਏ ॥ ਚਿੰਤ ਗਈ ਲਗਿ
ਸਤਿਗੁਰ ਪਾਏ[2] ॥ ੩ ॥ ਹਰਾਮਖੋਰ ਨਿਰਗੁਣ ਕਉ ਤੂਠਾ[3] ॥ ਮਨੁ ਤਨੁ
ਸੀਤਲੁ[4] ਮਨਿ ਅੰਮ੍ਰਿਤੁ ਵੂਠਾ[5] ॥ ਪਾਰਬ੍ਰਹਮ ਗੁਰ ਭਏ ਦਇਆਲਾ ॥ ਨਾਨਕ
ਦਾਸ ਦੇਖਿ ਭਏ ਨਿਹਾਲਾ ॥ ੪ ॥ ੧੦ ॥ ੨੩ ॥ ਭੈਰਉ ਮਹਲਾ ੫* ॥
ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ
ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ[6] ॥ ੧ ॥ ਗੁਰ ਜੈਸਾ
ਨਾਹੀ ਕੋ ਦੇਵ ॥ ਜਿਸੁ ਮਸਤਕਿ[7] ਭਾਗੁ ਸੁ ਲਾਗਾ ਸੇਵ ॥ ੧ ॥ ਰਹਾਉ ॥
ਸਤਿਗੁਰੁ ਮੇਰਾ [8]ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥
ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥ ੨ ॥
ਸਤਿਗੁਰੁ ਮੇਰਾ [9]ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ[10] ॥
ਸਤਿਗੁਰ ਕੈ ਹਉ ਸਦ ਬਲਿ ਜਾਇਆ ॥ [11]ਪ੍ਰਗਟੁ ਮਾਰਗੁ ਜਿਨਿ ਕਰਿ
ਦਿਖਲਾਇਆ ॥ ੩ ॥ ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥ ਜਿਨਿ
ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥ ਨਾਨਕ [12]ਸੋਧੇ ਸਿੰਮ੍ਰਿਤਿ
ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥ ੪ ॥ ੧੧ ॥ ੨੪ ॥ ਭੈਰਉ
ਮਹਲਾ ੫† ॥ ਨਾਮੁ ਲੈਤ [13]ਮਨੁ ਪਰਗਟੁ ਭਇਆ ॥ ਨਾਮੁ ਲੈਤ ਪਾਪੁ ਤਨ
ਤੇ ਗਇਆ ॥ ਨਾਮੁ ਲੈਤ [14]ਸਗਲ ਪੁਰਬਾਇਆ ॥ ਨਾਮੁ ਲੈਤ
[15]ਅਠਸਠਿ ਮਜਨਾਇਆ ॥ ੧ ॥ ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ
ਉਪਦੇਸਿਆ ਤਤੁ ਗਿਆਨੁ ॥ ੧ ॥ ਰਹਾਉ ॥ ਨਾਮੁ ਲੈਤ ਦੁਖੁ ਦੂਰਿ
ਪਰਾਨਾ[16] ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥ ਨਾਮੁ ਲੈਤ ਪਰਗਟਿ
ਉਜੀਆਰਾ ॥ ਨਾਮੁ ਲੈਤ ਛੂਟੇ ਜੰਜਾਰਾ[17] ॥ ੨ ॥ ਨਾਮੁ ਲੈਤ ਜਮੁ ਨੇੜਿ ਨ
ਆਵੈ ॥ ਨਾਮੁ ਲੈਤ ਦਰਗਹ ਸੁਖੁ ਪਾਵੈ ॥ ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥
ਨਾਮੁ ਹਮਾਰੀ ਸਾਚੀ ਰਾਸਿ ॥ ੩ ॥ ਗੁਰਿ ਉਪਦੇਸੁ ਕਹਿਓ ਇਹੁ ਸਾਰੁ[18] ॥
ਹਰਿ ਕੀਰਤਿ ਮਨ ਨਾਮੁ ਅਧਾਰੁ ॥ ਨਾਨਕ ਉਧਰੇ ਨਾਮ ਪੁਨਹਚਾਰ[19] ॥
[20]ਅਵਰਿ ਕਰਮ ਲੋਕਹ ਪਤੀਆਰ ॥ ੪ ॥ ੧੨ ॥ ੨੫ ॥ ਭੈਰਉ ਮਹਲਾ
੫‡ ॥ ਨਮਸਕਾਰ ਤਾ ਕਉ ਲਖ ਬਾਰ ॥ ਇਹੁ ਮਨੁ ਦੀਜੈ ਤਾ ਕਉ ਵਾਰਿ ॥
ਸਿਮਰਨਿ ਤਾ ਕੈ ਮਿਟਹਿ ਸੰਤਾਪ[21] ॥ ਹੋਇ ਅਨੰਦੁ ਨ ਵਿਆਪਹਿ ਤਾਪ ॥
੧ ॥ ਐਸੋ ਹੀਰਾ ਨਿਰਮਲ ਨਾਮ ॥ ਜਾਸੁ ਜਪਤ ਪੂਰਨ ਸਭਿ ਕਾਮ ॥ ੧ ॥
ਰਹਾਉ ॥ [22]ਜਾ ਕੀ ਦ੍ਰਿਸਟਿ ਦੁਖ ਡੇਰਾ ਢਹੈ ॥ ਅੰਮ੍ਰਿਤ ਨਾਮੁ ਸੀਤਲੁ ਮਨਿ
ਗਹੈ[23] ॥ ਅਨਿਕ ਭਗਤ ਜਾ ਕੇ ਚਰਨ ਪੂਜਾਰੀ ॥ ਸਗਲ ਮਨੋਰਥ
ਪੂਰਨਹਾਰੀ[24] ॥ ੨ ॥ ਖਿਨ ਮਹਿ [25]ਊਣੇ ਸੁਭਰ ਭਰਿਆ ॥ ਖਿਨ ਮਹਿ

੧ ਸਿਰ 'ਤੇ, ਉੱਤੇ । ਜੇ ਤੈਨੂੰ ਭਾਵੇ ਤਾਂ ਸੁੱਕੀ ਧਰਤੀ ਉੱਤੇ ਸਰੋਵਰ ਹੋ ਜਾਣ । "ਭਾਣੈ ਥਲ ਸਿਰਿ ਸਰੁ ਵਹੈ" (ਸੂਹੀ ਮ: ੧, ਪੰਨਾ ੭੬੨)। ਭਾਵ ਇਹ ਕਿ ਜੇ ਹਰੀ ਦੀ ਮਿਹਰ ਹੋਵੇ ਤਾਂ ਸੁੱਕੇ ਭਗਤਿ ਹੀਣ ਦਿਲਾਂ ਵਿੱਚ ਪ੍ਰੇਮ ਦੀ ਲਹਿਰ ਚੱਲ ਪਵੇ । ੨ ਚਰਨੀਂ ।

੩ ਤੂਠਾ, ਕ੍ਰਿਪਾਲੂ ਹੋਇਆ ।

੪ ਠੰਡਾ ਹੋ ਗਿਆ ।

੫ ਵੱਸਿਆ ।

੬ [ਸੰ. ਵਿਧਾਤ੍ਰਿ] ਰਚਨਹਾਰ ।

੭ ਮੱਥੇ 'ਤੇ ।

੮ ਸਭ ਨੂੰ ਪਾਲਦਾ ਹੈ ।

੯ ਮੈਂ ਨਿਤਾਣੇ ਨੂੰ ਤਾਣ (ਆਸਰਾ) ਹੈ ।

੧੦ [ਉਹ ਹਾਕਮ ਜਿਸ ਦੀ ਕਚਹਿਰੀ ਵਿੱਚ ਦਾਦ ਫ਼ਰਿਆਦ ਕੀਤੀ ਜਾ ਸਕੇ] ਆਸਰਾ ।

੧੧ ਜਿਸ ਨੇ ਸਹੀ ਰਸਤਾ ਜ਼ਾਹਿਰ ਕਰ ਦੱਸਿਆ।

੧੨ ਧਾਰਮਕ ਪੁਸਤਕ ਵਿਚਾਰ ਕੇ ਦੇਖੇ ਹਨ; ਓਹ ਇਹੋ ਦਸਦੇ ਹਨ ਕਿ ਹਰੀ ਤੇ ਗੁਰੂ ਵਿੱਚ ਕੋਈ ਫਰਕ ਨਹੀਂ ।

੧੩ ਮਨ ਆਪਣੇ ਅਸਲੀ ਰੂਪ ਵਿੱਚ ਪ੍ਰਗਟ ਹੋਇਆ।

੧੪ ਸਾਰੇ ਪੁਰਬ ਹੋ ਜਾਂਦੇ ਹਨ ।

੧੫ ਸਾਰੇ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ ।

੧੬ ਪੈ ਗਿਆ, ਹੋ ਗਿਆ ।

੧੭ ਜੰਜਾਲ ।

੧੮ ਤੱਤ, ਅਸਲੀਅਤ ।

੧੯ [ਪੁਨਹ ਆਚਾਰ= ਫੇਰ ਕੀਤੇ ਕੰਮ] ਪਾਪਾਂ ਦੀ ਨਵਿਰਤੀ ਲਈ ਜੋ ਕਰਮ ਪਿਛੋਂ ਕੀਤੇ ਜਾਣ; ਪ੍ਰਾਸਚਿਤ ਕਰਮ-ਜਪ ਹੋਮ ਆਦਿ । ਨਾਮ ਹੀ ਪੁਨਹਚਾਰ ਹੈ।

੨੦ ਹੋਰ ਕਰਮ-ਕਾਂਡ ਲੋਕਾਂ ਨੂੰ ਪਤੀਆਵਣ ਲਈ ਹਨ ।

੨੧ ਅੰਦਰ ਦੇ ਦੁੱਖ ।

੨੨ ਜਿਸ ਦੀ (ਮਿਹਰ ਦੀ) ਨਜ਼ਰ ਨਾਲ ਦੁੱਖਾਂ ਦਾ ਡੇਰਾ ਢਹਿ ਪੈਂਦਾ ਹੈ, ਦੁੱਖ ਕੂਚ ਕਰ ਜਾਂਦੇ ਹਨ ।

੨੩ ਪਕੜਦਾ ਹੈ ।

੨੪ ਪੂਰੇ ਕਰਨ ਵਾਲਾ ।

੨੫ ਖਾਲੀ ਨਕਾ ਨੱਕ ਭਰਦਾ ਹੈ ।

* ਗੁਰੂ ਇਲਾਹੀ ਗੁਣਾਂ ਦਾ ਮਾਲਕ ਹੈ । ਉਸ ਦੀ ਸੇਵਾ ਕਰਨੀ ਬਹੁਤ ਚੰਗੀ ਹੈ, ਕਿਉਂਕਿ ਉਹ ਹਰੀ ਨੂੰ ਮਿਲਣ ਦਾ ਰਸਤਾ ਦੱਸਦਾ ਹੈ ।

† ਇਹ ਰਸਤਾ ਨਾਮ ਜਪਣਾ ਹੈ, ਜੋ ਸਾਰੇ ਧਾਰਮਿਕ ਕਰਮਾਂ ਤੋਂ ਉੱਤਮ ਹੈ ।

‡ ਹਰੀ ਦਾ ਨਾਮ ਜਪਣ ਨਾਲ ਸਾਰੇ ਮਨੋਰਥ ਪੂਰੇ ਹੁੰਦੇ ਹਨ ।

ਸੂਕੇ ਕੀਨੇ ਹਰਿਆ ॥ ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ ॥ ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ ॥ ੩ ॥ ਸਭ ਮਹਿ ਏਕੁ ਰਹਿਆ ਭਰਪੂਰਾ ॥ ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥ ਹਰਿ ਕੀਰਤਨੁ ਤਾ ਕੋ ਆਧਾਰੁ[੧] ॥ ਕਹੁ ਨਾਨਕ ਜਿਸੁ ਆਪਿ ਦਇਆਰੁ[੨] ॥ ੪ ॥ ੧੩ ॥ ੨੬ ॥ ਭੈਰਉ ਮਹਲਾ ੫* ॥ ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥ ਮਿਟਿਓ ਦੂਖੁ ਅਰੁ ਸਗਲ ਸੰਤਾਪ[੩] ॥ ਗੁਰ ਹੋਏ ਮੇਰੇ ਮਾਈ ਬਾਪ ॥ ੧ ॥ [੪]ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥ ਕਰਿ ਕਿਰਪਾ ਭੇਟੇ ਮੋਹਿ ਕੰਤ ॥ ੧ ॥ ਰਹਾਉ ॥ ਤਪਤਿ ਬੁਝੀ ਪੂਰਨ ਸਭ ਆਸਾ ॥ ਮਿਟੇ ਅੰਧੇਰ ਭਏ ਪਰਗਾਸਾ[੫] ॥ [੬]ਅਨਹਦ ਸਬਦ ਅਚਰਜ ਬਿਸਮਾਦ[੭] ॥ ਗੁਰੁ ਪੂਰਾ ਪੂਰਾ ਪਰਸਾਦ[੮] ॥ ੨ ॥ ਜਾ ਕਉ ਪ੍ਰਗਟ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥ [੯]ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥ ਜਾ ਕਉ ਸਤਿਗੁਰਿ ਦੀਓ ਨਾਮੁ ॥ ੩ ॥ [੧੦]ਜਾ ਕਉ ਭੇਟਿਓ ਠਾਕੁਰੁ ਅਪਨਾ ॥ ਮਨੁ ਤਨੁ ਸੀਤਲੁ[੧੧] ਹਰਿ ਹਰਿ ਜਪਨਾ ॥ ਕਹੁ ਨਾਨਕ ਜੋ ਜਨ ਪ੍ਰਭ ਭਾਏ ॥ ਤਾ ਕੀ ਰੇਨੁ[੧੨] ਬਿਰਲਾ ਕੋ ਪਾਏ ॥ ੪ ॥ ੧੪ ॥ ੨੭ ॥ ਭੈਰਉ ਮਹਲਾ ੫† ॥ ਚਿਤਵਤ ਪਾਪ ਨ ਆਲਕੁ[੧੩] ਆਵੈ ॥ ਬੇਸੁਆ ਭਜਤ[੧੪] ਕਿਛੁ ਨਹ ਸਰਮਾਵੈ ॥ ਸਾਰੋ ਦਿਨਸੁ ਮਜੂਰੀ ਕਰੈ ॥ ਹਰਿ ਸਿਮਰਨ ਕੀ ਵੇਲਾ ਬਜਰ[੧੫] ਸਿਰਿ ਪਰੈ ॥ ੧ ॥ ਮਾਇਆ ਲਗਿ ਭੂਲੋ ਸੰਸਾਰੁ ॥ ਆਪਿ ਭੁਲਾਇਆ ਭੁਲਾਵਣਹਾਰੈ [੧੬]ਰਾਚਿ ਰਹਿਆ ਬਿਰਥਾ ਬਿਉਹਾਰ ॥ ੧ ॥ ਰਹਾਉ ॥ [੧੭]ਪੇਖਤ ਮਾਇਆ ਰੰਗ ਬਿਹਾਇ[੧੮] ॥ [੧੯]ਗੜਬੜ ਕਰੈ ਕਉਡੀ ਰੰਗੁ ਲਾਇ ॥ [੨੦]ਅੰਧ ਬਿਉਹਾਰ ਬੰਧ ਮਨੁ ਧਾਵੈ ॥ ਕਰਣੈਹਾਰੁ ਨ ਜੀਅ ਮਹਿ ਆਵੈ ॥ ੨ ॥ ਕਰਤ ਕਰਤ ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ ॥ ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ[੨੧] ॥ ੩ ॥ ਜਿਸ ਕੇ ਰਾਖੇ ਹੋਏ ਹਰਿ ਆਪਿ ॥ ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥ ਸਾਧਸੰਗਿ ਹਰਿ ਕੇ ਗੁਣ ਗਾਇਆ ॥ ਨਾਨਕ ਸਤਿਗੁਰੁ ਪੂਰਾ ਪਾਇਆ ॥ ੪ ॥ ੧੫ ॥ ੨੮ ॥ ਭੈਰਉ ਮਹਲਾ ੫‡ ॥ ਅਪਣੀ ਦਇਆ ਕਰੇ ਸੋ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਸਾਚ ਸਬਦੁ ਹਿਰਦੇ ਮਨ ਮਾਹਿ ॥ ਜਨਮ ਜਨਮ ਕੇ ਕਿਲਵਿਖ[੨੨] ਜਾਹਿ ॥ ੧ ॥ ਰਾਮ ਨਾਮੁ ਜੀਅ ਕੋ ਆਧਾਰੁ[੧] ॥ ਗੁਰ ਪਰਸਾਦਿ[੨੩] ਜਪਹੁ ਨਿਤ ਭਾਈ ਤਾਰਿ ਲਏ ਸਾਗਰ ਸੰਸਾਰੁ ॥ ੧ ॥ ਰਹਾਉ ॥ [੨੪]ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥ ਸੇ ਜਨ ਦਰਗਹ ਪਾਵਹਿ ਮਾਨੁ ॥ [੨੫]ਸੂਖ ਸਹਜ ਆਨੰਦ ਗੁਣ ਗਾਉ ॥ ਆਗੈ ਮਿਲੈ ਨਿਥਾਵੇ ਥਾਉ ॥ ੨ ॥

੧ ਆਸਰਾ ।
੨ ਦਿਆਲੂ ।
੩ ਦੁੱਖ ।
੪ ਹੇ ਸਾਥਣੋ, ਸਹੇਲੀਓ ! ਮੇਰੇ ਘਰ ਵਿੱਚ ਅਨੰਦ ਬਣ ਗਿਆ ਹੈ, ਕਿਉਂਕਿ ਮਿਹਰ ਹੋ ਕੇ ਮੈਨੂੰ ਕੰਤ ਜੀ ਮਿਲੇ ਹਨ ।
੫ ਚਾਨਣਾ ।
੬ ਦੇਖੋ ਪੰਨਾ ੧੧੩੭, ਨੋਟ ੨੧ ।
੭ ਅਸਚਰਜਤਾ, ਹੈਰਾਨੀ ।
੮ ਕਿਰਪਾ ।
੯ ਉਨ੍ਹਾਂ ਦੇ ਪਾਸ ਹਰ ਤਰ੍ਹਾਂ ਦੇ ਗੁਣਾਂ ਦੇ ਬਹੁਤ ਖ਼ਜ਼ਾਨੇ ਹਨ ।
੧੦ ਜਿਸ ਨੂੰ ਆਪਣਾ ਮਾਲਕ ਮਿਲ ਪਿਆ ਹੈ ।
੧੧ ਠੰਢਾ ।
੧੨ ਚਰਨ-ਧੂੜੀ ।
੧੩ ਆਲਸ ।
੧੪ ਭੋਗਦਿਆਂ ।
੧੫ [ਸੰ. ਵਜ੍ਰ-ਇੰਦਰ ਦੀ ਗਦਾ ਜੋ ਬੜੀ ਕਰੜੀ ਮੰਨੀ ਗਈ ਹੈ] ਬਿੱਜ । ਮੌਤ ਪੈ ਜਾਂਦੀ ਸੁ ਸਿਮਰਨ ਵੇਲੇ ।
੧੬ ਨਿਕੰਮੇ ਕੰਮਾਂ ਵਿੱਚ ਲੱਗ ਰਿਹਾ ਹੈ (ਸੰਸਾਰ) ।
੧੭ ਦੇਖਦਿਆਂ ਮਾਇਆ ਦੇ ਰੰਗ ।
੧੮ ਗੁਜ਼ਰ ਜਾਂਦੀ ਹੈ ਉਮਰ ।
੧੯ ਹਿਸਾਬ ਵਿੱਚ ਰੌਲਾ ਪਾਉਂਦਾ ਹੈ ਕੌਡੀ ਵਿੱਚ ਪਿਆਰ ਪਾ ਕੇ, ਭਾਵ ਇਕ ਨਿਕੰਮੀ ਰਕਮ ਦੇ ਲਾਲਚ ਪਿੱਛੇ ਹਿਸਾਬ ਵਿੱਚ ਰੌਲਾ ਪਾਉਂਦਾ ਹੈ।
੨੦ ਅੰਨ੍ਹੇ ਵਿਹਾਰ ਦਾ ਬੱਧਾ ਹੋਇਆ ਮਨ ਇਧਰ ਉਧਰ ਦੌੜਦਾ ਹੈ ।
੨੧ ਮੱਛੀ ।
੨੨ ਪਾਪ ।
੨੩ ਕਿਰਪਾ ਨਾਲ ।
੨੪ ਹਰੀ ਨੇ ਜਿਨ੍ਹਾਂ ਦੇ ਭਾਗਾਂ ਵਿੱਚ ਇਹ ਖ਼ਜ਼ਾਨਾ (ਨਾਮ ਦਾ ਜਾਪ) ਮਿਲਣਾ ਲਿਖਿਆ ਹੈ ।
੨੫ ਦੇਖੋ ਪੰਨਾ ੧੧੧੨, ਨੋਟ ੩ ।

* ਗੁਰੂ ਦੀ ਮਿਹਰ ਨਾਲ ਜਦ ਨਾਮ ਦੀ ਪ੍ਰਾਪਤੀ ਹੋ ਜਾਵੇ, ਤਾਂ ਹਰ ਤਰ੍ਹਾਂ ਦੇ ਅਨੰਦ ਮਿਲ ਜਾਂਦੇ ਹਨ।

† ਹਰੀ ਨੂੰ ਭੁਲਾ ਕੇ ਮਨੁੱਖ ਮਾਇਆ ਵਿੱਚ ਰਚ ਜਾਂਦਾ ਹੈ ਅਤੇ ਉਸ ਦਾ ਸਾਰਾ ਵਿਹਾਰ ਬੇਈਮਾਨੀ ਵਾਲਾ ਹੋ ਜਾਂਦਾ ਹੈ, ਜਿਸ ਕਰ ਕੇ ਉਸ ਨੂੰ ਕੋਈ ਕਾਮਯਾਬੀ ਨਹੀਂ ਹੁੰਦੀ ਤੇ ਦੁਖੀ ਹੁੰਦਾ ਹੈ । ਦੂਜੇ ਪਾਸੇ ਜਿਸ ਨੂੰ ਹਰੀ ਬਚਾਣਾ ਚਾਹੁੰਦਾ ਹੈ, ਉਸ ਨੂੰ ਗੁਰੂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੀ ਸੰਗਤ ਵਿੱਚ ਹਰੀ ਨਾਮ ਜਪ ਕੇ ਸੁਖ ਮਿਲਦਾ ਹੈ ।

‡ ਜਿਨ੍ਹਾਂ ਉਤੇ ਹਰੀ ਦੀ ਮਿਹਰ ਹੁੰਦੀ ਹੈ, ਉਹ ਨਾਮ ਦਾਨ ਪਾ ਕੇ ਸਦੀਵੀ ਸੁਖ ਦੇ ਭਾਗੀ ਹੁੰਦੇ ਹਨ। ਨਾਮ ਦਾਨ ਤੋਂ ਉੱਤੇ ਕੋਈ ਚੀਜ਼ ਨਹੀਂ, ਪਰ ਮਿਲਦਾ ਹਰੀ ਦੀ ਆਪਣੀ ਮਿਹਰ ਤੋਂ ਹੈ ।

[1]ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥ ਹਰਿ ਸਿਮਰਣੁ ਸਾਚਾ ਬੀਚਾਰੁ ॥ ਜਿਸੁ ਲੜਿ ਲਾਇ ਲਏ ਸੋ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ੩ ॥ ਤੇਰੇ ਭਗਤ ਭਗਤਨ ਕਾ ਆਪਿ ॥ [2]ਅਪਣੀ ਮਹਿਮਾ ਆਪੇ ਜਾਪਿ ॥ ਜੀਅ ਜੰਤ ਸਭਿ ਤੇਰੈ ਹਾਥਿ ॥ ਨਾਨਕ ਕੇ ਪ੍ਰਭ ਸਦ ਹੀ ਸਾਥਿ ॥ ੪ ॥ ੧੬ ॥ ੨੯ ॥ ਭੈਰਉ ਮਹਲਾ ੫* ॥ [3]ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ [4]ਆਵੈ ਕਾਮੀ ॥ [5]ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥ ੧ ॥ ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥ ੧ ॥ ਰਹਾਉ ॥ ਨਾਮੁ ਹਮਾਰੈ ਨਿਹਚਲ ਧਨੀ[6] ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥ ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਬੇਪਰਵਾਹੁ ॥ ੨ ॥ ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ[7] ॥ ਨਾਮੁ ਨ ਵਿਸਰੈ [8]ਸੰਤ ਪ੍ਰਸਾਦਿ ॥ [9]ਨਾਮੁ ਲੈਤ ਅਨਹਦ ਪੂਰੇ ਨਾਦ ॥ ੩ ॥ ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ[10] ਪਾਈ ॥ ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥ ਧਨਵੰਤੇ ਸੇਈ ਪਰਧਾਨ ॥ ਨਾਨਕ ਜਾ ਕੈ ਨਾਮੁ ਨਿਧਾਨ[11] ॥ ੪ ॥ ੧੭ ॥ ੩੦ ॥ ਭੈਰਉ ਮਹਲਾ ੫† ॥ ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥ ਤੂ ਮੇਰਾ ਠਾਕੁਰੁ[12] ਹਉ ਦਾਸੁ ਤੇਰਾ ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥ ੧ ॥ ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ ਤੁਮ੍ਰੀ ਉਸਤਤਿ ਕਰਉ ਦਿਨ ਰਾਤਿ ॥ ੧ ॥ ਰਹਾਉ ॥ ਹਮ ਤੇਰੇ ਜੰਤ[13] ਤੂ ਬਜਾਵਨਹਾਰਾ ॥ ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥ [14]ਤਉ ਪਰਸਾਦਿ ਰੰਗ ਰਸ ਮਾਣੇ ॥ [15]ਘਟ ਘਟ ਅੰਤਰਿ ਤੁਮਹਿ ਸਮਾਣੇ ॥ ੨ ॥ ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥ ਸਾਧਸੰਗਿ ਤੁਮਰੇ ਗੁਣ ਗਾਉ ॥ ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ ॥ ਤੁਮਰੀ ਮਇਆ[16] ਤੇ [17]ਕਮਲ ਬਿਗਾਸੁ ॥ ੩ ॥ ਹਉ ਬਲਿਹਾਰਿ ਜਾਉ ਗੁਰਦੇਵ ॥ [18]ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥ ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥ ਗੁਣ ਗਾਵੈ ਨਾਨਕੁ ਨਿਤ ਤੇਰੇ ॥ ੪ ॥ ੧੮ ॥ ੩੧ ॥ ਭੈਰਉ ਮਹਲਾ ੫ ॥ ਸਭ ਤੇ ਊਚ ਜਾ ਕਾ ਦਰਬਾਰੁ ॥ ਸਦਾ ਸਦਾ ਤਾ ਕਉ ਜੋਹਾਰੁ[19] ॥ ਊਚੇ ਤੇ ਊਚਾ ਜਾ ਕਾ ਥਾਨ ॥ ਕੋਟਿ ਅਘਾ[20] ਮਿਟਹਿ ਹਰਿ ਨਾਮ ॥ ੧ ॥ ਤਿਸੁ ਸਰਣਾਈ ਸਦਾ ਸੁਖੁ ਹੋਇ ॥ ਕਰਿ ਕਿਰਪਾ ਜਾ ਕਉ ਮੇਲੈ ਸੋਇ ॥ ੧ ॥ ਰਹਾਉ ॥ ਜਾ ਕੇ ਕਰਤਬ ਲਖੇ ਨ ਜਾਹਿ ॥ [21]ਜਾ ਕਾ ਭਰਵਾਸਾ ਸਭ ਘਟ ਮਾਹਿ ॥ ਪ੍ਰਗਟ ਭਇਆ ਸਾਧੂ ਕੈ ਸੰਗਿ ॥ ਭਗਤ ਅਰਾਧਹਿ ਅਨਦਿਨੁ[22] ਰੰਗਿ[23] ॥ ੨ ॥ ਦੇਦੇ ਤੋਟਿ ਨਹੀ ਭੰਡਾਰ ॥ ਖਿਨ ਮਹਿ [24]ਥਾਪਿ ਉਥਾਪਨਹਾਰ ॥ ਜਾ ਕਾ ਹੁਕਮੁ ਨ ਮੇਟੈ ਕੋਇ ॥ [25]ਸਿਰਿ

੧ ਜੁਗਾਂ ਜੁਗਾਂ ਵਿੱਚ, ਭਾਵ ਸਦਾ, ਇਹ ਤੱਤ ਸਾਰ (ਅਸਲੀਅਤ) ਹੈ ।
੨ ਉਨ੍ਹਾਂ ਭਗਤਾਂ ਤੋਂ ਆਪਣੀ ਮਹਿਮਾ ਦਾ ਜਾਪ ਕਰਾਉਂਦਾ ਹੈ ।
੩ ਨਾਮ ਸਾਡੇ ਲਈ ਅੰਦਰ ਦੀਆਂ ਜਾਣਨ ਵਾਲਾ ਹੈ । (ਇਥੇ 'ਨਾਮ' ਤੋਂ ਭਾਵ ਸਰਗੁਣ ਰੂਪ 'ਬ੍ਰਹਮ' ਹਰੀ ਆਪ ਹੈ ਦੇਖੋ ਪੰਨਾ ੨੯੪, ਨੋਟ ੧੯ ।)
੪ ਕੰਮ ਆਉਂਦਾ ਹੈ ।
੫ ਹਰੀ ਦਾ ਨਾਮ ਸਾਡੇ ਲੂੰ ਲੂੰ ਵਿੱਚ ਸਮਾਇਆ ਹੋਇਆ ਹੈ ।
੬ [ਸਿੰਧੀ 'ਧਣੀ'] ਮਾਲਕ ।
੭ ਪ੍ਰਯੋਜਨ । ਮਨ ਦੇ ਭਾਵ ਪੂਰਨ ਕਰਦਾ ਹੈ ।
੮ ਗੁਰੂ ਸੰਤ ਦੀ ਕਿਰਪਾ ਨਾਲ ।
੯ ਨਾਮ ਲੈਂਦਿਆਂ ਅਨਹਦ ਨਾਦ ਵਜਦੇ ਹਨ । ਅਪਾਰ ਅਨੰਦ ਦੀ ਧੁਨੀ ਉਠਦੀ ਹੈ । ਦੇਖੋ ਪੰਨਾ ੧੧੩੭, ਨੋਟ ੨੧ ।
੧੦ ਦੇਖੋ ਪੰਨਾ ੧੧੨੯, ਫੁਟ ਨੋਟ * ।
੧੧ ਖ਼ਜ਼ਾਨਾ ਹੈ ।
੧੨ ਮਾਲਕ ।
੧੩ ਯੰਤਰ, ਵਾਜੇ ।
੧੪ ਤੇਰੀ ਕਿਰਪਾ ਨਾਲ ।
੧੫ ਹਰ ਇਕ ਵਿੱਚ ਤੂੰ ਹੀ ਸਮਾ ਰਿਹਾ ਹੈਂ ।
੧੬ ਕਿਰਪਾ ।
੧੭ ਹਿਰਦਾ ਰੂਪ ਕਮਲ ਖਿੜਦਾ ਹੈ ।
੧੮ ਜਿਸ ਨੂੰ ਦੇਖਦਿਆਂ ਜ਼ਰੂਰ ਫਲ ਮਿਲੇ; ਜਿਸ ਦਾ ਦਰਸ਼ਨ ਕਦੀ ਅਜਾਈਂ ਨਾ ਜਾਵੇ ।
੧੯ [ਮਾਗਧੀ, ਜੁਹਾਰੁ] ਨਮਸਕਾਰ, ਪ੍ਰਨਾਮ ।
੨੦ ਪਾਪ ।
੨੧ ਜਿਸ ਦਾ ਭਰੋਸਾ ਸਾਡੇ ਦਿਲਾਂ ਵਿੱਚ ਹੈ ।
੨੨ ਹਰ ਰੋਜ਼ ।
੨੩ ਪਿਆਰ ਨਾਲ ।
੨੪ ਬਣਾ ਕੇ ਢਾਹ ਦੇਣ ਵਾਲਾ ।
੨੫ ਪਾਤਸ਼ਾਹਾਂ ਦਾ ਸ਼੍ਰੋਮਣੀ ਸੱਚਾ ਪਾਤਸ਼ਾਹ ਹੈ ।

* ਨਾਮ ਮਨੁੱਖ ਦੀਆਂ ਸਾਰੀਆਂ ਆਸਾਂ ਪੂਰੀਆਂ ਕਰਨ ਵਾਲਾ ਹੈ ।

† ਅਗਲਿਆਂ ਦੋਹਾਂ ਸ਼ਬਦਾਂ ਵਿੱਚ ਨਾਮ ਜਪਣ ਦਾ ਨਮੂਨਾ ਦੱਸਦੇ ਹਨ । ਪਹਿਲੇ ਵਿੱਚ ਹਰੀ ਨੂੰ ਸੰਬੋਧਨ ਕਰ ਕੇ ਅਤੇ ਦੂਜੇ ਵਿੱਚ ਅਨਜ ਪੁਰਖ ਕਰ ਕੇ ਉਸ ਦੇ ਗੁਣ ਦੱਸਦੇ ਹਨ ।

ਪਾਤਿਸਾਹਾ ਸਾਚਾ ਸੋਇ ॥ ੩ ॥ ਜਿਸ ਕੀ ਓਟ ਤਿਸੈ ਕੀ ਆਸਾ ॥ ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥ ਰਾਖਿ ਲੀਨੋ ਸਭੁ ਜਨ ਕਾ ਪੜਦਾ ॥ ਨਾਨਕੁ ਤਿਸ ਕੀ ਉਸਤਤਿ ਕਰਦਾ ॥ ੪ ॥ ੧੯ ॥ ੩੨ ॥ ਭੈਰਉ ਮਹਲਾ ੫* ॥ ਰੋਵਨਹਾਰੀ ਰੋਜੁ[੧] ਬਨਾਇਆ ॥ ਬਲਨ[੨] ਬਰਤਨ ਕਉ ਸਨਬੰਧੁ ਚਿਤਿ ਆਇਆ ॥ [੩]ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥ ੧ ॥ [੪]ਬਿਖਿਆ ਕਾ ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ ਨਾਮ ਅਧਾਰੁ ॥ ੧ ॥ ਰਹਾਉ ॥ ਤ੍ਰਿਬਿਧਿ[੫] ਮਾਇਆ ਰਹੀ ਬਿਆਪਿ ॥ ਜੋ ਲਪਟਾਨੋ[੬] ਤਿਸੁ ਦੂਖ ਸੰਤਾਪ[੭] ॥ ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ[੮] ਬਡਭਾਗੀ ਪਾਏ ॥ ੨ ॥ ਸ੍ਵਾਂਗੀ ਸਿਉ ਜੋ ਮਨੁ ਰੀਝਾਵੈ ॥ [੯]ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥ ਮੇਘ[੧੦] ਕੀ ਛਾਇਆ ਜੈਸੇ ਬਰਤਨਹਾਰ ॥ ਤੈਸੋ ਪਰਪੰਚੁ[੧੧] ਮੋਹ ਬਿਕਾਰ ॥ ੩ ॥ ਏਕ ਵਸਤੁ[੧੨] ਜੇ ਪਾਵੈ ਕੋਇ ॥ ਪੂਰਨ ਕਾਜੁ [੧੩]ਤਾਹੀ ਕਾ ਹੋਇ ॥ ਗੁਰ ਪ੍ਰਸਾਦਿ[੧੪] ਜਿਨਿ ਪਾਇਆ ਨਾਮੁ ॥ ਨਾਨਕ ਆਇਆ ਸੋ ਪਰਵਾਨੁ ॥ ੪ ॥ ੨੦ ॥ ੩੩ ॥ ਭੈਰਉ ਮਹਲਾ ੫† ॥ ਸੰਤ ਕੀ ਨਿੰਦਾ ਜੋਨੀ ਭਵਨਾ ॥ ਸੰਤ ਕੀ ਨਿੰਦਾ ਰੋਗੀ ਕਰਨਾ ॥ ਸੰਤ ਕੀ ਨਿੰਦਾ ਦੂਖ ਸਹਾਮ[੧੫] ॥ ਡਾਨੁ[੧੬] ਦੈਤ ਨਿੰਦਕ ਕਉ ਜਾਮ[੧੭] ॥ ੧ ॥ ਸੰਤਸੰਗਿ ਕਰਹਿ ਜੋ ਬਾਦੁ[੧੮] ॥ ਤਿਨ ਨਿੰਦਕ ਨਾਹੀ ਕਿਛੁ ਸਾਦੁ ॥ ੧ ॥ ਰਹਾਉ ॥ ਭਗਤ ਕੀ ਨਿੰਦਾ [੧੯]ਕੰਧੁ ਛੇਦਾਵੈ ॥ ਭਗਤ ਕੀ ਨਿੰਦਾ ਨਰਕੁ ਭੁੰਚਾਵੈ[੨੦] ॥ ਭਗਤ ਕੀ ਨਿੰਦਾ [੨੧]ਗਰਭ ਮਹਿ ਗਲੈ ॥ ਭਗਤ ਕੀ ਨਿੰਦਾ ਰਾਜ ਤੇ ਟਲੈ ॥ ੨ ॥ ਨਿੰਦਕ ਕੀ ਗਤਿ ਕਤਹੂ ਨਾਹਿ ॥ ਆਪਿ ਬੀਜਿ ਆਪੇ ਹੀ ਖਾਹਿ ॥ ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ[੨੨] ਭਾਰੁ ਨਿੰਦਕਿ ਸਿਰਿ ਧਰਾ ॥ ੩ ॥ ਪਾਰਬ੍ਰਹਮ ਕੇ ਭਗਤ ਨਿਰਵੈਰ ॥ [੨੩]ਸੋ ਨਿਸਤਰੈ ਜੋ ਪੂਜੈ ਪੈਰ ॥ ਆਦਿ ਪੁਰਖਿ ਨਿੰਦਕੁ ਭੋਲਾਇਆ[੨੪] ॥ ਨਾਨਕ ਕਿਰਤੁ[੨੫] ਨ ਜਾਇ ਮਿਟਾਇਆ ॥ ੪ ॥ ੨੧ ॥ ੩੪ ॥ ਭੈਰਉ ਮਹਲਾ ੫‡ ॥ ਨਾਮੁ ਹਮਾਰੈ [੨੬]ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥ ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥ ੧ ॥ ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ [੨੭]ਸਭ ਤੇ ਊਤਮੁ ਹਰਿ ਹਰਿ ਕਾਮੁ ॥ ੧ ॥ ਰਹਾਉ ॥ ਨਾਮੁ ਹਮਾਰੈ [੨੮]ਮਜਨ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥ [੨੯]ਨਾਮੁ ਲੈਤ ਤੇ ਸਗਲ ਪਵੀਤ ॥ ਨਾਮੁ ਜਪਤ ਮੇਰੇ ਭਾਈ ਮੀਤ ॥ ੨ ॥ ਨਾਮੁ ਹਮਾਰੈ ਸਉਣ[੩੦] ਸੰਜੋਗ[੩੧] ॥ ਨਾਮੁ ਹਮਾਰੈ [੩੨]ਤ੍ਰਿਪਤਿ ਸੁਭੋਗ ॥ ਨਾਮੁ ਹਮਾਰੈ ਸਗਲ ਆਚਾਰ[੩੩] ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥ ੩ ॥ ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥ ਮਨਿ ਤਨਿ

੧ [ਸਿੰਧੀ ਰੋਜੁ=ਗ਼ਮ] ਨੇਮ ਰੋਵਣ ਦਾ । ਦੇਖੋ ਪੰਨਾ ੮੯੯, ਨੋਟ ੯ ।
੨ ਜ਼ਿੰਦਗੀ ਦਾ ਵੱਲ, ਬਿਤਾਵਣਾ ਜ਼ਿੰਦਗੀ ਦਾ ਇਨ੍ਹਾਂ ਨਾਲ ਜੋ ਵਲਣ ਵਰਤਣ ਦਾ ਸੰਬੰਧ ਹੈ ਉਸ ਦੀ ਯਾਦ ਰੁਆਂਦੀ ਹੈ ।
੩ ਪੂਰੇ ਵਿਚਾਰ ਨਾਲ ਜੋ ਮੋਹ ਰਹਿਤ ਹੋ ਜਾਵੇ।
੪ ਸਾਰਾ ਧੰਧਾ (ਕੰਮ-ਕਾਜ) ਵਿਹੁ ਰੂਪ ਮਾਇਆ ਦਾ ਪਸਾਰਾ ਹੈ; ਇਸ ਵਿੱਚ ਲੱਗਿਆਂ ਕੋਈ ਵਿਰਲਾ ਹੀ ਨਾਮ ਦਾ ਆਸਰਾ ਲੈਂਦਾ ਹੈ ।
੫ ਤ੍ਰਿਗੁਣੀ । ਦੇਖੋ ਪੰਨਾ ੧੧੧੯, ਫੁਟ ਨੋਟ ‡ ।
੬ ਫਸਦਾ ਹੈ ।
੭ ਅੰਦਰ ਦੇ ਦੁਖ ।
੮ ਜੋ ਸਾਰੇ ਸੁਖਾਂ ਦਾ ਘਰ ਹੈ ।
੯ ਉਸ ਸ੍ਵਾਂਗੀ ਦੇ ਸ੍ਵਾਂਗ ਲਾਹ ਦੇਣ ਉੱਤੇ ।
੧੦ ਬੱਦਲ ।
੧੧ [ਪੰਜਾਂ ਤੱਤਾਂ ਦਾ ਵਿਸਥਾਰ] ਸੰਸਾਰ ।
੧੨ ਨਾਮ-ਵਸਤੁ ।
੧੩ ਓਸੇ ਦਾ ।
੧੪ ਕਿਰਪਾ ਨਾਲ ।
੧੫ ਸਹਿਣੇ ਪੈਂਦੇ ਹਨ ।
੧੬ ਡੰਨ ।
੧੭ ਜਮ । ਨਿੰਦਕ ਨੂੰ ਜਮ ਡੰਨ ਦਿੰਦਾ ਹੈ ।
੧੮ ਝਗੜਾ ।
੧੯ ਸਰੀਰ ਟੁੱਟਦਾ ਹੈ ।
੨੦ ਭੁਗਾਉਂਦੀ ਹੈ ।
੨੧ ਭਾਵ ਜਨਮ ਮਰਨ ਵਿੱਚ ਪੈਂਦਾ ਹੈ ।
੨੨ ਜਿਸ ਦੀ ਹਸਤੀ ਨਹੀਂ, ਕਿਉਂਕਿ ਨਿੰਦਾ ਕਰ ਕਰ ਕੇ ਐਵੇਂ ਮਨੁੱਖ ਆਪਣੇ ਦਵਾਲੇ ਦੁੱਖ ਦੀ ਰਚਨਾ ਕਰ ਲੈਂਦਾ ਹੈ ।
੨੩ ਉਹ ਤਰਦਾ ਹੈ ਜਿਹੜਾ ਇਨ੍ਹਾਂ ਭਗਤਾਂ ਦੇ ਚਰਨ ਪੂਜਦਾ ਹੈ ।
੨੪ ਭਰਮਾਇਆ, ਭੁਲਾ ਦਿੱਤਾ ਹੈ (ਆਦਿ ਪੁਰਖ ਨੇ) ।
੨੫ ਕਰਮਾਂ ਦਾ ਨਤੀਜਾ । ਕੀਤੇ ਕਰਮਾਂ ਤੋਂ ਬਣਿਆ ਸੁਭਾਵ ਜ਼ਰੂਰ ਜ਼ਾਹਿਰ ਹੋ ਕੇ ਰਹਿੰਦਾ ਹੈ ।
੨੬ ਲਿਖਤ ਵਿੱਚ ਆਇਆ ਗਿਆਨ ਅਤੇ ਬੋਲਣ ਵਿੱਚ ਆਇਆ ਸ਼ਬਦ, ਧਾਰਮਿਕ ਪੁਸਤਕ ਅਤੇ ਕੰਨੀਂ ਸੁਣਾਏ ਮੰਤਰ । ਹਰੀ ਨਾਮ ਹੀ ਸਾਡੇ ਲਈ ਧਾਰਮਿਕ ਪੁਸਤਕਾਂ ਅਤੇ ਮੰਤਰਾਂ ਦੀ ਥਾਂ ਹੈ । ਦੇਖੋ ਪੰਨਾ ੬੫੪, ਨੋਟ ੨੯ ਅਤੇ ਪੰਨਾ ੮੭੯, ਨੋਟ ੧੬ ।
੨੭ ਦੇਖੋ ਪੰਨਾ ੪੪੪, ਨੋਟ ੧੭ ਅਤੇ ਪੰਨਾ ੧੧੨੬, ਨੋਟ ੧੦ ।
੨੮ ਪੁਰਬੀ ਦਾ ਇਸ਼ਨਾਨ ।
੨੯ ਜੋ ਨਾਮ ਲੈਂਦੇ ਹਨ, ਓਹ ਸਾਰੇ ਪਵਿੱਤਰ ਹੋ ਜਾਂਦੇ ਹਨ ।
੩੦ ਸ਼ਗਨ ।
੩੧ ਨਛੱਤ੍ਰਾਂ ਦਾ ਮੇਲ ਜਿਸ ਤੋਂ ਕਰਮ-ਗਤੀ ਦਾ ਅਨੁਮਾਨ ਲਾਂਦੇ ਹਨ । ਦੇਖੋ ਪੰਨਾ ੭੪੩, ਨੋਟ ੧੫ ।
੩੨ ਖਾ ਪੀ ਕੇ ਚੰਗੀ ਤਰ੍ਹਾਂ ਰੱਜਣਾ ।
੩੩ ਕਿਰਿਆ, ਕਰਮ-ਕਾਂਡ ।

* ਇਹ ਨਾਮ ਜਪਣ ਦਾ ਕੰਮ ਕੋਈ ਵਿਰਲਾ ਭਾਗਵਾਨ ਹੀ ਕਰਦਾ ਹੈ । ਆਮ ਲੋਕ ਤਾਂ ਨਾਸਵੰਤ ਮਾਇਕ ਰਸਾਂ ਵਿੱਚ ਹੀ ਲੱਗੇ ਰਹਿੰਦੇ ਹਨ ।

† ਬਲਕਿ ਜੋ ਨਾਮ ਜਪਣ ਵਾਲੇ ਹਨ, ਉਨ੍ਹਾਂ ਦੀ ਨਿੰਦਾ ਕਰਦੇ ਰਹਿੰਦੇ ਹਨ । ਪਰ ਇਹੋ ਜਿਹਾਂ ਦਾ ਬੁਰਾ ਹਾਲ ਹੁੰਦਾ ਹੈ ।

‡ ਸਭ ਤੋਂ ਉੱਤਮ ਕਰਮ ਨਾਮ ਜਪਣਾ ਹੈ ਜੋ ਗੁਰੂ ਤੋਂ ਮਿਲਦਾ ਹੈ ।

ਨਾਨਕ ਹਰਿ ਗੁਣ ਗਾਉ ॥ ਸਾਧਸੰਗਿ ਜਿਸੁ ਦੇਵੈ ਨਾਉ ॥ ੪ ॥ ੨੨ ॥
੩੫ ॥ ਭੈਰਉ ਮਹਲਾ ੫* ॥ [੧]ਨਿਰਧਨ ਕਉ ਤੁਮ ਦੇਵਹੁ ਧਨਾ ॥ ਅਨਿਕ
ਪਾਪ ਜਾਹਿ ਨਿਰਮਲ ਮਨਾ ॥ ਸਗਲ ਮਨੋਰਥ ਪੂਰਨ ਕਾਮ ॥ ਭਗਤ ਅਪੁਨੇ
ਕਉ ਦੇਵਹੁ ਨਾਮ ॥ ੧ ॥ ਸਫਲ ਸੇਵਾ [੨]ਗੋਪਾਲ ਰਾਇ ॥ ਕਰਨ ਕਰਾਵਨਹਾਰ
ਸੁਆਮੀ ਤਾ ਤੇ ਬਿਰਥਾ ਕੋਇ ਨ ਜਾਇ ॥ ੧ ॥ ਰਹਾਉ ॥ ਰੋਗੀ ਕਾ ਪ੍ਰਭ
ਖੰਡਹੁ[੩] ਰੋਗੁ ॥ ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥ ਨਿਥਾਵੇ ਕਉ ਤੁਮ੍
ਥਾਨਿ ਬੈਠਾਵਹੁ ॥ [੪]ਦਾਸ ਅਪਨੇ ਕਉ ਭਗਤੀ ਲਾਵਹੁ ॥ ੨ ॥ ਨਿਮਾਣੇ
ਕਉ ਪ੍ਰਭ ਦੇਤੋ ਮਾਨੁ ॥ [੫]ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥ [੬]ਸਗਲ
ਭਇਆਨ ਕਾ ਭਉ ਨਸੈ ॥ [੭]ਜਨ ਅਪਨੇ ਕੈ ਹਰਿ ਮਨਿ ਬਸੈ ॥ ੩ ॥ ਪਾਰਬ੍ਰਹਮ
ਪ੍ਰਭ [੮]ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥ ਕਰਿ ਕਿਰਪਾ
ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥ ੪ ॥ ੨੩ ॥ ੩੬ ॥
ਭੈਰਉ ਮਹਲਾ ੫† ॥ [੯]ਸੰਤ ਮੰਡਲ ਮਹਿ ਹਰਿ ਮਨਿ ਵਸੈ ॥ ਸੰਤ ਮੰਡਲ
ਮਹਿ ਦੁਰਤੁ[੧੦] ਸਭੁ ਨਸੈ ॥ ਸੰਤ ਮੰਡਲ ਮਹਿ ਨਿਰਮਲ ਰੀਤਿ ॥ ਸੰਤਸੰਗਿ
ਹੋਇ ਏਕ ਪਰੀਤਿ ॥ ੧ ॥ [੧੧]ਸੰਤ ਮੰਡਲੁ ਤਹਾ ਕਾ ਨਾਉ ॥ ਪਾਰਬ੍ਰਹਮ
ਕੇਵਲ ਗੁਣ ਗਾਉ ॥ ੧ ॥ ਰਹਾਉ ॥ ਸੰਤ ਮੰਡਲ ਮਹਿ ਜਨਮ ਮਰਣੁ ਰਹੈ[੧੨] ॥
ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥ ਸੰਤਸੰਗਿ ਹੋਇ ਨਿਰਮਲ ਬਾਣੀ ॥
ਸੰਤ ਮੰਡਲ ਮਹਿ ਨਾਮੁ ਵਖਾਣੀ[੧੩] ॥ ੨ ॥ [੧੪]ਸੰਤ ਮੰਡਲ ਕਾ ਨਿਹਚਲ
ਆਸਨੁ ॥ ਸੰਤ ਮੰਡਲ ਮਹਿ ਪਾਪ ਬਿਨਾਸਨੁ ॥ ਸੰਤ ਮੰਡਲ ਮਹਿ ਨਿਰਮਲ
ਕਥਾ ॥ ਸੰਤਸੰਗਿ ਹਉਮੈ ਦੂਖ ਨਸਾ ॥ ੩ ॥ ਸੰਤ ਮੰਡਲ ਕਾ ਨਹੀ ਬਿਨਾਸੁ ॥
ਸੰਤ ਮੰਡਲ ਮਹਿ ਹਰਿ ਗੁਣਤਾਸੁ[੧੫] ॥ [੧੬]ਸੰਤ ਮੰਡਲ ਠਾਕੁਰ ਬਿਸ੍ਰਾਮੁ ॥
ਨਾਨਕ [੧੭]ਓਤਿ ਪੋਤਿ ਭਗਵਾਨੁ ॥ ੪ ॥ ੨੪ ॥ ੩੭ ॥ ਭੈਰਉ ਮਹਲਾ ੫‡ ॥
ਰੋਗੁ ਕਵਨੁ ਜਾਂ ਰਾਖੈ ਆਪਿ ॥ ਤਿਸੁ ਜਨ ਹੋਇ ਨ ਦੂਖੁ ਸੰਤਾਪੁ[੧੮] ॥
ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ॥ ਤਿਸੁ ਊਪਰ ਤੇ ਕਾਲੁ ਪਰਹਰੈ[੧੯] ॥
੧ ॥ ਸਦਾ ਸਖਾਈ[੨੦] ਹਰਿ ਹਰਿ ਨਾਮੁ ॥ ਜਿਸੁ ਚੀਤਿ ਆਵੈ ਤਿਸੁ ਸਦਾ
ਸੁਖੁ ਹੋਵੈ ਨਿਕਟਿ[੨੧] ਨ ਆਵੈ ਤਾ ਕੈ ਜਾਮੁ[੨੨] ॥ ੧ ॥ ਰਹਾਉ ॥ [੨੩]ਜਬ
ਇਹੁ ਨ ਸੋ ਤਬ ਕਿਨਹਿ ਉਪਾਇਆ ॥ [੨੪]ਕਵਨ ਮੂਲ ਤੇ ਕਿਆ
ਪ੍ਰਗਟਾਇਆ ॥ ਆਪਹਿ ਮਾਰਿ ਆਪਿ ਜੀਵਾਲੈ ॥ ਅਪਨੇ ਭਗਤ ਕਉ ਸਦਾ
ਪ੍ਰਤਿਪਾਲੈ ॥ ੨ ॥ ਸਭ ਕਿਛੁ ਜਾਣਹੁ ਤਿਸ ਕੈ ਹਾਥ ॥ ਪ੍ਰਭੁ ਮੇਰੋ ਅਨਾਥ
ਕੋ ਨਾਥ ॥ [੨੫]ਦੂਖ ਭੰਜਨੁ ਤਾ ਕਾ ਹੈ ਨਾਉ ॥ ਸੁਖ ਪਾਵਹਿ ਤਿਸ ਕੇ ਗੁਣ
ਗਾਉ ॥ ੩ ॥ ਸੁਣਿ ਸੁਆਮੀ ਸੰਤਨ ਅਰਦਾਸਿ ॥ ਜੀਉ ਪ੍ਰਾਨ ਧਨੁ ਤੁਮ੍ਰੈ

੧ ਜੇ ਆਪਣੇ ਚਾਹੁਣ ਵਾਲੇ ਨੂੰ ਨਾਮ ਦਾਨ ਦੇਵੋ, ਤਾਂ ਉਹ ਨਿਰਧਨ ਭੀ ਹੋਵੇ ਤਾਂ ਉਸ ਨੂੰ ਧਨ ਮਿਲ ਜਾਂਦਾ ਹੈ, ਉਸ ਦੇ ਅਨੇਕ ਪਾਪ ਦੂਰ ਹੁੰਦੇ ਤੇ ਮਨ ਨਿਰਮਲ ਹੋ ਜਾਂਦਾ ਹੈ ਅਤੇ ਉਸ ਦੇ ਸਾਰੇ ਮਨੋਰਥ ਤੇ ਕੰਮ ਪੂਰੇ ਹੋ ਜਾਂਦੇ ਹਨ (ਅਰਥ ਕਰਨ ਲੱਗਿਆਂ ਇਸ ਸ਼ਬਦ ਦੇ ਹਰ ਇਕ ਅੰਗ ਦੀ ਅੰਤਲੀ ਤੁਕ ਪਹਿਲੇ ਲੈਣੀ ਹੈ) ।

੨ ਗੋਪਾਲ ਰਾਜੇ ਦੀ, ਹਰੀ ਦੀ ।

੩ ਤੋੜੋ, ਦੂਰ ਕਰੋ ।

੪ ਜੇਕਰ ਆਪਣੇ ਸੇਵਕ ਨੂੰ ਭਗਤੀ ਵਿੱਚ ਲਾਵੋ, ਤਾਂ ਉਸ ਦੇ ਦੁੱਖ ਰੋਗ ਦੂਰ ਹੁੰਦੇ ਤੇ ਨਿਥਾਵੇਂ ਤੋਂ ਥਾਂ ਵਾਲਾ ਬਣਦਾ ਹੈ ।

੫ ਮੂਰਖ ਤੇ ਅਬੂਝ ਤੋਂ ਚਤੁਰ ਤੇ ਚੰਗਾ ਸਿਆਣਾ ਹੋ ਜਾਂਦਾ ਹੈ ।

੬ ਸਾਰੇ ਭੈ ਦੇਣ ਵਾਲਿਆਂ ਦਾ ਭੈ ਨੱਸ ਜਾਂਦਾ ਹੈ।

੭ ਜੇ ਹਰੀ ਆਪਣੇ ਸੇਵਕ ਦੇ ਮਨ ਵਿੱਚ ਵੱਸ ਜਾਵੇ (ਤਾਂ ਉਤਲੀਆਂ ਗੱਲਾਂ ਹੋ ਜਾਂਦੀਆਂ ਹਨ) ।

੮ ਸੁਖਾਂ ਦਾ ਖ਼ਜ਼ਾਨਾ ।

੯ ਸੰਤਾਂ ਦੇ ਦਾਇਰੇ ਵਿੱਚ (ਸਾਧ ਸੰਗ ਵਿੱਚ) ਜਾਣ ਨਾਲ ਹਰੀ ਮਨ ਵਿੱਚ ਆ ਵੱਸਦਾ ਹੈ ।

੧੦ [ਸੰ. ਦੁਰਿਤ] ਪਾਪ ।

੧੧ ਸਤਿ ਸੰਗ ਉਸ ਥਾਂ ਦਾ ਨਾਮ ਹੈ, ਜਿਥੇ ਨਿਰੇ ਹਰੀ ਦੇ ਗੁਣ ਗਾਏ ਜਾਂਦੇ ਹੋਣ ।

੧੨ ਮੁੱਕ ਜਾਂਦਾ ਹੈ ।

੧੩ ਬਿਆਨ ਹੁੰਦਾ ਹੈ, ਜ਼ਿਕਰ ਹੁੰਦਾ ਹੈ ।

੧੪ ਸਾਧ ਸੰਗ ਦਾ ਆਸਣ ਅਡੋਲ ਹੈ, ਭਾਵ ਟਿਕਾਉ ਵਾਲੀ ਥਾਂ ਹੈ ।

੧੫ ਗੁਣਾਂ ਦਾ ਖ਼ਜ਼ਾਨਾ ।

੧੬ ਸਾਧ-ਸੰਗ, ਮਾਲਕ (ਹਰੀ) ਦੇ ਰਹਿਣ ਦਾ ਅਸਥਾਨ ਹੈ ।

੧੭ ਤਾਣਾ ਪੇਟਾ, ਭਾਵ ਪੂਰੇ ਤੌਰ 'ਤੇ । ਓਥੇ ਪੂਰੇ ਤੌਰ 'ਤੇ ਹਰੀ ਹੀ ਵੱਸਦਾ ਹੈ ।

੧੮ ਅੰਦਰ ਦਾ ਦੁੱਖ ।

੧੯ ਦੂਰ ਕਰਦਾ ਹੈ ।

੨੦ ਮਿੱਤਰ । ੨੧ ਨੇੜੇ ।

੨੨ ਜਮ ।

੨੩ ਜਦ ਜੀਵ ਨਹੀਂ ਸੀ ਤਦੋਂ ਇਸ ਨੂੰ ਪੈਦਾ ਕਿਸ ਕੀਤਾ ਸੀ ?

੨੪ ਦੇਖੋ ਪੰਨਾ ੨੬੬, ਨੋਟ ੨੮ ।

੨੫ ਦੁੱਖਾਂ ਦਾ ਨਾਸ ਕਰਨ ਵਾਲਾ ।

* ਜਿਸ ਨੂੰ ਹਰੀ ਨਾਮ ਮਿਲ ਜਾਏ, ਉਸ ਦੇ ਸਭ ਕੰਮ ਪੂਰੇ ਹੋ ਜਾਂਦੇ ਹਨ । ਪਰ ਇਹ ਮਿਲਦਾ ਸਾਧ-ਸੰਗ ਤੋਂ ਹੈ ।

† ਸਾਧ ਸੰਗ ਦੇ ਲਾਭ ਦੱਸੇ ਹਨ ।

‡ ਜਿਸ ਨੂੰ ਹਰੀ ਨਾਮ ਦੀ ਰਖਸ਼ਾ ਮਿਲ ਜਾਏ, ਉਸ ਨੂੰ ਕਿਸੇ ਪਾਸੇ ਦਾ ਡਰ ਨਹੀਂ ਰਹਿੰਦਾ ।

ਪਾਸਿ ॥ ਇਹੁ ਜਗੁ ਤੇਰਾ ਸਭ ਤੁਝਹਿ ਧਿਆਏ ॥ ਕਰਿ ਕਿਰਪਾ ਨਾਨਕ ਸੁਖੁ
ਪਾਏ ॥ ੪ ॥ ੨੫ ॥ ੩੮ ॥ ਭੈਰਉ ਮਹਲਾ ੫* ॥ ਤੇਰੀ ਟੇਕ ਰਹਾ [੧]ਕਲਿ
ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥ ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ
ਬਿਨਸੈ ਜੰਜਾਲੁ ॥ ੧ ॥ ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ[੨]
ਸਾਹਿਬੁ ਏਕ ॥ ੧ ॥ ਰਹਾਉ ॥ ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ
ਗੁਰ ਮੰਤ[੩] ॥ ਤੇਰੀ ਟੇਕ ਤਰੀਐ [੪]ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ
ਸਾਗਰੁ ॥ ੨ ॥ ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ[੫] ਸਾਚਾ ਸੋਇ ॥
ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ[੬] ॥ ੩ ॥ ਤੇਰੀ ਟੇਕ
ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ[੭] ॥ ਜਪਿ ਜਪਿ ਅਨਦੁ
ਕਰਹਿ ਤੇਰੇ ਦਾਸਾ ॥ ਸਿਮਰਿ ਨਾਨਕ ਸਾਚੇ ਗੁਣਤਾਸਾ[੭] ॥ ੪ ॥ ੨੬ ॥
੩੯ ॥ ਭੈਰਉ ਮਹਲਾ ੫† ॥ ਪ੍ਰਥਮੇ[੮] ਛੋਡੀ ਪਰਾਈ ਨਿੰਦਾ ॥ ਉਤਰਿ ਗਈ
ਸਭ ਮਨ ਕੀ ਚਿੰਦਾ[੯] ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ[੧੦] ਪ੍ਰਭ ਪੇਖਿ
ਹਜੂਰਿ ॥ ੧ ॥ ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ
ਸੋਇ ॥ ੧ ॥ ਰਹਾਉ ॥ ਅਹੰਬੁਧਿ[੧੧] ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ
ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ
ਨਿਸਤਰੇ[੧੨] ॥ ੨ ॥ ਬੈਰੀ ਮੀਤ ਹੋਏ ਸੰਮਾਨ[੧੩] ॥ ਸਰਬ ਮਹਿ ਪੂਰਨ
ਭਗਵਾਨ ॥ ਪ੍ਰਭ ਕੀ ਆਗਿਆ ਮਾਨਿ[੧੪] ਸੁਖੁ ਪਾਇਆ ॥ ਗੁਰਿ ਪੂਰੈ ਹਰਿ
ਨਾਮੁ ਦ੍ਰਿੜਾਇਆ[੧੫] ॥ ੩ ॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ
ਜਪੈ ਨਾਮ ਜਾਪ ॥ [੧੬]ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ
ਕੀ ਪੂਰੀ ਪਈ ॥ ੪ ॥ ੨੭ ॥ ੪੦ ॥ ਭੈਰਉ ਮਹਲਾ ੫‡ ॥ ਸੁਖੁ ਨਾਹੀ ਬਹੁਤੈ
[੧੭]ਧਨਿ ਖਾਟੇ ॥ ਸੁਖੁ ਨਾਹੀ ਪੇਖੇ [੧੮]ਨਿਰਤਿ ਨਾਟੇ ॥ ਸੁਖੁ ਨਾਹੀ [੧੯]ਬਹੁ ਦੇਸ
ਕਮਾਏ ॥ [੨੦]ਸਰਬ ਸੁਖਾ ਹਰਿ ਹਰਿ ਗੁਣ ਗਾਏ ॥ ੧ ॥ [੨੧]ਸੂਖ ਸਹਜ ਆਨੰਦ
ਲਹਹੁ[੨੨] ॥ ਸਾਧਸੰਗਤਿ ਪਾਈਐ ਵਡਭਾਗੀ ਗੁਰਮੁਖਿ[੨੩] ਹਰਿ ਹਰਿ ਨਾਮੁ
ਕਹਹੁ ॥ ੧ ॥ ਰਹਾਉ ॥ [੨੪]ਬੰਧਨ ਮਾਤ ਪਿਤਾ ਸੁਤ[੨੫] ਬਨਿਤਾ[੨੬] ॥ ਬੰਧਨ
[੨੭]ਕਰਮ ਧਰਮ ਹਉ ਕਰਤਾ ॥ ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ
ਪਾਵੈ ਨਿਜ ਘਰਿ[੨੮] ਬਸੈ ॥ ੨ ॥ ਸਭਿ ਜਾਚਿਕ ਪ੍ਰਭ ਦੇਵਨਹਾਰ ॥ ਗੁਣ
ਨਿਧਾਨ[੨੯] ਬੇਅੰਤ ਅਪਾਰ ॥ ਜਿਸ ਨੋ ਕਰਮੁ[੩੦] ਕਰੇ ਪ੍ਰਭੁ ਅਪਨਾ ॥ ਹਰਿ
ਹਰਿ ਨਾਮੁ ਤਿਨੈ ਜਨਿ ਜਪਨਾ ॥ ੩ ॥ ਗੁਰ ਅਪਨੇ ਆਗੈ ਅਰਦਾਸਿ ॥ ਕਰਿ
ਕਿਰਪਾ ਪੁਰਖ ਗੁਣਤਾਸਿ[੭] ॥ ਕਹੁ ਨਾਨਕ ਤੁਮਰੀ ਸਰਣਾਈ ॥ ਜਿਉ

੧ ਕਲਜੁਗ ਅੰਦਰ, ਐਸੇ ਘੋਰ ਸਮੇਂ ਅੰਦਰ ।
੨ ਵਿਆਪਕ ਹੈ, ਸਮਾਇਆ ਹੋਇਆ ਹੈ ।
੩ ਉਪਦੇਸ਼ ।
੪ ਸੰਸਾਰ-ਸਾਗਰ ।
੫ ਅੰਦਰ ਦੀਆਂ ਜਾਣਨ ਵਾਲਾ ।
੬ [ਉਹ ਹਾਕਮ ਜਿਸ ਪਾਸ ਫ਼ਰਿਆਦ ਲਿਜਾ ਸਕੀਏ] ਆਸਰਾ । ਇਸ ਲੋਕ ਤੇ ਅਗਲੇ ਲੋਕ ਵਿੱਚ ਤੇਰਾ ਹੀ ਆਸਰਾ ਹੈ ।
੭ ਗੁਣਾਂ ਦਾ ਖ਼ਜ਼ਾਨਾ ।
੮ ਪਹਿਲਾਂ ।
੯ ਚਿੰਤਾ ।
੧੦ ਵੈਸ਼ਨਵ, ਵਿਸ਼ਨੂੰ ਦਾ ਭਗਤ । ਹਰੀ ਨੂੰ ਹਾਜ਼ਰਾ ਹਜ਼ੂਰ ਦੇਖ ਕੇ ਸਭ ਤੋਂ ਉੱਤਮ ਵੈਸ਼ਨੋ ਬਣ ਗਿਆ, ਭਾਵ ਹਰੀ ਨੂੰ ਹਰ ਵੇਲੇ ਹਾਜ਼ਰ ਜਾਣਨ ਵਾਲਾ ਸੱਚਾ ਵਿਸ਼ਨੂੰ ਭਗਤ ਅਖਵਾ ਸਕਦਾ ਹੈ।
੧੧ ਹੰਕਾਰ ।
੧੨ ਤਰ ਗਏ, ਪਾਰ ਹੋ ਗਏ ।
੧੩ ਇਕ ਜੈਸੇ । ਵੈਰੀ ਤੇ ਸੱਜਣ ਇਕੋ ਜਿਹੇ ਦਿੱਸਣ ਲੱਗੇ, ਕਿਉਂਕਿ ਸਾਰਿਆਂ ਵਿੱਚ ਹਰੀ ਸਮਾਅ ਰਿਹਾ ਹੈ ।
੧੪ ਮੰਨ ਕੇ ।
੧੫ ਪੱਕੀ ਤਰ੍ਹਾਂ ਸਿਖਾਇਆ ।
੧੬ ਮਨ ਵਿੱਚ (ਗਿਆਨ ਦਾ) ਚਾਨਣਾ ਹੋ ਗਿਆ, ਜਦ ਗੁਰੂ ਤੋਂ ਸਿੱਖਿਆ ਲਈ ।
੧੭ ਧਨ ਖਟਣ ਨਾਲ ।
੧੮ ਨਾਟਕਾਂ ਦਾ ਨਾਚ ।
੧੯ ਬਹੁਤੇ ਮੁਲਕ ਪ੍ਰਾਪਤ ਕਰਨ ਨਾਲ ।
੨੦ ਸਾਰੇ ਸੁਖ ਹਨ ਹਰੀ ਦੇ ਗੁਣ ਗਾਉਣ ਵਿੱਚ ।
੨੧ ਦੇਖੋ ਪੰਨਾ ੧੧੧੨, ਨੋਟ ੩ ।
੨੨ ਲਭੋ ।
੨੩ ਗੁਰੂ ਦੇ ਰਾਹੀਂ ।
੨੪ ਦੇਖੋ ਪੰਨਾ ੪੧੬ ਦਾ ਅੰਤਲਾ ਸ਼ਬਦ ।
੨੫ ਪੁੱਤਰ ।
੨੬ ਇਸਤਰੀ ।
੨੭ ਧਾਰਮਿਕ ਕਰਮ ਜੋ ਹਉਮੈ ਨਾਲ ਕਰਦਾ ਹੈ ।
੨੮ ਆਪਣੇ ਅਸਲੀ ਘਰ (ਹਰੀ ਦੀ ਹਜ਼ੂਰੀ) ਵਿੱਚ।
੨੯ ਖ਼ਜ਼ਾਨਾ ।
੩੦ ਬਖਸ਼ਿਸ਼, ਮਿਹਰ ।

---

* ਜਿਸ ਨੂੰ ਹਰੀ ਦੀ ਟੇਕ ਮਿਲ ਜਾਏ, ਉਸ ਦੇ ਸਭ ਭਉ ਦੂਰ ਹੁੰਦੇ ਤੇ ਹਰ ਤਰ੍ਹਾਂ ਦਾ ਸੁਖ ਅਨੰਦ ਰਹਿੰਦਾ ਹੈ ।

† ਹਰੀ ਨਾਮ ਜਪਣ ਨਾਲ ਜੋ ਤਬਦੀਲੀਆਂ ਮਨੁੱਖ ਦੇ ਅੰਦਰ ਆਉਂਦੀਆਂ ਹਨ, ਉਨ੍ਹਾਂ ਦਾ ਜ਼ਿਕਰ ਹੈ।

‡ ਹਰੀ ਨਾਮ ਤੋਂ ਬਿਨਾਂ ਸੰਸਾਰਕ ਪਦਾਰਥ, ਮੁਲਕਗੀਰੀ, ਕੋਮਲ ਹੁਨਰ, ਘਰ ਬਾਰ, ਬਲਕਿ ਧਰਮ ਕਰਮ ਭੀ ਸੁਖ ਨਹੀਂ ਦੇ ਸਕਦੇ, ਕਿਉਂਕਿ ਇਨ੍ਹਾਂ ਦੇ ਨਾਲ ਹਉਮੈ ਬਣੀ ਰਹਿੰਦੀ ਹੈ ।

ਭਾਵੈ ਤਿਉ ਰਖਹੁ ਗੁਸਾਈ[੧] ॥ ੪ ॥ ੨੮ ॥ ੪੧ ॥ ਭੈਰਉ ਮਹਲਾ ੫* ॥
ਗੁਰ ਮਿਲਿ ਤਿਆਗਿਓ [੨]ਦੂਜਾ ਭਾਉ ॥ ਗੁਰਮੁਖਿ[੩] ਜਪਿਓ ਹਰਿ ਕਾ ਨਾਉ ॥
ਬਿਸਰੀ ਚਿੰਤ ਨਾਮਿ ਰੰਗੁ[੪] ਲਾਗਾ ॥ ਜਨਮ ਜਨਮ ਕਾ [੫]ਸੋਇਆ ਜਾਗਾ ॥
੧ ॥ ਕਰਿ ਕਿਰਪਾ ਅਪਨੀ ਸੇਵਾ ਲਾਏ ॥ ਸਾਧੂ ਸੰਗਿ ਸਰਬ[੬] ਸੁਖ ਪਾਏ ॥
੧ ॥ ਰਹਾਉ ॥ [੭]ਰੋਗ ਦੋਖ ਗੁਰ ਸਬਦਿ ਨਿਵਾਰੇ ॥ [੮]ਨਾਮ ਅਉਖਧੁ ਮਨ
ਭੀਤਰਿ ਸਾਰੇ ॥ ਗੁਰ ਭੇਟਤ[੯] ਮਨਿ ਭਇਆ ਅਨੰਦ ॥ [੧੦]ਸਰਬ ਨਿਧਾਨ
ਨਾਮ ਭਗਵੰਤ ॥ ੨ ॥ ਜਨਮ ਮਰਣ ਕੀ ਮਿਟੀ ਜਮ ਤ੍ਰਾਸ[੧੧] ॥ ਸਾਧਸੰਗਤਿ
[੧੨]ਊਂਧ ਕਮਲ ਬਿਗਾਸ ॥ ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ
ਸਗਲੇ ਕਾਮ ॥ ੩ ॥ ਦੁਲਭ ਦੇਹ ਆਈ ਪਰਵਾਨੁ ॥ ਸਫਲ ਹੋਈ ਜਪਿ
ਹਰਿ ਹਰਿ ਨਾਮੁ ॥ ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥ [੧੩]ਸਾਸਿ ਗਿਰਾਸਿ
ਜਪਉ ਹਰਿ ਹਰੀ ॥ ੪ ॥ ੨੯ ॥ ੪੨ ॥ ਭੈਰਉ ਮਹਲਾ ੫† ॥ ਸਭ ਤੇ
ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥ ਜਿਸੁ ਸਿਮਰਤ
ਸਗਲਾ ਦੁਖੁ ਜਾਇ ॥ ਸਰਬ ਸੂਖ ਵਸਹਿ ਮਨਿ ਆਇ ॥ ੧ ॥ ਸਿਮਰਿ
ਮਨਾ ਤੂ ਸਾਚਾ ਸੋਇ ॥ [੧੪]ਹਲਤਿ ਪਲਤਿ ਤੁਮਰੀ ਗਤਿ ਹੋਇ ॥ ੧ ॥
ਰਹਾਉ ॥ ਪੁਰਖ ਨਿਰੰਜਨ[੧੫] ਸਿਰਜਨਹਾਰ ॥ ਜੀਅ ਜੰਤ ਦੇਵੈ ਆਹਾਰ[੧੬] ॥
ਕੋਟਿ ਖਤੇ[੧੭] ਖਿਨ ਬਖਸਨਹਾਰ ॥ [੧੮]ਭਗਤਿ ਭਾਇ ਸਦਾ ਨਿਸਤਾਰ ॥ ੨ ॥
ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥
ਕਰਿ ਕਿਰਪਾ ਜਿਸੁ ਰਾਖਨਹਾਰਾ ॥ ਤਾ ਕਾ ਸਗਲ ਮਿਟੈ ਅੰਧਿਆਰਾ ॥
੩ ॥ ਪਾਰਬ੍ਰਹਮ ਸਿਉ ਲਾਗੋ ਧਿਆਨ ॥ ਪੂਰਨ ਪੂਰਿ ਰਹਿਓ ਨਿਰਬਾਨ[੧੯] ॥
ਭ੍ਰਮ ਭਉ ਮੇਟਿ ਮਿਲੇ ਗੋਪਾਲ ॥ ਨਾਨਕ ਕਉ ਗੁਰ ਭਏ ਦਇਆਲ ॥
੪ ॥ ੩੦ ॥ ੪੩ ॥ ਭੈਰਉ ਮਹਲਾ ੫‡ ॥ ਜਿਸੁ ਸਿਮਰਤ ਮਨਿ ਹੋਇ
ਪ੍ਰਗਾਸੁ[੨੦] ॥ ਮਿਟਹਿ ਕਲੇਸ [੨੧]ਸੁਖ ਸਹਜਿ ਨਿਵਾਸੁ ॥ ਤਿਸਹਿ ਪਰਾਪਤਿ
ਜਿਸੁ ਪ੍ਰਭੁ ਦੇਇ ॥ ਪੂਰੇ ਗੁਰ ਕੀ ਪਾਏ ਸੇਵ ॥ ੧ ॥ [੨੨]ਸਰਬ ਸੁਖਾ ਪ੍ਰਭ
ਤੇਰੋ ਨਾਉ ॥ ਆਠ ਪਹਰ ਮੇਰੇ ਮਨ ਗਾਉ ॥ ੧ ॥ ਰਹਾਉ ॥ ਜੋ ਇਛੈ
ਸੋਈ ਫਲੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਆਵਣ ਜਾਣ ਰਹੇ[੨੩]
ਹਰਿ ਧਿਆਇ ॥ [੨੪]ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥ ੨ ॥ ਬਿਨਸੇ
ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥ ਪ੍ਰਭ ਕੀ ਟੇਕ ਰਹੈ
ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥ ੩ ॥ ਕਰਨ ਕਰਾਵਨਹਾਰ
ਸੁਆਮੀ ॥ [੨੫]ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਅਪਨੀ
ਸੇਵਾ ਲਾਇ ॥ ਨਾਨਕ ਦਾਸ ਤੇਰੀ ਸਰਣਾਇ ॥ ੪ ॥ ੩੧ ॥ ੪੪ ॥

੧ ਹੇ ਪ੍ਰਿਥਵੀ ਦੇ ਮਾਲਕ ਹਰੀ !
੨ ਹਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨਾ ।
੩ ਗੁਰੂ ਦੇ ਰਾਹੀਂ ।
੪ ਪਿਆਰ ।
੫ ਅਗਿਆਨਤਾ ਵਿੱਚ ਸੁੱਤਾ ਹੋਇਆ ਗਿਆਨ ਵਿੱਚ ਜਾਗਿਆ ।
੬ ਸਾਰੇ ।
੭ ਰੋਗ ਤੇ ਪਾਪ ਗੁਰੂ ਦੇ ਉਪਦੇਸ਼ ਦੁਆਰਾ ਦੂਰ ਕੀਤੇ ।
੮ ਨਾਮ ਰੂਪ ਦਵਾਈ ਆਪਣੇ ਅੰਦਰ ਪੁਚਾ ਕੇ ।
੯ ਮਿਲਣ ਨਾਲ ।
੧੦ ਹਰੀ ਦਾ ਨਾਮ ਸਭ ਖਜ਼ਾਨਿਆਂ ਵਤ ਹੈ ।
੧੧ ਡਰ ।
੧੨ ਹਿਰਦਾ ਰੂਪ ਕਮਲ ਜੋ ਉਲਟਾ ਹੋਇਆ ਪਿਆ ਸੀ ਖਿੜ ਪਿਆ ਸੀ, ਭਾਵ ਸਿੱਧਾ ਹੋ ਕੇ ਅੰਮ੍ਰਿਤ ਪੈਣ ਦੇ ਲਾਇਕ ਹੋ ਗਿਆ ।
੧੩ ਸੁਆਸ ਲੈਂਦਿਆ ਤੇ ਖਾਂਦਿਆਂ ਪੀਂਦਿਆਂ ਭਾਵ ਹਰ ਵੇਲੇ । ੧੪ ਲੋਕ ਪ੍ਰਲੋਕ ।
੧੫ ਮਾਇਆ ਤੋਂ ਰਹਿਤ ।
੧੬ ਭੋਜਨ ।
੧੭ [ਅ. ਖ਼ਤਾ= ਭੁੱਲ ਚੁੱਕ] ਪਾਪ ।
੧੮ ਭਗਤੀ ਭਾਵ ਨਾਲ ਸਦਾ ਪਾਰ ਉਤਾਰਾ ਹੁੰਦਾ ਆਇਆ ਹੈ ।
੧੯ ਸ਼ੁਧ ਪਰਮਾਤਮਾ ।
੨੦ ਚਾਨਣਾ (ਗਿਆਨ ਦਾ) ।
੨੧ ਦੇਖੋ ਪੰਨਾ ੧੧੧੨, ਨੋਟ ੩ ।
੨੨ ਸਾਰੇ ਸੁਖ ਦੇਣ ਵਾਲਾ ।
੨੩ ਮੁੱਕ ਜਾਂਦੇ ਹਨ ।
੨੪ ਜੇ ਭਗਤੀ ਭਾਵ ਨਾਲ ਹਰੀ ਦੀ ਲਗਨ ਲਾਵੇਂ।
੨੫ ਹੇ ਸਾਰਿਆਂ ਦਿਲਾਂ ਦੇ ਅੰਦਰ ਦੀਆਂ ਜਾਣਨ ਵਾਲੇ !

* ਹਉਂ ਅਤੇ ਦ੍ਵੈਤ ਭਾਵ ਜੋ ਹਰੀ ਨਾਮ ਦੇ ਜਪਣ ਵਿੱਚ ਰੁਕਾਵਟਾਂ ਹਨ, ਗੁਰੂ ਦੇ ਸ਼ਬਦ ਰਾਹੀਂ ਦੂਰ ਹੁੰਦੇ ਹਨ ਅਤੇ ਮਨ ਸਿਧੇ ਕੰਵਲ ਵਾਕੁਰ ਨਾਮ-ਅੰਮ੍ਰਿਤ ਦੇ ਗ੍ਰਹਿਣ ਕਰਨ ਯੋਗ ਬਣ ਜਾਂਦਾ ਹੈ ।

† ਪੂਰੇ ਗੁਰੂ ਤੋਂ ਨਿਹਚਲ ਮੱਤ ਮਿਲਦੀ ਹੈ ਅਤੇ ਅੰਦਰ ਦਾ ਭਰਮ-ਹਨੇਰਾ ਦੂਰ ਹੁੰਦਾ ਹੈ, ਜਿਸ ਨਾਲ ਮਨ ਹਰੀ ਨਾਮ ਦੇ ਪ੍ਰਵੇਸ਼ ਦੇ ਯੋਗ ਬਣ ਜਾਂਦਾ ਹੈ ।

‡ ਨਾਮ ਐਸਾ ਅੰਮ੍ਰਿਤ ਫਲ ਹੈ ਜੋ ਹਰ ਤਰ੍ਹਾਂ ਦੇ ਸੁਖ ਦਿੰਦਾ, ਮਾਇਆ ਮੋਹ ਤੋੜ ਕੇ ਪਾਪ ਦੂਰ ਕਰਦਾ ਅਤੇ ਘਟ ਘਟ ਅੰਦਰ ਵੱਸਣ ਵਾਲੇ ਹਰੀ ਨਾਲ ਮੇਲ ਕਰਾ ਦਿੰਦਾ ਹੈ ।

ਭੈਰਉ ਮਹਲਾ ੫* ॥ ਲਾਜ[੧] ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ[੨] ਸੁਖੀ ਕਿਉ ਸੋਵੈ ॥ ਹਰਿ ਸਿਮਰਨੁ ਛਾਡਿ [੩]ਪਰਮ ਗਤਿ ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ[੪] ॥ ੧ ॥ ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥ ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥ ੧ ॥ ਰਹਾਉ ॥ ਤੀਰਥਿ ਨਾਇ ਕਹਾ ਸੁਚਿ ਸੈਲੁ[੫] ॥ ਮਨ ਕਉ ਵਿਆਪੈ ਹਉਮੈ ਮੈਲੁ ॥ ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ[੬] ॥ ੨ ॥ ਬਿਨੁ ਖਾਏ[੭] ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥ ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥ ੩ ॥ ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥ ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥ ੪ ॥ ੩੨ ॥ ੪੫ ॥ ਭੈਰਉ ਮਹਲਾ ੫† ॥ ਗੁਰ ਸੁਪ੍ਰਸੰਨ[੮] ਹੋਏ ਭਉ ਗਏ ॥ ਨਾਮ ਨਿਰੰਜਨ[੯] ਮਨ ਮਹਿ ਲਏ ॥ ਦੀਨ ਦਇਆਲ ਸਦਾ ਕਿਰਪਾਲ ॥ [੧੦]ਬਿਨਸਿ ਗਏ ਸਗਲੇ ਜੰਜਾਲ ॥ ੧ ॥ [੧੧]ਸੂਖ ਸਹਜ ਆਨੰਦ ਘਨੇ[੧੨] ॥ ਸਾਧਸੰਗਿ ਮਿਟੇ ਭੈ ਭਰਮਾ ਅੰਮ੍ਰਿਤੁ ਹਰਿ ਹਰਿ [੧੩]ਰਸਨ ਭਨੇ ॥ ੧ ॥ ਰਹਾਉ ॥ ਚਰਨ ਕਮਲ ਸਿਉ ਲਾਗੋ ਹੇਤੁ[੧੪] ॥ ਖਿਨ ਮਹਿ ਬਿਨਸਿਓ [੧੫]ਮਹਾ ਪਰੇਤੁ ॥ ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿਦ ਗੁਰ ਆਪਿ ॥ ੨ ॥ ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ[੧੬] ॥ ਭਗਤ ਜਨਾ ਕੇ ਸਾਸ ਨਿਹਾਰੈ[੧੭] ॥ [੧੮]ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥ ੩ ॥ ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥ ਕਰਿ ਕਿਰਪਾ ਗੁਰਿ ਦੀਨੋ ਦਾਨੁ ॥ ਨਾਨਕ ਪਾਇਆ ਨਾਮੁ ਨਿਧਾਨੁ[੧੯] ॥ ੪ ॥ ੩੩ ॥ ੪੬ ॥ ਭੈਰਉ ਮਹਲਾ ੫‡ ॥ ਕਰਣ ਕਾਰਣ ਸਮਰਥੁ ਗੁਰੁ ਮੇਰਾ ॥ ਜੀਅ ਪ੍ਰਾਣ ਸੁਖਦਾਤਾ ਨੇਰਾ[੨੦] ॥ [੨੧]ਭੈ ਭੰਜਨ ਅਬਿਨਾਸੀ ਰਾਇ[੨੨] ॥ ਦਰਸਨਿ ਦੇਖਿਐ ਸਭੁ ਦੁਖੁ ਜਾਇ ॥ ੧ ॥ [੨੩]ਜਤ ਕਤ ਪੇਖਉ ਤੇਰੀ ਸਰਣਾ ॥ ਬਲਿ ਬਲਿ ਜਾਈ ਸਤਿਗੁਰ ਚਰਣਾ ॥ ੧ ॥ ਰਹਾਉ ॥ ਪੂਰਨ ਕਾਮ ਮਿਲੇ ਗੁਰਦੇਵ ॥ ਸਭਿ ਫਲਦਾਤਾ ਨਿਰਮਲ ਸੇਵ ॥ [੨੪]ਕਰੁ ਗਹਿ ਲੀਨੇ ਅਪੁਨੇ ਦਾਸ ॥ ਰਾਮ ਨਾਮੁ ਰਿਦ ਦੀਓ ਨਿਵਾਸ ॥ ੨ ॥ ਸਦਾ ਅਨੰਦੁ ਨਾਹੀ ਕਿਛੁ ਸੋਗੁ ॥ ਦੂਖੁ ਦਰਦੁ ਨਹ ਬਿਆਪੈ ਰੋਗੁ ॥ ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥ ਪਾਰਬ੍ਰਹਮ ਗੁਰ ਅਗਮ ਅਪਾਰ ॥ ੩ ॥ [੨੫]ਨਿਰਮਲ ਸੋਭਾ ਅਚਰਜ ਬਾਣੀ ॥ ਪਾਰਬ੍ਰਹਮ ਪੂਰਨ ਮਨਿ ਭਾਣੀ ॥ [੨੬]ਜਲਿ ਥਲਿ ਮਹੀਅਲਿ ਰਵਿਆ ਸੋਇ ॥ ਨਾਨਕ ਸਭੁ ਕਿਛੁ ਪ੍ਰਭ ਤੇ

੧ ਸ਼ਰਮ ਨਾਲ । ੨ ਬਗੈਰ ।
੩ ਉੱਚੀ ਤੋਂ ਉੱਚੀ ਗਤੀ ।
੪ ਹੁੰਦੀਆਂ ਹਨ । ਜੜ੍ਹ ਬਿਨਾਂ ਟਾਹਣੀਆਂ ਕਿਵੇਂ ਹੋ ਸਕਦੀਆਂ ਹਨ ?
੫ ਪੱਥਰ, ਸੰਗਦਿਲ । ਕਠੋਰ ਮਨ ਨੂੰ ਨੁਹਾਣ ਨਾਲ ਕਿਥੇ ਪਵਿੱਤ੍ਰਤਾ ਹੋ ਸਕਦੀ ਹੈ ?
੬ [ਸਿੰ.] ਘਾਹ ਦਾ ਪੂਲਾ, ਗੱਠਾ, ਪੰਡ (ਕਰਮਾਂ ਦੀ) ।
੭ ਬੁਝਦੀ ਨਹੀਂ, ਦੂਰ ਨਹੀਂ ਹੁੰਦੀ ।
੮ ਚੰਗੀ ਤਰ੍ਹਾਂ ਪ੍ਰਸੰਨ ।
੯ ਪਵਿਤ੍ਰ ਹਰੀ ਦਾ ।
੧੦ ਸਾਰੇ ਧੰਦੇ ਮਿਟ ਗਏ ।
੧੧ ਦੇਖੋ ਪੰਨਾ ੧੧੧੨, ਨੋਟ ੩ ।
੧੨ ਬਹੁਤੇ ।
੧੩ ਜੀਭ ਨਾਲ ਉਚਾਰਦਾ ਹੈ ।
੧੪ ਹਿਤ, ਪਿਆਰ ।
੧੫ ਵਡਾ ਪ੍ਰੇਤ (ਹੰਕਾਰ)।
੧੬ ਪਾਲਦਾ ਹੈ ।
੧੭ ਵੇਖਦਾ ਹੈ, ਭਾਵ ਧਿਆਨ ਰੱਖਦਾ ਹੈ ।
੧੮ ਦੱਸੋ ਖਾਂ ਮਨੁੱਖਾਂ ਦੀ ਕਿਹੜੀ ਗੱਲ ਹੈ ? ਉਹ ਤਾਂ ਜਮਾਂ ਤੋਂ ਭੀ ਹੱਥ ਦੇ ਕੇ ਬਚਾਅ ਲੈਂਦਾ ਹੈ। ਆਪਣੇ ਭਗਤਾਂ ਨੂੰ ਮਨੁੱਖਾਂ ਤੋਂ ਬਚਾਅ ਕੇ ਰੱਖਣਾ ਉਹਦੇ ਲਈ ਕਿਹੜੀ ਵੱਡੀ ਗੱਲ ਹੈ ? ਉਹ ਤਾਂ ਜਮਾਂ ਤੋਂ ਭੀ ਬਚਾਅ ਲੈਂਦਾ ਹੈ ।
੧੯ ਜੋ ਸੁਖਾਂ ਦਾ ਘਰ ਹੈ ।
੨੦ ਨੇੜੇ ।
੨੧ ਭੈ ਤੋੜਨ ਵਾਲਾ, ਡਰ ਦੂਰ ਕਰਨ ਵਾਲਾ ।
੨੨ ਰਾਜਾ ।
੨੩ ਜਿਥੇ ਕਿਥੇ । ਮੈਂ ਜਿਥੇ ਕਿਧਰੇ ਹੋਵਾਂ ਤੇਰੀ ਓਟ ਹੀ ਤੱਕਦਾ ਹਾਂ ।
੨੪ ਹੱਥ ਫੜ ਕੇ ਬਚਾ ਲਏ ।
੨੫ ਇਹੋ ਜਿਹੀਆਂ ਹੋਰ ਕਈ ਤੁਕਾਂ ਇਨ੍ਹਾਂ ਸ਼ਬਦਾਂ ਵਿੱਚ ਮਿਲਦੀਆਂ ਹਨ, ਜਿਹੜੀਆਂ ਸੁਖਮਨੀ ਸਾਹਿਬ ਦੀਆਂ ਤੁਕਾਂ ਨਾਲ ਮਿਲਦੀਆਂ-ਜੁਲਦੀਆਂ ਹਨ ।
੨੬ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ ਵਾਲੀ ਥਾਂ ਵਿੱਚ ਉਹ ਇਕੋ ਹਰੀ ਸਮਾਅ ਰਿਹਾ ਹੈ ।

* ਨਾਮ ਬਿਨਾਂ ਕੋਈ ਸੁਖ ਨਹੀਂ ਮਿਲ ਸਕਦਾ ਅਤੇ ਨਾ ਦੁੱਖ ਰੋਗ ਦੇ ਬੰਧਨ ਕੱਟਣ ਹੁੰਦੇ ਹਨ ।

† ਗੁਰੂ ਦਾ ਦਿੱਤਾ ਨਾਮ ਭਉ ਤੇ ਜੰਜਾਲ, ਪਰੇਤ ਰੂਪ ਹੰਕਾਰ ਅਤੇ ਮੌਤ ਦਾ ਡਰ ਦੂਰ ਕਰਦਾ ਅਤੇ ਉੱਚੇ ਤੋਂ ਉੱਚਾ ਸੁਖ ਦਿੰਦਾ ਹੈ ।

‡ ਨਾਮ ਦਾ ਦਾਤਾ ਗੁਰੂ ਸਰਬ ਸਮਰੱਥ ਹੈ । ਉਹ ਹਰ ਥਾਂ ਵਸਦੇ ਹਰੀ ਨੂੰ ਦਿਖਾ ਦਿੰਦਾ ਹੈ, ਜਿਸ ਨਾਲ ਸਾਰੇ ਦੁੱਖ ਦਰਦ ਦੂਰ ਹੋ ਕੇ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ ।

ਹੋਇ ॥ ੪ ॥ ੩੪ ॥ ੪੭ ॥ ਭੈਰਉ ਮਹਲਾ ੫* ॥ ਮਨੁ ਤਨੁ ਰਾਤਾ [੧]ਰਾਮ ਰੰਗਿ ਚਰਣੇ ॥ ਸਰਬ ਮਨੋਰਥ ਪੂਰਨ ਕਰਣੇ ॥ ਆਠ ਪਹਰ ਗਾਵਤ ਭਗਵੰਤੁ[੨] ॥ ਸਤਿਗੁਰਿ ਦੀਨੋ ਪੂਰਾ ਮੰਤੁ[੩] ॥ ੧ ॥ ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ ਤਰੈ ਸੰਸਾਰੁ ॥ ੧ ॥ ਰਹਾਉ ॥ ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ [੪]ਬੁਧਿ ਬਿਬੇਕ ॥ ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ ਜਿ ਆਪੁ[੫] ਪਛਾਨੀ ॥ ੨ ॥ [੬]ਗੁਰ ਪਰਸਾਦਿ ਪਰਮ ਪਦੁ ਪਾਇਆ ॥ ਗੁਣ ਗੋੁਪਾਲ ਦਿਨੁ ਰੈਨਿ[੭] ਧਿਆਇਆ ॥ ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥ ੩ ॥ ਕਹੁ ਨਾਨਕ ਜਾ ਕੇ [੮]ਪੂਰਨ ਕਰਮਾ ॥ ਸੋ ਜਨੁ ਆਇਆ ਪ੍ਰਭ ਕੀ ਸਰਨਾ ॥ ਆਪਿ ਪਵਿਤੁ ਪਾਵਨ[੯] ਸਭਿ ਕੀਨੇ ॥ ਰਾਮ [੧੦]ਰਸਾਇਣੁ ਰਸਨਾ ਚੀਨੇ੍ ॥ ੪ ॥ ੩੫ ॥ ੪੮ ॥

ਭੈਰਉ ਮਹਲਾ ੫† ॥ ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥ ਨਾਮੁ ਲੈਤ ਸਭ ਦੂਖਹ ਨਾਸੁ ॥ ਨਾਮੁ ਜਪਤ ਹਰਿ ਚਰਣ ਨਿਵਾਸੁ ॥ ੧ ॥ [੧੧]ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥ [੧੨]ਰਸਕਿ ਰਸਕਿ ਹਰਿ ਕੇ ਗੁਣ ਗਾਉ ॥ ੧ ॥ ਰਹਾਉ ॥ ਹਰਿ ਸਿਮਰਤ ਕਿਛੁ ਚਾਖੁ[੧੩] ਨ ਜੋਹੈ ॥ ਹਰਿ ਸਿਮਰਤ ਦੈਤ ਦੇਉ ਨ ਪੋਹੈ ॥ ਹਰਿ ਸਿਮਰਤ ਮੋਹੁ ਮਾਨੁ ਨ ਬਧੈ[੧੪] ॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ[੧੫] ॥ ੨ ॥ [੧੬]ਹਰਿ ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ [੧੭]ਬਹੁ ਮਾਹਿ ਇਕੇਲਾ ॥ [੧੮]ਜਾਤਿ ਅਜਾਤਿ ਜਪੈ ਜਨੁ ਕੋਇ ॥ ਜੋ ਜਾਪੈ ਤਿਸ ਕੀ ਗਤਿ ਹੋਇ ॥ ੩ ॥ [੧੯]ਹਰਿ ਕਾ ਨਾਮੁ ਜਪੀਐ ਸਾਧਸੰਗਿ ॥ ਹਰਿ ਕੇ ਨਾਮ ਕਾ ਪੂਰਨ ਰੰਗੁ ॥ ਨਾਨਕ ਕਉ ਪ੍ਰਭ ਕਿਰਪਾ ਧਾਰਿ ॥ ਸਾਸਿ ਸਾਸਿ ਹਰਿ ਦੇਹੁ ਚਿਤਾਰਿ[੨੦] ॥ ੪ ॥ ੩੬ ॥ ੪੯ ॥

ਭੈਰਉ ਮਹਲਾ ੫‡ ॥ [੨੧]ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥ ਜੋਤਿ ਸਰੂਪ ਜਾ ਕੀ ਸਭ ਵਥੁ[੨੨] ॥ ਕਰਣ ਕਾਰਣ ਪੂਰਨ ਸਮਰਥੁ ॥ ੧ ॥ ਪ੍ਰਭ ਕੀ ਓਟ ਗਹਹੁ[੨੩] ਮਨ ਮੇਰੇ ॥ ਚਰਨ ਕਮਲ ਗੁਰਮੁਖਿ[੨੪] ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ ॥ ੧ ॥ ਰਹਾਉ ॥ ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ[੨੫] ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥ ਆਪੇ [੨੬]ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ[੨੭] ਆਪੇ ਭੋਗੀ ॥ ੨ ॥ [੨੮]ਜਤ ਕਤ ਪੇਖਉ ਤਤ ਤਤ ਸੋਇ ॥ ਤਿਸੁ ਬਿਨੁ ਦੂਜਾ ਨਾਹੀ ਕੋਇ ॥ ਸਾਗਰੁ ਤਰੀਐ ਨਾਮ ਕੈ ਰੰਗਿ ॥ ਗੁਣ ਗਾਵੈ ਨਾਨਕੁ ਸਾਧਸੰਗਿ ॥ ੩ ॥ [੨੯]ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥ ਊਣਾ[੩੦] ਨਾਹੀ ਕਿਛੁ ਜਨ ਤਾ ਕੈ ॥ ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥

੧ ਰਾਮ ਦੇ ਚਰਨਾਂ ਦੇ ਰੰਗ ਵਿੱਚ (ਪਿਆਰ ਵਿੱਚ)।
੨ ਹਰੀ ਨੂੰ ।
੩ ਉਪਦੇਸ਼ ।
੪ ਵਿਚਾਰ ਵਾਲੀ ਬੁੱਧੀ ।
੫ ਆਪਣੇ ਆਪ ਨੂੰ ।
੬ ਗੁਰੂ ਦੀ ਕਿਰਪਾ ਨਾਲ ਉੱਚੀ ਤੋਂ ਉੱਚੀ ਪਦਵੀ ਮਿਲ ਗਈ ।
੭ ਰਾਤ ।
੮ ਪੂਰੇ ਭਾਗ ਹਨ, ਚੰਗੇ ਭਾਗ ਹਨ ।
੯ ਪਵਿੱਤਰ ।
੧੦ ਰਸਾਂ ਦਾ ਘਰ, ਰਸਨਾ (ਜੀਭ) ਦਵਾਰਾ ਸਮਝਿਆ ਹੈ ।
੧੧ ਭਗਤੀ ਬਿਘਨ ਰਹਿਤ ਕਰਨ ਵਾਲੀ ਹੈ ।
੧੨ ਸੁਆਦ ਲਾ-ਲਾ ਕੇ ।
੧੩ [ਸਂ. ਚਕਸ਼ੁਸ਼ਯ=ਅੱਖ ਦੀ] ਨਜ਼ਰ, ਬਦ ਨਜ਼ਰ। ਦੇਖੋ ਪੰਨਾ ੮੧੮, ਨੋਟ ੩ ।
੧੪ ਬੰਨ੍ਹਦਾ ।
੧੫ ਰੁੱਝਦਾ, ਫਸਦਾ ।
੧੬ ਹਰੀ ਦੇ ਸਿਮਰਨ ਲਈ (ਕੋਈ ਖਾਸ ਵੇਲਾ ਨਹੀਂ) ਸਾਰੇ ਵੇਲੇ ਹੀ ਚੰਗੇ ਹਨ । 'ਬੇਲਾ' ਇਸਤਰੀ-ਲਿੰਗ ਹੈ ।
੧੭ ਬਹੁਤਿਆਂ ਵਿੱਚ ਇਕੱਲਾ (ਵਿਰਲਾ) ।
੧੮ ਉੱਚੀ ਨੀਵੀਂ ਜ਼ਾਤ ਵਾਲਾ ਕੋਈ ਜਪੇ ।
੧੯ ਹਰੀ ਦਾ ਨਾਮ ਸਾਧ ਸੰਗ ਦੁਆਰਾ ਜਪਣਾ ਚਾਹੀਦਾ ਹੈ, ਕਿਉਂਕਿ ਇਉਂ ਜਪਣ ਨਾਲ ਨਾਮ ਦਾ ਪੂਰਾ-ਪੂਰਾ ਰੰਗ ਚੜ੍ਹਦਾ ਹੈ । ਨਾਮ ਦਾ ਉਂਞ ਭੀ ਅਸਰ ਚੰਗਾ ਹੁੰਦਾ ਹੈ, ਪਰ ਸਾਧ ਸੰਗਤ ਦੇ ਰਾਹੀਂ ਜਪਣ ਨਾਲ ਪੂਰੇ ਤੌਰ 'ਤੇ ਅਸਰ ਕਰਦਾ ਹੈ ।
੨੦ ਚੇਤੇ ਕਰਨਾ ।
੨੧ ਭਾਵ ਉਸ ਦੇ ਧਿਆਨ ਧਰਨ ਵਿੱਚ ਵੇਦਾਂ ਸ਼ਾਸਤਰਾਂ ਦਾ ਵਾਚਣਾ ਆ ਜਾਂਦਾ ਹੈ ।
੨੨ ਵਸਤੂ । ਰੂਪ ਵਾਲੀਆਂ ਚੀਜ਼ਾਂ ਦਾ ਜੋ ਮਾਲਕ ਹੈ, ਉਹ ਆਪ ਪ੍ਰਕਾਸ਼ ਰੂਪ ਹੈ ਉਸ ਦਾ ਕੋਈ ਮਾਦੀ ਸਰੂਪ ਨਹੀਂ ।
੨੩ ਪਕੜੋ ।
੨੪ ਗੁਰੂ ਦੇ ਰਾਹੀਂ ।
੨੫ ਤੱਤ, ਮੂਲ।
੨੬ ਸ਼ਿਵ (ਚੇਤਨ) ਤੇ ਸ਼ਕਤੀ (ਜੜ੍ਹ) ਦਾ ਮੇਲ ਕਰਨ ਵਾਲਾ ਹੈ ।
੨੭ ਵਾਸ਼ਨਾ ਜਾਂ ਦੁੱਖ ਰਹਿਤ, ਨਿਰਲੇਪ (ਭੋਗੀ ਤੋਂ ਉਲਟ) ।
੨੮ ਜਿਧਰ ਕਿਧਰੇ ਵੇਖਦਾ ਹਾਂ, ਉਧਰ ਉਹੋ ਦਿਸਦਾ ਹੈ ।
੨੯ ਜ਼ਿੰਦਗੀ ਦੇ ਤਿੰਨ ਮਨੋਰਥ : ਮੁਕਤੀ, ਅਨੰਦ ਭੋਗਣਾ ਤੇ ਰੱਬ ਨਾਲ ਮੇਲ ਕਰਨਾ ।
੩੦ ਖਾਲੀ, ਕਮੀ ।

* ਜਿਸ ਭਾਗਾਂ ਵਾਲੇ ਨੇ ਹਰੀ ਨਾਮ ਨੂੰ ਪਿਆਰ ਕੀਤਾ ਹੈ, ਉਸ ਦੇ ਲਈ ਗਿਆਨ, ਧਿਆਨ ਧਨ ਕੁਲ ਦਾ ਮਾਣ ਆਦਿ ਸਭ ਆਸਾਂ ਪੂਰੀਆਂ ਹੋ ਜਾਂਦੀਆਂ ਹਨ ।

† ਨਾਮ ਜਪਣ ਨਾਲ ਦੁੱਖ ਪਾਪ ਦਾ ਨਾਸ ਹੁੰਦਾ ਹੈ । ਇਸ ਦੇ ਜਪਣ ਲਈ ਕੋਈ ਖਾਸ ਵੇਲਾ ਜਾਂ ਖਾਸ ਸ਼ਰੇਣੀ ਮੁਕੱਰਰ ਨਹੀਂ, ਜਦੋਂ ਭੀ ਜਪਿਆ ਜਾਏ ਅਤੇ ਜੋ ਭੀ ਜਪੇ, ਚੰਗਾ ਹੈ । ਪਰ ਸਾਧ ਸੰਗਤ ਰਾਹੀਂ ਜਪਣ ਨਾਲ ਵਧੇਰੇ ਅਸਰ ਹੁੰਦਾ ਹੈ ।

‡ ਹਰੀ ਸਭ ਦਾ ਮੂਲ ਹੈ, ਇਸ ਲਈ ਉਸ ਦਾ ਧਿਆਨ ਧਰਨ ਨਾਲ ਸਭ ਕੁਝ ਵਿਚੇ ਆ ਜਾਂਦਾ ਹੈ।

ਨਾਨਕ ਦਾਸ ਸੇਈ ਜਨ ਧੰਨ ॥ ੪ ॥ ੩੭ ॥ ੫੦ ॥ ਭੈਰਉ ਮਹਲਾ ੫* ॥
ਭਗਤਾ ਮਨਿ ਆਨੰਦੁ ਗੋਬਿੰਦ ॥ ਅਸਥਿਤਿ[੧] ਭਏ ਬਿਨਸੀ ਸਭ ਚਿੰਦ[੨] ॥ ਭੈ
ਭ੍ਰਮ ਬਿਨਸਿ ਗਏ ਖਿਨ ਮਾਹਿ ॥ ਪਾਰਬ੍ਰਹਮੁ ਵਸਿਆ ਮਨਿ ਆਇ ॥ ੧ ॥
ਰਾਮ ਰਾਮ ਸੰਤ ਸਦਾ ਸਹਾਇ ॥ ਘਰਿ ਬਾਹਰਿ ਨਾਲੇ ਪਰਮੇਸਰੁ [੩]ਰਵਿ
ਰਹਿਆ ਪੂਰਨ ਸਭ ਠਾਇ ॥ ੧ ॥ ਰਹਾਉ ॥ [੪]ਧਨੁ ਮਾਲੁ ਜੋਬਨੁ ਜੁਗਤਿ
ਗੋਪਾਲ ॥ ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥ ਅਪਨੇ ਦਾਸ ਕਉ ਦੇ
ਰਾਖੈ ਹਾਥ ॥ ਨਿਮਖ[੫] ਨ ਛੋਡੈ ਸਦ ਹੀ ਸਾਥ ॥ ੨ ॥ ਹਰਿ ਸਾ[੬] ਪ੍ਰੀਤਮੁ
ਅਵਰੁ ਨ ਕੋਇ ॥ [੭]ਸਾਰਿ ਸਮ੍ਹਾਲੇ ਸਾਚਾ ਸੋਇ ॥ ਮਾਤ ਪਿਤਾ ਸੁਤ[੮] ਬੰਧੁ[੯]
ਨਰਾਇਣੁ ॥ ਆਦਿ ਜੁਗਾਦਿ ਭਗਤ ਗੁਣ ਗਾਇਣੁ ॥ ੩ ॥ ਤਿਸ ਕੀ ਧਰ[੧੦]
ਪ੍ਰਭ ਕਾ ਮਨਿ ਜੋਰੁ ॥ ਏਕ ਬਿਨਾ ਦੂਜਾ ਨਹੀ ਹੋਰੁ ॥ ਨਾਨਕ ਕੈ ਮਨਿ ਇਹੁ
ਪੁਰਖਾਰਥੁ[੧੧] ॥ ਪ੍ਰਭੂ ਹਮਾਰਾ ਸਾਰੇ ਸੁਆਰਥੁ ॥ ੪ ॥ ੩੮ ॥ ੫੧ ॥ ਭੈਰਉ
ਮਹਲਾ ੫† ॥ [੧੨]ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥ ਸਗਲ
ਬਿਆਧਿ[੧੩] ਮਿਟੀ ਤ੍ਰਿਹੁ ਗੁਣ ਕੀ ਦਾਸ ਕੇ ਹੋਏ ਪੂਰਨ ਕਾਮ ॥ ੧ ॥ ਰਹਾਉ ॥
ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ[੧੪] ॥
[੧੫]ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮ ਰਾਇ ਜਾਮ ॥ ੧ ॥
ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥ ਐਸੇ ਸੰਤ
ਭੇਟਹਿ[੧੬] ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥ ੨ ॥ ੩੯ ॥ ੫੨ ॥
ਭੈਰਉ ਮਹਲਾ ੫‡ ॥ [੧੭]ਪੰਚ ਮਜਮੀ ਜੋ ਪੰਚਨ ਰਾਖੈ ॥ [੧੮]ਮਿਥਿਆ
ਰਸਨਾ ਨਿਤ ਉਠਿ ਭਾਖੈ ॥ ਚਕ੍ਰ[੧੯] ਬਣਾਇ ਕਰੈ ਪਾਖੰਡ ॥ ਝੁਰਿ ਝੁਰਿ
ਪਚੈ[੨੦] ਜੈਸੇ [੨੧]ਤ੍ਰਿਅ ਰੰਡ ॥ ੧ ॥ ਹਰਿ ਕੇ ਨਾਮ ਬਿਨਾ ਸਭ ਝੂਠੁ ॥ ਬਿਨੁ
ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ[੨੨] ਮੂਠੁ[੨੩] ॥ ੧ ॥
ਰਹਾਉ ॥ ਸੋਈ ਕੁਚੀਲੁ[੨੪] ਕੁਦਰਤਿ ਨਹੀ ਜਾਨੈ ॥ [੨੫]ਲੀਪਿਐ ਥਾਇ ਨ ਸੁਚਿ
ਹਰਿ ਮਾਨੈ ॥ ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ
ਪਤਿ ਖੋਵੈ ॥ ੨ ॥ ਮਾਇਆ ਕਾਰਣਿ ਕਰੈ ਉਪਾਉ ॥ ਕਬਹਿ [੨੬]ਨ ਘਾਲੈ ਸੀਧਾ
ਪਾਉ ॥ ਜਿਨਿ ਕੀਆ ਤਿਸੁ ਚੀਤਿ ਨ ਆਣੈ[੨੭] ॥ [੨੮]ਕੂੜੀ ਕੂੜੀ ਮੁਖਹੁ
ਵਖਾਣੈ ॥ ੩ ॥ ਜਿਸ ਨੋ ਕਰਮੁ[੨੯] ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ
ਬਿਉਹਾਰੁ ॥ ਹਰਿ ਨਾਮ ਭਗਤਿ ਸਿਉ ਲਾਗਾ ਰੰਗੁ[੩੦] ॥ ਕਹੁ ਨਾਨਕ ਤਿਸੁ
ਜਨ ਨਹੀ ਭੰਗੁ[੩੧] ॥ ੪ ॥ ੪੦ ॥ ੫੩ ॥ ਭੈਰਉ ਮਹਲਾ ੫ ॥ ਨਿੰਦਕ
ਕਉ ਫਿਟਕੇ[੩੨] ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥ ਨਿੰਦਕ ਕਾ
ਮੈਲਾ ਆਚਾਰੁ[੩੩] ॥ ਦਾਸ ਅਪੁਨੇ ਕਉ ਰਾਖਨਹਾਰੁ ॥ ੧ ॥ ਨਿੰਦਕੁ ਮੁਆ

੧ [ਸੰ. ਸਥਿਤ] ਕਾਇਮ, ਅਟੱਲ ।
੨ ਚਿੰਤਾ ।
੩ ਪੂਰੀ ਤਰ੍ਹਾਂ ਵਿਆਪਕ ਹੈ ਸਭ ਥਾਵਾਂ 'ਤੇ ।
੪ ਮੇਰੇ ਧਨ, ਮਾਲ, ਜੋਬਨ ਅਤੇ ਜੀਵਨ ਦੀ ਜੁਗਤੀ ਉਹ ਆਪ ਹੀ ਹੈ ।
੫ ਅੱਖ ਦੇ ਫੋਰ ਜਿੰਨੇ ਸਮੇਂ ਲਈ ।
੬ ਜੈਸਾ, ਜਿਹਾ ।
੭ ਸਾਰ ਲੈ ਕੇ (ਖਿਆਲ ਰੱਖ ਕੇ) ਸੰਭਾਲਦਾ ਹੈ।
੮ ਪੁੱਤਰ ।
੯ ਰਿਸ਼ਤੇਦਾਰ, ਸੰਬੰਧੀ ।
੧੦ ਆਸਰਾ ।
੧੧ [ਸੰ. ਪੁਰੁਸ਼ਾਰਥ= ਮਰਦਊਪੁਣਾ] ਬਲ । ਇਹ ਆਸਰਾ ਹੈ ਕਿ ਹਰੀ ਮੇਰਾ ਕੰਮ ਸਵਾਰੇਗਾ ।
੧੨ ਡਰ ਨੂੰ ਵੀ ਡਰ ਪੈ ਗਿਆ ।
੧੩ ਰੋਗ । ਤਿੰਨਾਂ ਗੁਣਾਂ ਤੋਂ ਪੈਦਾ ਹੋਈਆਂ ਸਾਰੀਆਂ ਬੀਮਾਰੀਆਂ ਦੂਰ ਹੋ ਗਈਆਂ । ਦੇਖੋ ਪੰਨਾ ੧੧੧੯, ਫੁਟ ਨੋਟ‡ ।
੧੪ ਟਿਕਾਣਾ ।
੧੫ ਪਵਿੱਤਰ ਹੋਣ ਲਈ ਯਮਰਾਜ ਵੀ ਹਰੀ ਦੇ ਸੇਵਕਾਂ ਦਾ ਦਰਸ਼ਨ ਚਾਹੁੰਦਾ ਹੈ ।
੧੬ ਮਿਲਦੇ ਹਨ ।
੧੭ ਪੰਜਾਂ ਦਾ ਮਜਮੂਹਾ, ਭਾਵ ਇਨ੍ਹਾਂ ਕਾਮਾਦਿਕ ਪੰਜਾਂ ਦਾ ਸਾਖਿਆਤ ਰੂਪ ਹੈ ਜੋ ਕਾਮਾਦਿਕ ਨੂੰ ਧਾਰਦਾ ਹੈ । ਮਜਮੀ [ਅ. ਮਜਮਅ.] ਇਕੱਠ ਸਮੁਦਾਇ ।
੧੮ ਜੀਭ ਰਾਹੀਂ ਨਿਤ ਉਠ ਕੇ ਝੂਠ ਕਹਿੰਦਾ ਹੈ ।
੧੯ ਤਿਲਕ ਤੇ ਗਣੇਸ਼ ਆਦਿ ਜੋ ਬ੍ਰਾਹਮਣ ਬਣਾਂਦੇ ਹਨ।
੨੦ ਸੜਦਾ ਹੈ, ਗਲਦਾ ਹੈ ।
੨੧ ਰੰਡੀ ਇਸਤਰੀ ।
੨੨ [ਸ਼ਕਤੀ ਦਾ ਉਪਾਸ਼ਕ] ਮਾਦਾ ਪ੍ਰਸਤ, ਮਾਇਆ ਧਾਰੀ ।
੨੩ ਲੁਟਿਆ ਜਾਂਦਾ ਹੈ ।
੨੪ ਗੰਦਾ ।
੨੫ ਥਾਂ ਲਿੱਪਣ ਨਾਲ ਰੱਬ ਇਸ ਨੂੰ ਪਵਿੱਤਰਤਾ ਨਹੀਂ ਸਮਝਦਾ ।
੨੬ ਸਿੱਧਾ ਪੈਰ ਨਹੀਂ ਧਰਦਾ, ਭਾਵ ਵਿੰਗੇ ਹੀ ਕੰਮ ਕਰਦਾ ਹੈ ।
੨੭ ਲਿਆਉਂਦਾ ।
੨੮ ਐਵੇਂ ਝੂਠੀ ਮੂਠੀ ਮੂੰਹੋਂ ਰਾਮ-ਰਾਮ ਕਹਿ ਛੱਡਦਾ ਹੈ ।
੨੯ [ਅ. ਬਖਸ਼ਿਸ਼] ਮਿਹਰ ।
੩੦ ਪਿਆਰ ।
੩੧ ਤੋਟਾ, ਵਿਘਨ।
੩੨ ਫਿਟਕਾਰਦਾ ਹੈ, ਲਾਨ੍ਹਤਾਂ ਪਾਉਂਦਾ ਹੈ ।
੩੩ ਕਿਰਿਆ, ਵਰਤਣ ।

* ਹਰੀ ਆਪਣੇ ਭਗਤਾਂ ਦੇ ਅੰਗ-ਸੰਗ ਰਹਿ ਕੇ ਸਹਾਇਤਾ ਕਰਦਾ ਹੈ ।

† ਹਰੀ ਦੇ ਭਗਤਾਂ ਦੀ ਸ਼ੋਭਾ ਦੱਸੀ ਹੈ ।

‡ ਇਸ ਸ਼ਬਦ ਵਿੱਚ ਉਨ੍ਹਾਂ ਮਨਮੁਖਾਂ ਦਾ ਜ਼ਿਕਰ ਹੈ ਜੋ ਨਾਮ ਜਾਂ ਭਗਤੀ ਵਿੱਚ ਲੱਗਣ ਦੀ ਥਾਂ ਝੂਠੇ ਦਿਖਾਵੇ ਵਾਲੇ ਕਰਮ ਧਰਮ ਕਰਦੇ ਹਨ; ਅਗਲੇ ਸ਼ਬਦ ਵਿੱਚ ਭਗਤੀ ਕਰਨ ਵਾਲਿਆਂ ਦੇ ਵਿਰੋਧੀਆਂ ਦਾ ਜ਼ਿਕਰ ਹੈ ।

ਨਿੰਦਕ ਕੈ ਨਾਲਿ ॥ ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥ ੧ ॥ ਰਹਾਉ ॥ ਨਿੰਦਕ ਕਾ ਕਹਿਆ ਕੋਇ ਨ ਮਾਨੈ ॥ ਨਿੰਦਕ ਝੂਠੁ ਬੋਲਿ ਪਛੁਤਾਨੇ ॥ ਹਾਥ ਪਛੋਰਹਿ[੧] ਸਿਰੁ ਧਰਨਿ[੨] ਲਗਾਹਿ ॥ ਨਿੰਦਕ ਕਉ ਦਈ[੩] ਛੋਡੈ ਨਾਹਿ ॥ ੨ ॥ ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖ ਸਾਂਗੈ[੪] ॥ [੫]ਬਗੁਲੇ ਜਿਉ ਰਹਿਆ ਪੰਖ ਪਸਾਰਿ ॥ [੬]ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥ ੩ ॥ ਅੰਤਰਜਾਮੀ[੭] ਕਰਤਾ ਸੋਇ ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥ ਹਰਿ ਕਾ ਦਾਸੁ ਸਾਚਾ ਦਰਬਾਰਿ[੮] ॥ ਜਨ ਨਾਨਕ ਕਹਿਆ ਤਤੁ ਬੀਚਾਰਿ ॥ ੪ ॥ ੪੧ ॥ ੫੪ ॥ ਭੈਰਉ ਮਹਲਾ ੫* ॥ ਦੁਇ ਕਰ[੯] ਜੋਰਿ ਕਰਉ ਅਰਦਾਸਿ ॥ [੧੦]ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥ ਸੋਈ ਮੇਰਾ ਸੁਆਮੀ ਕਰਨੈਹਾਰੁ ॥ [੧੧]ਕੋਟਿ ਬਾਰ ਜਾਈ ਬਲਿਹਾਰ ॥ ੧ ॥ ਸਾਧੂ ਧੂਰਿ ਪੁਨੀਤ[੧੨] ਕਰੀ ॥ ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ[੧੩] ॥ ੧ ॥ ਰਹਾਉ ॥ [੧੪]ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥ ਜਾ ਕੀ ਸੇਵਾ ਪਾਈਐ ਮਾਨੁ ॥ [੧੫]ਸਗਲ ਮਨੋਰਥ ਪੂਰਨਹਾਰ ॥ ਜੀਅ ਪ੍ਰਾਨ ਭਗਤਨ ਆਧਾਰ ॥ ੨ ॥ [੧੬]ਘਟ ਘਟ ਅੰਤਰਿ ਸਗਲ ਪ੍ਰਗਾਸ ॥ ਜਪਿ ਜਪਿ ਜੀਵਹਿ ਭਗਤ ਗੁਣਤਾਸ ॥ ਜਾ ਕੀ ਸੇਵ ਨ ਬਿਰਥੀ[੧੭] ਜਾਇ ॥ ਮਨ ਤਨ ਅੰਤਰਿ ਏਕੁ ਧਿਆਇ ॥ ੩ ॥ [੧੮]ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥ ਕਰਿ ਕਿਰਪਾ ਲੀਜੈ ਲੜਿ ਲਾਇ ॥ ਚਰਨ ਕਮਲ ਨਾਨਕ ਨਿਤ ਧਿਆਇ ॥ ੪ ॥ ੪੨ ॥ ੫੫ ॥ ਭੈਰਉ ਮਹਲਾ ੫† ॥ ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥ ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ[੧੯] ॥ ੧ ॥ ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥ ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ[੨੦] ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ[੨੧] ॥ [੨੨]ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥ ੨ ॥ ਜਾ ਕੈ ਅੰਤਰਿ ਬਸੈ ਹਰਿ ਨਾਮੁ ॥ [੨੩]ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ [੨੪]ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥ ੩ ॥ ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥ ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥ ੪ ॥ ੪੩ ॥ ੫੬ ॥

੧ ਮਾਰਦੇ ਹਨ, ਪਟਕਾਂਦੇ ਹਨ ।
੨ ਧਰਤੀ ਨਾਲ ।
੩ [ਦਯੁ= ਦਈਵ] ਹਰੀ ।
੪ ਸਾਂਗ ਦਾ, ਬਰਛੀ ਦਾ ।
੫ ਬਗੁਲੇ ਵਾਂਗੂੰ ਖੰਭ ਖਿਲਾਰੇ ਹੋਏ ਸੁ, ਚਿੱਟ ਕਪੜੀਆ ਬਣਿਆਂ ਬੈਠਾ ਹੈ ।
੬ ਪਰ ਜਦ ਉਹ ਮੂੰਹੋਂ ਬੋਲਿਆ ਤਾਂ (ਉਸ ਦਾ ਪਾਜ ਉਘੜ ਗਿਆ) ਭਲੇ ਲੋਕਾਂ ਨੇ ਵਿਚਾਰ ਕੇ ਉਸ ਨੂੰ ਆਪਣੇ ਸਤਿਸੰਗ ਵਿਚੋਂ ਕੱਢ ਦਿੱਤਾ ।
੭ ਅੰਦਰ ਦੀਆਂ ਜਾਣਨ ਵਾਲਾ ।
੮ ਹਰੀ ਦੇ ਦਰਬਾਰ ਵਿੱਚ ।
੯ ਹੱਥ । ਦੋਵੇਂ ਹੱਥ ਜੋੜ ਕੇ ।
੧੦ ਜਿੰਦ, ਸਰੀਰ ਤੇ ਧਨ ਉਸ ਹਰੀ ਦੀ ਦਿੱਤੀ ਪੂੰਜੀ ਹਨ ।
੧੧ ਕਰੋੜਾਂ ਵਾਰ ।
੧੨ ਪਵਿੱਤਰ ।
੧੩ ਦੂਰ ਕੀਤੀ ।
੧੪ ਜਿਸ ਦੇ ਘਰ ਵਿੱਚ (ਭਾਵ ਜਿਸ ਦੇ ਪਾਸ) ਸਾਰੇ ਸੁਖਾਂ ਦੇ ਖ਼ਜ਼ਾਨੇ ਹਨ ।
੧੫ ਜੋ ਸਾਰੀਆਂ ਭਾਉਣੀਆਂ ਪੂਰੀਆਂ ਕਰਨ ਵਾਲਾ ਹੈ, ਉਹ ਭਗਤਾਂ ਦੀ ਜਿੰਦ ਤੇ ਪ੍ਰਾਣਾਂ ਦਾ ਆਸਰਾ ਹੈ।
੧੬ ਜੋ ਸਾਰੇ ਜੀਵਾਂ ਦੇ ਦਿਲਾਂ ਅੰਦਰ ਚਾਨਣਾ ਕਰਦਾ ਹੈ, ਉਸ ਗੁਣਾਂ ਦੇ ਖਜ਼ਾਨੇ ਨੂੰ ਭਗਤ ਲੋਕ ਸਿਮਰ ਕੇ ਜੀਉਂਦੇ ਹਨ ।
੧੭ ਬੇਅਰਥ ।
੧੮ ਗੁਰੂ ਦੀ ਸਿੱਖਿਆ ਤੋਂ ਦਇਆ, ਸੰਤੋਖ ਆਦਿ ਗੁਣ ਮਿਲਦੇ ਹਨ ।
੧੯ ਦੂਰ ਕੀਤਾ ।
੨੦ [ਅ.] ਹੁਕਮ ।
੨੧ ਜਿਸ ਦੀ ਉਪਮਾ ਨਾ ਹੋ ਸਕੇ, ਬਹੁਤ ਚੰਗਾ ।
੨੨ ਜਿਸ ਦਾ ਦਰਸ਼ਨ ਕਰ ਕੇ ਸਭ ਫਲ ਪ੍ਰਾਪਤ ਹੋਣ, ਬਰਕਤ ਵਾਲਾ ।
੨੩ ਉਹ ਸੇਵਕ ਜੋ ਕੁਝ ਭੀ ਵੇਖਦਾ ਹੈ, ਉਸ ਵਿੱਚੋਂ ਹਰੀ ਦਾ ਗਿਆਨ ਹੀ ਮਿਲਦਾ ਹੈ । 'ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ' । (ਸੁਖਮਨੀ)
੨੪ ਪੂਰਨ ਤੌਰ 'ਤੇ ।

* ਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਸਰਬ-ਵਿਆਪੀ ਸਰਬ ਆਧਾਰ ਹਰੀ ਦਾ ਨਾਮ ਬਖ਼ਸ਼ੋ ।

† ਗੁਰੂ ਨੇ ਇਹ ਅਰਦਾਸ ਸੁਣ ਲਈ ਅਤੇ ਪਾਰਬ੍ਰਹਮ ਦਾ ਹਿਰਦੇ ਵਿੱਚ ਨਿਵਾਸ ਕਰਾ ਦਿੱਤਾ । ਇਸ ਕਿਰਪਾ ਲਈ ਹਰੀ ਦੇ ਰੂਪ ਸਤਿਗੁਰੂ ਦਾ ਧੰਨਵਾਦ ਕਰਦੇ ਹਨ ।

ਰਾਗੁ ਭੈਰਉ ਮਹਲਾ ੫ ਪੜਤਾਲ[੧] ਘਰੁ ੩ ੴ ਸਤਿਗੁਰ ਪ੍ਰਸਾਦਿ ॥

*[੨]ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ ॥ [੩]ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ[੪] ॥ ੧ ॥ ਰਹਾਉ ॥ ਅਨਿਕ ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ ॥ ਅਨਿਕ ਗੁਨਿਤ[੫] ਧੁਨਿਤ[੬] ਲਲਿਤ[੭] [੮]ਅਨਿਕ ਧਾਰ ਮੁਨੀ ॥ ੧ ॥ ਅਨਿਕ ਨਾਦ ਅਨਿਕ ਬਾਜ[੯] ਨਿਮਖ ਨਿਮਖ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥ ਨਾਨਕ [੧੦]ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ ॥ ੨ ॥ ੧ ॥ ੫੭ ॥ ੮ ॥ ੨੧ ॥ ੭ ॥ ੫੭ ॥ ੯੩ ॥

ਭੈਰਉ ਅਸਟਪਦੀਆ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥

†[੧੧]ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥ [੧੨]ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥ ੧ ॥ ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ[੧੩] ਆਪੇ ਬਖਸੈ ਸਬਦਿ ਧੁਰੇ[੧੪] ॥ ੧ ॥ ਰਹਾਉ ॥ ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ[੧੫] ਨ ਹੋਈ ॥ ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ ॥ ੨ ॥ ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ[੧੬] ॥ ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ [੧੭]ਕੁਟੰਬ ਸੰਜੋਗੀ ॥ ੩ ॥ ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ[੧੮] ਰੋਗੀ ਸਗਲ ਸੰਸਾਰਾ ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ ੪ ॥ ਰੋਗੀ ਸਾਤ ਸਮੁੰਦ ਸਨਦੀਆ[੧੯] ਖੰਡ ਪਤਾਲ ਸਿ ਰੋਗਿ ਭਰੇ ॥ ਹਰਿ ਕੇ ਲੋਕ ਸਿ ਸਾਚਿ ਸੁਹੇਲੇ [੨੦]ਸਰਬੀ ਥਾਈ ਨਦਰਿ ਕਰੇ ॥ ੫ ॥ ਰੋਗੀ [੨੧]ਖਟ ਦਰਸਨ ਭੇਖਧਾਰੀ ਨਾਨਾ[੨੨] ਹਠੀ ਅਨੇਕਾ ॥ ਬੇਦ ਕਤੇਬ[੨੩] ਕਰਹਿ ਕਹ[੨੪] ਬਪੁਰੇ ਨਹ ਬੂਝਹਿ ਇਕ ਏਕਾ ॥ ੬ ॥ ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ[੨੫] ਮੂਲਿ[੨੬] ਸੁਖੁ ਨਾਹੀ ॥ ਨਾਮੁ ਵਿਸਾਰਿ ਚਲਹਿ [੨੭]ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥ ੭ ॥ ਤੀਰਥਿ ਭਰਮੈ ਰੋਗੁ ਨ ਛੂਟਸਿ [੨੮]ਪੜਿਆ ਬਾਦੁ ਬਿਬਾਦੁ ਭਇਆ ॥ ਦੁਬਿਧਾ ਰੋਗੁ ਸੁ ਅਧਿਕ[੨੯] ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ ੮ ॥ ਗੁਰਮੁਖਿ[੩੦] ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥ ਨਾਨਕ ਹਰਿ ਜਨ ਅਨਦਿਨੁ[੩੧] ਨਿਰਮਲ ਜਿਨ ਕਉ [੩੨]ਕਰਮਿ ਨੀਸਾਣੁ ਪਇਆ ॥ ੯ ॥ ੧ ॥

੧ ਪਰਤਾਓ ਤਾਲ, ਇਸ ਸ਼ਬਦ ਦੇ ਗਾਉਣ ਵਿੱਚ ਮੁੜ-ਮੁੜ ਤਾਲ ਪਰਤਾਇਆ ਜਾਂਦਾ ਹੈ ।

੨ ਹੇ ਪਾਲਨਹਾਰੇ ਕਿਰਪਾਲੂ ਪ੍ਰਭੂ ! ਮੈਂ ਤੇਰੇ ਕਿਹੜੇ-ਕਿਹੜੇ ਗੁਣ ਗਿਣਾਂ (ਵੇਰਵੇ ਨਾਲ ਬਿਆਨ ਕਰਾਂ) ?

੩ ਤੇਰੇ ਕਈ ਰੰਗ ਹਨ, ਕਈ ਲਹਿਰਾਂ (ਮਨ ਦੀਆਂ ਮੌਜਾਂ) ਹਨ, ਹੇ ਹਰੀ ! ਸਭ ਦੇ ਮਾਲਕ।

੪ [ਸਿੰਧੀ. ਧਣੀ] ਮਾਲਕ ।

੫ [ਸੰ. ਗਣਿਤ] ਸੁਰਾਂ ਦਾ ਮੇਲ ਕੀਤਾ ਹੋਇਆ।

੬ [ਸੰ. ਧ੍ਵਨਿਤ] ਆਲਾਪਿਆ ਜਾਂ ਵਜਾਇਆ ਹੋਇਆ। ਅਨੇਕਾਂ ਸੋਹਣੀਆਂ ਸੁਰਾਂ ਨੂੰ ਮੇਲ ਕੇ ਤੈਨੂੰ ਗਾਉਂਦੇ ਹਨ ।

੭ ਸੁੰਦਰ ।

੮ ਅਨੇਕਾਂ ਮੋਨ ਧਾਰਨ ਕਰਦੇ ਹਨ, ਤੇਰੇ ਧਿਆਨ ਲਈ ।

੯ ਵਾਜਾ, ਵਾਜੇ ਵਜਾਣਾ । ਅਨੇਕ ਗਾਉਂਦੇ ਹਨ, ਅਨੇਕ ਵਜਾਉਂਦੇ ਹਨ, ਪਲ-ਪਲ ਮਗਰੋਂ ਅਤੇ ਕਈ-ਕਈ ਸਵਾਦਾਂ ਨਾਲ, ਤੇਰਾ ਜਸ ਸੁਣਨ ਨਾਲ ਕਈ ਤਰ੍ਹਾਂ ਦੇ ਦੁੱਖ ਤੇ ਰੋਗ ਦੂਰ ਹੁੰਦੇ ਹਨ ।

੧੦ ਅਪਾਰ ਦੇਵ ਦੀ ਸੇਵਾ ਵਿੱਚ ਹੀ ਸਾਰੇ ਫਲ ਤੇ ਪੁੰਨ ਆ ਜਾਂਦੇ ਹਨ, ਇਨ੍ਹਾਂ ਕਰਮਾਂ ਦੇ ਤੀਰਥ-ਵਾਸ, ਖਟ ਕਰਮ ਬਰਤ, ਪੂਜਾ, ਫਿਰਨਾ ਤੁਰਨਾ (ਯਾਤ੍ਰਾ ਲਈ) ਆਦਿ ।

੧੧ ਗੁਰੂ ਦੇ ਵਿਚਾਰ ਦੁਆਰਾ ਇਹ ਗੱਲ ਸਮਝੀਦੀ ਹੈ ਕਿ ਜੀਵਾਤਮਾ ਵਿੱਚ ਹਰੀ ਹੈ ਅਤੇ ਹਰੀ ਵਿੱਚ ਜੀਵਾਤਮਾ ਰਹਿੰਦਾ ਹੈ ।

੧੨ ਇਹ ਅੰਮ੍ਰਿਤ ਨਾਮ ਗੁਰ ਉਪਦੇਸ਼ ਦੁਆਰਾ ਪਛਾਣੀਦਾ ਹੈ, ਜੋ ਦੁੱਖ ਕਟਦਾ ਹੈ ਤੇ ਹੰਕਾਰ ਮਾਰ ਦਿੰਦਾ ਹੈ ।

੧੩ [ਸੰ. ਵੇਦਨਾ] ਪੀੜ ਦੁੱਖ ।

੧੪ ਧੁਰ ਤੋਂ ।

੧੫ ਖੋਟੇ ਖਰੇ ਸੋਨੇ ਨੂੰ ਪਰਖਣ ਲਈ ਤਿੱਖੇ ਨੋਕ ਵਾਲੇ ਸੂਏ (ਸੁਲਾਕਾਂ) ਨਾਲ ਛਿਦ੍ਰ ਕੀਤੇ ਜਾਂਦੇ ਹਨ, ਭਾਵ ਮੁੜ ਉਨ੍ਹਾਂ ਦੀ ਪਰਖ ਨਹੀਂ ਹੁੰਦੀ।

੧੬ ਭੋਗਾਂ ਸਹਿਤ ।

੧੭ ਕੁਟੰਬ ਨਾਲ ਜੁੜੇ ਹੋਏ ।

੧੮ ਰੁਦ੍ਰ ਸਹਿਤ, ਸ਼ਿਵ ਜੀ ਸਮੇਤ ।

੧੯ ਨਦੀਆਂ ਸਹਿਤ ।

੨੦ ਉਹ ਹਰੀ ਉਨ੍ਹਾਂ 'ਤੇ ਹਰ ਥਾਂ ਮਿਹਰ ਕਰਦ ਹੈ।

੨੧ ਦੇਖੋ ਪੰਨਾ ੧੧੧੬, ਨੋਟ ੧੮ ।

੨੨ ਕਈ ਪ੍ਰਕਾਰ ਦੇ ।

੨੩ ਪੱਛਮੀ ਪੁਸਤਕਾਂ ਕੁਰਾਨ, ਤੌਰੇਤ, ਜ਼ਬੂਰ, ਅੰਜੀਲ ਆਦਿ ।

੨੪ [ਲਹਿੰਦੀ] ਕੀਹ ?

੨੫ ਗਾਜਰ ਆਦਿ ਜ਼ਿਮੀਂ ਵਿੱਚੋਂ ਨਿਕਲੀਆਂ ਬੂਟੀਆਂ।

੨੬ ਸਬਜ਼ੀ ਦੀਆਂ ਜੜ੍ਹਾਂ (ਖਾਣ ਵਿੱਚ) ।

੨੭ ਹੋਰ ਰਸਤੇ, ਪੁੱਠੇ ਰਾਹ ।

੨੮ ਪੜ੍ਹਨ ਨਾਲ ਝਗੜਾ-ਝਾਂਜਾ ਹੋ ਜਾਂਦਾ ਹੈ ।

੨੯ ਬਹੁਤ ।

੩੦ ਗੁਰੂ ਦੁਆਰਾ ।

੩੧ ਹਰ ਰੋਜ਼, ਨਿੱਤ ।

੩੨ ਬਖ਼ਸ਼ਿਸ਼ ਦਵਾਰਾ ਮਿਹਰ ਦਾ ਨਿਸ਼ਾਨ ਪਿਆ ਹੈ ।

* ਹਰੀ ਦੇ ਗੁਣ ਹਨ, ਜੋ ਅਨੇਕ ਤਰ੍ਹਾਂ ਨਾਲ ਗਾਏ ਜਾਂਦੇ ਹਨ । ਗੁਣ ਗਾਉਣ ਵਿੱਚ ਸਾਰੇ ਫਲ ਤੇ ਪੁੰਨ ਆ ਜਾਂਦੇ ਹਨ ।

† ਹਰੀ ਹਰ ਇਕ ਵਿੱਚ ਹੈ, ਪਰ ਇਸ ਗੱਲ ਦੀ ਸਮਝ ਗੁਰਬਾਣੀ ਦੇ ਵਿਚਾਰਨ ਨਾਲ ਆਉਂਦੀ ਹੈ। ਹਰੀ ਦੀ ਸਰਬ-ਵਿਆਪਕਤਾ ਦੇ ਨਾ ਸਮਝਣ ਦਾ ਕਾਰਨ ਹਉਮੈ ਹੈ । ਇਹ ਹਉਮੈ ਵੱਡਾ ਰੋਗ ਹੈ ਜੋ ਸਾਰੀ ਸ੍ਰਿਸ਼ਟੀ, ਘਰ-ਬਾਰ, ਦੇਵੀ-ਦੇਵਤਿਆਂ, ਧਰਮ ਪੁਸਤਕਾਂ ਅਤੇ ਵੱਖੋ-ਵੱਖਰੇ ਧਰਮਾਵਲੰਬੀਆਂ, ਰਸ ਭੋਗੀਆਂ ਅਤੇ ਵਿਰੱਕਤਾਂ, ਵਿਦਵਾਨਾਂ ਅਤੇ ਤੀਰਥ ਭ੍ਰਮਣ ਕਰਨ ਵਾਲਿਆਂ ਨੂੰ ਗ੍ਰਸੀ ਰੱਖਦਾ ਹੈ । ਇਹ ਰੋਗ ਦੂਰ ਤਦ ਹੁੰਦਾ ਹੈ ਜਦ ਮਨੁੱਖ ਗੁਰੂ ਦੇ ਰਾਹੀਂ ਸਿੱਖਿਆ ਲੈ ਕੇ ਹਰੀ ਦੇ ਗੁਣ ਗਾਵੇ।

ਭੈਰਉ ਮਹਲਾ ੩ ਘਰੁ ੨ ੴ ਸਤਿਗੁਰ ਪ੍ਰਸਾਦਿ ॥

*ਤਿਨਿ ਕਰਤੈ ਇਕੁ ਚਲਤੁ[1] ਉਪਾਇਆ ॥ [2]ਅਨਹਦ ਬਾਣੀ ਸਬਦੁ ਸੁਣਾਇਆ ॥ [3]ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥ ੧ ॥ ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥ ੧ ॥ ਰਹਾਉ ॥ ਪਿਤਾ ਪ੍ਰਹਲਾਦੁ ਪੜਣ ਪਠਾਇਆ[4] ॥ ਲੈ ਪਾਟੀ ਪਾਧੇ ਕੈ ਆਇਆ ॥ ਨਾਮ ਬਿਨਾ ਨਹ ਪੜਉ ਅਚਾਰ[5] ॥ [6]ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ[7] ॥ ੨ ॥ ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ[8] ॥ [9]ਪਰਵਿਰਤਿ ਨ ਪੜਹੁ ਰਹੀ ਸਮਝਾਇ ॥ ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥ ਜੇ ਹਰਿ ਛੋਡਉ [10]ਤਉ ਕੁਲਿ ਲਾਗੈ ਗਾਲਿ ॥ ੩ ॥ ਪ੍ਰਹਲਾਦਿ ਸਭਿ ਚਾਟੜੇ ਵਿਗਾਰੇ[11] ॥ ਹਮਾਰਾ ਕਹਿਆ ਨ ਸੁਣੈ [12]ਆਪਣੇ ਕਾਰਜ ਸਵਾਰੇ ॥ ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥ ਦੁਸਟ ਸਭਾ ਕਾ [13]ਕਿਛੁ ਨ ਵਸਾਈ ॥ ੪ ॥ [14]ਸੰਡੈ ਮਰਕੈ ਕੀਈ ਪੂਕਾਰ ॥ ਸਭੇ ਦੈਤ ਰਹੇ ਝਖ ਮਾਰਿ ॥ ਭਗਤ ਜਨਾ ਕੀ ਪਤਿ ਰਾਖੈ ਸੋਈ ॥ [15]ਕੀਤੇ ਕੈ ਕਹਿਐ ਕਿਆ ਹੋਈ ॥ ੫ ॥ [16]ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥ ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥ ਪੁਤ੍ਰ ਪ੍ਰਹਲਾਦ ਸਿਉ [17]ਵਾਦੁ ਰਚਾਇਆ ॥ ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥ ੬ ॥ ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ[18] ਦੀਆ ਤਾਲਾ ॥ ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ॥ [19]ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ ॥ ਜੋ ਧੁਰਿ ਲਿਖਿਆ ਸੁ ਆਇ ਪਹੁਤਾ[20] ਜਨ ਸਿਉ [17]ਵਾਦੁ ਰਚਾਇਆ ॥ ੭ ॥ ਪਿਤਾ ਪ੍ਰਹਲਾਦ ਸਿਉ ਗੁਰਜ[21] ਉਠਾਈ ॥ ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ॥ ਜਗਜੀਵਨੁ ਦਾਤਾ ਅੰਤਿ ਸਖਾਈ[22] ॥ ਜਹ ਦੇਖਾ ਤਹ ਰਹਿਆ ਸਮਾਈ ॥ ੮ ॥ ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ ॥ ਅਹੰਕਾਰੀ ਦੈਤੁ ਮਾਰਿ ਪਚਾਇਆ[23] ॥ ਭਗਤਾ ਮਨਿ ਆਨੰਦੁ ਵਜੀ ਵਧਾਈ ॥ ਅਪਨੇ ਸੇਵਕ ਕਉ ਦੇ ਵਡਿਆਈ ॥ ੯ ॥ ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ ਕਰਤੈ ਲਿਖਿ ਪਾਇਆ ॥ ਪ੍ਰਹਲਾਦ ਕੈ ਕਾਰਜਿ ਹਰਿ ਆਪੁ[24] ਦਿਖਾਇਆ ॥ ਭਗਤਾ ਕਾ [25]ਬੋਲੁ ਆਗੈ ਆਇਆ ॥ ੧੦ ॥ [26]ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥ ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥ ਲਖਿਮੀ [27]ਭਉ ਕਰੈ ਨ ਸਾਕੈ ਜਾਇ ॥ [28]ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥ ੧੧ ॥

੧ ਖੇਲ ।
੨ ਅਨਹਦ-ਬਾਣੀ ਰੂਪ ਗੁਰ-ਸ਼ਬਦ ਸੁਣਾਇਆ, ਗੁਰ-ਸ਼ਬਦ ਅਨਹਦ ਬਾਣੀ ਵਾਕੁਰ ਅਤੀ ਕੋਮਲ ਤੇ ਆਤਮਕ ਸੁਆਦ ਦੇਣ ਵਾਲਾ ਹੈ । ਦੇਖੋ ਪੰਨਾ ੧੧੩੭, ਨੋਟ ੨੧ ।
੩ ਗੁਰੂ ਨੂੰ ਨਾ ਮੰਨਣ ਵਾਲੇ ਇਸ ਤੋਂ ਭੁੱਲੇ ਰਹੇ ਅਤੇ ਗੁਰੂ ਦੀ ਮੰਨ ਕੇ ਚਲਣ ਵਾਲਿਆਂ ਨੂੰ ਇਹ ਗੱਲ ਸਮਝਾ ਦਿੱਤੀ ।
੪ ਭੇਜਿਆ ।
੫ [ਰਹਿਣੀ, ਬਹਿਣੀ, ਵਿਹਾਰ] ਹੋਰ ਕੋਈ ਗੱਲ।
੬ ਮੇਰੀ ਪੱਟੀ 'ਤੇ ਹਰੀ ਨਾਮ ਲਿਖ ਦਿਉ । ਦੇਖੋ ਪੰਨਾ ੧੧੩੩, ਨੋਟ ੭ ।
੭ [ਮੁਰ ਰਾਖਸ਼ ਦਾ ਵੈਰੀ] ਵਾਹਿਗੁਰੂ ।
੮ ਮਾਂ ਨੇ ।
੯ [ਪਰ ਵ੍ਰਿਤਿ] ਦੂਜੇ ਦੀ ਰਸਮ ਰੀਤਿ, ਅਨਜ ਰੀਤੀ ।
੧੦ ਤਾਂ ਖਾਨਦਾਨ ਨੂੰ ਵੱਟਾ ਲਗੇਗਾ । ਦੇਖੋ ਪੰਨਾ ੬੪੧, ਨੋਟ ੧੯ ।
੧੧ ਵਿਗਾੜੇ ।
੧੨ ਆਪਣੀ ਗੱਲ ਹੀ ਕਰੀ ਜਾਂਦਾ ਹੈ ।
੧੩ ਕੁਝ ਵਸ ਨਾ ਚਲਿਆ ।
੧੪ ਪ੍ਰਹਿਲਾਦ ਦੇ ਪਾਂਧੇ । ਦੇਖੋ ਪੰਨਾ ੧੧੩੩, ਨੋਟ ੧੪ ।
੧੫ ਰੱਬ ਦੇ ਪੈਦਾ ਕੀਤੇ ਹੋਏ ਦੇ । ਭਾਵ ਕਰਤਾਰ ਦੇ ਮੁਕਾਬਲੇ 'ਤੇ ਜੀਵ ਕੀ ਕਰ ਸਕਦਾ ਹੈ ?
੧੬ ਕਰਮਾਂ ਦੇ ਸੰਜੋਗ ਕਰ ਕੇ ਦੈਂਤ ਨੇ ਰਾਜ ਚਲਾਇਆ।
੧੭ ਝਗੜਾ ਬੰਨ੍ਹਿਆਂ ।
੧੮ ਦਰਵਾਜ਼ੇ 'ਤੇ ।
੧੯ ਜੋ ਹਰੀ ਦਾ ਕੀਤਾ ਹੋਇਆ (ਭਾਵ ਜੀਵ) ਰੱਬ ਦੀ ਸ਼ਰੀਕੀ ਕਰਦਾ ਹੈ, ਆਪਣਾ ਨਾਉਂ ਬਿਨਾਂ ਹੱਕ ਦੇ ਉੱਚਾ ਸਦਵਾਂਦਾ ਹੈ ।
੨੦ ਪਹੁੰਚਾ, ਮਿਲਿਆ ।
੨੧ ਗਦਾ (ਸ਼ਸਤ੍ਰ ਹੈ) ।
੨੨ ਸਹਾਇਕ ।
੨੩ ਤਬਾਹ ਕੀਤਾ ।
੨੪ ਆਪਣਾ ਆਪ ।
੨੫ ਆਖਿਆ ਪੂਰਾ ਹੋਇਆ ।
੨੬ ਸਾਰੇ ਦੇਵਤੇ ਲੱਛਮੀ ਨੂੰ ਨਮਸਕਾਰ ਕਰ ਕੇ ਕਹਿਣ ਲੱਗੇ ਕਿ ਹੇ ਮਾਤਾ ! ਨਰਸਿੰਘ ਨੂੰ ਕਹੋ ਕਿ ਇਹ ਭਿਆਨਕ ਰੂਪ ਦੂਰ ਕਰੇ ।
੨੭ ਡਰਦੀ ਸੀ ਤੇ ਨਰਸਿੰਘ ਪਾਸ ਨਹੀਂ ਸੀ ਜਾ ਸਕਦੀ।
੨੮ ਪਰ ਜਦ ਪ੍ਰਹਿਲਾਦ ਭਗਤ ਨਰਸਿੰਘ ਦੀ ਚਰਨੀਂ ਆਣ ਲੱਗਾ (ਤਾਂ ਹਰੀ ਨੇ ਉਹ ਭਿਆਨਕ ਰੂਪ ਉਤਾਰ ਦਿੱਤਾ) ।

* ਪ੍ਰਹਿਲਾਦ ਭਗਤ ਦੀ ਮਿਸਾਲ ਲੈ ਕੇ ਦੱਸਦੇ ਹਨ ਕਿ ਹਰੀ ਆਪਣੇ ਭਗਤਾਂ ਦੇ ਦੁੱਖ ਦੂਰ ਕਰਦਾ ਅਤੇ ਹਰ ਔਕੜ ਵੇਲੇ ਬਹੁੜਦਾ ਹੈ ।

ਸਤਿਗੁਰਿ ਨਾਮੁ ਨਿਧਾਨੁ[1] ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥ ਲੋਭੀ ਨਰ ਰਹੇ ਲਪਟਾਇ[2] ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥ ੧੨ ॥ ਕਹੈ ਨਾਨਕੁ [3]ਸਭੁ ਕੋ ਕਰੇ ਕਰਾਇਆ ॥ ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥ ਭਗਤਾ ਕਾ ਅੰਗੀਕਾਰੁ[4] ਕਰਦਾ ਆਇਆ ॥ ਕਰਤੈ ਅਪਣਾ ਰੂਪੁ ਦਿਖਾਇਆ ॥ ੧੩ ॥ ੧ ॥ ੨ ॥ ਭੈਰਉ ਮਹਲਾ ੩* ॥ ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥ ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ[5] ॥ ੧ ॥ ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥ ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ ਗੁਰ ਕੈ ਸਬਦਿ ਉਧਾਰੇ ॥ ੧ ॥ ਰਹਾਉ ॥ ਸੰਤ ਜਨਾ ਕਉ ਜਮੁ [6]ਜੋਹਿ ਨ ਸਾਕੈ [7]ਰਤੀ ਅੰਚ ਦੂਖ ਨ ਲਾਈ ॥ ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ ॥ ੨ ॥ ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥ ਜਨਮ ਜਨਮ ਕੇ ਕਿਲਵਿਖ[8] ਦੁਖ ਕਾਟਹਿ ਦੁਬਿਧਾ ਰਤੀ ਨ ਰਾਈ[9] ॥ ੩ ॥ ਹਮ ਮੂੜ ਮੁਗਧ[10] ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥ ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥ ੪ ॥ ਜਗਤੁ ਉਪਾਇ ਤੁਧੁ ਧੰਧੈ ਲਾਇਆ ਭੂੰਡੀ[11] ਕਾਰ ਕਮਾਈ ॥ ਜਨਮੁ ਪਦਾਰਥੁ ਜੂਐ ਹਾਰਿਆ [12]ਸਬਦੈ ਸੁਰਤਿ ਨ ਪਾਈ ॥ ੫ ॥ ਮਨਮੁਖਿ[13] ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥ ਭਵਜਲੁ[14] ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ [15]ਸਿਰਿ ਭਾਰਾ ॥ ੬ ॥ ਸਾਚੈ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ ॥ ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ ॥ ੭ ॥ ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ ॥ ਨਾਨਕੁ ਤਿਨ ਕੈ ਸਦ ਬਲਿਹਾਰੈ ਰਾਮ ਨਾਮੁ [16]ਉਰਿ ਧਾਰੇ ॥ ੮ ॥ ੨ ॥ ੩ ॥

ਭੈਰਉ ਮਹਲਾ ੫ ਅਸਟਪਦੀਆ ਘਰੁ ੨ ੴ ਸਤਿਗੁਰ ਪ੍ਰਸਾਦਿ ॥

†ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥ ਜਿਸੁ ਨਾਮੁ ਰਿਦੈ ਤਿਨਿ [17]ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥ ੧ ॥ ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ [18]ਜਿਸੁ ਗੁਰ ਮਸਤਕਿ ਹਾਥੁ ॥ ੧ ॥ ਰਹਾਉ ॥ ਜਿਸੁ ਨਾਮੁ ਰਿਦੈ ਤਿਸੁ [19]ਕੋਟ ਕਈ ਸੈਨਾ ॥ ਜਿਸੁ ਨਾਮੁ ਰਿਦੈ [20]ਤਿਸੁ ਸਹਜ ਸੁਖੈਨਾ ॥ ਜਿਸੁ ਨਾਮੁ ਰਿਦੈ ਸੋ ਸੀਤਲੁ[21] ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥ ੨ ॥

੧ ਜੋ ਸਾਰਿਆਂ ਸੁਖਾਂ ਦਾ ਖ਼ਜ਼ਾਨਾ ਹੈ ।
੨ ਚੰਬੜੇ ਹੋਏ ।
੩ ਸਭ ਕੋਈ ਹਰੀ ਦਾ ਕਰਾਇਆ ਹੋਇਆ ਕੰਮ ਕਰਦਾ ਹੈ, ਮਨੁੱਖ ਵਿੱਚ ਆਪਣੀ ਸਮਰੱਥਾ ਕੋਈ ਨਹੀਂ ।
੪ ਪੱਖ, ਸਹਾਇਤਾ ।
੫ ਮੁੱਕ ਗਈ । ਦੇਖੋ ਪੰਨਾ ੧੧੩੨, ਨੋਟ ੮ ।
੬ ਦੁੱਖ ਨਹੀਂ ਦੇ ਸਕਦਾ ।
੭ ਰਤਾ ਵੀ ਸੇਕ ।
੮ ਪਾਪ ।
੯ ਰਾਈ ਦੇ ਦਾਣੇ ਜਿੰਨੀ ਜ਼ਰਾ ਭਰ ਵੀ ।
੧੦ ਮੂਰਖ ।
੧੧ ਭੈੜੀ; ਟੇਢੀ ।
੧੨ ਸ਼ਬਦ ਦੀ ਸੋਝੀ ਨਾ ਮਿਲੀ ।
੧੩ ਆਪ ਹੁਦਰੇ, ਗੁਰੂ ਦੀ ਥਾਂ ਆਪਣੀ ਮਤਿ ਪਿੱਛੇ ਚੱਲਣ ਵਾਲੇ ।
੧੪ ਹਸਤੀ ਦਾ ਸਮੁੰਦਰ ।
੧੫ ਸਿਰ ਦੇ ਭਾਰ (ਡੁੱਬ ਮੁਏ) ।
੧੬ ਦਿਲ ਵਿੱਚ ਧਾਰਦੇ ਹਨ ।
੧੭ ਕਰੋੜਾਂ ਕਿਸਮ ਦੇ ਧਨ ।
੧੮ ਜਿਸ ਦੇ ਮੱਥੇ 'ਤੇ ਗੁਰੂ ਦਾ ਹੱਥ ਹੈ ।
੧੯ ਕਈ ਕਿਲ੍ਹੇ ਤੇ ਫੌਜਾਂ ਹਨ ।
੨੦ ਉਸ ਨੂੰ ਸਹਿਜ ਸੁਖ ਪ੍ਰਾਪਤ ਹੈ । ਦੇਖੋ ਪੰਨਾ ੧੧੧੨, ਨੋਟ ੩ ।
੨੧ ਠੰਡਾ ।

* ਜਿਹੜੀ ਗੱਲ ਉਤਲੇ ਸ਼ਬਦ ਵਿੱਚ ਪ੍ਰਹਿਲਾਦ ਦੀ ਮਿਸਾਲ ਲੈ ਕੇ ਦੱਸੀ ਸੀ, ਉਹੋ ਇਸ ਸ਼ਬਦ ਵਿੱਚ ਆਮ ਲਫ਼ਜ਼ਾਂ ਵਿੱਚ ਦੱਸਦੇ ਹਨ ਕਿ ਹਰੀ ਆਪਣੇ ਸੰਤਾਂ ਦੀ ਪੈਜ ਰੱਖਦਾ, ਦੁੱਖ ਕਟਦਾ ਅਤੇ ਭਉਜਲ ਤੋਂ ਪਾਰ ਕਰਦਾ ਹੈ । ਕਿਵੇਂ ? ਗੁਰ-ਸ਼ਬਦ ਦੇ ਰਾਹੀਂ ।

† ਹਰੀ ਨੂੰ ਸਦਾ ਯਾਦ ਰੱਖਣ ਵਾਲਾ ਹਰ ਤਰ੍ਹਾਂ ਦੀ ਪ੍ਰਭਤਾ ਤੇ ਸੁਖਾਂ ਦਾ ਮਾਲਕ ਹੁੰਦਾ ਹੈ ।

ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ [੧]ਤਿਸੁ ਸਭ ਹੀ ਜੁਗਤਾ ॥ ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ[੨] ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥ ੩ ॥ ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥ ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ [੩]ਮਨਮੁਖ ਗਾਵਾਰਾ ॥ ੪ ॥ ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ [੪]ਤਿਸੁ ਤਖਤਿ ਨਿਵਾਸਨੁ ॥ ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ ਨਾਮਹੀਣ ਨਾਹੀ ਪਤਿ ਵੇਸਾਹੁ[੫] ॥ ੫ ॥ ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ[੬] ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ[੭] ॥ ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ[੮] ॥ ੬ ॥ ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ[੯] ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥ ੭ ॥ ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ ਸਾਧਸੰਗਤਿ ਮਹਿ ਲਖੇ ਗੋੁਪਾਲ ॥ ਆਵਣ ਜਾਣ ਰਹੇ[੧੦] ਸੁਖੁ ਪਾਇਆ ॥ ਕਹੁ ਨਾਨਕ [੧੧]ਤਤੈ ਤਤੁ ਮਿਲਾਇਆ ॥ ੮ ॥ ੧ ॥ ੪ ॥ ਭੈਰਉ ਮਹਲਾ ੫* ॥ ਕੋਟਿ[੧੨] ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ[੧੩] ॥ [੧੪]ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ [੧੫]ਜਗੁ ਸਾਜਣ ਲਾਏ ॥ ੧ ॥ ਐਸੋ ਧਣੀ[੧੬] ਗੁਵਿੰਦੁ ਹਮਾਰਾ ॥ [੧੭]ਬਰਨਿ ਨ ਸਾਕਉ ਗੁਣ ਬਿਸਥਾਰਾ ॥ ੧ ॥ ਰਹਾਉ ॥ ਕੋਟਿ ਮਾਇਆ ਜਾ ਕੈ ਸੇਵਕਾਇ[੧੮] ॥ ਕੋਟਿ ਜੀਅ ਜਾ ਕੀ ਸਿਹਜਾਇ[੧੯] ॥ ਕੋਟਿ ਉਪਾਰਜਨਾ[੨੦] ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥ ੨ ॥ ਕੋਟਿ ਛਤ੍ਰਪਤਿ[੨੧] ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ[੨੨] ਹੈ ਦੁਆਰ ॥ ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥ ੩ ॥ ਕੋਟਿ [੨੩]ਪੂਰੀਅਤ ਹੈ ਜਾ ਕੈ ਨਾਦ[੨੪] ॥ ਕੋਟਿ ਅਖਾਰੇ[੨੫] ਚਲਿਤ ਬਿਸਮਾਦ[੨੬] ॥ [੨੭]ਕੋਟਿ ਸਕਤਿ ਸਿਵ ਆਗਿਆਕਾਰ ॥ [੨੮]ਕੋਟਿ ਜੀਅ ਦੇਵੈ ਆਧਾਰ ॥ ੪ ॥ ਕੋਟਿ ਤੀਰਥ ਜਾ ਕੇ ਚਰਨ ਮਝਾਰ[੨੯] ॥ ਕੋਟਿ ਪਵਿਤ੍ਰ ਜਪਤ ਨਾਮ ਚਾਰ[੩੦] ॥ ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ[੩੧] ਅਵਰੁ ਨ ਦੂਜਾ ॥ ੫ ॥ ਕੋਟਿ ਮਹਿਮਾ ਜਾ ਕੀ [੩੨]ਨਿਰਮਲ ਹੰਸ ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ[੩੩] ॥ ਕੋਟਿ [੩੪]ਪਰਲਉ ਓਪਤਿ ਨਿਮਖ ਮਾਹਿ ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥ ੬ ॥ ਕੋਟਿ ਗਿਆਨੀ ਕਥਹਿ ਗਿਆਨੁ ॥ ਕੋਟਿ ਧਿਆਨੀ ਧਰਤ ਧਿਆਨੁ ॥ ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੋੁਨਿ ਮਹਿ ਰਹਤੇ ॥ ੭ ॥ [੩੫]ਅਵਿਗਤ ਨਾਥੁ ਅਗੋਚਰ[੩੬]

੧ ਉਸ ਨੂੰ ਸਾਰੀਆਂ ਜਾਚਾਂ ਆਉਂਦੀਆਂ ਹਨ ।
੨ ਸਾਰੇ ਸੁਖ । ਦੇਖੋ ਪੰਨਾ ੧੧੨੯, ਫੁਟ ਨੋਟ*।
੩ ਆਪ ਹੁਦਰਾ ਤੇ ਮੂਰਖ ਹੈ ।
੪ ਉਸ ਨੂੰ ਰਾਜ ਤਖ਼ਤ ਉੱਤੇ ਬੈਠਣਾ ਮਿਲਦਾ ਹੈ।
੫ ਇਤਬਾਰ ।
੬ ਜਾਣਿਆ ਜਾਂਦਾ ਹੈ ।
੭ [ਸੰ. ਵਿਧਾਤ੍ਰਿ] ਰਚਨਹਾਰ, ਭਾਵ ਹਰੀ ਰੂਪ ਹੋ ਜਾਂਦਾ ਹੈ ।
੮ ਬਹੁਤੀਆਂ ।
੯ [ਪਸਾਰਾ] ਰਚਨਾ ਵਿੱਚ; ਸ੍ਰਿਸ਼ਟੀ ਵਿੱਚ । ਉਸ ਨੂੰ ਹਰੀ ਜਗਤ ਵਿੱਚ ਪਸਰਿਆ ਹੋਇਆ ਪ੍ਰਤੱਖ ਦਿਸ ਪੈਂਦਾ ਹੈ (ਕਿਉਂਕਿ ਜਿਵੇਂ ਅਗਲੀ ਤੁਕ ਵਿੱਚ ਦੱਸਿਆ ਹੈ, ਉਸ ਦਾ ਅਗਿਆਨ ਰੂਪ ਹਨੇਰਾ ਦੂਰ ਹੋ ਗਿਆ ਹੁੰਦਾ ਹੈ) ।
੧੦ ਮੁੱਕ ਗਏ ।
੧੧ ਹਰੀ-ਤੱਤ ਵਿੱਚ ਉਸ ਦਾ ਜੀਵ-ਤੱਤ ਮਿਲ ਜਾਂਦਾ ਹੈ ।
੧੨ ਕਰੋੜਾਂ ।
੧੩ ਧਰਮ ਕਮਾਵਣ ਦੀਆਂ ਥਾਵਾਂ ।
੧੪ ਕਰੋੜਾਂ ਸ਼ਿਵ ਜੀ ਪੈਦਾ ਕਰ ਕੇ ਖ਼ੈ ਕੀਤੇ ।
੧੫ ਸ੍ਰਿਸ਼ਟੀ ਰਚਣ 'ਤੇ ਲਾ ਰਖੇ ਹਨ ।
੧੬ [ਸਿੰਧੀ] ਮਾਲਕ ।
੧੭ ਵਰਣਨ ਨਹੀਂ ਕਰ ਸਕਦਾ ਉਸ ਦੇ ਗੁਣਾਂ ਦਾ ਵਿਸਥਾਰ ।
੧੮ ਟਹਿਲਣਾਂ, ਦਾਸੀਆਂ ।
੧੯ ਸੇਜਾਂ ਹਨ । ਭਾਵ ਉਨ੍ਹਾਂ ਵਿੱਚ ਵਸ ਰਿਹਾ ਹੈ।
੨੦ [ਸੰ. ਉਪਾਰਜਿਤ] ਪੈਦਾਇਸ਼ਾਂ, ਸ੍ਰਿਸ਼ਟੀਆਂ । ਕਰੋੜਾਂ ਸ੍ਰਿਸ਼ਟੀਆਂ ਤੇਰੇ ਅੰਗ ਵਿੱਚ ਸਮਾਅ ਰਹੀਆਂ ਹਨ ।
੨੧ ਰਾਜੇ ।
੨੨ ਖੜੇ ਹਨ ।
੨੩ ਪੂਰੇ ਜਾਂਦੇ ਹਨ ।
੨੪ ਗਾਣੇ, ਰਾਗ । ਭਾਵ ਕਰੋੜਾਂ ਵਾਜੇ ਵਜਦੇ ਹਨ ਤੇਰੇ ਦਰ 'ਤੇ ।
੨੫ ਅਖਾੜੇ ।
੨੬ ਅਸਚਰਜ ।
੨੭ ਕ੍ਰੋੜਾਂ ਮਾਇਆ ਤੇ ਸ਼ਿਵ ਤੇਰੇ ਹੁਕਮ ਵਿੱਚ ਹਨ।
੨੮ ਕਰੋੜਾਂ ਜੀਵਾਂ ਨੂੰ ਜੋ ਆਸਰਾ ਦਿੰਦਾ ਹੈ ।
੨੯ ਵਿੱਚ ।
੩੦ ਸੁੰਦਰ ।
੩੧ ਫੈਲਾਉ ।
੩੨ ਪਵਿੱਤਰ ਰੂਹਾਂ ਕਰਦੀਆਂ ਹਨ ।
੩੩ ਬ੍ਰਹਮਾ ਦੀ ਅੰਸ, ਸਨਕ ਆਦਿ ।
੩੪ ਨਾਸ ਤੇ ਉਤਪਤੀ ।
੩੫ ਨਾਸ ਰਹਿਤ ਹਰੀ । ਨਾਥੁ=ਮਾਲਕ ।
੩੬ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਉਹ ਵਾਹਿਗੁਰੂ।

* ਉਹ ਹਰੀ ਕਿਹੋ ਜਿਹਾ ਹੈ, ਜਿਸ ਦਾ ਜਾਪ ਕਰਨਾ ਹੈ ? ਉਹ ਵਿਸ਼ਨੂੰ, ਬ੍ਰਹਮਾ, ਸ਼ਿਵ, ਇੰਦਰ ਕੋਲੋਂ ਬਹੁਤ ਉੱਚਾ; ਜਿਤਨੇ ਖਿਆਲ ਉੱਚੀ ਤੋਂ ਉੱਚੀ ਸੋਚ ਵਾਲੇ ਉਸ ਦੀ ਬਾਬਤ ਅੱਗੇ ਕਹਿ ਚੁੱਕੇ ਹਨ, ਉਨ੍ਹਾਂ ਤੋਂ ਭੀ ਉੱਚਾ ਹੈ । ਉਹ ਤਾਂ ਅਗੰਮ ਅਗੋਚਰ ਹੈ, ਪਰ ਰਹਿੰਦਾ ਫਿਰ ਭੀ ਸਾਡੇ ਅੰਦਰ ਹੈ । ਇਹ ਗੱਲ ਗੁਰੂ ਤੋਂ ਸਮਝ ਆਉਂਦੀ ਹੈ ।

ਸੁਆਮੀ ॥ [੧]ਪੂਰਿ ਰਹਿਆ ਘਟ ਅੰਤਰਜਾਮੀ ॥ [੨]ਜਤ ਕਤ ਦੇਖਉ ਤੇਰਾ ਵਾਸਾ ॥ [੩]ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥ ੮ ॥ ੨ ॥ ੫ ॥ ਭੈਰਉ ਮਹਲਾ ੫* ॥ ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥ [੪]ਸਹਜ ਬਿਨੋਦ ਚੋਜ ਆਨੰਤਾ[੫] ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ[੬] ॥ ੧ ॥ ਕਹੁ ਨਾਨਕ ਕੀਰਤਿ[੭] ਹਰਿ ਸਾਚੀ ॥ [੮]ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥ ੧ ॥ ਰਹਾਉ ॥ ਅਚਿੰਤ[੯] ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥ ਅਚਿੰਤ ਹਮਾਰੈ [੧੦]ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥ ੨ ॥ ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ[੧੧] ॥ ਅਚਿੰਤ ਹਮਾਰੈ [੧੨]ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥ ੩ ॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ ਪੂਰਨ ਆਸਾ ॥ ਅਚਿੰਤ ਹਮ੍ਹਾ[੧੩] ਕਉ ਸਗਲ ਸਿਧਾਂਤੁ[੧੪] ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ[੧੫] ॥ ੪ ॥ ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥ ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥ ੫ ॥ ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥ ਅਚਿੰਤ ਹਮਾਰੈ ਅਨਹਤ[੧੬] ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ[੧੭] ॥ ੬ ॥ ਅਚਿੰਤ ਹਮਾਰੈ ਮਨੁ ਪਤੀਆਨਾ[੧੮] ॥ ਨਿਹਚਲ ਧਨੀ[੧੯] ਅਚਿੰਤੁ ਪਛਾਨਾ ॥ ਅਚਿੰਤੋ ਉਪਜਿਓ ਸਗਲ ਬਿਬੇਕਾ[੨੦] ॥ ਅਚਿੰਤ ਚਰੀ[੨੧] ਹਥਿ ਹਰਿ ਹਰਿ ਟੇਕਾ ॥ ੭ ॥ ਅਚਿੰਤ ਪ੍ਰਭੂ ਧੁਰਿ[੨੨] ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥ [੨੩]ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥ ੮ ॥ ੩ ॥ ੬ ॥

ਭੈਰਉ ਬਾਣੀ ਭਗਤਾ ਕੀ ॥ [੨੪]ਕਬੀਰ ਜੀਉ ਘਰੁ ੧ ੴ ਸਤਿਗੁਰ ਪ੍ਰਸਾਦਿ ॥ †ਇਹੁ ਧਨੁ ਮੇਰੇ ਹਰਿ ਕੋ ਨਾਉ ॥ [੨੫]ਗਾਂਠਿ ਨ ਬਾਧਉ ਬੇਚਿ ਨ ਖਾਉ ॥ ੧ ॥ ਰਹਾਉ ॥ ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ[੨੬] ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥ ੧ ॥ ਨਾਉ ਮੇਰੇ ਮਾਇਆ[੨੭] ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ ॥ ੨ ॥ ਨਾਉ ਮੇਰੇ ਬੰਧਿਪ[੨੮] ਨਾਉ ਮੇਰੇ ਭਾਈ ॥ ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ[੨੯] ॥ ੩ ॥ ਮਾਇਆ ਮਹਿ ਜਿਸੁ ਰਖੈ ਉਦਾਸੁ[੩੦] ॥ ਕਹਿ ਕਬੀਰ ਹਉ ਤਾ ਕੋ ਦਾਸੁ ॥ ੪ ॥ ੧ ॥ ‡ਨਾਂਗੇ ਆਵਨੁ ਨਾਂਗੇ ਜਾਨਾ ॥ ਕੋਇ ਨ ਰਹਿਹੈ ਰਾਜਾ ਰਾਨਾ ॥ ੧ ॥ [੩੧]ਰਾਮੁ ਰਾਜਾ ਨਉ ਨਿਧਿ ਮੇਰੈ ॥ ਸੰਪੈ[੩੨] ਹੇਤੁ[੩੩] ਕਲਤੁ[੩੪] ਧਨੁ ਤੇਰੈ ॥

੧ ਦਿਲਾਂ ਦੀਆਂ ਜਾਣਨ ਵਾਲਾ, ਦਿਲਾਂ ਵਿੱਚ ਸਮਾਅ ਰਿਹਾ ਹੈ ।
੨ ਜਿੱਥੇ ਕਿੱਥੇ ।
੩ ਨਾਨਕ ਨੂੰ ਗੁਰੂ ਨੇ ਇਹ ਚਾਨਣਾ ਦਿੱਤਾ ਹੈ ।
੪ ਸਹਜ-ਅਨੰਦ, ਉਹ ਖੁਸ਼ੀਆਂ ਤਮਾਸ਼ੇ ਜੋ ਮਨ ਨੂੰ ਅਡੋਲ ਰੱਖਣ ।
੫ ਬੇਅੰਤ ।
੬ ਅਚਨਚੇਤ ਸਾਡੇ ਵਲੋਂ ਜਿਸ ਦਾ ਖਿਆਲ ਵੀ ਨਾ ਸੀ ।
੭ ਸਿਫਤ ।
੮ ਮੁੜ-ਮੁੜ, ਬਾਰ-ਬਾਰ ਉਸ ਵਿੱਚ ਮਨ ਨੂੰ ਲਗਾ ਕੇ ।
੯ ਆਪਣੇ ਆਪ, ਸੁਤੇ ਹੀ । ਸਾਡੇ ਘਰ ਸੁਤੇ ਹੀ ਪ੍ਰੇਮ ਰੂਪ ਭੋਜਨ ਕੀਤਾ ਜਾਂਦਾ ਹੈ ।
੧੦ ਗੁਰ-ਸ਼ਬਦ ਰਾਹੀਂ ਪਾਰ ਉਤਾਰਾ ਹੁੰਦਾ ਰਹਿੰਦਾ ਹੈ।
੧੧ ਦੁੱਖ, ਝੋਰੇ ।
੧੨ ਵੈਰੀ ਵੀ ਮਿੱਤਰ ਹੋ ਗਏ ।
੧੩ ਸਾਨੂੰ ।
੧੪ ਤਤ ਦੀ ਪਛਾਣ ਹੋ ਗਈ ।
੧੫ ਉਪਦੇਸ਼, ਸਿੱਖਿਆ ।
੧੬ ਦੇਖੋ ਪੰਨਾ ੧੧੩੭, ਨੋਟ ੨੧ ।
੧੭ ਪ੍ਰਗਟ ਹੋਇਆ ਹੈ ।
੧੮ ਪਤੀਜ ਗਿਆ ।
੧੯ [ਸਿੰਧੀ. ਧਣੀ] ਮਾਲਕ ।
੨੦ ਨਿਰਣਾ, ਸ਼ਕਤੀ, ਵਿਚਾਰ ।
੨੧ ਚੜ੍ਹੀ । ਹੱਥ ਲੱਗੀ ਹੈ, ਮਿਲੀ ਹੈ ਹਰੀ ਦੀ ਟੇਕ।
੨੨ ਧੁਰ ਹਜ਼ੂਰੋਂ ।
੨੩ ਚਿੰਤਾ ਤੇ ਅਚਿੰਤਾ ਦੋਵੇਂ ਪੱਖ ਚਲੇ ਗਏ ਤੇ ਪ੍ਰਭੂ ਨਾਨਕ ਦਾ ਰੂਪ ਅਤੇ ਨਾਨਕ ਪ੍ਰਭੂ ਰੂਪ ਹੋ ਗਿਆ ।
੨੪ ਦੇਖੋ ਪੰਨਾ ੧੧੨੩, ਨੋਟ ੮ ।
੨੫ ਗੰਢ ਨਹੀਂ ਬੰਨ੍ਹਦਾ ਤੇ ਨਾ ਵੇਚ ਖਾਂਦਾ ਹਾਂ, ਭਾਵ ਨਾ ਸੂਮਾਂ ਵਾਂਗੂੰ ਆਪਣੇ ਪਾਸ ਹੀ ਘੁਟ ਕੇ ਬੰਨ੍ਹ ਰੱਖਦਾ ਹਾਂ ਤੇ ਨਾ ਐਵੇਂ ਹੀ ਸੁੱਟ ਪਾਉਂਦਾ ਹਾਂ।
੨੬ ਵਾੜੀ ।
੨੭ ਧਨ ।
੨੮ ਸੰਬੰਧੀ ।
੨੯ ਸਹਾਈ, ਮਦਦਗਾਰ ।
੩੦ ਮਾਇਆ ਤੋਂ ਨਿਰਲੇਪ ।
੩੧ ਹੇ ਰਾਜਾ ! ਮੇਰੇ ਪਾਸ ਰਾਮ ਨਾਮ ਹੀ ਨੌਂ ਨਿਧੀਆਂ ਹਨ; ਪਰ ਤੇਰੇ ਕੋਲ ਧਨ, ਇਸਤਰੀ ਤੇ ਹੋਰ ਮੋਹ ਹੈ । ਦੇਖੋ ਪੰਨਾ ੧੧੨੯, ਫੁਟ ਨੋਟ * ।
੩੨ ਸੰਪਦਾ, ਵਿਭੂਤੀ, ਐਸ਼ਵਰਜ, ਰਾਜ ਭਾਗ ।
੩੩ ਮੋਹ ।
੩੪ ਇਸਤਰੀ ।

* ਗੁਰੂ ਦੀ ਮਿਹਰ ਨਾਲ ਐਸਾ ਹਰੀ ਸੁਤੇ ਸਿਧ ਹੀ ਸਾਨੂੰ ਅਨੁਭਵ ਹੁੰਦਾ ਅਤੇ ਸਾਡੀ ਆਮ ਵਰਤੋਂ ਵਿੱਚ ਅੰਗ-ਸੰਗ ਰਹਿੰਦਾ ਹੋਇਆ ਆਪਣੇ ਨਾਲ ਇਕ ਮਈ ਕਰ ਦਿੰਦਾ ਹੈ ।

† ਨਾਮ ਹਰ ਤਰ੍ਹਾਂ ਦਾ ਧਨ ਤੇ ਸੰਪਦਾ ਹੈ ।

‡ ਇਸ ਧਨ ਨੂੰ ਛੱਡ ਕੇ ਸੰਸਾਰੀ ਧਨ ਤੇ ਸੰਪਦਾ ਪਿਛੇ ਪੈਣਾ ਆਪਣਾ ਜਨਮ ਵਿਅਰਥ ਗੁਆਣਾ ਹੈ।

੧ ॥ ਰਹਾਉ ॥ ਆਵਤ ਸੰਗ ਨ ਜਾਤ ਸੰਗਾਤੀ[੧] ॥ ਕਹਾ ਭਇਓ ਦਰਿ ਬਾਂਧੇ ਹਾਥੀ ॥ ੨ ॥ ਲੰਕਾ ਗਢੁ[੨] ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥ ੩ ॥ ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥ ੪ ॥ ੨ ॥ *ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ[੩] ਮੈਲਾ ਮੈਲਾ ਹੈ ਚੰਦੁ ॥ ੧ ॥ ਮੈਲਾ ਮਲਤਾ[੪] ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥ ੧ ॥ ਰਹਾਉ ॥ ਮੈਲੇ ਬ੍ਰਹਮੰਡਾਇ ਕੈ ਈਸ[੫] ॥ ਮੈਲੇ [੬]ਨਿਸਿ ਬਾਸੁਰ [੭]ਦਿਨ ਤੀਸ ॥ ੨ ॥ ਮੈਲਾ ਮੋਤੀ ਮੈਲਾ ਹੀਰੁ[੮] ॥ ਮੈਲਾ ਪਉਨੁ ਪਾਵਕੁ[੯] ਅਰੁ ਨੀਰੁ ॥ ੩ ॥ ਮੈਲੇ ਸਿਵ ਸੰਕਰਾ ਮਹੇਸ ॥ ਮੈਲੇ [੧੦]ਸਿਧ ਸਾਧਿਕ ਅਰੁ ਭੇਖ ॥ ੪ ॥ ਮੈਲੇ ਜੋਗੀ ਜੰਗਮ[੧੧] ਜਟਾ ਸਹੇਤਿ ॥ ਮੈਲੀ ਕਾਇਆ ਹੰਸ[੧੨] ਸਮੇਤਿ ॥ ੫ ॥ ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥ ੬ ॥ ੩ ॥† ਮਨੁ ਕਰਿ ਮਕਾ ਕਿਬਲਾ[੧੩] ਕਰਿ ਦੇਹੀ ॥ [੧੪]ਬੋਲਨਹਾਰੁ ਪਰਮ ਗੁਰੁ ਏਹੀ ॥ ੧ ॥ [੧੫]ਕਹੁ ਰੇ ਮੁਲਾਂ ਬਾਂਗ ਨਿਵਾਜ ॥ ਏਕ ਮਸੀਤਿ ਦਸੈ ਦਰਵਾਜ ॥ ੧ ॥ ਰਹਾਉ ॥ [੧੬]ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ [੧੭]ਭਾਖਿ ਲੇ ਪੰਚੈ ਹੋਇ ਸਬੂਰੀ ॥ ੨ ॥ ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ ਕਹ ਕਰੈ ਸੇਖ ॥ ੩ ॥ ਕਹਿ ਕਬੀਰ ਹਉ ਭਇਆ ਦਿਵਾਨਾ[੧੮] ॥ [੧੯]ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥ ੪ ॥ ੪ ॥ ‡[੨੦]ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥ ੧ ॥ ਬਿਗਰਿਓ ਕਬੀਰਾ [੨੧]ਰਾਮ ਦੁਹਾਈ ॥ ਸਾਚੁ ਭਇਓ[੨੨] ਅਨ ਕਤਹਿ ਨ ਜਾਈ ॥ ੧ ॥ ਰਹਾਉ ॥ ਚੰਦਨ ਕੈ ਸੰਗਿ ਤਰਵਰੁ[੨੩] ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥ ੨ ॥ ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ[੨੪] ਹੋਇ ਨਿਬਰਿਓ ॥ ੩ ॥ ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥ ੪ ॥ ੫ ॥ §ਮਾਥੇ ਤਿਲਕੁ ਹਥਿ ਮਾਲਾ ਬਾਨਾਂ[੨੫] ॥ [੨੬]ਲੋਗਨ ਰਾਮੁ ਖਿਲਉਨਾ ਜਾਨਾਂ ॥ ੧ ॥ ਜਉ ਹਉ ਬਉਰਾ ਤਉ ਰਾਮ ਤੋਰਾ[੨੭] ॥ ਲੋਗੁ ਮਰਮੁ[੨੮] ਕਹ ਜਾਨੈ ਮੋਰਾ ॥ ੧ ॥ ਰਹਾਉ ॥ [੨੯]ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥ ੨ ॥ ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹ ਸੁਖੁ ਪਾਵਉ ॥ ੩ ॥ ਲੋਗੁ ਕਹੈ ਕਬੀਰੁ ਬਉਰਾਨਾ ॥ [੩੦]ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥ ੪ ॥ ੬ ॥ ¶[੩੧]ਉਲਟਿ ਜਾਤਿ ਕੁਲ ਦੋਊ ਬਿਸਾਰੀ ॥ [੩੨]ਸੁੰਨ ਸਹਜ ਮਹਿ ਬੁਨਤ ਹਮਾਰੀ ॥ ੧ ॥ ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥ ੧ ॥

੧ ਸੰਗ ਨਾਲ ।
੨ ਗੜ੍ਹ, ਕਿਲ੍ਹਾ ।
੩ ਸੂਰਜ ।
੪ ਮਲੀਨ ।
੫ ਈਸ਼ਰ, ਰਾਜੇ । ਬ੍ਰਹਮੰਡਾਂ ਦੇ ਰਾਜੇ ।
੬ ਰਾਤ ਤੇ ਦਿਨ ।
੭ ਤੀਹ ਦਿਨ (ਮਹੀਨਾ) ।
੮ ਹੀਰਾ ।
੯ ਅਗਨੀ ।
੧੦ ਜੋ ਜੋਗ ਸਿਧੀ ਨੂੰ ਪ੍ਰਾਪਤ ਹੋ ਚੁੱਕੇ ਹਨ, ਓਹ 'ਸਿਧ' ਹਨ ਤੇ ਜਿਹੜੇ ਅਜੇ ਕਮਾਈ ਕਰ ਰਹੇ ਹਨ, ਓਹ 'ਸਾਧਿਕ' ਹਨ ।
੧੧ ਜੋਗੀਆਂ ਦਾ ਇਕ ਫ਼ਿਰਕਾ । ਜੰਗਮ ਜਟਾਂ ਸਹਿਤ ।
੧੨ ਜੀਵ ।
੧੩ [ਮੁਸਲਮਾਨਾਂ ਦਾ ਧਰਮ ਮੰਦਰ, ਜੋ ਮੱਕੇ ਸ਼ਹਿਰ ਵਿੱਚ ਹੈ ਅਤੇ ਜਿਸ ਵੱਲ ਮੂੰਹ ਕਰ ਕੇ ਨਮਾਜ਼ ਪੜ੍ਹੀ ਜਾਂਦੀ ਹੈ] ਧਰਮ ਮੰਦਰ ਜਿਸ ਵੱਲ ਮੂੰਹ ਕਰੀਏ; ਕਾਬੇ ਦੀ ਚਾਰ-ਦੀਵਾਰੀ ।
੧੪ ਜੀਵ ਹੀ ਵੱਡਾ ਪੀਰ ਹੈ ।
੧੫ ਹੇ ਮੁੱਲਾਂ ! ਇਸ ਦਸ ਦਰਵਾਜ਼ੇ ਵਾਲੇ ਸਰੀਰ ਅੰਦਰ ਹੀ ਬਾਂਗ ਦੇਹ ਤੇ ਨਮਾਜ਼ ਪੜ੍ਹ ।
੧੬ ਭਰਮ, ਤਾਮਸ ਤੇ ਕਦੂਰਤ (ਮਨ ਦੀ ਮਲੀਨਤਾ) ਨੂੰ ਮਾਰ ਦੇਹ । ਮਿਸਿਮਿਲਿ [ਫ਼ਾ. ਬਿਸਮਿਲ= ਬਿਸਮਿਲਾ ਪੜ੍ਹ ਕੇ ਜ਼ਿਬਹ ਕੀਤਾ ਹੋਇਆ] ਮਾਰ ਦੇਹ ।
੧੭ ਕਾਮਾਦਿ ਨੂੰ ਛੱਡ ਕੇ ਸਬਰ ਵਾਲਾ ਹੋ ਜਾ ।
੧੮ ਮਸਤ, ਆਸ਼ਕ ।
੧੯ ਜ਼ਿਬਹ ਕਰ ਕੇ, ਮਨ ਨੂੰ ਮਾਰ ਕੇ ਸਹਜ ਵਿੱਚ ਸਮਾਅ ਗਿਆ ਹਾਂ । ਸਹਜਿ= ਪੂਰਨ ਅਡੋਲਤਾ ਵਿੱਚ ।
੨੦ ਗੰਗਾ ਦੇ ਵਿੱਚ ਸਲਿਤਾ (ਨਦੀ) ਦੀ ਸ਼ਕਲ ਤਬਦੀਲ ਹੋਈ ਤੇ ਫਿਰ ਗੰਗਾ ਹੀ ਹੋ ਗਈ ।
੨੧ ਰਾਮ ਦੀ ਦੁਹਾਈ ਦੇ-ਦੇ ਕੇ ।
੨੨ ਹੋਰ ਕਿਤੇ ।
੨੩ ਰੁਖ ।
੨੪ ਸੋਨਾ ।
੨੫ ਇਹ ਬਣਾਵਟ ਬਣਾਈ ਹੈ ।
੨੬ ਰਾਮ ਨੂੰ ਮਿਲਣਾ ਲੋਕਾਂ ਨੇ ਮਖੌਲ ਸਮਝ ਛਡਿਆ ਹੈ ।
੨੭ ਤੇਰਾ ਹਾਂ ।
੨੮ ਭੇਦ ।
੨੯ ਪੂਜਾ ਕਰਨ ਲਈ ਨਹੀਂ ਤੋੜਦਾ ਪੱਤੇ ।
੩੦ ਕਬੀਰ ਦਾ ਭੇਦ ਰਾਮ ਜਾਣਦਾ ਹੈ ।
੩੧ ਮਨ ਨੂੰ ਮਾਇਆ ਵਲੋਂ ਉਲਟਾ ਕੇ ਕੁਲ ਜ਼ਾਤ ਵਿਸਾਰ ਦਿੱਤੀ ਹੈ ।
੩੨ ਅਫ਼ੁਰ ਅਵਸਥਾ ਵਿੱਚ ਲਿਵ ਰੂਪ ਤਾਣੀ ਲੀਣ ਹੈ ।

* ਹਰੀ ਨਾਮ ਤੋਂ ਬਿਨਾਂ ਸਭ ਕੁਝ ਅਪਵਿੱਤਰ ਹੈ ।

† ਮੁਸਲਮਾਨਾਂ ਨੂੰ ਸਿੱਖਿਆ ਦਿੱਤੀ ਹੈ ਕਿ ਬਾਹਰਲੀ ਸ਼ਰ੍ਹਾ ਉੱਤੇ ਜ਼ੋਰ ਦੇਣ ਦੀ ਥਾਂ ਆਪਣੀ ਅੰਦਰਲੀ ਜ਼ਿੰਦਗੀ ਨੂੰ ਸਵਾਰਨਾ, ਕਾਮ ਕ੍ਰੋਧ ਤੋਂ ਬਚ ਕੇ ਇਕ ਹਰੀ ਦੀ ਅਰਾਧਨਾ ਕਰਨੀ ਚਾਹੀਦੀ ਹੈ ਜੋ ਹਿੰਦੂ ਤੁਰਕ ਦਾ ਸਾਂਝਾ ਰੱਬ ਹੈ ।

‡ ਕਬੀਰ ਜੀ ਨੂੰ ਸੰਤਾਂ ਦਾ ਸੰਗ ਕਰਦਿਆਂ ਤੇ ਆਮ ਸੰਸਾਰੀਆਂ ਤੋਂ ਵੱਖਰੀ ਤਰ੍ਹਾਂ ਦੀ ਜ਼ਿੰਦਗੀ ਬਣਾਂਦਿਆਂ ਵੇਖ ਕੇ ਲੋਕ ਉਨ੍ਹਾਂ ਨੂੰ ਵਿਗੜਿਆ ਹੋਇਆ ਕਹਿੰਦੇ ਸਨ । ਕਬੀਰ ਜੀ ਦੱਸਦੇ ਹਨ ਕਿ ਹਾਂ ਮੈਂ ਇਵੇਂ ਹੀ ਵਿਗੜਿਆ ਹਾਂ ਜਿਵੇਂ ਆਮ ਨਦੀ ਦਾ ਪਾਣੀ ਗੰਗਾ ਨਾਲ ਮਿਲ ਕੇ ਜਾਂ ਆਮ ਦਰਖਤ ਚੰਦਨ ਨਾਲ ਮਿਲ ਕੇ ਜਾਂ ਤਾਂਬਾ ਪਾਰਸ ਨਾਲ ਮਿਲ ਕੇ ਵਿਗੜ ਜਾਂਦਾ ਹੈ; ਭਾਵ ਇਹ ਵਿਗਾੜ ਨਹੀਂ, ਬਿਹਤਰੀ ਲਈ ਤਬਦੀਲੀ ਹੈ, ਜਿਸ ਨਾਲ ਮੈਂ ਸੰਗਤ ਦੇ ਰਾਹੀਂ ਹਰੀ ਨਾਲ ਇਕ-ਮਿਕ ਹੋ ਗਿਆ ਹਾਂ ।

§ ਕਈ ਕਬੀਰ ਨੂੰ ਲੋਕ-ਰੀਤਿ ਛੱਡ ਕੇ ਰਾਮ-ਨਾਮ ਵਿੱਚ ਲੱਗਣ ਕਰ ਕੇ ਸ਼ੁਦਾਈ ਕਹਿਣ ਲੱਗ ਪਏ ਸਨ। ਕਬੀਰ ਜੀ ਕਹਿੰਦੇ ਹਨ ਕਿ ਬਉਰੇ ਤਾਂ ਓਹ ਹਨ ਜੋ ਹਰੀ ਨੂੰ ਖਿਡੌਣਾ ਜਾਣ ਕੇ ਉਸ ਦੇ ਪ੍ਰਸੰਨ ਕਰਨ ਲਈ ਤਿਲਕ ਮਾਲਾ ਮੂਰਤੀ-ਪੂਜਾ ਆਦਿ ਭਰਮ ਰੂਪ ਕਰਮ ਕਰਦੇ ਹਨ । ਇਹੋ ਜਿਹੇ ਲੋਕ ਨਿਰੰਕਾਰ ਦੇ ਪੁਜਾਰੀ ਕਬੀਰ ਦਾ ਭੇਦ ਕਿਵੇਂ ਜਾਣ ਸਕਦੇ ਹਨ ।

¶ ਕਬੀਰ ਜੀ ਆਪਣਾ ਵੱਖਰਾ ਤਰੀਕਾ ਦੱਸਦੇ ਹਨ ਕਿ ਅਸਾਂ ਸਭ ਕੁਲ-ਰੀਤਿ ਅਤੇ ਪੰਡਤਾਂ ਮੁਲਾਣਿਆਂ ਦੇ ਦੱਸੇ ਹੋਏ ਰਸਤਿਆਂ ਨੂੰ ਛੱਡ ਕੇ ਇਕ ਹਰੀ ਦੇ ਪ੍ਰੇਮ ਵਾਲਾ ਰਸਤਾ ਪਕੜਿਆ ਹੈ ।

ਰਹਾਉ ॥ ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ[੧] ਤਹਾ ਹੋਇ ਗਾਵਉ ॥ ੨ ॥ [੨]ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥ ੩ ॥ ਰਿਦੈ ਇਖਲਾਸੁ[੩] ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥ ੪ ॥ ੭ ॥ *ਨਿਰਧਨ ਆਦਰੁ ਕੋਈ ਨ ਦੇਇ ॥ ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥ ਜਉ ਨਿਰਧਨੁ ਸਰਧਨ[੪] ਕੈ ਜਾਇ ॥ ਆਗੇ ਬੈਠਾ [੫]ਪੀਠਿ ਫਿਰਾਇ ॥ ੧ ॥ ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ ॥ ੨ ॥ ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ[੬] ਨ ਮੇਟੀ ਜਾਈ ॥ ੩ ॥ ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥ ੪ ॥ ੮ ॥ †ਗੁਰ ਸੇਵਾ ਤੇ ਭਗਤਿ ਕਮਾਈ ॥ [੭]ਤਬ ਇਹ ਮਾਨਸ ਦੇਹੀ ਪਾਈ ॥ [੮]ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥ ਭਜਹੁ ਗੋਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥ ਜਬ ਲਗੁ ਜਰਾ[੯] ਰੋਗੁ ਨਹੀ ਆਇਆ ॥ ਜਬ ਲਗੁ ਕਾਲਿ [੧੦]ਗ੍ਰਸੀ ਨਹੀ ਕਾਇਆ ॥ ਜਬ ਲਗੁ ਬਿਕਲ[੧੧] ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ[੧੨] ॥ ੨ ॥ ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥ ਜੋ ਕਿਛੁ ਕਰਹਿ ਸੋਈ ਅਬ ਸਾਰੁ[੧੩] ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ੩ ॥ ਸੋ ਸੇਵਕੁ ਜੋ ਲਾਇਆ ਸੇਵ ॥ [੧੪]ਤਿਨ ਹੀ ਪਾਏ ਨਿਰੰਜਨ ਦੇਵ ॥ ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ[੧੫] ॥ ਬਹੁਰਿ ਨ ਆਵੈ ਜੋਨੀ ਬਾਟ[੧੬] ॥ ੪ ॥ ਇਹੀ ਤੇਰਾ ਅਉਸਰੁ[੧੭] ਇਹ ਤੇਰੀ ਬਾਰ[੧੮] ॥ [੧੯]ਘਟ ਭੀਤਰਿ ਤੂ ਦੇਖੁ ਬਿਚਾਰਿ ॥ ਕਹਤ ਕਬੀਰੁ [੨੦]ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥ ‡[੨੧]ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥ [੨੨]ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥ ੧ ॥ [੨੩]ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥ ੧ ॥ ਰਹਾਉ ॥ [੨੪]ਮੂਲ ਦੁਆਰੈ ਬੰਧਿਆ ਬੰਧੁ ॥ ਰਵਿ ਊਪਰਿ ਗਹਿ ਰਾਖਿਆ ਚੰਦੁ ॥ ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥ ੨ ॥ [੨੫]ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥ ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥ ੩ ॥ ੨ ॥ ੧੦ ॥ ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ[੨੬] ॥ [੨੭]ਕਾਲ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥ ੧ ॥ ਹੈ

੧ ਹੰਕਾਰ ।
੨ ਹਿੰਦੂ ਮੁਸਲਮਾਨ ਆਗੂਆਂ ਨੇ ਜੋ ਕੁਝ ਸਾਡੀ ਅਗਵਾਈ ਲਈ ਲਿਖਿਆ ਸੀ, ਭਾਵ ਉਨ੍ਹਾਂ ਦੀਆਂ ਜੋ ਧਾਰਮਕ ਪੁਸਤਕਾਂ ਹਨ, ਉਨ੍ਹਾਂ ਵਿੱਚੋਂ ਅਸਾਂ ਕੁਝ ਨਹੀਂ ਲਿਆ, ਉਨ੍ਹਾਂ ਦੇ ਮਤ ਦੀ ਕੋਈ ਗੱਲ ਧਾਰਨ ਨਹੀਂ ਕੀਤੀ, ਸਭ ਕੁਝ ਛੱਡ ਦਿੱਤਾ । ਦਸਵੇਂ ਸ਼ਬਦ ਵਿੱਚ ਹਿੰਦੂਆਂ ਦੇ ਗੁੰਝਲਦਾਰ ਅਭਿਆਸਾਂ ਤੋਂ ਛੁਡਾਇਆ ਹੈ ਅਤੇ ਯਾਰ੍ਹਵੇਂ ਵਿੱਚ ਮੁਸਲਮਾਨਾਂ ਦੇ ਧਾਰਮਿਕ ਤੇ ਮੁਲਕੀ ਆਗੂਆਂ ਦੀਆਂ ਜ਼ੋਰਾਵਰੀਆਂ ਤੋਂ ।
੩ [ਅ. ਖਾਲਿਸਪੁਣਾ, ਨਿਰੋਲਤਾ] ਪਵਿੱਤਰਤਾ । ਜੇ ਹਿਰਦੇ ਵਿੱਚ ਸਫਾਈ ਹੈ ਤਾਂ ਹਰੀ ਨੂੰ ਵੇਖ ਲੈ !
੪ ਧਨਵਾਨ ।
੫ ਪਿੱਠ ਫੇਰ ਦਿੰਦਾ ਹੈ ।
੬ ਖੇਡ, ਹੁਕਮ ।
੭ ਤਾਂ ਸਮਝੋ ਕਿ ਮਨੁੱਖਾ ਦੇਹੀ ਲੱਭੀ ਸਫਲ ਹੈ।
੮ ਇਹ ਦੇਹੀ ਐਸੀ ਅਮੋਲਕ ਹੈ ਕਿ ਦੇਵਤੇ ਭੀ ਇਸ ਦੀ ਪ੍ਰਾਪਤੀ ਲਈ ਚਾਹਨਾ ਕਰਦੇ ਹਨ । ਇਸ ਲਈ ਐਸੀ ਦੇਹੀ ਦੁਆਰਾ ਹਰੀ ਦੀ ਸੇਵਾ ਕਰਨੀ ਯਾਦ ਰੱਖੋ ।
੯ ਬੁਢੇਪਾ ।
੧੦ ਖਾਧੀ ਨਹੀਂ ।
੧੧ ਕਲ ਰਹਿਤ, ਕਮਜ਼ੋਰ, ਬੇਥਵ੍ਹੀ।
੧੨ [ਸਾਰੰਗ-ਪਾਣਿ; ਧਰਤੀ ਹੈ ਜਿਸ ਦੇ ਹੱਥ ਵਿੱਚ] ਵਾਹਿਗੁਰੂ ।
੧੩ ਸਾਰ ਲੈ, ਕਰ ਲੈ ।
੧੪ ਉਸੇ ਨੂੰ ਨਿਰਲੇਪ ਹਰੀ ਜੀ ਮਿਲੇ ।
੧੫ [ਕਿਵਾੜ] ਭਿਤ ਮਨ ਦੇ ।
੧੬ ਰਾਹ । ਜੂਨਾਂ ਦੇ ਰਾਹ 'ਤੇ ਮੁੜ ਨਹੀਂ ਆਉਂਦਾ।
੧੭ ਸਮਾਂ, ਮੌਕਾ ।
੧੮ ਵੇਲਾ ।
੧੯ ਦਿਲ ਵਿੱਚ ।
੨੦ ਹੁਣ ਤੂੰ ਭਾਵੇਂ ਐਸੀ ਤਰ੍ਹਾਂ ਜੀਵਨ ਦੀ ਖੇਡ ਨੂੰ ਖੇਡ ਕਿ ਜਿੱਤ ਜਾਵੇਂ ਜਾਂ ਭਾਵੇਂ ਹਾਰ ਜਾਵੇਂ ਮੈਂ ਤਾਂ ਤੈਨੂੰ ਕਈ ਢੰਗਾਂ ਨਾਲ ਪੁਕਾਰ-ਪੁਕਾਰ ਕੇ ਕਹਿ ਦਿੱਤਾ ਹੈ ।
੨੧ ਚੇਤਨਤਾ ਦੇ ਸ਼ਹਿਰ, ਦਸਮ ਦੁਆਰ ਵਿੱਚ (ਜਿਥੇ ਹਰੀ ਅਨੁਭਵ ਹੁੰਦਾ ਹੈ) ਸ੍ਰੇਸ਼ਟ ਬੁਧੀ ਵਸਦੀ ਹੈ; ਉਸੇ ਨੂੰ ਪ੍ਰਾਪਤ ਕਰ ਕੇ ਹਰੀ ਦਾ ਵਿਚਾਰ ਕਰੋ; ਉਸੇ ਨਾਲ ਤੁਹਾਨੂੰ ਲੋਕ-ਪ੍ਰਲੋਕ ਦੀ ਸੋਝੀ ਹੋ ਜਾਵੇਗੀ ।
੨੨ ਕੀ ਫਾਇਦਾ ਹੈ ਮੇਰਾ-ਮੇਰਾ ਕਰਕੇ ਮਰਨ ਦਾ? ਕਉਨੁ ਕਰਮ=ਇਹ ਕੀ ਕੰਮ ਹੋਇਆ (ਕਿ ਮੇਰਾ-ਮੇਰਾ ਕਰਦੇ ਮਰਦੇ ਰਹੇ) ?
੨੩ ਆਪਣੇ ਸਰੂਪ ਦੀ ਲਖਤਾ ਉਤੇ ਧਿਆਨ ਜੋੜਿਆ ਹੈ। ਹਰੀ-ਨਾਮ ਹੀ ਮੇਰੇ ਲਈ ਬ੍ਰਹਮ ਗਿਆਨ ਹੈ।
੨੪ (ਸਭ ਦੇ ਮੂਲ) ਹਰੀ ਦੇ ਦਵਾਰੇ ਅਸਾਂ ਮਨ ਦਾ ਸੰਬੰਧ ਬਣਾਇਆ ਹੈ । ਤਮੋ ਸੁਭਾਵ ਉੱਤੇ ਸਤੋ ਸੁਭਾਵ ਨੂੰ ਚੜ੍ਹਾਇਆ ਹੈ, ਭਾਵ ਤਮੋ ਗੁਣ ਦੂਰ ਕੀਤਾ ਹੈ । ਜਿਥੇ ਅਗਿਆਨਤਾ ਸੀ, ਉਥੇ ਸੂਰਜ (ਗਿਆਨ) ਬਲ ਉਠਿਆ ਹੈ । ਸ਼੍ਰੋਮਣੀ ਲਗਨ ਸਭ ਦੇ ਉੱਤੇ ਹੈ ਭਾਵ ਸਭ ਤੋਂ ਪ੍ਰਬਲ ਹੈ । ਮੇਰ ਡੰਡ=ਮੇਰੁ ਦੰਡ=ਕੰਗਰੋੜ ਦੀ ਹੱਡੀ ਨਾਲ ਲੱਗੀ ਸੁਖਮਨਾ ਨਾੜੀ ਜੋ ਦਿਮਾਗ ਤੱਕ ਜਾਂਦੀ ਹੈ, ਗੁਰਮਤਿ ਅਨੁਸਾਰ ਇਸ ਤੋਂ ਭਾਵ ਮਨ ਨੂੰ ਹਰੀ ਵੱਲ ਲਿਜਾਣ ਵਾਲੀ ਲਗਨ ਹੈ ।
੨੫ ਪਿਛਲੇ ਦਰਵਾਜ਼ੇ ਦੇ ਓਹਲੇ ਇਕ ਪੱਥਰ ਹੈ, ਭਾਵ ਅਗਿਆਨਤਾ ਦੇ ਪਿੱਛੇ ਜੜ੍ਹ ਚੀਜ਼ਾਂ ਦੀ ਲਗਨ ਹੈ । ਇਸ ਜੜ੍ਹ ਚੀਜ਼ਾਂ ਦੀ ਲਗਨ ਦੇ ਉੱਤੇ ਇਕ ਹੋਰ ਮਾਨਸਕ ਲਗਨ ਹੈ, ਫਿਰ ਉਸ ਦੇ ਉੱਤੇ ਹਰੀ ਦੀ ਲਗਨ ਦਾ ਅਸਥਾਨ ਹੈ। ਇਹ ਲਗਨ ਬੇਅੰਤ ਦੀ ਹੈ (ਮਨੁੱਖ ਦਾ ਧਿਆਨ ਪਹਿਲਾਂ ਮਾਦੀ ਸੰਸਾਰ ਦੀਆਂ ਵਸਤਾਂ ਵਿੱਚ ਲੱਗਾ ਹੁੰਦਾ ਹੈ; ਫਿਰ ਕੁਝ ਉੱਚਾ ਹੋ ਕੇ ਮਨ ਦੀਆਂ ਸਾਹਿੱਤਕ, ਦਿਮਾਗੀ ਜਾਂ ਵਿਗਿਆਨਕ ਵਿਚਾਰਾਂ ਵਿੱਚ ਲਗਦਾ ਹੈ; ਅੰਤ ਇਸ ਤੋਂ ਭੀ ਉੱਚਾ ਹੋ ਕੇ ਹਰੀ ਦੇ ਮੇਲ ਲਈ ਲਗਨ ਲਾ ਲੈਂਦਾ ਹੈ) ਆਤਮਾ ਦੀ ਉੱਚੀ ਤੋਂ ਉੱਚੀ ਹਾਲਤ ਨੂੰ ਜਿਸ ਵਿੱਚ ਹਰੀ ਦਾ ਮੇਲ ਅਨੁਭਵ ਹੁੰਦਾ ਹੈ, ਦਸਮ-ਦੁਆਰ ਕਹਿੰਦੇ ਹਨ।
੨੬ ਜੁਟੇ, ਲੜੇ ।
੨੭ ਜਮ ਰਾਜ ਦੇ ਹੰਕਾਰ ਨੂੰ ਮਲ ਦੇਵੇ ।

---

* ਅਸਲੀ ਧਨ ਨਾਮ ਹੈ ।

† ਨਾਮ ਜਪਣ ਦਾ ਔਸਰ ਇਹੋ ਮਨੁੱਖਾ ਜਨਮ ਹੈ । ਇਸ ਤੋਂ ਨਹੀਂ ਖੁੰਝਣਾ ਚਾਹੀਦਾ । ਮਨੁੱਖਾ ਜਨਮ ਵਿੱਚੋਂ ਭੀ ਜਵਾਨੀ ਦਾ ਸਮਾਂ ਐਵੇਂ ਨਹੀਂ ਗੁਆਣਾ ਚਾਹੀਦਾ ।

‡ ਕਬੀਰ ਜੀ ਯੋਗ ਅਭਿਆਸ ਦੇ ਲਫਜ਼ ਵਰਤ ਕੇ ਉਸ ਦੀ ਥਾਂ ਅਸਲ ਬ੍ਰਹਮ-ਗਿਆਨ ਸਮਝਾਉਂਦੇ ਹਨ। ਯੋਗੀ ਲੋਕ ਆਪਣੇ ਪ੍ਰਾਣ ਦਸਮ-ਦੁਆਰ ਚੜ੍ਹਾਉਣ ਦਾ ਇਉਂ ਜਤਨ ਕਰਦੇ ਹਨ ਕਿ ਪਹਿਲਾਂ (ਮੂਲ ਦੁਆਰੇ) ਗੁਦਾ ਨੂੰ ਗਿੱਟੇ ਨਾਲ ਬੰਦ ਕਰ ਕੇ ਹਵਾ ਨੂੰ ਓਧਰੋਂ ਨਿਕਲਣ ਤੋਂ ਰੋਕਦੇ ਹਨ । ਇਹ ਮੂਲਬੰਧ ਅਖਵਾਂਦਾ ਹੈ । ਫੇਰ ਦਸਮ ਦੁਆਰ ਤੋਂ ਹੇਠਾਂ ਵਾਲੀ ਸੰਘ ਦੀ ਮੋਰੀ ਨੂੰ ਜੀਭ ਨਾਲ ਬੰਦ ਕਰਦੇ ਹਨ, ਜਿਸ ਨਾਲ 'ਚੰਦ੍ਰਮਾ' ਵਿੱਚੋਂ ਝਰਦਾ ਅੰਮ੍ਰਿਤ ਉਪਰ ਹੀ ਰੁਕ ਜਾਂਦਾ ਹੈ ਅਤੇ ਥੱਲੇ ਮਿਹਦੇ ਦੀ ਅੱਗ (ਸੂਰਜ) ਵਿੱਚ ਪੈ ਕੇ ਨਹੀਂ ਸੜਦਾ । ਪਰ ਹੇਠਲੇ ਪ੍ਰਾਣ ਥੱਲੇ ਰਹਿ ਜਾਣ ਕਰ ਕੇ ਅੰਦਰ ਬੜੀ ਗਰਮੀ ਪੈਦਾ ਹੋ ਜਾਂਦੀ ਹੈ, ਜਿਸ ਨਾਲ ਕੁੰਡਲਨੀ ਨਾੜੀ ਸੁਲਝ ਜਾਂਦੀ ਹੈ ਅਤੇ ਪ੍ਰਾਣ ਸੁਖਮਨਾ ਨਾੜੀ ਵਿੱਚ ਚਲੇ ਜਾਂਦੇ ਹਨ। ਜਿਥੇ ਇੜਾ, ਪਿੰਗਲਾ ਤੇ ਸੁਖਮਨਾ ਦਾ ਮੇਲ ਹੈ, ਉਸ ਨੂੰ 'ਪੱਛਮ ਦੁਆਰਾ' ਕਿਹਾ ਹੈ ।

ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ[੧] ਬਾਧਹੁ ਸੁੰਦਰ[੨] ਪਾਵਹੁ ॥ ੧ ॥
ਰਹਾਉ ॥ ਕਾਜੀ ਸੋ ਜੁ ਕਾਇਆ ਬੀਚਾਰੈ ॥ [੩]ਕਾਇਆ ਕੀ ਅਗਨਿ ਬ੍ਰਹਮੁ
ਪਰਜਾਰੈ ॥ ਸੁਪਨੈ ਬਿੰਦੁ[੪] ਨ ਦੇਈ ਝਰਨਾ ॥ ਤਿਸੁ ਕਾਜੀ ਕਉ [੫]ਜਰਾ ਨ
ਮਰਨਾ ॥ ੨ ॥ [੬]ਸੋ ਸੁਰਤਾਨੁ ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ ਭੀਤਰਿ
ਆਨੈ ॥ [੭]ਗਗਨ ਮੰਡਲ ਮਹਿ ਲਸਕਰੁ[੮] ਕਰੈ ॥ ਸੋ ਸੁਰਤਾਨੁ ਛਤ੍ਰੁ
ਸਿਰਿ ਧਰੈ ॥ ੩ ॥ [੯]ਜੋਗੀ ਗੋਰਖੁ ਗੋਰਖੁ ਕਰੈ ॥ ਹਿੰਦੂ ਰਾਮ ਨਾਮੁ ਉਚਰੈ ॥
ਮੁਸਲਮਾਨ ਕਾ ਏਕੁ ਖੁਦਾਇ ॥ ਕਬੀਰ ਕਾ ਸੁਆਮੀ ਰਹਿਆ ਸਮਾਇ ॥
੪ ॥ ੩ ॥ ੧੧ ॥ ਮਹਲਾ ੫* ॥ ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ
ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ[੧੦] ਪਾਇ ॥ ਤਿਸ ਕੀ ਘਾਲ ਅਜਾਂਈ[੧੧]
ਜਾਇ ॥ ੧ ॥ ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ
ਦਾਨੁ ਦੇਤਾ ॥ ੧ ॥ ਰਹਾਉ ॥ ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ
ਮੋਹਿਆ ਪਾਵੈ ਫੰਧੁ ॥ ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ
ਨਿਹਫਲ ਹੈ ਸੇਵ ॥ ੨ ॥ ਜੇ [੧੨]ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ
ਕਹਹੁ ਕਵਨ ਫਲ ਪਾਵੈ ॥ ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥
ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥ ਕਹਤ ਕਬੀਰ ਹਉ ਕਹਉ
ਪੁਕਾਰਿ ॥ ਸਮਝਿ ਦੇਖੁ ਸਾਕਤ[੧੩] ਗਾਵਾਰ ॥ [੧੪]ਦੂਜੈ ਭਾਇ ਬਹੁਤੁ ਘਰ
ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ[੧੫] ॥ ੪ ॥ ੪ ॥ ੧੨ ॥ †ਜਲ ਮਹਿ
ਮੀਨ[੧੬] ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ[੧੭] ॥ ਕਾਮ
ਮਾਇਆ [੧੮]ਕੁੰਚਰ ਕਉ ਬਿਆਪੈ ॥ ਭੁਇਅੰਗਮ[੧੯] ਭ੍ਰਿੰਗ[੨੦] ਮਾਇਆ ਮਹਿ
ਖਾਪੇ[੨੧] ॥ ੧ ॥ ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ
ਡਹਕਾਈ[੨੨] ॥ ੧ ॥ ਰਹਾਉ ॥ ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ [੨੩]ਸਾਕਰ
ਮਾਖੀ ਅਧਿਕ ਸੰਤਾਪੇ ॥ [੨੪]ਤੁਰੇ ਉਸਟ ਮਾਇਆ ਮਹਿ ਭੇਲਾ ॥ ਸਿਧ
ਚਉਰਾਸੀਹ ਮਾਇਆ ਮਹਿ ਖੇਲਾ ॥ ੨ ॥ [੨੫]ਛਿਅ ਜਤੀ ਮਾਇਆ ਕੇ
ਬੰਦਾ[੨੬] ॥ [੨੭]ਨਵੈ ਨਾਥ ਸੂਰਜ ਅਰੁ ਚੰਦਾ ॥ ਤਪੇ ਰਖੀਸਰ ਮਾਇਆ
ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥ ੩ ॥
ਸੁਆਨ[੨੮] ਸਿਆਲ[੨੯] ਮਾਇਆ ਮਹਿ ਰਾਤਾ ॥ ਬੰਤਰ[੩੦] ਚੀਤੇ ਅਰੁ
ਸਿੰਘਾਤਾ[੩੧] ॥ ਮਾਂਜਾਰ[੩੨] ਗਾਡਰ[੩੩] ਅਰੁ ਲੂਬਰਾ[੩੪] ॥ ਬਿਰਖ ਮੂਲ[੩੫] ਮਾਇਆ
ਮਹਿ ਪਰਾ ॥ ੪ ॥ ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ
ਧਰਤੇਵ[੩੬] ॥ ਕਹਿ ਕਬੀਰ ਜਿਸੁ ਉਦਰੁ[੩੭] ਤਿਸੁ ਮਾਇਆ ॥ ਤਬ ਛੂਟੇ ਜਬ
ਸਾਧੂ[੩੮] ਪਾਇਆ ॥ ੫ ॥ ੫ ॥ ੧੩ ॥ ‡ਜਬ ਲਗੁ ਮੇਰੀ ਮੇਰੀ ਕਰੈ ॥
ਤਬ ਲਗੁ ਕਾਜੁ ਏਕੁ ਨਹੀ ਸਰੈ[੩੯] ॥ ਜਬ ਮੇਰੀ ਮੇਰੀ ਮਿਟਿ ਜਾਇ ॥

੧ [ਸੰ. ਦੂੰਦ੍ਵਾਲੂ] ਰੌਲਾ ਪਾਣ ਵਾਲੇ, ਕਾਮਾਦਿਕ, ਦੇਖੋ ਪੰਨਾ ੧੦੩੧, ਨੋਟ ੨੭) ।
੨ ਸੁੰਦਰ ਹਰੀ ਨੂੰ ।
੩ ਸਰੀਰ ਦੀ ਅਗਨੀ ਵਿੱਚ ਬ੍ਰਹਮ ਨੂੰ ਪ੍ਰਕਾਸ਼ੇ, ਭਾਵ ਸਰੀਰਕ ਰੁਚੀਆਂ ਵਿੱਚੋਂ ਹੀ ਇਲਾਹੀ ਗਿਆਨ ਦਾ ਪ੍ਰਕਾਸ਼ ਕਰੇ । ਦੇਖੋ ਪੰਨਾ ੯੫੨, ਨੋਟ ੪੦।
੪ ਬੂੰਦ, ਵੀਰਜ, ਵਿਸ਼ੇ ਦਾ ਖਿਆਲ (ਮੁਸਲਮਾਨਾਂ ਦੇ ਆਗੂਆਂ ਦੀ ਖ਼ਾਸ ਕਮਜ਼ੋਰੀ ਵੱਲ ਇਸ਼ਾਰਾ ਕਰ ਰਹੇ ਹਨ) ।
੫ ਬੁਢੇਪਾ ਨਾ ਮੌਤ ।
੬ ਉਹ ਸੁਲਤਾਨ ਅਖਵਾਣ ਦੇ ਯੋਗ ਹੈ, ਜੋ (ਗਿਆਨ ਤੇ ਵੈਰਾਗ ਦੇ) ਤੀਰ ਖਿੱਚੇ ਤੇ ਬਾਹਰ ਜਾਂਦੇ ਮਨ ਨੂੰ ਰੋਕੇ ।
੭ [ਦਸਮ ਦੁਆਰ ਵਿੱਚ] ਆਤਮਾ ਦੀ ਉੱਚੀ ਹਾਲਤ ਵਿੱਚ ।
੮ ਸ਼ੁਭ ਗੁਣਾਂ ਦੇ ਲਸ਼ਕਰ । ਉੱਚੀ ਗਿਆਨ ਅਵਸਥਾ ਵਿੱਚ ਪੁੱਜ ਕੇ ਸ਼ੁਭ ਗੁਣ 'ਕੱਠੇ ਕਰੇ, ਤਾਂ ਉਹ ਸੁਲਤਾਨ ਸਿਰ 'ਤੇ ਛਤਰ ਧਰਦਾ ਹੈ।
੯ ਭਾਵ ਇਹ ਕੁਝ ਕੂਕਦੇ ਹੋਏ ਵੀ ਇਹ ਸਾਰੇ ਉਸ ਨੂੰ ਸਰਬ-ਵਿਆਪਕ ਨਹੀਂ ਵੇਖਦੇ । ਦੇਖੋ ਪੰਨਾ ੧੬੩, ਨੋਟ ੨੧ ।
੧੦ ਪੈਰੀਂ ।
੧੧ [ਕੁਥਾਂ] ਬਿਰਥਾ ।
੧੨ ਮੁਰਦੇ ਨੂੰ (ਇਥੇ ਪੱਥਰ ਦੀ ਨਿਰਜੀਵ ਮੂਰਤ ਨੂੰ ਮੁਰਦਾ ਕਿਹਾ ਹੈ) ।
੧੩ ਮਾਦਾ-ਪ੍ਰਸਤ, ਜੜ੍ਹ ਦੀ ਪੂਜਾ ਕਰਨ ਵਾਲਾ ।
੧੪ ਇਕ ਹਰੀ ਨੂੰ ਵਿਸਾਰ ਕੇ ਕਿਸੇ ਹੋਰ ਦੀ ਭਗਤੀ ਕਰਨੀ ।
੧੫ ਸੁਖੀ ।
੧੬ ਮੱਛੀ ।
੧੭ ਵਿੰਨ੍ਹੇ ਹੋਏ ।
੧੮ ਹਾਥੀ ਨੂੰ ।
੧੯ ਸੱਪ ।
੨੦ ਭੌਰਾ ।
੨੧ ਖਪ ਗਏ ।
੨੨ ਭਰਮਾਉਂਦੀ ਹੈ ।
੨੩ ਸ਼ੱਕਰ ਮੱਖੀ ਨੂੰ ਬਹੁਤ ਦੁੱਖ ਦਿੰਦੀ ਹੈ ।
੨੪ ਘੋੜੇ ਤੇ ਊਠ ਮਾਇਆ ਵਿੱਚ ਮਿਲੇ ਹਨ । ਭੇਲਾ [ਮਰਾਠੀ, ਭੇਲ=ਮੇਲ] ਮਿਲੇ ਹੋਏ, ਲੀਨ ।
੨੫ ਭੈਰੋਂ, ਹਨੂੰਮਾਨ, ਲਛਮਣ, ਗੋਰਖ, ਭੀਸ਼ਮ, ਦੱਤ।
੨੬ ਗੁਲਾਮ ।
੨੭ ਜੋਗੀਆਂ ਦੇ ਨੌਂ ਵੱਡੇ-ਵੱਡੇ ਨਾਥ, ਗੋਰਖ, ਮਛੰਦਰ ਆਦਿ ।
੨੮ ਕੁੱਤੇ ।
੨੯ ਗਿੱਦੜ । ੩੦ ਬੰਦਰ ।
੩੧ ਸ਼ੇਰ ।
੩੨ ਬਿੱਲੇ । ੩੩ ਭੇਡਾਂ ।
੩੪ ਲੂੰਬੜ ।
੩੫ ਮੁੱਢ, ਜੜ੍ਹਾਂ ।
੩੬ ਧਰਤੀ । ੩੭ ਪੇਟ ।
੩੮ ਗੁਰੂ, ਸਾਧੂ ।
੩੯ ਪੂਰਾ ਹੁੰਦਾ ।

* ਪੰਚਮ ਪਾਤਸ਼ਾਹ ਨੇ ਇਹ ਸ਼ਬਦ ਕਬੀਰ ਸਾਹਿਬ ਦੀ ਬਾਣੀ ਵਿਚੋਂ ਲੈ ਕੇ ਕੁਝ ਅਦਲਾ-ਬਦਲੀ ਕਰ ਕੇ ਇਥੇ ਅਪਣਾ ਕੇ ਦਿੱਤਾ ਹੈ, ਜਿਵੇਂ ਪੰਨਾ ੧੧੩੬ ਉਤੇ 'ਵਰਤ ਨ ਰਹਉ ਨ ਮਹ ਰਮਦਾਨਾ' ਵਾਲਾ ਸ਼ਬਦ ਘਟ ਵਧ ਕਰ ਕੇ ਅਪਣਾਇਆ ਸੀ ਜਾਂ ਜਿਵੇਂ ਉਤਲੇ ਸ਼ਬਦ ਦੀਆਂ ਕੁਝ ਤੁਕਾਂ ('ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ' ਆਦਿ) ਪਹਿਲੀ ਪਾਤਸ਼ਾਹੀ ਨੇ ਪੰਨਾ ੯੫੨ ਉਤੇ ਅਪਣਾਈਆਂ ਸਨ ।

ਪਿਛਲੇ ਪੰਨੇ ਦੇ ਸ਼ੁਰੂ ਵਿੱਚ ਕਬੀਰ ਜੀ ਨੇ ਕਿਹਾ ਸੀ ਕਿ 'ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥' ਹਿੰਦੂਆਂ ਦਾ ਪ੍ਰਾਣਾਯਾਮ ਅਤੇ ਮੁਸਲਮਾਨਾਂ ਦਾ ਸ਼ੋਰ-ਸ਼ਰਾਬਾ, ਧੀਂਗਾ-ਜ਼ੋਰੀ ਅਤੇ ਕਾਮ ਦੀਆਂ ਖੁਲ੍ਹੀਆਂ ਵਾਗਾਂ ਨੂੰ ਰੱਦ ਕਰ ਕੇ ਆਪਣੇ ਉੱਤੇ ਕਾਬੂ ਪਾਣ ਦਾ ਸਬਕ ਸਿਖਾਇਆ ਸੀ। ਇਸ ਸ਼ਬਦ ਵਿੱਚ ਹਿੰਦੂਆਂ ਦੀ ਮੂਰਤੀ-ਪੂਜਾ ਦਾ ਖੰਡਨ ਕਰਦੇ ਹਨ ।

† ਇਹ ਭਰਮ ਹਰ ਇਕ ਨੂੰ ਵਾਪਰਦੇ ਰਹਿਣਗੇ, ਜਦ ਤੱਕ ਕਿ ਸੱਚਾ ਗੁਰੂ ਨਹੀਂ ਲੱਭਦਾ ।

‡ ਹਉਮੈ ਨੂੰ ਛੱਡ ਕੇ ਨਿਮ੍ਰਤਾ ਗ੍ਰਹਿਣ ਕਰਨ ਨਾਲ ਹੀ ਭਰਮ ਦੂਰ ਹੁੰਦਾ ਤੇ ਹਰੀ ਦਾ ਖਿਆਲ ਮਨ ਵਿੱਚ ਆ ਸਕਦਾ ਹੈ ।

ਤਬ ਪ੍ਰਭ ਕਾਜੁ ਸਵਾਰਹਿ ਆਇ ॥ ੧ ॥ ਐਸਾ ਗਿਆਨੁ ਬਿਚਾਰੁ ਮਨਾ ॥ ਹਰਿ [੧]ਕੀ ਨ ਸਿਮਰਹੁ [੨]ਦੁਖ ਭੰਜਨਾ ॥ ੧ ॥ ਰਹਾਉ ॥ ਜਬ ਲਗੁ [੩]ਸਿੰਘੁ ਰਹੈ ਬਨ ਮਾਹਿ ॥ ਤਬ ਲਗੁ ਬਨੁ ਫੂਲੈ ਹੀ ਨਾਹਿ ॥ ਜਬ ਹੀ ਸਿਆਰੁ[੪] ਸਿੰਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ[੫] ॥ ੨ ॥ [੬]ਜੀਤੋ ਬੂਡੈ ਹਾਰੋ ਤਿਰੈ ॥ ਗੁਰ ਪਰਸਾਦੀ[੭] ਪਾਰਿ ਉਤਰੈ ॥ ਦਾਸੁ ਕਬੀਰੁ ਕਹੈ ਸਮਝਾਇ ॥ ਕੇਵਲ ਰਾਮ ਰਹਹੁ ਲਿਵ ਲਾਇ ॥ ੩ ॥ ੬ ॥ ੧੪ ॥ *ਸਤਰਿ ਸੈਇ ਸਲਾਰ[੮] ਹੈ ਜਾ ਕੇ ॥ [੯]ਸਵਾ ਲਾਖੁ ਪੈਕਾਬਰ ਤਾ ਕੇ ॥ ਸੇਖ ਜੁ ਕਹੀਅਹਿ ਕੋਟਿ ਅਠਾਸੀ ॥ [੧੦]ਛਪਨ ਕੋਟਿ ਜਾ ਕੇ ਖੇਲ ਖਾਸੀ[੧੧] ॥ ੧ ॥ [੧੨]ਮੋ ਗਰੀਬ ਕੀ ਕੋ ਗੁਜਰਾਵੈ ॥ ਮਜਲਸਿ ਦੂਰਿ ਮਹਲੁ ਕੋ ਪਾਵੈ ॥ ੧ ॥ ਰਹਾਉ ॥ [੧੩]ਤੇਤੀਸ ਕਰੋੜੀ ਹੈ ਖੇਲ ਖਾਨਾ[੧੪] ॥ ਚਉਰਾਸੀ ਲਖ [੧੫]ਫਿਰੈ ਦਿਵਾਨਾਂ ॥ [੧੬]ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥ ਉਨਿ ਭੀ ਭਿਸਤਿ ਘਨੇਰੀ ਪਾਈ ॥ ੨ ॥ ਦਿਲ ਖਲਹਲੁ[੧੭] ਜਾ ਕੈ ਜਰਦ ਰੂ ਬਾਨੀ ॥ ਛੋਡਿ ਕਤੇਬ ਕਰੈ ਸੈਤਾਨੀ ॥ [੧੮]ਦੁਨੀਆ ਦੋਸੁ ਰੋਸੁ ਹੈ ਲੋਈ ॥ ਅਪਨਾ ਕੀਆ ਪਾਵੈ ਸੋਈ ॥ ੩ ॥ ਤੁਮ ਦਾਤੇ ਹਮ ਸਦਾ ਭਿਖਾਰੀ ॥ ਦੇਉ ਜਬਾਬੁ ਹੋਇ ਬਜਗਾਰੀ[੧੯] ॥ ਦਾਸੁ ਕਬੀਰੁ ਤੇਰੀ [੨੦]ਪਨਹ ਸਮਾਨਾਂ ॥ ਭਿਸਤੁ ਨਜੀਕਿ ਰਾਖੁ ਰਹਮਾਨਾ ॥ ੪ ॥ ੭ ॥ ੧੫ ॥ †ਸਭੁ ਕੋਈ ਚਲਨ ਕਹਤ ਹੈ ਊਹਾਂ[੨੧] ॥ ਨਾ ਜਾਨਉ ਬੈਕੁੰਠੁ ਹੈ ਕਹਾਂ ॥ ੧ ॥ ਰਹਾਉ ॥ ਆਪ ਆਪ ਕਾ ਮਰਮੁ[੨੨] ਨ ਜਾਨਾਂ ॥ [੨੩]ਬਾਤਨ ਹੀ ਬੈਕੁੰਠੁ ਬਖਾਨਾਂ ॥ ੧ ॥ ਜਬ ਲਗੁ ਮਨ ਬੈਕੁੰਠ ਕੀ ਆਸ ॥ ਤਬ ਲਗੁ ਨਾਹੀ ਚਰਨ ਨਿਵਾਸ ॥ ੨ ॥ ਖਾਈ ਕੋਟੁ ਨ [੨੪]ਪਰਲ ਪਗਾਰਾ ॥ [੨੫]ਨਾ ਜਾਨਉ ਬੈਕੁੰਠ ਦੁਆਰਾ ॥ ੩ ॥ ਕਹਿ ਕਮੀਰ[੨੬] ਅਬ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥ ੪ ॥ ੮ ॥ ੧੬ ॥ ‡[੨੭]ਕਿਉ ਲੀਜੈ ਗਢੁ ਬੰਕਾ ਭਾਈ ॥ [੨੮]ਦੋਵਰ ਕੋਟ ਅਰੁ ਤੇਵਰ ਖਾਈ ॥ ੧ ॥ ਰਹਾਉ ॥ ਪਾਂਚ ਪਚੀਸ[੨੯] ਮੋਹ ਮਦ[੩੦] ਮਤਸਰ[੩੧] ਆਡੀ[੩੨] ਪਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ[੩੩] ॥ ੧ ॥ ਕਾਮੁ ਕਿਵਾਰੀ[੩੪] ਦੁਖੁ ਸੁਖੁ ਦਰਵਾਨੀ[੩੫] ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ[੩੬] ਤਹ ਮਨੁ ਮਾਵਾਸੀ[੩੭] ਰਾਜਾ ॥ ੨ ॥ ਸ੍ਵਾਦ ਸਨਾਹ[੩੮] ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ ਇਉ [੩੯]ਗਢੁ ਲੀਓ ਨ ਜਾਈ ॥ ੩ ॥ ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ[੪੦] [੪੧]ਏਕਹਿ ਚੋਟ ਸਿਝਾਇਆ ॥ ੪ ॥ ਸਤੁ ਸੰਤੋਖੁ ਲੈ ਲਰਨੇ[੪੨] ਲਾਗਾ ਤੋਰੇ ਦੁਇ ਦਰਵਾਜਾ ॥ ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ

੧ ਕਿਉਂ ਨਹੀਂ ?
੨ ਜੋ ਦੁੱਖ ਦੇ ਦੂਰ ਕਰਨ ਵਾਲਾ ਹੈ ।
੩ ਹੰਕਾਰ ਰੂਪ ਸ਼ੇਰ ਸਰੀਰ ਰੂਪ ਬਨ ਵਿੱਚ ਵਸਦਾ ਹੈ । ੪ ਨਿਮ੍ਰਤਾ ਰੂਪ ਗਿੱਦੜ ।
੫ ਬਨਸਪਤੀ । ਤਾਂ ਸਾਰੀ ਸਬਜ਼ੀ ਹਰੀ ਭਰੀ ਹੋ ਜਾਂਦੀ ਹੈ ਭਾਵ ਸਾਰੇ ਜੀਵ ਸੁਖੀ ਰਹਿੰਦੇ ਹਨ।
੬ ਜੋ ਹੰਕਾਰ ਕਰ ਕੇ ਆਪਣੇ ਆਪ ਨੂੰ ਜਿੱਤਿਆ ਹੋਇਆ ਸਮਝਦਾ ਹੈ, ਉਹ ਡੁੱਬਦਾ ਹੈ; ਅਤੇ ਜਿਹੜਾ ਹਾਰ ਮੰਨ ਲੈਂਦਾ ਹੈ (ਭਾਵ ਨਿੰਮ੍ਰਤਾ ਧਾਰਨ ਕਰਦਾ ਹੈ), ਉਹ ਤਰ ਜਾਂਦਾ ਹੈ ।
੭ ਕਿਰਪਾ ਨਾਲ ।
੮ [ਫ਼ਾ. ਸਾਲਾਰ] ਸਿਪਹ ਸਾਲਾਰ, ਫ਼ੌਜ ਦੇ ਸਰਦਾਰ । ਰੱਬ ਨੇ ਜਬਰਾਈਲ ਨਾਲ ਸੱਤ ਹਜ਼ਾਰ ਫ਼ਰਿਸ਼ਤੇ ਭੇਜੇ ਕਿ ਮੁਹੰਮਦ ਸਾਹਿਬ ਤੱਕ ਵੱਡੀ ਆਇਤ ਪਹੁੰਚਣ ਵਿੱਚ ਕੋਈ ਰੁਕਾਵਟ ਨਾ ਪੈ ਜਾਵੇ ।
੯ ਹਜ਼ਰਤ ਆਦਮ ਤੋਂ ਮੁਹੰਮਦ ਸਾਹਿਬ ਤੱਕ ਸਵਾ ਲੱਖ ਪੈਗ਼ੰਬਰ ਹਨ ।
੧੦ ਛਿਪੰਜਾ ਕ੍ਰੋੜ ।
੧੧ ਖ਼ਾਸ ਖ਼ੈਲ, ਹਾਜ਼ਰ ਬਾਸ਼ ਸੇਵਕ, ਮੁਸਾਹਿਬ ।
੧੨ ਮੈਂ ਗਰੀਬ ਦੀ ਪੁਕਾਰ ਕੌਣ ਅਪੜਾਵੇ ? ਉਸ ਦੀ ਮਜਲਸ (ਦਰਬਾਰ) ਦੂਰ-ਦੂਰ ਤੱਕ ਹੈ; ਉਸ ਦੇ ਮਹਲ ਨੂੰ ਕੌਣ ਪਾਵੇ ?
੧੩ ਤੇਤੀ ਕ੍ਰੋੜ ਦੇਵਤੇ ।
੧੪ [ਫ਼ਾ. ਖ਼ੈਲ ਖ਼ਾਨਹ] ਘਰ ਵਿੱਚ ਰਹਿਣ ਵਾਲੇ ਸੇਵਕ।
੧੫ ਕਮਲੇ ਹੋਏ ਫਿਰਦੇ ਹਨ ਜੂਨਾਂ ਵਿੱਚ ।
੧੬ ਆਦਮ ਨੂੰ ਰੱਬ ਨੇ ਜ਼ਰਾ ਕੁ ਅੱਖਾਂ ਦੱਸੀਆਂ ਤਾਂ ਉਸ ਨੇ ਭੀ ਚੰਗਾ ਸੁਰਗ ਪਾ ਲਿਆ ! ਭਾਵ ਆਦਮ ਕੇਡਾ ਨੇੜੇ ਸੀ ਪਰ ਉਹ ਭੀ ਰੱਬ ਦੀ ਵਡਿਆਈ ਦੀ ਝਾਲ ਨਾ ਝਲ ਸਕਿਆ ਤੇ ਨਾ-ਫ਼ਰਮਾਨੀ ਕਰ ਕੇ ਛੇਤੀ ਬਹਿਸ਼ਤੋਂ ਕੱਢਿਆ ਗਿਆ (ਇਥੇ 'ਭਿਸਤਿ' ਇਸਤ੍ਰੀ ਲਿੰਗ ਹੈ। ਚੌਥੇ ਪਦੇ ਵਿੱਚ 'ਭਿਸਤੁ' ਪੁਲਿੰਗ ਹੈ) ।
੧੭ [ਫ਼ਾ. ਖ਼ਲਲ] ਖਲਬਲੀ । ਜਿਸ ਦੇ ਦਿਲ ਵਿੱਚ ਦ੍ਵੈਤ ਕਰ ਕੇ ਘਬਰਾਹਟ ਹੈ, ਉਸ ਦੇ ਮੂੰਹ ਦਾ ਰੰਗ ਪੀਲਾ ਰਹਿੰਦਾ ਹੈ । ਰੂ=ਮੂੰਹ । ਬਾਨੀ=ਵੰਨ ਰੰਗਤ ।
੧੮ ਦੁਨੀਆਂ ਨੂੰ ਦੋਸ਼ ਦਿੰਦਾ ਹੈ ਤੇ ਰੋਸ ਕਰਦਾ ਹੈ ਲੋਕਾਂ 'ਤੇ ।
੧੯ [ਫ਼ਾ. ਬਜ਼ਹ ਕਾਰੀ] ਗੁਨਹਗਾਰੀ, ਪਾਪ । ਜੇ ਮੈਂ ਤੇਰੇ ਤੋਂ ਮੁਨਕਰ ਹੋਵਾਂ ਤਾਂ ਗੁਨਾਹੀ ਬਣਦਾ ਹਾਂ।
੨੦ ਹੇ ਰਹਮ ਵਾਲੇ ਹਰੀ ! ਮੈਨੂੰ ਆਪਣੀ ਪਨਾਹ ਵਿੱਚ ਰੱਖ; ਇਹੋ ਮੇਰੇ ਲਈ ਬਹਿਸ਼ਤ ਹੈ (ਇਥੇ 'ਭਿਸਤੁ' ਪੁਲਿੰਗ ਹੈ) ।
੨੧ ਓਥੇ ਬੈਕੁੰਠ ਵਿੱਚ । ੨੨ ਭੇਦ ।
੨੩ ਗੱਲਾਂ ਨਾਲ ਹੀ ਬੈਕੁੰਠ ਨੂੰ ਬਿਆਨ ਪਏ ਕਰਦੇ ਹਨ ।
੨੪ ਚੰਗੀ ਤਰ੍ਹਾਂ ਲਿੱਪਿਆ ਹੋਇਆ ਗਾਰੇ ਨਾਲ ।
੨੫ ਮੈਂ ਨਹੀਂ ਜਾਣਦਾ ਕਿ ਬੈਕੁੰਠ ਇਸ ਤਰ੍ਹਾਂ ਦਾ ਬਣਿਆ ਹੋਇਆ ਹੈ ।
੨੬ ਹੁਣ (ਇਸ ਤੋਂ ਬਿਨਾਂ ਹੋਰ) ਕੀ ਕਹਿ ਸਕਦੇ ਹਾਂ ਕਿ ਸਾਧ ਸੰਗਤ ਹੀ ਬੈਕੁੰਠ ਹੈ ।
੨੭ ਪੱਕਾ ਕਿਲ੍ਹਾ ਕਿਵੇਂ ਕਾਬੂ ਕਰੀਏ ?
੨੮ ਦ੍ਵੈਤ ਰੂਪ ਦੋਹਰੀ ਦੀਵਾਰ ਦਾ ਕਿਲ੍ਹਾ ਤੇ ਤਿੰਨ ਗੁਣ ਰੂਪ ਤਿਹਰੀ ਖਾਈ ਹੈ ।
੨੯ ਪੰਜ ਤੱਤਾਂ ਦੇ ਪੰਝੀ ਗੁਣ ਜੋ ਇਨ੍ਹਾਂ ਦੇ ਇਕ ਦੂਜੇ ਨਾਲ ਮਿਲ ਕੇ ਬਣਦੇ ਹਨ । ਪੰਜ ਤੱਤ ਤੇ ਪੰਝੀ ਪ੍ਰਕ੍ਰਿਤੀਆਂ ।
੩੦ ਹੰਕਾਰ ਦਾ ਨਸ਼ਾ । ੩੧ ਈਰਖਾ ।
੩੨ ਆੜ, ਆਸਰਾ । ਮਾਇਆ ਦਾ ਆਸਰਾ ਇਹ ਸਾਰੇ ਲੈਂਦੇ ਹਨ ।
੩੩ ਹੇ ਹਰੀ ! ੩੪ ਤਾਕੀ, ਛੋਟਾ ਬੂਹਾ।
੩੫ ਪਹਿਰੇਦਾਰ । ੩੬ ਰੌਲਾ ਪਾਣ ਵਾਲੇ, ਲੜਾਕੇ।
੩੭ ਆਕੀ । ਮਨ ਆਕੀ ਰਾਜਾ ਬਣਿਆ ਹੈ ।
੩੮ ਜ਼ਰਾ ਬਕਤਰ, ਸੰਜੋਅ ।
੩੯ ਕਿਲ੍ਹਾ ਫ਼ਤਹ ਨਹੀਂ ਹੁੰਦਾ ।
੪੦ ਚੰਗੀ ਤਰ੍ਹਾਂ ਬਾਲੀ ।
੪੧ ਇਕ ਚੋਟ ਨਾਲ ਹੀ ਫ਼ਤਹ ਕਰ ਲਿਆ ।
੪੨ ਲੜਨ ।

* ਹਰੀ ਦੇ ਦਰਬਾਰ ਦੀ ਵਡਿਆਈ ਅਤੇ ਆਪਣੀ ਛੁਟਾਈ ਦੇਖ ਕੇ ਨਿੰਮ੍ਰਤਾ ਵਿੱਚ ਆਉਂਦੇ ਹਨ ਅਤੇ ਅਰਦਾਸ ਕਰਦੇ ਹਨ ਕਿ ਆਪਣੇ ਦਰਬਾਰ ਦੀ ਪਨਾਹ ਵਿੱਚ ਰੱਖ, ਇਹੋ ਮੇਰੇ ਲਈ ਬੈਕੁੰਠ ਹੈ ।

† ਉਸ ਦੇ ਦਰਬਾਰ ਦਾ ਨਕਸ਼ਾ ਕਿਹੋ ਜਿਹਾ ਹੈ ? ਲੋਕਾਂ ਦੇ ਦੱਸੇ ਹੋਏ ਮਾਇਕ ਖ਼ੁਸ਼ੀਆਂ ਵਾਲੇ ਬਹਿਸ਼ਤ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਅਸਲ ਬੈਕੁੰਠ ਸਾਧ ਸੰਗਤਿ ਹੈ । "ਬੈਕੁੰਠ ਨਗਰੁ ਜਹਾ ਸੰਤ ਵਾਸਾ" (ਸੂਹੀ ਮ: ੫, ਪੰਨਾ ੭੪੨) । ਇਸੇ ਭਾਵ ਦਾ ਸ਼ਬਦ ਪੰਨਾ ੩੨੫ ਉੱਤੇ ਕਬੀਰ ਜੀ ਦਾ ਦਸਵਾਂ ਸ਼ਬਦ ਆਉਂਦਾ ਹੈ । ਦੋਹਾਂ ਵਿੱਚ ਕਈ ਤੁਕਾਂ ਵੀ ਸਾਂਝੀਆਂ ਹਨ) ।

‡ ਮਨ ਨੂੰ (ਜੋ ਪਾਪਾਂ ਨਾਲ ਕਿਲ੍ਹੇਬੰਦ ਹੋ ਕੇ ਆਕੀ ਬਣ ਬੈਠਾ ਹੈ) ਕਿਵੇਂ ਕਾਬੂ ਕਰ ਕੇ ਅਬਿਨਾਸ਼ੀ-ਪਦ ਹਾਸਲ ਕਰ ਸਕਦੇ ਹਾਂ ?

ਗਾਢ ਕੋ ਰਾਜਾ ॥ ੫ ॥ [੧]ਭਗਵਤ ਭੀਰਿ ਸਕਤਿ [੨]ਸਿਮਰਨ ਕੀ ਕਟੀ ਕਾਲ ਭੈ ਫਾਸੀ ॥ ਦਾਸੁ ਕਮੀਰੁ ਚੜਿ੍ਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥ ੬ ॥ ੯ ॥ ੧੭ ॥ *[੩]ਗੰਗ ਗੁਸਾਇਨਿ ਗਹਿਰ ਗੰਭੀਰ ॥ [੪]ਜੰਜੀਰ ਬਾਂਧਿ ਕਰਿ ਖਰੇ ਕਬੀਰ ॥ ੧ ॥ ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥ [੫]ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥ ੨ ॥ ਕਹਿ ਕੰਬੀਰ ਕੋਊ ਸੰਗ ਨ ਸਾਥ ॥ [੬]ਜਲ ਥਲ ਰਾਖਨ ਹੈ ਰਘੁਨਾਥ ॥ ੩ ॥ ੧੦ ॥ ੧੮ ॥

ਭੈਰਉ ਕਬੀਰ ਜੀਉ ਅਸਟਪਦੀ ਘਰੁ ੨ ੴ ਸਤਿਗੁਰ ਪ੍ਰਸਾਦਿ ॥

†ਅਗਮ ਦ੍ਰੁਗਮ[੭] ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥ [੮]ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ ॥ ੧ ॥ ਇਹੁ ਜੀਉ ਰਾਮ ਨਾਮ ਲਿਵ ਲਾਗੈ ॥ [੯]ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥ ੧ ॥ ਰਹਾਉ ॥ [੧੦]ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥ ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜ੍ਹੇ ਪ੍ਰਭ ਸ੍ਰੀ ਗੋਪਾਲ ॥ ੨ ॥ [੧੧]ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥ ਅਗਮ ਅਗੋਚਰੁ[੧੨] ਰਹਿਆ [੧੩]ਅਭ ਅੰਤ ॥ [੧੪]ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥ ੩ ॥ ਕਦਲੀ[੧੫] ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥ ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥ ੪ ॥ ਅਰਧ ਉਰਧ ਮੁਖਿ ਲਾਗੋ ਕਾਸੁ[੧੬] ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥ ਊਹਾਂ ਸੂਰਜ ਨਾਹੀ ਚੰਦ ॥ [੧੭]ਆਦਿ ਨਿਰੰਜਨੁ ਕਰੈ ਅਨੰਦ ॥ ੫ ॥ ਸੋ ਬ੍ਰਹਮੰਡਿ ਪਿੰਡਿ[੧੮] ਸੋ ਜਾਨੁ ॥ ਮਾਨ ਸਰੋਵਰਿ[੧੯] ਕਰਿ ਇਸਨਾਨੁ ॥ ਸੋਹੰ[੨੦] ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥ ੬ ॥ ਅਬਰਨ ਬਰਨ ਘਾਮ[੨੧] ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ[੨੨] ॥ [੨੩]ਟਾਰੀ ਨ ਟਰੈ ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥ ੭ ॥ ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥ [੨੪]ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥ ੮ ॥ ੧ ॥ ‡[੨੫]ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ[੨੬] ॥ ਦੁਰਗਾ ਕੋਟਿ ਜਾ ਕੈ [੨੭]ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥ ੧ ॥ ਜਉ ਜਾਚਉ ਤਉ ਕੇਵਲ ਰਾਮ ॥ [੨੮]ਆਨ ਦੇਵ ਸਿਉ ਨਾਹੀ ਕਾਮ ॥ ੧ ॥

੧ ਹਰੀ ਵਾਲਿਆਂ ਦੀ ਭੀੜ (ਸਤਸੰਗ ਰੂਪ) ।
੨ ਸ਼ਕਤੀ । ਸਿਮਰਨ ਦੇ ਬਲ ਨਾਲ ।
੩ ਗੰਗਾ ਮਾਤਾ ਗਹਿਰ ਗੰਭੀਰ ਹੈ ।
੪ ਜ਼ੰਜੀਰ ਬੰਨ੍ਹ ਕੇ ਕਬੀਰ ਨੂੰ ਲੈ ਗਏ (ਡੋਬਣ ਨੂੰ)।
੫ ਗੰਗਾ ਦੀ ਲਹਿਰ ਨਾਲ ਮੇਰੀ ਜ਼ੰਜੀਰ ਟੁੱਟ ਗਈ ਅਤੇ ਮੈਂ ਮ੍ਰਿਗ-ਛਾਲਾ ਦੇ ਆਸਣ ਪੁਰ ਜਾ ਬੈਠਾ ।
੬ ਵਾਹਿਗੁਰੂ ਹੀ ਪਾਣੀ ਵਿੱਚ ਤੇ ਸੁੱਕੀ ਧਰਤੀ ਵਿੱਚ (ਭਾਵ ਹਰ ਥਾਂ) ਬਚਾਉਣ ਵਾਲਾ ਹੈ ।
੭ [ਦੁਰਗਮ] ਜਿਥੇ ਜਾਣਾ ਮੁਸ਼ਕਲ ਹੋਵੇ । ਉਸ ਹਰੀ ਨੇ ਪਹੁੰਚ ਤੋਂ ਰਹਤ ਕਿਲ੍ਹੇ (ਦਸਮ-ਦੁਆਰ) ਵਿੱਚ ਵਾਸਾ ਕੀਤਾ ਹੈ, ਓਥੇ ਜੋਤ ਦਾ ਪ੍ਰਕਾਸ਼ ਹੈ।
੮ ਜਿਸ ਟਿਕਾਣੇ (ਪਉੜੇ) 'ਤੇ ਸਦਾ-ਨੌਜਵਾਨ ਹਰੀ ਵਸਦਾ ਹੈ, ਓਥੇ ਪ੍ਰਕਾਸ਼ ਰੂਪ ਬਿਜਲੀ ਚਮਕ ਰਹੀ ਹੈ ।
੯ ਬੁਢੇਪਾ ਤੇ ਮੌਤ ।
੧੦ ਜਿਨ੍ਹਾਂ ਦੇ ਮਨ, ਜ਼ਾਤ ਆਦਿ ਦੀ ਹੀ ਪ੍ਰੀਤੀ ਹੈ ਓਹ ਹਉਮੈ ਦੇ ਗੀਤ ਗਾਂਦੇ ਹਨ, ਪਰ ਜਿੱਥੇ ਹਰੀ ਦਾ ਟਿਕਾਣਾ ਹੈ ਓਥੇ ਅਨਹਦ-ਸ਼ਬਦ ਦੀ ਮਿੱਠੀ ਸੁਰ ਨਿਕਲ ਰਹੀ ਹੈ । ਦੇਖੋ ਪੰਨਾ ੧੧੩੭, ਨੋਟ ੨੧ ।
੧੧ ਉਹ ਹਰੀ ਖੰਡਾਂ ਅਤੇ ਮੰਡਲਾਂ ਦੇ ਬਣਾਣ ਵਾਲਾ ਹੈ ਤੇ ਤਿੰਨ ਭਵਨ, ਤਿੰਨਾਂ ਦੇਵਤਿਆਂ ਤੇ ਤਿੰਨਾਂ ਗੁਣਾਂ ਦਾ ਨਾਸ ਕਰਨ ਵਾਲਾ ਹੈ ।
੧੨ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੧੩ ਹਿਰਦੇ ਵਿੱਚ ।
੧੪ ਕੋਈ ਵੀ ਉਸ ਧਰਨੀਧਰ (ਧਰਤੀ ਦੇ ਆਸਰੇ) ਦੇ ਮੰਤਵ ਦਾ ਭੇਦ ਨਹੀਂ ਪਾ ਸਕਦਾ ।
੧੫ [ਸੰ] ਕੇਲਾ । ਕੇਲੇ ਦੇ ਫੁੱਲ ਤੇ ਧੁੱਪ ਵਿੱਚ ਉਸ ਦਾ ਪ੍ਰਕਾਸ਼ ਹੈ ਤੇ ਪੰਕਜ (ਕੰਵਲ) ਦੀ ਧੁੜੀ ਵਿੱਚ ਉਸ ਦਾ ਨਿਵਾਸ ਹੈ । ਬਾਰਾਂ ਖੰਭੜੀਆਂ ਵਾਲੇ ਹਿਰਦੇ ਵਿੱਚ ਉਸ ਦਾ ਮੰਤ (ਪ੍ਰੇਰਨਾ) ਹੈ । ਇਹ ਸਭ ਕੁਝ ਉਸ ਨੂੰ ਦਿਸਦਾ ਹੈ ਜਿਸ ਦੇ ਹਿਰਦੇ ਵਿੱਚ ਹਰੀ (ਲਛਮੀ ਦਾ ਪਤੀ, ਵਿਸ਼ਨੂੰ, ਭਾਵ ਵਾਹਿਗੁਰੂ) ਟਿਕਿਆ ਹੈ ।
੧੬ ਅਕਾਸ਼ । ਹੇਠ ਉੱਤੇ ਤੇ ਮੁਖ ਵਿੱਚ ਜੋ ਅਕਾਸ਼-ਵਤ ਪ੍ਰਕਾਸ਼ ਕਰ ਰਿਹਾ ਹੈ, ਉਹ ਹੀ ਸੁੰਨ (ਦਸਮ-ਦੁਆਰ) ਵਿੱਚ ਹੈ ।
੧੭ ਜੋ ਪ੍ਰਕ੍ਰਿਤੀ ਦੀ ਰਚਨਾ ਤੋਂ ਪਹਿਲਾਂ ਦਾ ਅਤੇ ਮਾਇਕ ਹਾਲਤਾਂ ਤੋਂ ਸੁਤੰਤਰ ਹੈ ।
੧੮ ਸਰੀਰ ਵਿੱਚ । ਦੇਖੋ ਪੰਨਾ ੬੯੫, ਨੋਟ ੧੭। (ਕਈਆਂ ਬੀੜਾਂ ਵਿੱਚ ਪਾਠ ਇਉਂ ਹੈ, "ਜੋ ਬ੍ਰਹਮੰਡ ਪਿੰਡਿ ਸੋ ਜਾਨੁ ॥")
੧੯ ਹਰੀ ਰੂਪ ਮਾਨ ਸਰੋਵਰ ਵਿੱਚ ।
੨੦ ਮੈਂ ਉਹ ਹਾਂ । ੨੧ ਗਰਮੀ ।
੨੨ ਸ਼ਰਨ । ਹੋਰ ਕਿਸੇ ਤਰ੍ਹਾਂ ਨਹੀਂ ਮਿਲਦਾ, ਗੁਰੂ ਦੀ ਸ਼ਰਨ ਵਿੱਚ ਮਿਲਦਾ ਹੈ ।
੨੩ ਉਸ ਵਿੱਚ ਬਿਰਤੀ ਲਾਈ ਹੋਈ ਟਾਲਿਆਂ ਟਲਦੀ ਨਹੀਂ ਤੇ ਮਨੁੱਖ ਡੋਲਦਾ ਨਹੀਂ ।
੨੪ ਜੋਤ ਨੂੰ ਗੁਰਮੰਤ੍ਰ ਦੁਆਰਾ ਅਸਥਿਰ ਕਰੇ ।
੨੫ ਜਿਸ ਅੰਦਰ ਕਰੋੜਾਂ ਸੂਰਜਾਂ ਦਾ ਚਾਨਣਾ ਹੈ ।
੨੬ ਕੈਲਾਸ਼ (ਜਿਸ ਪੁਰ ਸ਼ਿਵਜੀ ਦਾ ਨਿਵਾਸ ਹੈ)।
੨੭ ਪੈਰ ਮਲਦੀ ਹੈ ।
੨੮ ਹੋਰ ਦੇਵਤੇ ਆਦਿ ਨਾਲ ।

* ਕਬੀਰ ਜੀ ਆਪਣੀ ਇਕ ਹੱਡ-ਬੀਤੀ ਸੁਣਾ ਕੇ ਦੱਸਦੇ ਹਨ ਕਿ ਕਿਵੇਂ ਮਨ 'ਤੇ ਕਾਬੂ ਪਾਣ ਅਤੇ ਹਰੀ ਦੇ ਚਰਨ-ਕਮਲਾਂ ਵੱਲ ਧਿਆਨ ਜੋੜਨ ਨਾਲ ਵੱਡੇ-ਵੱਡੇ ਸੰਕਟ ਕੱਟੇ ਜਾਂਦੇ ਹਨ । ਇਹੋ ਜਹੀ ਇਕ ਹੋਰ ਹੱਡ-ਬੀਤੀ ਲਈ ਦੇਖੋ ਪੰਨਾ ੮੭੦, ਫੁਟ ਨੋਟ §।

† ਹਰੀ ਦੇ ਅਪਾਰ ਦਰਸ਼ਨ ਦਾ ਝਲਕਾਰਾ ਦੱਸਦੇ ਹਨ । ਇਹ ਦਰਸ਼ਨ ਨੂਰ ਹੀ ਨੂਰ ਹੈ, ਪਰ ਇਹ ਨੂਰ ਕੋਈ ਜਿਸਮਾਨੀ ਰੌਸ਼ਨੀ ਨਹੀਂ, ਕਿਉਂਕਿ ਉਹ ਸੂਰਜ ਚੰਦ ਤੋਂ ਪਰੇ ਨਿਰੰਜਨ ਰੂਪ ਹੈ (ਇਸੇ ਤਰ੍ਹਾਂ ਦਾ ਨੂਰੀ ਦਰਸ਼ਨ ਨਾਮਦੇਵ ਜੀ ਨੇ ਸੋਰਠਿ ਰਾਗ ਵਿੱਚ ਬਿਆਨ ਕੀਤਾ ਹੈ । ਦੇਖੋ ਪੰਨਾ ੬੫੬, ਫੁਟ ਨੋਟ ‡)।

‡ ਹਰੀ ਦੀ ਅਪਾਰ ਵਡਿਆਈ ਦੱਸੀ ਹੈ ।

ਰਹਾਉ ॥ ਕੋਟਿ ਚੰਦ੍ਰਮੇ ਕਰਹਿ ਚਰਾਕ[੧] ॥ [੨]ਸੁਰ ਤੇਤੀਸਉ ਜੇਵਹਿ[੩] ਪਾਕ[੪] ॥ [੫]ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ[੬] ਕੋਟਿ ਜਾ ਕੈ ਪ੍ਰਤਿਹਾਰ[੭] ॥ ੨ ॥ [੮]ਪਵਨ ਕੋਟਿ ਚਉਬਾਰੇ ਫਿਰਹਿ ॥ [੯]ਬਾਸਕ ਕੋਟਿ ਸੇਜ ਬਿਸਥਰਹਿ ॥ ਸਮੁੰਦ ਕੋਟਿ ਜਾ ਕੇ ਪਾਨੀਹਾਰ[੧੦] ॥ [੧੧]ਰੋਮਾਵਲਿ ਕੋਟਿ ਅਠਾਰਹ ਭਾਰ ॥ ੩ ॥ ਕੋਟਿ ਕਮੇਰ[੧੨] ਭਰਹਿ ਭੰਡਾਰ ॥ ਕੋਟਿਕ ਲਖਿਮੀ ਕਰੈ ਸੀਗਾਰ ॥ [੧੩]ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥ ੪ ॥ [੧੪]ਛਪਨ ਕੋਟਿ ਜਾ ਕੈ ਪ੍ਰਤਿਹਾਰ ॥ [੧੫]ਨਗਰੀ ਨਗਰੀ ਖਿਅਤ ਅਪਾਰ ॥ [੧੬]ਲਟ ਛੂਟੀ ਵਰਤੈ ਬਿਕਰਾਲ ॥ [੧੭]ਕੋਟਿ ਕਲਾ ਖੇਲੈ ਗੋਪਾਲ ॥ ੫ ॥ ਕੋਟਿ ਜਗ ਜਾ ਕੈ ਦਰਬਾਰ ॥ ਗੰਧ੍ਰਬ[੧੮] ਕੋਟਿ ਕਰਹਿ ਜੈਕਾਰ ॥ ਬਿਦਿਆ ਕੋਟਿ ਸਭੈ ਗੁਨ ਕਹੈ ॥ ਤਉ ਪਾਰਬ੍ਰਹਮ ਕਾ ਅੰਤੁ ਨ ਲਹੈ ॥ ੬ ॥ [੧੯]ਬਾਵਨ ਕੋਟਿ ਜਾ ਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥ ਸਹਸ ਕੋਟਿ ਬਹੁ ਕਹਤ ਪੁਰਾਨ ॥ [੨੦]ਦੁਰਜੋਧਨ ਕਾ ਮਥਿਆ ਮਾਨੁ ॥ ੭ ॥ [੨੧]ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥ ਕਹਿ ਕਬੀਰ ਸੁਨਿ ਸਾਰਿਗਪਾਨ[੨੨] ॥ ਦੇਹਿ [੨੩]ਅਭੈ ਪਦੁ ਮਾਂਗਉ ਦਾਨ ॥ ੮ ॥ ੨ ॥ ੧੮ ॥ ੨੦ ॥

ਭੈਰਉ ਬਾਣੀ ਨਾਮਦੇਉ[੨੪] ਜੀਉ ਕੀ ਘਰੁ ੧ ੴ ਸਤਿਗੁਰ ਪ੍ਰਸਾਦਿ ॥

✲[੨੫]ਰੇ ਜਿਹਬਾ ਕਰਉ [੨੬]ਸਤ ਖੰਡ ॥ ਜਾਮਿ[੨੭] ਨ ਉਚਰਸਿ ਸ੍ਰੀ ਗੋਬਿੰਦ ॥ ੧ ॥ ਰੰਗੀ ਲੇ ਜਿਹਬਾ ਹਰਿ ਕੈ ਨਾਇ ॥ ਸੁਰੰਗ[੨੮] ਰੰਗੀਲੇ ਹਰਿ ਹਰਿ ਧਿਆਇ ॥ ੧ ॥ ਰਹਾਉ ॥ ਮਿਥਿਆ ਜਿਹਬਾ ਅਵਰੇਂ ਕਾਮ ॥ [੨੯]ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥ ੨ ॥ ਅਸੰਖ ਕੋਟਿ [੩੦]ਅਨ ਪੂਜਾ ਕਰੀ ॥ ਏਕ ਨ ਪੂਜਸਿ ਨਾਮੈ ਹਰੀ ॥ ੩ ॥ [੩੧]ਪ੍ਰਣਵੈ ਨਾਮਦੇਉ ਇਹੁ ਕਰਣਾ ॥ ਅਨੰਤ ਰੂਪ ਤੇਰੇ ਨਾਰਾਇਣਾ ॥ ੪ ॥ ੧ ॥ †ਪਰ ਧਨ ਪਰ ਦਾਰਾ[੩੨] ਪਰਹਰੀ[੩੩] ॥ ਤਾ ਕੈ ਨਿਕਟਿ ਬਸੈ ਨਰਹਰੀ[੩੪] ॥ ੧ ॥ [੩੫]ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ ਮੈ ਨ ਕਰਉ ਦਰਸਨਾ ॥ ੧ ॥ ਰਹਾਉ ॥ ਜਿਨ ਕੈ ਭੀਤਰਿ ਹੈ ਅੰਤਰਾ[੩੬] ॥ ਜੈਸੇ ਪਸੁ ਤੈਸੇ ਓਇ ਨਰਾ ॥ ੨ ॥ ਪ੍ਰਣਵਤਿ ਨਾਮਦੇਉ [੩੭]ਨਾਕਹਿ ਬਿਨਾ ॥ ਨਾ ਸੋਹੈ ਬਤੀਸ ਲਖਨਾ ॥ ੩ ॥ ੨ ॥ ‡ਦੂਧੁ ਕਟੋਰੈ ਗਡਵੈ ਪਾਨੀ ॥ [੩੮]ਕਪਲ ਗਾਇ ਨਾਮੈ ਦੁਹਿ ਆਨੀ[੩੯] ॥ ੧ ॥ ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ[੪੦] ॥ ਨਾਹੀ ਤ ਘਰ ਕੋ ਬਾਪੁ ਰਿਸਾਇ[੪੧] ॥ ੧ ॥ ਰਹਾਉ ॥ ਸੋੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥ ੨ ॥ [੪੨]ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ

੧ [ਫ਼ਾ. ਚਰਾਗ਼] ਰੌਸ਼ਨੀ, ਚਾਨਣਾ ।
੨ ਤੇਤੀ ਕ੍ਰੋੜ ਦੇਵਤੇ ਉਸ ਦੀ ਰੋਟੀ ਖਾਂਦੇ ਖੁਆਉਂਦੇ ਹਨ (ਭਾਵ ਯੱਗਾਂ ਵਿੱਚ ਭੋਜਨ ਹਰੀ ਦੇ ਨਾਂ ਉੱਤੇ ਕਈ ਤਰ੍ਹਾਂ ਦੇ ਦੇਵਤਿਆਂ ਨੂੰ ਦਿੱਤੇ ਜਾਂਦੇ ਹਨ)।
੩ ਖਾਂਦੇ ਖੁਆਉਂਦੇ ਹਨ ।
੪ [ਪੱਕੀ ਹੋਈ] ਰੋਟੀ, ਭੋਜਨ ।
੫ ਨੌਂ ਗ੍ਰਹ ਤੇਰੇ ਦਰਬਾਰ 'ਤੇ ਕ੍ਰੋੜਾਂ ਖੜੇ ਹਨ ।
੬ ਧਰਮਰਾਜ ।
੭ [ਰੋਕ ਕੇ ਪਰੇ ਹਟਾਣ ਵਾਲਾ] ਦਰਬਾਨ । 'ਧਰਮ ਰਾਇ ਪਰੁਲੀ ਪ੍ਰਤਿਹਾਰ' (ਮਲਾਰ ਨਾਮਦੇਵ, ਪੰਨਾ ੧੨੯੨) ।
੮ ਕ੍ਰੋੜਾਂ ਹਵਾਵਾਂ ਤੇਰੇ ਚੁਬਾਰੇ ਵਿੱਚ (ਚੁਤਰਫੀਂ) ਫਿਰਦੀਆਂ ਹਨ । 'ਚਾਰਿ ਕੁੰਟ ਚਉਬਾਰਾ' (ਸੋਰਠਿ ਮ: ੧, ਪੰਨਾ ੫੯੬) ।
੯ ਕ੍ਰੋੜਾਂ ਨਾਗ ਸੇਜਾ ਲਈ ਵਿਛਦੇ ਹਨ ।
੧੦ ਪਾਣੀ ਭਰਨ ਵਾਲੇ ।
੧੧ ਅਠਾਰਾਂ ਭਾਰ ਦੀ ਬਨਸਪਤੀ ਜਿਸ ਦੇ ਸਰੀਰ ਦੇ ਵਾਲ ਹਨ । ਪੁਰਾਣਾ ਖਿਆਲ ਹੈ ਕਿ ਹਰ ਇਕ ਬ੍ਰਿਛ ਦਾ ਇਕ-ਇਕ ਪੱਤਰ ਲੈ ਕੇ ਇਕੱਠਾ ਕਰ ਕੇ ਤੋਲੀਏ, ਤਾਂ ੧੮ ਭਾਰ ਵਜ਼ਨ ਹੋਵੇਗਾ । ਇਕ ਭਾਰ-ਪੰਜ ਮਣ ਕੱਚਾ । ਦੇਖੋ ਪੰਨਾ ੮੩੪, ਫੁਟ ਨੋਟ * ।
੧੨ [ਕੁਬੇਰ] ਦੇਵਤਿਆਂ ਦੇ ਖ਼ਜ਼ਾਨਚੀ ।
੧੩ ਜਿਸ ਦੇ ਦੇਖਣ ਨਾਲ ਕ੍ਰੋੜਾਂ ਪਾਪ ਦੂਰ ਹੁੰਦੇ ਹਨ। 'ਜਿਸੁ ਪੇਖਤ ਕਿਲਵਿਖ ਹਿਰਹਿ' (ਸਿਰੀ ਰਾਗੁ ਮ: ੫, ਪੰਨਾ ੪੭) । ੧੪ ਛਿਪੰਜਾ ਕ੍ਰੋੜ (ਬੱਦਲ)।
੧੫ ਜੋ ਥਾਂ-ਥਾਂ ਜਾ ਲਿਸ਼ਕਦੇ ਹਨ ।
੧੬ ਕਈ ਲਿਟਾਂ ਖਿਲਾਰ ਡਰਾਵਣੇ ਰੂਪ ਵਿੱਚ ਹਨ, ਭਾਵ ਚੁੜੇਲਾਂ ਕਈ ਹਨ ।
੧੭ ਤੇ ਕਈ ਸ਼ਕਤੀਆਂ ਉਸ ਪਾਸ ਖੇਡਦੀਆਂ ਹਨ।
੧੮ [ਸੰ. ਗੰਧਰਵ] ਦੇਵ ਲੋਕ ਦੇ ਗਵੱਯੇ ।
੧੯ ਰਾਮ ਜਿਸ ਦੀ ੫੨ ਕ੍ਰੋੜ ਰੋਮਾਵਲੀ (ਬਾਂਦਰਾਂ ਦੀ ਸੈਨਾ) ਸੀ ।
੨੦ ਕ੍ਰਿਸ਼ਨ ਜਿਸ ਨੇ ਦੁਰਯੋਧਨ ਦਾ ਮਾਨ ਤੋੜਿਆ ਤੇ ਜਿਸ ਨੂੰ (ਪੁਰਾਣ ਮਹਾਂਭਾਰਤ ਆਦਿ) ਵਰਣਨ ਕਰ ਰਹੇ ਹਨ, ਉਹ ਭੀ ਕ੍ਰੋੜਾਂ ਹਨ।
੨੧ ਕ੍ਰੋੜਾਂ ਕਾਮਦੇਵ ਉਸ ਦੀ ਬਰਾਬਰੀ ਨਹੀਂ ਕਰ ਸਕਦੇ ਜਿਹੜੇ ਕਾਮਦੇਵ ਕਿ ਲੋਕਾਂ ਦੇ ਹਿਰਦਿਆਂ ਵਿਚੋਂ ਵਾਸ਼ਨਾ ਚੁਰਾਉਂਦੇ ਹਨ ।
੨੨ [ਧਰਤੀ ਜਿਸ ਦੇ ਹੱਥ ਵਿੱਚ ਹੈ] ਹੇ ਵਾਹਿਗੁਰੂ!
੨੩ ਨਿਰਭੈ ਪਦ, ਮੋਖ ਪਦਵੀ ।
੨੪ ਮਹਾਂਰਾਸ਼ਟਰ ਦੇ ਇਕ ਉੱਘੇ ਭਗਤ ਜਿਨ੍ਹਾਂ ਦਾ ਜਨਮ ਸੰ. ੧੨੭੦ ਵਿੱਚ ਜ਼ਿਲ੍ਹਾ ਸਤਾਰਾ ਦੇ ਨਰਸੀ ਬਾਮਨ ਪਿੰਡ ਵਿੱਚ ਹੋਇਆ । ਛੀਂਬਾ ਜ਼ਾਤ ਦੇ ਸਨ । ਬਹੁਤ ਚਿਰ ਪੰਡਰਪੁਰ ਰਹੇ ਅਤੇ ਉਥੇ ਹੀ ਸੰ. ੧੩੫੦ ਵਿੱਚ ਦੇਹਾਂਤ ਹੋਇਆ ।
੨੫ ਹੇ ਜੀਭ ! ੨੬ [ਸੰ. ਸ਼ਤ=ਸੌ] ਸੌ ਟੋਟੇ ।
੨੭ ਜਦੋਂ, ਜੇਕਰ । ੨੮ ਸੋਹਣੇ ਰੰਗਾਂ ਵਿੱਚ ।
੨੯ ਦੁੱਖ ਤੋਂ ਰਹਿਤ ਕਰਨ ਵਾਲੀ ਅਵਸਥਾ ਵਿੱਚ ਪੁਚਾਂਦਾ ਹੈ ।
੩੦ ਹੋਰ ਪੂਜਾ । ਬੇਗਿਣਤ ਕ੍ਰੋੜਾਂ ਤਰ੍ਹਾਂ ਦੀ ਹੋਰ ਪੂਜਾ ਕੀਤੀ ਹੋਈ ਹਰੀ ਨਾਮ ਨੂੰ ਨਹੀਂ ਪੁੱਜਦੀ ਜ਼ਰਾ ਭੀ ।
੩੧ ਨਾਮਦੇਵ ਬੇਨਤੀ ਕਰਦਾ ਹੈ ਕਿ (ਹੇ ਜੀਭ !) ਤੇਰੇ ਲਈ ਇਹੋ ਕੰਮ ਹੈ ਕਿ ਕਹੀ ਜਾਵੇਂ ਕਿ ਹੇ ਹਰੀ! ਤੇਰੇ ਬੇਅੰਤ ਰੂਪ ਹਨ। ੩੨ ਪਰਾਈ ਇਸਤ੍ਰੀ ।
੩੩ ਤਿਆਗੀ । ਜਿਸ ਨੇ ਇਹ ਚੀਜ਼ਾਂ ਤਿਆਗ ਦਿੱਤੀਆਂ । ਭਾਵ ਗ੍ਰਹਿਣ ਨਹੀਂ ਕੀਤੀਆਂ ।
੩੪ [ਨਰਸਿੰਘ] ਹਰੀ । ਹਰੀ ਉਸ ਦੇ ਨੇੜੇ (ਕੋਲ) ਵੱਸਦਾ ਹੈ ।
੩੫ ਜੋ ਹਰੀ ਨੂੰ ਨਹੀਂ ਸਿਮਰਦੇ ।
੩੬ ਵਿੱਥ ਹਰੀ ਨਾਲੋਂ ।
੩੭ ਭਾਵੇਂ ਬੱਤੀ ਸੁਲਖਣਾ ਹੋਵੇ, ਪਰ ਨਾਮ ਰੂਪ ਨੱਕ ਤੋਂ ਬਿਨਾਂ ਨਹੀਂ ਸ਼ੋਭਦਾ । ਪੁਰਾਣੇ ਲੋਕਾਂ ਨੇ ਸਰੀਰਕ ਸੁੰਦਰਤਾ ਦੇ ੩੨ ਲਖਣ ਦੱਸੇ ਹਨ-ਬਾਹਾਂ ਲੰਮੀਆਂ, ਛਾਤੀ ਚੌੜੀ ਆਦਿ ।
੩੮ ਭੂਰੇ ਜਾਂ ਚਿਟੇ ਰੰਗ ਦੀ ਗਾਂ, ਜਿਸ ਦੇ ਥਣ ਕਾਲੇ ਹੋਣ।
੩੯ ਲਿਆਂਦੀ । ਨਾਮੇ ਨੇ ਚੋ ਲਿਆਂਦੀ ।
੪੦ ਪਤੀਜ ਜਾਵੇ, ਰਾਜ਼ੀ ਹੋ ਜਾਵੇ ।
੪੧ ਗੁੱਸੇ ਹੋ ਜਾਵੇਗਾ (ਨਾਮਦੇਵ ਦਾ ਬਾਪ ਠਾਕਰਾਂ ਨੂੰ ਭੋਗ ਲਵਾਂਦਾ ਹੁੰਦਾ ਸੀ । ਇਕ ਦਿਨ ਉਹ ਇਹ ਕੰਮ ਨਾਮਦੇਵ ਦੇ ਸਪੁਰਦ ਕਰ ਗਿਆ । ਨਾਮਦੇਵ ਆਪਣੇ ਭੋਲੇ ਭਾਇ ਵਿੱਚ ਠਾਕਰਾਂ ਨੂੰ ਦੁੱਧ ਪੀਂਦੇ ਵੇਖਣਾ ਚਾਹੁੰਦੇ ਹਨ) ।
੪੨ ਹਰੀ ਹੱਸ ਕੇ ਕਹਿਣ ਲੱਗਾ ਕਿ ਇਕ ਭਗਤ ਹੀ ਮੇਰੇ ਹਿਰਦੇ ਵਿੱਚ ਵੱਸਦਾ ਹੈ ।

* ਹਰੀ-ਨਾਮ ਤੋਂ ਬਿਨਾਂ ਹੋਰ ਕੋਈ ਪੂਜਾ ਪ੍ਰਵਾਨ ਨਹੀਂ ।

† ਮਨੁੱਖ ਵਿੱਚ ਭਾਵੇਂ ਹੋਰ ਕਈ ਗੁਣ ਹੋਣ, ਪਰ ਜੇ ਹਰੀ ਦਾ ਪ੍ਰੇਮ ਨਹੀਂ ਤਾਂ ਕੋਈ ਗੁਣ ਨਾ ਸਮਝ।

‡ ਹਰੀ ਦੇ ਪ੍ਰੇਮ ਦੀ ਤੀਬਰਤਾ ਆਪਣੇ ਬਾਲਪਨ ਦੀ ਇਕ ਸਾਖੀ ਦੇ ਕੇ ਦੱਸਦੇ ਹਨ ਕਿ ਕਿਵੇਂ ਰੱਬ ਆਪਣੇ ਭਗਤਾਂ ਦੇ ਭੋਲੇ ਭਾਲੇ ਸੁਭਾਉ ਉਤੇ ਪ੍ਰਸੰਨ ਹੁੰਦਾ ਅਤੇ ਅੰਤ ਉਨ੍ਹਾਂ ਉੱਤੇ ਤਰਸ ਖਾ ਕੇ ਦਰਸ਼ਨ ਦਿੰਦਾ ਅਤੇ ਭਰਮਾਂ ਵਿਚੋਂ ਕੱਢਦਾ ਹੈ ।

ਹਸੈ ॥ ੩ ॥ [੧]ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥ ੪ ॥ ੩ ॥ *ਮੈ ਬਉਰੀ ਮੇਰਾ ਰਾਮੁ ਭਤਾਰੁ[੨] ॥ [੩]ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥ ੧ ॥ ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥ ਤਨੁ ਮਨੁ ਰਾਮ ਪਿਆਰੇ ਜੋਗੁ[੪] ॥ ੧ ॥ ਰਹਾਉ ॥ [੫]ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥ ਰਸਨਾ ਰਾਮ ਰਸਾਇਨੁ[੬] ਪੀਜੈ ॥ ੨ ॥ [੭]ਅਬ ਜੀਅ ਜਾਨਿ ਐਸੀ ਬਨਿ ਆਈ ॥ ਮਿਲਉ ਗੁਪਾਲ [੮]ਨੀਸਾਨੁ ਬਜਾਈ ॥ ੩ ॥ [੯]ਉਸਤਤਿ ਨਿੰਦਾ ਕਰੈ ਨਰੁ ਕੋਈ ॥ ਨਾਮੇ ਸ੍ਰੀਰੰਗੁ ਭੇਟਲ[੧੦] ਸੋਈ ॥ ੪ ॥ ੪ ॥ †ਕਬਹੂ ਖੀਰਿ ਖਾਡ ਘੀਉ ਨ ਭਾਵੈ ॥ ਕਬਹੂ ਘਰ ਘਰ ਟੂਕ ਮਗਾਵੈ ॥ ਕਬਹੂ ਕੂਰਨੁ[੧੧] ਚਨੇ ਬਿਨਾਵੈ[੧੨] ॥ ੧ ॥ ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥ ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ ੧ ॥ ਰਹਾਉ ॥ ਕਬਹੂ ਤੁਰੇ[੧੩] ਤੁਰੰਗ[੧੪] ਨਚਾਵੈ ॥ [੧੫]ਕਬਹੂ ਪਾਇ ਪਨਹੀਓ ਨ ਪਾਵੈ ॥ ੨ ॥ ਕਬਹੂ [੧੬]ਖਾਟ ਸੁਪੇਦੀ ਸੁਵਾਵੈ ॥ ਕਬਹੂ ਭੂਮਿ [੧੭]ਪੈਆਰੁ ਨ ਪਾਵੈ ॥ ੩ ॥ ਭਨਤਿ[੧੮] ਨਾਮਦੇਉ ਇਕੁ ਨਾਮੁ ਨਿਸਤਾਰੈ ॥ ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥ ੪ ॥ ੫ ॥ ‡ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥ ਹੀਨੜੀ[੧੯] ਜਾਤਿ ਮੇਰੀ [੨੦]ਜਾਦਿਮ ਰਾਇਆ ॥ ਛੀਪੇ[੨੧] ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ[੨੨] ਪਾਛੈ ਬੈਠਾ ਜਾਇ ॥ ੨ ॥ ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥ ੬ ॥

ਭੈਰਉ ਨਾਮਦੇਉ ਜੀਉ ਘਰੁ ੨ ੴ ਸਤਿਗੁਰ ਪ੍ਰਸਾਦਿ ॥

§ਜੈਸੀ ਭੂਖੇ ਪ੍ਰੀਤਿ ਅਨਾਜ ॥ [੨੩]ਤ੍ਰਿਖਾਵੰਤ ਜਲ ਸੇਤੀ ਕਾਜ ॥ [੨੪]ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥ ੧ ॥ ਨਾਮੇ ਪ੍ਰੀਤਿ ਨਾਰਾਇਣ ਲਾਗੀ ॥ ਸਹਜ ਸੁਭਾਇ ਭਇਓ ਬੈਰਾਗੀ[੨੫] ॥ ੧ ॥ ਰਹਾਉ ॥ ਜੈਸੀ [੨੬]ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ[੨੭] ॥ ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ ਪ੍ਰੀਤਿ ਮੁਰਾਰੀ[੨੮] ॥ ੨ ॥ ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ[੨੯] ਦੂਬਿਧਾ ਜਾਏ ॥ ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥ ੩ ॥ ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ ਐਸਾ ਹਰਿ ਸੇਤੀ ਮਨੁ ਰਾਤਾ ॥ ਪ੍ਰਣਵੈ[੧੮] ਨਾਮਦੇਉ ਲਾਗੀ ਪ੍ਰੀਤਿ ॥ ਗੋਬਿਦੁ ਬਸੈ ਹਮਾਰੈ ਚੀਤਿ ॥ ੪ ॥ ੧ ॥ ੭ ॥

੧ ਜਦ ਨਾਮਦੇਵ ਇਸ ਤਰ੍ਹਾਂ ਹਰੀ ਨੂੰ ਦੁੱਧ ਦੇ ਕੇ ਘਰ ਮੁੜਿਆ, ਤਾਂ ਨਾਮੇ ਨੂੰ ਹਰੀ ਦਾ ਦਰਸ਼ਨ ਮਿਲ ਗਿਆ ।

੨ ਪਤੀ ।

੩ ਫਬ-ਫਬ ਕੇ । ਉਹਦੇ ਲਈ ਸੰਵਾਰ-ਸੰਵਾਰ ਕੇ ਸ਼ਿੰਗਾਰ ਕਰਦੀ ਹੈ ।

੪ ਜੋਗਾ, ਹਵਾਲੇ ।

੫ ਝਗੜਾ, ਬਹਿਸ-ਮੁਬਾਹਿਸਾ, ਬੋਲਾ-ਬਾਲੀ ।

੬ ਰਸਾਂ ਦਾ ਘਰ । ਜੀਭ ਦੁਆਰਾ ਰਾਮ-ਨਾਮ ਦਾ ਅੰਮ੍ਰਿਤ ਛਕੀ ਜਾਣਾ ਚਾਹੀਦਾ ਹੈ ।

੭ ਹੁਣ, ਹੇ ਮਨ ! ਤੂੰ ਸਮਝ ਲੈ ਕਿ ਐਸਾ ਢੋ ਢੁਕਿਆ ਹੈ ਕਿ ਹਰੀ ਨੂੰ ਗੱਜ ਵੱਜ ਕੇ ਮਿਲਾਂਗਾ।

੮ ਪ੍ਰਗਟ ਹੋ ਕੇ, ਗੱਜ ਵੱਜ ਕੇ ।

੯ ਕੋਈ ਉਸਤਤ ਕਰੇ ਜਾਂ ਨਿੰਦਾ ਕਰੇ, ਸਾਨੂੰ ਤਾਂ ਹਰੀ ਮਿਲ ਪਿਆ ਹੈ । ਸ੍ਰੀਰੰਗ=ਸ੍ਰੀ (ਲਛਮੀ) ਨਾਲ ਰੰਗ ਕਰਨ ਵਾਲਾ, ਵਿਸ਼ਨੂੰ, ਭਾਵ ਵਾਹਿਗੁਰੂ।

੧੦ ਮਿਲਿਆ ਹੈ ।

੧੧ [ਸੰ. ਕੂਰ] ਕੂੜਾ ।

੧੨ ਚੁਣਵਾਉਂਦਾ ਹੈ । ਕਦੇ ਕੂੜੇ ਵਿੱਚੋਂ ਚਣੇ ਚੁਗਵਾਉਂਦਾ ਹੈ ।

੧੩ ਘੋੜੇ ।

੧੪ ਘੋੜੇ ।

੧੫ ਕਦੀ ਪੈਰੀਂ ਜੁੱਤੀ ਵੀ ਨਹੀਂ ਪਾਂਦਾ ।

੧੬ ਸਫੈਦ (ਵਿਛਾਉਣੇ ਵਾਲੇ) ਮੰਜੇ 'ਤੇ ਸੌਂਦਾ ਹੈ।

੧੭ ਪਰਾਲੀ ਵੀ ਸੌਣ ਨੂੰ ਨਹੀਂ ਮਿਲਦੀ ।

੧੮ ਕਹਿੰਦਾ ਹੈ ।

੧੯ ਹੀਣੀ, ਨੀਵੀਂ ।

੨੦ ਹੇ ਜਾਦਵਾਂ ਦੇ ਰਾਜੇ ! (ਹੇ ਕ੍ਰਿਸ਼ਨ !)

੨੧ ਛੀਂਬੇ ।

੨੨ ਦੇਵ ਪੂਜਾ ਅਸਥਾਨ ਦੇ, ਸ਼ਿਵਾਲੇ ਦੇ ।

੨੩ ਜਿਵੇਂ ਤਿਹਾਏ ਨੂੰ ਪਾਣੀ ਨਾਲ ਕੰਮ ਹੁੰਦਾ ਹੈ, ਪਾਣੀ ਦੀ ਲੋੜ ਹੁੰਦੀ ਹੈ ।

੨੪ ਜਿਵੇਂ ਮੂਰਖ ਇਸਤ੍ਰੀ ਕੁਟੰਬ ਦੇ ਆਸਰੇ ਹੋਈ ਰਹਿੰਦੀ ਹੈ ।

੨੫ ਸੰਸਾਰ ਤੋਂ ਉਚਾਟ । ਕੁਦਰਤੀ ਤੌਰ 'ਤੇ ਸੰਸਾਰ ਵਲੋਂ ਮਨ ਹਟ ਗਿਆ ਹੈ । ਮਨ ਉੱਤੇ ਜ਼ੋਰ ਪਾ ਕੇ ਨਹੀਂ, ਸਗੋਂ ਸੁਭਾਵਕ ਹੀ ਮਨ ਸੰਸਾਰ ਦੀਆਂ ਉਲਝਣਾਂ ਤੋਂ ਹਟ ਗਿਆ ਹੈ ।

੨੬ ਪਰਾਏ ਪੁਰਖ ਨਾਲ ਰੱਤੀ ਹੋਈ ਪ੍ਰੇਮਣ ।

੨੭ ਪ੍ਰੇਮੀ ।

੨੮ [ਮੁਰ ਰਾਖਸ਼ ਦਾ ਵੈਰੀ] ਹਰੀ ਦੀ ।

੨੯ ਕਿਰਪਾ ਨਾਲ ।

* ਕਈ ਵਾਰੀ ਹਰੀ ਦੇ ਭਗਤ ਆਪਣੇ ਪ੍ਰੇਮ ਦੀ ਤੀਬਰਤਾ ਵਿੱਚ ਅਜਿਹੇ ਅਸੰਸਾਰੀ ਕੰਮ ਕਰ ਬੈਠਦੇ ਹਨ ਕਿ ਲੋਕ ਉਨ੍ਹਾਂ ਨੂੰ ਸ਼ੁਦਾਈ ਆਖ ਕੇ ਭੰਡਦੇ ਹਨ । ਪਰ ਭਗਤ ਲੋਕ ਇਸ ਭੰਡੀ ਦੀ ਪ੍ਰਵਾਹ ਨਾ ਕਰਦੇ ਹੋਏ ਹਰੀ-ਪ੍ਰੇਮ ਵਿੱਚ ਜੁੱਟੇ ਰਹਿੰਦੇ ਹਨ ।

† ਭਗਤ ਲੋਕ ਗਰੀਬੀ ਅਮੀਰੀ ਹਰ ਹਾਲਤ ਵਿੱਚ ਸੰਤੋਖੀ ਰਹਿ ਕੇ ਹਰੀ ਸਿਮਰਨ ਵਿੱਚ ਲਗੇ ਰਹਿੰਦੇ ਹਨ। ਹਰ ਇਕ ਪਦੇ ਵਿੱਚ ਦੋ ਦੋ ਤੁਕਾਂ ਹਨ, ਪਰ ਏਥੇ ਤਿੰਨ ਹਨ, ਇਸ ਲਈ ਕਈਆਂ ਬੀੜਾਂ ਵਿੱਚ 'ਕਬਹੂ ਘਰ ਘਰ ਟੂਕ ਮਗਾਵੈ' ਵਾਲੀ ਤੁਕ ਨਹੀਂ ਦਿੱਤੀ ਹੁੰਦੀ ।

‡ ਕਈ ਵਾਰੀ ਲੋਕ ਭਗਤਾਂ ਦੀ ਨੀਵੀ ਜ਼ਾਤ ਤੋਂ ਨਫ਼ਰਤ ਕਰ ਕੇ ਉਨ੍ਹਾਂ ਦੀ ਭਗਤੀ ਵਿੱਚ ਵਿਘਨ ਪਾਂਦੇ ਹਨ, ਪਰ ਭਗਤ ਹਰੀ ਦਾ ਆਸਰਾ ਨਹੀਂ ਛਡਦੇ, ਤੇ ਹਰੀ ਉਨ੍ਹਾਂ ਦੀ ਪੱਤ ਰੱਖਦਾ ਹੈ। ਦੇਖੋ ਪੰਨਾ ੪੫੧, ਨੋਟ ੧੫ ਅਤੇ ਪੰਨਾ ੭੩੩, ਨੋਟ ੧੭ ।

¶ ਸੰਸਾਰ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਲਗਨਾਂ ਦੀਆਂ ਉਦਾਹਰਣਾਂ ਦੇ ਕੇ ਹਰੀ ਦੀ ਲਗਨ ਦੀ ਤੀਬਰਤਾ ਬਿਆਨ ਕਰਦੇ ਹਨ ।

*ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ [੧]ਘਾਲੈ ਧੰਧਾ ॥ ਜੈਸੇ
ਸਿੰਬਲੁ ਦੇਖਿ ਸੂਆ[੨] ਬਿਗਸਾਨਾ[੩] ॥ ਅੰਤ ਕੀ ਬਾਰ ਮੂਆ ਲਪਟਾਨਾ[੪] ॥ ੧ ॥
ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥ ੧ ॥
ਰਹਾਉ ॥ ਹਰਿ ਕੀ [੫]ਭਗਤਿ ਨ ਦੇਖੈ ਜਾਇ ॥ ਮਾਰਗੁ ਛੋਡਿ [੬]ਅਮਾਰਗਿ
ਪਾਇ ॥ [੭]ਮੂਲਹੁ ਭੂਲਾ ਆਵੈ ਜਾਇ ॥ [੮]ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥
੨ ॥ ਜਿਉ ਬੇਸ੍ਵਾ ਕੇ [੯]ਪਰੈ ਅਖਾਰਾ ॥ ਕਾਪਰੁ ਪਹਿਰਿ ਕਰਹਿ ਸੀਗਾਰਾ ॥
[੧੦]ਪੂਰੇ ਤਾਲ ਨਿਹਾਲੇ ਸਾਸ ॥ ਵਾ ਕੇ ਗਲੇ ਜਮ ਕਾ ਹੈ ਫਾਸ ॥ ੩ ॥ ਜਾ
ਕੇ ਮਸਤਕਿ[੧੧] ਲਿਖਿਓ ਕਰਮਾ[੧੨] ॥ ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥
ਕਹਤ ਨਾਮਦੇਉ ਇਹੁ ਬੀਚਾਰੁ ॥ ਇਨ ਬਿਧਿ ਸੰਤਹੁ ਉਤਰਹੁ ਪਾਰਿ ॥ ੪ ॥
੨ ॥ ੮ ॥ †[੧੩]ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ [੧੪]ਪਚਿ ਹਾਰੇ ॥
ਰਾਮੁ ਕਹੈ [੧੫]ਕਰ ਤਾਲ ਬਜਾਵੈ ਚਟੀਆ[੧੬] ਸਭੈ ਬਿਗਾਰੇ ॥ ੧ ॥ ਰਾਮ ਨਾਮਾ
ਜਪਿਬੋ ਕਰੈ ॥ ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥ ੧ ॥ ਰਹਾਉ ॥ [੧੭]ਬਸੁਧਾ
ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ[੧੮] ॥ ਪੂਤੁ ਪ੍ਰਹਿਲਾਦੁ ਕਹਿਆ
ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥ ੨ ॥ ਦੁਸਟ ਸਭਾ ਮਿਲਿ [੧੯]ਮੰਤਰ
ਉਪਾਇਆ [੨੦]ਕਰਸਹ ਅਉਧ ਘਨੇਰੀ ॥ [੨੧]ਗਿਰਿ ਤਰ ਜਲ ਜੁਆਲਾ ਭੈ
ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥ ੩ ॥ [੨੨]ਕਾਢਿ ਖੜਗੁ ਕਾਲੁ ਭੈ ਕੋਪਿਓ
ਮੋਹਿ ਬਤਾਉ ਜੁ ਤੁਹਿ ਰਾਖੈ ॥ [੨੩]ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ
ਹਰਿ ਭਾਖੈ ॥ ੪ ॥ ਹਰਨਾਖਸੁ ਜਿਨਿ [੨੪]ਨਖਹ ਬਿਦਾਰਿਓ ਸੁਰਿ ਨਰ ਕੀਏ
ਸਨਾਥਾ[੨੫] ॥ ਕਹਿ ਨਾਮਦੇਉ ਹਮ ਨਰਹਰਿ[੨੬] ਧਿਆਵਹ ਰਾਮੁ ਅਭੈ ਪਦ
ਦਾਤਾ ॥ ੫ ॥ ੩ ॥ ੯ ॥ ‡ਸੁਲਤਾਨੁ[੨੭] ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ
ਤੁਮ੍ਹਾਰੇ ਕਾਮਾ ॥ ੧ ॥ [੨੮]ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ
ਬੀਠੁਲਾ[੨੯] ॥ ੧ ॥ ਰਹਾਉ ॥ ਬਿਸਮਿਲਿ[੩੦] ਗਊ ਦੇਹੁ ਜੀਵਾਇ ॥
[੩੧]ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥ ਬਾਦਿਸਾਹ ਐਸੀ ਕਿਉ ਹੋਇ ॥
ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥ ਮੇਰਾ ਕੀਆ ਕਛੂ ਨ ਹੋਇ ॥
ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥ ਬਾਦਿਸਾਹੁ ਚੜ੍ਹਿਓ ਅਹੰਕਾਰਿ ॥ [੩੨]ਗਜ
ਹਸਤੀ ਦੀਨੋ ਚਮਕਾਰਿ ॥ ੫ ॥ ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ
ਕੀ[੩੩] ਨ ਭਜਹਿ ਖੁਦਾਇ ॥ ੬ ॥ ਨ ਹਉ ਤੇਰਾ ਪੂੰਗੜਾ[੩੪] ਨ ਤੂ ਮੇਰੀ ਮਾਇ ॥
[੩੫]ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ੭ ॥ ਕਰੈ ਗਜਿੰਦੁ[੩੬] ਸੁੰਡ ਕੀ
ਚੋਟ ॥ ਨਾਮਾ ਉਬਰੈ[੩੭] ਹਰਿ ਕੀ ਓਟ ॥ ੮ ॥ [੩੮]ਕਾਜੀ ਮੁਲਾਂ ਕਰਹਿ ਸਲਾਮੁ ॥
ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥ [੩੯]ਬਾਦਿਸਾਹ ਬੇਨਤੀ ਸੁਨੇਹੁ ॥

੧ ਝਖਾਂ ਮਾਰਦਾ ਹੈ ।
੨ ਤੋਤਾ ।
੩ ਖਿੜਦਾ ਹੈ, ਖੁਸ਼ ਹੁੰਦਾ ਹੈ । ਦੇਖੋ 'ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ' ਵਾਲਾ ਸ਼ਲੋਕ ਪੰਨਾ ੪੭੦ ਉੱਤੇ ।
੪ ਲਿਪਟ ਕੇ, ਲੇਸ ਨਾਲ ਚਿਮਟ ਕੇ ।
੫ ਭਗਤੀ ਹੁੰਦੀ ਵੇਖਣ ਸੁਣਨ ਨਹੀਂ ਜਾਂਦਾ ।
੬ ਪੁੱਠੇ ਰਾਹ ਪੈਂਦਾ ਹੈ ।
੭ ਹਰੀ ਤੋਂ ਜੋ ਹਰ ਇਕ ਦੀ ਬੁਨਿਆਦ ਹੈ, ਘੁਥਾ ਹੋਣ ਕਰ ਕੇ ਮੁੜ-ਮੁੜ ਜਨਮ ਧਾਰਦਾ ਹੈ।
੮ ਅੰਮ੍ਰਿਤ ਨੂੰ ਸੁਟ ਦੇਂਦਾ ਅਤੇ ਜ਼ਹਿਰ ਨੂੰ ਲੱਦ ਕੇ (ਲਿਆਉਂਦਾ ਅਤੇ) ਖਾਂਦਾ ਹੈ ।
੯ ਅਖਾੜਾ ਜੰਮਦਾ ਹੈ, ਤਮਾਸ਼ਾ ਹੁੰਦਾ ਹੈ, ਮੁਜਰਾ ਲਗਦਾ ਹੈ ।
੧੦ ਜਦ ਉਹ ਤਾਲ ਪੂਰਦੀ ਹੈ ਤਾਂ ਵਿਸ਼ਈ ਉਸ ਦੇ ਸੁਆਸ ਗਿਣਦਾ ਹੈ । ਐਸੇ ਵਿਸ਼ਈ ਦੇ ਗਲੇ ਵਿੱਚ ਮੌਤ ਦੀ ਫਾਹੀ ਪੈਂਦੀ ਹੈ ।
੧੧ ਮੱਥੇ 'ਤੇ । ੧੨ ਉੱਤਮ ਭਾਗ ।
੧੩ ਪ੍ਰਹਿਲਾਦ ਦੇ ਉਸਤਾਦ ।
੧੪ ਖਪ ਮਰੇ ਹਾਂ ।
੧੫ ਹੱਥਾਂ ਦੀਆਂ ਤਾਲੀਆਂ ।
੧੬ ਚਾਟੜੇ, ਨਾਲ ਦੇ ਵਿਦਿਆਰਥੀ ।
੧੭ ਮਾਂ ਕਹਿੰਦੀ ਹੈ ਕਿ ਪਿਤਾ ਰਾਜੇ ਨੇ ਤਾਂ ਸਾਰੀ ਧਰਤੀ ਵੱਸ ਕੀਤੀ ਹੈ, ਪਰ ਇਕ ਪੁੱਤਰ ਹੀ ਹੈ ਜੋ ਉਸ ਦੇ ਆਖੇ ਨਹੀਂ ਲੱਗਦਾ ਤੇ ਦਿਲ ਵਿੱਚ ਹੋਰ ਹੀ ਠਾਣੀ ਹੋਈ ਹੈ, ਭਾਵ ਲੋਕਾਂ ਵਾਂਗੂੰ ਵੱਸ ਹੋ ਕੇ ਨਹੀਂ ਚਲਦਾ ।
੧੮ ਵੱਡੀ ਰਾਣੀ; ਪ੍ਰਹਿਲਾਦ ਦੀ ਮਾਂ ।
੧੯ ਮਤਾ ਪਕਾਇਆ । ਦੇਖੋ ਪੰਨਾ ੧੧੩੩, ਫੁਟ ਨੋਟ ੧੬ ।
੨੦ ਇਸ ਦੀ ਉਮਰ ਵਡੀ ਕਰੀਏ, ਭਾਵ ਮਾਰ ਦੇਈਏ ।
੨੧ ਪਹਾੜ ਤੋਂ ਹੇਠਾਂ ਸੁਟਣ, ਪਾਣੀ ਵਿੱਚ ਡੋਬਣ ਤੇ ਅੱਗ ਵਿੱਚ ਸਾੜਨ ਦੇ ਭੈ ਤੋਂ ਰੱਬ ਨੇ ਰੱਖ ਲਿਆ, ਹਰੀ ਨੇ ਮਾਇਆ ਦਾ ਸੁਭਾਵ ਹੀ ਉਲਟਾ ਦਿੱਤਾ; ਅੱਗ ਸਾੜ ਨਾ ਸਕੀ, ਪਾਣੀ ਡੋਬ ਨਾ ਸਕਿਆ, ਪਹਾੜ ਤੋਂ ਡਿਗਣ ਨਾਲ ਮੌਤ ਨਾ ਹੋਈ ।
੨੨ ਤਲਵਾਰ ਕੱਢ ਕੇ ਕਾਲ ਰੂਪ ਹੋ ਕੇ ਬੋਲਿਆ ਗੁੱਸੇ ਨਾਲ ਰਾਜਾ; 'ਮੈਨੂੰ ਦੱਸ ਕੌਣ ਹੈਈ, ਜੋ ਤੈਨੂੰ ਬਚਾਅ ਸਕਦਾ ਹੈ ?'
੨੩ ਪੀਲੇ ਕੱਪੜਿਆਂ ਵਾਲਾ ਤਿੰਨਾਂ ਭਵਨਾਂ ਦਾ ਜੋ ਮਾਲਕ ਹੈ ਉਹ ਇਸੇ ਥੰਮ ਵਿੱਚ ਹੈ; ਇਹ ਜਵਾਬ ਪ੍ਰਹਲਾਦ ਭਾਖੈ (ਕਹਿੰਦਾ ਹੈ) ।
੨੪ ਨੌਹਾਂ ਨਾਲ ਪਾੜ ਦਿੱਤਾ ।
੨੫ ਨਾਥ ਵਾਲੇ । ਹਰੀ ਨੇ ਸਾਬਤ ਕਰ ਦਿੱਤਾ ਕਿ ਉਹ ਸੱਚ-ਮੁਚ ਸੁਰੀ ਨਰਾਂ (ਚੰਗੇ ਪੁਰਸ਼ਾਂ) ਦਾ ਹੁੰਦਾ ਹੈ ।
੨੬ [ਨਰਸਿੰਘ] ਹਰੀ ਨੂੰ ।
੨੭ ਮੁਹੰਮਦ ਬਿਨ ਤੁਗਲਕ ਬਾਦਸ਼ਾਹ । ਉਸ ਦੀ ਅਤਿ ਪਿਆਰੀ ਗਊ ਮਰ ਗਈ; ਉਸ ਸੰਬੰਧੀ ਭਗਤ ਜੀ ਨੂੰ ਵੰਗਾਰ ਕੇ ਕਹਿੰਦਾ ਹੈ, 'ਸੁਣ ਓਏ ਨਾਮਿਆ! ਦੇਖਾਂ ਤਾਂ ਤੇਰੇ ਰਾਮ ਦੇ ਕੰਮ ਭਾਵ ਮੈਨੂੰ ਕਰਾਮਾਤ ਦੱਸ ।
੨੮ ਸੁਲਤਾਨ ਨੇ ਨਾਮਦੇਵ ਨੂੰ ਬੰਨ੍ਹ ਲਿਆ ।
੨੯ ਵਿਸ਼ਨੂੰ ਹਰੀ । ਦੇਖੋ ਪੰਨਾ ੮੫੫, ਫੁਟ ਨੋਟ §।
੩੦ [ਫ਼ਾ.] ਮੋਈ ਹੋਈ ।
੩੧ ਨਹੀਂ ਤਾਂ ਥਾਂ ਮਾਰ ਦਿਆਂਗਾ ।
੩੨ ਹਾਥੀ ਨੂੰ ਜੋਸ਼ ਵਿੱਚ ਆਂਦਾ, ਉਕਸਾਇਆ ।
੩੩ ਕਿਉਂ ?
੩੪ ਪੁੱਤਰ (ਨਾਮਦੇਵ ਜੀ ਕਹਿੰਦੇ ਹਨ, ਮਾਤਾ ਨੂੰ)।
੩੫ ਸਰੀਰ ਭਾਵੇਂ ਨਾਸ ਹੋ ਜਾਵੇ, ਤਾਂ ਭੀ ਹਰੀ ਦੇ ਗੁਣ ਗਾਵਾਂਗਾ ।
੩੬ ਹਾਥੀ ।
੩੭ ਬਚ ਗਿਆ ।
੩੮ ਬਾਦਸ਼ਾਹ ਕਹਿੰਦਾ ਹੈ, ਮੈਨੂੰ ਧਾਰਮਿਕ ਮੁਖੀ ਸਲਾਮ ਕਰਦੇ ਹਨ, ਪਰ ਇਸ ਹਿੰਦੂ ਨੇ ਮੇਰਾ ਮਾਨ ਤੋੜ ਦਿੱਤਾ ਹੈ ।
੩੯ ਲੋਕ ਕਹਿੰਦੇ ਹਨ, ਹੇ ਬਾਦਸ਼ਾਹ ! ਬੇਨਤੀ ਮੰਨੋ, ਨਾਮੇ ਦੇ ਵਜ਼ਨ ਦੇ ਬਰਾਬਰ ਸੋਨਾ ਲੈ ਲਵੋ (ਤੇ ਉਸ ਨੂੰ ਛੱਡ ਦੇਵੋ) ।

* ਅਗਿਆਨੀ ਪੁਰਸ਼ ਪੁੱਠੇ ਪਾਸੇ ਦੀ ਲਗਨ ਵਿੱਚ ਲੱਗਾ ਹੋਇਆ ਹਰੀ ਨੂੰ ਪਿਆਰ ਨਹੀਂ ਕਰਦਾ ।

† ਪ੍ਰਹਿਲਾਦ ਭਗਤ ਦੀ ਮਿਸਾਲ ਦੇ ਕੇ ਦੱਸਦੇ ਹਨ ਕਿ ਜਿਨ੍ਹਾਂ ਨੂੰ ਹਰੀ ਦੀ ਲਗਨ ਲੱਗੀ ਹੁੰਦੀ ਹੈ, ਉਹ ਕਿਸੇ ਕਸ਼ਟ ਜਾਂ ਜ਼ੁਲਮ ਤੋਂ ਨਹੀਂ ਡਰਦੇ । ਦੇਖੋ ਪੰਨਾ ੧੧੩੩, ਨੋਟ* ਅਤੇ †।

‡ ਫੇਰ ਆਪਣੀ ਮਿਸਾਲ ਲੈ ਕੇ ਦੱਸਦੇ ਹਨ ਕਿ ਭਗਤ ਕਿਸੇ ਦੇ ਡਰ ਤੋਂ ਆਪਣੇ ਇਸ਼ਟ ਦੇਵ ਹਰੀ ਨੂੰ ਨਹੀਂ ਛੱਡਦੇ ਅਤੇ ਹਰੀ ਭੀ ਆਪਣੇ ਭਗਤਾਂ ਦੀ ਵੇਲੇ ਸਿਰ ਪੈਜ ਰੱਖਦਾ ਹੈ ।

ਨਾਮੇ [੧]ਸਰ ਭਰਿ ਸੋਨਾ ਲੇਹੁ ॥ ੧੦ ॥ [੨]ਮਾਲੁ ਲੇਉ ਤਉ ਦੋਜਕਿ ਪਰਉ ॥ [੩]ਦੀਨੁ ਛੋਡਿ ਦੁਨੀਆ ਕਉ ਭਰਉ ॥ ੧੧ ॥ [੪]ਪਾਵਹੁ ਬੇੜੀ ਹਾਥਹੁ ਤਾਲ ॥ ਨਾਮਾ ਗਾਵੈ ਗੁਨ ਗੋਪਾਲ ॥ ੧੨ ॥ [੫]ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥ ੧੩ ॥ ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ [੬]ਤ੍ਰਿਭਵਣ ਧਣੀ ॥ ੧੪ ॥ [੭]ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦ ਆਇਲਾ ॥ ੧੫ ॥ ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ ਆਏ ਗੋਪਾਲ ॥ ੧੬ ॥ ਕਹਹਿ ਤ [੮]ਧਰਣਿ ਇਕੋਡੀ ਕਰਉ ॥ ਕਹਹਿ ਤ ਲੇ ਕਰਿ [੯]ਊਪਰਿ ਧਰਉ ॥ ੧੭ ॥ ਕਹਹਿ ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ ਪਤੀਆਇ[੧੦] ॥ ੧੮ ॥ ਨਾਮਾ ਪ੍ਰਣਵੈ ਸੇਲ[੧੧] ਮਸੇਲ[੧੨] ॥ [੧੩]ਗਊ ਦੁਹਾਈ ਬਛਰਾ ਮੇਲਿ ॥ ੧੯ ॥ ਦੂਧਹਿ ਦੁਹਿ ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥ ੨੦ ॥ ਬਾਦਿਸਾਹੁ ਮਹਲ ਮਹਿ ਜਾਇ ॥ ਅਉਘਟ[੧੪] ਕੀ ਘਟ[੧੫] ਲਾਗੀ ਆਇ ॥ ੨੧ ॥ [੧੬]ਕਾਜੀ ਮੁਲਾਂ ਬਿਨਤੀ ਫੁਰਮਾਇ ॥ ਬਖਸੀ ਹਿੰਦੂ ਮੈ ਤੇਰੀ ਗਾਇ ॥ ੨੨ ॥ ਨਾਮਾ ਕਹੈ ਸੁਨਹੁ ਬਾਦਿਸਾਹ ॥ [੧੭]ਇਹੁ ਕਿਛੁ ਪਤੀਆ ਮੁਝੈ ਦਿਖਾਇ ॥ ੨੩ ॥ [੧੮]ਇਸ ਪਤੀਆ ਕਾ ਇਹੈ ਪਰਵਾਨੁ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥ ੨੪ ॥ [੧੯]ਨਾਮਦੇਉ ਸਭ ਰਹਿਆ ਸਮਾਇ ॥ ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥ ੨੫ ॥ [੨੦]ਜਉ ਅਬ ਕੀ ਬਾਰ ਨ ਜੀਵੈ ਗਾਇ ॥ ਤ ਨਾਮਦੇਵ ਕਾ ਪਤੀਆ ਜਾਇ ॥ ੨੬ ॥ ਨਾਮੇ ਕੀ ਕੀਰਤਿ[੨੧] ਰਹੀ ਸੰਸਾਰਿ ॥ ਭਗਤ ਜਨਾਂ ਲੇ ਉਧਰਿਆ ਪਾਰਿ ॥ ੨੭ ॥ ਸਗਲ ਕਲੇਸ ਨਿੰਦਕ ਭਇਆ ਖੇਦੁ[੨੨] ॥ ਨਾਮੇ ਨਾਰਾਇਨ ਨਾਹੀ ਭੇਦੁ ॥ ੨੮ ॥ ੧ ॥ ੧੦ ॥ ਘਰੁ ੨ ॥ *[੨੩]ਜਉ ਗੁਰਦੇਉ ਤ ਮਿਲੈ ਮੁਰਾਰਿ[੨੪] ॥ ਜਉ ਗੁਰਦੇਉ ਤ ਉਤਰੈ ਪਾਰਿ ॥ ਜਉ ਗੁਰਦੇਉ ਤ ਬੈਕੁੰਠ ਤਰੈ ॥ ਜਉ ਗੁਰਦੇਉ ਤ ਜੀਵਤ ਮਰੈ ॥ ੧ ॥ ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ [੨੫]ਆਨ ਸਭ ਸੇਵ ॥ ੧ ॥ ਰਹਾਉ ॥ ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ ਨ ਦਹ ਦਿਸ ਧਾਵੈ ॥ ਜਉ ਗੁਰਦੇਉ ਪੰਚ[੨੬] ਤੇ ਦੂਰਿ ॥ ਜਉ ਗੁਰਦੇਉ ਨ ਮਰਿਬੋ[੨੭] ਝੂਰਿ ॥ ੨ ॥ ਜਉ ਗੁਰਦੇਉ ਤ [੨੮]ਅੰਮ੍ਰਿਤ ਬਾਨੀ ॥ ਜਉ ਗੁਰਦੇਉ [੨੯]ਤ ਅਕਥ ਕਹਾਨੀ ॥ ਜਉ ਗੁਰਦੇਉ ਤ [੩੦]ਅੰਮ੍ਰਿਤ ਦੇਹ ॥ ਜਉ ਗੁਰਦੇਉ ਨਾਮੁ ਜਪਿ ਲੇਹਿ ॥ ੩ ॥ ਜਉ ਗੁਰਦੇਉ ਭਵਨ ਤ੍ਰੈ ਸੂਝੈ ॥ ਜਉ ਗੁਰਦੇਉ ਊਚ ਪਦ ਬੂਝੈ ॥ ਜਉ ਗੁਰਦੇਉ ਤ ਸੀਸੁ[੩੧] ਅਕਾਸਿ ॥ ਜਉ ਗੁਰਦੇਉ ਸਦਾ ਸਾਬਾਸਿ ॥ ੪ ॥ ਜਉ ਗੁਰਦੇਉ ਸਦਾ ਬੈਰਾਗੀ ॥ ਜਉ

੧ ਤੋਲ ਬਰਾਬਰ ।
੨ ਬਾਦਸ਼ਾਹ ਦਾ ਉੱਤਰ ਹੈ: ਜੇ ਮੈਂ ਧਨ (ਵੱਢੀ ਵਜੋਂ) ਲਵਾਂ ਤਾਂ ਦੋਜ਼ਕ ਵਿੱਚ ਪੈਂਦਾ ਹਾਂ ।
੩ ਧਰਮ ਛੱਡ ਕੇ ਸੰਸਾਰੀ ਦੌਲਤ ਇਕੱਠੀ ਕਰਦਾ ਹੋਵਾਂਗਾ ।
੪ ਪੈਰੀਂ ਬੇੜੀ ਹੈ, ਪਰ ਨਾਮਦੇਵ ਹੱਥਾਂ ਨਾਲ ਤਾੜੀਆਂ ਵਜਾਉਣ ਲੱਗਾ ।
੫ ਜੇਕਰ ਗੰਗਾ ਤੇ ਜਮਨਾ ਭੀ ਉਲਟੀਆਂ ਵਹਿਣ ਲੱਗ ਪੈਣ, ਤਾਂ ਭੀ ਨਾਮਾ ਹਰੀ-ਹਰੀ ਕਰਦਾ ਰਹੇਗਾ ।
੬ ਤਿੰਨਾਂ ਭਵਨਾਂ ਦਾ ਮਾਲਕ ।
੭ ਖੰਭਾਂ ਦਾ ਵਾਜਾ ਵਜਾਉਂਦੇ ਹੋਏ ਗਰੜ 'ਤੇ ਚੜ੍ਹੇ ਹੋਏ ਆ ਗਏ ।
੮ ਧਰਤੀ ਪੁੱਠੀ ਕਰ ਦਿਆਂ । ਇਕੋਡੀ=ਗੋਡੇ ਪਰਣੇ, ਟੇਢੀ, ਉਲਟੀ ।
੯ ਉਤਾਹਾਂ ਟੰਗ ਦਿਆਂ ।
੧੦ ਪਰਤਾਵਾ ਕਰ ਕੇ, ਪਰਤਾ ਕੇ । (ਕਈਆਂ ਬੀੜਾਂ ਵਿੱਚ ਪਾਠ 'ਪਤੀਆ ਆਇ' ਹੈ) ।
੧੧ ਨਿਆਣਾ ।
੧੨ ਮੇਲ ਕੇ । ਨਾਮੇ ਕਿਹਾ ਕਿ ਨਿਆਣਾ ਚੋਣ ਲਈ ਪਾ ਦਿਉ ।
੧੩ ਗਊ ਚੋ ਲਈ ਵੱਛਾ ਛੱਡ ਕੇ ।
੧੪ ਔਖੀ ।
੧੫ ਘੜੀ । ਭਾਵ ਉਹ ਬੀਮਾਰ ਪੈ ਗਿਆ ।
੧੬ ਬਾਦਸ਼ਾਹ ਨੇ ਕਾਜ਼ੀ ਮੁੱਲਾਂ ਦੇ ਰਾਹੀਂ ਬੇਨਤੀ ਕੀਤੀ ਕਿ ਮੈਨੂੰ ਬਖ਼ਸ਼ ਲਓ ! ਮੈਂ ਤੇਰੀ ਗਾਂ ਹਾਂ ।
੧੭ ਮੈਨੂੰ ਇਹ ਤਸੱਲੀ ਦੇਹ ।
੧੮ ਇਸ ਤਸੱਲੀ ਦਾ ਮਾਪ ਇਹ ਹੈ ਕਿ ਸੱਚ ਤੇ ਸੀਲ ਵਿੱਚ ਚਲੋ । ਹੇ ਸ਼ਾਹ ! ਪਰਵਾਨੁ [ਸੰ. ਪਰਿਮਾਣ] ਪੈਮਾਨਾ, ਮਾਪ । (ਦੇਖੋ ਪੰਨਾ ੫ ਨੋਟ ੧੮)
੧੯ ਨਾਮਦੇਵ ਦਾ ਜ਼ਿਕਰ ਸਭ ਵਿੱਚ ਚਲ ਪਿਆ ।
੨੦ ਲੋਕ ਕਹਿਣ ਲਗੇ ਕਿ (ਸਾਡਾ ਖਿਆਲ ਸੀ ਕਿ) ਜੇ ਇਸ ਵਾਰ ਗਾਂ ਨਾ ਜੀਵੀ ਤਾਂ ਇਸ ਦਾ ਇਤਬਾਰ ਜਾਂਦਾ ਰਹੇਗਾ ।
੨੧ ਸਿਫ਼ਤ ।
੨੨ ਦੁੱਖ ।
੨੩ ਜੇ ਗੁਰੂ ਕ੍ਰਿਪਾਲ ਹੋਵੇ ।
੨੪ [ਮੁਰ ਰਾਖਸ਼ ਦਾ ਵੈਰੀ] ਹਰੀ ।
੨੫ ਹੋਰ ਸਭ ਸੇਵਾ ।
੨੬ ਕਾਮਾਦਿ ਪੰਜ ਵਿਸ਼ੇ ।
੨੭ ਮਰਦਾ ।
੨੮ ਬਾਣੀ ਅੰਮ੍ਰਿਤ ਵਰਗੀ ਮਿੱਠੀ ਹੋ ਜਾਂਦੀ ਹੈ ।
੨੯ ਤਾਂ ਅਕਹਿ ਹਾਲਤ ਹੋ ਜਾਂਦੀ ਹੈ ।
੩੦ ਦੇਹੀ ਅਮਰ ਹੋ ਜਾਂਦੀ ਹੈ, ਜੀਵਨ ਮੁਕਤ ਹੋ ਜਾਂਦਾ ਹੈ ।
੩੧ ਅਕਾਸ਼ ਵਿੱਚ ਸਿਰ ਹੋ ਜਾਂਦਾ ਹੈ, ਭਾਵ ਉੱਚੇ ਦਰਜੇ 'ਤੇ ਪੁੱਜ ਜਾਂਦਾ ਹੈ । ਦੇਖੋ ਪੰਨਾ ੯੬੭, ਨੋਟ ੩੨ ।

* ਭਗਤ ਨੂੰ ਸਭ ਫਲ ਤਦੇ ਪ੍ਰਾਪਤ ਹੁੰਦੇ ਹਨ, ਜਦ ਉਸ ਉੱਤੇ ਗੁਰੂ ਦੀ ਮਿਹਰ ਹੁੰਦੀ ਹੈ ।

ਗੁਰਦੇਉ ਪਰ ਨਿੰਦਾ ਤਿਆਗੀ ॥ ਜਉ ਗੁਰਦੇਉ [1]ਬੁਰਾ ਭਲਾ ਏਕ ॥ ਜਉ ਗੁਰਦੇਉ[2] ਲਿਲਾਟਹਿ ਲੇਖ ॥ ੫ ॥ ਜਉ ਗੁਰਦੇਉ [3]ਕੰਧੁ ਨਹੀ ਹਿਰੈ ॥ ਜਉ ਗੁਰਦੇਉ [4]ਦੇਹੁਰਾ ਫਿਰੈ ॥ ਜਉ ਗੁਰਦੇਉ ਤ [5]ਛਾਪਰਿ ਛਾਈ ॥ ਜਉ ਗੁਰਦੇਉ [6]ਸਿਹਜ ਨਿਕਸਾਈ ॥ ੬ ॥ ਜਉ ਗੁਰਦੇਉ ਤ [7]ਅਠਸਠਿ ਨਾਇਆ ॥ ਜਉ ਗੁਰਦੇਉ [8]ਤਨਿ ਚਕ੍ਰ ਲਗਾਇਆ ॥ ਜਉ ਗੁਰਦੇਉ ਤ [9]ਦੁਆਦਸ ਸੇਵਾ ॥ ਜਉ ਗੁਰਦੇਉ[10] ਸਭੈ ਬਿਖੁ ਮੇਵਾ ॥ ੭ ॥ ਜਉ ਗੁਰਦੇਉ ਤ ਸੰਸਾ ਟੂਟੈ ॥ ਜਉ ਗੁਰਦੇਉ ਤ ਜਮ ਤੇ ਛੂਟੈ ॥ ਜਉ ਗੁਰਦੇਉ ਤ ਭਉਜਲ ਤਰੈ ॥ ਜਉ ਗੁਰਦੇਉ ਤ ਜਨਮਿ ਨ ਮਰੈ ॥ ੮ ॥ ਜਉ ਗੁਰਦੇਉ [11]ਅਠਦਸ ਬਿਉਹਾਰ ॥ ਜਉ ਗੁਰਦੇਉ [12]ਅਠਾਰਹ ਭਾਰ ॥ ਬਿਨੁ ਗੁਰਦੇਉ ਅਵਰ ਨਹੀ ਜਾਈ[13] ॥ ਨਾਮਦੇਉ ਗੁਰ ਕੀ ਸਰਣਾਈ ॥ ੯ ॥ ੧ ॥ ੨ ॥ ੧੧ ॥

ਭੈਰਉ ਬਾਣੀ ਰਵਿਦਾਸ[14] ਜੀਉ ਕੀ ਘਰੁ ੨ ੴ ਸਤਿਗੁਰ ਪ੍ਰਸਾਦਿ ॥

*[15]ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥ ਬਰਨ[16] ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ [17]ਕੇਵਲ ਨਿਹਕਾਮੁ ॥ ੧ ॥ [18]ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥ ਸੋ ਮੁਨਿ ਮਨ ਕੀ ਦੁਬਿਧਾ ਖਾਇ ॥ [19]ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥ [20]ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥ ੨ ॥ [21]ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ[22] ॥ ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥ [23]ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥ ਕਹਿ ਰਵਿਦਾਸ[24] ਪਰਮ ਬੈਰਾਗ ॥ ਰਿਦੈ ਰਾਮੁ ਕੀ[25] ਨ ਜਪਸਿ ਅਭਾਗ[26] ॥ ੪ ॥ ੧ ॥ ਨਾਮਦੇਵ† ॥ ਆਉ ਕਲੰਦਰ[27] ਕੇਸਵਾ[28] ॥ [29]ਕਰਿ ਅਬਦਾਲੀ ਭੇਸਵਾ ॥ ਰਹਾਉ ॥ ਜਿਨਿ ਆਕਾਸ ਕੁਲਹ[30] ਸਿਰਿ ਕੀਨੀ ਕਉਸੈ[31] ਸਪਤ ਪਯਾਲਾ ॥ [32]ਚਮਰ ਪੋਸ ਕਾ ਮੰਦਰੁ ਤੇਰਾ [33]ਇਹ ਬਿਧਿ ਬਨੇ ਗੁਪਾਲਾ ॥ ੧ ॥ [34]ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥ ਭਾਰ ਅਠਾਰਹ ਮੁਦਗਰੁ[35] ਤੇਰਾ ਸਹਨਕ[35] ਸਭ ਸੰਸਾਰਾ ॥ ੨ ॥ ਦੇਹੀ ਮਹਜਿਦਿ[37] ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥ ਬੀਬੀ ਕਉਲਾ ਸਉ ਕਾਇਨੁ[38] ਤੇਰਾ ਨਿਰੰਕਾਰ ਆਕਾਰੈ ॥ ੩ ॥ ਭਗਤਿ ਕਰਤ ਮੇਰੇ [39]ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥ ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ[40] ॥ ੪ ॥ ੧ ॥

੧ ਮੰਦੇ ਤੇ ਚੰਗੇ ਨੂੰ ਇਕੋ ਨਜ਼ਰ ਨਾਲ ਵੇਖਦਾ ਹੈ, ਭਾਵ ਆਪਣੇ ਵਲੋਂ ਬੁਰੇ ਨਾਲ ਘ੍ਰਿਣਾ ਨਹੀਂ ਕਰਦਾ ਤੇ ਭਲੇ ਦਾ ਲਿਹਾਜ਼ ਨਹੀਂ ਕਰਦਾ ।
੨ ਮੱਥੇ 'ਤੇ ਲੇਖ (ਭਾਗ) ਚੰਗੇ ਹੋ ਜਾਂਦੇ ਹਨ ।
੩ ਸਰੀਰ ਨਹੀਂ ਨਾਸ ਹੁੰਦਾ ।
੪ ਜਿਵੇਂ ਨਾਮਦੇਵ ਲਈ ਦੇਹੁਰਾ ਫਿਰ ਗਿਆ ਸੀ। ਦੇਖੋ ਪੰਨਾ ੧੧੬੪, ਫੁਟ ਨੋਟ ‡ ।
੫ ਨਾਮਦੇਵ ਦੀ ਝੁੱਗੀ ਰੱਬ ਨੇ ਬਣਾ ਦਿੱਤੀ । ਦੇਖੋ ਪੰਨਾ ੬੫੭, ਫੁਟ ਨੋਟ * ।
੬ ਮੰਜੀ ਕੱਢ ਦਿੱਤੀ । ਬਾਦਸ਼ਾਹ ਨੇ ਨਾਮਦੇਵ ਨੂੰ ਮੰਜੀ ਦਿੱਤੀ, ਉਸ ਦਰਿਆ ਵਿੱਚ ਸੁੱਟ ਦਿੱਤੀ। ਫਿਰ ਬਾਦਸ਼ਾਹ ਦੇ ਕਹਿਣ 'ਤੇ ਉਹ ਮੰਜੀ ਸੁੱਕੀ ਕਢਵਾ ਦਿੱਤੀ ।
੭ ਅਠਾਹਠ ਤੀਰਥਾਂ ਉੱਤੇ ਇਸ਼ਨਾਨ ਹੋ ਗਿਆ ।
੮ ਵੈਸ਼ਨੋ ਮਤ ਵਾਲੇ ਯਾਤ੍ਰਾ ਸਮੇਂ ਚਕ੍ਰ ਸਰੀਰ 'ਤੇ ਲਾਂਦੇ ਹਨ । ਦੇਖੋ ਪੰਨਾ ੧੧੫੧, ਨੋਟ ੧੯ ।
੯ ਬਾਰਾਂ ਤਰ੍ਹਾਂ ਦੀ ਅੰਗਾਂ ਦੀ ਸੇਵਾ; ੩ ਪਦ ਸੇਵਾ (ਮੰਦਰ ਬਣਾਨ ਲਈ ਚਲ ਕੇ ਜਾਣਾ, ਪ੍ਰਕਰਮਾ, ਯਾਤ੍ਰਾ); ੩ ਕਰ ਸੇਵਾ (ਪੂਜਾ ਲਈ ਪੱਤੇ ਫੁੱਲ ਤੋੜਨਾ, ਝਾੜੂ, ਮੂਰਤੀ ਨੂੰ ਇਸ਼ਨਾਨ ਕਰਾਉਣਾ); ਬਾਣੀ ਸੇਵਾ (ਨਾਮ ਆਦਿ); ਕਰਨ ਸੇਵਾ (ਹਰੀ ਕਥਾ ਸੁਣਨਾ); ਨੇਤ੍ਰ ਸੇਵਾ (ਦਰਸ਼ਨ); ਸਿਰ ਸੇਵਾ (ਪ੍ਰਣਾਮ ਕਰਨਾ, ਪ੍ਰਸ਼ਾਦਿ ਸਿਰ ਚੜ੍ਹਾਉਣਾ); ਨਾਸਕਾ ਸੇਵਾ (ਫੁਲ ਚੜ੍ਹੇ ਸੁੰਘਣਾ) ।
੧੦ ਨੌਂ ਪ੍ਰਕਾਰ ਦਾ ਜ਼ਹਿਰ ਵੀ ਅੰਮ੍ਰਿਤ ਫਲ ਹੋ ਜਾਂਦਾ ਹੈ ।
੧੧ ਅਠਾਰਾਂ ਪੁਰਾਣਾਂ ਦਾ ਦੱਸਿਆ ਵਰਤ ਵਿਹਾਰ ਹੋ ਜਾਂਦਾ ਹੈ ।
੧੨ ਅਠਾਰਾਂ ਭਾਰ ਦੀ ਬਨਸਪਤੀ ਪੂਜਾ ਵਿੱਚ ਭੇਟ ਹੋ ਚੁੱਕੀ ਸਮਝੋ । ਦੇਖੋ ਪੰਨਾ ੧੧੬੩, ਨੋਟ ੧੧।
੧੩ ਥਾਂ । ੧੪ ਦੇਖੋ ਪੰਨਾ ੧੧੨੪, ਨੋਟ ੨੭।
੧੫ ਹਰੀ ਨੂੰ ਵੇਖਣ ਤੋਂ ਬਿਨਾਂ ਮਿਲਣ ਦੀ ਆਸ ਪੈਦਾ ਨਹੀਂ ਹੋ ਸਕਦੀ, ਤੇ ਜੋ ਦਿਸ ਰਿਹਾ ਹੈ ਉਹ ਨਾਸ ਹੋ ਜਾਂਦਾ ਹੈ, ਸੋ ਹਰੀ ਮੇਲ ਦਾ ਕੀ ਤਰੀਕਾ ਹੈ ? ਉਸ ਦੀ ਸਿਫ਼ਤ ਸਲਾਹ ।
੧੬ ਵਰਣਨ, ਸਿਫਤ। ੧੭ ਸ਼ੁਧ ਤੇ ਨਿਸ਼ਕਾਮ ਹੈ।
੧੮ [ਪਰਿਚਜ ਗਿਆਨ] ਜੋ ਗੁਰ ਗਿਆਨ ਦੁਆਰਾ ਰਾਮ ਨੂੰ ਸਿਮਰਦਾ ਹੈ, ਉਹ ਗੁਰੂ-ਪਾਰਸ ਨੂੰ ਮਿਲ ਕੇ ਦੂਈ ਮਿਟਾ ਲੈਂਦਾ ਹੈ ।
੧੯ ਬਿਨੁ ਦੁਆਰੇ (ਬਿਨਾਂ ਕਰਮ ਇੰਦ੍ਰਿਆਂ ਦੇ) ਜੋ ਆਪਣਾ ਆਤਮਾ ਹੈ ਉਸ ਵਿੱਚ ਤ੍ਰੈ ਲੋਕੀ ਨੂੰ ਸਮਾਅ ਦੇਵੇ, ਭਾਵ ਜਗਤ ਦੀ ਆਸਾ ਤ੍ਰਿਸ਼ਨਾ ਮੁਕਾਅ ਦੇਵੇ ।
੨੦ ਮਨ ਦਾ ਸੁਭਾਉ ਸਭ ਕੋਈ ਕਰਦਾ ਹੈ, ਸੋ (ਇਕ ਤਰ੍ਹਾਂ ਨਾਲ) ਹਰ ਕੋਈ ਕਰਤਾ ਹੈ, ਪਰ ਜੋ ਅਸਲ ਕਰਤਾ ਹੈ ਉਹ ਗਿਆਨ ਵਿੱਚ ਰਹਿੰਦਾ ਹੈ, ਕਿਉਂਕਿ ਉਹ ਮਨ ਮਗਰ ਨਹੀਂ ਭੱਜਦਾ ।
੨੧ ਬਨਸਪਤੀ ਫਲ ਪੈਦਾ ਕਰਨ ਲਈ ਫੁਲਦੀ ਹੈ; ਜਦ ਫਲ ਲੱਗ ਜਾਵੇ ਤਾਂ ਫੁੱਲ ਦੂਰ ਹੋ ਜਾਂਦਾ ਹੈ। ਇਸ ਤਰ੍ਹਾਂ ਗਿਆਨ ਤੱਕ ਅਪੜਨ ਲਈ ਕਰਮ-ਕਾਂਡ ਦਾ ਅਭਿਆਸ ਕਰੀਦਾ ਹੈ; ਜਦ ਗਿਆਨ ਪ੍ਰਾਪਤ ਹੋ ਜਾਵੇ ਤਾਂ ਬਾਹਰਲੇ ਕਰਮ-ਕਾਂਡ ਦੀ ਲੋੜ ਨਹੀਂ ਰਹਿੰਦੀ ।
੨੨ ਚਲਾ ਜਾਂਦਾ ਹੈ, ਦੂਰ ਹੋ ਜਾਂਦਾ ਹੈ ।
੨੩ ਸਿਆਣੀ ਇਸਤ੍ਰੀ ਘਿਉ ਲਈ ਦਹੀਂ ਰਿੜਕਦੀ ਹੈ; ਇਸੇ ਤਰ੍ਹਾਂ ਗਿਆਨਵਾਨ ਪੁਰਸ਼ ਜੀਵਨ ਮੁਕਤ ਅਤੇ ਨਿਰਦੁਖ ਅਵਸਥਾ ਵਿੱਚ ਹੁੰਦੇ ਹਨ।
੨੪ ਪਰਮ ਬੈਰਾਗ ਦੀ ਗੱਲ ਕਹਿੰਦੇ ਹਨ ।
੨੫ ਕਿਉਂ ? ੨੬ ਹੇ ਅਭਾਗੇ! ੨੭ ਹੇ ਫਕੀਰ!
੨੮ [ਸ੍ਰੇਸ਼ਟ ਕੇਸਾਂ ਵਾਲਾ ਕ੍ਰਿਸ਼ਨ] ਹਰੀ ।
੨੯ [ਅਬਦਾਲੀ ਮੁਸਲਮਾਨਾਂ ਵਿੱਚ ਵੱਡੇ ਫ਼ਕੀਰ] ਜੋ ਫ਼ਕੀਰ ਦੇ ਭੇਸ ਵਿੱਚ ਆਏ ਹੋ। ੩੦ ਟੋਪੀ ।
੩੧ ਖੜਾਵਾਂ । ਸੱਤ ਪਤਾਲ ਤੇਰੀਆਂ ਖੜਾਵਾਂ ਹਨ।
੩੨ ਚਮੜਾ ਪੋਸ਼ । ਚਮੜਾ ਪਹਿਨਣ ਵਾਲੇ ਜੀਵ ਤੇਰਾ ਵਾਸ ਘਰ ਹਨ ।
੩੩ ਇਸ ਤਰ੍ਹਾਂ ਫਬ ਰਹੇ ਹੋ, ਹੇ ਗੋਪਾਲ !
੩੪ ਛਿਪੰਜਾ ਕ੍ਰੋੜ ਬੱਦਲਾਂ ਦਾ ਤੇਰਾ ਪੇਹਨ (ਚੋਲਾ) ਹੈ ਅਤੇ ਸੋਲਾਂ ਹਜ਼ਾਰ ਗੋਪੀਆਂ ਤੇਰਾ ਪਜਾਮਾ ਹਨ । ਇਜਾਰਾ [ਅ. ਅਜ਼ਾਰ] ਪਾਜਾਮਾ ।
੩੫ ਮੁੰਗਲੀ ਭੰਗ ਘੋਟਣ ਵਾਲੀ। ੩੬ [ਫ਼ਾ.] ਥਾਲੀ ।
੩੭ ਮਸਜਿਦ, ਮਸੀਤ ।
੩੮ ਨਿਕਾਹ । ਮਾਇਆ ਨਾਲ ਤੇਰਾ ਨਿਕਾਹ ਹੈ, ਜੋ ਨਿਰੰਕਾਰ ਨੂੰ ਆਕਾਰ ਵਿੱਚ ਕਰ ਦੱਸਦੀ ਹੈ ।
੩੯ ਤੂੰ ਛੈਣੇ ਖੋਹ ਲਏ ਹਨ ।
੪੦ ਬਿਨਾਂ ਦੇਸ਼ ਦੇ, ਲਾ-ਮਕਾਨ ।

* ਜਦ ਤੱਕ ਕਿਸੇ ਹਸਤੀ ਨੂੰ ਦੇਖੀਏ ਨਾ, ਤਦ ਤੋੜੀ ਉਸ ਦੇ ਨਾਲ ਪਿਆਰ ਨਹੀਂ ਪੈ ਸਕਦਾ । ਹੁਣ ਹਰੀ ਦਿਸਦਾ ਨਹੀਂ, ਉਸ ਨੂੰ ਕਿਵੇਂ ਧਿਆਈਏ ? ਦ੍ਰਿਸ਼ਮਾਨ ਦੇ ਰੂਪ ਵਿੱਚ ਉਸ ਨੂੰ ਧਿਆ ਨਹੀਂ ਸਕਦੇ, ਕਿਉਂਕਿ ਇਹ ਸਭ ਕੁਝ ਨਾਸ ਹੋ ਜਾਣ ਵਾਲਾ ਹੈ । ਇਕ ਸਿਫ਼ਤ-ਸਲਾਹ ਹੀ ਹੈ, ਜਿਸ ਦੁਆਰਾ ਹਰੀ ਦੀ ਆਰਾਧਨਾ ਹੋ ਸਕਦੀ ਹੈ । ਇਹ ਆਰਾਧਨਾ ਚੂੰਕਿ ਨਿਰਾਕਾਰ ਹਰੀ ਦੀ ਹੈ, ਇਸ ਲਈ ਇਸ ਦੇ ਕਰਨ ਵਾਲੇ ਨੂੰ ਭੀ ਚਾਹੀਦਾ ਹੈ ਕਿ ਪੰਜ ਭੂਤਕ ਹਾਲਤਾਂ ਤੋਂ ਉੱਤੇ ਹੋ ਕੇ ਬਲਕਿ ਮਨ ਦੇ ਸੁਭਾਉ ਤੋਂ ਭੀ ਉੱਤੇ ਹੋ ਕੇ, ਨਿਰੋਲ ਅਨੁਭਵੀ ਆਤਮਿਕ ਗਿਆਨ ਦੁਆਰਾ ਕਰੇ । ਇਹ ਗਿਆਨ ਪ੍ਰਾਪਤ ਕਰਨ ਲਈ ਭਾਵੇਂ ਸ਼ੁਰੂ ਵਿੱਚ ਕਰਮ-ਅਭਿਆਸ ਕਰਨਾ ਪੈਂਦਾ ਹੈ, ਪਰ ਗਿਆਨ ਪਦ 'ਤੇ ਪੁੱਜ ਕੇ ਹਿਰਦੇ ਦੀ ਲਿਵ ਹੀ ਕਾਫ਼ੀ ਹੁੰਦੀ ਹੈ ।

† ਹਰੀ ਦੀ ਲਾ-ਮਕਾਨ ਹਸਤੀ ਦਾ ਅਨੁਭਵ ਕਰਾਉਣ ਲਈ ਉਸ ਨੂੰ ਇਕ ਵੈਰਾਟ ਰੂਪ ਫ਼ਕੀਰ ਦੇ ਰੰਗ ਵਿੱਚ ਬਿਆਨ ਕੀਤਾ ਹੈ ।

ਰਾਗੁ ਬਸੰਤੁ ਮਹਲਾ ੧

ਘਰੁ ੧ ਚਉਪਦੇ ਦੁਤੁਕੇ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*[੧]ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ ਪਰਫੜੁ[੨] ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ ੧ ॥ ਭੋਲਿਆ [੩]ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ[੪] ॥ ੧ ॥ ਰਹਾਉ ॥ ਕਰਮ ਪੇਡੁ[੫] ਸਾਖਾ [੬]ਹਰੀ ਧਰਮੁ ਫੁਲੁ ਫਲੁ ਗਿਆਨੁ ॥ [੭]ਪਤ ਪਰਾਪਤਿ [੮]ਛਾਵ ਘਣੀ ਚੂਕਾ ਮਨ ਅਭਿਮਾਨੁ ॥ ੨ ॥ ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ [੯]ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ[੧੦] ਧਿਆਨੁ ॥ ੩ ॥ [੧੧]ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥ ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥ ੪ ॥ ੧ ॥ ਮਹਲਾ ੧ ਬਸੰਤੁ† ॥ ਰੁਤਿ ਆਈਲੇ ਸਰਸ[੧੨] ਬਸੰਤ ਮਾਹਿ ॥ [੧੩]ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥ [੧੪]ਕਿਸੁ ਪੂਜ ਚੜਾਵਉ ਲਗਉ ਪਾਇ ॥ ੧ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ਜਗਜੀਵਨ ਜੁਗਤਿ ਨ ਮਿਲੈ ਕਾਇ ॥ ੧ ॥ ਰਹਾਉ ॥ ਤੇਰੀ ਮੂਰਤਿ[੧੫] ਏਕਾ ਬਹੁਤੁ ਰੂਪ ॥ ਕਿਸੁ ਪੂਜ ਚੜਾਵਉ ਦੇਉ ਧੂਪ ॥ ਤੇਰਾ ਅੰਤੁ ਨ ਪਾਇਆ [੧੬]ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ੨ ॥ ਤੇਰੇ [੧੭]ਸਠਿ ਸੰਬਤ ਸਭਿ ਤੀਰਥਾ ॥ ਤੇਰਾ ਸਚੁ ਨਾਮੁ ਪਰਮੇਸਰਾ ॥ [੧੮]ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥ ੩ ॥ ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ[੧੯] ॥ [੨੦]ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ੪ ॥ ੨ ॥ ਬਸੰਤੁ ਮਹਲਾ੧ ॥

੧ ਮਹੀਨਿਆਂ ਵਿਚੋਂ ਇਹ ਮਹੀਨਾ ਮੁਬਾਰਕ ਹੈ ਕਿਉਂਕਿ ਸਦਾ ਬਸੰਤ ਚੜ੍ਹਿਆ ਹੈ (ਇਥੇ ਆਤਮਕ ਅਨੰਦ ਨੂੰ, ਜੋ ਸਦਾ ਕਾਇਮ ਰਹਿੰਦਾ ਹੈ, 'ਸਦ ਬਸੰਤ' ਕਿਹਾ ਹੈ । ਮੌਸਮੀ ਬਸੰਤ ਦੋ ਮਹੀਨੇ ਸਾਲ ਵਿੱਚ ਰਹਿੰਦਾ ਹੈ) ।

੨ ਪ੍ਰਫੁਲਤ ਹੋ ਜਾ । ਹੇ ਚਿਤ ! ਖਿੜ ਜਾ, ਉਸ ਨੂੰ ਯਾਦ ਕਰ ਕੇ ।

੩ ਹੰਕਾਰ ਵਾਲੀ ਸੁਰਤੀ ।

੪ ਸਾਂਭ ਲੈ ।

੫ ਮੁੱਢ, ਤਨਾ ।

੬ ਹਰੀ ਦਾ ਨਾਮ ।

੭ ਪਤਰ ਹਰੀ ਦੀ ਪ੍ਰਾਪਤੀ ।

੮ ਮਨ ਤੋਂ ਅਭਿਮਾਨ ਕਢਣਾ ਇਹ ਘਣੀ ਛਾਂ ।

੯ ਇੱਜ਼ਤ ਦਾ ਧਨ ਮੁਕੰਮਲ ਹੋ ਜਾਂਦਾ ਹੈ, ਭਾਵ ਭਾਰੀ ਇੱਜ਼ਤ ਵਾਲਾ ਹੁੰਦਾ ਹੈ ।

੧੦ ਉੱਚੀ ਅਡੋਲ ਅਵਸਥਾ ਵਿੱਚ ।

੧੧ ਮਹੀਨਿਆਂ ਤੇ ਰੁੱਤਾਂ ਨੇ (ਵਾਰੀ-ਵਾਰੀ) ਆਉਣਾ ਹੈ; ਕਰਮ ਕਮਾ ਕੇ ਵੇਖ ਲਵੋ । ਐਸੇ ਪੁਰਸ਼ ਸਦਾ ਹਰੇ ਹਨ, ਸੁਕਦੇ ਨਹੀਂ, ਜੋ ਗੁਰੂ ਦੁਆਰਾ ਹਰੀ ਵਿੱਚ ਲੀਨ ਰਹਿੰਦੇ ਹਨ ।

੧੨ ਰਸਦਾਇਕ । ਦੇਖੋ ਪੰਨਾ ੯੨੭, ਨੋਟ ੩੨ । ਓਹ ਅਨੰਦ ਦਾਇਕ ਬਸੰਤ ਵਿੱਚ ਅਨੰਦ ਹਨ; ਉਨ੍ਹਾਂ ਲਈ ਇਹ ਰੁੱਤ ਆਈ ਹੈ (ਕਿਨ੍ਹਾਂ ਲਈ? ਜਿਨ੍ਹਾਂ ਦਾ ਜ਼ਿਕਰ ਅਗਲੀ ਤੁਕ ਵਿੱਚ ਹੈ) ।

੧੩ ਜੋ ਤੇਰੇ ਨਾਮ ਵਿੱਚ ਰੱਤੇ ਹਨ, ਓਹ ਤੇਰੇ ਚਾਅ ਵਿੱਚ ਤੈਨੂੰ ਜਪਦੇ ਹਨ, ਉਹਨਾਂ ਲਈ ਇਹ ਰੁੱਤ ਆਈ ਹੈ ਤੇ ਓਹ ਇਸ ਬਸੰਤ ਵਿੱਚ ਪ੍ਰਸੰਨ ਹੁੰਦੇ ਹਨ ।

੧੪ ਹਰੀ ਨੂੰ ਛੱਡ ਕੇ ਮੈਂ ਕਿਸ ਹੋਰ ਦੀ ਪੂਜਾ ਕਰਾਂ ? ਹੇ ਰਾਏ ! ਕਿਸੇ ਹੋਰ ਤਰੀਕੇ ਨਾਲ ਜੀਵਨ ਜੁਗਤੀ ਨਹੀਂ ਮਿਲਦੀ ।

੧੫ ਹਸਤੀ । ਵੇਖੋ ਪੰਨਾ ੬੬੧, ਨੋਟ ੨੨ ।

੧੬ ਕਿਸੇ ਪਾਸੋਂ ।

੧੭ ਸੱਠ ਸਾਲ । ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦਾ ਵੀਹ-ਵੀਹ ਸਾਲ ਪ੍ਰਭਾਵ ਪੈਂਦਾ ਹੈ । ਤੇਰਾ ਸੱਚਾ ਨਾਮ ਹੀ ਤੀਰਥ ਆਦਿ ਹੈ ।

੧੮ ਤੇਰੀ ਕਿਡੀ ਕੁ ਅਵਸਥਾ ਹੈ ਨਹੀਂ ਜਾਣੀ ਜਾਂਦੀ। ਬਗੈਰ ਜਾਣੇ ਦੇ ਹੀ ਤੇਰਾ ਨਾਮ ਜਪਣਾ ਚਾਹੀਦਾ ਹੈ ।

੧੯ ਇਕੋ ਨੂੰ ।

੨੦ ਉਨ੍ਹਾਂ ਗੁਰਮੁਖਾਂ ਦੇ ਚਰਨਾਂ 'ਤੇ ਨਾਨਕ ਦਾ ਸਿਰ ਹੈ ।

* ਜਿਹੜੇ ਲੋਕ ਮਨ ਦਾ ਅਭਿਮਾਨ ਛੱਡ ਕੇ ਅੱਖਾਂ ਨਾਲ ਉਸ ਦੀ ਕੁਦਰਤ ਦੇਖਦੇ, ਕੰਨਾਂ ਨਾਲ ਉਸੇ ਦੀ ਸਿਫ਼ਤ ਸੁਣਦੇ ਅਤੇ ਮੂੰਹੋਂ ਉਸੇ ਦੇ ਗੁਣ ਗਾਉਂਦੇ ਰਹਿੰਦੇ ਹਨ, ਉਨ੍ਹਾਂ ਲਈ ਸਦਾ ਖੁਸ਼ੀਆਂ ਹੀ ਖੁਸ਼ੀਆਂ ਰਹਿੰਦੀਆਂ ਹਨ ।

† ਹਰੀ ਦੀ ਪੂਜਾ ਕਿਸ ਰੂਪ ਵਿੱਚ ਕਰੀਏ ? ਉਸ ਦੇ ਰੂਪ ਦਾ ਖਿਆਲ ਨਹੀਂ ਬੰਨ੍ਹ ਸਕਦੇ । ਇਸ ਲਈ ਇਹ ਰੂਪਕ ਖ਼ਿਆਲ ਬੰਨ੍ਹਣ ਤੋਂ ਬਿਨਾਂ ਹੀ ਉਸ ਨੂੰ ਸਿਮਰਨਾ ਚਾਹੀਦਾ ਹੈ, ਨਾਮ ਦੇ ਰੂਪ ਵਿੱਚ ।

*ਸੁਇਨੇ ਕਾ ਚਉਕਾ ਕੰਚਨ ਕੁਆਰ[੧] ॥ ਰੁਪੇ[੨] ਕੀਆ ਕਾਰਾ[੩] [੪]ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ[੫] [੬]ਕਰੰਤੇ ਕੀ ਆਗਿ ॥ ਗਰੁੜਾ[੭] ਖਾਣਾ [੮]ਦੁਧ ਸਿਉ ਗਾਡਿ ॥ ੧ ॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ[੯] ਨ ਭੀਜੈ ਸਾਚ ਨਾਇ ॥ ੧ ॥ ਰਹਾਉ ॥ [੧੦]ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ[੧੧] ਪਾਠਿ ॥ [੧੨]ਪੁਰਬੀ ਨਾਵੈ [੧੩]ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥ ੨ ॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ [੧੪]ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ [੧੫]ਖੜੀਅਸਿ ਬੰਧਿ ॥ ੩ ॥ ਜੇਤੇ ਜੀਅ [੧੬]ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ[੧੭] ॥ [੧੮]ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥ ੪ ॥ ੩ ॥ ਬਸੰਤੁ ਮਹਲਾ ੩ ਤੀਜਾ† ॥ ਬਸਤ੍ਰ ਉਤਾਰਿ ਦਿਗੰਬਰੁ[੧੯] ਹੋਗੁ ॥ ਜਟਾਧਾਰਿ ਕਿਆ ਕਮਾਵੈ ਜੋਗੁ ॥ [੨੦]ਮਨੁ ਨਿਰਮਲੁ ਨਹੀ ਦਸਵੈ ਦੁਆਰ ॥ ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ ॥ ੧ ॥ ਏਕੁ ਧਿਆਵਹੁ ਮੂੜ੍ਹ ਮਨਾ ॥ ਪਾਰਿ ਉਤਰਿ ਜਾਹਿ ਇਕ ਖਿਨਾਂ[੨੧] ॥ ੧ ॥ ਰਹਾਉ ॥ [੨੨]ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ [੨੩]ਨਾਦੀ ਬੇਦੀ ਪੜ੍ਹਹਿ ਪੁਰਾਣ ॥ [੨੪]ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ[੨੫] ਨੇੜਿ ਨਾਹਿ ॥ ੨ ॥ ਜੇ ਕੋ ਐਸਾ ਸੰਜਮੀ[੨੬] ਹੋਇ ॥ ਕ੍ਰਿਆ ਵਿਸੇਖ[੨੭] ਪੂਜਾ ਕਰੇਇ ॥ ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ[੨੮] ਕੈਸੇ ਪਾਹਿ ॥ ੩ ॥ [੨੯]ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥ ਨਦਰਿ ਕਰੇ ਤਾਂ ਭਰਮੁ ਚੁਕਾਏ[੩੦] ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥ ੪ ॥ ਜਿਸੁ ਜੀਉ ਅੰਤਰੁ[੩੧] ਮੈਲਾ ਹੋਇ ॥ ਤੀਰਥ ਭਵੈ ਦਿਸੰਤਰ[੩੨] ਲੋਇ[੩੩] ॥ ਨਾਨਕ ਮਿਲੀਐ ਸਤਿਗੁਰ ਸੰਗ ॥ [੩੪]ਤਉ ਭਵਜਲ ਕੇ ਤੂਟਸਿ ਬੰਧ ॥ ੫ ॥ ੪ ॥ ਬਸੰਤੁ ਮਹਲਾ ੧‡ ॥ [੩੫]ਸਗਲ ਭਵਨ ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ ਸਰਬ ਤੋਹ ॥ [੩੬]ਤੂ ਸੁਰਿ ਨਾਥਾ ਦੇਵਾ ਦੇਵ ॥ ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥ ੧ ॥ [੩੭]ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥ ਗੁਰਮੁਖਿ[੩੮] ਰਾਮ ਨਾਮ ਗੁਨ ਗਾਏ ਤੂ ਅਪਰੰਪਰੁ[੩੯] ਸਰਬ ਪਾਲ[੪੦] ॥ ੧ ॥ ਰਹਾਉ ॥ ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ [੪੧]ਮੈਲ ਮਲੀਨ ਅੰਗੁ ॥ ਬਿਨੁ ਹਰਿ ਨਾਮ ਨ ਸੁਧੁ[੪੨] ਹੋਇ ॥ [੪੩]ਗੁਰ ਸਬਦਿ ਸਲਾਹੇ ਸਾਚੁ ਸੋਇ ॥ ੨ ॥ [੪੪]ਜਾ ਕਉ ਤੂ ਰਾਖਹਿ ਰਖਨਹਾਰ ॥ ਸਤਿਗੁਰੂ ਮਿਲਾਵਹਿ ਕਰਹਿ ਸਾਰ ॥ ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ ਰਾਮ ਰਾਇ[੪੫] ॥ ੩ ॥ [੪੬]ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ [੪੭]ਰਾਮ ਨਾਮ ਹੀਰ ॥ [੪੮]ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥

੧ ਕਰੂਏ, ਮਟਕੇ । ਗਾਗਰਾਂ ਵੀ ਸੋਨੇ ਦੀਆਂ ਹੋਣ।
੨ ਚਾਂਦੀ ।
੩ ਲੀਕਾਂ, ਬੰਨ੍ਹੀਆਂ ।
੪ ਬਹੁਤ ਵੱਡੀਆਂ । ੫ ਪਾਣੀ ।
੬ [ਸੰ. ਕੂਤ੍ਰ-ਅਗਨਿ] ਯੱਗ ਦੀ ਅਗਨੀ । ਅਰਣੀ ਇਕ ਕਾਠ ਦਾ ਯੰਤ੍ਰ ਹੈ, ਜਿਸ ਨਾਲ ਯੱਗ ਲਈ ਅਗਨੀ ਪੈਦਾ ਕੀਤੀ ਜਾਂਦੀ ਹੈ । ਇਹ ਅਗਨੀ ਪਵਿੱਤਰ ਮੰਨੀ ਜਾਂਦੀ ਹੈ ਤੇ ਯੱਗ ਵਿੱਚ ਵਰਤੀਂਦੀ ਹੈ ।
੭ [ਸਿੰਧੀ] ਨਰਮ ਨਰਮ ਖਾਣਾ, ਜੋ ਮੂੰਹ ਵਿੱਚ ਛੇਤੀ ਪੰਘਰ ਜਾਂ ਘੁਲ ਜਾਏ, ਜਿਵੇਂ ਰਿਧੇ ਹੋਏ ਚਾਵਲ।
੮ ਦੁੱਧ ਵਿੱਚ ਮਿਲਾ ਕੇ ।
੯ ਜਿੰਨਾ ਚਿਰ । ਜਦ ਤੱਕ ਸੱਚੇ ਨਾਮ ਵਿੱਚ ਨਹੀਂ ਰੰਗੇ ਜਾਂਦੇ, ਇਹ ਸਭ ਕੁਝ ਕਿਸੇ ਲੇਖੇ ਨਹੀਂ ।
੧੦ ਅਠਾਰਾਂ ਪੁਰਾਣ ਪਾਸ ਲਿਖੇ ਪਏ ਹੋਵਣ ।
੧੧ ਮੁਖ-ਅਗ੍ਰ ਮੂੰਹ ਅੱਗੇ ਜ਼ਬਾਨੀ ।
੧੨ ਪੁਰਬਾਂ (ਖਾਸ ਤਿਉਹਾਰਾਂ) ਉੱਤੇ ਤੀਰਥ ਇਸ਼ਨਾਨ ਕਰੇ ।
੧੩ ਖੱਤ੍ਰੀ ਬ੍ਰਾਹਮਣ ਆਦਿ ਵੱਖੋ-ਵੱਖ ਵਰਣਾਂ ਲਈ ਜੋ ਦਾਨ ਕਰਨਾ ਲਿਖਿਆ ਹੈ, ਉਸ ਵਿਧੀ ਅਨੁਸਾਰ ਦਾਨ ਕਰੇ ।
੧੪ ਕਈ ਗ੍ਰਿਹਸਤੀ ਕਰਮਾਂ ਦੀ ਮਿਲੌਣੀ ਵਾਲੇ, ਭਾਵ ਕਰਮ-ਕਾਂਡੀ ।
੧੫ ਬੰਨ੍ਹ ਕੇ ਖੜੇ (ਲਿਜਾਏ) ਜਾਣਗੇ ।
੧੬ ਸਿਰ 'ਤੇ ਕਾਰ ਭਾਵ ਹੁਕਮ ਲਿਖਿਆ ਹੈ ।
੧੭ ਤਤ, ਭਾਵ ਫੈਸਲਾ ।
੧੮ ਜੋ ਹੁਕਮ ਕਰਦੇ ਹਨ, ਭਾਵ ਲੋਕਾਂ ਉਤੇ ਆਪਣੀ ਸਿਰਕਾਰ ਚਲਾਣਾ ਚਾਹੁੰਦੇ ਹਨ, ਓਹ ਮੂਰਖ ਹਨ।
੧੯ [ਦਿਕ (ਦਿਸ਼ਾ) ਹਨ ਜਿਸ ਦੇ ਅੰਬਰ (ਕੱਪੜੇ)] ਨਾਂਗਾ ਸਾਧੂ ।
੨੦ ਪ੍ਰਾਣ ਦਸਮ-ਦੁਆਰ ਚੜ੍ਹਾ ਕੇ ਭੀ ਮਨ ਨਿਰਮਲ ਨਹੀਂ ਹੈ । ੨੧ ਪਲ ਵਿੱਚ ।
੨੨ ਸਿਮ੍ਰਿਤੀਆਂ ਤੇ ਸ਼ਾਸਤਰ ਵਿਚਾਰ ਕੇ ਸੁਣਾਂਦੇ ਹਨ । ਦੇਖੋ ਪੰਨਾ ੧੧੩੦, ਨੋਟ ੮ ਤੇ ੯।
੨੩ ਇਕ ਸ਼ਬਦ ਦਾ ਅਭਿਆਸ ਕਰਨ ਵਾਲੇ ਹਨ, ਇਕ ਅਹਿਲ ਕਿਤਾਬ ਹਨ, ਇਕ ਧਾਰਮਿਕ ਇਤਿਹਾਸ ਪੜ੍ਹਦੇ ਹਨ । ਦੇਖੋ ਪੰਨਾ ੬੫੪, ਨੋਟ ੨੯ ।
੨੪ ਪਰ ਚੂੰਕਿ ਇਹ ਲੋਕ ਦੰਭ ਦੇ ਖਿਆਲ ਨਾਲ ਇਹ ਕਰਮ ਕਰਦੇ ਹਨ, ਵਿੱਚੋਂ ਦਿਲ ਅੰਦਰ ਖੋਟ ਕਮਾਉਂਦੇ ਹਨ, ਇਸ ਲਈ ਹਰੀ ਉਨ੍ਹਾਂ ਦੇ ਨੇੜੇ ਨਹੀਂ ਢੁਕਦਾ ।੨੫ ਹਰੀ ।
੨੬ ਇੰਦ੍ਰਿਆਂ ਨੂੰ ਵਸ ਕਰਨ ਦੇ ਸਾਧਨ ਕਰਨ ਵਾਲਾ । ੨੭ ਵਿਸ਼ੇਸ਼, ਖਾਸ ਤਰ੍ਹਾਂ ਦੀ ।
੨੮ ਮਾਇਆ-ਰਹਿਤ ਹਰੀ ਨੂੰ ।
੨੯ ਜੋ ਹਰੀ ਦਾ ਰਚਿਆ ਹੋਇਆ ਜੀਵ ਹੈ, ਉਸ ਦੇ ਕੀਤੇ ਕੀ ਬਣਦਾ ਹੈ ?
੩੦ ਦੂਰ ਕਰੇ । ੩੧ ਹਿਰਦਾ ।
੩੨ ਦੇਸ਼ਾਂ ਅੰਦਰ । ੩੩ ਲੋਕਾਂ ਵਿੱਚ ।
੩੪ ਤਾਂ ਸੰਸਾਰ ਦੇ ਬੰਧਨ ਟੁੱਟਦੇ ਹਨ ।
੩੫ ਸਾਰਿਆਂ ਭਵਨਾਂ (ਲੋਕਾਂ) ਵਿੱਚ ਤੇਰੀ ਮਾਇਆ ਦਾ ਮੋਹ ਪਸਰਿਆ ਹੋਇਆ ਹੈ । ਮੈਨੂੰ ਹੋਰ ਕੋਈ ਨਹੀਂ ਦਿਸਦਾ, ਸਭ ਤੂੰਹੀ ਤੂੰਹੀ ਹੈਂ ।
੩੬ ਤੂੰ ਵੱਡੇ ਨਾਥਾਂ ਤੇ ਦੇਵਤਿਆਂ ਦਾ ਸ਼ੋਮਣੀ ਹੈਂ ।
੩੭ ਹੇ ਮੇਰੇ ਸੋਹਣੇ, ਡੂੰਘੀ ਵਿਚਾਰ ਵਾਲੇ ਪਿਆਰੇ!
੩੮ ਗੁਰੂ ਦੁਆਰਾ । ੩੯ ਪਰੇ ਤੋਂ ਪਰੇ ।
੪੦ ਪਾਲਣ ਵਾਲਾ ।
੪੧ ਮੈਲ ਨਾਲ ਅੰਗ (ਸਰੀਰ, ਜੀਵਨ) ਗੰਦਾ ਰਹਿੰਦਾ ਹੈ । ੪੨ ਪਵਿੱਤਰ ।
੪੩ ਜੋ ਗੁਰ-ਸ਼ਬਦ ਦੁਆਰਾ ਹਰੀ ਨੂੰ ਸਲਾਹੁੰਦਾ ਹੈ, ਸੱਚਾ ਓਹੀ ਹੁੰਦਾ ਹੈ ।
੪੪ ਹੇ ਬਚਾਉਣ ਵਾਲੇ ! ਜਿਸ ਨੂੰ ਤੂੰ ਬਚਾਉਣਾ ਚਾਹੇਂ; ਉਸ ਨੂੰ ਤੂੰ ਗੁਰੂ ਮਿਲਾ ਦਿੰਦਾ ਹੈਂ ਤੇ ਇਉਂ ਉਸ ਦੀ ਸੰਭਾਲ ਕਰਦਾ ਹੈਂ, ਉਸ ਦੀ ਹਉਮੈ ਤੇ ਮਮਤਾ ਦੀ ਵਿਹੁ ਦੂਰ ਕਰਾਉਂਦਾ ਹੈਂ ।
੪੫ ਹੇ ਰਾਮ ਰਾਜੇ !
੪੬ ਹਰੀ ਦੇ ਗੁਣ ਸਰੀਰ ਵਿੱਚ ਧਾਰਨ ਨਾਲ ਉੱਚੀ ਅਵਸਥਾ ਹੋ ਜਾਂਦੀ ਹੈ ।
੪੭ ਰਾਮ-ਨਾਮ ਰੂਪੀ ਹੀਰਾ ।
੪੮ ਦ੍ਵੈਤ ਭਾਵ ਛੱਡਣ ਨਾਲ ਨਾਮ ਵਿੱਚ ਲਗਨ ਲੱਗ ਜਾਂਦੀ ਹੈ ।

* ਨਾਮ ਸਿਮਰਨ ਤੁੱਲ ਕੋਈ ਧਰਮ ਕਰਮ ਨਹੀਂ ।

† ਨਾਮ ਤੋਂ ਬਿਨਾਂ ਹੋਰ ਕਿਸੇ ਕਰਮ ਨਾਲ ਮਨ ਨਿਰਮਲ ਨਹੀਂ ਹੁੰਦਾ, ਇਸ ਲਈ ਇਕੋ ਇਹੋ ਸਾਧਨ ਵਰਤਣਾ ਚਾਹੀਦਾ ਹੈ, ਜੋ ਗੁਰੂ ਦੀ ਸੰਗਤਿ ਤੋਂ ਮਿਲਦਾ ਹੈ (ਕਈਆਂ ਲਿਖਤੀ ਬੀੜਾਂ ਵਿੱਚ ਇਹ ਸ਼ਬਦ ਮਹਲਾ ੧ ਦਾ ਕਰ ਕੇ ਦਿੱਤਾ ਹੈ, ਪਰ ਗੁਰੂ ਸਾਹਿਬ ਨੇ 'ਮਹਲਾ ੩' ਦੇ ਨਾਲ ਲਫ਼ਜ਼ 'ਤੀਜਾ' ਲਾ ਕੇ ਵਧੇਰੇ ਸਪੱਸ਼ਟ ਕਰ ਦਿੱਤਾ ਹੈ ਤਾਂਕਿ ਭੁਲੇਖਾ ਨਾ ਪੈ ਸਕੇ) ।

‡ ਸਾਰੇ ਭਵਨਾਂ ਵਿੱਚ ਮਾਇਆ ਦਾ ਮੋਹ ਪਸਰਿਆ ਹੋਇਆ ਹੈ, ਜਿਸ ਨਾਲ ਹਰ ਇਕ ਦਾ ਮਨ ਮਲੀਨ ਹੋਇਆ ਰਹਿੰਦਾ ਹੈ । ਸ਼ੁੱਧ ਹੋਣ ਲਈ ਜ਼ਰੂਰੀ ਹੈ ਕਿ ਗੁਰੂ ਦਾ ਦਿੱਤਾ ਨਾਮ ਜਪੀਏ ।

ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥ ੪ ॥ ੫ ॥ ਬਸੰਤੁ ਮਹਲਾ ੧* ॥ ਮੇਰੀ ਸਖੀ ਸਹੇਲੀ ਸੁਨਹੁ ਭਾਇ[੧] ॥ ਮੇਰਾ ਪਿਰੁ ਰੀਸਾਲੂ[੨] [੩]ਸੰਗਿ ਸਾਇ ॥ ਓਹੁ ਅਲਖੁ ਨ ਲਖੀਐ [੪]ਕਹਹੁ ਕਾਇ ॥ ਗੁਰਿ ਸੰਗਿ ਦਿਖਾਇਓ ਰਾਮ ਰਾਇ ॥ ੧ ॥ ਮਿਲੁ[੫] ਸਖੀ ਸਹੇਲੀ ਹਰਿ ਗੁਨ ਬਨੇ[੬] ॥ ਹਰਿ ਪ੍ਰਭ ਸੰਗਿ ਖੇਲਹਿ [੭]ਵਰ ਕਾਮਨਿ [੮]ਗੁਰਮੁਖਿ ਖੋਜਤ ਮਨ ਮਨੇ ॥ ੧ ॥ ਰਹਾਉ ॥ [੯]ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥ ਗੁਰਮੁਖਿ ਥਿਰੁ ਚੀਨੈ ਸੰਗਿ ਦੇਉ[੧੦] ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ[੧੧] ॥ ੨ ॥ ਬਿਨੁ ਗੁਰ ਭਗਤਿ ਨ ਭਾਉ ਹੋਇ ॥ [੧੨]ਬਿਨੁ ਗੁਰ ਸੰਤ ਨ ਸੰਗੁ ਦੇਇ ॥ [੧੩]ਬਿਨੁ ਗੁਰ ਅੰਧੁਲੇ ਧੰਧੁ ਰੋਇ ॥ [੧੪]ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥ ੩ ॥ ਗੁਰਿ ਮਨੁ ਮਾਰਿਓ ਕਰਿ ਸੰਜੋਗੁ[੧੫] ॥ [੧੬]ਅਹਿਨਿਸਿ ਰਾਵੇ ਭਗਤਿ ਜੋਗੁ ॥ [੧੭]ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ [੧੮]ਹਰਿ ਵਰੁ ਸਹਜ ਜੋਗੁ ॥ ੪ ॥ ੬ ॥ ਬਸੰਤੁ ਮਹਲਾ ੧† ॥ ਆਪੇ ਕੁਦਰਤਿ ਕਰੇ ਸਾਜਿ ॥ [੧੯]ਸਚੁ ਆਪਿ ਨਿਬੇੜੇ ਰਾਜੁ ਰਾਜਿ ॥ ਗੁਰਮਤਿ ਊਤਮ ਸੰਗਿ ਸਾਥਿ ॥ [੨੦]ਹਰਿ ਨਾਮੁ ਰਸਾਇਣੁ ਸਹਜਿ ਆਥਿ[੨੧] ॥ ੧ ॥ [੨੨]ਮਤ ਬਿਸਰਸਿ ਰੇ ਮਨ ਰਾਮ ਬੋਲਿ ॥ [੨੩]ਅਪਰੰਪਰੁ ਅਗਮ ਅਗੋਚਰੁ [੨੪]ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥ ੧ ॥ ਰਹਾਉ ॥ ਗੁਰ ਚਰਨ ਸਰੇਵਹਿ ਗੁਰਸਿਖ ਤੋਰ[੨੫] ॥ ਗੁਰ ਸੇਵ ਤਰੇ ਤਜਿ [੨੬]ਮੇਰ ਤੋਰ ॥ ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥ ੨ ॥ ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ[੨੭] ਪਾਈਐ [੨੮]ਹਰਿ ਮਹਲਿ ਠਾਉ ॥ [੨੯]ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ [੩੦]ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥ ੩ ॥ ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥ ਫਲੁ ਨਾਮੁ ਪਰਾਪਤਿ ਗੁਰੁ ਤੁਸਿ[੩੧] ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥ ੪ ॥ ੭ ॥ ਬਸੰਤੁ ਮਹਲਾ ੩ ਇਕ ਤੁਕਾ‡ ॥ ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ ਜੀਵਤੁ ਮਰੈ ਸਭਿ ਕੁਲ ਉਧਰੈ[੩੨] ॥ ੧ ॥ ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥ ਸਾਚੁ ਨਾਮੁ ਮੇਰੈ ਹਿਰਦੈ ਵਸੈ ॥ ੧ ॥ ਰਹਾਉ ॥ ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ[੩੩] ਰਹੈ ॥ ਤੈਸੇ ਸੰਤ ਜਨ ਰਾਮ ਨਾਮ [੩੪]ਰਵਤ ਰਹੈ ॥ ੨ ॥ ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥ ਤਉ ਸਰਣਾਗਤਿ ਰਹਉ ਪਇਆ ॥ ੩ ॥ ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥ ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥ ੪ ॥ ੮ ॥

੧ ਪ੍ਰੇਮ ਨਾਲ ।
੨ ਸੁੰਦਰ ।
੩ ਸਾਥ ਹੀ ਹੈ ।
੪ ਦੱਸੋ ਕਿਵੇਂ ਮਿਲੇ ?
੫ ਮਿਲੋ ।
੬ ਫਬਦੇ ਹਨ ।
੭ ਵਰ ਦੀਆਂ ਇਸਤ੍ਰੀਆਂ ।
੮ ਗੁਰੂ ਦੁਆਰਾ ਖੋਜ ਕਰਨ ਨਾਲ ਮਨ ਮੰਨ ਜਾਂਦਾ ਹੈ (ਮਨ ਦੀ ਨਿਸ਼ਾ ਹੋ ਜਾਂਦੀ ਹੈ) ।
੯ ਜੋ ਆਪ-ਹੁਦਰੀਆਂ ਹਨ, ਓਹ ਹਰੀ-ਪਤੀ ਤੋਂ ਵਿਛੜੀਆਂ ਹੋਈਆਂ ਉਸ ਦਾ ਭੇਦ ਨਹੀਂ ਜਾਣ ਸਕਦੀਆਂ, ਭਾਵੇਂ ਉਹ ਸਭ ਦਾ ਪਿਆਰਾ ਹਰ ਘਟ ਵਿੱਚ ਮਿਲਿਆ ਹੋਇਆ ਹੈ । ਭੇਉ=ਭੇਦ। ਪ੍ਰੇਉ=ਪਿਆਰਾ ।
੧੦ ਹਰੀ । ਗੁਰਮੁਖ ਸਿੱਖ ਆਪਣੇ ਨਾਲ ਹੀ ਹਰੀ ਦੇਵ ਨੂੰ ਥਿਰ ਕਰ ਕੇ ਜਾਣਦਾ ਹੈ ।
੧੧ ਜਪਣ ਯੋਗ ਹਰੀ ਨੂੰ ।
੧੨ ਬਿਨਾਂ ਗੁਰੂ ਦੇ (ਹਰੀ) ਸੰਤਾਂ ਦਾ ਸੰਗ ਨਹੀਂ ਦਿੰਦਾ, ਭਾਵ ਗੁਰੂ ਭੇਟਣ ਤੋਂ ਬਿਨਾਂ ਗੁਰਮੁਖਾਂ ਦੀ ਸੰਗਤ ਨਹੀਂ ਮਿਲਦੀ ।
੧੩ ਗੁਰੂ ਤੋਂ ਬਿਨਾਂ ਮਨੁੱਖ (ਅਗਿਆਨ ਵਿੱਚ) ਅੰਨ੍ਹੇ ਰਹਿੰਦੇ ਹਨ ਅਤੇ ਨਿਰਾ ਧੰਧਾ ਪਿੱਟਦੇ ਹਨ; ਭਾਵ ਜੋ ਕੰਮ ਕਰਦੇ ਹਨ ਚੱਟੀ ਬੱਧਾ ਕਰਦੇ ਹਨ ।
੧੪ ਮਨ ਗੁਰੂ ਦੁਆਰਾ ਨਿਰਮਲ ਹੁੰਦਾ ਹੈ, ਆਪਣੀ ਮੈਲ ਸ਼ਬਦ ਦੁਆਰਾ ਦੂਰ ਕਰ ਕੇ ।
੧੫ ਮੇਲ ।
੧੬ ਸਦਾ ਭਗਤਿ ਜੋਗ (ਭਗਤੀ) ਵਾਲਾ ਜੋਗ, ਜੋ ਗੁਰਮਤ ਦਾ (ਸਹਜ ਜੋਗ ਹੈ) ਮਾਣਦਾ ਹੈ ।
੧੭ ਗੁਰੂ ਸੰਤ ਦੀ ਸੰਗਤ ਵਿੱਚ ਦੁੱਖ ਤੇ ਰੋਗ ਮਿਟ ਜਾਂਦੇ ਹਨ ।
੧੮ ਹਰੀ-ਪਤੀ ਨੂੰ ਮੇਲਣ ਵਾਲਾ ਸਹਜ ਜੋਗ ਨੂੰ ਮਿਲਦਾ ਹੈ ।
੧੯ ਆਪਣਾ ਰਾਜ, ਰਾਜ ਕੇ (ਹੁਕਮ ਕਰ ਕੇ) ਸੱਚ ਨਿਬੇੜਦਾ ਹੈ ਤੇ ਉੱਤਮ ਗੁਰਮਤ ਦੁਆਰਾ ਅੰਗ ਸੰਗ ਦਿਸਦਾ ਹੈ । ਰਾਜੁ=ਹਕੂਮਤ । ਰਾਜਿ=ਰਾਜ ਕਰ ਕੇ, ਹੁਕਮ ਚਲਾ ਕੇ, ਹੁਕਮ ਦਾ ਪ੍ਰਕਾਸ਼ ਕਰ ਕੇ ।
੨੦ ਨਾਮ ਰੂਪ ਰਸਾਇਣ (ਰਸਾਂ ਦਾ ਘਰ) ਸਹਿਜ ਅਵਸਥਾ ਵਿੱਚ ਵੀ ਪ੍ਰਗਟ ਹੁੰਦੀ ਹੈ ।
੨੧ [ਅਸ੍ਰਿ] ਹੈ ।
੨੨ ਹੇ ਮਨ ! ਰਾਮ-ਰਾਮ ਆਖ, ਮਤੇ ਵਿਸਾਰ ਦੇਵੇਂ ।
੨੩ ਹਰੀ ਜੋ ਪਰੇ ਤੋਂ ਪਰੇ, ਅਪਹੁੰਚ ਅਤੇ ਮਨ ਬਾਣੀ ਤੋਂ ਪਰੇ ਹੈ, ਆਪ ਹੀ ਗੁਰੂ ਦੇ ਰਾਹੀਂ ਅੰਦਾਜ਼ੇ ਤੋਂ ਪਰੇ ਹੁੰਦਾ ਹੋਇਆ ਭੀ ਆਪਣਾ ਅੰਦਾਜ਼ਾ ਕਰਾ ਦਿੰਦਾ ਹੈ ।
੨੪ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੨੫ ਤੇਰੇ ।
੨੬ ਮੇਰ ਤੇਰ ।
੨੭ ਕ੍ਰਿਪਾਲੂ ਹੋਣ ਨਾਲ ।
੨੮ ਹਰੀ ਦੇ ਮਹਲ ਵਿੱਚ ਟਿਕਾਣਾ ਮਿਲਦਾ ਹੈ ।
੨੯ ਨਿੰਦਾ ਛੱਡ ਕੇ ਹਰੀ ਦੀ ਭਗਤੀ ਵਿੱਚ ਜਾਗੋ।
੩੦ ਹਰੀ ਦੀ ਸੋਹਣੀ ਭਗਤੀ ਦਾ ਹਿੱਸਾ; ਬਖ਼ਸ਼ਿਸ਼ ਦੁਆਰਾ ਮਿਲਦਾ ਹੈ ।
੩੧ ਤਰੁੱਠ ਕੇ, ਕ੍ਰਿਪਾਲੂ ਹੋ ਕੇ ।
੩੨ ਤਾਰ ਲੈਂਦਾ ਹੈ ।
੩੩ ਗ਼ਲਤਾਨ, ਖਚਿਤ ।
੩੪ ਸਿਮਰਦਾ ਰਹਿੰਦਾ ਹੈ ।

* ਹਰੀ ਸਾਡੇ ਨਾਲ ਹੀ ਵੱਸਦਾ ਹੈ; ਪਰ ਗੁਰੂ ਤੋਂ ਬਿਨਾਂ ਪ੍ਰਤੀਤ ਨਹੀਂ ਹੁੰਦਾ, ਕਿਉਂਕਿ ਨਿਗੁਰਾ ਮਨੁੱਖ ਅੰਨ੍ਹਾ ਹੋ ਕੇ ਸੰਸਾਰ ਦੇ ਧੰਧੇ ਪਿਟਦਾ ਰਹਿੰਦਾ ਹੈ ਅਤੇ ਉਸ ਦਾ ਮਨ ਨਿਰਮਲ ਨਹੀਂ ਹੁੰਦਾ । ਪਰ ਜਦ ਗੁਰੂ ਮਿਲ ਜਾਵੇ ਤਾਂ ਦੁੱਖ ਤੇ ਰੋਗ ਦੂਰ ਹੋ ਕੇ ਦਿਲ ਵਿੱਚ ਹਰੀ ਪ੍ਰੇਮ ਜਾਗਦਾ ਹੈ ਅਤੇ ਮੇਲ ਲਈ ਪ੍ਰੇਰਨਾ ਹੁੰਦੀ ਹੈ ।

† ਹਰੀ ਅਗੰਮ ਅਗੋਚਰ ਹੈ, ਪਰ ਸਾਡੇ ਮਹਦੂਦ ਦਿਲਾਂ ਵਿੱਚ ਭੀ ਆਪਣੀ ਸੋਝੀ ਲਿਆ ਦਿੰਦਾ ਹੈ । ਉਹ ਕਿਵੇਂ ? ਗੁਰੂ ਦੇ ਰਾਹੀਂ । ਗੁਰੂ ਮਨੁੱਖ ਦੇ ਨਿੰਦਕ ਤੇ ਕਠੋਰ ਦਿਲ ਵਿੱਚ ਭਗਤੀ ਦੀ ਜਾਗ੍ਰਤੀ ਪੈਦਾ ਕਰਦਾ ਹੈ ।

‡ ਅੰਤ ਹਰੀ ਅੱਗੇ ਅਰਦਾਸ ਕਰਦੇ ਹਨ ਕਿ ਕਿਰਪਾ ਕਰੋ ਤੇ ਆਪਣੀ ਸ਼ਰਨ ਵਿੱਚ ਰੱਖੋ । (ਕਈਆਂ ਲਿਖਤੀ ਬੀੜਾਂ ਵਿੱਚ ਇਹ ਸ਼ਬਦ ਮਹਲਾ ੧ ਦਾ ਕਰ ਕੇ ਦਿੱਤਾ ਹੈ ।)

ਮਹਲਾ ੧ ਬਸੰਤੁ ਹਿੰਡੋਲ[੧] ਘਰੁ ੨ ੴ ਸਤਿਗੁਰ ਪ੍ਰਸਾਦਿ ॥
*ਸਾਲ ਗ੍ਰਾਮ[੨] ਬਿਪ[੩] ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ
ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥ ੧ ॥ [੪]ਕਾਹੇ ਕਲਰਾ ਸਿੰਚਹੁ
ਜਨਮੁ ਗਵਾਵਹੁ ॥ [੫]ਕਾਚੀ ਢਹਗਿ ਦਿਵਾਲ ਕਾਹੇ ਗਚੁ[੬] ਲਾਵਹੁ ॥ ੧ ॥
ਰਹਾਉ ॥ [੭]ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
ਅੰਮ੍ਰਿਤੁ[੮] ਸਿੰਚਹੁ ਭਰਹੁ ਕਿਆਰੇ ਤਉ [੯]ਮਾਲੀ ਕੇ ਹੋਵਹੁ ॥ ੨ ॥ ਕਾਮੁ
ਕ੍ਰੋਧੁ ਦੁਇ ਕਰਹੁ ਬਸੋਲੇ[੧੦] ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ
ਤੁਮ੍ ਸੁਖ ਪਾਵਹੁ [੧੧]ਕਿਰਤੁ ਨ ਮੇਟਿਆ ਜਾਈ ॥ ੩ ॥ ਬਗੁਲੇ ਤੇ ਫੁਨਿ[੧੨]
ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ[੧੩] ਨਾਨਕੁ ਦਾਸਨਿ
ਦਾਸਾ ਦਇਆ ਕਰਹੁ ਦਇਆਲਾ ॥ ੪ ॥ ੧ ॥ ੯ ॥ ਬਸੰਤੁ ਮਹਲਾ ੧
ਹਿੰਡੋਲ† ॥ [੧੪]ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ ॥ ਆਪਿ
ਕੁਚਜੀ ਦੋਸੁ ਨ ਦੇਊ [੧੫]ਜਾਣਾ ਨਾਹੀ ਰਖੇ ॥ ੧ ॥ ਮੇਰੇ ਸਾਹਿਬਾ ਹਉ ਆਪੇ
ਭਰਮਿ ਭੁਲਾਣੀ ॥ [੧੬]ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥
੧ ॥ ਰਹਾਉ ॥ [੧੭]ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥ ੨ ॥ ਜੇ ਤੂੰ
ਪੜਿਆ ਪੰਡਿਤੁ ਬੀਨਾ[੧੮] [੧੯]ਦੁਇ ਅਖਰ ਦੁਇ ਨਾਵਾ ॥ ਪ੍ਰਣਵਤਿ[੧੩] ਨਾਨਕੁ
ਏਕੁ[੨੦] ਲੰਘਾਏ ਜੇ ਕਰਿ ਸਚਿ ਸਮਾਵਾਂ ॥ ੩ ॥ ੨ ॥ ੧੦ ॥ ਬਸੰਤੁ ਹਿੰਡੋਲ
ਮਹਲਾ ੧‡ ॥ [੨੧]ਰਾਜਾ ਬਾਲਕੁ ਨਗਰੀ[੨੨] ਕਾਚੀ [੨੩]ਦੁਸਟਾ ਨਾਲਿ ਪਿਆਰੋ ॥
[੨੪]ਦੁਇ ਮਾਈ [੨੫]ਦੁਇ ਬਾਪਾ ਪੜੀਅਹਿ[੨੬] ਪੰਡਿਤ ਕਰਹੁ ਬੀਚਾਰੋ ॥ ੧ ॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ [੨੭]ਕਿਨ ਬਿਧਿ ਪਾਵਉ ਪ੍ਰਾਨਪਤੀ ॥
੧ ॥ ਰਹਾਉ ॥ [੨੮]ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ
ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥
੨ ॥ [੨੯]ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ
ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥ [੩੦]ਕਹਿਆ ਸੁਣਹਿ ਨ ਖਾਇਆ
ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ
ਤੋਲਾ ਖਿਨੁ ਮਾਸਾ ॥ ੪ ॥ ੩ ॥ ੧੧ ॥ ਬਸੰਤੁ ਹਿੰਡੋਲ ਮਹਲਾ ੧§ ॥
ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥ ਕਰਿ ਕਿਰਪਾ ਹਰਿ
ਭਗਤਿ ਦ੍ਰਿੜਾਏ ਅਨਦਿਨੁ[੩੧] ਹਰਿ ਗੁਣ ਗਾਏ ॥ ੧ ॥ ਮਤ ਭੂਲਹਿ ਰੇ
ਮਨ ਚੇਤਿ ਹਰੀ ॥ ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ[੩੨] ਗੁਰਮੁਖਿ[੩੩] ਪਾਈਐ

੧ ਇਕ ਰਾਗ ਹੈ, ਜੋ ਗੁਰੂ ਜੀ ਨੇ ਵੱਖਰਾ ਨਹੀਂ ਵਰਤਿਆ, ਬਸੰਤ ਨਾਲ ਰਲਾ ਕੇ ਲਿਆ ਹੈ।
੨ ਸ਼ਾਲਗ੍ਰਾਮ ਪਿੰਡ ਕੋਲੋਂ ਲੰਘਦੀ ਗੰਡਕੀ ਨਦੀ ਵਿੱਚ ਇਕ ਗੋਲ ਜਿਹਾ ਧਾਰੀਦਾਰ ਪੱਥਰ ਹੁੰਦਾ ਹੈ, ਜਿਸ ਨੂੰ ਵਿਸ਼ਨੂੰ ਦੀ ਮੂਰਤੀ ਕਰ ਕੇ ਪੂਜਦੇ ਹਨ ।
੩ ਬ੍ਰਾਹਮਣ ! ਹੇ ਪੰਡਤੋ ! ਤੁਸੀਂ ਹਰੀ ਨੂੰ ਸ਼ਾਲਗ੍ਰਾਮ ਬਣਾਓ ਤੇ ਸ਼ੁਭ ਕਰਨੀ ਨੂੰ ਤੁਲਸੀ ਦੀ ਮਾਲਾ ਸਮਝੋ, ਰਾਮ ਨਾਮ ਰੂਪ ਬੇੜਾ ਬੰਨ੍ਹੋ ਤੇ ਆਖੋ ਹੇ ਦਿਆਲੂ ਹਰੀ! ਸਾਡੇ 'ਤੇ ਦਇਆ ਕਰੋ ।
੪ ਕੱਲਰ ਵਾਲੇ ਖੇਤ ਨੂੰ ਕਿਉਂ ਪਾਣੀ ਦਿੰਦੇ ਹੋ ? (ਇਹ ਤਾਂ ਵਿਅਰਥ ਜਾਵੇਗਾ । ਇਸੇ ਤਰ੍ਹਾਂ ਮੂਰਤੀ ਪੂਜਾ ਕਰਨ ਨਾਲ) ਜੀਵਨ ਵਿਅਰਥ ਗੁਆ ਰਹੇ ਹੋ ।
੫ ਦੀਵਾਰ ਕੱਚੀ ਹੋਣ ਕਰ ਕੇ ਡਿੱਗ ਪਏਗੀ ।
੬ ਚੂਨਾ, ਭਾਵ ਧਾਰਮਕ ਦਿਖਾਵਾ ।
੭ ਹੱਥਾਂ ਨੂੰ (ਭਾਵ ਸੇਵਾ ਨੂੰ) ਹਰਟ, ਮਾਲ੍ਹ, ਟਿੰਡ ਬਣਾਓ । ੮ ਹਰੀ ਦੀ ਪ੍ਰਾਪਤੀ-ਰੂਪ ਅੰਮ੍ਰਿਤ।
੯ ਹਰੀ-ਮਾਲੀ ਦੇ ।
੧੦ ਰੰਬੇ । ਇਥੇ ਕਾਮ, ਕ੍ਰੋਧ ਦੋਹਾਂ ਦੀ ਠੀਕ ਵਰਤੋਂ ਨੂੰ ਰੰਬੇ ਕਿਹਾ ਹੈ । ਜਿਵੇਂ ਗੋਡੀ ਵੇਲੇ ਖੇਤੀ ਨਾਲ ਪ੍ਰੇਮ (ਕਾਮ) ਵਰਤੀਦਾ ਹੈ ਤੇ ਨਦੀਨ ਨਾਲ ਕ੍ਰੋਧ, ਤਿਵੇਂ ਸ਼ੁਭ ਗੁਣ ਧਾਰਨੇ ਤੇ ਮਾੜੇ ਕੱਢਣੇ ਹਨ ਇਨ੍ਹਾਂ ਦੋ ਰੰਬਿਆਂ ਦੀ ਵਰਤੋਂ ਨਾਲ ।
੧੧ ਕੀਤੀ ਕਮਾਈ ਨਿਸਫਲ ਨਹੀਂ ਜਾਵੇਗੀ ।
੧੨ ਮੁੜ, ਫੇਰ । ੧੩ ਕਹਿੰਦਾ ਹੈ ।
੧੪ ਰੱਬ ਵਲੋਂ ਸਭ ਵਸਤੂ ਸਾਂਝੀ ਹੈ ਭਾਵ ਸਭ ਵਿੱਚ ਰੱਬੀ-ਦਾਤ ਪਾਈ ਗਈ ਹੈ, ਪਰ ਮਾਇਆ ਵਿੱਚ ਲੱਗ ਕੇ ਅਸਾਂ ਵਿਖੇਪਤਾ ਪਾ ਲਈ ਹੈ ।
੧੫ ਮੈਂ ਉਸ ਵਸਤ ਨੂੰ ਰੱਖਣਾ (ਸਾਂਭਣਾ) ਨਹੀਂ ਜਾਣਦੀ ।
੧੬ ਜੋ ਮੇਰੇ ਸਿਰ 'ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ, ਉਸੇ ਅਨੁਸਾਰ ਕਰਦੀ ਹਾਂ, ਹੋਰ ਕੋਈ ਆਪਣੇ ਵਲੋਂ ਬਣਾਵਟ ਨਹੀਂ ਬਣ ਸਕਦੀ।
੧੭ ਜੇ ਨਾਮ-ਰੂਪ ਕਸੀਦਾ ਕੱਢ ਕੇ ਪ੍ਰੇਮ-ਰੂਪ ਚੋਲੀ ਪਾਵੇਂ, ਤਾਂ ਤੂੰ ਇਸਤ੍ਰੀ ਅਖਵਾ ਸਕਦੀ ਹੈਂ ।
੧੮ [ਫ਼ਾ.] ਦੇਖਣ ਵਾਲਾ ਸਿਆਣਾ ।
੧੯ ਰਾਮ ਦੇ ਦੋਵੇਂ ਅੱਖਰ ਬੇੜੀ ਰੂਪ ਹਨ ।
੨੦ ਇਕ ਰਾਮ-ਨਾਮ ।
੨੧ ਮਨ ਰੂਪ ਰਾਜਾ ਇਆਣਾ ਹੈ ।
੨੨ ਸਰੀਰ-ਰੂਪ। ੨੩ ਕਾਮਾਦਿਕ ਵੈਰੀਆਂ ਨਾਲ ।
੨੪ ਦੋ ਮਾਵਾਂ (ਆਸਾ-ਤ੍ਰਿਸ਼ਨਾ)। ੨੫ ਰਾਗ ਦ੍ਵੈਖ ।
੨੬ ਪੜ੍ਹੀਦੇ ਹਨ, ਦੱਸੇ ਜਾਂਦੇ ਹਨ। ੨੭ ਕਿਸ ਤਰ੍ਹਾਂ?
੨੮ ਬਨਸਪਤੀ (ਰੁੱਖਾਂ ਬਿਰਖਾਂ) ਵਿੱਚ ਅੱਗ ਹੁੰਦਿਆਂ ਫਿਰ ਭੀ ਹਰੀ ਭਰੀ ਰਹਿੰਦੀ ਹੈ, ਸਮੁੰਦਰ ਇੱਡਾ ਵੱਡਾ ਹੁੰਦਿਆਂ ਫਿਰ ਭੀ ਆਪਣੀ ਹੱਦ ਅੰਦਰ ਬੱਧਾ ਰਹਿੰਦਾ ਹੈ, ਜਿਵੇਂ ਕਿ ਪੰਡ ਵਿੱਚ ਬੱਧਾ ਹੁੰਦਾ ਹੈ, ਧਰਤੀ ਉੱਤੇ ਫੈਲ ਕੇ ਸਭ ਕੁਝ ਤਬਾਹ ਨਹੀਂ ਕਰਦਾ ਫਿਰਦਾ । ਚੰਨ ਜਿਹਾ ਠੰਢਾ ਅਤੇ ਸੂਰਜ ਜਿਹਾ ਗਰਮ ਗੋਲਾ ਇਕੋ ਅਕਾਸ਼ ਵਿੱਚ ਵੱਸਦੇ ਹਨ। ਇਹ ਗੱਲਾਂ ਕਿਵੇਂ ਸੰਭਵ ਹਨ ? ਇਸ ਗੱਲ ਦੀ ਸੂਝ ਮਨੁੱਖ ਨੂੰ ਨਹੀਂ ਪੈਂਦੀ । ਭਾਵ ਉਸ ਨੂੰ ਇਸ ਗਿਆਨ ਦੀ ਲੋੜ ਹੈ ਕਿ ਕਿਵੇਂ ਆਪਣੇ ਅੰਦਰ ਕਾਮਾਦਿਕਾਂ ਦੀ ਅਗਨੀ ਅਤੇ ਖ਼ਾਹਿਸ਼ਾਂ ਦੇ ਠਾਠਾਂ ਮਾਰਦੇ ਸਮੁੰਦਰ ਦੇ ਹੁੰਦਿਆਂ ਉਹ ਆਪਣੀ ਚੜ੍ਹਦੀ ਜਵਾਨੀ ਨੂੰ ਸੰਭਾਲ ਕੇ ਰੱਖ ਸਕਦਾ ਹੈ ਅਤੇ ਜੋਸ਼ ਵਾਲੇ ਗੁਣਾਂ ਦੇ ਹੁੰਦਿਆਂ ਕਿਵੇਂ ਠੰਢੇ ਤੇ ਕੋਮਲ ਗੁਣਾਂ ਨੂੰ ਮਨ ਵਿੱਚ ਵਸਾ ਸਕਦਾ ਹੈ ।
੨੯ ਰਾਮ ਦੇ ਸਿਮਰਨ ਵਾਲਾ ਉਸ ਨੂੰ ਸਮਝੋ, ਜੋ ਮਾਇਆ ਨੂੰ ਛਕ ਜਾਵੇ, ਭਾਵ ਮੁਕਾਅ ਦੇਵੇ । ਉਸ ਦੀਆਂ ਨਿਸ਼ਾਨੀਆਂ ਇਹ ਹਨ ਕਿ ਖਿਮਾ-ਧਨ ਇਕੱਠਾ ਕਰਦਾ ਹੈ ।
੩੦ ਉਹਨਾਂ ਨਾਲ ਮਨ ਦਾ ਵਾਸਾ ਹੈ ਜੋ ਕਹਿਆ ਸੁਣਦੇ ਨਹੀਂ ਤੇ ਖਾਧਾ ਹੋਇਆ ਮੰਨਦੇ ਨਹੀਂ, ਭਾਵ ਅਕ੍ਰਿਤਘਣ ਹਨ । ਦਾਸਾਂ ਦਾ ਦਾਸ ਨਾਨਕ ਕਹਿੰਦਾ ਹੈ ਕਿ ਇਹ ਮਨ ਘੜੀ ਵਿੱਚ ਤੋਲਾ ਤੇ ਘੜੀ ਵਿੱਚ ਮਾਸ਼ਾ ਹੋ ਜਾਂਦਾ ਹੈ ।
੩੧ ਹਰ ਰੋਜ਼। ੩੨ ਤਿੰਨ ਲੋਕਾਂ ਵਿੱਚ ਭਾਵ ਕਿਤੇ ਵੀ।
੩੩ ਗੁਰੂ ਦੇ ਰਾਹੀਂ ।

* ਮੂਰਤੀ ਪੂਜਾ ਦੀ ਥਾਂ ਹਰੀ ਨਾਮ ਜਪੋ ਅਤੇ ਤੁਲਸੀ ਮਾਲਾ ਦੀ ਥਾਂ ਨੇਕੀ ਕਰੋ । ਮਨ ਨੂੰ ਹਰੀ ਦੀ ਲਿਵ ਨਾਲ ਭਰ ਦਿਓ, ਤਾਕਿ ਇਸ ਦੇ ਅੰਦਰ ਉਠਦੇ ਭਾਵ ਤੇ ਵਲਵਲੇ ਬੁਰੇ ਪਾਸੇ ਲਿਜਾਣ ਦੀ ਥਾਂ ਚੰਗੇ ਪਾਸੇ ਲਿਜਾਣ । ਪਰ ਇਹ ਸਭ ਕੁਝ ਤਦੇ ਹੋ ਸਕਦਾ ਹੈ ਜੇ ਵਾਹਿਗੁਰੂ ਆਪ ਮਿਹਰ ਕਰੇ ।

† ਜੇ ਵਾਹਿਗੁਰੂ ਆਪ ਮਿਹਰ ਨਾ ਕਰੇ ਤਾਂ ਮਨੁੱਖ ਸੱਚੇ ਰਸਤੇ ਤੋਂ ਉੱਖੜ ਕੇ ਭਰਮ ਦੇ ਔਝੜ ਪਿਆ ਰਹਿੰਦਾ ਹੈ । ਜੇ ਮਨੁੱਖ ਸਿਆਣਾ ਹੋਵੇ ਤਾਂ ਸਮਝੇ ਕਿ ਹਰੀ ਨੇ ਤਾਂ ਉਸ ਦੇ ਅੰਦਰ ਸ਼ੁਭ ਗੁਣ ਪਾ ਦਿੱਤੇ ਹਨ । ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਗੁਣ ਨਾਮ ਹੈ, ਪਰ ਮਾਇਆ ਵਿੱਚ ਪੈ ਕੇ ਇਸ ਗੁਣ ਦੀ ਸਾਰ ਨਹੀਂ ਜਾਣਦਾ ।

‡ ਮਨ ਦੀ ਬਣਾਵਟ ਅਜੀਬ ਹੈ; ਇਸੇ ਵਿੱਚ ਕਾਮ, ਕ੍ਰੋਧ ਆਦਿ ਮਾੜੇ ਭਾਵ ਹਨ ਅਤੇ ਇਸੇ ਵਿੱਚ ਚੰਗੇ ਸੀਤਲ ਤੇ ਨੇਕ ਭਾਵ ਹਨ । ਇਹੋ ਜਿਹੇ ਮਨ ਨਾਲ ਹਰੀ ਨੂੰ ਪਿਆਰ ਕਿਵੇਂ ਕਰੀਏ ? ਮਨ ਵਿਚੋਂ ਹਉਮੈ ਕੱਢ ਕੇ ਨਿੰਮਰਤਾ ਗ੍ਰਹਿਣ ਕਰੀਏ ਤਾਂ ਮਾਇਆ ਦਾ ਅਭਾਵ ਹੁੰਦਾ ਹੈ ਅਤੇ ਮਾਇਆ ਦਾ ਅਸਰ ਦੂਰ ਹੋਣ ਨਾਲ ਮਨ ਦੇ ਚੰਗੇ ਭਾਵ ਮਾੜੇ ਭਾਵਾਂ ਉੱਤੇ ਗ਼ਲਬਾ ਪਾ ਲੈਂਦੇ ਹਨ, ਸਗੋਂ (ਜਿਵੇਂ ਉੱਤੇ ਨੋਟ ੧੦ ਵਿੱਚ ਦੱਸਿਆ ਹੈ) ਉਨ੍ਹਾਂ ਨੂੰ ਚੰਗੇ ਪਾਸੇ ਲਾ ਲੈਂਦੇ ਹਨ ।

§ ਇਹ ਮਨ ਦੀ ਤਬਦੀਲੀ ਗੁਰੂ ਦੁਆਰਾ ਹੁੰਦੀ ਹੈ ।

ਨਾਮੁ ਹਰੀ ॥ ੧ ॥ ਰਹਾਉ ॥ ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥ ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ[੧] ਮਿਲੈ ਹਰਿ ਨਾਮੁ ਹਰੀ ॥ ੨ ॥ [੨]ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥ ਹਰਿ ਹਰਿ ਕਰਹਿ [੩]ਸੁ ਹਰਿ ਰੰਗਿ ਭੀਨੇ [੪]ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥ ੩ ॥ [੫]ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥ [੬]ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ[੭] ॥ ੪ ॥ ੪ ॥ ੧੨ ॥

ਬਸੰਤੁ ਮਹਲਾ ੩ ਘਰੁ ੧ ਦੁਤੁਕੇ ੴ ਸਤਿਗੁਰ ਪ੍ਰਸਾਦਿ ॥

*[੮]ਮਾਹਾ ਰੁਤੀ ਮਹਿ ਸਦ ਬਸੰਤੁ ॥ ਜਿਤੁ ਹਰਿਆ ਸਭੁ ਜੀਅ ਜੰਤੁ ॥ [੯]ਕਿਆ ਹਉ ਆਖਾ ਕਿਰਮ ਜੰਤੁ ॥ ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥ ੧ ॥ ਤੈ ਸਾਹਿਬ ਕੀ ਕਰਹਿ ਸੇਵ ॥ ਪਰਮ ਸੁਖ ਪਾਵਹਿ [੧੦]ਆਤਮ ਦੇਵ ॥ ੧ ॥ ਰਹਾਉ ॥ ਕਰਮੁ[੧੧] ਹੋਵੈ ਤਾਂ ਸੇਵਾ ਕਰੈ ॥ [੧੨]ਗੁਰ ਪਰਸਾਦੀ ਜੀਵਤ ਮਰੈ ॥ ਅਨਦਿਨੁ[੧੩] ਸਾਚੁ ਨਾਮੁ ਉਚਰੈ ॥ ਇਨ ਬਿਧਿ ਪ੍ਰਾਣੀ ਦੁਤਰੁ[੧੪] ਤਰੈ ॥ ੨ ॥ [੧੫]ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥ ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥ ੩ ॥ ਨਾਨਕ ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ ਆਪੇ ਦੇਇ ॥ ਬਿਖਿਆ ਕੀ ਬਾਸਨਾ [੧੬]ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥ ੪ ॥ ੧ ॥ ਬਸੰਤੁ ਮਹਲਾ ੩† ॥ ਰਾਤੇ ਸਾਚਿ ਹਰਿ ਨਾਮਿ ਨਿਹਾਲਾ[੧੭] ॥ ਦਇਆ ਕਰਹੁ ਪ੍ਰਭ ਦੀਨ ਦਇਆਲਾ ॥ ਤਿਸੁ ਬਿਨੁ ਅਵਰੁ ਨਹੀ ਮੈ ਕੋਇ ॥ ਜਿਉ ਭਾਵੈ ਤਿਉ ਰਾਖੈ ਸੋਇ ॥ ੧ ॥ ਗੁਰ ਗੋਪਾਲ ਮੇਰੈ ਮਨਿ ਭਾਏ ॥ ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ[੧੮] ਮਿਲਉ ਗੁਰੁ ਮੇਲਿ ਮਿਲਾਏ ॥ ੧ ॥ ਰਹਾਉ ॥ ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮ ਬਿਸਾਰਿ ਬਹੁਰਿ[੧੯] ਪਛੁਤਾਨਾ ॥ ਬਿਛੁਰਤ ਮਿਲਾਇ ਗੁਰ [੨੦]ਸੇਵ ਰਾਂਗੇ ॥ ਹਰਿ ਨਾਮੁ ਦੀਓ [੨੧]ਮਸਤਕਿ ਵਡਭਾਗੇ ॥ ੨ ॥ ਪਉਣ ਪਾਣੀ ਕੀ ਇਹ ਦੇਹ ਸਰੀਰਾ ॥ ਹਉਮੈ ਰੋਗੁ ਕਠਿਨ ਤਨਿ ਪੀਰਾ[੨੨] ॥ ਗੁਰਮੁਖਿ[੨੩] ਰਾਮ ਨਾਮ ਦਾਰੂ ਗੁਣ ਗਾਇਆ ॥ ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥ ੩ ॥ [੨੪]ਚਾਰਿ ਨਦੀਆ ਅਗਨੀ ਤਨਿ ਚਾਰੇ ॥ ਤ੍ਰਿਸਨਾ ਜਲਤ ਜਲੇ ਅਹੰਕਾਰੇ ॥ ਗੁਰਿ ਰਾਖੇ ਵਡਭਾਗੀ ਤਾਰੇ ॥ ਜਨ ਨਾਨਕ ਉਰਿ[੨੫] ਹਰਿ ਅੰਮ੍ਰਿਤੁ ਧਾਰੇ ॥ ੪ ॥ ੨ ॥ ਬਸੰਤੁ ਮਹਲਾ ੩‡ ॥ ਹਰਿ ਸੇਵੇ ਸੋ ਹਰਿ ਕਾ ਲੋਗੁ ॥ [੨੬]ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥ ਮਨਮੁਖ[੨੭] ਮੁਏ ਨਾਹੀ ਹਰਿ ਮਨ ਮਾਹਿ ॥

੧ [ਅ.] ਬਖ਼ਸ਼ਿਸ਼ ਦਵਾਰਾ ।

੨ ਹਰੀ, ਜੋ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਉਸ ਦੀ ਸੰਭਾਲਣਾ ਕਰਦਾ ਹੈ, ਸਾਰਿਆਂ ਦੇ ਦਿਲਾਂ ਵਿੱਚ ਲੁਕਿਆ ਹੋਇਆ ਹੈ, ਪਰ ਗੁਰੂ ਦੁਆਰਾ ਸੰਤ ਲੋਕਾਂ ਵਿੱਚ ਪ੍ਰਗਟ ਹੁੰਦਾ ਹੈ ।

੩ ਓਹ ਹਰੀ ਦੇ ਪ੍ਰੇਮ ਵਿੱਚ ਭਿੱਜ ਜਾਂਦੇ ਹਨ ।

੪ ਅੰਮ੍ਰਿਤ-ਨਾਮ ਰੂਪ ਇਲਾਹੀ ਜਲ ਉਨ੍ਹਾਂ ਦੇ ਮਨ ਵਿੱਚ ਹੁੰਦਾ ਹੈ ।

੫ ਜਿਨ੍ਹਾਂ ਨੂੰ ਹਰੀ ਵੱਲੋਂ ਤਖ਼ਤ ਉੱਤੇ ਬਹਿਣ ਦੀ ਪ੍ਰਭਤਾ ਮਿਲਦੀ ਹੈ (ਭਾਵ ਹੋਰਨਾਂ ਦੀ ਅਗਵਾਈ ਨਸੀਬ ਹੁੰਦੀ ਹੈ) ਓਹ ਗੁਰੂ ਦੇ ਰਾਹੀਂ ਮੁਅੱਸਰ ਜ਼ਿੰਦਗੀਆਂ ਵਾਲੇ ਬਣਾਏ ਜਾਂਦੇ ਹਨ ।

੬ ਗੁਰੂ-ਪਾਰਸ ਨੂੰ ਛੋਹ ਕੇ ਪਾਰਸ ਬਣ ਜਾਂਦੇ ਹਨ ।

੭ ਹੋ ਗਏ ।

੮ ਸਭ ਮਹੀਨਿਆਂ ਰੁੱਤਾਂ ਵਿੱਚ ਉਹ ਸਦ ਬਸੰਤ (ਸਦਾ ਖਿੜਿਆ ਹੋਇਆ) ਹੈ ਤੇ ਜਿਸ ਦੇ ਕਰਕੇ ਸਭ ਜੀਅ-ਜੰਤ ਹਰੇ-ਭਰੇ ਹਨ । ਦੇਖੋ ਪੰਨਾ ੧੧੬੮, ਨੋਟ ੧ ।

੯ ਮੈਂ ਨਿੱਕੇ ਕੀੜੇ ਜਿਹਾ ਜੀਵ ਕੀ ਆਖਾਂ, ਤੇਰਾ ਪਾਰਾਵਾਰ ਤਾਂ ਕਿਸੇ ਵੱਡੀ ਤੋਂ ਵੱਡੀ ਹਸਤੀ ਨੇ ਭੀ ਨਹੀਂ ਲੱਭਾ ।

੧੦ ਹੇ ਆਤਮ ਦੇਵ ! ਹੇ ਹਰੀ !

੧੧ [ਅ.] ਬਖ਼ਸ਼ਿਸ਼, ਮਿਹਰ ।

੧੨ ਗੁਰੂ ਦੀ ਕਿਰਪਾ ਨਾਲ ਜੀਂਵਦਿਆਂ ਹੀ ਮਰ ਜਾਵੇ ਭਾਵ ਹੰਗਤਾ ਮਿਟਾ ਦੇਵੇ ।

੧੩ ਹਰ ਰੋਜ਼ ।

੧੪ [ਸੰ. ਦੁਸਤਰ] ਔਖਾ ਤਰਿਆ ਜਾਣ ਵਾਲਾ (ਸੰਸਾਰ-ਸਾਗਰ) ।

੧੫ ਵਿਹੁ ਤੇ ਅੰਮ੍ਰਿਤ ਕਰਤਾਰ ਨੇ ਆਪ ਪੈਦਾ ਕੀਤੇ ਹਨ; ਇਹ ਦੋਵੇਂ ਫਲ ਸੰਸਾਰ-ਰੂਪ ਬ੍ਰਿਛ ਨਾਲ ਲਾਏ ਸੁ (ਅਗਲੇ ਅੰਕ ਵਿੱਚ ਦੱਸਦੇ ਹਨ ਕਿ ਜਿਸ ਉਤੇ ਮਿਹਰ ਕਰਦਾ ਹੈ, ਉਸ ਨੂੰ ਨਾਮ-ਰੂਪ ਅੰਮ੍ਰਿਤ-ਫਲ ਦਿੰਦਾ ਹੈ ਅਤੇ ਵਿਕਾਰ ਰੂਪ ਵਿਹੁ ਨੇੜੇ ਨਹੀਂ ਆਉਣ ਦਿੰਦਾ) ।

੧੬ [ਅ. ਮਨ੍ਹਾਂ] ਰੋਕ ਦਿੰਦਾ ਹੈ ।

੧੭ ਓਹ ਨਿਹਾਲ ਹਨ ।

੧੮ ਸਹਜੇ ਹੀ, ਸੁਭਾਵਕ ਹੀ ।

੧੯ ਮੁੜ ਕੇ, ਪਿਛੋਂ ।

੨੦ ਸੇਵਾ ਵਿੱਚ ਰੰਗੇ ਜਾ ਕੇ ।

੨੧ ਮੱਥੇ ਉੱਤੇ ਚੰਗੇ ਭਾਗ ਲਿਖੇ ਹੋਣ ਕਰ ਕੇ ।

੨੨ ਪੀੜ ।

੨੩ ਗੁਰੂ ਦੇ ਰਾਹੀਂ ।

੨੪ ਹਿੰਸਾ, ਮੋਹ, ਲੋਭ ਤੇ ਗੁੱਸਾ- ਇਹ ਚਾਰੇ ਸਰੀਰ ਵਿੱਚ ਅੱਗ ਦੀਆਂ ਨਦੀਆਂ ਹਨ । "ਹੰਸ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ" (ਮ: ੧, ਵਾਰ ਮਾਝ), ਪੰ: ੧੪੭, ਨੋਟ ੩੦, ਪੰ: ੧੦੩੧, ਨੋਟ ੧੮।

੨੫ ਹਿਰਦੇ ਵਿੱਚ ।

੨੬ ਸੱਚਾ ਅਨੰਦ (ਬਣਿਆ ਰਹਿੰਦਾ ਹੈ) ।

੨੭ ਆਪ-ਹੁਦਰੇ ਜੋ ਗੁਰੂ ਦੀ ਮੰਨ ਕੇ ਨਹੀਂ ਚਲਦੇ।

* ਜਿਵੇਂ ਹਰੀ ਚਲਾਵੇ, ਤਿਵੇਂ ਮਨੁੱਖ ਚਲਦੇ ਹਨ । ਜੇ ਉਹ ਮਿਹਰ ਕਰੇ, ਤਾਂ ਮਨੁੱਖ ਨੂੰ ਨਾਮ ਦਿੰਦਾ ਹੈ ਤੇ ਵਿਕਾਰਾਂ ਤੋਂ ਬਚਾਅ ਕੇ ਰੱਖਦਾ ਹੈ ।

† ਮਨੁੱਖ ਦੇ ਅੰਦਰ ਤਰ੍ਹਾਂ-ਤਰ੍ਹਾਂ ਦੇ ਵਿਕਾਰ ਭਰੇ ਪਏ ਹਨ, ਪਰ ਗੁਰੂ ਹਿਰਦੇ ਵਿੱਚ ਨਾਮ ਦਾ ਦਾਰੂ ਰੱਖ ਕੇ ਇਨ੍ਹਾਂ ਵਿਕਾਰਾਂ ਨੂੰ ਅਸਰ ਨਹੀਂ ਕਰਨ ਦਿੰਦਾ ।

‡ ਗੁਰੂ ਦੇ ਸ਼ਬਦ ਰਾਹੀਂ ਹਰੀ ਦਿਲ ਵਿੱਚ ਆ ਵੱਸਦਾ ਹੈ ਅਤੇ ਹਰ ਥਾਂ ਭਰਪੂਰ ਦਿਸਦਾ ਹੈ । ਸੱਚੀ ਖ਼ੁਸ਼ੀ ਅਤੇ ਸਦੀਵੀ ਜੀਵਨ ਉਨ੍ਹਾਂ ਨੂੰ ਹੀ ਮਿਲਦਾ ਹੈ, ਜਿਹੜੇ ਹਰੀ ਨੂੰ ਮਨ ਵਿੱਚ ਵਸਾਉਂਦੇ ਹਨ।

ਮਰਿ ਮਰਿ ਜੰਮਹਿ ਭੀ[੧] ਮਰਿ ਜਾਹਿ ॥ ੧ ॥ ਸੇ ਜਨ ਜੀਵੇ ਜਿਨ ਹਰਿ ਮਨ
ਮਾਹਿ ॥ ਸਾਚੁ ਸਮ੍ਾਲਹਿ ਸਾਚਿ ਸਮਾਹਿ ॥ ੧ ॥ ਰਹਾਉ ॥ ਹਰਿ ਨ ਸੇਵਹਿ
ਤੇ ਹਰਿ ਤੇ ਦੂਰਿ ॥ ਦਿਸੰਤਰੁ[੨] ਭਵਹਿ ਸਿਰਿ ਪਾਵਹਿ ਧੂਰਿ ॥ ਹਰਿ ਆਪੇ
ਜਨ ਲੀਏ ਲਾਇ ॥ ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ[੩] ॥ ੨ ॥ ਨਦਰਿ
ਕਰੇ ਚੂਕੈ ਅਭਿਮਾਨੁ ॥ ਸਾਚੀ ਦਰਗਹ ਪਾਵੈ ਮਾਨੁ ॥ ਹਰਿ ਜੀਉ ਵੇਖੈ ਸਦ
ਹਜੂਰਿ ॥ [੪]ਗੁਰ ਕੈ ਸਬਦਿ ਰਹਿਆ ਭਰਪੂਰਿ ॥ ੩ ॥ ਜੀਅ ਜੰਤ ਕੀ ਕਰੇ
ਪ੍ਰਤਿਪਾਲ ॥ [੫]ਗੁਰ ਪਰਸਾਦੀ ਸਦ ਸਮ੍ਾਲ ॥ ਦਰਿ ਸਾਚੈ ਪਤਿ ਸਿਉ ਘਰਿ
ਜਾਇ ॥ ਨਾਨਕ ਨਾਮਿ ਵਡਾਈ ਪਾਇ ॥ ੪ ॥ ੩ ॥ ਬਸੰਤੁ ਮਹਲਾ ੩* ॥
ਅੰਤਰਿ ਪੂਜਾ ਮਨ ਤੇ ਹੋਇ ॥ ਏਕੋ ਵੇਖੈ ਅਉਰੁ ਨ ਕੋਇ ॥ ਦੂਜੈ[੬] ਲੋਕੀ
ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥ ੧ ॥ ਮੇਰਾ ਪ੍ਰਭੁ
[੭]ਮਉਲਿਆ ਸਦ ਬਸੰਤੁ ॥ ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥ ੧ ॥
ਰਹਾਉ ॥ ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ ਲਗੈ ਪਿਆਰੁ ॥
ਆਪੁ ਛੋਡਿ ਹੋਹਿ [੮]ਦਾਸਤ ਭਾਇ ॥ ਤਉ ਜਗਜੀਵਨੁ ਵਸੈ ਮਨਿ ਆਇ ॥
੨ ॥ ਭਗਤਿ ਕਰੇ ਸਦ ਵੇਖੈ ਹਜੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥
ਇਸੁ ਭਗਤੀ ਕਾ ਕੋਈ ਜਾਣੈ ਭੇਉ[੯] ॥ ਸਭੁ ਮੇਰਾ ਪ੍ਰਭੁ ਆਤਮ ਦੇਉ[੧੦] ॥
੩ ॥ ਆਪੇ ਸਤਿਗੁਰੁ ਮੇਲਿ ਮਿਲਾਏ ॥ ਜਗਜੀਵਨ ਸਿਉ ਆਪਿ ਚਿਤੁ
ਲਾਏ ॥ ਮਨੁ ਤਨੁ ਹਰਿਆ [੧੧]ਸਹਜਿ ਸੁਭਾਏ ॥ ਨਾਨਕ ਨਾਮਿ ਰਹੇ ਲਿਵ
ਲਾਏ ॥ ੪ ॥ ੪ ॥ ਬਸੰਤੁ ਮਹਲਾ ੩† ॥ [੧੨]ਭਗਤਿ ਵਛਲੁ ਹਰਿ ਵਸੈ ਮਨਿ
ਆਇ ॥ ਗੁਰ ਕਿਰਪਾ ਤੇ ਸਹਜ ਸੁਭਾਇ ॥ ਭਗਤਿ ਕਰੇ [੧੩]ਵਿਚਹੁ ਆਪੁ
ਖੋਇ ॥ ਤਦ ਹੀ ਸਾਚਿ ਮਿਲਾਵਾ ਹੋਇ ॥ ੧ ॥ ਭਗਤ ਸੋਹਹਿ ਸਦਾ ਹਰਿ ਪ੍ਰਭ
ਦੁਆਰਿ ॥ ਗੁਰ ਕੈ ਹੇਤਿ[੧੪] ਸਾਚੈ ਪ੍ਰੇਮ ਪਿਆਰਿ ॥ ੧ ॥ ਰਹਾਉ ॥ ਭਗਤਿ
ਕਰੇ ਸੋ ਜਨੁ ਨਿਰਮਲੁ ਹੋਇ ॥ ਗੁਰ ਸਬਦੀ ਵਿਚਹੁ ਹਉਮੈ ਖੋਇ ॥ ਹਰਿ ਜੀਉ
ਆਪਿ ਵਸੈ ਮਨਿ ਆਇ ॥ ਸਦਾ ਸਾਂਤਿ [੧੫]ਸੁਖਿ ਸਹਜਿ ਸਮਾਇ ॥ ੨ ॥ ਸਾਚਿ
ਰਤੇ ਤਿਨ ਸਦ ਬਸੰਤ[੧੬] ॥ ਮਨੁ ਤਨੁ ਹਰਿਆ ਰਵਿ[੧੭] ਗੁਣ ਗੁਵਿੰਦ ॥ ਬਿਨੁ
ਨਾਵੈ ਸੂਕਾ ਸੰਸਾਰੁ ॥ ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥ ੩ ॥ ਸੋਈ ਕਰੇ
ਜਿ ਹਰਿ ਜੀਉ ਭਾਵੈ ॥ ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ ॥ ਅਪਣਾ ਪ੍ਰਭੁ
ਸੇਵੇ ਸਹਜਿ ਸੁਭਾਇ ॥ ਨਾਨਕ ਨਾਮੁ ਵਸੈ ਮਨਿ ਆਇ ॥ ੪ ॥ ੫ ॥
ਬਸੰਤੁ ਮਹਲਾ ੩‡ ॥ ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ
ਸਤਿਗੁਰ ਭਾਏ ॥ ਸਫਲਿਉ ਬਿਰਖੁ[੧੮] ਹਰਿ ਕੈ ਦੁਆਰਿ ॥ ਸਾਚੀ ਬਾਣੀ ਨਾਮ

੧ ਫਿਰ ।
੨ ਦੇਸਾਂ ਅੰਦਰ ।
੩ [ਅ. ਤਮ੍ਹਾ] ਲਾਲਚ, ਲੋੜ ।
੪ ਗੁਰੂ ਦੇ ਉਪਦੇਸ਼ ਦੁਆਰਾ ਹਰੀ, ਹਰ ਥਾਂ ਭਰਪੂਰ ਦਿਸਦਾ ਹੈ ।
੫ ਗੁਰੂ ਦੀ ਕ੍ਰਿਪਾ ਦੁਆਰਾ ਉਸ ਨੂੰ ਸਦਾ ਯਾਦ ਕਰ । (ਏਥੇ 'ਸਮ੍ਹਾਲ' ਦੇ ਅੰਤਲੇ ਅੱਖਰ ਨਾਲ ਸਿਹਾਰੀ ਨਹੀਂ । ਕਈ ਵਾਰ ਤੁਕਾਂ ਦਾ ਅੰਤਲਾ ਅੱਖਰ ਲਗ-ਰਹਿਤ ਦਿੱਤਾ ਹੁੰਦਾ ਹੈ; ਜਿਵੇਂ ਹੇਠਾਂ ਜਾ ਕੇ ਨੰ: ੧੬ ਵਾਲਾ 'ਬਸੰਤ' ਔਂਕੜ ਤੋਂ ਬਿਨਾਂ ਆਇਆ ਹੈ ।)
੬ ਦੂਜੇ ਭਾਵ ਵਿੱਚ, ਇਕ ਹਰੀ ਨੂੰ ਛੱਡ ਕੇ ਕਿਸੇ ਹੋਰ ਵਿੱਚ ਲਗਨ ਲਾਉਣ ਨਾਲ ।
੭ ਖਿੜਿਆ ਹੈ ਸਦ ਬਸੰਤ ਹੋ ਕੇ ।
੮ [ਸੰ. ਦਾਸਤ੍ਵ=ਦਾਸਪਨ] ਦਾਸ ਭਾਵ ਵਿੱਚ ।
੯ ਭੇਦ । ੧੦ ਹਰੀ ।
੧੧ ਸੁਤੇ-ਸਿਧ, ਸੁਭਾਵਕ ਹੀ ।
੧੨ [ਭਗਤਿ-ਵਤਸਲ] ਭਗਤੀ ਨੂੰ ਪਿਆਰ ਕਰਨ ਵਾਲਾ ਹਰੀ ।
੧੩ ਦਿਲ ਵਿੱਚੋਂ ਹੰਕਾਰ ਦੂਰ ਕਰ ਕੇ ।
੧੪ ਪਿਆਰ ਵਿੱਚ ।
੧੫ ਸਹਜ ਵਾਲੇ ਸੁਖ ਵਿੱਚ । ਦੇਖੋ ਪੰਨਾ ੧੧੧੨, ਨੋਟ ੩ ।
੧੬ ਆਤਮਕ ਅਨੰਦ ਰੂਪ ਬਸੰਤ ।
੧੭ ਸਿਮਰ ਕੇ ।
੧੮ ਸਰੀਰ ਰੂਪ ਬਿਰਖ ।

* ਹਰੀ ਤੋਂ ਵਿਛੜ ਕੇ ਲੋਕੀਂ ਬਹੁਤ ਦੁਖ ਪਾਉਂਦੇ ਹਨ । ਜੇ ਹਉਮੈ ਛੱਡ ਕੇ ਗੁਰੂ ਦੀ ਸ਼ਰਨੀ ਲੱਗਣ ਤਾਂ ਉਹ ਇਕ ਹਰੀ ਦੱਸ ਕੇ ਉਸ ਦੀ ਭਗਤੀ ਵਿੱਚ ਲਾਉਂਦਾ ਹੈ, ਜਿਸ ਨਾਲ ਮਨੁੱਖ ਸਦਾ ਖਿੜੇ ਰਹਿੰਦੇ ਹਨ। ਇਸ ਭਗਤੀ ਦੀ ਇਹ ਨਿਸ਼ਾਨੀ ਹੈ ਕਿ ਮਨੁੱਖ ਹਰ ਪਾਸੇ ਅਤੇ ਹਰ ਇਕ ਵਿੱਚ ਹਰੀ ਜਗ-ਜੀਵਨ ਹੀ ਦੇਖਦਾ ਹੈ ਤੇ ਹਰੀ ਵਾਕੁਰ ਹਰ ਵਕਤ ਖੁਸ਼ ਰਹਿੰਦਾ ਹੈ ।

† ਜੇ ਮਨੁੱਖ ਗੁਰੂ ਦੇ ਰਾਹੀਂ ਆਪਣੇ ਅੰਦਰੋਂ ਹਉਮੈ ਦੂਰ ਕਰੇ ਅਤੇ ਭਗਤੀ ਵਿੱਚ ਲੱਗੇ, ਤਾਂ ਭਗਤਿ-ਵਛਲ ਹਰੀ ਉਸ ਦੇ ਅੰਦਰ ਆ ਵਸਦਾ ਹੈ ।

‡ ਗੁਰੂ ਦੇ ਭਾਣੇ ਵਿੱਚ ਹੋ ਕੇ ਸ਼ਬਦ ਕਮਾਵਣ ਨਾਲ ਮਨੁੱਖ ਦਾ ਜੀਵਨ ਇਕ ਬ੍ਰਿਛ ਵਾਕੁਰ ਪ੍ਰਫੁਲਤ ਹੋ ਜਾਂਦਾ ਹੈ, ਜਿਸ ਨਾਲ ਸੱਚ ਦਾ ਫਲ ਲੱਗਦਾ ਹੈ । ਉਸ ਦੀ ਘਣੀ ਛਾਂਵ ਹੇਠਾਂ ਲੋਕੀਂ ਬਹਿ ਕੇ ਆਰਾਮ ਕਰਦੇ ਅਤੇ ਹਰੀ ਦਾ ਕੀਰਤਨ ਕਰਦੇ ਜੀਵਨ ਬਿਤਾਉਂਦੇ ਹਨ ।

ਪਿਆਰਿ ॥ ੧ ॥ [੧]ਏ ਮਨ ਹਰਿਆ ਸਹਜ ਸੁਭਾਇ ॥ ਸਚ ਫਲੁ ਲਾਗੈ
ਸਤਿਗੁਰ ਭਾਇ ॥ ੧ ॥ ਰਹਾਉ ॥ ਆਪੇ ਨੇੜੈ ਆਪੇ ਦੂਰਿ ॥ ਗੁਰ ਕੈ ਸਬਦਿ
ਵੇਖੈ ਸਦ ਹਜੂਰਿ ॥ ਛਾਵ ਘਣੀ ਫੂਲੀ ਬਨਰਾਇ[੨] ॥ ਗੁਰਮੁਖਿ[੩] ਬਿਗਸੈ[੪]
ਸਹਜਿ ਸੁਭਾਇ ॥ ੨ ॥ ਅਨਦਿਨੁ[੫] ਕੀਰਤਨੁ ਕਰਹਿ ਦਿਨ ਰਾਤਿ ॥
ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ[੬] ॥ ਪਰਪੰਚ[੭] ਵੇਖਿ ਰਹਿਆ
ਵਿਸਮਾਦੁ[੮] ॥ ਗੁਰਮੁਖਿ[੩] ਪਾਈਐ ਨਾਮ ਪ੍ਰਸਾਦੁ[੯] ॥ ੩ ॥ ਆਪੇ ਕਰਤਾ
ਸਭਿ ਰਸ ਭੋਗ ॥ ਜੋ ਕਿਛੁ ਕਰੇ ਸੋਈ ਪਰੁ ਹੋਗ[੧੦] ॥ ਵਡਾ ਦਾਤਾ ਤਿਲੁ
ਨ ਤਮਾਇ[੧੧] ॥ ਨਾਨਕ ਮਿਲੀਐ ਸਬਦੁ ਕਮਾਇ ॥ ੪ ॥ ੬ ॥ ਬਸੰਤੁ ਮਹਲਾ
੩* ॥ ਪੂਰੈ ਭਾਗਿ ਸਚੁ ਕਾਰ ਕਮਾਵੈ ॥ ਏਕੋ ਚੇਤੈ ਫਿਰਿ ਜੋਨਿ ਨ ਆਵੈ ॥
ਸਫਲ ਜਨਮੁ ਇਸੁ ਜਗ ਮਹਿ ਆਇਆ ॥ [੧੨]ਸਾਚਿ ਨਾਮਿ ਸਹਜਿ
ਸਮਾਇਆ ॥ ੧ ॥ ਗੁਰਮੁਖਿ[੩] ਕਾਰ ਕਰਹੁ ਲਿਵ ਲਾਇ ॥ ਹਰਿ ਨਾਮੁ ਸੇਵਹੁ
ਵਿਚਹੁ ਆਪੁ[੧੩] ਗਵਾਇ ॥ ੧ ॥ ਰਹਾਉ ॥ [੧੪]ਤਿਸੁ ਜਨ ਕੀ ਹੈ ਸਾਚੀ
ਬਾਣੀ ॥ ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥ ਚਹੁ ਜੁਗ ਪਸਰੀ ਸਾਚੀ
ਸੋਇ[੧੫] ॥ [੧੬]ਨਾਮਿ ਰਤਾ ਜਨੁ ਪਰਗਟੁ ਹੋਇ ॥ ੨ ॥ ਇਕਿ ਸਾਚੈ ਸਬਦਿ
ਰਹੇ ਲਿਵ ਲਾਇ ॥ ਸੇ ਜਨ ਸਾਚੇ [੧੭]ਸਾਚੈ ਭਾਇ ॥ [੧੮]ਸਾਚੁ ਧਿਆਇਨਿ
ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ[੧੯] ਧੂਰਿ ॥ ੩ ॥ ਏਕੋ ਕਰਤਾ
ਅਵਰੁ ਨ ਕੋਇ ॥ ਗੁਰ ਸਬਦੀ ਮੇਲਾਵਾ ਹੋਇ ॥ ਜਿਨਿ ਸਚੁ ਸੇਵਿਆ ਤਿਨਿ
ਰਸੁ ਪਾਇਆ ॥ ਨਾਨਕ ਸਹਜੇ ਨਾਮਿ ਸਮਾਇਆ ॥ ੪ ॥ ੭ ॥ ਬਸੰਤੁ ਮਹਲਾ
੩† ॥ [੧੮]ਭਗਤਿ ਕਰਹਿ ਜਨ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ[੧੯]
ਧੂਰਿ ॥ ਹਰਿ ਸੇਤੀ ਸਦ ਰਹਹਿ ਲਿਵ ਲਾਇ ॥ ਪੂਰੈ ਸਤਿਗੁਰਿ ਦੀਆ
ਬੁਝਾਇ ॥ ੧ ॥ ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ ਊਤਮ ਪਦਵੀ
ਪਾਵੈ ਸੋਇ ॥ ੧ ॥ ਰਹਾਉ ॥ ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ
ਸਦਾ ਸੁਖੁ ਹੋਇ ॥ ਨਾ ਓਹੁ ਮਰੈ ਨ ਆਵੈ ਜਾਇ ॥ ਤਿਸੁ ਬਿਨੁ ਅਵਰੁ
ਸੇਵੀ ਕਿਉ ਮਾਇ[੨੦] ॥ ੨ ॥ ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ[੧੩]
ਮਾਰਿ ਸਹਜੇ ਨਾਮਿ ਸਮਾਣਿਆ ॥ ਗੁਰਮੁਖਿ[੩] ਨਾਮੁ ਪਰਾਪਤਿ ਹੋਇ ॥ ਮਨੁ
ਨਿਰਮਲੁ ਨਿਰਮਲ ਸਚੁ ਸੋਇ ॥ ੩ ॥ ਜਿਨਿ ਗਿਆਨੁ ਕੀਆ ਤਿਸੁ ਹਰਿ
ਤੂ ਜਾਣੁ ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥ ਹਰਿ ਰਸੁ ਚਾਖੈ ਤਾਂ ਸੁਧਿ
ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥ ੪ ॥ ੮ ॥ ਬਸੰਤੁ ਮਹਲਾ ੩‡ ॥
ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ[੨੧] ॥ [੨੨]ਸਾਚੀ ਬਾਣੀ ਨਾਮ ਪਿਆਰੁ ॥
ਮਨਮੁਖ[੨੩] ਭੂਲੇ ਕਾਹੇ ਆਏ ॥ ਨਾਮਹੁ ਭੂਲੇ ਜਨਮੁ ਗਵਾਏ ॥ ੧ ॥ ਜੀਵਤ ਮਰੈ

੧ ਇਹ ਮਨ ਰੂਪ ਬ੍ਰਿਛ ਸੁਤੇ-ਸਿਧ ਹੀ ਮਉਲ ਪੈਂਦਾ ਹੈ ਅਤੇ ਗੁਰੂ ਦੇ ਭਾਣੇ ਇਸ ਨਾਲ ਸੱਚ ਦਾ ਫਲ ਲੱਗਦਾ ਹੈ ।

੨ ਬਨਸਪਤੀ ।

੩ ਗੁਰੂ ਦੇ ਰਾਹੀਂ ।

੪ ਖਿੜਦਾ ਹੈ ।

੫ ਹਰ ਰੋਜ਼, ਨਿੱਤ ।

੬ ਭਰਮ ।

੭ ਲੀਲ੍ਹਾ ।

੮ ਹੈਰਾਨ ।

੯ [ਸੰ. ਪ੍ਰਸੰਨਤਾ] ਪ੍ਰਸੰਨ ਹੋ ਕੇ ਦਿੱਤਾ ਭੋਜਨ ਗੁਰੂ ਦੇ ਰਾਹੀਂ ਮਿਲਦਾ ਹੈ ਨਾਮ ਦਾ ਭੋਜਨ ।

੧੦ ਜ਼ਰੂਰ ਹੋਵੇਗਾ ।

੧੧ [ਅ. ਤਮ੍ਹਾ] ਲਾਲਚ ।

੧੨ ਸਚੇ ਨਾਮ ਦੁਆਰਾ ਸਹਜ-ਅਵਸਥਾ ਵਿੱਚ ਸਮਾਅ ਜਾਂਦਾ ਹੈ, ਭਾਵ ਪੂਰਨ ਅਡੋਲ ਹਾਲਤ ਵਿੱਚ ਟਿਕ ਜਾਂਦਾ ਹੈ ।

੧੩ ਆਪਾ ਭਾਵ, ਹਉਮੈ ।

੧੪ ਉਸ ਸੇਵਕ ਦਾ ਵਾਕ ਸੱਚਾ ਹੁੰਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਉਹ ਵਾਕ ਸੰਸਾਰ ਵਿੱਚ ਫੈਲ ਜਾਂਦਾ ਹੈ; ਭਾਵ ਗੁਰਬਾਣੀ ਦੇ ਆਸਰੇ ਕਹੀ ਹੋਈ ਹੋਣ ਕਰ ਕੇ ਉਸ ਦੀ ਗੱਲ ਸਾਰੇ ਲੋਕ ਅਦਬ ਨਾਲ ਸੁਣਦੇ ਤੇ ਮੰਨਦੇ ਹਨ ।

੧੫ ਸੋਭਾ ।

੧੬ ਨਾਮ ਵਿੱਚ ਰੱਤਾ ਹੋਣ ਕਰ ਕੇ ਹਰੀ ਦਾ ਸੇਵਕ ਉਘਾ ਹੋ ਜਾਂਦਾ ਹੈ ।

੧੭ ਸੱਚੀ ਭਾਉਣੀ ਕਰ ਕੇ, ਨੇਕ ਨੀਅਤ ਹੋਣ ਕਰ ਕੇ ।

੧੮ ਸੱਚੇ (ਹਰੀ) ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਿਮਰਦੇ ਹਨ ।

੧੯ ਚਿੱਕੜ ਵਿੱਚੋਂ ਪੈਦਾ ਹੋਇਆ-ਹੋਇਆ, ਕਮਲ । ਚਰਨ ਕਮਲਾਂ ਦੀ ਧੂੜੀ ਬਣੇ ਰਹਿੰਦੇ ਹਨ ।

੨੦ ਹੇ ਮਾਂ !

੨੧ ਪਾਰ-ਉਤਾਰਾ, ਮੁਕਤੀ ।

੨੨ ਉਨ੍ਹਾਂ ਦਾ ਵਾਕ ਸੱਚਾ ਅਤੇ ਉਨ੍ਹਾਂ ਵਿੱਚ ਨਾਮ ਦਾ ਪਿਆਰ ਹੁੰਦਾ ਹੈ, ਦੇਖੋ ਉਤਲਾ ਨੋਟ ੧੪ ।

੨੩ ਆਪ-ਹੁਦਰੇ, ਜੋ ਗੁਰੂ ਦੀ ਮੰਨ ਕੇ ਨਹੀਂ ਚਲਦੇ।

* ਜਿਸ ਉੱਤੇ ਹਰੀ ਦੀ ਮਿਹਰ ਹੁੰਦੀ ਹੈ, ਉਹ ਗੁਰੂ ਦੇ ਸ਼ਬਦ ਤੋਂ ਸੁਸਿਖਿਅਤ ਹੋ ਕੇ ਇਕ ਸੱਚੇ ਹਰੀ ਦੀ ਕਾਰ ਵਿੱਚ ਲੱਗ ਪੈਂਦਾ ਹੈ । ਉਸ ਦਾ ਵਾਕ ਸੱਚਾ ਤੇ ਬੜਾ ਅਸਰ ਵਾਲਾ ਹੁੰਦਾ ਹੈ ।

† ਇਹੋ ਜਿਹੀ ਕਾਰ ਕਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ, ਜੋ ਹਰੀ ਨੂੰ ਹਾਜ਼ਰ-ਨਾਜ਼ਰ ਜਾਣ ਕੇ ਉਸ ਵਿੱਚ ਲਿਵ-ਲੀਨ ਰਹੇ ਅਤੇ ਉਸ ਦੇ ਭਗਤਾਂ ਦੇ ਚਰਨਾਂ ਦੀ ਧੂੜ ਬਣਿਆ ਰਹੇ ।

‡ ਆਮ ਲੋਕ ਤਾਂ ਮਨਮੁਖਤਾ ਵਿੱਚ ਹੀ ਪਏ ਆਪਣਾ ਜਨਮ ਗੁਆ ਲੈਂਦੇ ਹਨ । ਕੋਈ ਗੁਰਮੁਖ ਹੀ ਹੁੰਦਾ ਹੈ ਜੋ ਹਉਮੈ ਨੂੰ ਛੱਡ ਕੇ ਆਪਣਾ ਜਨਮ-ਮਰਨ ਸਫਲ ਕਰਦਾ ਹੈ । ਉਹ ਕਿਵੇਂ ? ਗੁਰੂ ਦੇ ਰਾਹੀਂ ਮਨ ਨੂੰ ਸਾਫ਼ ਕਰ ਕੇ ਸੱਚ ਨੂੰ ਪਛਾਣਦਾ ਅਤੇ ਸੱਚੇ ਹਰੀ ਦੇ ਗੁਣ ਗਾਉਂਦਾ ਹੋਇਆ ਉਸ ਦੇ ਵਿੱਚ ਲੀਨ ਰਹਿੰਦਾ ਹੈ ।

ਮਰਿ [੧]ਮਰਣੁ ਸਵਾਰੈ ॥ ਗੁਰ ਕੈ ਸਬਦਿ ਸਾਚੁ ਉਰ ਧਾਰੈ[੨] ॥ ੧ ॥ ਰਹਾਉ ॥ ਗੁਰਮੁਖਿ[੩] ਸਚੁ ਭੋਜਨੁ ਪਵਿਤੁ ਸਰੀਰਾ ॥ ਮਨੁ ਨਿਰਮਲੁ ਸਦ [੪]ਗੁਣੀ ਗਹੀਰਾ ॥ ਜੰਮੈ ਮਰੈ ਨ ਆਵੈ ਜਾਇ ॥ ਗੁਰ ਪਰਸਾਦੀ[੫] ਸਾਚਿ ਸਮਾਇ ॥ ੨ ॥ ਸਾਚਾ ਸੇਵਹੁ ਸਾਚੁ ਪਛਾਣੈ ॥ ਗੁਰ ਕੈ ਸਬਦਿ [੬]ਹਰਿ ਦਰਿ ਨੀਸਾਣੈ ॥ ਦਰਿ ਸਾਚੈ ਸਚੁ ਸੋਭਾ ਹੋਇ ॥ ਨਿਜ ਘਰਿ ਵਾਸਾ ਪਾਵੈ ਸੋਇ ॥ ੩ ॥ ਆਪਿ ਅਭੁਲੁ ਸਚਾ ਸਚੁ ਸੋਇ ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥ ਸਾਚਾ ਸੇਵਹੁ ਸਾਚੀ ਬਾਣੀ ॥ ਨਾਨਕ ਨਾਮੇ ਸਾਚਿ ਸਮਾਣੀ ॥ ੪ ॥ ੯ ॥ ਬਸੰਤੁ ਮਹਲਾ ੩* ॥ ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥ ਮਨਮੁਖ[੭] ਅੰਧੇ ਠਉਰ[੮] ਨ ਪਾਈ ॥ [੯]ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥ ੧ ॥ ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ [੧੦]ਨਾਮਿ ਨੀਸਾਣੁ ॥ ੧ ॥ ਰਹਾਉ ॥ [੧੧]ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥ ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ [੧੨]ਜੋਤੀ ਜੋਤਿ ਮਿਲਾਏ ਸੋਇ ॥ ੨ ॥ ਏਕੁ ਨਾਮੁ ਤਾਰੇ ਸੰਸਾਰੁ ॥ ਗੁਰ ਪਰਸਾਦੀ ਨਾਮ ਪਿਆਰੁ ॥ ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ ਨਾਮੁ ਪਲੈ ਪਾਈ ॥ ੩ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ[੧੩] ॥ ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ [੬]ਦਰਿ ਨੀਸਾਣੁ ॥ ੪ ॥ ੧੦ ॥ ਬਸੰਤੁ ਮਹਲਾ ੩† ॥ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥ ਨਿਹਚਲ ਮਤਿ ਸਦਾ ਮਨ ਧੀਰ[੧੪] ॥ ਹਰਿ ਗੁਣ ਗਾਵੈ [੪]ਗੁਣੀ ਗਹੀਰ ॥ ੧ ॥ ਨਾਮਹੁ ਭੂਲੇ ਮਰਹਿ ਬਿਖੁ ਖਾਇ ॥ ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥ ੧ ॥ ਰਹਾਉ ॥ ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ ਬਹੁ ਅਭਿਮਾਨਿ ਅਪਣੀ ਪਤਿ ਖੋਇ ॥ ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ [੧੫]ਬਾਹਰਿ ਜਾਦਾ ਘਰ ਮਹਿ ਆਣਿਆ ॥ ੨ ॥ ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥ ਨਾਮੁ ਨਵ ਨਿਧਿ[੧੬] ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥ ੩ ॥ ਆਪਿ ਕਰੇ ਕਿਛੁ ਕਰਣੁ ਨ ਜਾਇ ॥ ਆਪੇ ਭਾਵੈ ਲਏ ਮਿਲਾਇ ॥ ਤਿਸ ਤੇ ਨੇੜੈ ਨਾਹੀ ਕੋ ਦੂਰਿ ॥ ਨਾਨਕ ਨਾਮਿ ਰਹਿਆ ਭਰਪੂਰਿ ॥ ੪ ॥ ੧੧ ॥ ਬਸੰਤੁ ਮਹਲਾ ੩‡ ॥ ਗੁਰ ਸਬਦੀ ਹਰਿ ਚੇਤਿ ਸੁਭਾਇ[੧੭] ॥ ਰਾਮ ਨਾਮ ਰਸਿ ਰਹੈ ਅਘਾਇ ॥ [੧੮]ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥ ਜੀਵਤ ਮਰਹਿ ਹਰਿ ਨਾਮਿ ਸਮਾਹਿ ॥ ੧ ॥ ਹਰਿ ਕੀ ਦਾਤਿ ਹਰਿ ਜੀਉ ਜਾਣੈ ॥ ਗੁਰ ਕੈ ਸਬਦਿ ਇਹੁ ਮਨੁ

੧ ਆਪਣਾ ਮਰਨਾ ਸਫਲ ਕਰਦਾ ਹੈ ।
੨ ਦਿਲ ਵਿੱਚ ਧਾਰਦਾ ਹੈ ।
੩ ਗੁਰੂ ਦੀ ਮੰਨ ਕੇ ਚੱਲਣ ਵਾਲੇ ਦਾ ।
੪ ਗੁਣਾਂ ਵਿੱਚ ਡੂੰਘਾ ।
੫ ਕਿਰਪਾ ਨਾਲ ।
੬ ਹਰੀ ਦੇ ਦਰ 'ਤੇ ਝੰਡੇ ਸਣੇ ਜਾਂਦੇ ਹਨ, ਪਤਿ ਲੈ ਕੇ ਪੁੱਜਦੇ ਹਨ ।
੭ ਆਪ-ਹੁਦਰੇ, ਜੋ ਗੁਰੂ ਦੀ ਮੰਨ ਕੇ ਨਹੀਂ ਚਲਦੇ।
੮ ਥਾਂ ਟਿਕਾਣਾ ।
੯ ਮੈਲੇ ਦਾ ਕੀੜਾ ਬਣ ਕੇ ਮੈਲੇ ਵਿੱਚ ਹੀ ਸਮਾਇਆ ਰਹਿੰਦਾ ਹੈ; ਭਾਵ ਗੰਦੀ ਵਾਸ਼ਨਾ ਵਾਲਾ ਹੋਣ ਕਰ ਕੇ ਗੰਦ-ਮੰਦ ਵਿੱਚ ਹੀ ਖੁਸ਼ ਰਹਿੰਦਾ ਹੈ ।
੧੦ ਨਾਮ ਦਵਾਰਾ ਪ੍ਰਗਟ ਹੁੰਦੇ ਹਨ ।
੧੧ ਸੱਚ ਵਿੱਚ ਉਹ ਰੰਗੀਜਦੇ ਹਨ ਜਿਨ੍ਹਾਂ ਲਈ (ਸੱਚ ਵਿੱਚ ਰੰਗੀਜਣਾ) ਧੁਰ-ਹਜ਼ੂਰੋਂ ਲਿਖਿਆ ਹੁੰਦਾ ਹੈ।
੧੨ ਓਹੀ (ਭਾਵ ਨਾਮ) ਉਨ੍ਹਾਂ ਦੀ ਆਤਮ-ਜੋਤਿ ਨੂੰ ਪ੍ਰਮਾਤਮ-ਜੋਤਿ ਵਿੱਚ ਮਿਲਾ ਦਿੰਦਾ ਹੈ ।
੧੩ ਪੱਕੀ ਤਰ੍ਹਾਂ ਸਮਝਾਉਂਦਾ ਹੈ । ੧੪ ਧੀਰਜ ।
੧੫ ਬਾਹਰ ਦੌੜਦੇ ਮਨ ਨੂੰ ਆਪਣੇ ਸਰੂਪ ਵਿੱਚ ਟਿਕਾਇਆ ।
੧੬ ਦੇਖੋ ਪੰ. ੧੧੨੯, ਫੁਟ ਨੋਟ * ।
੧੭ ਪਿਆਰ ਨਾਲ । ਗੁਰੂ ਦੇ ਸ਼ਬਦ ਦੁਆਰਾ ਪ੍ਰੇਮ ਨਾਲ ਹਰੀ ਨੂੰ ਚੇਤ ਕੇ ਮਨੁੱਖ ਰਾਮ-ਨਾਮ ਦੇ ਅਨੰਦ ਵਿੱਚ ਰੱਜਿਆ ਰਹਿੰਦਾ ਹੈ ।
੧੮ ਕਿਲ੍ਹਿਆਂ ਅੰਦਰ ਕਿਲ੍ਹੇ, ਭਾਵ ਸਰੀਰ । ਜਨਮ-ਜਨਮਾਤ੍ਰਾਂ ਦੇ ਪਾਪ ।

* ਹਰੀ ਦੀ ਮਿਹਰ ਤੋਂ ਬਿਨਾਂ ਮਨੁੱਖ ਭਰਮਾਂ ਵਿੱਚ ਪਿਆ ਰਹਿੰਦਾ ਹੈ ਤੇ ਸੱਚੇ ਨਾਮ ਦੀ ਲਗਨ ਨਹੀਂ ਲੱਗਦੀ।

† ਪਰ ਜਦ ਮਿਹਰ ਹੋ ਜਾਂਦੀ ਹੈ ਤਾਂ ਗੁਰੂ ਮਿਲ ਪੈਂਦਾ ਹੈ, ਜਿਸ ਦੇ ਰਾਹੀਂ ਮਨ ਹੋਰਨਾਂ ਪਾਸਿਆਂ ਤੋਂ ਰੁਕ ਕੇ ਆਪਣੇ ਅੰਦਰੋਂ ਹੀ ਹਰੀ-ਨਾਮ ਤੇ ਨੌਂ-ਨਿਧ ਭੰਡਾਰ ਲੱਭ ਲੈਂਦਾ ਹੈ । ਪਰ ਜਿਹੜੇ ਨਾਮ ਤੋਂ ਵਿਛੜੇ ਰਹਿੰਦੇ ਹਨ, ਉਹ ਭਰਮ ਵਿੱਚ ਭੁੱਲੇ ਹੋਏ ਭੇਖਾਂ ਅਤੇ ਅਭਿਮਾਨਾਂ ਵਿੱਚ ਭਟਕਦੇ ਫਿਰਦੇ ਹਨ ।

‡ ਸਰਬ ਸੁਖ ਦਾਤਾ ਹਰੀ-ਨਾਮ ਗੁਰ-ਸ਼ਬਦ ਤੋਂ ਮਿਲਦਾ ਹੈ, ਉਹ ਵੀ ਤਦ ਜੇ ਹਰੀ ਆਪ ਮਿਹਰ ਕਰੇ। ਭੇਖਾਂ ਤੇ ਸੰਜਮਾਂ ਨਾਲ ਕੋਈ ਪ੍ਰਾਪਤੀ ਨਹੀਂ ।

ਮਉਲਿਆ[੧] ਹਰਿ ਗੁਣ ਦਾਤਾ ਨਾਮੁ ਵਖਾਣੈ ॥ ੧ ॥ ਰਹਾਉ ॥ ਭਗਵੈ ਵੇਸਿ
ਭ੍ਰਮਿ ਮੁਕਤਿ ਨ ਹੋਇ ॥ ਬਹੁ ਸੰਜਮਿ[੨] ਸਾਂਤਿ ਨ ਪਾਵੈ ਕੋਇ ॥ ਗੁਰਮਤਿ
ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥ ੨ ॥ [੩]ਕਲਿ ਮਹਿ
ਰਾਮ ਨਾਮਿ ਵਡਿਆਈ ॥ ਗੁਰ ਪੂਰੇ ਤੇ ਪਾਇਆ ਜਾਈ ॥ ਨਾਮਿ ਰਤੇ ਸਦਾ
ਸੁਖੁ ਪਾਈ ॥ [੪]ਬਿਨੁ ਨਾਮੈ ਹਉਮੈ ਜਲਿ ਜਾਈ ॥ ੩ ॥ ਵਡਭਾਗੀ ਹਰਿ ਨਾਮੁ
ਬੀਚਾਰਾ ॥ ਛੂਟੈ ਰਾਮ ਨਾਮਿ ਦੁਖੁ ਸਾਰਾ ॥ ਹਿਰਦੈ ਵਸਿਆ ਸੁ ਬਾਹਰਿ
ਪਾਸਾਰਾ ॥ ਨਾਨਕ ਜਾਣੈ ਸਭੁ ਉਪਾਵਣਹਾਰਾ ॥ ੪ ॥ ੧੨ ॥ ਬਸੰਤੁ ਮਹਲਾ ੩
ਇਕ ਤੁਕੇ * ॥ ਤੇਰਾ ਕੀਆ ਕਿਰਮ ਜੰਤੁ ॥ ਦੇਹਿ ਤ ਜਾਪੀ [੫]ਆਦਿ ਮੰਤੁ ॥
੧ ॥ ਗੁਣ ਆਖਿ ਵੀਚਾਰੀ ਮੇਰੀ ਮਾਇ ॥ ਹਰਿ ਜਪਿ ਹਰਿ ਕੈ ਲਗਉ
ਪਾਇ[੬] ॥ ੧ ॥ ਰਹਾਉ ॥ ਗੁਰ ਪ੍ਰਸਾਦਿ[੭] ਲਾਗੇ ਨਾਮ ਸੁਆਦਿ ॥ ਕਾਹੇ ਜਨਮੁ
ਗਵਾਵਹੁ ਵੈਰਿ ਵਾਦਿ[੮] ॥ ੨ ॥ ਗੁਰਿ ਕਿਰਪਾ ਕੀਨੑੀ ਚੂਕਾ[੯] ਅਭਿਮਾਨੁ ॥
ਸਹਜ ਭਾਇ ਪਾਇਆ ਹਰਿ ਨਾਮੁ ॥ ੩ ॥ [੧੦]ਊਤਮੁ ਊਚਾ ਸਬਦ ਕਾਮੁ ॥
ਨਾਨਕੁ ਵਖਾਣੈ ਸਾਚੁ ਨਾਮੁ ॥ ੪ ॥ ੧ ॥ ੧੩ ॥ ਬਸੰਤੁ ਮਹਲਾ ੩† ॥
ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ[੧] ਸਤਿਗੁਰੂ
ਸੰਗਿ ॥ ੧ ॥ ਤੁਮੑ ਸਾਚੁ ਧਿਆਵਹੁ [੧੧]ਮੁਗਧ ਮਨਾ ॥ ਤਾਂ ਸੁਖੁ ਪਾਵਹੁ ਮੇਰੇ
ਮਨਾ ॥ ੧ ॥ ਰਹਾਉ ॥ ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ
ਫਲੁ ਪਾਇਆ ਨਾਮੁ ਗੋਬਿੰਦ ॥ ੨ ॥ ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ
ਬੂਝੈ ਤਾਂ ਏਕੋ ਜਾਣੈ ॥ ੩ ॥ ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ
ਵੇਖਣੁ ਸਭੁ ਸਾਹਿਬ ਤੇ ਹੋਇ ॥ ੪ ॥ ੨ ॥ ੧੪ ॥ ਬਸੰਤੁ ਮਹਲਾ ੩‡ ॥ ਸਭਿ
ਜੁਗ ਤੇਰੇ ਕੀਤੇ ਹੋਏ ॥ ਸਤਿਗੁਰੁ ਭੇਟੈ[੧੨] ਮਤਿ ਬੁਧਿ ਹੋਏ ॥ ੧ ॥ ਹਰਿ ਜੀਉ
ਆਪੇ ਲੈਹੁ ਮਿਲਾਇ ॥ ਗੁਰ ਕੈ ਸਬਦਿ ਸਚ ਨਾਮਿ ਸਮਾਇ ॥ ੧ ॥ ਰਹਾਉ ॥
ਮਨਿ ਬਸੰਤੁ ਹਰੇ ਸਭਿ ਲੋਇ ॥ ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥
੨ ॥ ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥ ਰਾਮ ਨਾਮੁ ਰਾਖੈ ਉਰ ਧਾਰੇ[੧੩] ॥ ੩ ॥
[੧੪]ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥ ਨਾਨਕ ਇਹੁ ਤਨੁ ਬਿਰਖੁ ਰਾਮ
ਨਾਮੁ ਫਲੁ ਪਾਏ ਸੋਇ ॥ ੪ ॥ ੩ ॥ ੧੫ ॥ ਬਸੰਤੁ ਮਹਲਾ ੩§ ॥ ਤਿਨੑ ਬਸੰਤੁ
ਜੋ ਹਰਿ ਗੁਣ ਗਾਇ ॥ ਪੂਰੈ ਭਾਗਿ ਹਰਿ ਭਗਤਿ ਕਰਾਇ ॥ ੧ ॥ ਇਸੁ ਮਨ
ਕਉ ਬਸੰਤ ਕੀ ਲਗੈ ਨ ਸੋਇ[੧੫] ॥ ਇਹੁ ਮਨੁ ਜਲਿਆ ਦੂਜੈ ਦੋਇ ॥ ੧ ॥
ਰਹਾਉ ॥ ਇਹੁ ਮਨੁ [੧੬]ਧੰਧੈ ਬਾਂਧਾ ਕਰਮ ਕਮਾਇ ॥ [੧੭]ਮਾਇਆ ਮੂਠਾ ਸਦਾ
ਬਿਲਲਾਇ ॥ ੨ ॥ ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥ ਜਮਕਾਲ ਕੀ ਫਿਰਿ

੧ ਖਿੜਿਆ । ਗੁਰੂ ਦੇ ਸ਼ਬਦ ਦੁਆਰਾ ਇਹ ਮਨ ਹਰਾ-ਭਰਾ ਹੋ ਗਿਆ ਅਤੇ ਨਾਮ ਉਚਾਰਨ ਲੱਗਾ ਜੋ ਹਰੀ ਦੇ ਗੁਣ ਦੇਣ ਵਾਲਾ ਹੈ ।

੨ ਸੰਜਮੀ ਹੋਣ ਨਾਲ; ਮਨ ਨੂੰ ਵਿਸ਼ਿਆਂ ਤੋਂ ਰੋਕਣ ਦੇ ਬਣਾਉਟੀ ਸਾਧਨ ਕਰਨ ਨਾਲ ।

੩ ਦੇਖੋ ਪੰਨਾ ੪੪੫, ਫੁਟ ਨੋਟ * ।

੪ ਨਾਮ ਤੋਂ ਬਿਨਾਂ ਹਉਮੈ ਵਿੱਚ ਸੜ ਜਾਈਦਾ ਹੈ।

੫ ਸਭ ਤੋਂ ਪਹਿਲਾਂ ਮੰਤ੍ਰ ਸਤਿਨਾਮ ਮੰਤ੍ਰ । ਦੇਖੋ ਪੰਨਾ ੧੦੯੩, ਨੋਟ ੩੨ ।

੬ ਚਰਨੀਂ ।

੭ ਕਿਰਪਾ ਦੁਆਰਾ ।

੮ ਝਗੜਿਆਂ ਵਿੱਚ ।

੯ ਦੂਰ ਹੋਇਆ ।

੧੦ ਦੇਖੋ ਪੰਨਾ ੪੪੪, ਨੋਟ ੧੭ ਅਤੇ ਪੰਨਾ ੧੧੪੫, ਨੋਟ ੨੭ ।

੧੧ ਹੇ ਮੂਰਖ ਮਨ ! ੧੨ ਮਿਲਣ ਨਾਲ ।

੧੩ ਦਿਲ ਵਿੱਚ ਟਿਕਾਅ ਕੇ ।

੧੪ ਜਿਨ੍ਹਾਂ ਦੇ ਮਨ ਵਿੱਚ ਬਸੰਤ ਦਾ ਖਿੜਾਉ ਹੈ, ਉਨ੍ਹਾਂ ਦਾ ਤਨ ਮਨ ਹਰਾ ਹੁੰਦਾ ਹੈ ।

੧੫ ਖ਼ਬਰ । ਹਰੀ ਸਭ ਥਾਂ ਬਸੰਤ ਰੂਪ ਹੋ ਰਿਹਾ ਹੈ, ਪਰ ਦੂਜੇ ਭਾਵ ਵਿੱਚ ਸੜੇ ਨੂੰ ਇਸ ਦੀ ਖ਼ਬਰ ਨਹੀਂ, ਭਾਵ ਬੇਅਸਰ ਹੈ ।

੧੬ ਚੱਟੀ-ਬੱਧਾ ਕਰਮ ਕਰਦਾ ਹੈ, ਦਿਲੀ ਚਾਅ ਨਾਲ ਭਗਤੀ ਨਹੀਂ ਕਰਦਾ ।

੧੭ ਮਾਇਆ ਵਿੱਚ ਠੱਗਿਆ ਹੋਇਆ ਸਦਾ ਰੋਂਦਾ ਰਹਿੰਦਾ ਹੈ ।

---

* ਗੁਰੂ ਦੀ ਕਿਰਪਾ ਨਾਲ ਨਾਮ ਦੇ ਰਸ ਵਿੱਚ ਲੱਗੀਦਾ ਹੈ ।

† ਗੁਰੂ ਦੀ ਸੰਗਤ ਦੁਆਰਾ ਹਰੀ ਵੱਲੋਂ ਸੁੱਕਾ ਹੋਇਆ ਮਨ ਫਿਰ ਹਰਾ-ਭਰਾ ਹੋ ਜਾਂਦਾ ਹੈ, ਕਿਉਂਕਿ ਇਸ ਵਿੱਚ ਹਰੀ ਦਾ ਰਸ ਆ ਭਰਦਾ ਹੈ ਅਤੇ ਉਸ ਦਾ ਭਾਣਾ ਚੰਗਾ ਲੱਗਦਾ ਹੈ ।

‡ (ਇਨ੍ਹਾਂ ਅੰਤਲੇ ਤਿੰਨਾਂ ਸ਼ਬਦਾਂ ਵਿੱਚ ਅਸਲ ਬਸੰਤ ਦਾ ਜ਼ਿਕਰ ਹੈ ।) ਸਾਰੇ ਸਮੇਂ ਰੱਬ ਦੇ ਆਪਣੇ ਹਨ; ਜਿਸ ਸਮੇਂ ਭੀ ਉਸ ਨੂੰ ਯਾਦ ਕਰੋ ਬਸੰਤ ਦੀ ਰੁਤਿ ਵਾਕੁਰ ਸੁਹਾਉਣਾ ਹੈ ।

§ ਜਿਸ ਦਿਲ ਵਿੱਚ ਦੂਜਾ ਭਾਵ ਹੈ, ਉਹ ਤਾਂ ਸਦਾ ਸੜਦਾ ਰਹਿੰਦਾ ਹੈ ਉਸ ਨੂੰ ਬਸੰਤ ਦੀ ਹਵਾ ਨਹੀਂ ਲੱਗਦੀ, ਉਹ ਤਾਂ ਜੋ ਕੁਝ ਕਰਦਾ ਹੈ ਚੱਟੀ-ਬੱਧਾ ਕਰਦਾ ਹੈ ਅਤੇ ਮਾਇਆ ਦੇ ਮੋਹ ਵਿੱਚ ਕਰਦਾ ਹੈ। ਇਸ ਲਈ ਉਸ ਦੇ ਦਿਲ ਵਿੱਚ ਕਦੀ ਖਿੜਾਉ ਨਹੀਂ ਆਉਂਦਾ ।

ਆਵੈ ਨ ਫੇਟੈ[੧] ॥ ੩ ॥ ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ ਸਬਦਿ ਜਲਾਇ ॥ ੪ ॥ ੪ ॥ ੧੬ ॥ ਬਸੰਤੁ ਮਹਲਾ ੩* ॥ ਬਸੰਤੁ ਚੜਿਆ ਫੂਲੀ ਬਨਰਾਇ[੨] ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥ ਇਨ ਬਿਧਿ ਇਹੁ ਮਨੁ ਹਰਿਆ ਹੋਇ ॥ ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ[੩] ਹਉਮੈ ਕਢੈ ਧੋਇ ॥ ੧ ॥ ਰਹਾਉ ॥ [੪]ਸਤਿਗੁਰ ਬਾਣੀ ਸਬਦੁ ਸੁਣਾਏ ॥ ਇਹੁ ਜਗੁ ਹਰਿਆ ਸਤਿਗੁਰ ਭਾਏ ॥ ੨ ॥ ਫਲ ਫੂਲ ਲਾਗੇ ਜਾਂ ਆਪੇ ਲਾਏ ॥ ਮੂਲਿ[੫] ਲਗੈ ਤਾਂ ਸਤਿਗੁਰੁ ਪਾਏ ॥ ੩ ॥ ਆਪਿ ਬਸੰਤੁ ਜਗਤੁ ਸਭੁ ਵਾੜੀ[੬] ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥ ੪ ॥ ੫ ॥ ੧੭ ॥

ਬਸੰਤੁ ਹਿੰਡੋਲ ਮਹਲਾ ੩ ਘਰੁ ੨ ੴ ਸਤਿਗੁਰ ਪ੍ਰਸਾਦਿ ॥

†ਗੁਰ ਕੀ ਬਾਣੀ ਵਿਟਹੁ[੭] ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ ॥ ਗੁਰੁ ਸਾਲਾਹੀ ਸਦ ਅਪਣਾ ਭਾਈ ਗੁਰ ਚਰਣੀ ਚਿਤੁ ਲਾਈ ॥ ੧ ॥ ਮੇਰੇ ਮਨ ਰਾਮ ਨਾਮਿ ਚਿਤੁ ਲਾਇ ॥ ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿ ਨਾਮਾ ਫਲੁ ਪਾਇ ॥ ੧ ॥ ਰਹਾਉ ॥ ਗੁਰਿ ਰਾਖੇ ਸੇ ਉਬਰੇ[੮] ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥ ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੂਠਾ[੯] ਮਨਿ ਆਇ ॥ ੨ ॥ ਧੁਰਿ ਆਪੇ ਜਿਨ੍ਹਾ ਨੋ [੧੦]ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ ॥ ਧੂੜਿ ਤਿਨ੍ਹਾ ਕੀ ਅਘੁਲੀਐ[੧੧] ਭਾਈ ਸਤਸੰਗਤਿ ਮੇਲਿ ਮਿਲਾਇ ॥ ੩ ॥ ਆਪਿ ਕਰਾਏ ਕਰੇ ਆਪਿ ਭਾਈ ਜਿਨਿ ਹਰਿਆ ਕੀਆ ਸਭੁ ਕੋਇ ॥ ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ ਸਬਦਿ ਮਿਲਾਵਾ ਹੋਇ ॥ ੪ ॥ ੧ ॥ ੧੮ ॥ ੧੨ ॥ ੧੮ ॥ ੩੦ ॥

ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ ੴ ਸਤਿਗੁਰ ਪ੍ਰਸਾਦਿ ॥

‡ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ[੧੨] [੧੩]ਓਤਿ ਪੋਤਿ ॥ ੧ ॥ ਏਕੋ ਹਰਿ ਰਵਿਆ[੧੪] ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥ ੧ ॥ ਰਹਾਉ ॥ ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥ ੨ ॥ ਏਕੋ ਏਕੁ ਰਹਿਆ ਭਰਪੂਰਿ ॥ [੧੫]ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥ ਏਕੋ ਏਕੁ ਵਰਤੈ ਹਰਿ ਲੋਇ[੧੬] ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥ ੪ ॥ ੧ ॥ ਬਸੰਤੁ ਮਹਲਾ ੪§ ॥ ਰੈਣਿ ਦਿਨਸੁ ਦੁਇ ਸਦੇ[੧੭] ਪਏ ॥ ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥ ੧ ॥ ਹਰਿ ਹਰਿ ਚੇਤਿ ਸਦਾ ਮਨ ਮੇਰੇ ॥ ਸਭੁ

੧ ਫੇਟ ਵਿੱਚ, ਚੋਟ ਵਿੱਚ, ਉਸ ਘੇਰੇ ਵਿੱਚ ਜਿਥੋਂ ਚੋਟ ਲੱਗ ਸਕੇ । ਜਮਕਾਲ ਦੀ ਜ਼ੱਦ ਵਿੱਚ ਨਹੀਂ ਆਉਂਦਾ ।
੨ ਬਨਸਪਤੀ । ਜਿਵੇਂ ਬਸੰਤ ਦੀ ਰੁਤਿ ਆਉਣ ਨਾਲ ਰੁਖ ਬਿਰਖ ਹਰੇ ਹੋ ਗਏ ਹਨ, ਤਿਵੇਂ ਇਹ ਜੀਵ ਹਰੀ ਵਿੱਚ ਦਿਲ ਲਾਉਣ ਨਾਲ ਖਿੜਦੇ ਹਨ ।
੩ ਗੁਰੂ ਦੁਆਰਾ ।
੪ ਗੁਰੂ ਦੀ ਬਾਣੀ ਗੁਰੂ ਦਾ ਉਪਦੇਸ਼ ਸੁਣਾਂਦੀ ਹੈ ਅਤੇ ਗੁਰੂ ਦੇ ਭਾਣੇ ਵਿੱਚ ਲੱਗ ਕੇ ਇਹ ਸੰਸਾਰ ਹਰਿਆ ਭਰਿਆ ਹੋ ਜਾਂਦਾ ਹੈ ।
੫ ਮੁੱਢ ਵਿੱਚ, ਹਰੀ ਜੋ ਮੁਢਲੀ ਹਸਤੀ ਹੈ ਉਸ ਵਿੱਚ । ਮਨੁੱਖ ਦੀ ਜ਼ਿੰਦਗੀ ਦੇ ਰੁੱਖ ਦੀ ਜੜ੍ਹ ਹਰੀ ਆਪ ਹੈ ਇਹ ਰੁੱਖ ਪ੍ਰਫੁੱਲਤ ਤਦ ਹੁੰਦਾ ਹੈ ਜੇ ਹਰੀ ਆਪ ਕਰੇ । ਇਸ ਲਈ ਹਰੀ ਵਿੱਚ ਧਿਆਨ ਜੋੜਨਾ ਚਾਹੀਦਾ ਹੈ, ਤਾਂ ਕਿ ਉਸ ਦੀ ਮਿਹਰ ਨਾਲ ਗੁਰੂ ਮਿਲੇ । ਫਿਰ ਕਰਮ-ਧਰਮ ਤੇ ਗਿਆਨ ਆਪੇ ਮਿਲ ਜਾਣਗੇ।
੬ ਖੇਤੀ ।
੭ ਉਤੋਂ ।
੮ ਬਚ ਗਏ ।
੯ ਵੱਸਿਆ ।
੧੦ 'ਬਖਸਿਓਨੁ' ਅਤੇ 'ਲਇਅਨੁ' ਲਈ ਦੇਖੋ ਨੇਮ ੨੯ ।
੧੧ ਛੁਟੀਦਾ ਹੈ । ਦੇਖੋ ਪੰਨਾ ੯੩੩, ਨੋਟ ੪੨ ।
੧੨ ਹਰੀ ।
੧੩ ਤਾਣਾ-ਪੇਟਾ, ਭਾਵ ਪੂਰੇ ਤੌਰ 'ਤੇ । ਜਿਵੇਂ ਸੂਰਜ ਦੀ ਕਿਰਣ ਦਾ ਚਾਨਣਾ ਖਿਲਰਿਆ ਹੁੰਦਾ ਹੈ, ਤਿਵੇਂ ਹਰ ਇਕ ਹਸਤੀ ਵਿੱਚ ਸਰਬ-ਵਿਆਪੀ ਹਰੀ ਤਾਣੇ-ਪੇਟੇ ਵਾਕੁਰ ਵਿਆਪਕ ਹੈ ।
੧੪ ਵਿਆਪਕ ।
੧੫ ਸ਼ਕਤੀ ਦੇ ਉਪਾਸ਼ਕ, ਮਾਦਾ-ਪ੍ਰਸਤ ਲੋਕ ।
੧੬ ਲੋਕ ਵਿੱਚ ।
੧੭ ਮੌਤ ਦੇ ਆਵਾਜ਼ੇ । ਸਮਾਂ ਰਾਤ ਦਿਨ ਦੀ ਸ਼ਕਲ ਵਿੱਚ ਲੰਘ ਰਿਹਾ ਹੈ, ਇਸ ਲਈ ਹਰ ਇਕ ਦਿਨ ਦੇ ਲੰਘਣ ਨਾਲ ਸਾਡੀ ਉਮਰ ਦਾ ਸਮਾਂ ਪੂਰਾ ਹੋ ਰਿਹਾ ਹੈ ।

* ਮਨੁੱਖ ਦੇ ਜੀਵਨ ਉਤੇ ਭੀ ਬਸੰਤ ਰੁਤਿ ਆ ਸਕਦੀ ਹੈ ਜੇ ਉਹ ਮਨ ਵਿੱਚ ਹਰੀ ਨੂੰ ਵਸਾਵੇ । ਹਰੀ ਦੇ ਅੰਦਰ ਵਸਾਉਣ ਦਾ ਤਰੀਕਾ ਗੁਰੂ ਦੇ ਸ਼ਬਦ ਨੂੰ ਗ੍ਰਹਿਣ ਕਰਨਾ ਹੈ ।

† ਗੁਰੂ ਦਾ ਸ਼ਬਦ ਧੰਨ ਹੈ ਜਿਸ ਨਾਲ ਹਉਮੈ ਨਿਕਲਦੀ ਅਤੇ ਹਰੀ ਦਾ ਪਿਆਰ ਆ ਵੱਸਦਾ ਹੈ ।

‡ ਹਰੀ ਹਰ ਥਾਂ ਤੇ ਹਰ ਜੀਵ ਵਿੱਚ ਵੱਸਿਆ ਹੈ, ਪਰ ਮਹਿਸੂਸ ਤਦੇ ਹੀ ਹੋ ਸਕਦਾ ਹੈ, ਜੇ ਗੁਰੂ ਨੂੰ ਮਿਲੀਏ ।

§ ਜਿਨ੍ਹਾਂ ਉਤੇ ਮਿਹਰ ਹੁੰਦੀ ਹੈ ਓਹ ਗੁਰਮੁਖ ਬਣ ਕੇ ਹਰੀ ਨੂੰ ਮਨ ਵਿੱਚ ਵਸਾਉਂਦੇ ਹਨ, ਨਹੀਂ ਤਾਂ ਮਨਮੁਖ ਬਣ ਕੇ ਭਟਕਦੇ ਰਹਿੰਦੇ ਹਨ ।

ਆਲਸੁ ਦੂਖ ਭੰਜਿ[੧] ਪ੍ਰਭੁ ਪਾਇਆ [੨]ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥ ੧ ॥ ਰਹਾਉ ॥ ਮਨਮੁਖ[੩] ਫਿਰਿ ਫਿਰਿ ਹਉਮੈ ਮੁਏ ॥ ਕਾਲਿ ਦੈਤਿ ਸੰਘਾਰੇ[੪] ਜਮ ਪੁਰਿ ਗਏ ॥ ੨ ॥ ਗੁਰਮੁਖਿ[੫] ਹਰਿ ਹਰਿ ਹਰਿ ਲਿਵ ਲਾਗੇ ॥ ਜਨਮ ਮਰਣ ਦੋਊ ਦੂਖ ਭਾਗੇ ॥ ੩ ॥ ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥ [੬]ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ[੭] ॥ ੪ ॥ ੨ ॥

ਬਸੰਤੁ ਹਿੰਡੋਲ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥

*ਰਾਮ ਨਾਮੁ ਰਤਨ ਕੋਠੜੀ [੮]ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥ ੧ ॥ [੯]ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ [੧੦]ਪਵਿਤ੍ਰ ਪਰਮ ਪਦੁ ਪਾਇ ॥ ੧ ॥ ਰਹਾਉ ॥ [੧੧]ਪੰਚ ਚੋਰ ਮਿਲਿ [੧੨]ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ[੧੩] ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ[੧੪] ॥ ੨ ॥ ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ [੧੫]ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥ ੩ ॥ [੧੬]ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੂ ਮਿਲਾਵੈ ॥ ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥ ੪ ॥ ੧ ॥ ੩ ॥ ਬਸੰਤੁ ਮਹਲਾ ੪ ਹਿੰਡੋਲ† ॥ ਤੁਮ੍ ਵਡ ਪੁਰਖ ਵਡ ਅਗਮ ਗੁਸਾਈ ਹਮ [੧੭]ਕੀਰੇ ਕਿਰਮ ਤੁਮਨਛੇ[੧੮] ॥ ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ ਬਨਛੇ[੧੯] ॥ ੧ ॥ ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ[੨੦] ॥ ਜਨਮ ਜਨਮ ਕੇ ਕਿਲਵਿਖ[੨੧] ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ[੨੨] ॥ ੧ ॥ ਰਹਾਉ ॥ ਤੁਮ੍ਰਾ ਜਨੁ [੨੩]ਜਾਤਿ ਅਵਿਜਾਤਾ ਹਰਿ ਜਪਿਓ [੨੪]ਪਤਿਤ ਪਵੀਛੇ ॥ ਹਰਿ ਕੀਓ [੨੫]ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ[੨੬] ॥ ੨ ॥ ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ[੨੭] ਤਿਨਛੇ[੨੮] ॥ ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ੍ ਹਰਿ ਧਾਰਿਓ ਹਰਿ ਉਰਛੇ[੨੯] ॥ ੩ ॥ ਹਮ ਢੀਂਢੇ[੩੦] ਢੀਮ[੩੧] ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ[੩੨] ॥ ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ[੩੩] ॥ ੪ ॥ ੨ ॥ ੪ ॥ ਬਸੰਤੁ ਹਿੰਡੋਲ ਮਹਲਾ ੪‡ ॥ ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ[੩੪] ॥ ਜਿਉ ਬਾਰਿਕੁ ਰਸਕਿ[੩੫] ਪਰਿਓ ਥਨਿ ਮਾਤਾ ਥਨਿ ਕਾਢੇ [੩੬]ਬਿਲਲ ਬਿਲੀਧੇ ॥ ੧ ॥ ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ[੩੭] ॥

੧ ਭੰਨ ਕੇ, ਤੋੜ ਕੇ ।
੨ ਪ੍ਰਭੂ ਦੇ ਗੁਣ ਗੁਰੂ ਦੀ ਸਿਖਿਆ ਅਨੁਸਾਰ ਗਾਵੋ (ਤਾਂ ਕਿ ਕੋਈ ਭਰਮ ਵਾਲਾ ਗੁਣ ਨਾ ਗਾਇਆ ਜਾਵੇ) ।
੩ ਆਪ-ਹੁਦਰੇ, ਗੁਰੂ ਦੀ ਥਾਂ ਆਪਣੇ ਮਨ ਦੀ ਅਗਵਾਈ ਵਿੱਚ ਚੱਲਣ ਵਾਲੇ ।
੪ ਮਾਰੇ ।
੫ ਗੁਰੂ ਦੇ ਅਨੁਸਾਰੀ ।
੬ ਗੁਰੂ-ਨਾਨਕ ਨੇ ਮਿਹਰ ਕੀਤੀ, ਤਾਂ ਹਰੀ ਦੀ ਪ੍ਰਾਪਤੀ ਹੋਈ ।
੭ [ਬਨ ਜਿਸ ਦੀ ਮਾਲਾ ਹਨ] ਵਾਹਿਗੁਰੂ ।
੮ ਹਿਰਦੇ ਰੂਪ ਗੜ੍ਹ-ਮੰਦਰ ਵਿੱਚ ਅਮੋਲਕ ਰਾਮ-ਨਾਮ ਦੀ ਕੋਠੜੀ ਲੁਕੀ ਹੈ । ਦੇਖੋ ਪੰਨਾ ੬੫੭, ਨੋਟ ੩ ।
੯ [ਮਾਇਆ ਦਾ ਧਵ (ਪਤੀ)] ਹੇ ਵਾਹਿਗੁਰੂ ! ਗੁਰੂ-ਸਾਧੂ ਮਿਲਾ ਦੇਵੇ ।
੧੦ ਪਵਿੱਤ੍ਰਤਾ ਦਾ ਉੱਚੇ ਤੋਂ ਉੱਚਾ ਦਰਜਾ ।
੧੧ ਕਾਮਾਦਿਕ ।
੧੨ ਸਰੀਰ ਰੂਪ ਸ਼ਹਿਰ ਨੂੰ ਆ ਪਏ ।
੧੩ ਚੁਰਾਇਆ ।
੧੪ ਬਚ ਗਿਆ ।
੧੫ ਸਮਰੱਥ ਪੁਰਸ਼ (ਭਾਵ ਗੁਰੂ) ਜੋ ਪੁਰਸ਼ਾਂ ਦਾ ਪਤੀ ਹੈ, ਭਾਵ ਮਨੁੱਖਾਂ ਦਾ ਮਾਲਕ ਹੈ ।
੧੬ ਇਨ੍ਹਾਂ ਤਿੰਨਾਂ ਲਫ਼ਜ਼ਾਂ ਦਾ ਅਰਥ 'ਜਗਤ ਦਾ ਮਾਲਕ' ਹੈ ।
੧੭ ਕੀੜੇ ਕਿਰਮ, ਅਧਮ ਜੀਵ ।
੧੮ ਤੇਰੇ ।
੧੯ ਬਾਂਛੇ, ਚਾਹੇ ।
੨੦ ਕ੍ਰਿਪਾ ।
੨੧ ਪਾਪ ।
੨੨ ਹੱਛੇ ।
੨੩ ਚੰਗੀ-ਮੰਦੀ ਜ਼ਾਤ ਦਾ, ਭਾਵ ਕੋਈ ।
੨੪ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ।
੨੫ ਸਾਰੇ ਜਗਤ ਤੋਂ ।
੨੬ ਦੀਨੀ, ਦਿੱਤੀ ।
੨੭ ਮਨੋਰਥ ।
੨੮ ਤਿਸ ਦੇ, ਉਸ ਦੇ ।
੨੯ ਦਿਲ ਵਿੱਚ ।
੩੦ [ਸਿੰਧੀ] ਨੀਚ ਜਾਤ ।
੩੧ ਮਿੱਟੀ ਦੇ ਗੋਲੇ, ਜੜ੍ਹ-ਮਤਿ ਵਾਲੇ, ਮੂਰਖ ।
੩੨ ਮਿਲੋ ।
੩੩ ਪਵਿੱਤਰ ।
੩੪ ਗਿੱਝਾ ਹੋਇਆ ।
੩੫ ਰਸ ਨਾਲ, ਸੁਆਦ ਨਾਲ ।
੩੬ ਰੋਂਦਾ ਹੈ (ਥਣ ਕੱਢ ਲੈਣ ਨਾਲ)
੩੭ ਵਿੰਨ੍ਹੇ ।

* ਹਰ ਇਕ ਦੇ ਅੰਦਰ ਹਰੀ ਦੀ ਜੋਤਿ ਹੈ, ਜੋ ਗੁਰੂ ਦੇ ਰਾਹੀਂ ਪ੍ਰਗਟ ਹੁੰਦੀ ਅਤੇ ਵਿਸ਼ਿਆਂ ਵੱਲ ਰੁਚੀ ਕਰਨ ਨਾਲ ਮੱਧਮ ਪੈ-ਪੈ ਕੇ ਬੁੱਝ ਜਾਂਦੀ ਹੈ । ਵਾਹਿਗੁਰੂ ਆਪ ਮਿਹਰ ਕਰੇ ਤਾਂ ਗੁਰੂ ਮਿਲਾ ਦਿੰਦਾ ਹੈ, ਜੋ ਸਾਡੇ ਦਿਲ ਦਾ ਹਨੇਰਾ ਦੂਰ ਕਰ ਕੇ ਹਰੀ ਦੇ ਗੁਣਾਂ ਦਾ ਪ੍ਰਵੇਸ਼ ਕਰਾਉਂਦਾ ਹੈ ।

† ਹਰੀ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਗੁਰੂ ਮਿਲਾ ਦੇਵੋ ਜੋ ਸਾਡੇ ਜਿਹੇ ਨੀਚਾਂ ਮੂਰਖਾਂ ਨੂੰ ਹਰੀ-ਨਾਮ ਦੇ ਕੇ ਪਵਿੱਤਰ ਕਰ ਦੇਵੇ ।

‡ ਹੁਣ ਉਸ ਹਾਲਤ ਦਾ ਜ਼ਿਕਰ ਕਰਦੇ ਹਨ, ਜਦ ਗੁਰੂ ਮਿਲ ਗਿਆ ਅਤੇ ਹਰੀ ਦੀ ਲਗਨ ਲੱਗ ਗਈ ।

ਵਡੈ ਭਾਗਿ ਗੁਰੁ ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ[੧] ॥ ੧ ॥ ਰਹਾਉ ॥ ਜਨ ਕੇ ਸਾਸ ਸਾਸ ਹੈ ਜੇਤੇ ਹਰਿ [੨]ਬਿਰਹਿ ਪ੍ਰਭੂ ਹਰਿ ਬੀਧੇ ॥ ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ[੩] ॥ ੨ ॥ ਜਨ ਜਪਿਓ [੪]ਨਾਮੁ ਨਿਰੰਜਨੁ ਨਰਹਰਿ [੫]ਉਪਦੇਸਿ ਗੁਰੂ ਹਰਿ ਪ੍ਰੀਧੇ[੬] ॥ ਜਨਮ ਜਨਮ ਕੀ ਹਉਮੈ ਮਲੁ ਨਿਕਸੀ[੭] ਹਰਿ ਅੰਮ੍ਰਿਤਿ ਹਰਿ [੮]ਜਲਿ ਨੀਧੇ ॥ ੩ ॥ ਹਮਰੇ ਕਰਮ ਨ ਬਿਚਰਹੁ[੯] ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ[੧੦] ॥ ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ[੧੧] ॥ ੪ ॥ ੩ ॥ ੫ ॥ ਬਸੰਤੁ ਹਿੰਡੋਲ ਮਹਲਾ ੪* ॥ ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ[੧੨] ਨਹੀ ਵਾਸਾ ਪਾਈਐ ॥ ਗੁਰਿ ਅੰਕਸੁ[੧੩] ਸਬਦੁ ਦਾਰੂ ਸਿਰਿ ਧਾਰਿਓ [੧੪]ਘਰਿ ਮੰਦਰਿ ਆਣਿ ਵਸਾਈਐ ॥ ੧ ॥ ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥ ਹਉਮੈ ਰੋਗੁ ਗਇਆ ਸੁਖੁ ਪਾਇਆ [੧੫]ਹਰਿ ਸਹਜਿ ਸਮਾਧਿ ਲਗਾਈਐ ॥ ੧ ॥ ਰਹਾਉ ॥ ਘਰਿ ਰਤਨ ਲਾਲ ਬਹੁ ਮਾਣਕ ਲਾਦੇ [੧੬]ਮਨੁ ਭ੍ਰਮਿਆ ਲਹਿ ਨ ਸਕਾਈਐ ॥ ਜਿਉ ਓਡਾ[੧੭] ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ[੧੮] ॥ ੨ ॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ [੧੯]ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥ ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥ ੩ ॥ ਮਧੁਸੂਦਨ[੨੦] ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥ ਜਨ ਨਾਨਕ [੨੧]ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥ ੪ ॥ ੪ ॥ ੬ ॥ ਬਸੰਤੁ ਹਿੰਡੋਲ ਮਹਲਾ ੪† ॥ [੨੨]ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥ ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ[੨੩] ॥ ੧ ॥ ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ[੨੪] ॥ ਸਤਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ[੨੫] ॥ ੧ ॥ ਰਹਾਉ ॥ ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੁ[੨੬] ॥ ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ੍ ਦੀਨ ਦਇਆਲ [੨੭]ਦੁਖ ਭੰਞੁ ॥ ੨ ॥ ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤਸੰਗਤਿ ਮਿਲਿ ਬੁਧਿ ਲੰਞੁ[੨੮] ॥ ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ [੨੯]ਹਰਿ ਵਿਟਹੁ ਘੁਮਿ ਵੰਞੁ ॥ ੩ ॥ ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ ਲੰਞੁ[੩੦] ॥ ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ[੩੧] ॥ ੪ ॥ ੫ ॥ ੭ ॥ ੧੨ ॥ ੧੮ ॥ ੭ ॥ ੩੭ ॥

੧ ਲੱਭ ਪਿਆ ।
੨ ਪ੍ਰਭੂ-ਹਰੀ ਦੇ ਪਿਆਰ ਭਰੇ ਵਿਛੋੜੇ ਵਿੱਚ ਵਿੰਨ੍ਹੇ ਹੋਏ (ਸੁਆਸ) ।
੩ ਸੁੱਕ ਗਏ ।
੪ ਹਰੀ ਦਾ ਪਵਿੱਤਰ ਨਾਮ ।
੫ ਗੁਰੂ ਦੇ ਉਪਦੇਸ਼ ਦਵਾਰਾ ਹਰੀ ਨੂੰ ਪ੍ਰਤੱਖ ਕੀਤਾ ।
੬ ਪਰੋਸਿਆ, ਸਾਹਮਣੇ ਰੱਖਿਆ, ਪ੍ਰਤੱਖ ਕੀਤਾ ।
੭ ਨਿਕਲੀ ।
੮ ਜਲ-ਨਿਧਿ ਨਾਲ, ਸਮੁੰਦਰ ਦੁਆਰਾ ।
੯ ਵਿਚਾਰੋ ।
੧੦ ਆਪਣੇ ਦਾਸ ਦੀ ।
੧੧ ਪਿਆ ਹਾਂ ।
੧੨ ਅਸਲੀ ਘਰ ਵਿੱਚ, ਨਿੱਜ ਘਰ ਵਿੱਚ, ਨਿੱਜ ਸਰੂਪ ਵਿੱਚ, ਜਿਥੇ ਹਰੀ ਅਨੁਭਵ ਹੁੰਦਾ ਹੈ ।
੧੩ ਹਾਥੀ ਨੂੰ ਤੋਰਨ ਵਾਲਾ ਕੁੰਡਾ ਸ਼ਬਦ ਰੂਪ ਅੰਕੁਸ਼।
੧੪ ਲਿਆ ਕੇ ਮਨ ਨੂੰ ਆਪਣੇ ਸਰੂਪ-ਘਰ ਵਿੱਚ ।
੧੫ ਹਰੀ ਦੇ ਪੂਰਨ ਗਿਆਨ ਵਿੱਚ ਲਿਵ ਲਾ ਲਈਏ।
੧੬ ਮਨ ਭਟਕਦਾ ਰਿਹਾ ਤਾਂ (ਓਹ ਰਤਨ) ਲੱਭ ਨਹੀਂ ਸਕਦੇ ।
੧੭ [ਓਡ=ਧਰਤੀ ਦੇ ਅੰਦਰਲੇ ਭੇਤ ਜਾਣਨ ਵਾਲੀ ਇਕ ਜ਼ਾਤ] ਸੇਂਘਾ ਜੋ ਧਰਤੀ ਵਿੱਚ ਲੁਕੇ ਖੂਹ ਨੂੰ ਝੱਟ ਦੱਸਦਾ ਹੈ ।
੧੮ ਲਭਾਈ ਹੈ । ਇਸੇ ਤਰ੍ਹਾਂ ਸਤਿਗੁਰੂ ਨੇ ਨਾਮ ਵਸਤੂ ਅੰਦਰੋਂ ਹੀ ਲਭਾ ਦਿੱਤੀ ਹੈ ।
੧੯ ਉਸ ਦੇ ਜੀਊਣ ਉੱਤੇ ਲਾਹਨਤ ਹੈ ।
੨੦ [ਮਧੁ ਰਾਖਸ਼ ਨੂੰ ਮਾਰਨ ਵਾਲਾ, ਵਿਸ਼ਨੂੰ] ਹਰੀ।
੨੧ ਦੁੱਖਾਂ ਤੋਂ ਰਹਿਤ ਅਵਸਥਾ ।
੨੨ ਆਪ-ਹੁਦਰੇ ਮਨੁੱਖ ਦੀ ਦੇਹ ਨਾਮ ਤੋਂ ਸੱਖਣੀ ਹੋਣ ਕਰ ਕੇ ਉਸ ਦਾ ਜੀਵਨ ਸੁੰਞਾ ਰਹਿੰਦਾ ਹੈ ਤੇ ਉਸ ਦਾ ਜਨਮ-ਮਰਨ ਅਤੇ ਵਿਸ਼ਿਆਂ ਦਾ ਦੁੱਖ ਬਣਿਆਂ ਰਹਿੰਦਾ ਹੈ ।
੨੩ [ਲੁੰਚਨ ਸਹਿਤ। ਲੁੰਚ-ਵਾਲਾਂ ਨੂੰ ਪੁੱਟਣਾ] ਕੇਸਾਂ ਤੋਂ ।
੨੪ ਮੋਚਨ ਕਰ, ਕੱਟ ਦੇਹ ।
੨੫ ਭੁੰਚ, ਛਕੋ ।
੨੬ ਪਏ ਹਾਂ । ਸਾਧੂ ਗੁਰੂ ਦੀ ਸ਼ਰਨ ਪਏ ਹਾਂ ।
੨੭ ਦੁੱਖਾਂ ਨੂੰ ਭੰਨਣ ਵਾਲਾ ।
੨੮ ਪ੍ਰਕਾਸ਼ ਕਰਾਂ ।
੨੯ ਹਰੀ ਉਤੋਂ ਘੋਲੀ ਜਾਵੀਏ ।
੩੦ ਪ੍ਰਕਾਸ਼ ਲਈ ।
੩੧ ਭਾਵ ਭਜਨ ਲਈ ।

* ਸੰਜੋਗ ਦੀ ਹਾਲਤ ਦੇ ਉਲਟ ਵਿਜੋਗ ਦੀ ਹਾਲਤ ਬਿਆਨ ਕਰਦੇ ਹਨ ਕਿ ਕਿਵੇਂ ਮਨੁੱਖ ਅਮੋੜ ਮਨ ਦੇ ਪਿੱਛੇ ਲੱਗਾ ਹੋਇਆ ਅੰਦਰ ਵਸਦੇ ਹਰੀ ਨੂੰ ਲੱਭ ਨਹੀਂ ਸਕਦਾ, ਪਰ ਗੁਰੂ ਨੂੰ ਮਿਲਣ ਤੇ ਅੰਦਰੋਂ ਹਉਮੈ ਦੂਰ ਹੁੰਦੀ ਤੇ ਨਾਮ ਆ ਪ੍ਰਤੱਖ ਹੁੰਦਾ ਹੈ ।

† ਨਾਮ ਬਿਨਾਂ ਜੀਵਨ ਵਿਅਰਥ ਜਾਂਦਾ ਹੈ, ਪਰ ਸਤ-ਸੰਗਤ ਦੇ ਮਿਲਣ ਨਾਲ ਬੁੱਧੀ ਚਮਕ ਉੱਠਦੀ ਹੈ ਅਤੇ ਉਸ ਵਿੱਚ ਨਾਮ ਆ ਪ੍ਰਕਾਸ਼ਦਾ ਹੈ ।

ਬਸੰਤੁ ਮਹਲਾ ੫ ਘਰੁ ੧ ਦੁਤੁਕੇ ੴ ਸਤਿਗੁਰ ਪ੍ਰਸਾਦਿ ॥

*ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ[1] ॥ ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ[2] ਗੋਬਿੰਦ ॥ ੧ ॥ [3]ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥ ੧ ॥ ਰਹਾਉ ॥ ਆਜੁ ਹਮਾਰੈ ਬਨੇ ਫਾਗ[4] ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ [5]ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥ ੨ ॥ ਮਨੁ ਤਨੁ [6]ਮਉਲਿਓ ਅਤਿ ਅਨੂਪ ॥ ਸੂਕੈ ਨਾਹੀ [7]ਛਾਵ ਧੂਪ ॥ ਸਗਲੀ ਰੂਤੀ ਹਰਿਆ ਹੋਇ ॥ [8]ਸਦ ਬਸੰਤ ਗੁਰ ਮਿਲੇ ਦੇਵ ॥ ੩ ॥ ਬਿਰਖੁ ਜਮਿਓ ਹੈ ਪਾਰਜਾਤ[9] ॥ ਫੂਲ ਲਗੇ ਫਲ ਰਤਨ ਭਾਂਤਿ ॥ [10]ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ੪ ॥ ੧ ॥ ਬਸੰਤੁ ਮਹਲਾ ੫† ॥ [11]ਹਟਵਾਣੀ ਧਨ ਮਾਲ ਹਾਟੁ ਕੀਤੁ ॥ ਜੂਆਰੀ ਜੂਏ ਮਾਹਿ ਚੀਤੁ ॥ ਅਮਲੀ ਜੀਵੈ ਅਮਲੁ ਖਾਇ ॥ ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥ ੧ ॥ ਅਪਨੈ ਰੰਗਿ ਸਭੁ ਕੋ ਰਚੈ ॥ ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥ ੧ ॥ ਰਹਾਉ ॥ ਮੇਘ[12] ਸਮੈ ਮੋਰ ਨਿਰਤਿਕਾਰ[13] ॥ ਚੰਦ ਦੇਖਿ ਬਿਗਸਹਿ ਕਉਲਾਰ[14] ॥ ਮਾਤਾ ਬਾਰਿਕ ਦੇਖਿ ਅਨੰਦ ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥ ੨ ॥ [15]ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ[16] ਦੇਖਿ ਸੂਰੇ ਚਿਤ ਉਲਾਸ[17] ॥ ਕਿਰਪਨ[18] ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਆਧਾਰੁ ॥ ੩ ॥ ਸਰਬ ਰੰਗ ਇਕ ਰੰਗ ਮਾਹਿ ॥ ਸਰਬ ਸੁਖਾ ਸੁਖ ਹਰਿ ਕੈ ਨਾਇ ॥ ਤਿਸਹਿ ਪਰਾਪਤਿ ਇਹੁ ਨਿਧਾਨੁ[19] ॥ ਨਾਨਕ ਗੁਰੁ ਜਿਸੁ ਕਰੇ ਦਾਨੁ ॥ ੪ ॥ ੨ ॥ ਬਸੰਤੁ ਮਹਲਾ ੫‡ ॥ ਤਿਸੁ ਬਸੰਤੁ[20] ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥ ਮੰਗਲੁ[21] ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥ ੧ ॥ ਗ੍ਰਿਹਿ ਤਾ ਕੇ ਬਸੰਤੁ ਗਨੀ[22] ॥ ਜਾ ਕੈ ਕੀਰਤਨੁ ਹਰਿ ਧੁਨੀ ॥ ੧ ॥ ਰਹਾਉ ॥ ਪ੍ਰੀਤਿ ਪਾਰਬ੍ਰਹਮ ਮਉਲਿ[23] ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥ ਸੋ ਤਪਸੀ ਜਿਸੁ ਸਾਧਸੰਗੁ ॥ ਸਦ ਧਿਆਨੀ ਜਿਸੁ ਗੁਰਹਿ ਰੰਗੁ[24] ॥ ੨ ॥ [25]ਸੇ ਨਿਰਭਉ ਜਿਨ੍ ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥ ਸੋ ਇਕਾਂਤੀ[26] ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥ ੩ ॥ ਏਕਾ ਖੋਜੈ ਏਕ ਪ੍ਰੀਤਿ ॥ [27]ਦਰਸਨ ਪਰਸਨ ਹੀਤ ਚੀਤਿ ॥ [28]ਹਰਿ ਰੰਗ ਰੰਗਾ ਸਹਜਿ ਮਾਣੁ ॥ ਨਾਨਕ ਦਾਸ ਤਿਸੁ ਜਨ ਕੁਰਬਾਣੁ ॥ ੪ ॥ ੩ ॥ ਬਸੰਤੁ ਮਹਲਾ ੫ ॥

੧ [ਮੰਗਲਾਚਾਰ=ਉਤਸਵ ਦੀ ਰਸਮ] ਖੁਸ਼ੀ ਦਾ ਮੌਕਾ ।
੨ ਮਿਲੇ ।
੩ ਅੱਜ ਸਾਡੇ ਘਰ ਬਹਾਰ ਲੱਗੀ ਹੈ, ਕਿਉਂਕਿ, ਹੇ ਬਿਅੰਤ ਹਰੀ ! ਅਸਾਂ ਤੇਰੇ ਗੁਣ ਗਾਏ ਹਨ। ('ਬਸੰਤ' ਦੇ ਅੰਤਲੇ ਅੱਖਰ ਨਾਲ ਔਂਕੜ ਨਹੀਂ ਆਇਆ, ਕਿਉਂਕਿ ਕਈ ਵਾਰ ਤੁਕ ਦੇ ਅੰਤਲੇ ਸ਼ਬਦ ਨੂੰ ਲਗ-ਰਹਿਤ ਛੱਡ ਦਿੱਤਾ ਜਾਂਦਾ ਹੈ।)
੪ ਫੱਗਣ, ਫੱਗਣ ਮਹੀਨੇ ਦਾ ਉਤਸਵ, ਹੋਲੀ । ਅੱਜ ਤਾਂ ਸਾਡੇ ਫੱਗਣ ਦੀ ਹੋਲੀ ਬਣੀ ਪਈ ਹੈ ।
੫ ਸੰਤਾਂ ਦੀ ਸੇਵਾ ਕਰਨੀ-ਇਹ ਹੋਲੀ ਬਣਾਈ ਹੈ।
੬ ਖਿੜਿਆ ਹੈ ਬਹੁਤ ਸੋਹਣਾ ਹੋ ਕੇ ।
੭ ਭਾਵ ਦੁੱਖ ਸੁਖ ਵਿੱਚ ਇਕੋ ਜਿਹਾ ਰਹਿੰਦਾ ਹੈ।
੮ ਵਾਹਿਗੁਰੂ ਜੀ ਮਿਲੇ ਹਨ, ਜਿਸ ਕਰ ਕੇ ਸਦਾ ਬਸੰਤ ਬਣੀ ਹੈ ।
੯ ਮਨ ਮੰਗੇ ਫਲ ਦੇਣ ਵਾਲਾ ਰੁੱਖ ।
੧੦ ਖਾ ਪੀ ਕੇ ਰੱਜ ਗਏ ।
੧੧ ਜਿਵੇਂ ਹੱਟੀ ਵਾਲਾ ਧਨ-ਮਾਲ ਦੀ ਹੱਟੀ ਕਰਦਾ ਹੈ ।
੧੨ ਬੱਦਲ ।
੧੩ ਨਾਚ ਕਰਨ ਵਾਲਾ ।
੧੪ ਲਗਾਤਾਰ ਕੰਵਲ, ਕੰਵਲਾਂ ਦਾ ਸਮੂਹ; ਜਿਵੇਂ ਖੇਤਾਰ (ਪੰਨਾ ੪੩, ਫੁਟ ਨੋਟ †), ਰੇਣਾਰ, ਫੁਹਾਰ, ਬੂੰਦਾਰ, ਬਹਕਾਰ ।
੧੫ ਸ਼ੇਰ ਪ੍ਰਸੰਨ ਰਹਿੰਦਾ ਹੈ ।
੧੬ ਜੁਧ ।
੧੭ [ਸੰ. ਉਲਾਸ=ਚਾਅ, ਅਨੰਦ] ਜੋਸ਼ ਮਾਰਦਾ ਹੈ।
੧੮ ਸ਼ੁਮ ।
੧੯ ਸੁਖਾਂ ਦਾ ਭੰਡਾਰ ।
੨੦ ਪੂਰਨ ਖਿੜਾਉ ।
੨੧ ਖੁਸ਼ੀ । ੨੨ ਗਿਣਾਂ ।
੨੩ ਖਿੜ ।
੨੪ ਪ੍ਰੀਤ ।
੨੫ "ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ" (ਮ: ੨, ਵਾਰ ਸੂਹੀ, ਪੰਨਾ ੭੮੮)
੨੬ ਇਕਾਂਤ ਵਿੱਚ ਬੈਠਣ ਵਾਲਾ ।
੨੭ ਦਰਸ਼ਨ ਕਰਨ ਦਾ ਦਿਲ ਵਿੱਚ ਪਿਆਰ ਹੈ ।
੨੮ ਰੰਗਾਂ ਵਿੱਚੋਂ ਹਰੀ ਦਾ ਰੰਗ (ਪ੍ਰੇਮ) ਅਡੋਲ ਹੋ ਕੇ ਮਾਣਦਾ ਹੈ ।

* ਹਰੀ ਦੇ ਪ੍ਰੇਮ ਤੇ ਗੁਰੂ ਦੀ ਸੇਵਾ ਦੀ ਹੋਲੀ ਬਣੀ ਹੈ, ਜਿਸ ਨਾਲ ਮਨ ਬਹੁਤ ਖੁਸ਼ ਹੈ ।

† ਤਰ੍ਹਾਂ-ਤਰ੍ਹਾਂ ਦੀਆਂ ਖੁਸ਼ੀਆਂ ਅਤੇ ਉਨ੍ਹਾਂ ਦੇ ਮਾਣਨ ਵਾਲਿਆਂ ਦਾ ਜ਼ਿਕਰ ਕਰ ਕੇ ਦੱਸਦੇ ਹਨ ਕਿ ਹਰੀ-ਨਾਮ ਜਪਣ ਵਾਲਿਆਂ ਨੂੰ ਜੋ ਨਾਮ ਜਪਣ ਤੋਂ ਖੁਸ਼ੀ ਮਿਲਦੀ ਹੈ, ਉਸ ਜਹੀ ਹੋਰ ਕੋਈ ਖੁਸ਼ੀ ਨਹੀਂ ।

‡ ਅਸਲ ਖੁਸ਼ੀ ਉਸੇ ਨੂੰ ਪ੍ਰਾਪਤ ਹੈ ਜੋ ਹਰੀ ਦੇ ਗੁਣ ਗਾਉਂਦਾ ਹੈ ।

*ਜੀਅ ਪ੍ਰਾਣ ਤੁਮ੍ ਪਿੰਡ[੧] ਦੀਨ੍ ॥ [੨]ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥
ਸਭਿ ਜਾਚਿਕ[੩] ਪ੍ਰਭ ਤੁਮ੍ ਦਇਆਲ ॥ ਨਾਮੁ ਜਪਤ ਹੋਵਤ ਨਿਹਾਲ ॥
੧ ॥ ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥ [੪]ਹਉ ਪਾਵਉ ਤੁਮ ਤੇ ਸਗਲ
ਥੋਕ ॥ ੧ ॥ ਰਹਾਉ ॥ ਨਾਮੁ ਜਪਤ ਹੋਵਤ ਉਧਾਰ ॥ ਨਾਮੁ ਜਪਤ [੫]ਸੁਖ
ਸਹਜ ਸਾਰ ॥ ਨਾਮੁ ਜਪਤ ਪਤਿ ਸੋਭਾ ਹੋਇ ॥ ਨਾਮੁ ਜਪਤ ਬਿਘਨੁ ਨਾਹੀ
ਕੋਇ ॥ ੨ ॥ [੬]ਜਾ ਕਾਰਣਿ ਇਹ ਦੁਲਭ ਦੇਹ ॥ ਸੋ ਬੋਲੁ ਮੇਰੇ ਪ੍ਰਭੂ ਦੇਹਿ ॥
[੭]ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥
੩ ॥ ਤੁਝ ਬਿਨੁ ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥
ਜਿਉ ਭਾਵੈ ਤਿਉ ਰਾਖਿ ਲੇ ॥ ਸੁਖੁ ਨਾਨਕ ਪੂਰਾ ਗੁਰੁ ਮਿਲੇ ॥ ੪ ॥ ੪ ॥
ਬਸੰਤੁ ਮਹਲਾ ੫† ॥ ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥ ਜਿਸਹਿ ਦੇਖਿ ਹਉ
ਜੀਵਾ ਮਾਇ ॥ ਜਾ ਕੈ ਸਿਮਰਨਿ ਦੁਖੁ ਨ ਹੋਇ ॥ ਕਰਿ ਦਇਆ ਮਿਲਾਵਹੁ
ਤਿਸਹਿ ਮੋਹਿ ॥ ੧ ॥ ਮੇਰੇ ਪ੍ਰੀਤਮ [੮]ਪ੍ਰਾਨ ਅਧਾਰ ਮਨ ॥ ਜੀਉ ਪ੍ਰਾਨ ਸਭੁ
ਤੇਰੋ ਧਨ ॥ ੧ ॥ ਰਹਾਉ ॥ ਜਾ ਕਉ ਖੋਜਹਿ [੯]ਸੁਰਿ ਨਰ ਦੇਵ ॥ ਮੁਨਿ
ਜਨ ਸੇਖ[੧੦] ਨ ਲਹਹਿ ਭੇਵ[੧੧] ॥ ਜਾ ਕੀ [੧੨]ਗਤਿ ਮਿਤਿ ਕਹੀ ਨ ਜਾਇ ॥
ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥ ੨ ॥ ਜਾ ਕੇ ਭਗਤ [੧੩]ਆਨੰਦ
ਮੈ ॥ ਜਾ ਕੇ ਭਗਤ ਕਉ ਨਾਹੀ ਖੈ[੧੪] ॥ ਜਾ ਕੇ ਭਗਤ ਕਉ ਨਾਹੀ ਭੈ ॥
ਜਾ ਕੇ ਭਗਤ ਕਉ ਸਦਾ ਜੈ ॥ ੩ ॥ ਕਉਨ ਉਪਮਾ ਤੇਰੀ ਕਹੀ ਜਾਇ ॥
ਸੁਖਦਾਤਾ ਪ੍ਰਭੁ ਰਹਿਓ ਸਮਾਇ ॥ ਨਾਨਕੁ ਜਾਚੈ[੧੫] ਏਕੁ ਦਾਨੁ ॥ ਕਰਿ ਕਿਰਪਾ
ਮੋਹਿ ਦੇਹੁ ਨਾਮੁ ॥ ੪ ॥ ੫ ॥ ਬਸੰਤੁ ਮਹਲਾ ੫‡ ॥ ਮਿਲਿ ਪਾਣੀ ਜਿਉ
ਹਰੇ ਬੂਟ ॥ ਸਾਧਸੰਗਤਿ ਤਿਉ ਹਉਮੈ ਛੂਟ ॥ ਜੈਸੀ [੧੬]ਦਾਸੇ ਧੀਰ ਮੀਰ ॥
[੧੭]ਤੈਸੇ ਉਧਾਰਨ ਗੁਰਹ ਪੀਰ ॥ ੧ ॥ ਤੁਮ ਦਾਤੇ ਪ੍ਰਭ ਦੇਨਹਾਰ ॥ [੧੮]ਨਿਮਖ
ਨਿਮਖ ਤਿਸੁ ਨਮਸਕਾਰ ॥ ੧ ॥ ਰਹਾਉ ॥ ਜਿਸਹਿ ਪਰਾਪਤਿ ਸਾਧਸੰਗੁ ॥
ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ[੧੯] ॥ ਤੇ ਬੰਧਨ ਤੇ [੨੦]ਭਏ ਮੁਕਤਿ ॥
ਭਗਤ [੨੧]ਅਰਾਧਹਿ ਜੋਗ ਜੁਗਤਿ ॥ ੨ ॥ [੨੨]ਨੇਤ੍ਰ ਸੰਤੋਖੇ ਦਰਸੁ ਪੇਖਿ ॥
ਰਸਨਾ[੨੩] ਗਾਏ ਗੁਣ ਅਨੇਕ ॥ ਤ੍ਰਿਸਨਾ ਬੂਝੀ [੨੪]ਗੁਰ ਪ੍ਰਸਾਦਿ ॥ ਮਨੁ
ਆਘਾਨਾ[੨੫] ਹਰਿ ਰਸਹਿ ਸੁਆਦਿ ॥ ੩ ॥ ਸੇਵਕੁ ਲਾਗੋ ਚਰਣ ਸੇਵ ॥ ਆਦਿ
ਪੁਰਖ [੨੬]ਅਪਰੰਪਰ ਦੇਵ ॥ [੨੭]ਸਗਲ ਉਧਾਰਣ ਤੇਰੋ ਨਾਮੁ ॥ ਨਾਨਕ ਪਾਇਓ
[੨੮]ਇਹੁ ਨਿਧਾਨੁ ॥ ੪ ॥ ੬ ॥ ਬਸੰਤੁ ਮਹਲਾ ੫§ ॥ ਤੁਮ ਬਡ ਦਾਤੇ ਦੇ
ਰਹੇ ॥ ਜੀਅ ਪ੍ਰਾਣ ਮਹਿ [੨੯]ਰਵਿ ਰਹੇ ॥ ਦੀਨੇ ਸਗਲੇ ਭੋਜਨ ਖਾਨ ॥ [੩੦]ਮੋਹਿ
ਨਿਰਗੁਨ ਇਕੁ ਗੁਨੁ ਨ ਜਾਨ ॥ ੧ ॥ ਹਉ ਕਛੂ ਨ ਜਾਨਉ ਤੇਰੀ ਸਾਰ ॥ ਤੂ

੧ ਸਰੀਰ ।
੨ [ਜੋਤਿ ਧਾਰਿ ਮੁਗਧ ਸੁੰਦਰ ਕੀਨ] ਮੂਰਖਾਂ ਵਿੱਚ ਤੂੰ ਆਪਣੀ ਜੋਤਿ ਰੱਖ ਕੇ ਉਨ੍ਹਾਂ ਨੂੰ ਸੁੰਦਰ ਬਣਾ ਦਿੱਤਾ ਹੈ । ਦੇਖੋ ਪੰਨਾ ੨੯੨, ਨੋਟ ੨੨ ।
੩ ਮੰਗਤੇ ।
੪ ਮੈਨੂੰ ਮਿਲਦੀਆਂ ਹਨ ਤੈਥੋਂ ਸਾਰੀਆਂ ਚੀਜ਼ਾਂ ।
੫ ਸਹਜ-ਸੁਖ ਦੀ ਸੋਝੀ ਹੁੰਦੀ ਹੈ । ਦੇਖੋ ਪੰਨਾ ੧੧੧੨, ਨੋਟ ੩ ।
੬ ਜਿਸ ਬੋਲ (ਸ਼ਬਦ-ਅਭਿਆਸ) ਲਈ ਇਹ ਦੁਰਲੱਭ ਦੇਹੀ ਮਿਲੀ ਹੈ, ਉਹ ਬੋਲ ਮੈਨੂੰ ਦੇਹ, ਹੇ ਮੇਰੇ ਮਾਲਕ !
੭ ਸਾਧ-ਸੰਗਤ ਵਿੱਚ ਐਸਾ ਟਿਕਾਣਾ ਬਖਸ਼ ਕਿ ਹਮੇਸ਼ਾ ਦਿਲ ਵਿੱਚ ਤੇਰਾ ਹੀ ਨਾਮ ਜਪਦਾ ਰਹਾਂ, ਹੇ ਪ੍ਰਭੂ !
੮ ਹੇ ਪ੍ਰਾਣ ਤੇ ਮਨ ਦੇ ਆਸਰੇ !
੯ ਦੈਵੀ ਗੁਣਾਂ ਵਾਲੇ ਮਨੁੱਖ ਅਤੇ ਦੇਵਤੇ ।
੧੦ [ਸ਼ੇਸ਼] ਸ਼ੇਸ਼ ਨਾਗ ਜਿਸ ਦੇ ਹਜ਼ਾਰ ਸਿਰ ਹਨ ਅਤੇ ਹਰ ਇਕ ਜੀਭ ਨਾਲ ਹਰੀ ਦਾ ਨਾਮ ਲੈਂਦਾ ਹੈ ।
੧੧ ਭੇਦ ।
੧੨ ਉੱਚੀ ਅਵਸਥਾ ਤੇ ਡੂੰਘਿਆਈ ਦਾ ਮਾਪ ।
੧੩ [ਆਨੰਦਮਯ] ਅਨੰਦ ਰੂਪ ਹਨ, ਭਾਵ ਖੁਸ਼ੀ ਦਾ ਰੂਪ ਹਨ, ਸਦਾ ਖੁਸ਼ ਰਹਿੰਦੇ ਹਨ ।
੧੪ ਵਿਨਾਸ਼, ਨੁਕਸਾਨ, ਹਾਨੀ ।
੧੫ ਮੰਗਦਾ ਹੈ ।
੧੬ ਦਾਸ ਨੂੰ ਮਾਲਕ ਦੀ ਧੀਰ (ਹੌਂਸਲਾ) ਹੁੰਦੀ ਹੈ।
੧੭ ਤਿਵੇਂ ਗੁਰੂ-ਪੀਰ (ਆਪਣੇ ਸਿੱਖ) ਨੂੰ ਉਧਾਰਨ ਵਾਲੇ ਹਨ ।
੧੮ [ਅੱਖ ਦੇ ਫੋਰ ਜਿੰਨਾ ਸਮਾਂ] ਘੜੀ-ਘੜੀ ।
੧੯ ਪਿਆਰ ।
੨੦ ਛੁੱਟ ਗਏ ।
੨੧ ਅਸਲ ਜੁੜਨ ਦੀ ਜੁਗਤੀ ਨਾਲ ਅਰਾਧਦੇ ਹਨ।
੨੨ ਅੱਖਾਂ ਰੱਜੀਆਂ ਰਹਿੰਦੀਆਂ ਹਨ ਦਰਸ਼ਨ ਕਰ ਕੇ।
੨੩ ਜੀਭ ।
੨੪ ਗੁਰੂ ਦੀ ਕਿਰਪਾ ਨਾਲ ।
੨੫ ਰੱਜਿਆ ।
੨੬ ਪਰ੍ਹੇ ਤੋਂ ਪਰ੍ਹੇ ਹਰੀ ਦੀ ।
੨੭ ਸਾਰਿਆਂ ਨੂੰ ਤਾਰਨ ਵਾਲਾ ।
੨੮ ਐਸਾ ਭੰਡਾਰ ਸੁਖਾਂ ਦਾ ।
੨੯ ਮਿਲੇ ਹੋਏ, ਵਿਆਪਕ ।
੩੦ ਫੇਰ ਭੀ ਮੈਂ ਨਿਰਗੁਣੀਆਰਾ ਉਸ ਦਾ ਇਕ ਗੁਣ ਨਹੀਂ ਜਾਣਦਾ, ਜ਼ਰਾ ਭੀ ਸ਼ੁਕਰ ਨਹੀਂ ਕਰਦਾ ।

* ਨਾਮ ਜਪਣ ਲਈ ਹੀ ਇਹ ਜੀਵਨ ਮਿਲਿਆ ਹੈ, ਇਸੇ ਤੋਂ ਅਸਲ ਖੁਸ਼ੀ ਤੇ ਹੋਰ ਸੁਖ ਮਿਲਦੇ ਹਨ।

† ਹਰੀ ਜਿਸ ਨੂੰ ਸਭ ਢੂੰਢਦੇ ਆਏ ਹਨ ਮਨੁੱਖ ਦੇ ਹਿਰਦੇ ਵਿੱਚ ਹੀ ਵਸਦਾ ਹੈ । ਉਸ ਦੀ ਸੋਝੀ ਹੋਣ 'ਤੇ ਸਭ ਦੁੱਖ ਦੂਰ ਹੁੰਦੇ ਤੇ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ ।

‡ ਇਸ ਅੰਦਰ-ਵਸਦੇ ਹਰੀ ਦੀ ਸੋਝੀ ਤੇ ਪ੍ਰੇਮ-ਲਗਨ ਸਾਧ-ਸੰਗਤ ਤੋਂ ਪ੍ਰਾਪਤ ਹੁੰਦੀ ਹੈ । ਫੇਰ ਤਾਂ ਕਿਸੇ ਗੱਲ ਦੀ ਕਸਰ ਨਹੀਂ ਰਹਿ ਜਾਂਦੀ ।

§ ਹਰੀ ਤਾਂ ਸਭ ਕੁਝ ਦੇਂਦਾ ਹੈ, ਪਰ ਮਨੁੱਖ ਨਾਸ਼ੁਕਰਾ ਹੈ । ਗੁਰੂ ਜੀ ਹਰੀ ਦੀ ਵਡਿਆਈ ਦੇ ਸਾਮ੍ਹਣੇ ਆਪਣੀ ਤੁਛਤਾ ਦੱਸਦੇ ਹਨ ਅਤੇ ਆਸ ਰੱਖਦੇ ਹਨ ਕਿ ਨਾਮ ਤਾਰ ਲਏਗਾ ।

ਕਰਿ ਗਤਿ ਮੇਰੀ ਪ੍ਰਭ ਦਇਆਰ[੧] ॥ ੧ ॥ ਰਹਾਉ ॥ ਜਾਪ ਨ ਤਾਪ ਨ ਕਰਮ ਕੀਤਿ[੨] ॥ ਆਵੈ ਨਾਹੀ ਕਛੂ ਰੀਤਿ ॥ ਮਨ ਮਹਿ ਰਾਖਉ ਆਸ ਏਕ ॥ [੩]ਨਾਮ ਤੇਰੇ ਕੀ ਤਰਉ ਟੇਕ ॥ ੨ ॥ ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ[੪] ॥ ਅੰਤੁ ਨ ਪਾਵਹਿ ਜਲਹਿ[੫] ਮੀਨ ॥ ਅਗਮ ਅਗਮ ਊਚਹ ਤੇ ਊਚ ॥ ਹਮ ਥੋਰੇ ਤੁਮ ਬਹੁਤ ਮੂਚ[੬] ॥ ੩ ॥ ਜਿਨ ਤੂ ਧਿਆਇਆ ਸੇ ਗਨੀ[੭] ॥ ਜਿਨ ਤੂ ਪਾਇਆ ਸੇ ਧਨੀ ॥ ਜਿਨਿ ਤੂ ਸੇਵਿਆ ਸੁਖੀ ਸੇ ॥ ਸੰਤ ਸਰਣਿ ਨਾਨਕ ਪਰੇ ॥ ੪ ॥ ੭ ॥ ਬਸੰਤੁ ਮਹਲਾ ੫* ॥ ਤਿਸੁ ਤੂ ਸੇਵਿ ਜਿਨਿ ਤੂ ਕੀਆ ॥ ਤਿਸੁ ਅਰਾਧਿ ਜਿਨਿ ਜੀਉ ਦੀਆ ॥ ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ[੮] ਨ ਲਾਗੈ ॥ ਤਿਸ ਕੀ ਕਰਿ ਪੋਤਦਾਰੀ[੯] ਫਿਰਿ ਦੂਖੁ ਨ ਲਾਗੈ ॥ ੧ ॥ ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥ ਸੋ ਪਾਏ ਇਹੁ [੧੦]ਪਦੁ ਨਿਰਬਾਣੀ ॥ ੧ ॥ ਰਹਾਉ ॥ ਦੂਜੀ ਸੇਵਾ ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ[੧੧] ॥ ਮਾਣਸ ਸੇਵਾ ਖਰੀ ਦੁਹੇਲੀ[੧੨] ॥ ਸਾਧ ਕੀ ਸੇਵਾ ਸਦਾ ਸੁਹੇਲੀ[੧੩] ॥ ੨ ॥ ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥ ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ[੧੪] ॥ ੩ ॥ [੧੫]ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥ [੧੬]ਹਰਿ ਕੀਰਤਨ ਮਹਿ ਊਤਮ ਧੁਨਾ ॥ ਨਾਨਕ ਗੁਰ ਮਿਲਿ ਗਾਇ ਗੁਨਾ ॥ ੪ ॥ ੮ ॥ ਬਸੰਤੁ ਮਹਲਾ ੫† ॥ ਜਿਸੁ ਬੋਲਤ ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ ਨਿਰਮਲ ਹੈ ਸੋਇ[੧੭] ॥ ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ ਸਭੁ ਕਿਛੁ ਲਹੈ[੧੮] ॥ ੧ ॥ ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ ॥ ੧ ॥ ਰਹਾਉ ॥ ਜਿਸ ਕੇ ਧਾਰੇ[੧੯] ਧਰਣਿ[੨੦] ਅਕਾਸੁ ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ[੨੧] ॥ ਜਿਸੁ ਸਿਮਰਤ [੨੨]ਪਤਿਤ ਪੁਨੀਤ ਹੋਇ ॥ ਅੰਤ ਕਾਲਿ ਫਿਰਿ ਫਿਰਿ ਨ ਰੋਇ ॥ ੨ ॥ [੨੩]ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥ ਜਿਸ ਕਉ ਚਾਹਹਿ [੨੪]ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥ ੩ ॥ ਆਦਿ ਪੁਰਖਿ ਜਿਸੁ ਕੀਆ ਦਾਨੁ ॥ ਤਿਸ ਕਉ ਮਿਲਿਆ [੨੫]ਹਰਿ ਨਿਧਾਨੁ ॥ ਤਿਸ ਕੀ [੨੬]ਗਤਿ ਮਿਤਿ ਕਹੀ ਨ ਜਾਇ ॥ ਨਾਨਕ ਜਨ ਹਰਿ ਹਰਿ ਧਿਆਇ ॥ ੪ ॥ ੯ ॥ ਬਸੰਤੁ ਮਹਲਾ ੫‡ ॥ ਮਨ ਤਨ ਭੀਤਰਿ ਲਾਗੀ ਪਿਆਸ ॥ [੨੭]ਗੁਰਿ ਦਇਆਲਿ ਪੂਰੀ ਮੇਰੀ ਆਸ ॥ ਕਿਲਵਿਖ[੨੮] ਕਾਟੇ ਸਾਧਸੰਗਿ ॥ ਨਾਮੁ ਜਪਿਓ [੨੯]ਹਰਿ ਨਾਮ ਰੰਗਿ ॥ ੧ ॥ ਗੁਰ ਪਰਸਾਦਿ[੩੦] ਬਸੰਤੁ ਬਨਾ[੩੧] ॥ ਚਰਨ ਕਮਲ ਹਿਰਦੈ [੩੨]ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ ॥ ੧ ॥ ਰਹਾਉ ॥

੧ ਦਿਆਲੂ ।
੨ ਕੀਤਾ ।
੩ ਤੇਰੇ ਨਾਮ ਦੇ ਆਸਰੇ ਤਰ ਜਾਵਾਂਗਾ ।
੪ [ਪ੍ਰਵੀਣ] ਨਿਪੁੰਨ, ਗੁਣ ਵਿੱਚ ਪੂਰਨ । ਹੇ ਪ੍ਰਭੂ ! ਤੂੰ ਸਰਵ-ਕਲਾ-ਪ੍ਰਵੀਨ ਹੈਂ, ਸਾਰੇ ਹੁਨਰਾਂ ਵਿੱਚ ਪੂਰਨ ਹੈਂ ।
੫ ਜਲ ਦਾ । ਮੱਛੀਆਂ ਜਲ ਦਾ ਅੰਤ ਨਹੀਂ ਪਾ ਸਕਦੀਆਂ ।
੬ ਵੱਡੇ ।
੭ [ਅ. ਗਨੀ] ਦੌਲਤਮੰਦ, ਦੌਲਤ ਨਾਲ ਰੱਜੇ ਹੋਏ ।
੮ ਡੰਨ।
੯ [ਪੋਤਹ-ਦਾਰੀ । ਪੋਤਹ (ਫ਼ਾ)=ਖ਼ਜ਼ਾਨਾ] ਖ਼ਜ਼ਾਨਚੀ। ਆਪਣੇ ਆਪ ਨੂੰ ਮਾਲਕ ਨਾ ਸਮਝ ਬਲਕਿ ਖ਼ਜ਼ਾਨਚੀ ਸਮਝ; ਜੋ ਚੀਜ਼ ਉਸ ਤੋਂ ਮਿਲੀ ਹੈ ਉਸ ਨੂੰ ਅਮਾਨਤ ਕਰ ਕੇ ਸਮਝ ।
੧੦ ਦੁੱਖਾਂ ਤੋਂ ਰਹਿਤ ਅਵਸਥਾ ।
੧੧ ਲੋੜ । ਕੋਈ ਕੰਮ ਪੂਰਾ ਨਹੀਂ ਹੁੰਦਾ ।
੧੨ ਦੁਖਦਾਇਕ । (ਹਰੀ ਜਾਂ ਗੁਰੂ ਨੂੰ ਛੱਡ ਕੇ) ਮਨੁੱਖ ਦੀ ਸੇਵਾ ਬਹੁਤ ਦੁਖਦਾਈ ਸਾਬਤ ਹੁੰਦੀ ਹੈ ।
੧੩ ਸੁਖ-ਦਾਇਕ ।
੧੪ [ਪਾਰ-ਗਾਮਿਨ=ਪਾਰ ਜਾਣ ਵਾਲਾ] ਮੁਕਤ ਹੋਈਦਾ ਹੈ ।
੧੫ ਸਾਰਿਆਂ ਗਿਆਨਾਂ ਵਿੱਚੋਂ ਹਰੀ ਦਾ ਗਿਆਨ ਤਤ (ਅਸਲੀ) ਹੈ ।
੧੬ ਸਭ ਤੋਂ ਚੰਗੀ ਧੁਨ ਹਰੀ-ਕੀਰਤਨ ਵਿੱਚ ਹੁੰਦੀ ਹੈ।
੧੭ ਸੋਭਾ ।
੧੮ ਲਭਦਾ ਹੈ ।
੧੯ ਟਿਕਾਏ ਹੋਏ । ੨੦ ਧਰਤੀ ।
੨੧ ਚਾਨਣਾ ।
੨੨ ਡਿੱਗੇ ਹੋਏ (ਪਾਪੀ) ਪਵਿੱਤਰ ਹੋ ਜਾਂਦੇ ਹਨ ।
੨੩ ਸਾਰਿਆਂ ਧਰਮਾਂ ਵਿੱਚੋਂ ਹਰੀ ਵਾਲਾ ਧਰਮ ਚੰਗਾ ਹੈ; ਉਸ ਦੀ ਸੇਵਾ (ਕਰਮ) ਸਾਰੇ ਕਰਮ-ਕਾਂਡ ਤੋਂ ਉੱਚੀ ਹੈ ।
੨੪ ਦੈਵੀ ਗੁਣਾਂ ਵਾਲੇ ਮਨੁੱਖ ਤੇ ਦੇਵਤੇ ।
੨੫ ਹਰੀ-ਨਾਮ ਦਾ ਖ਼ਜ਼ਾਨਾ ।
੨੬ ਉੱਚੀ ਅਵਸਥਾ ਤੇ ਡੂੰਘਿਆਈ ਦੀ ਮਿਣਤੀ ।
੨੭ ਦਿਆਲੂ ਗੁਰੂ ਨੇ ਮੇਰੀ ਮੁਰਾਦ ਪੂਰੀ ਕਰ ਦਿੱਤੀ।
੨੮ ਪਾਪ ।
੨੯ ਹਰੀ-ਨਾਮ ਦੇ ਪਿਆਰ ਨਾਲ ।
੩੦ ਕਿਰਪਾ ਨਾਲ ।
੩੧ ਬਣਿਆ ਹੈ, ਫਬਿਆ ਹੈ ।
੩੨ ਦਿਲ ਵਿੱਚ ਟਿਕਾਏ ।

* ਹਰੀ ਦੀ ਸੇਵਾ ਕਰਨੀ ਚਾਹੀਦੀ ਹੈ, ਕਿਉਂਕਿ ਹੋਰ ਕਿਸੇ ਦੀ ਸੇਵਾ ਵਿਅਰਥ ਜਾਂਦੀ ਹੈ । ਗਿਆਨ, ਧਿਆਨ, ਕੀਰਤਨ ਭੀ ਹਰੀ ਦਾ ਹੀ ਉੱਤਮ ਹੈ ।

† ਸਾਰੇ ਕਰਮਾਂ ਧਰਮਾਂ ਤੋਂ ਉਤੇ ਹਰੀ ਦੀ ਸੇਵਾ ਤੇ ਸਿਮਰਨ ਹੈ ।

‡ ਸਾਧ-ਸੰਗ ਦੁਆਰਾ ਹਰੀ-ਜਸ ਕਰਨ ਨਾਲ ਸਾਰੇ ਦੁੱਖ ਤੇ ਪਾਪ ਦੂਰ ਹੁੰਦੇ ਤੇ ਹਰ ਤਰ੍ਹਾਂ ਦੇ ਸੁਖ ਮਿਲਦੇ ਹਨ ।

ਸਮਰਥ ਸੁਆਮੀ ਕਾਰਣ ਕਰਣ ॥ ਮੋਹਿ ਅਨਾਥ ਪ੍ਰਭ ਤੇਰੀ ਸਰਣ ॥ ਜੀਅ
ਜੰਤ ਤੇਰੇ ਆਧਾਰਿ[੧] ॥ ਕਰਿ ਕਿਰਪਾ ਪ੍ਰਭ [੨]ਲੇਹਿ ਨਿਸਤਾਰਿ ॥ ੨ ॥ [੩]ਭਵ
ਖੰਡਨ ਦੁਖ ਨਾਸ ਦੇਵ ॥ [੪]ਸੁਰਿ ਨਰ ਮੁਨਿ ਜਨ ਤਾ ਕੀ ਸੇਵ ॥ ਧਰਣਿ[੫]
ਅਕਾਸੁ ਜਾ ਕੀ ਕਲਾ[੬] ਮਾਹਿ ॥ ਤੇਰਾ ਦੀਆ ਸਭਿ ਜੰਤ ਖਾਹਿ ॥ ੩ ॥
ਅੰਤਰਜਾਮੀ[੭] ਪ੍ਰਭ ਦਇਆਲ ॥ ਅਪਣੇ ਦਾਸ ਕਉ ਨਦਰਿ ਨਿਹਾਲਿ ॥ ਕਰਿ
ਕਿਰਪਾ ਮੋਹਿ ਦੇਹੁ ਦਾਨੁ ॥ ਜਪਿ ਜੀਵੈ ਨਾਨਕੁ ਤੇਰੋ ਨਾਮੁ ॥ ੪ ॥ ੧੦ ॥
ਬਸੰਤੁ ਮਹਲਾ ੫* ॥ ਰਾਮ ਰੰਗਿ[੮] ਸਭ ਗਏ ਪਾਪ ॥ ਰਾਮ ਜਪਤ ਕਛੁ ਨਹੀ
ਸੰਤਾਪ[੯] ॥ ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥ ਹਰਿ ਸਿਮਰਤ ਕਛੁ ਨਾਹਿ
ਫੇਰ[੧੦] ॥ ੧ ॥ ਬਸੰਤੁ ਹਮਾਰੈ ਰਾਮ ਰੰਗੁ ॥ ਸੰਤ ਜਨਾ ਸਿਉ ਸਦਾ ਸੰਗੁ ॥ ੧ ॥
ਰਹਾਉ ॥ ਸੰਤ ਜਨੀ ਕੀਆ ਉਪਦੇਸੁ ॥ ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥
ਹਰਿ ਭਗਤਿਹੀਨ ਉਦਿਆਨ[੧੧] ਥਾਨੁ ॥ ਗੁਰ ਪ੍ਰਸਾਦਿ[੧੨] ਘਟਿ ਘਟਿ ਪਛਾਨੁ ॥
੨ ॥ [੧੩]ਹਰਿ ਕੀਰਤਨ ਰਸ ਭੋਗ ਰੰਗੁ ॥ ਮਨ ਪਾਪ ਕਰਤ ਤੂ ਸਦਾ ਸੰਗੁ[੧੪] ॥
[੧੫]ਨਿਕਟਿ ਪੇਖੁ ਪ੍ਰਭੁ ਕਰਣਹਾਰ ॥ [੧੬]ਈਤ ਊਤ ਪ੍ਰਭ ਕਾਰਜ ਸਾਰ ॥ ੩ ॥
ਚਰਨ ਕਮਲ ਸਿਉ ਲਗੋ ਧਿਆਨੁ ॥ ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥
ਤੇਰਿਆ ਸੰਤ ਜਨਾ ਕੀ [੧੭]ਬਾਛਉ ਧੂਰਿ ॥ ਜਪਿ ਨਾਨਕ ਸੁਆਮੀ ਸਦ
ਹਜੂਰਿ ॥ ੪ ॥ ੧੧ ॥ ਬਸੰਤੁ ਮਹਲਾ ੫† ॥ ਸਚੁ ਪਰਮੇਸਰੁ ਨਿਤ ਨਵਾ ॥
ਗੁਰ ਕਿਰਪਾ ਤੇ ਨਿਤ ਚਵਾ[੧੮] ॥ ਪ੍ਰਭ ਰਖਵਾਲੇ ਮਾਈ ਬਾਪ ॥ ਜਾ ਕੈ
ਸਿਮਰਣਿ ਨਹੀ ਸੰਤਾਪ[੯] ॥ ੧ ॥ [੧੯]ਖਸਮੁ ਧਿਆਈ ਇਕ ਮਨਿ ਇਕ ਭਾਇ ॥
ਗੁਰ ਪੂਰੇ ਕੀ ਸਦਾ ਸਰਣਾਈ [੨੦]ਸਾਚੈ ਸਾਹਿਬਿ ਰਖਿਆ ਕੰਠਿ[੨੧] ਲਾਇ ॥
੧ ॥ ਰਹਾਉ ॥ ਅਪਣੇ ਜਨ ਪ੍ਰਭਿ ਆਪਿ ਰਖੇ ॥ ਦੁਸਟ ਦੂਤ ਸਭਿ ਭ੍ਰਮਿ
ਥਕੇ ॥ ਬਿਨੁ ਗੁਰ ਸਾਚੇ ਨਹੀ ਜਾਇ[੨੨] ॥ ਦੁਖੁ ਦੇਸ ਦਿਸੰਤਰਿ ਰਹੇ ਧਾਇ ॥
੨ ॥ ਕਿਰਤੁ[੨੩] ਓਨ੍ਾ ਕਾ ਮਿਟਸਿ ਨਾਹਿ ॥ ਓਇ ਅਪਣਾ ਬੀਜਿਆ ਆਪਿ
ਖਾਹਿ ॥ ਜਨ ਕਾ ਰਖਵਾਲਾ ਆਪਿ ਸੋਇ ॥ ਜਨ ਕਉ ਪਹੁਚਿ ਨ ਸਕਸਿ
ਕੋਇ ॥ ੩ ॥ ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥ [੨੪]ਅਖੰਡ ਪੂਰਨ ਜਾ ਕੋ
ਪ੍ਰਤਾਪੁ ॥ ਗੁਣ ਗੋਬਿੰਦ ਨਿਤ ਰਸਨ[੨੫] ਗਾਇ ॥ ਨਾਨਕੁ ਜੀਵੈ ਹਰਿ ਚਰਣ
ਧਿਆਇ ॥ ੪ ॥ ੧੨ ॥ ਬਸੰਤੁ ਮਹਲਾ ੫‡ ॥ ਗੁਰ ਚਰਣ ਸਰੇਵਤ ਦੁਖੁ
ਗਇਆ ॥ ਪਾਰਬ੍ਰਹਮਿ ਪ੍ਰਭਿ ਕਰੀ ਮਇਆ[੨੬] ॥ [੨੭]ਸਰਬ ਮਨੋਰਥ ਪੂਰਨ
ਕਾਮ ॥ ਜਪਿ ਜੀਵੈ ਨਾਨਕੁ ਰਾਮ ਨਾਮ ॥ ੧ ॥ ਸਾ ਰੁਤਿ ਸੁਹਾਵੀ ਜਿਤੁ
ਹਰਿ ਚਿਤਿ ਆਵੈ ॥ ਬਿਨੁ ਸਤਿਗੁਰ ਦੀਸੈ ਬਿਲਲਾਂਤੀ[੨੮] ਸਾਕਤੁ[੨੯] ਫਿਰਿ

੧ ਆਸਰੇ ।

੨ ਤਾਰ ਲੈ ।

੩ ਸੰਸਾਰ ਦੇ ਬੰਧਨ ਤੋੜਨ ਵਾਲੇ ।

੪ ਦੈਵੀ ਗੁਣਾਂ ਵਾਲੇ ਮਨੁੱਖ ।

੫ ਧਰਤੀ ।

੬ ਸ਼ਕਤੀ ।

੭ ਅੰਦਰ ਦੀਆਂ ਜਾਣਨ ਵਾਲਾ ।

੮ ਪ੍ਰੇਮ ਦੁਆਰਾ ।

੯ ਅੰਦਰ ਦਾ ਦੁੱਖ ।

੧੦ ਫੇਰਾ, ਆਵਣ ਜਾਣ ।

੧੧ ਉਜਾੜ । ਹਰੀ ਦੀ ਭਗਤੀ ਤੋਂ ਖਾਲੀ ਰਹਿਣ ਵਾਲੇ ਨੂੰ ਉਜਾੜ ਵਿੱਚ ਥਾਂ ਮਿਲਦੀ ਹੈ ।

੧੨ ਕਿਰਪਾ ਨਾਲ ।

੧੩ ਹਰੀ-ਕੀਰਤਨ ਦਾ ਰਸ ਮਾਣਨਾ-ਇਹ ਤੇਰੇ ਲਈ ਰੰਗੁ (ਮੌਜਾਂ ਮਾਣਨਾ) ਹੋਵੇ ।

੧੪ ਝਿਜਕ ।

੧੫ ਨੇੜੇ ਦੇਖ ।

੧੬ ਏਥੇ ਓਥੇ ਹਰੀ ਹੀ ਕਾਰਜ ਸਵਾਰਨ ਵਾਲਾ ਹੈ।

੧੭ ਮੰਗਦਾ ਹਾਂ ਚਰਨ-ਧੂੜੀ ।

੧੮ [ਉਚਰਾਂ] ਸਿਮਰਾਂ ।

੧੯ ਮਾਲਕ ਨੂੰ ਧਿਆਵਾਂ ਇਕਾਗਰ ਹੋ ਕੇ ਇਕ-ਸਾਰ ਲਿਵ ਨਾਲ ।

੨੦ ਸੱਚੇ ਸਾਹਿਬ ਨੇ । ਦੇਖੋ ਨੇਮ ੨੦ (ੳ) । ਇਸ ਤਰ੍ਹਾਂ ਦੇ ਕਰਤਾ ਨਾਲ ਜੋ ਵਿਸ਼ੇਸ਼ਣ ਆਉਂਦਾ ਹੈ, ਉਸ ਦੀ ਲਾਂ ਦੁਲਾਂ ਬਣ ਜਾਂਦੀ ਹੈ । ਜਿਵੇਂ 'ਪੂਰੈ ਗੁਰਿ', 'ਸਾਚੈ ਸਾਹਿਬ' ਆਦਿ।

੨੧ ਗਲ ਨਾਲ ।

੨੨ ਥਾਂ । ਸੱਚੇ ਗੁਰੂ ਬਿਨਾਂ ਕਿਸੇ ਥਾਂ ਢੋਈ ਨਾ ਮਿਲੀ; ਦੇਸ਼ ਪ੍ਰਦੇਸ ਵਿੱਚ ਭੱਜਦੇ ਫਿਰੇ ਉਥੇ ਦੁੱਖ ਹੀ ਮਿਲਿਆ ।

੨੩ ਮਾੜੇ ਕਰਮਾਂ ਦੀ ਕਮਾਈ ਦਾ ਫਲ ।

੨੪ ਜਿਸ ਦੀ ਵਡਿਆਈ ਜਾਂ ਬੱਲ ਨਾਲ ਅਤੁੱਟ ਅਤੇ ਹਰ ਤਰ੍ਹਾਂ ਨਾਲ ਪੂਰਾ ਹੈ ।

੨੫ ਜੀਭ ਨਾਲ । ੨੬ ਕਿਰਪਾ ।

੨੭ ਸਾਰੀਆਂ ਮੁਰਾਦਾਂ ਤੇ ਕਾਰਜ ਪੂਰੇ ਹੋ ਗਏ ।

੨੮ ਰੋਂਦੀ । (ਲੁਕਾਈ) ਸਤਿਗੁਰੂ ਤੋਂ ਬਿਨਾਂ ਰੋਂਦੀ ਹੈ।

੨੯ [ਸ਼ਕਤੀ ਦਾ ਉਪਾਸ਼ਕ] ਮਾਇਆ ਵਿੱਚ ਦਿਲ ਲਾਉਣ ਵਾਲਾ ।

* ਹਰੀ ਦੇ ਪ੍ਰੇਮ ਦੁਆਰਾ ਦੁੱਖ ਤੇ ਪਾਪ ਦੂਰ ਹੁੰਦੇ ਹਨ ਅਤੇ ਸਾਰੇ ਕਾਰਜ ਰਾਸ ਹੁੰਦੇ ਹਨ ।

† ਗੁਰੂ ਦੇ ਰਾਹੀਂ ਲੱਭਾ ਹਰੀ ਸਭ ਦੁੱਖਾਂ ਤੋਂ ਬਚਾਅ ਰੱਖਦਾ ਹੈ ।

‡ ਹਰੀ ਦੀ ਪ੍ਰਾਪਤੀ ਗੁਰੂ ਦੀ ਸੰਗਤ ਰਾਹੀਂ ਹੁੰਦੀ ਹੈ । ਇਸ ਪ੍ਰਾਪਤੀ ਵਿੱਚ ਸਾਰੇ ਸੁਖ ਆ ਜਾਂਦੇ ਹਨ ।

ਫਿਰਿ ਆਵੈ ਜਾਵੈ ॥ ੧ ॥ ਰਹਾਉ ॥ ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ[੧] ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥ ਭੈ ਬਿਨਸੇ ਨਿਰਭੈ ਪਦੁ ਪਾਇਆ ॥ ਗੁਰ ਮਿਲਿ [੨]ਨਾਨਕਿ ਖਸਮੁ ਧਿਆਇਆ ॥ ੨ ॥ ਸਾਧਸੰਗਤਿ [੩]ਪ੍ਰਭਿ ਕੀਓ ਨਿਵਾਸ ॥ ਹਰਿ ਜਪਿ ਜਪਿ ਹੋਈ ਪੂਰਨ ਆਸ ॥ [੪]ਜਲਿ ਥਲਿ ਮਹੀਅਲਿ ਰਵਿ ਰਹਿਆ ॥ ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥ ੩ ॥ ਅਸਟ ਸਿਧਿ* ਨਵ ਨਿਧਿ ਏਹ ॥ [੫]ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥ ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ ਗੁਰ ਮਿਲਿ ਨਾਨਕ [੬]ਕਮਲ ਪ੍ਰਗਾਸ ॥ ੪ ॥ ੧੩ ॥

ਬਸੰਤੁ ਮਹਲਾ ੫ ਘਰੁ ੧ ਇਕ ਤੁਕੇ ੴ ਸਤਿਗੁਰ ਪ੍ਰਸਾਦਿ ॥

†[੭]ਸਗਲ ਇਛਾ ਜਪਿ ਪੁੰਨੀਆ ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥ ੧ ॥ ਤੁਮ ਰਵਹੁ[੮] ਗੋਬਿੰਦੈ ਰਵਣ ਜੋਗੁ ॥ ਜਿਤੁ ਰਵਿਐ ਸੁਖ ਸਹਜ ਭੋਗੁ ॥ ੧ ॥ ਰਹਾਉ ॥ ਕਰਿ ਕਿਰਪਾ ਨਦਰਿ ਨਿਹਾਲਿਆ ॥ ਅਪਣਾ ਦਾਸੁ ਆਪਿ ਸਮ੍ਹਾਲਿਆ ॥ ੨ ॥ [੯]ਸੇਜ ਸੁਹਾਵੀ ਰਸਿ ਬਨੀ ॥ ਆਇ ਮਿਲੇ ਪ੍ਰਭ [੧੦]ਸੁਖ ਧਨੀ ॥ ੩ ॥ ਮੇਰਾ ਗੁਣੁ ਅਵਗਣੁ ਨ ਬੀਚਾਰਿਆ ॥ ਪ੍ਰਭ ਨਾਨਕ ਚਰਣ ਪੂਜਾਰਿਆ[੧੧] ॥ ੪ ॥ ੧ ॥ ੧੪ ॥ ਬਸੰਤੁ ਮਹਲਾ ੫ ॥ ਕਿਲਬਿਖ[੧੨] ਬਿਨਸੇ ਗਾਇ ਗੁਨਾ ॥ [੧੩]ਅਨਦਿਨੁ ਉਪਜੀ ਸਹਜ ਧੁਨਾ ॥ ੧ ॥ ਮਨੁ ਮਉਲਿਓ[੧੪] ਹਰਿ ਚਰਨ ਸੰਗਿ ॥ ਕਰਿ ਕਿਰਪਾ ਸਾਧੂ ਜਨ ਭੇਟੇ[੧੫] ਨਿਤ ਰਾਤੌ ਹਰਿ ਨਾਮ ਰੰਗਿ ॥ ੧ ॥ ਰਹਾਉ ॥ ਕਰਿ ਕਿਰਪਾ ਪ੍ਰਗਟੇ ਗੋੁਪਾਲ ॥ ਲੜਿ ਲਾਇ ਉਧਾਰੇ ਦੀਨ ਦਇਆਲ ॥ ੨ ॥ ਇਹੁ ਮਨੁ ਹੋਆ ਸਾਧ ਧੂਰਿ ॥ ਨਿਤ ਦੇਖੈ ਸੁਆਮੀ ਹਜੂਰਿ ॥ ੩ ॥ ਕਾਮ ਕ੍ਰੋਧ ਤ੍ਰਿਸਨਾ ਗਈ ॥ ਨਾਨਕ ਪ੍ਰਭ ਕਿਰਪਾ ਭਈ ॥ ੪ ॥ ੨ ॥ ੧੫ ॥ ਬਸੰਤੁ ਮਹਲਾ ੫‡ ॥ ਰੋਗ ਮਿਟਾਏ ਪ੍ਰਭੂ ਆਪਿ ॥ ਬਾਲਕ ਰਾਖੇ ਅਪਨੇ [੧੬]ਕਰ ਥਾਪਿ ॥ ੧ ॥ [੧੭]ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥ ਗੁਰ ਪੂਰੇ ਕੀ ਸਰਣੀ ਆਏ [੧੮]ਕਲਿਆਣ ਰੂਪ ਜਪਿ ਹਰਿ ਹਰਿ ਮੰਤੁ[੧੯] ॥ ੧ ॥ ਰਹਾਉ ॥ ਸੋਗ ਸੰਤਾਪ ਕਟੇ ਪ੍ਰਭਿ ਆਪਿ ॥ ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥ ੨ ॥ ਜੋ ਜਨੁ ਤੇਰਾ ਜਪੇ ਨਾਉ ॥ ਸਭਿ ਫਲ ਪਾਏ ਨਿਹਚਲ ਗੁਣ ਗਾਉ ॥ ੩ ॥ ਨਾਨਕ ਭਗਤਾ ਭਲੀ ਰੀਤਿ ॥ ਸੁਖਦਾਤਾ ਜਪਦੇ ਨੀਤ ਨੀਤਿ ॥ ੪ ॥ ੩ ॥ ੧੬ ॥ ਬਸੰਤੁ ਮਹਲਾ ੫ ॥ ਹੁਕਮੁ ਕਰਿ ਕੀਨੇ੍ ਨਿਹਾਲ ॥ ਅਪਨੇ ਸੇਵਕ ਕਉ ਭਇਆ ਦਇਆਲੁ ॥ ੧ ॥ ਗੁਰਿ ਪੂਰੈ ਸਭੁ ਪੂਰਾ ਕੀਆ ॥ ਅੰਮ੍ਰਿਤ ਨਾਮੁ

੧ ਪੂੰਜੀ ।

੨ ਨਾਨਕ ਨੇ ਆਪਣਾ ਮਾਲਕ ਚਿਤਾਰਿਆ । ਦੇਖੋ ਨੇਮ ੨੦ (ੳ) ।

੩ ਪ੍ਰਭੂ ਨੇ ਮੇਰਾ ਨਿਵਾਸ ਸਤਸੰਗ ਵਿੱਚ ਕੀਤਾ ਹੈ, ਜਿਥੇ ਹਰੀ ਨੂੰ ਜਪ-ਜਪ ਕੇ ਆਪਣੀ ਮੁਰਾਦ ਪੂਰੀ ਕੀਤੀ ਹੈ ।

੪ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰਲੀ ਥਾਂ ਵਿੱਚ ਪੂਰਨ ਹੈ।

੫ ਬਖ਼ਸ਼ਿਸ਼ ਦਵਾਰਾ ਹੋਈ ਪ੍ਰਾਪਤੀ ਨਾਲ ਜਿਸ ਨੂੰ ਨਾਮ ਦਿੰਦਾ ਹੈ, ਉਸ ਲਈ ਏਹੋ ਅੱਠ ਸਿੱਧੀਆਂ ਅਤੇ ਨੌਂ ਨਿਧੀਆਂ ਹਨ । ਦੇਖੋ ਪੰਨਾ ੧੧੨੯, ਫੁਟ ਨੋਟ * ।

੬ ਹਿਰਦਾ-ਰੂਪ ਕੰਵਲ ਖਿੜ ਪੈਂਦਾ ਹੈ ।

੭ ਹਰੀ ਨੂੰ ਜਪ ਕੇ ਸਾਰੀਆਂ ਮੁਰਾਦਾਂ ਪੂਰੀਆਂ ਹੋ ਗਈਆਂ, ਪ੍ਰਭੂ ਨੇ ਚਿਰਾਂ ਤੋਂ ਵਿਛੜੇ ਆਪਣੇ ਨਾਲ ਮੇਲ ਲਏ ।

੮ ਸਿਮਰੋ । ਤੁਸੀਂ ਗੋਬਿੰਦ ਨੂੰ ਸਿਮਰੋ ਜੋ ਸਿਮਰਨ ਯੋਗ ਹੈ ਅਤੇ ਜਿਸ ਦੇ ਸਿਮਰਨ ਨਾਲ ਪੂਰਨ ਸੁਖ ਭੋਗੀਦਾ ਹੈ । ਦੇਖੋ ਪੰਨਾ ੧੧੧੨, ਨੋਟ ੩ ।

੯ ਦਿਲ ਰੂਪ ਸੇਜਾ ਸੋਹਣੀ ਬਣ ਗਈ ਹੈ, ਕਿਉਂਕਿ ਇਸ ਉੱਤੇ ਸੁਖਾਂ ਦੇ ਮਾਲਕ ਹਰੀ ਜੀ ਆ ਕੇ ਮਿਲੇ ਹਨ ।

੧੦ ਸੁਖਾਂ ਦੇ ਮਾਲਕ ।

੧੧ ਪੂਜੇ ।

੧੨ ਪਾਪ ।

੧੩ ਹਰ ਰੋਜ਼ ਪੂਰਨ ਅਨੰਦ ਦੀ ਧੁਨੀ ਉਠਦੀ ਹੈ। ਮਨ ਦੇ ਪੂਰੇ ਟਿਕਾਉ ਕਰ ਕੇ ਜਦ ਅਨੰਦ ਦੀ ਸ਼ਕਲ ਸੰਗੀਤਕ ਹੋ ਜਾਏ, ਉਸ ਹਾਲਤ ਨੂੰ ਸਹਜ ਧੁਨੀ ਦਾ ਉਠਣਾ ਕਹਿੰਦੇ ਹਨ ।

੧੪ ਖਿੜਿਆ ।

੧੫ ਮਿਲੇ ।

੧੬ ਹੱਥਾਂ ਦੀ ਥਾਪਨਾ ਦੇ ਕੇ ।

੧੭ ਦੇਖੋ ਪੰਨਾ ੧੧੧੨, ਨੋਟ ੩ ।

੧੮ ਸੁਖ-ਸਾਂਦ ਦਾ ਪੁੰਜ ।

੧੯ ਉਪਦੇਸ਼ ।

* ਅੱਠ ਵੱਡੀਆਂ-ਵੱਡੀਆਂ ਕਰਾਮਾਤੀ ਸ਼ਕਤੀਆਂ ਅਣਿਮਾ (ਦੂਜੇ ਦਾ ਰੂਪ ਹੋ ਜਾਣਾ), ਮਹਿਮਾ (ਦੇਹ ਨੂੰ ਵੱਡਾ ਕਰ ਲੈਣਾ), ਲਘਿਮਾ (ਦੇਹ ਨੂੰ ਛੋਟਾ ਕਰ ਲੈਣਾ), ਗਰਿਮਾ (ਭਾਰੀ ਹੋ ਜਾਣਾ), ਪ੍ਰਾਪਤੀ (ਮਨਿੱਛਤ ਭੋਗਾਂ ਦੀ ਪ੍ਰਾਪਤੀ), ਪ੍ਰਕਾਮਜ (ਹੋਰਨਾਂ ਦੇ ਮਨ ਦੀ ਜਾਣ ਲੈਣੀ), ਈਸ਼ਤਾ (ਇੱਛਾ-ਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਕਾਬੂ ਕਰ ਲੈਣਾ) ।

† ਇਨ੍ਹਾਂ ਚਹੁਆਂ ਸ਼ਬਦਾਂ ਵਿੱਚ ਹਰੀ ਦੇ ਮਿਲਣ ਦੀ ਖੁਸ਼ੀ ਤੇ ਮਿਹਰ ਦਾ ਜ਼ਿਕਰ ਹੈ ।

‡ ਇਸ ਸ਼ਬਦ ਵਿੱਚ ਹਰੀ ਦੀ ਮਿਹਰ ਦਾ ਇਕ ਨਮੂਨਾ ਆਪ-ਬੀਤੀ ਵਿਚੋਂ ਲੈ ਕੇ ਦੱਸਦੇ ਹਨ ਕਿ ਬਾਲਕ ਹਰਿਗੋਬਿੰਦ ਜੀ ਨੂੰ ਬੀਮਾਰੀ ਤੋਂ ਬਚਾਅ ਲਿਆ । ਇਸੇ ਭਾਵ ਦੇ ਹੋਰ ਕਈ ਸ਼ਬਦ ਹਨ ਦੇਖੋ ਪੰਨਾ ੬੨੬, ੬੨੭, ਆਦਿ ।

ਰਿਦ ਮਹਿ ਦੀਆ ॥ ੧ ॥ ਰਹਾਉ ॥ ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥ ਬਾਹ ਪਕਰਿ [੧]ਭਵਜਲੁ ਨਿਸਤਾਰਿਓ ॥ ੨ ॥ ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥ ਗੁਰ ਪੂਰੇ ਕੀ ਸਰਣੀ ਪਰੇ ॥ ੩ ॥ ਆਪਿ ਕਰਹਿ ਆਪਿ ਕਰਣੈਹਾਰੇ ॥ ਕਰਿ ਕਿਰਪਾ ਨਾਨਕ ਉਧਾਰੇ ॥ ੪ ॥ ੪ ॥ ੧੭ ॥

ਬਸੰਤੁ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

*[੨]ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥ ਚਰਨ ਕਮਲ ਪਾਗੇ[੩] ॥ ਤੁਮ ਮਿਲਹੁ ਪ੍ਰਭ ਸਭਾਗੇ ॥ ਹਰਿ ਚੇਤਿ ਮਨ ਮੇਰੇ ॥ ਰਹਾਉ ॥ ਸਘਨ ਬਾਸੁ ਕੂਲੇ[੪] ॥ ਇਕਿ ਰਹੇ ਸੂਕਿ ਕਠੂਲੇ[੫] ॥ [੬]ਬਸੰਤ ਰੁਤਿ ਆਈ ॥ [੭]ਪਰਫੂਲਤਾ ਰਹੇ ॥ ੧ ॥ ਅਬ ਕਲੂ[੮] ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ ਗੁਰ ਮਿਲੇ ਹਰਿ ਪਾਏ ॥ [੯]ਜਿਸੁ ਮਸਤਕਿ ਹੈ ਲੇਖਾ ॥ ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥ ੨ ॥ ੧੮ ॥

ਬਸੰਤੁ ਮਹਲਾ ੫ ਘਰੁ ੨ ਹਿੰਡੋਲ ੴ ਸਤਿਗੁਰ ਪ੍ਰਸਾਦਿ ॥

†ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ[੧੦] ਗੁਰਮੁਖਿ ਬੈਸਹੁ ਸਫਾ[੧੧] ਵਿਛਾਇ ॥ ੧ ॥ [੧੨]ਇਨ੍ ਬਿਧਿ ਪਾਸਾ ਢਾਲਹੁ ਬੀਰ ॥ ਗੁਰਮੁਖਿ[੧੩] ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ[੧੪] ॥ ੧ ॥ ਰਹਾਉ ॥ ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ[੧੫] ਕਰਹੁ ਤੁਮ੍ ਸਾਰੀ[੧੬] ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥ ੨ ॥ ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ [੧੭]ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ [੧੮]ਸੁਖ ਸਹਜ ਸੇਤੀ ਘਰਿ ਜਾਤੇ ॥ ੩ ॥ ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥ ਜਨ ਨਾਨਕ ਗੁਰਮੁਖਿ[੧੩] ਜੋ ਨਰੁ ਖੇਲੈ ਸੋ ਜਿਣਿ[੧੯] ਬਾਜੀ ਘਰਿ ਆਇਆ ॥ ੪ ॥ ੧ ॥ ੧੯ ॥ ਬਸੰਤੁ ਮਹਲਾ ੫ ਹਿੰਡੋਲ‡ ॥ ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥ ੧ ॥ ਤੇਰਿਆ ਭਗਤਾ ਕਉ ਬਲਿਹਾਰਾ ॥ ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥ ੧ ॥ ਰਹਾਉ ॥ [੨੦]ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥ ਭਗਤੁ ਤੇਰਾ ਸੋਈ ਤੁਧੁ ਭਾਵੈ

੧ ਸੰਸਾਰ-ਸਾਗਰ ਲੰਘਾ ਦਿੱਤਾ ।
੨ ਹਉਮੈ ਤਿਆਗ ਕੇ ਅੰਦਰ ਦੇਖ, ਖਿੜਾਉ ਹੀ ਖਿੜਾਉ ਹੈ ।
੩ ਲਪੇਟਿਆ (ਚਰਨ ਕਮਲਾਂ ਨਾਲ) ।
੪ ਕੋਮਲ । ਕੋਮਲ ਬ੍ਰਿਛਾਂ ਵਿੱਚ ਸੰਘਣੀ ਵਾਸ਼ਨਾ ਹੈ।
੫ ਕਾਠ (ਲੱਕੜ) ਵਰਗੇ ਕਰੜੇ ।
੬ ਨਾਮ ਬੀਜ ਕੇ ਖਿੜਾਉ ਪ੍ਰਾਪਤ ਕਰਨ ਦੀ ਰੁਤਿ।
੭ ਪ੍ਰਫੁੱਲਤ ਰਹਿੰਦਾ ਹੈ; ਆਤਮਾ ਰੂਪ ਬਨ ਫੁਲਦਾ ਰਹਿੰਦਾ ਹੈ ।
੮ ਕਲਜੁਗ । ਦੇਖੋ ਪੰਨਾ ੪੪੬, ਨੋਟ ੪ ।
੯ ਜਿਸ ਦੇ ਮੱਥੇ ਉੱਤੇ ਹਰੀ ਵੱਲੋਂ ਹੁਕਮ ਦਾ ਲੇਖ ਪਿਆ ਹੈ ।
੧੦ ਰਲ ਕੇ ਬਹਿਣ ਵਾਲੇ; ਦੋ ਆਮ੍ਹੋ ਸਾਹਮਣੇ ਬਹਿ ਕੇ ਖੇਡਣ ਵਾਲੇ । ਹਰੀ-ਨਾਮ ਦੀ ਖੇਡ ਰਲ ਕੇ ਖੇਡਣ ਵਾਲੇ ਜੋੜੀਵਾਲ ਬਣੋ ਅਤੇ ਗੁਰੂ ਦੁਆਰਾ ਸੰਸਾਰ ਦੀ ਵਰਤੋਂ-ਵਿਹਾਰ ਦੀ ਬਸਾਤ ਬਣਾ ਕੇ ਬੈਠੋ ।
੧੧ ਬਸਾਤ, ਚੌਪੜ ਖੇਡਣ ਦਾ ਕੱਪੜਾ ।
੧੨ ਇਸ ਤਰ੍ਹਾਂ ਨਾਲ ਸੰਸਾਰ ਰੂਪ ਚੌਪੜ ਬਾਜ਼ੀ ਖੇਡੋ, ਹੇ ਬੀਰੋ !
੧੩ ਗੁਰੂ ਦੁਆਰਾ ।
੧੪ ਪੀੜ, ਦੁੱਖ ।
੧੫ ਦਇਆ, ਦਾਨ ਆਦਿ ।
੧੬ ਨਰਦਾਂ ।
੧੭ ਜਿਵੇਂ ਖੇਡ ਵਿੱਚ ਦਾਉ ਪੇਚ ਹੁੰਦੇ ਹਨ, ਤਿਵੇਂ ਸੰਸਾਰ ਵਿੱਚ ਵੀ ਕਈ ਔਖੇ ਦਾਉ ਪੇਚਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ ।
੧੮ ਦੇਖੋ ਪੰਨਾ ੧੧੧੨, ਨੋਟ ੩ ।
੧੯ ਜਿੱਤ ਕੇ ।
੨੦ ਤੇਰੀ ਸੇਵਾ ਤੈਥੋਂ ਭਾਵ ਤੇਰੀ ਕਿਰਪਾ ਨਾਲ ਹੀ ਹੋ ਸਕਦੀ ਹੈ । ਇਸ ਸੇਵਾ ਦਾ ਕਰਤਾ ਇਸ ਲਈ ਤੂੰ ਹੀ ਹੈਂ, ਭਾਵ ਮਨੁੱਖ ਦਾ ਆਪਣਾ ਜਤਨ ਤੇਰੀ ਕਿਰਪਾ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦਾ ।

* ਇਹ ਸਮਾਂ ਨਾਮ ਬੀਜਣ ਦਾ ਹੈ । ਕਈ ਭਾਗਾਂ ਵਾਲੇ ਹਉਮੈ ਨੂੰ ਤਿਆਗ ਕੇ ਆਪਣੇ ਅੰਦਰ ਨਾਮ ਪ੍ਰਫੁਲਤ ਕਰਦੇ ਹਨ ਅਤੇ ਕਈ ਭਰਮ ਵਿੱਚ ਭੁੱਲੇ ਹੋਏ ਸੁੱਕੇ ਕਠੋਰ ਹੀ ਰਹਿੰਦੇ ਹਨ ।

† ਸੰਸਾਰ ਨੂੰ ਚੌਪੜ ਦੀ ਖੇਡ ਨਾਲ ਤਸ਼ਬੀਹ ਦੇ ਕੇ ਸਮਝਾਉਂਦੇ ਹਨ ਕਿ ਇਹ ਖੇਡ ਤਾਂ ਔਖੀ ਹੈ, ਪਰ ਜੇ ਗੁਰੂ-ਦੁਆਰਾ ਸਤ-ਸੰਗਤ ਬਣਾ ਲਈਏ ਤਾਂ ਜ਼ਿੰਦਗੀ ਦੇ ਦਾਉ ਪੇਚਾਂ ਵਿਚੋਂ ਲੰਘ ਕੇ ਬਾਜ਼ੀ ਜਿੱਤ ਸਕਦੇ ਹਾਂ ।

‡ ਜਿਸ ਉੱਤੇ ਹਰੀ ਆਪ ਮਿਹਰ ਕਰੇ, ਓਹੀ ਭਗਤੀ ਵਿੱਚ ਲੱਗਦਾ ਹੈ ।

ਜਿਸ ਨੋ ਤੂ [੧]ਰੰਗੁ ਧਰਤਾ ॥ ੨ ॥ ਤੂ ਵਡ ਦਾਤਾ ਤੂ ਵਡ ਦਾਨਾ[੨] ਅਉਰੁ ਨਹੀ ਕੋ ਦੂਜਾ ॥ ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥ ੩ ॥ [੩]ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ[੪] ਤੇਰਾ ਹੈ ਭਾਣਾ ॥ ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ [੫]ਮੁਗਧ ਅਜਾਣਾ ॥ ੪ ॥ ੨ ॥ ੨੦ ॥ ਬਸੰਤੁ ਹਿੰਡੋਲ ਮਹਲਾ ੫* ॥ ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ[੬] ॥ ੧ ॥ ਪਿਤਾ ਪਾਰਬ੍ਰਹਮ ਪ੍ਰਭ ਧਨੀ[੭] ॥ ਮੋਹਿ ਨਿਸਤਾਰਹੁ ਨਿਰਗੁਨੀ ॥ ੧ ॥ ਰਹਾਉ ॥ [੮]ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥ ੨ ॥ ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ[੯] ॥ ੩ ॥ ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ ॥ ੪ ॥ ੩ ॥ ੨੧ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਬਸੰਤੁ ਹਿੰਡੋਲ ਮਹਲਾ ੯ ॥

†ਸਾਧੋ ਇਹੁ ਤਨੁ ਮਿਥਿਆ ਜਾਨਉ ॥ [੧੦]ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥ ੧ ॥ ਰਹਾਉ ॥ ਇਹੁ ਜਗੁ ਹੈ ਸੰਪਤਿ[੧੧] ਸੁਪਨੇ ਕੀ ਦੇਖਿ ਕਹਾ ਐਡਾਨੋ[੧੨] ॥ ਸੰਗਿ ਤਿਹਾਰੈ[੧੩] ਕਛੂ ਨ ਚਾਲੈ [੧੪]ਤਾਹਿ ਕਹਾ ਲਪਟਾਨੋ ॥ ੧ ॥ ਉਸਤਤਿ ਨਿੰਦਾ ਦੋਊ ਪਰਹਰਿ[੧੫] ਹਰਿ ਕੀਰਤਿ [੧੬]ਉਰਿ ਆਨੋ ॥ ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥ ੨ ॥ ੧ ॥ ਬਸੰਤੁ ਮਹਲਾ ੯‡ ॥ ਪਾਪੀ [੧੭]ਹੀਐ ਮੈ ਕਾਮੁ ਬਸਾਇ ॥ ਮਨੁ ਚੰਚਲੁ [੧੮]ਯਾ ਤੇ ਗਹਿਓ ਨ ਜਾਇ ॥ ੧ ॥ ਰਹਾਉ ॥ ਜੋਗੀ ਜੰਗਮ[੧੯] ਅਰੁ ਸੰਨਿਆਸ ॥ ਸਭ ਹੀ ਪਰਿ [੨੦]ਡਾਰੀ ਇਹ ਫਾਸ ॥ ੧ ॥ ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ ॥ ਤੇ ਭਵ ਸਾਗਰ ਉਤਰੇ ਪਾਰਿ ॥ ੨ ॥ ਜਨ ਨਾਨਕ ਹਰਿ ਕੀ ਸਰਨਾਇ ॥ ਦੀਜੈ ਨਾਮੁ ਰਹੈ ਗੁਨ ਗਾਇ ॥ ੩ ॥ ੨ ॥ ਬਸੰਤੁ ਮਹਲਾ ੯§ ॥ ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ [੨੧]ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ[੨੨] ॥ ੧ ॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ ਲੋਭ ਮੋਹ ਏਹ [੨੩]ਪਰਸਿ ਨ ਸਾਕੈ ਗਹੀ[੨੪] ਭਗਤਿ ਭਗਵਾਨ ॥ ੧ ॥ ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ[੨੫] ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥ ੨ ॥ ਜਾ ਕਉ ਹੋਤ ਦਇਆਲੁ [੨੬]ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ[੨੭] ਕੋਊ ਗੁਰਮੁਖਿ[੨੮] ਪਾਵੈ ॥ ੩ ॥ ੩ ॥ ਬਸੰਤੁ ਮਹਲਾ ੯¶ ॥ ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨੁ ਬਿਨਸੈ [੨੯]ਜਮ ਸਿਉ ਪਰੈ ਕਾਮੁ ॥ ੧ ॥ ਰਹਾਉ ॥

੧ ਪਿਆਰ ਧਰਦਾ ਹੈ ।
੨ [ਫ਼ਾ.] ਸਿਆਣਾ ।
੩ ਤੇਰਾ ਮਕਾਨ ਸਾਡੇ ਮਨ ਜਾਂ ਅੱਖਾਂ ਤੋਂ ਪਰੇ ਹੈ ।
੪ ਕਰੜਾ, ਕਠਿਨ ।
੫ ਮੂਰਖ ਤੇ ਇੰਞਾਣਾ ।
੬ ਹਉਮੈ । ਭਰਮ ਵਿੱਚ ਹੋਣ ਕਰ ਕੇ ਐਸੀ ਹਉਮੈ ਵਾਪਰੀ ਹੈ ਕਿ ਮਨੁੱਖ ਆਪਣੇ ਅਸਲੇ (ਹਰੀ) ਨੂੰ ਨਹੀਂ ਸਮਝਦਾ ਅਤੇ ਨਾ ਹੀ ਆਪਣੇ ਆਪ ਨੂੰ ਸਮਝਦਾ ਹੈ (ਜਿਸ ਨੂੰ ਸਮਝ ਆਈ ਹੈ ਉਹ ਤਾਂ ਅਗਲੀ ਤੁਕ ਵਿੱਚ ਦਸਦਾ ਹੈ ਕਿ ਹਰੀ-ਪਿਤਾ 'ਮੂਲ' ਹੈ, ਅਸੀਂ 'ਨਿਰਗੁਨੀ' ਹਾਂ)।
੭ [ਸਿੰਧੀ, ਧਣੀ] ਮਾਲਕ ।
੮ ਉਤਪਤੀ ਤੇ ਨਾਸ ।
੯ ਗਿਣਦਾ ਹਾਂ ।
੧੦ ਇਸ ਤਨ ਅੰਦਰ ।
੧੧ ਧਨ । ਸੁਪਨੇ ਦੀ ਦੌਲਤ ਕੇਵਲ ਮਨ ਨੂੰ ਧੋਖਾ ਦੇਣ ਵਾਲੀ ਹੁੰਦੀ ਹੈ ।
੧੨ ਐਂਠਨਾ, ਹੰਕਾਰੀ ਹੋਵਣਾ ।
੧੩ ਤੇਰੇ ।
੧੪ ਉਸ ਨਾਲ ਕਿਉਂ ਚਿੰਬੜਦਾ ਹੈਂ ?
੧੫ ਛੱਡ ਦੇ ।
੧੬ ਦਿਲ ਵਿੱਚ ਲਿਆਵੇ । ੧੭ ਦਿਲ ਵਿੱਚ ।
੧੮ ਇਸ ਲਈ ਪਕੜਿਆ ਨਹੀਂ ਜਾਂਦਾ ।
੧੯ ਸ਼ੈਇਵ ਸਾਧੂਆਂ ਦਾ ਇਕ ਫ਼ਿਰਕਾ ।
੨੦ ਸੁੱਟੀ ਹੈ ਕਾਮ ਦੀ ਫਾਹੀ ।
੨੧ ਭਟਕਣ ਤੋਂ । ੨੨ ਟਿਕਾਉ ।
੨੩ ਛੋਹ ਨਹੀਂ ਸਕਦੇ ।
੨੪ ਫੜੀ ਹੈ । ੨੫ ਸਾਰੀ ।
੨੬ ਮਿਹਰ ਦਾ ਖਜ਼ਾਨਾ ।
੨੭ ਧਨ । ਇਸੇ ਤਰ੍ਹਾਂ ਦਾ ਧਨ ।
੨੮ ਗੁਰੂ ਦੁਆਰਾ ।
੨੯ ਜਮ ਨਾਲ ਵਾਸਤਾ ਪੈ ਜਾਂਦਾ ਹੈ, ਭਾਵ ਜਮ ਦੇ ਵੱਸ ਹੋ ਜਾਈਦਾ ਹੈ ।

* ਮਨੁੱਖ ਹਉਮੈ ਵਿੱਚ ਪਿਆ ਹੋਇਆ ਆਪਣੀ ਵਿਤ ਤੇ ਹਰੀ ਦੀ ਵਡਿਆਈ ਨੂੰ ਨਹੀਂ ਸਮਝਦਾ । ਪਰ ਅੰਤ ਨਿਸਤਾਰਾ ਗੁਰੂ ਦੇ ਬਚਨਾਂ ਦੁਆਰਾ ਹੁੰਦਾ ਹੈ ।

† ਸੰਸਾਰੀ ਪਦਾਰਥਾਂ ਦੇ ਲੋਭ ਨੂੰ ਛੱਡ ਕੇ ਅੰਦਰ ਵੱਸਦੇ ਹਰੀ ਵਿੱਚ ਲਗਨ ਲਾਣੀ ਚਾਹੀਦੀ ਹੈ ।

‡ ਅੰਦਰ ਕਾਮ ਹੋਵੇ ਤਾਂ ਭੀ ਮਨ ਹਰੀ ਦੇ ਪਾਸੇ ਨਹੀਂ ਲੱਗਦਾ, ਭਾਵੇਂ ਸੰਸਾਰ ਛੱਡ ਕੇ ਜੋਗੀ ਸੰਨਿਆਸੀ ਹੀ ਕਿਉਂ ਨਾ ਬਣ ਜਾਈਏ । ਮਨ ਨੂੰ ਹਰੀ-ਨਾਮ ਵੱਲ ਲਾਈਏ, ਤਾਂ ਬੇੜਾ ਪਾਰ ਹੋ ਜਾਂਦਾ ਹੈ ।

§ ਹਰੀ-ਨਾਮ ਵਿੱਚ ਮਨ ਲਾਉਣ ਨਾਲ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ ਅਤੇ ਵਿਸ਼ੇ-ਵਿਕਾਰਾਂ ਤੋਂ ਹਟ ਕੇ ਪੂਰਨ ਟਿਕਾਉ ਵਾਲਾ ਹੋ ਜਾਂਦਾ ਹੈ ।

¶ ਇਸ ਅਤੇ ਅਗਲੇ ਸ਼ਬਦ ਦਾ ਸਮੁੱਚਾ ਭਾਵ: ਸੰਸਾਰ ਦੇ ਰਿਸ਼ਤੇ ਤੇ ਪਦਾਰਥ ਅਨਿਸਥਿਰ ਹਨ । ਇਨ੍ਹਾਂ ਦੀ ਲਗਨ ਤੋੜ ਨਹੀਂ ਨਿਭਦੀ । ਮਨ ਦੀ ਪੂਰੀ ਲਗਨ ਹਰੀ ਦੀ ਭਗਤੀ ਵਿੱਚ ਲਾਣੀ ਚਾਹੀਦੀ ਹੈ ਜੋ ਦੋਹਾਂ ਜਹਾਨਾਂ ਵਿੱਚ ਕੰਮ ਆਉਂਦੀ ਹੈ ।

ਗੁਰਬਾਣੀ ਵਿੱਚ ਇਸ ਸੰਸਾਰ ਬਾਬਤ ਦੋ ਵੱਖਰੇ-ਵੱਖਰੇ ਖਿਆਲ ਜ਼ਾਹਰ ਕੀਤੇ ਮਿਲਦੇ ਹਨ : ਇਕ ਇਹ ਕਿ 'ਇਹੁ ਜਗੁ ਸਚੇ ਕੀ ਹੈ ਕੋਠੜੀ (ਵਾਰ ਆਸਾ) ਤੇ ਦੂਜਾ ਕਿ 'ਸਗਲ ਜਗਤੁ ਹੈ ਜੈਸੇ ਸੁਪਨਾ' (ਸੋਰਠਿ ਮ: ੯) ਜਾਂ 'ਕਾਗਦ ਕੋਟੁ ਇਹੁ ਜਗੁ ਹੈ ਬਪੁਰੋ (ਮਲਾਰ ਮ: ੧) । ਜਗਤ ਹੈ ਈ ਦੋ ਤਰ੍ਹਾਂ ਦਾ: ਇਕ ਉਹ ਜੋ ਵਾਹਿਗੁਰੂ ਨੇ ਆਪ ਬਣਾਇਆ ਹੈ ਅਤੇ ਦੂਜਾ ਉਹ ਜੋ ਦੂਜੇ ਭਾਵ ਵਿੱਚ ਲੱਗ ਕੇ ਅਸੀਂ ਮੋਹ ਦਾ ਪਸਾਰਾ ਰਚ ਲੈਂਦੇ ਹਾਂ । 'ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ॥ ਸਭਨਾ ਕਉ ਸਨਬੰਧੁ ਹਰਿ ਕਰਿ ਦੀਏ' (ਗੂਜਰੀ ਮ: ੪) । ਇਨ੍ਹਾਂ ਰਿਸ਼ਤਿਆਂ ਦੇ ਫ਼ਰਜ਼ ਪੂਰੇ ਕਰਨੇ ਸਾਡਾ ਧਰਮ ਹੈ, ਪਰ ਜਦੋਂ ਮੋਹ ਵਧਾ ਕੇ ਅਸੀਂ ਆਪਣੀ ਜ਼ਿੰਦਗੀ ਇਨ੍ਹਾਂ ਵਿੱਚ ਹੀ ਸਮਝਣ ਲੱਗ ਪੈਂਦੇ ਹਾਂ, ਤਾਂ ਇਹੋ ਪਸਾਰਾ ਝੂਠਾ ਸੰਸਾਰ ਬਣ ਜਾਂਦਾ ਹੈ ।

ਇਹੁ ਜਗੁ ਧੂਏ ਕਾ ਪਹਾਰ[੧] ॥ ਤੈ ਸਾਚਾ ਮਾਨਿਆ [੨]ਕਿਹ ਬਿਚਾਰਿ ॥ ੧ ॥ ਧਨੁ ਦਾਰਾ[੩] ਸੰਪਤਿ[੪] ਗ੍ਰੇਹ[੫] ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥ ੨ ॥ ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ [੬]ਭਜੁ ਤਿਹ ਏਕ ਰੰਗਿ ॥ ੩ ॥ ੪ ॥ ਬਸੰਤੁ ਮਹਲਾ ੯ ॥ ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ ਕਛੁ ਬਿਗਰਿਓ ਨਾਹਿਨ ਅਜਹੁ ਜਾਗ ॥ ੧ ॥ ਰਹਾਉ ॥ ਸਮ[੭] ਸੁਪਨੈ ਕੈ ਇਹੁ ਜਗੁ ਜਾਨੁ ॥ ਬਿਨਸੈ ਛਿਨ ਮੈ [੮]ਸਾਚੀ ਮਾਨੁ ॥ ੧ ॥ ਸੰਗਿ ਤੇਰੈ ਹਰਿ ਬਸਤ ਨੀਤ[੯] ॥ [੧੦]ਨਿਸ ਬਾਸੁਰ ਭਜੁ ਤਾਹਿ ਮੀਤ ॥ ੨ ॥ ਬਾਰ ਅੰਤ ਕੀ ਹੋਇ ਸਹਾਇ ॥ ਕਹੁ ਨਾਨਕ ਗੁਨ ਤਾ ਕੇ ਗਾਇ ॥ ੩ ॥ ੫ ॥

ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ ੴ ਸਤਿਗੁਰ ਪ੍ਰਸਾਦਿ ॥

*ਜਗੁ ਕਊਆ ਨਾਮੁ ਨਹੀ ਚੀਤਿ ॥ [੧੧]ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ [੧੨]ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥ ੧ ॥ ਕਾਮੁ ਕ੍ਰੋਧੁ ਬਿਖੁ [੧੩]ਬਜਰੁ ਭਾਰੁ ॥ [੧੪]ਨਾਮ ਬਿਨਾ ਕੈਸੇ ਗੁਨ ਚਾਰੁ ॥ ੧ ॥ ਰਹਾਉ ॥ [੧੫]ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ[੧੬] ਬੁਦਬੁਦਾ ਹੇਰਿ[੧੭] ॥ [੧੮]ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ [੧੯]ਸਰਬ ਜੋਤਿ ਨਾਮੈ ਕੀ ਚੇਰਿ ॥ ੨ ॥ [੨੦]ਸਰਬ ਉਪਾਇ ਗੁਰੂ ਸਿਰਿ ਮੋਰੁ ॥ ਭਗਤਿ ਕਰਉ [੨੧]ਪਗ ਲਾਗਉ ਤੋਰ ॥ ਨਾਮਿ ਰਤੋ ਚਾਹਉ ਤੁਝ ਓਰੁ[੨੨] ॥ ਨਾਮੁ ਦੁਰਾਇ[੨੩] ਚਲੈ ਸੋ ਚੋਰੁ ॥ ੩ ॥ ਪਤਿ ਖੋਈ ਬਿਖੁ ਅੰਚਲਿ[੨੪] ਪਾਇ ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥ [੨੫]ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ ॥ [੨੬]ਭੈ ਮਾਨੈ ਨਿਰਭਉ ਮੇਰੀ ਮਾਇ ॥ ੪ ॥ [੨੭]ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥ [੨੮]ਖੀਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥ ੫ ॥ ਕਾਪੜੁ ਪਹਿਰਸਿ ਅਧਿਕੁ[੨੯] ਸੀਗਾਰੁ ॥ [੩੦]ਮਾਟੀ ਫੂਲੀ ਰੂਪੁ ਬਿਕਾਰੁ ॥ [੩੧]ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥ ੬ ॥ ਗਾਛਹੁ[੩੨] ਪੁਤ੍ਰੀ ਰਾਜ ਕੁਆਰਿ ॥ [੩੩]ਨਾਮੁ ਭਣਹੁ ਸਚੁ ਦੋਤੁ[੩੪] ਸਵਾਰਿ ॥ [੩੫]ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ [੩੬]ਤਿਆਸ ਨਿਵਾਰਿ ॥ ੭ ॥ [੩੭]ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥ ਨਾਨਕ [੩੮]ਠਾਢੇ ਚਾਹਹਿ ਪ੍ਰਭੂ ਦੁਆਰਿ ॥ [੩੯]ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥ ੮ ॥ ੧ ॥ ਬਸੰਤੁ ਮਹਲਾ ੧† ॥ ਮਨੁ ਭੂਲਉ ਭਰਮਸਿ ਆਇ ਜਾਇ ॥ [੪੦]ਅਤਿ ਲੁਬਧ ਲੁਭਾਨਉ ਬਿਖਮ ਮਾਇ ॥ ਨਹ ਅਸਥਿਰੁ ਦੀਸੈ [੪੧]ਏਕ ਭਾਇ ॥ [੪੨]ਜਿਉ ਮੀਨ ਕੁੰਡਲੀਆ ਕੰਠਿ ਪਾਇ ॥ ੧ ॥ [੪੩]ਮਨੁ ਭੂਲਉ ਸਮਝਸਿ ਸਾਚ ਨਾਇ ॥

੧ ਪਹਾੜ ।
੨ ਕੀ ਸਮਝ ਕੇ ?
੩ ਇਸਤਰੀ ।
੪ [ਸੰ. ਸੰਪਦਾ] ਧਨ ।
੫ ਘਰ ।
੬ ਉਸ ਨੂੰ ਭਜ ਇਕਸਾਰ ਪ੍ਰੇਮ ਨਾਲ ।
੭ ਸਮਾਨ ।
੮ ਸੱਚ ਜਾਣ ।
੯ ਸਦਾ ।
੧੦ ਰਾਤ ਦਿਨ ਉਸ ਨੂੰ ਸਿਮਰ, ਹੇ ਮਿੱਤਰ !
੧੧ ਤੂੰ ਦੇਖ ਕਿ ਉਹ ਨਾਮ ਵਿਸਾਰ ਕੇ ਭਿਤੀ (ਚੋਗ ਵਿਕਾਰਾਂ ਰੂਪ) 'ਤੇ ਡਿਗਦਾ ਹੈ । ਭੀਤਿ [ਸਿੰਧੀ 'ਭੀਤੀ'] ਚੋਗਾ । ਦੇਖੋ ਪੰਨਾ ੯੫੩, ਨੋਟ ੩੩ ।
੧੨ ਚਿੱਤ ਵਿੱਚ ਬਦਨੀਤੀ ਹੈ । ਇਹ ਸਭ ਕੁਝ ਦੇਖ ਕੇ ਸਾਡੀ ਤਾਂ ਜਗਤ ਨਾਲੋਂ ਝੂਠੀ ਪ੍ਰੀਤ ਟੁੱਟ ਚੁੱਕੀ ਹੈ ।
੧੩ [ਵਜ੍ਰ=ਇੰਦ੍ਰ ਦੀ ਗਦਾ] ਵਜ੍ਰ ਵਾਂਗ ਸਖ਼ਤ ਭਾਰ ਹੈ।
੧੪ ਨਾਮ ਬਿਨਾਂ ਗੁਣਾਂ ਵਾਲਾ ਆਚਾਰ ਕਿਵੇਂ ਬਣ ਸਕਦਾ ਹੈ ?
੧੫ ਰੇਤ ਦਾ ਘਰ ਹੈ ਜੋ ਸਮੁੰਦਰ ਦੇ ਚੱਕਰ ਵਿੱਚ ਪਿਆ ਹੋਵੇ ।
੧੬ ਬਣਾਵਟ, ਰਚਨਾ । ਬਰਖਾ ਵਿੱਚ ਜਿਵੇਂ ਤੂੰ ਬੁਲਬੁਲੇ ਦੀ ਬਣਾਵਟ ਨੂੰ ਵੇਖਦਾ ਹੈਂ ।
੧੭ ਵੇਖ ।
੧੮ ਬੂੰਦ ਮਾਤਰ ਤੋਂ ਚੱਕ ਫੇਰਿਆ ਤੇ ਇਹ ਸਰੀਰ ਬਣਾ ਦਿੱਤਾ ਹੈ ।
੧੯ ਪਰ ਸਾਰੀਆਂ ਤਾਕਤਾਂ ਨਾਮ ਦੀਆਂ ਦਾਸੀਆਂ ਹਨ ।
੨੦ ਸਾਰਿਆਂ ਨੂੰ ਉਪਾ ਕੇ ਤੂੰ ਸ਼ਿਰੋਮਣੀ ਗੁਰੂ ਹੈਂ।
੨੧ ਤੇਰੇ ਚਰਨੀਂ ਲਗਦਾ ਹਾਂ ।
੨੨ ਤਰਫ਼ ।
੨੩ ਲੁਕਾ ਕੇ । ੨੪ ਪੱਲੇ ।
੨੫ ਜੋ ਕੁਝ ਹਰੀ ਨੇ ਕੀਤਾ ਹੈ, ਆਪਣੀ ਰਜ਼ਾ ਅਨੁਸਾਰ ਕੀਤਾ ਹੈ ।
੨੬ ਜੋ ਹਰੀ ਦੇ ਭਉ ਨੂੰ ਮੰਨਦਾ ਹੈ ਉਹ ਨਿਰਭਉ ਹੁੰਦਾ ਹੈ ।
੨੭ ਇਸਤਰੀ ਚਾਹੁੰਦੀ ਹੈ ਸੁੰਦਰੀ ਹੋਵਾਂ ਤੇ ਭੋਗ ਕਰਾਂ ('ਸੁੰਦਰਿ' ਇਸਤਰੀ-ਲਿੰਗ ਹੈ ।)
੨੮ ਜਿੰਨਾ ਖੇਲਦੀ ਤੇ ਪ੍ਰਸੰਨ ਫਿਰਦੀ ਹੈ ਤਿੰਨਾ ਸੋਗ ਹੀ ਹੈ, ਪਰ ਜੋ ਪ੍ਰਭੂ ਦੀ ਸ਼ਰਨ ਹੈ ਉਹ ਜੋ ਕਰਨਾ ਲੋੜਦੀ ਹੈ ਉਹ ਹੋ ਜਾਂਦਾ ਹੈ ।
੨੯ ਬਹੁਤਾ ।
੩੦ ਮਿੱਟੀ ਫੂਲੀ ਹੋਈ ਹੈ ਤੇ ਵਿਕਾਰ-ਰੂਪ ਹੋਈ ਹੈ।
੩੧ ਆਸਾ ਮਨਸਾ ਨੇ ਰੱਬ ਵਾਲਾ ਦਰਵਾਜ਼ਾ ਰੋਕਿਆ ਹੈ ।
੩੨ ਜਾਓ ! ਹੇ ਬੱਚੀ ਰਾਜ-ਕੁਮਾਰੀ ! ਜਾਓ !
੩੩ ਸੱਚਾ ਨਾਮ ਜਪੋ ।
੩੪ ਦਿਨ । ਦਿਨ ਨੂੰ ਸੰਵਾਰ ਕੇ, ਅੰਮ੍ਰਿਤ ਵੇਲਾ ਸੰਭਾਲ ਕੇ ।
੩੫ ਪਿਆਰੇ ਪ੍ਰਭੂ ਨੂੰ ਸੇਵੋ, ਉਸ ਦੇ ਪ੍ਰੇਮ ਦੇ ਆਸਰੇ।
੩੬ ਪਿਆਸ ਦੂਰ ਕਰ ਕੇ ।
੩੭ ਹਰੀ ਮੋਹਨ ਨੇ ਮੇਰਾ ਮਨ ਮੋਹ ਲਿਆ ।
੩੮ ਤੇਰੇ ਦਰ 'ਤੇ ਖੜ੍ਹੇ ਤੈਨੂੰ ਵੇਖਣਾ ਚਾਹੁੰਦੇ ਹਾਂ ।
੩੯ ਤੇਰੇ ਨਾਮ ਵਿੱਚ ਸੰਤੋਖ ਆਵੇ-ਤੂੰ ਇਹ ਕਿਰਪਾ ਕਰ ।
੪੦ ਬਹੁਤ ਲਾਲਚੀ ਹੋਇਆ-ਹੋਇਆ ਵਿਹੁ-ਰੂਪ ਮਾਇਆ ਵਿੱਚ ਲਲਚਾਂ ਰਿਹਾ ਹੈ । ਬਿਖਮ=ਵਿਖ=ਮੈ ਜ਼ਹਿਰ-ਰੂਪ ।
੪੧ ਇਕ ਦੇ ਪਿਆਰ ਵਿੱਚ ।
੪੨ ਇਸ ਤਰ੍ਹਾਂ ਲੋਭੀ ਹੈ ਜਿਵੇਂ ਮੱਛੀ ਲੋਭ ਵਿੱਚ ਆਪਣੇ ਗਲ ਕੁੰਡੀ ਪਵਾਂਦੀ ਹੈ ।
੪੩ ਭੁੱਲਾ ਹੋਇਆ ਮਨ ਸੱਚੇ ਨਾਮ ਨਾਲ ਸਮਝਦਾਰ ਹੋ ਸਕਦਾ ਹੈ ।

* ਰਾਜਾ ਸ਼ਿਵਨਾਭ ਦੀ ਧਰਤੀ ਗੁਰੂ ਜੀ ਨੇ ਚਰਨ ਪਾਏ, ਉਸ ਦਾ ਬਾਗ਼ ਹਰਿਆ ਹੋ ਗਿਆ । ਰਾਜਾ ਗੁਰੂ ਜੀ ਦੀ ਪ੍ਰੀਖਿਆ ਲਈ ਮੋਹਣੀਆਂ ਭੇਜਦਾ ਹੈ । ਉਸ ਪ੍ਰਥਾਇ ਇਹ ਸ਼ਬਦ ਉਚਾਰਿਆ ਗਿਆ।

ਸਮੁੱਚਾ ਭਾਵ : ਮਨੁੱਖ ਵਿਕਾਰਾਂ ਦੀ ਭਿੱਤੀ ਵੇਖ ਕੇ ਡੋਲਦਾ ਤਦ ਹੈ, ਜਦ ਉਹ ਨਾਮ ਨੂੰ ਵਿਸਾਰ ਬਹਿੰਦਾ ਹੈ । ਹੇ ਬੱਚੀਓ ! ਜਿਸ ਰੂਪ ਦਾ ਮਾਣ ਕਰ ਕੇ ਮੇਰੇ ਪਾਸ ਆਈਆਂ ਹੋ, ਉਹ ਰੂਪ ਨਾਮ ਤੋਂ ਬਿਨਾਂ ਨਿਕੰਮਾ ਹੈ ਅਤੇ ਇਸ ਦੇ ਨਾਲ ਦੇ ਕਾਮ-ਰਸ ਰੋਗ ਹਨ, ਜਿਨ੍ਹਾਂ ਦੇ ਭੋਗਣ ਤੋਂ ਸਿਵਾਇ ਸੋਗ ਦੇ ਕੁਝ ਪ੍ਰਾਪਤ ਨਹੀਂ ਹੁੰਦਾ । ਇਸ ਲਈ ਹੇ ਬੱਚੀਓ ! ਜਾਓ ! ਨਾਮ ਜਪੋ ਅਤੇ ਆਪਣਾ ਜਨਮ ਸਵਾਰੋ। ਤੁਸੀਂ ਮੈਨੂੰ ਮੋਹ ਨਹੀਂ ਸਕਦੀਆਂ, ਕਿਉਂਕਿ ਮੇਰਾ ਮਨ ਤਾਂ ਅੱਗੇ ਹੀ ਹਰੀ-ਮੋਹਨ ਨੇ ਮੋਹਿਆ ਹੋਇਆ ਹੈ । ਤੁਸੀਂ ਭੀ ਉਸੇ ਸਰਬ-ਪ੍ਰਿਅ ਪ੍ਰਭੂ ਨੂੰ ਪਿਆਰ ਨਾਲ ਸੇਵੋ ।

† ਨਾਮ ਬਿਨਾਂ ਮਨ ਭਟਕਦਾ ਰਹਿੰਦਾ ਹੈ ਤੇ ਦੁੱਖ ਪਾਉਂਦਾ ਹੈ; ਫਿਰ ਜਦ ਗੁਰੂ ਮਿਲੇ ਤੇ ਉਸ ਦਾ ਸ਼ਬਦ ਗ੍ਰਹਿਣ ਕਰੇ, ਤਾਂ ਮਤ ਉਜਲੀ ਹੋ ਕੇ ਰਜ਼ਾ ਵਿੱਚ ਲੱਗ ਜਾਂਦੀ ਹੈ ।

ਗੁਰ ਸਬਦੁ ਬੀਚਾਰੇ [੧]ਸਹਜ ਭਾਇ ॥ ੧ ॥ ਰਹਾਉ ॥ ਮਨੁ ਭੂਲਉ ਭਰਮਸਿ [੨]ਭਵਰ ਤਾਰ ॥ ਬਿਲ[੩] ਬਿਰਥੇ ਚਾਹੈ ਬਹੁ ਬਿਕਾਰ ॥ ਮੈਗਲ[੪] ਜਿਉ ਫਾਸਸਿ ਕਾਮਹਾਰ[੫] ॥ ਕੜਿ[੬] ਬੰਧਨਿ ਬਾਧਿਓ [੭]ਸੀਸ ਮਾਰ ॥ ੨ ॥ ਮਨੁ ਮੁਗਧੌ[੮] ਦਾਦਰੁ[੯] ਭਗਤਿਹੀਨੁ ॥ [੧੦]ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥ ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ ਸਭਿ ਦੂਖ ਸਖਾਈ ਗੁਣਹ ਬੀਨ ॥ ੩ ॥ [੧੧]ਮਨੁ ਚਲੈ ਨ ਜਾਈ ਠਾਕਿ ਰਾਖੁ ॥ ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ[੧੨] ॥ ਤੂ ਆਪੇ ਸੁਰਤਾ ਆਪਿ ਰਾਖੁ[੧੩] ॥ [੧੪]ਧਰਿ ਧਾਰਣ ਦੇਖੈ ਜਾਣੈ ਆਪਿ ॥ ੪ ॥ ਆਪਿ ਭੁਲਾਏ ਕਿਸੁ ਕਹਉ ਜਾਇ ॥ ਗੁਰੁ ਮੇਲੇ ਬਿਰਥਾ[੧੫] ਕਹਉ ਮਾਇ ॥ ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥ ੫ ॥ ਸਤਿਗੁਰ ਮਿਲਿਐ ਮਤਿ ਊਤਮ ਹੋਇ ॥ ਮਨੁ ਨਿਰਮਲੁ ਹਉਮੈ ਕਢੈ ਧੋਇ ॥ ਸਦਾ ਮੁਕਤੁ ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ[੧੬] ਅਉਰੁ ਨ ਕੋਇ ॥ ੬ ॥ ਮਨੁ ਹਰਿ ਕੈ ਭਾਣੈ ਆਵੈ ਜਾਇ ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥ ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ ਦੂਖ ਸੂਖ ਸਭ ਤਿਸੁ ਰਜਾਇ ॥ ੭ ॥ ਤੂ ਅਭੁਲੁ ਨ ਭੂਲੌ ਕਦੇ ਨਾਹਿ ॥ ਗੁਰ ਸਬਦੁ ਸੁਣਾਏ ਮਤਿ ਅਗਾਹਿ[੧੭] ॥ ਤੂ ਮੋਟਉ[੧੮] ਠਾਕੁਰੁ ਸਬਦ ਮਾਹਿ ॥ ਮਨੁ ਨਾਨਕ ਮਾਨਿਆ ਸਚੁ ਸਲਾਹਿ ॥ ੮ ॥ ੨ ॥ ਬਸੰਤੁ ਮਹਲਾ ੧* ॥ ਦਰਸਨ ਕੀ ਪਿਆਸ ਜਿਸੁ ਨਰ ਹੋਇ ॥ [੧੯]ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ[੨੦] ਬੂਝੈ ਏਕ ਸਮਾਇ ॥ ੧ ॥ ਤੇਰੇ ਦਰਸਨ ਕਉ ਕੇਤੀ ਬਿਲਲਾਇ[੨੧] ॥ ਵਿਰਲਾ ਕੋ ਚੀਨਸਿ[੨੨] ਗੁਰ ਸਬਦਿ ਮਿਲਾਇ ॥ ੧ ॥ ਰਹਾਉ ॥ [੨੩]ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤੁ [੨੪]ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ [੨੫]ਬਾਝੁ ਕਲਾ ਧਰਿ ਗਗਨੁ ਧਰੀਆ ॥ ੨ ॥ [੨੬]ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ[੨੭] ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ[੨੮] ॥ ੩ ॥ [੨੯]ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ [੩੦]ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥ ੪ ॥ ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥ [੩੧]ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ[੩੨] ਏਕੰਕਾਰੁ ॥ ੫ ॥ ਏਕਾ ਮੂਰਤਿ[੩੩] ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥ ੬ ॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥

੧ ਸ਼ਾਂਤੀ ਨਾਲ, ਅਡੋਲ ਮਨ ਹੋ ਕੇ ।
੨ ਭੌਰੇ ਦੀ ਤਰ੍ਹਾਂ ।
੩ ਖੁੱਡਾਂ, ਗੋਲਕਾਂ । ਨੌਂ ਗੋਲਕਾਂ ਸਮੇਤ ਇੰਦਰੇ ਵਿਅਰਥ ਹਨ ਤੇ ਇਨ੍ਹਾਂ ਰਾਹੀਂ ਮਨ ਬਹੁਤ ਵਿਕਾਰਾਂ ਨੂੰ ਚਾਹੁੰਦਾ ਹੈ ।
੪ ਹਾਥੀ ।
੫ ਕਾਮਾਤੁਰ, ਕਾਮੀ ।
੬ ਕੜ ਕੇ, ਬੰਨ੍ਹ ਕੇ ।
੭ ਸਿਰ ਦੀ ਮਾਰ । ਸਿਰ 'ਤੇ ਅੰਕੁਸ ਦੀ ਮਾਰ ਨਾਲ ਕੜ ਕੇ ਬੰਧੀਜਦਾ ਹੈ ।
੮ ਮੂਰਖ ।
੯ ਡੱਡੂ ।
੧੦ ਹਰੀ ਦੇ ਦਰ ਤੋਂ ਭਰਿਸ਼ਟੇ ਹਨ, ਸਰਾਪੀ ਹਨ ਨਾਮ ਤੋਂ ਬਿਨਾਂ ਹਨ । ਉਨ੍ਹਾਂ ਦੀ ਨਾ ਜ਼ਾਤ ਹੈ, ਨਾ ਪਤ ਹੈ ਤੇ ਨਾ ਉਨ੍ਹਾਂ ਦਾ ਕੋਈ ਨਾਮ ਲੈਂਦਾ ਹੈ । ਗੁਣਾਂ ਤੋਂ ਬਿਨਾਂ ਹੋਣ ਕਰ ਕੇ ਉਨ੍ਹਾਂ ਦੇ ਦੁੱਖ ਹੀ ਸਾਥੀ ਬਣਦੇ ਹਨ ।
੧੧ ਮਨ ਦੌੜਦਾ ਹੈ ਤੇ ਰੋਕਿਆਂ ਰਹਿੰਦਾ ਨਹੀਂ ।
੧੨ ਇਤਬਾਰ ।
੧੩ ਰੱਖਣ ਵਾਲਾ ।
੧੪ ਸ੍ਰਿਸ਼ਟੀ ਨੂੰ ਧਰ ਕੇ ਆਪ ਹੀ ਦੇਖਦਾ ਹੈ ।
੧੫ [ਸੰ. ਵਜਥ] ਦਿਲ ਦਾ ਦੁੱਖ ।
੧੬ ਉਚਾਰਦਾ ਹੈ । ਕੇਵਲ ਨਾਮ ਉਚਾਰਦਾ ਹੈ, ਹੋਰ ਕੁਝ ਨਹੀਂ ।
੧੭ ਅਗਾਧ । ਉਨ੍ਹਾਂ ਦੀ ਮਤ ਅਗਾਧ ਹੋ ਜਾਂਦੀ ਹੈ।
੧੮ ਵੱਡਾ । ਦੇਖੋ ਪੰਨਾ ੧੦੯੦, ਨੋਟ ੨੪ ।
੧੯ ਦ੍ਵੈਤ ਭਾਵ ਨੂੰ ਦੂਰ ਕਰ ਕੇ ਏਕਤਾ ਵਿੱਚ ਰਚਦਾ ਹੈ । ਏਕਤੁ=ਏਕਤ੍ਵ, ਏਕਤਾ ਵਹਦਾਨੀਅਤ ।
੨੦ ਗੁਰੂ ਦੁਆਰਾ ।
੨੧ ਤਰਲੇ ਲੈਂਦੀ ਹੈ ।
੨੨ ਬੁੱਝਦਾ ਹੈ ।
੨੩ ਵੇਦ ਵਖਿਆਨ ਕਰ ਕੇ ਕਹਿੰਦੇ ਹਨ ਕਿ ਇਕੋ ਹਰੀ ਜਪਣਾ ਚਾਹੀਦਾ ਹੈ ।
੨੪ ਉਸ ਦਾ ਅੰਤ ਕਿਸ ਨੇ ਲੱਭਾ ਹੈ ? ਭਾਵ ਕਿਸੇ ਨਹੀਂ ।
੨੫ ਬਿਨਾਂ ਕਿਸੇ ਕਲ ਦੇ ਅਕਾਸ਼ ਨੂੰ ਆਸਰਾ ਦਿੱਤਾ ਹੋਇਆ ਹੈ ।
੨੬ ਇਕੋ ਗੁਰਬਾਣੀ ਦਾ ਉਚਾਰਨ ਹੀ ਗਿਆਨ ਧਿਆਨ ਹੈ । ਦੇਖੋ ਪੰਨਾ ੮੨੯, ਨੋਟ ੭ ।
੨੭ ਨਿਰਲੇਪ ।
੨੮ ਜਾਨਣ ਯੋਗ ਹਰੀ ਨੂੰ ।
੨੯ ਜੇ ਕੋਈ ਸਚਾਈ ਨੂੰ ਸਮਝੇ ਤਾਂ ਧਰਮ ਸਦਾ ਇਕੋ ਹੀ ਹੈ; ਗੁਰੂ ਦੀ ਸਿੱਖਿਆ ਅਨੁਸਾਰ ਪੂਰਾ ਪ੍ਰਭੂ ਹਰ ਇਕ ਜੁਗ ਵਿੱਚ ਇਕੋ ਜਿਹਾ ਰਹਿੰਦਾ ਹੈ । "ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ" (ਰਾਮਕਲੀ ਮ: ੧) ।
੩੦ ਜੋ ਬੇਅੰਤ ਹਰੀ ਵਿੱਚ ਇਕਾਗਰ ਹੋ ਕੇ ਲਿਵ ਲਾ ਰੱਖਦਾ ਹੈ, ਉਹ ਗੁਰਮੁਖ ਬੇਅੰਤ ਹਰੀ ਨੂੰ ਮਿਲ ਪੈਂਦਾ ਹੈ ।
੩੧ ਤਿੰਨ ਭਵਨਾਂ ਦਾ ਤੱਤ ਉਸ ਨੇ ਕੀਤਾ ਹੈ ।
੩੨ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।
੩੩ ਹਸਤੀ । ਦੇਖੋ ਪੰਨਾ ੬੬੧, ਨੋਟ ੨੨ ।

* ਜਿਸ ਨੂੰ ਹਰੀ ਦੇ ਦੇਖਣ ਦੀ ਚਾਹ ਹੋਵੇ, ਉਹ ਗੁਰੂ ਦੇ ਸ਼ਬਦ ਵਿੱਚ ਲੱਗੇ । ਇਸੇ ਵਿੱਚ ਗਿਆਨ ਧਿਆਨ ਆ ਜਾਂਦੇ ਹਨ । ਗੁਰ-ਸ਼ਬਦ ਰਾਹੀਂ ਨਿਸਚਾ ਹੋ ਜਾਂਦਾ ਹੈ ਕਿ ਧਰਮ ਸਮੇਂ-ਸਮੇਂ ਬਦਲਦਾ ਨਹੀਂ ਆਇਆ। (ਇਹ ਨਹੀਂ ਕਿ ਕਦੀ ਭਗਤੀ ਮਾਰਗ ਤੇ ਕਦੀ ਗਿਆਨ ਮਾਰਗ ਪ੍ਰਵਾਨ ਹੁੰਦਾ ਹੋਵੇ), ਬਲਕਿ ਸਦਾ ਇਕੋ ਹੀ ਰਿਹਾ, ਕਿਉਂਕਿ ਰੱਬ ਜੋ ਇਕੋ ਹੈ ਅਤੇ ਸਦਾ ਇਕੋ ਰਿਹਾ ਹੈ । ਉਸ ਦਾ ਸੁਭਾਉ ਇਕੋ ਹੋਣ ਕਰਕੇ ਇਹ ਹੋ ਹੀ ਨਹੀਂ ਸਕਦਾ ਕਿ ਉਸ ਨੂੰ ਅੱਜ ਇਕ ਗੱਲ ਪਸੰਦ ਹੋਵੇ ਤੇ ਕਲ੍ਹ ਕੋਈ ਹੋਰ ਗੱਲ । ਉਹ ਸਦਾ ਭਗਤੀ 'ਤੇ ਪ੍ਰਸੰਨ ਹੁੰਦਾ ਆਇਆ ਹੈ; "ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ" (ਸਾਰਗ ਮ: ੫) ।

[1]ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥ ੭ ॥
ਇਤ ਉਤ ਦੇਖਉ ਸਹਜੇ ਰਾਵਉ[2] ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥
੮ ॥ ੩ ॥ ਬਸੰਤੁ ਮਹਲਾ ੧* ॥ ਚੰਚਲੁ[3] ਚੀਤੁ ਨ ਪਾਵੈ ਪਾਰਾ ॥ ਆਵਤ
ਜਾਤ ਨ ਲਾਗੈ ਬਾਰਾ[4] ॥ ਦੂਖੁ ਘਣੋ[5] ਮਰੀਐ ਕਰਤਾਰਾ ॥ ਬਿਨੁ ਪ੍ਰੀਤਮ [6]ਕੋ
ਕਰੈ ਨ ਸਾਰਾ ॥ ੧ ॥ ਸਭ ਊਤਮ ਕਿਸੁ ਆਖਉ ਹੀਨਾ[7] ॥ ਹਰਿ ਭਗਤੀ ਸਚਿ
ਨਾਮਿ ਪਤੀਨਾ[8] ॥ ੧ ॥ ਰਹਾਉ ॥ ਅਉਖਧ[9] ਕਰਿ ਥਾਕੀ ਬਹੁਤੇਰੇ ॥ ਕਿਉ
ਦੂਖੁ ਚੂਕੈ ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ ਦੂਖ ਘਣੇਰੇ ॥ ਦੂਖ ਸੁਖ
ਦਾਤੇ ਠਾਕੁਰ ਮੇਰੇ ॥ ੨ ॥ ਰੋਗੁ ਵਡੋ ਕਿਉ ਬਾਂਧਉ ਧੀਰਾ[10] ॥ [11]ਰੋਗੁ ਬੁਝੈ
ਸੋ ਕਾਟੈ ਪੀਰਾ ॥ ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ
ਮੇਲੇ ਬੀਰਾ[12] ॥ ੩ ॥ ਗੁਰ ਕਾ ਸਬਦੁ ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ
ਤਿਵੈ ਰਹਾਉ ॥ ਜਗੁ ਰੋਗੀ [13]ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ[14]
ਨਿਰਮਲੁ ਨਾਉ ॥ ੪ ॥ ਘਰ ਮਹਿ ਘਰੁ[15] ਜੋ ਦੇਖਿ ਦਿਖਾਵੈ ॥ [16]ਗੁਰ ਮਹਲੀ
ਸੋ ਮਹਲਿ ਬੁਲਾਵੈ ॥ ਮਨ ਮਹਿ ਮਨੂਆ ਚਿਤ ਮਹਿ ਚੀਤਾ ॥ ਐਸੇ ਹਰਿ ਕੇ
ਲੋਗ ਅਤੀਤਾ[17] ॥ ੫ ॥ ਹਰਖ[18] ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ
ਹਰਿ ਨਾਮਿ ਨਿਵਾਸਾ ॥ ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ
ਗੁਰਮਤਿ ਦੁਖੁ ਭਾਗਾ ॥ ੬ ॥ ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ [19]ਸਹਜਿ
ਮਰਉ ਜੀਵਤ ਹੀ ਜੀਵਉ ॥ [20]ਅਪਣੋ ਕਰਿ ਰਾਖਹੁ ਗੁਰ ਭਾਵੈ ॥ ਤੁਮਰੋ ਹੋਇ
ਸੁ ਤੁਝਹਿ ਸਮਾਵੈ ॥ ੭ ॥ ਭੋਗੀ ਕਉ ਦੁਖੁ ਰੋਗ ਵਿਆਪੈ ॥ [21]ਘਟਿ ਘਟਿ
ਰਵਿ ਰਹਿਆ ਪ੍ਰਭੁ ਜਾਪੈ ॥ ਸੁਖ ਦੂਖ ਹੀ ਤੇ ਗੁਰ ਸਬਦਿ ਅਤੀਤਾ ॥
ਨਾਨਕ ਰਾਮੁ [22]ਰਵੈ ਹਿਤ ਚੀਤਾ ॥ ੮ ॥ ੪ ॥ ਬਸੰਤੁ ਮਹਲਾ ੧ ਇਕ
ਤੁਕੀਆ† ॥ [23]ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ
ਨਾਹਿ ॥ ੧ ॥ ਮੂੜ੍ੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ ਅੰਤ ਕਾਲਿ ਤੇਰੈ ਆਵੈ
ਕਾਮ ॥ ੧ ॥ ਰਹਾਉ ॥ ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ
ਸਾਰਿਗਪਾਣਿ[24] ॥ ੨ ॥ [25]ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ
ਸਭ ਤੇਰੈ ਨਾਇ ॥ ੩ ॥ ਕਾਹੇ ਮਾਲੁ ਦਰਬੁ[26] ਦੇਖਿ ਗਰਬਿ ਜਾਹਿ ॥ ਚਲਤੀ
ਬਾਰ ਤੇਰੋ ਕਛੂ ਨਾਹਿ ॥ ੪ ॥ ਪੰਚ[27] ਮਾਰਿ ਚਿਤੁ ਰਖਹੁ ਥਾਇ ॥ [28]ਜੋਗ
ਜੁਗਤਿ ਕੀ ਇਹੈ [29]ਪਾਂਇ ॥ ੫ ॥ ਹਉਮੈ ਪੈਖੜੁ[30] ਤੇਰੇ ਮਨੈ ਮਾਹਿ ॥ ਹਰਿ
ਨ ਚੇਤਹਿ ਮੂੜੇ [31]ਮੁਕਤਿ ਜਾਹਿ ॥ ੬ ॥ ਮਤ[32] ਹਰਿ ਵਿਸਰਿਐ ਜਮ ਵਸਿ

੧ ਗੁਰੂ ਤੋਂ ਸਮਝ ਕੇ ਏਥੇ ਪ੍ਰਾਹੁਣਾ ਹੋ ਕੇ ਰਹੇ। ਦੇਖੋ ਪੰਨਾ ੩੫੦, ਨੋਟ ੫ ।

੨ ਸਿਮਰਾਂ । ਇਧਰ ਉਧਰ ਦੇਖਦਾ ਹਾਂ ਤੇ ਪਿਆਰ ਨਾਲ ਤੈਨੂੰ ਹੀ ਸਿਮਰਦਾ ਹਾਂ, ਕਿਉਂਕਿ ਹੇ ਮਾਲਕ ! ਤੇਰੇ ਬਿਨਾਂ ਮੈਨੂੰ ਕੋਈ ਚੰਗਾ ਨਹੀਂ ਲੱਗਦਾ ।

੩ ਚਲਾਏਮਾਨ । ਮਨ ਟਿਕਾਉ ਵਾਲਾ ਨਾ ਹੋਣ ਕਰ ਕੇ ਹਰੀ ਦੀ ਸਮਝ ਨਹੀਂ ਪੈਂਦੀ ਅਤੇ ਛੇਤੀ-ਛੇਤੀ ਜਨਮ-ਮਰਨ ਦੇ ਗੇੜ ਵਿੱਚ ਆਈ ਜਾਈਦਾ ਹੈ ।

੪ ਦੇਰ ।

੫ ਬਹੁਤਾ । ਹੇ ਕਰਤਾਰ ! ਦੁੱਖ ਬਹੁਤ ਹੋਣ ਕਰਕੇ ਮਰਦੇ ਰਹੀਦਾ ਹੈ ।

੬ ਕੋਈ ਖ਼ਬਰ ਨਹੀਂ ਲੈਂਦਾ ।

੭ ਘਟ, ਨੀਵਾਂ ।

੮ ਪਤੀਜਦਾ ।

੯ ਦਵਾਈਆਂ ।

੧੦ ਧੀਰਜ ।

੧੧ ਜਿਹੜਾ ਗੁਰੂ ਰੋਗ ਨੂੰ ਜਾਣਦਾ ਹੈ, ਉਹੋ ਉਸ ਦੀ ਪੀੜ ਕਟਦਾ ਹੈ ।

੧੨ ਹੇ ਭਾਈ !

੧੩ ਕਿਸ ਨੂੰ ਲੱਭ ਕੇ ਆਪਣਾ ਰੋਗ ਦਿਖਾਵਾਂ ?

੧੪ ਪਵਿੱਤਰ ।

੧੫ ਹਰੀ ਦਾ ਵਾਸਾ ।

੧੬ ਗੁਰ-ਮਹਲ ਦੁਆਰਾ, ਗੁਰੂ-ਘਰ ਦੁਆਰਾ । ਜਿਹੜਾ (ਗੁਰੂ) ਮਨ ਦੇ ਅੰਦਰ ਹਰੀ ਦਾ ਵਾਸਾ ਦੇਖ ਕੇ ਹੋਰਨਾਂ ਨੂੰ ਦਿਖਾ ਸਕਦਾ ਹੈ, ਉਹ ਗੁਰੂ-ਘਰ ਦੁਆਰਾ ਹਰੀ ਦੇ ਮਹਲ ਵਿੱਚ ਬੁਲਾ ਲੈਂਦਾ ਹੈ । ਦੇਖੋ ਪੰਨਾ ੭੬੭, ਨੋਟ ੧੫।

੧੭ ਵੈਰਾਗੀ । ਹਰੀ-ਜਨ ਐਸੇ ਵੈਰਾਗਵਾਨ ਹੁੰਦੇ ਹਨ ਕਿ ਆਪਣੇ ਮਨ ਚਿੱਤ ਅੰਦਰ ਹੀ ਅਸਲ ਮਨ ਨੂੰ ਲੱਭ ਲੈਂਦੇ ਹਨ । ਭਾਵ ਆਪਣੇ ਅਸਲੇ ਦੀ ਪਛਾਣ, ਆਪਣੇ ਮਨ ਦੀ ਨਿਸ਼ਾ, ਆਪਣੇ ਅੰਦਰੋਂ ਹੀ ਕਰ ਲੈਂਦੇ ਹਨ ।

੧੮ ਖੁਸ਼ੀ ।

੧੯ ਮਨ ਦੀ ਪੂਰਨ ਅਡੋਲ ਅਵਸਥਾ ਵਿੱਚ ਹੋ ਕੇ ਆਪਾ-ਭਾਵ ਮਿਟਾ ਦਿੰਦਾ ਹੈ ।

੨੦ ਜੇ ਗੁਰੂ ਨੂੰ ਭਾਵੇ ਤਾਂ ਮੈਨੂੰ ਤੁਸੀਂ ਆਪਣਾ ਬਣਾ ਕੇ ਰੱਖੋ । (ਕਈਆਂ ਬੀੜਾਂ ਵਿੱਚ ਪਾਠ 'ਰਾਖਉ' ਹੈ । ਪਰ ਅਗਲੀ ਤੁਕ ਦੇ ਭਾਵ ਅਨੁਸਾਰ 'ਰਾਖਹੁ' ਹੀ ਚਾਹੀਦਾ ਹੈ ।)

੨੧ ਜੋ ਗੁਰ-ਉਪਦੇਸ਼ ਦੁਆਰਾ ਦੁੱਖ-ਸੁਖ ਤੋਂ ਉੱਤੇ ਹੋ ਗਿਆ ਹੈ, ਉਸ ਨੂੰ ਘਟ-ਘਟ ਵਿੱਚ ਹਰੀ ਜਾਪਦਾ ਹੈ ।

੨੨ ਦਿਲੀ ਹਿਤ (ਪਿਆਰ) ਨਾਲ ਸਿਮਰਦਾ ਹੈ ।

੨੩ ਹੇ ਭਸਮ ਦੇ ਅੰਨ੍ਹੇ ! (ਭਾਵ ਜਿਸ ਨੇ ਭਸਮ ਲਾਣ ਦੇ ਸ਼ੌਕ ਵਿੱਚ ਅਸਲੀਅਤ ਦੀ ਸੁਧ-ਬੁਧ ਗੁਆ ਲਈ ਹੈ) ਮਤਾਂ ਤੂੰ ਇਸੇ ਗੱਲ 'ਤੇ ਹੰਕਾਰਿਆ ਜਾਵੇਂ । ਹੇ ਨਾਂਗੇ ! ਇਸ ਤਰੀਕੇ ਵਿੱਚ ਯੋਗ ਨਹੀਂ ਹੈ ।

੨੪ [ਧਰਤੀ ਜਿਸ ਦੇ ਹੱਥ ਵਿੱਚ ਹੈ] ਵਾਹਿਗੁਰੂ । (ਕਈਆਂ ਬੀੜਾਂ ਵਿੱਚ 'ਸਾਰਿਗਪਾਣੁ' ਦੇ ਮੁਕਾਬਲੇ ਪਿਛਲੀ ਤੁਕ ਦੇ ਅੰਤ 'ਬਖਾਣੁ' ਆਇਆ ਹੈ 'ਬੀਚਾਰੁ' ਦੀ ਥਾਂ ।)

੨੫ ਮੈਂ ਕੀ ਆਖ ਸਕਦਾ ਹਾਂ, ਜਦ ਮੇਰਾ ਕੁਝ ਵੀ ਨਹੀਂ, ਇਹ ਮੇਰੀ ਉੱਚੀ ਜ਼ਾਤਿ ਜਾਂ ਇੱਜ਼ਤ ਤਾਂ ਤੇਰੇ ਨਾਮ ਕਰ ਕੇ ਬਣੀ ਹੋਈ ਹੈ ।

੨੬ ਧਨ, ਮਾਲ ।

੨੭ ਕਾਮ ਕ੍ਰੋਧ ਆਦੀ ।

੨੮ ਜੋਗ ਦਾ ਤਰੀਕਾ ।

੨੯ [ਫ਼ਾ.] ਬੁਨਿਆਦ ।

੩੦ ਢੰਗਾ ।

੩੧ ਜਿਸ ਕਰ ਕੇ ਮੁਕਤ ਹੋ ਸਕੇਂ ।

੩੨ ਮਤਾਂ ।

* ਹਰੀ ਦੀ ਭਗਤੀ ਬਿਨਾਂ ਬੜੇ ਦੁੱਖ ਵਾਪਰਦੇ ਹਨ । ਦਾਰੂ ਗੁਰੂ ਦਿੰਦਾ ਹੈ ਨਾਮ ਦਾ ।

† ਸੁਖ ਨਾ ਭੋਗ ਵਿੱਚ ਹੈ, ਨਾ ਜੋਗ ਵਿੱਚ, ਕੇਵਲ ਨਾਮ ਹੀ ਸੁਖ ਦੇ ਸਕਦਾ ਹੈ ।

ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥ ੭ ॥ ਗੁਰ ਸਬਦੁ ਬੀਚਾਰਹਿ ਆਪੁ[੧] ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥ ੮ ॥ ਜਿਨਿ ਜੀਉ ਪਿੰਡੁ[੨] ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥ ੯ ॥ [੩]ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥ ੧੦ ॥ ੫ ॥ ਬਸੰਤੁ ਮਹਲਾ ੧* ॥ ਦੁਬਿਧਾ ਦੁਰਮਤਿ ਅਧੁਲੀ[੪] ਕਾਰ ॥ ਮਨਮੁਖਿ ਭਰਮੈ [੫]ਮਝਿ ਗੁਬਾਰ ॥ ੧ ॥ ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥ ੧ ॥ ਰਹਾਉ ॥ ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ ਪਸੂ ਭਏ ਅਭਿਮਾਨੁ ਨ ਜਾਈ ॥ ੨ ॥ ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ [੬]ਸਿਰਜਿ ਸਮਾਏ ॥ ੩ ॥ ਸਗਲੀ ਭੂਲੈ [੭]ਨਹੀ ਸਬਦੁ ਅਚਾਰੁ ॥ ਸੋ ਸਮਝੈ ਜਿਸੁ ਗੁਰੁ ਕਰਤਾਰੁ ॥ ੪ ॥ ਗੁਰ ਕੇ ਚਾਕਰ ਠਾਕੁਰ ਭਾਣੇ ॥ ਬਖਸਿ ਲੀਏ ਨਾਹੀ ਜਮ ਕਾਣੇ[੮] ॥ ੫ ॥ ਜਿਨ ਕੈ ਹਿਰਦੈ ਏਕੋ ਭਾਇਆ ॥ ਆਪੇ ਮੇਲੇ ਭਰਮੁ ਚੁਕਾਇਆ ॥ ੬ ॥ ਬੇਮੁਹਤਾਜੁ ਬੇਅੰਤੁ ਅਪਾਰਾ ॥ [੯]ਸਚਿ ਪਤੀਜੈ ਕਰਣੈਹਾਰਾ ॥ ੭ ॥ ਨਾਨਕ ਭੂਲੇ ਗੁਰੁ ਸਮਝਾਵੈ ॥ ਏਕੁ ਦਿਖਾਵੈ ਸਾਚਿ ਟਿਕਾਵੈ ॥ ੮ ॥ ੬ ॥ ਬਸੰਤੁ ਮਹਲਾ ੧† ॥ [੧੦]ਆਪੇ ਭਵਰਾ ਫੂਲ ਬੇਲਿ ॥ ਆਪੇ ਸੰਗਤਿ ਮੀਤ ਮੇਲਿ ॥ ੧ ॥ [੧੧]ਐਸੀ ਭਵਰਾ ਬਾਸੁ ਲੇ ॥ ਤਰਵਰ ਫੂਲੇ ਬਨ ਹਰੇ ॥ ੧ ॥ ਰਹਾਉ ॥ ਆਪੇ ਕਵਲਾ[੧੨] ਕੰਤੁ ਆਪਿ ॥ ਆਪੇ ਰਾਵੇ ਸਬਦਿ ਥਾਪਿ ॥ ੨ ॥ ਆਪੇ ਬਛਰੂ ਗਊ ਖੀਰੁ[੧੩] ॥ ਆਪੇ ਮੰਦਰੁ ਥੰਮ੍ਹ ਸਰੀਰੁ ॥ ੩ ॥ ਆਪੇ ਕਰਣੀ ਕਰਣਹਾਰੁ ॥ ਆਪੇ ਗੁਰਮੁਖਿ ਕਰਿ ਬੀਚਾਰੁ ॥ ੪ ॥ ਤੂ ਕਰਿ ਕਰਿ ਦੇਖਹਿ ਕਰਣਹਾਰੁ ॥ [੧੪]ਜੋਤਿ ਜੀਅ ਅਸੰਖ ਦੇਇ ਅਧਾਰੁ ॥ ੫ ॥ ਤੂ ਸਰੁ ਸਾਗਰੁ [੧੫]ਗੁਣ ਗਹੀਰੁ ॥ [੧੬]ਤੂ ਅਕੁਲ ਨਿਰੰਜਨੁ ਪਰਮ ਹੀਰੁ[੧੭] ॥ ੬ ॥ ਤੂ ਆਪੇ ਕਰਤਾ ਕਰਣ ਜੋਗੁ ॥ [੧੮]ਨਿਹਕੇਵਲੁ ਰਾਜਨ ਸੁਖੀ ਲੋਗੁ ॥ ੭ ॥ ਨਾਨਕ ਧ੍ਰਾਪੇ[੧੯] ਹਰਿ ਨਾਮ ਸੁਆਦਿ ॥ ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ[੨੦] ॥ ੮ ॥ ੭ ॥

ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥

‡[੨੧]ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ[੨੨] ਚਾਰਿ ਬਹਾਲੀ ॥ [੨੩]ਚਾਰੇ ਦੀਵੇ [੨੪]ਚਹੁ ਹਥਿ ਦੀਏ ਏਕਾ ਏਕਾ ਵਾਰੀ ॥ ੧ ॥ ਮਿਹਰਵਾਨ ਮਧੁਸੂਦਨ[੨੫] ਮਾਧੌ[੨੬] ਐਸੀ ਸਕਤਿ ਤੁਮ੍ਹਾਰੀ ॥ ੧ ॥ ਰਹਾਉ ॥ ਘਰਿ ਘਰਿ ਲਸਕਰੁ ਪਾਵਕੁ[੨੭] ਤੇਰਾ ਧਰਮੁ ਕਰੇ ਸਿਕਦਾਰੀ ॥ [੨੮]ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥ ੨ ॥

੧ ਆਪਾ ਭਾਵ, ਹਉਮੈ ।

੨ ਸਰੀਰ ।

੩ ਨਾਨਕ ਗੁਣਾਂ ਵਾਲੀ ਚੰਗੀ ਗੱਲ ਆਖਦਾ ਹੈ ।

੪ ਅਗਿਆਨਤਾ ਵਾਲੀ ।

੫ ਹਨੇਰੇ ਵਿੱਚ । ਆਪ-ਹੁਦਰਾ ਹਨੇਰੇ ਵਿੱਚ ਭਉਂਦਾ ਹੈ ।

੬ ਪੈਦਾ ਕਰ ਕੇ ਫਿਰ ਮਾਰ ਦਿੰਦਾ ਹੈ ।

੭ ਉਨ੍ਹਾਂ ਪਾਸ ਨਾ ਸ਼ਬਦ ਤੇ ਨਾ ਆਚਾਰ ਹੈ (ਨਾ ਜ਼ਿੰਦਗੀ ਦਾ ਕੋਈ ਆਦਰਸ਼ ਬਣਦਾ ਹੈ ਤੇ ਨਾ ਉਸ ਅਨੁਸਾਰ ਬਣੀ ਰਹਿਣੀ ਹੁੰਦੀ ਹੈ) । 'ਸ਼ਬਦ' ਲਈ ਦੇਖੋ ਪੰਨਾ ੮, ਨੋਟ ੧੩ ।

੮ ਡਰ । ਉਨ੍ਹਾਂ ਨੂੰ ਜਮ ਦਾ ਡਰ ਨਹੀਂ ।

੯ ਉਹ ਕਰਤਾਰ ਸੱਚ ਨਾਲ ਪ੍ਰਸੰਨ ਹੁੰਦਾ ਹੈ ।

੧੦ ਹਰੀ ਆਪ ਹੀ ਭਵਰਾ, ਆਪ ਹੀ ਫੁੱਲ ਤੇ ਬੇਲ ਹੈ (ਇਹ ਗੁਰਮੁਖ ਭਵਰੇ ਨੂੰ ਦਿਸਦਾ ਹੈ) ।

੧੧ ਗੁਰਮੁਖ ਰੂਪ ਭਵਰਾ ਅਜੇਹੀ ਵਾਸ਼ਨਾ ਲੈਂਦਾ ਹੈ ਕਿ ਉਸ ਲਈ ਸਭ ਬਨ ਹਰੇ ਹਨ ਤੇ ਰੁੱਖ ਫੁੱਲੇ ਹਨ।

੧੨ ਮਾਇਆ ।

੧੩ ਦੁੱਧ ।

੧੪ ਅਣਗਿਣਤ ਜੀਆਂ ਦੀ ਜੋਤ ਨੂੰ ਆਸਰਾ ਦਿੰਦਾ ਹੈਂ।

੧੫ ਗੁਣਾਂ ਕਰ ਕੇ ਗਹਿਰਾ (ਡੂੰਘਾ) ਹੈਂ ।

੧੬ ਤੂੰ ਕੁਲ-ਰਹਿਤ ਅਤੇ ਹੋਰ ਮਾਇਕ ਹਾਲਤਾਂ ਤੋਂ ਪਰੇ ਹੈਂ ।

੧੭ ਹੀਰਾ ।

੧੮ ਹੇ ਰਾਜਨ ! ਤੂੰ ਨਿਹਕੇਵਲ (ਆਜ਼ਾਦ) ਹੈਂ ਤੇ ਤੇਰੀ ਪਰਜਾ ਸੁਖੀ ਹੈ ।

੧੯ ਰਜਦਾ ਹੈ ।

੨੦ ਬੇਅਰਥ ।

੨੧ ਨੌਂ ਖੰਡ, ਸਤ ਦੀਪ, ਚੌਦਾਂ ਭਵਨ, ਤਿੰਨ ਲੋਕ, ਚਾਰ ਜੁਗ ਕਰ ਕੇ ਇਨ੍ਹਾਂ ਸਾਰਿਆਂ ਨੂੰ ਮਹਲਤ ਵਿੱਚ ਬਿਠਾ ਦਿੱਤਾ ਹੈ ਤੂੰ ਨੇ ।

੨੨ ਮਹਲੁ ਦਾ ਬਹੁ-ਵਚਨ ।

੨੩ ਵੇਦ ।

੨੪ ਚਾਰ ਜੁਗਾਂ ਵਿੱਚ ਆਪਣੀ-ਆਪਣੀ ਵਾਰੀ ।

੨੫ [ਮਧੁ ਰਾਕਸ਼ ਨੂੰ ਮਾਰਨ ਵਾਲਾ, ਵਿਸ਼ਨੂੰ] ਹਰੀ।

੨੬ [ਮਾਇਆ ਦਾ ਪਤੀ] ਹਰੀ ।

੨੭ [ਅੱਗ] ਜੋਤਿ । ਹਰ ਸਰੀਰ ਵਿੱਚ ਜੋ ਜੋਤ ਹੈ, ਉਹ ਤੇਰਾ ਲਸ਼ਕਰ ਹੈ ਤੇ ਧਰਮ ਰਾਜਾ ਸਰਦਾਰੀ ਕਰਦਾ ਹੈ ।

੨੮ ਧਰਤੀ ਦੇਗ ਹੈ ਜਿਸ ਤੋਂ ਇਕੋ ਵਾਰ ਸਭ ਕੁਝ ਮਿਲਦਾ ਹੈ ਤੇ ਤੇਰਾ ਬਣਾਇਆ ਹੋਇਆ ਭਾਗ ਭੰਡਾਰਾ ਵੰਡਣ ਵਾਲਾ ਹੈ ।

* ਠੀਕ ਮੱਤ ਗੁਰੂ ਤੋਂ ਮਿਲਦੀ ਹੈ; ਜਿਸ ਤੋਂ ਮਨੁੱਖ ਦਾ ਭਰਮ ਦੂਰ ਹੁੰਦਾ, ਜ਼ਿੰਦਗੀ ਦਾ ਆਦਰਸ਼ ਬਣਦਾ ਅਤੇ ਉਸ ਅਨੁਸਾਰ ਸੱਚੀ ਰਹਿਣੀ ਬਣਦੀ ਹੈ ।

† ਅਸਲੀ ਰਜੇਵਾਂ ਹਰੀ ਦੇ ਨਾਮ ਤੋਂ ਮਿਲਦਾ ਹੈ ਤੇ ਉਸੇ ਨਾਲ ਜਨਮ ਸਫਲ ਹੁੰਦਾ ਹੈ ।

‡ ਹਰੀ ਨੇ ਸਮੇਂ-ਸਮੇਂ ਦੀ ਅਗਵਾਈ ਲਈ ਧਰਮ ਪਠਾਏ ਹਨ । ਪਹਿਲੋਂ ਹਰ ਇਕ ਮਨੁੱਖ ਦੇ ਅੰਦਰ ਆਪਣੀ ਜੋਤਿ ਰੱਖੀ ਹੈ, ਜੋ ਹਰੀ ਦੇ ਪੱਖ ਦੀ ਪੁਸ਼ਟੀ ਲਈ ਫ਼ੌਜ ਦਾ ਕੰਮ ਦਿੰਦੀ ਹੈ; ਫਿਰ ਸਭ ਉੱਤੇ ਅਸਰ ਕਰਨ ਵਾਲੇ ਧਰਮ ਦੇ ਨੇਮ ਬੱਧੇ ਹਨ । ਮਨੁੱਖ ਲਈ ਹਰ ਥਾਂ ਚੋਗ ਖਿਲਾਰਿਆ ਹੈ, ਫਿਰ ਭੀ ਬੇਸਬਰਾ ਇਧਰ ਉਧਰ ਭਟਕਦਾ ਹੈ ਤੇ ਅੰਦਰ ਦੀ ਲੋਅ ਤੋਂ ਫਾਇਦਾ ਨਹੀਂ ਉਠਾਂਦਾ । ਮਨੁੱਖ ਉਹੋ ਕੁਝ ਬਣਦਾ ਹੈ, ਜੋ ਹਰੀ ਬਣਾਂਦਾ ਹੈ । ਮਸਲਨ; ਅੱਜ ਕਲ੍ਹ ਮੁਸਲਮਾਨਾਂ ਦਾ ਜ਼ੋਰ ਹੈ ਤੇ ਲੋਕੀਂ ਉਨ੍ਹਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੇ ਫੈਸ਼ਨ ਕਬੂਲ ਕਰ ਰਹੇ ਹਨ, ਬਲਕਿ ਆਪਣੀ ਬੋਲੀ ਤੇ ਹੋਰ ਸਭਿਆਚਾਰ ਗੁਆ ਬੈਠੇ ਹਨ ।

[੧]ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ[੨] ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ [੩]ਅਉਗਣ ਪੈਰਿ ਲੁਹਾਰੀ[੪] ॥ ੩ ॥ [੫]ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ ॥ [੬]ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਾਰੀ ॥ ੪ ॥ [੭]ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ [੮]ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥ ੫ ॥ ਕੂਜਾ ਬਾਂਗ ਨਿਵਾਜ ਮੁਸਲਾ[੯] [੧੦]ਨੀਲ ਰੂਪ ਬਨਵਾਰੀ ॥ [੧੧]ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ ੬ ॥ ਜੇ ਤੂ ਮੀਰ[੧੨] ਮਹੀਪਤਿ[੧੩] ਸਾਹਿਬੁ ਕੁਦਰਤਿ[੧੪] ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥ ੭ ॥ [੧੫]ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥ ੮ ॥ ੧ ॥ ੮ ॥

ਬਸੰਤੁ ਹਿੰਡੋਲੁ ਘਰੁ ੨ ਮਹਲਾ ੪ ੴ ਸਤਿਗੁਰ ਪ੍ਰਸਾਦਿ ॥

*ਕਾਂਇਆ ਨਗਰਿ ਇਕੁ ਬਾਲਕੁ[੧੬] ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥ ਅਨਿਕ ਉਪਾਵ ਜਤਨ ਕਰਿ ਥਾਕੇ [੧੭]ਬਾਰੰ ਬਾਰ ਭਰਮਾਈ ॥ ੧ ॥ ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ[੧੮] ॥ ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ[੧੯] ॥ ੧ ॥ ਰਹਾਉ ॥ [੨੦]ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥ ਰਾਮ ਨਾਮੁ ਗੁਰਿ ਉਦਕੁ[੨੧] ਚੁਆਇਆ ਫਿਰਿ ਹਰਿਆ ਹੋਆ ਰਸਿਆ[੨੨] ॥ ੨ ॥ ਮੈ [੨੩]ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ[੨੪] ਚਲਤੁ ਦਿਖਾਇਆ ॥ ਬਾਹਰੁ ਖੋਜਿ ਮੁਏ ਸਭਿ ਸਾਕਤ[੨੫] ਹਰਿ ਗੁਰਮਤੀ ਘਰਿ ਪਾਇਆ ॥ ੩ ॥ [੨੬]ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥ ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ[੨੭] [੨੮]ਦਾਲਦੁ ਭੰਜਿ ਸਮਾਇਆ ॥ ੪ ॥ ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ ॥ ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ ॥ ੫ ॥ [੨੯]ਜਨ ਕੀ ਉਸਤਤਿ ਹੈ ਰਾਮ ਨਾਮਾ ਦਹ ਦਿਸਿ[੩੦] ਸੋਭਾ ਪਾਈ ॥ ਨਿੰਦਕੁ ਸਾਕਤੁ [੩੧]ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ[੩੨] ਲਾਈ ॥ ੬ ॥ ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ ॥ ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ ਜੋ ਹੋਵਹਿ ਦਾਸਨਿ ਦਾਸਾ ॥ ੭ ॥ ਆਪੇ ਜਲੁ[੩੩] ਅਪਰੰਪਰੁ[੩੪] ਕਰਤਾ ਆਪੇ ਮੇਲਿ ਮਿਲਾਵੈ ॥ ਨਾਨਕ ਗੁਰਮੁਖਿ[੩੫] ਸਹਜਿ ਮਿਲਾਏ ਜਿਉ ਜਲੁ ਜਲਹਿ ਸਮਾਵੈ ॥ ੮ ॥ ੧ ॥ ੯ ॥

੧ ਬੇ-ਸਬਰਾ ਹੋ ਕੇ ਫਿਰ ਮੰਗਦਾ ਹੈ ।

੨ [ਨਾਰਦ ਰਿਸ਼ੀ ਨੂੰ ਸਰਾਪ ਸੀ ਕਿ ਕਿਸੇ ਇਕ ਥਾਂ ਟਿਕ ਕੇ ਨਹੀਂ ਬੈਠ ਸਕਦਾ ਸੀ] ਚਲਾਏਮਾਨ ਮਨ ।

੩ ਅਵਗੁਣਾਂ ਦੀ ਪੈਰੀਂ ਬੇੜੀ ਪਈ ਹੈ ।

੪ ਲੋਹੇ ਦੀ ਬੇੜੀ ।

੫ ਪੂੰਜੀ ਇਹ ਹੈ ਕਿ ਮੋਹਲਿਆਂ ਦੀ ਮਾਰ ਪੈਂਦੀ ਹੈ ਤੇ ਪਾਪ ਹੀ ਕੋਤਵਾਲੀ ਕਰਦਾ ਹੈ । [ਸੰ. ਮੁਦਗਰ=ਮੁਗਦਰ, ਮੋਹਲੇ]

੬ ਜੇ ਤੈਨੂੰ ਭਾਵੇ ਤਾਂ ਚੰਗਾ ਬਣਾ ਦਿੰਦਾ ਹੈਂ ।

੭ ਆਦ ਪੁਰਖ ਨੂੰ ਅੱਲ੍ਹਾ ਕਹਿਣ ਲੱਗ ਪਏ ਹਨ ਸ਼ੇਖਾਂ ਦੀ ਅਮਲਦਾਰੀ ਹੋ ਗਈ ਹੈ ।

੮ ਦੇਵਤਿਆਂ ਤੇ ਮੰਦਰਾਂ ਨੂੰ ਉਨ੍ਹਾਂ ਟੈਕਸ ਲਾ ਦਿੱਤਾ ਹੈ; ਇਹੋ ਜੇਹਾ ਰਿਵਾਜ ਚੱਲ ਪਿਆ ਹੈ।

੯ ਫੂਹੜੀ ਜਿਸ 'ਤੇ ਨਮਾਜ਼ ਪੜ੍ਹਦੇ ਹਨ ।

੧੦ ਵਾਹਿਗੁਰੂ ਵੀ ਹੁਣ ਤਾਂ ਨੀਲੇ ਰੂਪ ਵਿੱਚ ਦਿਸਦਾ ਹੈ (ਮੁਗ਼ਲਾਂ ਦੇ ਰਾਜ ਵਿੱਚ ਸਭ ਨੀਲੇ ਬਸਤਰ ਪਹਿਨਦੇ ਸਨ) ਦੇਖੋ ਪੰਨਾ ੪੭੨, ਫੁਟ ਨੋਟ * ।

੧੧ ਘਰ-ਘਰ ਵਿੱਚ ਮੀਆਂ-ਮੀਆਂ ਹੋਣ ਲੱਗ ਪਈ ਹੈ ਤੇ ਬੋਲੀ ਵੀ ਬਦਲ ਗਈ ਹੈ । ਦੇਖੋ ਪੰਨਾ ੬੬੩, ਨੋਟ ੨ ।

੧੨ ਮਾਲਕ ।

੧੩ ਧਰਤੀ ਦਾ ਪਤੀ ।

੧੪ ਤਾਕਤ । ਭਾਵ ਜੇ ਤੂੰ ਇਹ ਕੁਝ ਵਰਤਾਅ ਦਿੱਤਾ ਹੈ ਤਾਂ ਸਾਡੀ ਉਥੇ ਕੀ ਵਟਕ ਚੱਲਣੀ ਹੋਈ ?

੧੫ ਤੀਰਥ ਆਦਿ ਤੋਂ ਜੋ ਕੁਝ ਲਾਭ ਦਿਹਾੜੀ (ਮਜ਼ਦੂਰੀ) ਦੇ ਤੌਰ 'ਤੇ ਮਿਲਦਾ ਸੀ ਉਹ ਇਕ ਘੜੀ ਦੇ ਸਿਮਰਨ ਨਾਲ ਮਿਲ ਪਿਆ ਹੈ । ਮੇਕਾ= ਇਕ ।

੧੬ ਮਨ ਬਾਲਕ ।

੧੭ ਮੁੜ-ਮੁੜ ਭਟਕਦਾ ਹੈ ।

੧੮ ਲਿਆ । ਹੇ ਮੇਰੇ ਮਾਲਕ ! ਇਸ ਇਆਣੇ ਮਨ ਨੂੰ ਇਕਾਗਰਤਾ ਦੀ ਹਾਲਤ ਵਿੱਚ ਲਿਆ। ਇਕਤੁ-ਇਕਤ੍ਰ, ਏਕਤਾ ।

੧੯ ਪ੍ਰਗਟ ।

੨੦ ਇਹ ਸਰੀਰ ਜੋ ਸਾਰੇ ਜਗਤ ਦਾ ਰੂਪ ਹੈ ਨਿਰੀ ਮੁਰਦਾ ਢੇਰੀ ਹੈ, ਜੇ ਇਸ ਵਿੱਚ ਨਾਮ ਨਹੀਂ ਵੱਸਿਆ ।

੨੧ ਪਾਣੀ ।

੨੨ ਰਸ ਵਾਲਾ ਹੋ ਗਿਆ ।

੨੩ ਦੇਖ-ਦੇਖ ਕੇ, ਪਰਖ-ਪਰਖ ਕੇ ।

੨੪ ਮੁਖੀ ਗੁਰੂ ਨੇ ।

੨੫ [ਸ਼ਕਤੀ ਦੇ ਉਪਾਸ਼ਕ] ਮਾਦਾਪ੍ਰਸਤ । ਸਾਰੇ ਮਾਦਾਪ੍ਰਸਤ ਰੱਬ ਨੂੰ ਸਰੀਰ ਤੋਂ ਬਾਹਰ ਹੀ ਢੂੰਢਦੇ ਰਹਿ ਗਏ, ਪਰ ਗੁਰੂ ਦੀ ਸਿਖਿਆ ਦੁਆਰਾ ਰੱਬ ਨੂੰ ਮਨ ਦੇ ਅੰਦਰੋਂ ਹੀ ਪਾ ਲਿਆ ।

੨੬ ਗਰੀਬਾਂ ਤੋਂ ਗਰੀਬ ਜੋ ਹਨ ਉਨ੍ਹਾਂ 'ਤੇ ਦਿਆਲ ਹੋਇਆ ਹੈ, ਜਿਵੇਂ ਕ੍ਰਿਸ਼ਨ ਵਿਦੁਰ ਦੇ ਘਰ ਆਇਆ ਸੀ । ਵਿਦੁਰ ਭਗਤ ਵਿਆਸ ਦਾ ਪੁੱਤਰ ਸੀ । ਇਸ ਦੇ ਚੰਗੇ ਗੁਣਾਂ 'ਤੇ ਮੋਹਿਤ ਹੋ ਕੇ ਕ੍ਰਿਸ਼ਨ ਜੀ ਰਾਜਾ ਦੁਰਯੋਧਨ ਦਾ ਘਰ ਛੱਡ ਕੇ ਇਸ ਦੇ ਘਰ ਆ ਰਹੇ ਸਨ ।

੨੭ ਪਹਿਲਾਂ ਹੀ ਘਰ ਅਪੜਨ ਤੋਂ ।

੨੮ ਗਰੀਬੀ ਭੰਨ ਕੇ ਮੁਕਾਅ ਦਿੱਤੀ ।

੨੯ ਰਾਮ-ਨਾਮ ਜਪਣ ਕਰ ਕੇ ਜਨ ਦੀ ਉਸਤਤ ਹੈ।

੩੦ ਸਾਰੇ ਪਾਸੇ ।

੩੧ ਸਹਾਰ ਨਹੀਂ ਸਕਦਾ ।

੩੨ ਚੁਆਤੀ । ਦੇਖੋ ਪੰਨਾ ੯੮੨, ਨੋਟ ੨੨ ।

੩੩ ਭਾਵ ਜ਼ਿੰਦਗੀ ।

੩੪ ਪਰੇ ਤੋਂ ਪਰੇ, ਹਰੀ ।

੩੫ ਗੁਰੂ ਦੁਆਰਾ ।

* ਮਨ ਚੰਚਲ ਹੋਣ ਕਰ ਕੇ ਹਰੀ ਤੋਂ ਪਰੇ ਭਟਕਦਾ ਰਹਿੰਦਾ ਹੈ ਅਤੇ ਜਦ ਤੱਕ ਹਰੀ ਤੋਂ ਸੱਖਣਾ ਰਹਿੰਦਾ ਹੈ, ਤਦ ਤੋੜੀ ਸਰੀਰ ਨਿਰਾ ਇਕ ਮੁਰਦਾ ਢੇਰ ਵਾਕੁਰ ਹੁੰਦਾ ਹੈ । ਪਰ ਜਦ ਗੁਰੂ ਮਿਲੇ ਤਾਂ ਮਨ ਇਕਾਗਰ ਹੋ ਕੇ ਆਪਣੇ ਅੰਦਰ ਹੀ ਹਰੀ ਨੂੰ ਵੱਸਦਾ ਦੇਖ ਲੈਂਦਾ ਹੈ । ਇਹ ਸਭ ਮਿਹਰਬਾਨੀ ਹਰੀ ਆਪ ਕਰਦਾ ਹੈ ।

ਬਸੰਤੁ ਮਹਲਾ ੫ ਘਰੁ ੧ ਦੁਤੁਕੀਆ ੧ੴ ਸਤਿਗੁਰ ਪ੍ਰਸਾਦਿ ॥
*[1]ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ[2] ਉਧਰਿਆ ਕਹਿ ਏਕ ਬਾਰ ॥ ਬਾਲਮੀਕੈ[3] ਹੋਆ ਸਾਧਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ[4] ॥ ੧ ॥ [5]ਤੇਰਿਆ ਸੰਤਾ ਜਾਚਉ ਚਰਨ ਰੇਨ ॥ ਲੇ ਮਸਤਕਿ ਲਾਵਉ [6]ਕਰਿ ਕ੍ਰਿਪਾ ਦੇਨ ॥ ੧ ॥ ਰਹਾਉ ॥ ਗਨਿਕਾ[7] ਉਧਰੀ ਹਰਿ ਕਹੈ ਤੋਤ[8] ॥ ਗਜਇੰਦ੍ਰ[9] ਧਿਆਇਓ ਹਰਿ ਕੀਓ ਮੋਖ[10] ॥ [11]ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ ਤੂ ਭੀ ਭਜੁ ਗੋਬਿੰਦ ॥ ੨ ॥ ਬਧਿਕੁ[12] ਉਧਾਰਿਓ [13]ਖਮਿ ਪ੍ਰਹਾਰ ॥ [14]ਕੁਬਿਜਾ ਉਧਰੀ ਅੰਗੁਸਟ ਧਾਰ ॥ ਬਿਦਰੁ ਉਧਾਰਿਓ [15]ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਇ ॥ ੩ ॥ ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥ ਜਿਨਿ ਜਿਨਿ ਸੇਵਿਆ ਅੰਤ ਬਾਰ ॥ ਰੇ ਮਨ ਸੇਵਿ ਤੂ ਪਰਹਿ ਪਾਰ ॥ ੪ ॥ [16]ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ[17] ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥ ੫ ॥ ਜੈਦੇਵ ਤਿਆਗਿਓ ਅਹੰਮੇਵ[18] ॥ ਨਾਈ ਉਧਰਿਓ ਸੈਨੁ ਸੇਵ ॥ ਮਨੁ[19] ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥ ੬ ॥ ਜਿਹ ਅਨੁਗ੍ਰਹੁ[20] ਠਾਕੁਰਿ ਕੀਓ ਆਪਿ ॥ [21]ਸੇ ਤੈਂ ਲੀਨੇ ਭਗਤ ਰਾਖਿ ॥ ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥ ੭ ॥ ਕਬੀਰਿ ਧਿਆਇਓ [22]ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥ ੮ ॥ ੧ ॥ ਬਸੰਤੁ ਮਹਲਾ ੫† ॥ ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ ਹਰਿ ਸਿਮਰਨ ਬਿਨੁ ਨਰਕਿ ਪਾਹਿ ॥ [23]ਭਗਤਿ ਬਿਹੂਨਾ ਖੰਡ ਖੰਡ ॥ ਬਿਨੁ ਬੂਝੇ ਜਮੁ ਦੇਤ ਡੰਡ ॥ ੧ ॥ ਗੋਬਿੰਦ ਭਜਹੁ ਮੇਰੇ ਸਦਾ ਮੀਤ ॥ ਸਾਚ ਸਬਦ ਕਰਿ ਸਦਾ ਪ੍ਰੀਤਿ ॥ ੧ ॥ ਰਹਾਉ ॥ ਸੰਤੋਖੁ ਨ ਆਵਤ [24]ਕਹੂੰ ਕਾਜ ॥ [25]ਧੂੰਮ ਬਾਦਰ ਸਭਿ ਮਾਇਆ ਸਾਜ ॥ ਪਾਪ ਕਰੰਤੌ ਨਹ ਸੰਗਾਇ[26] ॥ ਬਿਖੁ ਕਾ ਮਾਤਾ ਆਵੈ ਜਾਇ ॥ ੨ ॥ ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥ ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥ ੩ ॥ ਕਬ ਹੀ ਰਾਜਾ ਕਬ ਮੰਗਨਹਾਰੁ ॥ ਦੂਖ ਸੂਖ ਬਾਧੌ ਸੰਸਾਰ ॥ ਮਨ ਉਧਰਣ ਕਾ ਸਾਜੁ[27] ਨਾਹਿ ॥ ਪਾਪ ਬੰਧਨ ਨਿਤ [28]ਪਉਤ ਜਾਹਿ ॥ ੪ ॥ [29]ਈਠ ਮੀਤ ਕੋਊ ਸਖਾ[30] ਨਾਹਿ ॥ ਆਪਿ ਬੀਜਿ ਆਪੇ ਹੀ ਖਾਂਹਿ ॥ [31]ਜਾ ਕੈ ਕੀਨੈ ਹੋਤ ਬਿਕਾਰ ॥

੧ ਹੇ ਮਨ ! ਸਾਖੀਆਂ (ਭਗਤਾਂ ਦੀਆਂ) ਸੁਣ ਕੇ ਪਿਆਰ ਨਾਲ ਜਪ ।
੨ ਦੇਖੋ ਪੰਨਾ ੧੧੨੪, ਨੋਟ ੪੦ ।
੩ ਇਕ ਚੰਡਾਲ ਜੋ ਭਗਤੀ ਕਰ ਕੇ ਰਿਖੀਆਂ ਵਿੱਚ ਗਿਣਿਆ ਗਿਆ ।
੪ ਨਿਰਸੰਦੇਹ ।
੫ ਤੇਰੇ ਸੰਤਾਂ ਦੀ ਚਰਨ-ਧੂੜ ਮੰਗਦਾ ਹਾਂ ।
੬ ਦੇਣ ਦੀ ਕਿਰਪਾ ਕਰ ।
੭ ਇਕ ਵੇਸਵਾ । ਦੇਖੋ ਪੰਨਾ ੧੧੨੪, ਨੋਟ ੪੧।
੮ ਤੋਤਾ ।
੯ ਹਾਥੀ । ਦੇਖੋ ਪੰਨਾ ੧੧੨੪, ਨੋਟ ੪੩ ।
੧੦ ਮੁਕਤ, ਆਜ਼ਾਦ (ਤੇਂਦੂਏ ਤੋਂ) ।
੧੧ ਬ੍ਰਾਹਮਣ ਸੁਦਾਮੇ ਦੀ ਗਰੀਬੀ ਕੱਟ ਦਿੱਤੀ ।
੧੨ ਸ਼ਿਕਾਰੀ ਜਿਸ ਨੇ ਕ੍ਰਿਸ਼ਨ ਦੇ ਪੈਰ ਵਿੱਚ ਦੂਰੋਂ ਪਦਮ ਤੱਕਿਆ ਅਤੇ ਇਸ ਨੂੰ ਹਿਰਨ ਦੀ ਅੱਖ ਸਮਝ ਕੇ ਨਿਸ਼ਾਨਾ ਮਾਰਿਆ । ਪਿਛੋਂ ਪਸਚਾਤਾਪ ਕੀਤਾ ਤੇ ਬਖਸ਼ਿਆ ਗਿਆ ।
੧੩ [ਖਮਿ=ਤੀਰ ਨਾਲ] ਤੀਰ ਨਾਲ ਮਾਰਨ ਵਾਲਾ ।
੧੪ ਅੰਗੂਠੇ 'ਤੇ ਚਰਨ ਧਰ ਕੇ ਕੁੱਬੀ ਨੂੰ ਵੀ ਤਾਰਿਆ। ਦੇਖੋ ਪੰਨਾ ੩੪੫, ਨੋਟ ੭ ।
੧੫ ਦਾਸਾ ਭਾਵ ਦੇ ਕਾਰਨ । ਦੇਖੋ ਪਿਛਲੇ ਸਫੇ ਦਾ ਨੋਟ ੨੬ ।
੧੬ ਧੰਨਾ, ਤ੍ਰਿਲੋਚਨ, ਬੇਣੀ, ਜੈਦੇਵ, ਸੈਨੁ ਨਾਈ, ਕਬੀਰ, ਨਾਮਦੇਵ, ਰਵਿਦਾਸ ਭਗਤ ਹੋਏ ਹਨ।
੧੭ ਸਿਧੀ, ਕਾਮਯਾਬੀ, ਸਫਲਤਾ ।
੧੮ ਹੰਕਾਰ ।
੧੯ ਸੈਨ ਨਾਈ ਦਾ ਮਨ ।
੨੦ ਕ੍ਰਿਪਾ ।
੨੧ ਉਨ੍ਹਾਂ ਨੂੰ ਤੂੰ ।
੨੨ ਇਕ ਰਸ ਪ੍ਰੇਮ ਨਾਲ ।
੨੩ ਭਗਤੀ ਤੋਂ ਬਿਨਾਂ ਟੋਟੇ-ਟੋਟੇ ਭਾਵ ਨਾਸ ਹੁੰਦਾ ਹੈ।
੨੪ ਕਿਸ਼ੇ ਕੰਮ ।
੨੫ ਬੱਦਲ ਦਾ ਧੂੰਆਂ ਹੈ ਸਾਰਾ ਮਾਇਆ ਦਾ ਸਮਿਆਨ ।
੨੬ ਸੰਗਦਾ, ਝਿਜਕਦਾ ।
੨੭ ਆਹਰ ।
੨੮ ਪੈਂਦੇ ਜਾਂਦੇ ਹਨ ।
੨੯ ਪਿਆਰੇ ਮਿੱਤਰ ।
੩੦ ਸਾਥੀ ।
੩੧ ਜਿਨ੍ਹਾਂ ਪਦਾਰਥਾਂ ਦੇ ਕੱਠੇ ਕੀਤਿਆਂ ਵਿਕਾਰ ਹੁੰਦੇ ਹਨ ।

* ਭਗਤਾਂ ਦੀਆਂ ਸਾਖੀਆਂ ਦੇ ਕੇ ਕਹਿੰਦੇ ਹਨ ਕਿ ਵਡੇ-ਵਡੇ ਨੀਚ ਕੁਲ ਵਾਲੇ ਅਤੇ ਪਾਪੀ ਹਰੀ-ਨਾਮ ਜਪ ਕੇ ਤਰ ਗਏ, ਤੂੰ ਭੀ ਜਪ, ਤਰ ਜਾਏਂਗਾ । (ਇਸ ਸ਼ਬਦ ਵਿੱਚ ਕਈ ਤੁਕਾਂ ਦੇ ਅੰਤਲੇ ਅੱਖਰ ਨੂੰ ਲਗ-ਰਹਿਤ ਰਹਿਣ ਦਿੱਤਾ ਹੈ ।)

† ਹਰੀ-ਨਾਮ ਤੋਂ ਬਿਨਾਂ ਕੋਈ ਪਦਾਰਥ ਸਾਡੇ ਮਨ ਨੂੰ ਨਹੀਂ ਰਜਾ ਸਕਦਾ, ਨਾ ਕੋਈ ਸਾਨੂੰ ਪਾਪਾਂ ਦੇ ਬੁਰੇ ਨਤੀਜੇ ਤੋਂ ਬਚਾਅ ਸਕਦਾ ਹੈ । ਹਰੀ ਆਪ ਹੀ ਰਜਾਵਣ ਵਾਲਾ ਤੇ ਰਖਿਆ ਕਰਨ ਵਾਲਾ ਹੈ।

ਸੋ ਛੋਡਿ ਚਲਿਆ ਖਿਨ ਮਹਿ ਗਵਾਰ ॥ ੫ ॥ ਮਾਇਆ ਮੋਹਿ ਬਹੁ ਭਰਮਿਆ ॥ [੧]ਕਿਰਤ ਰੇਖ ਕਰਿ ਕਰਮਿਆ ॥ ਕਰਣੈਹਾਰੁ ਅਲਿਪਤੁ[੨] ਆਪਿ ॥ ਨਹੀ ਲੇਪੁ ਪ੍ਰਭ ਪੁੰਨ ਪਾਪਿ ॥ ੬ ॥ ਰਾਖਿ ਲੇਹੁ ਗੋਬਿੰਦ ਦਇਆਲ ॥ ਤੇਰੀ ਸਰਣਿ ਪੂਰਨ ਕ੍ਰਿਪਾਲ ॥ ਤੁਝ ਬਿਨੁ ਦੂਜਾ ਨਹੀ ਠਾਉ[੩] ॥ ਕਰਿ ਕਿਰਪਾ ਪ੍ਰਭ ਦੇਹੁ ਨਾਉ ॥ ੭ ॥ ਤੂ ਕਰਤਾ ਤੂ ਕਰਣਹਾਰੁ ॥ ਤੂ ਊਚਾ ਤੂ ਬਹੁ ਅਪਾਰੁ ॥ ਕਰਿ ਕਿਰਪਾ ਲੜਿ ਲੇਹੁ ਲਾਇ ॥ ਨਾਨਕ ਦਾਸ ਪ੍ਰਭ ਕੀ ਸਰਣਾਇ ॥ ੮ ॥ ੨ ॥

ਬਸੰਤ ਕੀ ਵਾਰ* ਮਹਲੁ ੫ ੴ ਸਤਿਗੁਰ ਪ੍ਰਸਾਦਿ ॥

†ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ [੪]ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ[੫] ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ[੬] ॥ ਨਾਨਕੁ ਸਿਮਰੈ ਏਕੁ ਨਾਮੁ [੭]ਫਿਰਿ ਬਹੁੜਿ ਨ ਧਾਈ ॥ ੧ ॥ [੮]ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ[੯] ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ[੧੦] ਨਾਮੁ ਧਿਆਇਦਾ ਫਿਰਿ [੧੧]ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥ ੨ ॥ [੧੨]ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥ ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ[੧੩] ਸਾਹਿਬੋ ਦੂਸਰੁ [੧੪]ਲਵੈ ਨ ਲਾਵੈ ॥ ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥ ੩ ॥ ੧ ॥

ਬਸੰਤੁ ਬਾਣੀ ਭਗਤਾਂ ਕੀ ॥ ਕਬੀਰ[੧੫] ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥

‡ਮਉਲੀ[੫] ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥ ੧ ॥ ਰਾਜਾ ਰਾਮੁ ਮਉਲਿਆ [੧੬]ਅਨਤ ਭਾਇ ॥ ਜਹ ਦੇਖਉ ਤਹ ਰਹਿਆ ਸਮਾਇ ॥ ੧ ॥ ਰਹਾਉ ॥ [੧੭]ਦੁਤੀਆ ਮਉਲੇ ਚਾਰਿ ਬੇਦ ॥ [੧੮]ਸਿੰਮ੍ਰਿਤਿ ਮਉਲੀ ਸਿਉ ਕਤੇਬ ॥ ੨ ॥ ਸੰਕਰੁ[੧੯] ਮਉਲਿਓ ਜੋਗ ਧਿਆਨ ॥ ਕਬੀਰ ਕੋ ਸੁਆਮੀ [੨੦]ਸਭ ਸਮਾਨ ॥ ੩ ॥ ੧ ॥ §ਪੰਡਿਤ ਜਨ ਮਾਤੇ[੨੧] ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ[੨੨] ॥ ਤਪਸੀ ਮਾਤੇ ਤਪ ਕੈ ਭੇਵ[੨੩] ॥ ੧ ॥ ਸਭ [੨੪]ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ[੨੫] ਘਰੁ ਮੁਸਨ[੨੬] ਲਾਗ ॥ ੧ ॥ ਰਹਾਉ ॥ ਜਾਗੈ ਸੁਕਦੇਉ[੨੭] ਅਰੁ ਅਕੂਰੁ[੨੮] ॥ ਹਣਵੰਤੁ[੨੯] ਜਾਗੈ [੩੦]ਧਰਿ ਲੰਕੂਰੁ ॥ ਸੰਕਰੁ ਜਾਗੈ ਚਰਨ ਸੇਵ ॥

੧ ਕੀਤੇ ਕਰਮਾਂ ਦੀ ਲਿਖਤ ਅਨੁਸਾਰ ਕੰਮ ਕਰਦਾ ਹੈ ।

੨ ਨਿਰਲੇਪ ।

੩ ਥਾਂ ।

੪ ਇਹ ਸੁਹਾਵੀ ਰੁੱਤ (ਨਾਮ ਜਪਣ ਦਾ ਅਵਸਰ) ਲਿਖੇ ਕਰਮਾਂ ਅਨੁਸਾਰ ਸਾਨੂੰ ਮਿਲੀ ਹੈ ।

੫ ਖਿੜਿਆ ।

੬ ਕਾਲਖ, ਮੈਲ ।

੭ ਮੁੜ ਕੇ ਜਨਮ-ਮਰਨ ਵਿੱਚ ਨਹੀਂ ਭਟਕੀਦਾ ।

੮ ਜਿਨ੍ਹਾਂ ਨੇ ਸੱਚ ਦਾ ਢੋਆ ਪੇਸ਼ ਕੀਤਾ ਹੈ ਉਨ੍ਹਾਂ ਪੰਜੇ ਕਾਮਾਦਿਕ ਬਲੀ ਕਾਬੂ ਕਰ ਲਏ ਹਨ ।

੯ ਪ੍ਰਕਾਸ਼ ਰੂਪ ਹਰੀ ।

੧੦ ਰਾਤ ।

੧੧ ਮੌਤ ਵਿੱਚ ਨਹੀਂ ਪੈਂਦਾ ।

੧੨ ਜੀਵ ਕਿਥੋਂ ਪੈਦਾ ਹੁੰਦਾ ਹੈ ? ਕਿਥੇ ਰਹਿੰਦਾ ਹੈ? ਅਤੇ ਕਿਸ ਵਿੱਚ ਜਾ ਕੇ ਸਮਾਅ ਜਾਂਦਾ ਹੈ ?

੧੩ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ, ਹਰੀ ।

੧੪ ਬਰਾਬਰੀ ਨਹੀਂ ਕਰ ਸਕਦਾ ।

੧੫ ਦੇਖੋ ਪੰਨਾ ੧੧੨੩, ਨੋਟ ੮ ।

੧੬ ਕਈ ਰੰਗਾਂ ਵਿੱਚ । ਵਾਹਿਗੁਰੂ ਸਭ ਅੰਦਰ ਕਈ ਰੰਗਾਂ ਵਿੱਚ ਖਿੜਿਆ ਪ੍ਰਗਟ ਹੋ ਰਿਹਾ ਹੈ ।

੧੭ ਦੂਜੀ ਗੱਲ ਇਹ ਹੈ ਕਿ ਚਾਰ ਵੇਦਾਂ ਤੋਂ ਉਹਦਾ ਗਿਆਨ ਪ੍ਰਕਾਸ਼ ਰਿਹਾ ਹੈ ।

੧੮ ਹਿੰਦੂਆਂ ਦੀਆਂ ਧਰਮ-ਪੁਸਤਕਾਂ (ਸਿੰਮ੍ਰਿਤੀਆਂ) ਮੁਸਲਮਾਨੀ ਧਰਮ-ਪੁਸਤਕਾਂ ਸਮੇਤ ਪ੍ਰਫੁੱਲਤ ਹੋਈਆਂ।

੧੯ ਸ਼ਿਵ ਜੀ ।

੨੦ ਸਭ ਵਿੱਚ ਇਕੋ ਜੇਹਾ ਸਮਾਅ ਰਿਹਾ ਹੈ ।

੨੧ ਮਸਤ ਹਨ ।

੨੨ ਹੰਕਾਰ ਵਿੱਚ ।

੨੩ ਭੇਦ ਵਿੱਚ ।

੨੪ ਮਾਇਆ ਦੇ ਨਸ਼ੇ ਵਿੱਚ ਮਸਤ ਹਨ ।

੨੫ ਕਾਮਾਦਿਕ ਚੋਰ ।

੨੬ ਠੱਗਣ ।

੨੭ ਇਕ ਰਿਸ਼ੀ ।

੨੮ ਅਕਰੂਰ, ਕੰਸ ਦਾ ਭਾਈ ਜੋ ਕ੍ਰਿਸ਼ਨ ਦਾ ਭਗਤ ਸੀ ।

੨੯ ਹਨੂੰਮਾਨ ।

੩੦ ਪੂਛਲ ਲੰਮੀ ਧਾਰ ਕੇ, ਭਾਵ ਪੂਛ ਧਾਰੀ ।

* ਇਹ ਵਾਰ ਸਭ ਤੋਂ ਛੋਟੀ ਕੇਵਲ ਤਿੰਨਾਂ ਪਉੜੀਆਂ ਦੀ ਹੈ । ਇਸ ਉੱਤੇ ਸਾਖੀ ਇਹ ਕਰਦੇ ਹਨ ਕਿ ਗੁਰੂ ਜੀ ਨੇ ਅਜੇ ਇਹ ਤਿੰਨ ਪਉੜੀਆਂ ਹੀ ਰਚੀਆਂ ਸਨ ਕਿ ਲਾਂਗਰੀ ਨੇ ਆ ਕੇ ਬੇਨਤੀ ਕੀਤੀ ਕਿ ਲੰਗਰ ਤਿਆਰ ਹੈ ਅਤੇ ਪੰਗਤ ਆਪ ਦੀ ਉਡੀਕ ਵਿੱਚ ਬੈਠੀ ਹੈ । ਸੋ ਗੁਰੂ ਜੀ ਵਾਰ ਰਚਨਾ ਨੂੰ ਵਿਚੇ ਛੱਡ ਕੇ ਲੰਗਰ ਵਿੱਚ ਚਲੇ ਗਏ, ਇਸ ਕਰ ਕੇ ਇਹ ਵਾਰ ਛੋਟੀ ਹੀ ਰਹੀ ।

† ਨਾਮ ਸਿਮਰਨ ਨਾਲ ਜੀਵਨ ਸੁਖੀ ਤੇ ਪ੍ਰਫੁੱਲਤ ਹੁੰਦਾ ਹੈ (੧); ਹਰ ਤਰ੍ਹਾਂ ਦੇ ਦੁੱਖ ਤੇ ਪਾਪ ਦੂਰ ਹੁੰਦੇ (੨); ਅਤੇ ਮਨੁੱਖ ਆਪਣੇ ਬੇਅੰਤ ਮਾਲਕ ਦਾ ਬੰਦਾ ਬਣ ਕੇ ਉਸ ਵਾਕੁਰ ਬੇਅੰਤ ਗੁਣਾਂ ਵਾਲਾ ਹੋ ਜਾਂਦਾ ਹੈ (੩) ।

‡ ਜਿੱਥੇ ਕਿਤੇ ਹਰੀ ਦਾ ਵਾਸਾ ਹੈ, ਉਥੇ ਬਸੰਤ ਖਿੜੀ ਹੈ । ਕੁਦਰਤ ਵਿੱਚ, ਧਾਰਮਿਕ ਪੁਸਤਕਾਂ ਵਿੱਚ ਅਤੇ ਦੇਵਤਿਆਂ ਵਿੱਚ ਹਰੀ ਦਾ ਪ੍ਰਵੇਸ਼ ਹੋਣ ਕਰ ਕੇ ਵਡਿਆਈ ਹੈ ।

§ ਪਰ ਇਸ ਪ੍ਰਵੇਸ਼ ਤੋਂ ਹਰ ਇਕ ਜਾਣੂੰ ਨਹੀਂ ਹੁੰਦਾ, ਕੇਵਲ ਭਗਤ ਲੋਕਾਂ ਨੂੰ ਹੀ ਇਸ ਦੀ ਸੋਝੀ ਹੁੰਦੀ ਹੈ ।

ਕਲਿ[੧] ਜਾਗੇ ਨਾਮਾ[੨] ਜੈਦੇਵ[੩] ॥ ੨ ॥ [੪]ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ
ਜਾਗੈ ਸੋਈ ਸਾਰੁ ॥ [੫]ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ
ਰਾਮ ਨਾਮ ॥ ੩ ॥ ੨ ॥ ✲[੬]ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ
ਖੇਲਾਇਆ ॥ ਬਿਨੁ ਸ੍ਰਵਣਾ ਖੀਰੁ ਪਿਲਾਇਆ ॥ ੧ ॥ ਦੇਖਹੁ ਲੋਗਾ [੭]ਕਲਿ
ਕੋ ਭਾਉ ॥ [੮]ਸੁਤਿ ਮੁਕਲਾਈ ਅਪਨੀ ਮਾਉ ॥ ੧ ॥ ਰਹਾਉ ॥ ਪਗਾ ਬਿਨੁ
ਹੁਰੀਆ[੯] ਮਾਰਤਾ ॥ [੧੦]ਬਦਨੈ ਬਿਨੁ ਖਿਰ ਖਿਰ ਹਾਸਤਾ ॥ [੧੧]ਨਿਦ੍ਰਾ ਬਿਨੁ
ਨਰੁ ਪੈ ਸੋਵੈ ॥ ਬਿਨੁ ਬਾਸਨ[੧੨] ਖੀਰੁ ਬਿਲੋਵੈ ॥ ੨ ॥ ਬਿਨੁ ਅਸਥਨ[੧੩] ਗਊ
ਲਵੇਰੀ ॥ [੧੪]ਪੈਡੇ ਬਿਨੁ ਬਾਟ ਘਨੇਰੀ ॥ ਬਿਨੁ ਸਤਿਗੁਰ ਬਾਟ[੧੫] ਨ ਪਾਈ ॥
ਕਹੁ ਕਬੀਰ ਸਮਝਾਈ ॥ ੩ ॥ ੩ ॥ †ਪ੍ਰਹਲਾਦ ਪਠਾਏ[੧੬] ਪੜਨਸਾਲ[੧੭] ॥
ਸੰਗਿ ਸਖਾ ਬਹੁ ਲੀਏ ਬਾਲ ॥ ਮੋ ਕਉ ਕਹਾ ਪੜ੍ਹਾਵਸਿ [੧੮]ਆਲ ਜਾਲ ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ ॥ ੧ ॥ ਨਹੀ ਛੋਡਉ ਰੇ ਬਾਬਾ ਰਾਮ
ਨਾਮ ॥ ਮੇਰੋ ਅਉਰ ਪੜ੍ਹਨ ਸਿਉ ਨਹੀ ਕਾਮੁ ॥ ੧ ॥ ਰਹਾਉ ॥ [੧੯]ਸੰਡੈ ਮਰਕੈ
ਕਹਿਓ ਜਾਇ ॥ ਪ੍ਰਹਲਾਦ ਬੁਲਾਏ ਬੇਗਿ[੨੦] ਧਾਇ ॥ ਤੂ ਰਾਮ ਕਹਨ ਕੀ
ਛੋਡੁ ਬਾਨਿ[੨੧] ॥ ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥ ੨ ॥ ਮੋ ਕਉ
ਕਹਾ ਸਤਾਵਹੁ ਬਾਰ ਬਾਰ ॥ ਪ੍ਰਭਿ ਜਲ ਥਲ ਗਿਰਿ[੨੨] ਕੀਏ ਪਹਾਰ[੨੩] ॥
[੨੪]ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥ ਮੋ ਕਉ [੨੫]ਘਾਲਿ ਜਾਰਿ ਭਾਵੈ
ਮਾਰਿ ਡਾਰਿ ॥ ੩ ॥ ਕਾਢਿ ਖੜਗੁ [੨੬]ਕੋਪਿਓ ਰਿਸਾਇ ॥ ਤੁਝ ਰਾਖਨਹਾਰੋ
ਮੋਹਿ ਬਤਾਇ ॥ ਪ੍ਰਭ ਥੰਭ ਤੇ [੨੭]ਨਿਕਸੇ ਕੈ ਬਿਸਥਾਰ ॥ ਹਰਨਾਖਸੁ [੨੮]ਛੇਦਿਓ
ਨਖ ਬਿਦਾਰ ॥ ੪ ॥ ਓਇ ਪਰਮ ਪੁਰਖ [੨੯]ਦੇਵਾਧਿ ਦੇਵ ॥ ਭਗਤਿ ਹੇਤਿ
ਨਰਸਿੰਘ ਭੇਵ[੩੦] ॥ ਕਹਿ ਕਬੀਰ ਕੋ ਲਖੈ ਨ ਪਾਰ ॥ [੩੧]ਪ੍ਰਹਲਾਦ ਉਧਾਰੇ
ਅਨਿਕ ਬਾਰ ॥ ੫ ॥ ੪ ॥ ‡ਇਸੁ ਤਨ ਮਨ ਮਧੇ ਮਦਨ[੩੨] ਚੋਰ ॥ ਜਿਨਿ
ਗਿਆਨ ਰਤਨੁ [੩੩]ਹਿਰਿ ਲੀਨ ਮੋਰ ॥ ਮੈ ਅਨਾਥੁ ਪ੍ਰਭ [੩੪]ਕਹਉ ਕਾਹਿ ॥
[੩੫]ਕੋ ਕੋ ਨ ਬਿਗੂਤੋ ਮੈ ਕੋ ਆਹਿ ॥ ੧ ॥ ਮਾਧਉ ਦਾਰੁਨ[੩੬] ਦੁਖੁ ਸਹਿਓ
ਨ ਜਾਇ ॥ [੩੭]ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥ ੧ ॥ ਰਹਾਉ ॥ [੩੮]ਸਨਕ
ਸਨੰਦਨ ਸਿਵ ਸੁਕਾਦਿ ॥ [੩੯]ਨਾਭਿ ਕਮਲ ਜਾਨੇ[੪੦] ਬ੍ਰਹਮਾਦਿ ॥ [੪੧]ਕਬਿ ਜਨ
ਜੋਗੀ ਜਟਾਧਾਰਿ ॥ [੪੨]ਸਭ ਆਪਨ ਅਉਸਰ ਚਲੇ ਸਾਰਿ ॥ ੨ ॥ ਤੂ ਅਥਾਹੁ
ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ [੩੪]ਕਹਉ ਕਾਹਿ ॥ ਮੋਰੋ ਜਨਮ ਮਰਨ
ਦੁਖੁ ਆਥਿ[੪੩] ਧੀਰ ॥ ਸੁਖ ਸਾਗਰ ਗੁਨ ਰਉ[੪੪] ਕਬੀਰ ॥ ੩ ॥ ੫ ॥
§ਨਾਇਕੁ[੪੫] ਏਕੁ [੪੬]ਬਨਜਾਰੇ ਪਾਚ ॥ ਬਰਧ[੪੭] ਪਚੀਸਕ [੪੮]ਸੰਗੁ ਕਾਚ ॥ ਨਉ
ਬਹੀਆਂ[੪੯] ਦਸ ਗੋਨਿ[੫੦] ਆਹਿ ॥ ਕਸਨਿ[੫੧] ਬਹਤਰਿ ਲਾਗੀ ਤਾਹਿ ॥ ੧ ॥

੧ ਕਲਜੁਗ ਵਿੱਚ ।
੨ ਦੇਖੋ ਪੰਨਾ ੧੧੯੩, ਨੋਟ ੨੪ ।
੩ ਇਕ ਭਗਤ । ਦੇਖੋ ਪੰਨਾ ੧੧੦੬, ਫੁਟ ਨੋਟ*।
੪ ਜਾਗਣਾ ਸੋਵਣਾ ਕਈ ਤਰ੍ਹਾਂ ਦਾ ਹੈ, ਪਰ ਜੋ ਗੁਰਾਂ ਦੁਆਰੇ ਗਿਆਨ ਵਿੱਚ ਜਾਗਦਾ ਹੈ ਉਹ ਸਰੇਸ਼ਟ ਹੈ ।
੫ ਇਸ ਸਰੀਰ ਦੇ ਬਹੁਤੇ ਕੰਮ ਆਵਣ ਵਾਲੀ ਗੱਲ ਇਹ ਹੈ ਕਿ ਰਾਮ-ਨਾਮ ਭਜਿਆ ਜਾਵੇ।
੬ ਜੋਇ (ਇਸਤਰੀ) ਮਾਇਆ ਨੇ ਮਨ ਨੂੰ ਜੰਮਿਆ ਹੈ ਜੋ ਉਸ ਦਾ ਖਸਮ ਬਣ ਕੇ ਉਸ ਨੂੰ ਭੋਗਦਾ ਹੈ । ਮਨ-ਪੁੱਤਰ ਨੇ ਆਤਮਾ-ਬਾਪ ਨੂੰ ਖਿਲਾਇਆ, ਭਾਵ ਆਪਣਾ ਦਬੇਲ ਕੀਤਾ ਹੈ । ਬਿਨਾਂ ਅਨੰਦ-ਰੂਪ ਥਣਾਂ ਦੇ ਜੀਵਾਤਮਾ ਨੂੰ ਭੋਗਾਂ ਦਾ ਦੁੱਧ ਪਿਲਾ ਰਿਹਾ ਹੈ ।
੭ ਕਲਜੁਗ ਦਾ ਪ੍ਰਤਾਪ, ਪ੍ਰਭਾਵ ।
੮ ਮਨ-ਪੁੱਤਰ ਨੇ ਮਾਇਆ-ਮਾਂ ਨੂੰ ਵਿਆਹ ਲਿਆ ਹੈ ।
੯ ਛਾਲਾਂ । ਸੰਕਲਪਾਂ-ਵਿਕਲਪਾਂ ਵਿੱਚ ਟੱਪਦਾ ਫਿਰਦਾ ਹੈ ।
੧੦ [ਸੰ: ਵਦਨ] ਮੂੰਹ ਤੋਂ ਬਗੈਰ ਹੀ ਖਿੜ-ਖਿੜ ਹੱਸਦਾ ਹੈ ।
੧੧ ਮਨ ਅਸਲ ਵਿੱਚ ਜੋਤ ਸਰੂਪ ਹੋਣ ਕਰ ਕੇ ਅਗਿਆਨਤਾ ਦੀ ਨੀਂਦ ਤੋਂ ਬਿਨਾਂ ਹੈ, ਪਰ ਫਿਰ ਵੀ ਇਸ ਨੀਂਦ ਵਿੱਚ ਲੰਮੀ ਤਾਣ ਸੁੱਤਾ ਹੈ ।
੧੨ ਭਾਂਡੇ । ਭਾਵ ਐਵੇਂ ਬੇਅਰਥ ਸਮਾਂ ਗਵਾ ਰਿਹਾ ਹੈਂ ।
੧੩ ਥਣ । ਮਾਇਆ ਬਿਨਾਂ ਥਣਾਂ ਲਵੇਰੀ ਹੈ, ਭਾਵ ਅਸਲ ਸੁਆਦ ਤਾਂ ਨਹੀਂ ਪਰ ਮਨ ਬਣਾਈ ਬੈਠਾ ਹੈ ।
੧੪ ਅਸਲ ਵਿੱਚ ਪੈਂਡਾ ਕੋਈ ਨਹੀਂ, ਕਿਉਂਕਿ ਸਭ ਕੁਝ ਘਰ ਵਿੱਚ ਹੀ ਹੈ, ਪਰ ਐਵੇਂ ਭੱਜਾ ਫਿਰਦਾ ਹੈ । ੧੫ ਰਸਤਾ । ੧੬ ਭੇਜੇ ।
੧੭ ਪਾਠਸ਼ਾਲਾ । ੧੮ ਘਰਾਂ ਦੇ ਜੰਜਾਲ ।
੧੯ ਪ੍ਰਹਿਲਾਦ ਦੇ ਉਸਤਾਦਾਂ ਨੇ ਚੁਗਲੀ ਕੀਤੀ ।
੨੦ ਛੇਤੀ । ੨੧ ਆਦਤ । ੨੨ ਪਹਾੜ ।
੨੩ ਪਹਾੜ । ੨੪ ਮੇਰੇ ਗੁਰੂ ਨੂੰ ਗਾਲ੍ਹ ਲੱਗਦੀ ਹੈ ਜੇ ਮੈਂ ਰਾਮ-ਨਾਮ ਛੱਡ ਦਿਆਂ ।
੨੫ ਜਾਲ ਸੁੱਟ, ਸਾੜ ਦੇਹ । ੨੬ ਗੁੱਸੇ ਹੋ ਕੇ ਛਿੱਥਾ ਪਿਆ । ੨੭ ਨਿਕਲੇ ਕੇਡਾ ਵੱਡਾ ਰੂਪ ਧਾਰ ਕੇ । ੨੮ ਨਾਸ ਕੀਤਾ ਨੌਂਹਾਂ ਨਾਲ ਪਾੜ ਕੇ । ੨੯ ਦੇਵਤਿਆਂ ਦਾ ਦੇਵਤਾ ।
੩੦ ਭਏ ਹਨ । ਨਰ-ਸਿੰਘ ਦਾ ਰੂਪ ਧਾਰਿਆ ਹੈ।
੩੧ ਪ੍ਰਹਿਲਾਦ ਵਰਗੇ ਕਈ ਅਨੇਕ ਵਾਰ ਤਾਰੇ ।
੩੨ ਕਾਮਦੇਵ ਵਰਗੇ । ੩੩ ਚੁਰਾਇਆ ਮੇਰਾ (ਗਿਆਨ-ਰਤਨ) । ੩੪ ਕਿਸ ਨੂੰ ਕਹਾਂ ?
੩੫ ਕੌਣ-ਕੌਣ ਨਹੀਂ ਨਾਸ ਹੋਇਆ ਇਸ ਕਾਮ ਤੋਂ? ਮੈਂ ਕੀ ਚੀਜ਼ ਹਾਂ ? ੩੬ ਕਠਿਨ, ਅਸਹਿ ।
੩੭ ਮੇਰੀ ਚੰਚਲ ਦੀ ਉਥੇ ਕੀ ਪੇਸ਼ ਜਾਂਦੀ ਹੈ ?
੩੮ ਬ੍ਰਹਮਾ ਦੇ ਪੁੱਤਰ ਅਤੇ ਸ਼ਿਵ ਜੀ, ਸੁਕਦੇਵ ਆਦਿ ।
੩੯ ਕਮਲ ਦੀ ਨਾਭੀ ਵਿੱਚੋਂ ਜੰਮੇ ਹੋਏ ਬ੍ਰਹਮਾ ਆਦਿਕ । ੪੦ ਜੰਮੇ ਹੋਏ । ੪੧ ਕਵੀ-ਜਨ।
੪੨ ਸਾਰੇ ਆਪਣਾ-ਆਪਣਾ ਸਮਾਂ ਹੋਸ਼ ਨਾਲ ਬਤੀਤ ਕਰ ਗਏ, ਪਰ ਬਚੇ ਨਾ ।
੪੩ ਮਾਇਆ । ਮਾਇਆ ਦੇ ਕਾਰਨ ਜੋ ਜਨਮ-ਮਰਨ ਦਾ ਦੁੱਖ ਹੈ ਇਸ ਵਿੱਚ ਮੈਨੂੰ ਧੀਰਜ ਮਿਲੇ ।
੪੪ ਸਿਮਰ । ੪੫ ਸ਼ਾਹ । ਮਨ ਸ਼ਾਹ ।
੪੬ ਪੰਜ ਕਾਮਾਦਿਕ ਵਣਜਾਰੇ ਹਨ ।
੪੭ ਬਲਦ । ਪੰਜੀ ਪ੍ਰਕ੍ਰਿਤੀਆਂ (ਗੁਣ) ।
੪੮ ਇਨ੍ਹਾਂ ਸਾਰਿਆਂ ਦਾ ਸਾਥ ਕੱਚਾ ਹੈ । ਪਚੀਸਕ= ਪਚੀਸ ਕਾ । ਜਿਵੇਂ 'ਕਾਸੀਕ'=ਕਾਸੀ ਕਾ ਦੇਖੋ ਪੰਨਾ ੯੭੦; ਨੋਟ ੧੨ । ਕਈਆਂ ਬੀੜਾਂ ਵਿੱਚ ਪਾਠ ਭੀ 'ਪਚੀਸਕਾ' ਹੈ ।
੪੯ (ਗੋਲਕਾਂ ਰੂਪ) ਚੁਘਾੜੀਆਂ, ਬਾਹੀਆਂ, ਜਾਂ ਲਚਕੀਲੀਆਂ ਡਾਂਗਾਂ ਜਿਨ੍ਹਾਂ ਨਾਲ ਭਾਰ ਚੁੱਕ ਕੇ ਲਾਹਿਆ ਚੜ੍ਹਾਇਆ ਜਾਂਦਾ ਹੈ ।
੫੦ ਛੱਟਾਂ ਭਾਵ ਦਸ ਗਿਆਨ ਤੇ ਕਰਮ ਇੰਦਰੇ ।
੫੧ ਤਰੋਪੇ । ੫੨ ਨਾੜੀਆਂ ।

* ਲੋਕਾਂ ਦਾ ਮਨ ਮਾਇਆ ਦੇ ਅਸਰ ਹੇਠਾਂ ਆ ਕੇ ਉਲਟੀ ਮਤ ਵਾਲਾ ਹੋ ਜਾਂਦਾ ਹੈ । ਗੁਰੂ ਨੂੰ ਮਿਲਣ ’ਤੇ ਹੀ ਠੀਕ ਰਸਤੇ ’ਤੇ ਪੈਂਦਾ ਹੈ ।

† ਪ੍ਰਹਿਲਾਦ ਭਗਤ ਦੀ ਮਿਸਾਲ ਲੈ ਕੇ ਦੱਸਦੇ ਹਨ ਕਿ ਗੁਰੂ ਦਾ ਦ੍ਰਿੜ੍ਹ ਕਰਾਇਆ ਉਪਦੇਸ਼ ਭਗਤਾਂ ਨੂੰ ਨਹੀਂ ਭੁੱਲਦਾ ਅਤੇ ਹਰੀ-ਨਾਮ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਾਉਣ ਲਈ ਤਿਆਰ ਕਰ ਦਿੰਦਾ ਹੈ । ਦੇਖੋ ਭਾਈ ਗੁਰਦਾਸ, ਵਾਰ ੧੦, ਪੌੜੀ ੨ । ਹੋਰ ਦੇਖੋ ਪੰਨਾ ੧੧੩੩, ੧੧੫੪, ੧੧੬੫ ਆਦਿ।

‡ ਮਨ ਨੂੰ ਰੱਬ ਵੱਲੋਂ ਹਟਾਣ ਲਈ ਕਾਮ ਆਦਿ ਦੀਆਂ ਕਈ ਖਿੱਚਾਂ ਹਨ, ਜਿਨ੍ਹਾਂ ਤੋਂ ਵੱਡੇ-ਵੱਡੇ ਰਿਸ਼ੀ ਮੁਨੀ ਭੀ ਨਹੀਂ ਬਚ ਸਕੇ, ਮੈਂ ਕਿਸ ਬਾਗ ਦੀ ਮੂਲੀ ਹਾਂ ।

§ ਮਨੁੱਖ ਦੇ ਅੰਦਰ ਪਿਛਲੇ ਕਰਮਾਂ ਤੋਂ ਬਣੇ ਸੁਭਾਉ ਤੋਂ ਇਲਾਵਾ ਵਿਸ਼ੇ-ਵਿਕਾਰ ਦਾ ਜ਼ੋਰ ਬਹੁਤ ਹੈ, ਜਿਨ੍ਹਾਂ ਕਰ ਕੇ ਉਸ ਦਾ ਵਰਤੋਂ-ਵਿਹਾਰ ਹਾਨੀ ਵਾਲਾ ਹੀ ਹੁੰਦਾ ਹੈ, ਪਰ ਜੇ ਮਾਇਆ ਦਾ ਭਰਮ ਛੱਡ ਕੇ ਅਡੋਲ ਮਨ ਦੁਆਰਾ ਹਰੀ ਦਾ ਧਿਆਨ ਕਰੇ, ਤਾਂ ਜੀਵਨ ਸਫਲ ਹੋ ਜਾਂਦਾ ਹੈ ।

ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥ ਜਿਹ ਘਟੈ ਮੂਲੁ ਨਿਤ ਬਢੈ[੧] ਬਿਆਜੁ ॥ ਰਹਾਉ ॥ [੨]ਸਾਤ ਸੂਤ ਮਿਲਿ ਬਨਜੁ ਕੀਨ ॥ [੩]ਕਰਮ ਭਾਵਨੀ ਸੰਗ ਲੀਨ ॥ [੪]ਤੀਨਿ ਜਗਾਤੀ ਕਰਤ ਰਾਰਿ[੫] ॥ ਚਲੋ ਬਨਜਾਰਾ ਹਾਥ ਝਾਰਿ ॥ ੨ ॥ [੬]ਪੂੰਜੀ ਹਿਰਾਨੀ ਬਨਜੁ ਟੂਟ ॥ ਦਹ ਦਿਸ ਟਾਂਡੋ[੭] ਗਇਓ ਫੂਟਿ ॥ ਕਹਿ ਕਬੀਰ ਮਨ [੮]ਸਰਸੀ ਕਾਜ ॥ ਸਹਜ ਸਮਾਨੋ ਤ ਭਰਮ ਭਾਜ ॥ ੩ ॥ ੬ ॥

ਬਸੰਤੁ ਹਿੰਡੋਲੁ ਘਰੁ ੨ ੴ ਸਤਿਗੁਰ ਪ੍ਰਸਾਦਿ ॥

*ਮਾਤਾ ਜੂਠੀ[੯] ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥ ੧ ॥ ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥ ੧ ॥ ਰਹਾਉ ॥ ਜਿਹਬਾ[੧੦] ਜੂਠੀ ਬੋਲਤ ਜੂਠਾ ਕਰਨ[੧੧] ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ [੧੨]ਬ੍ਰਹਮ ਅਗਨਿ ਕੇ ਲੂਠੇ ॥ ੨ ॥ ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥ ੩ ॥ ਗੋਬਰੁ[੧੩] ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ[੧੪] ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥ ੪ ॥ ੧ ॥ ੭ ॥

ਰਾਮਾਨੰਦ ਜੀ† ਘਰੁ ੧ ੴ ਸਤਿਗੁਰ ਪ੍ਰਸਾਦਿ ॥

[੧੫]ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ[੧੬] ਮਨੁ ਭਇਓ ਪੰਗੁ[੧੭] ॥ ੧ ॥ ਰਹਾਉ ॥ ਏਕ ਦਿਵਸ[੧੮] ਮਨ ਭਈ ਉਮੰਗ ॥ ਘਸਿ ਚੰਦਨ ਚੋਆ[੧੯] ਬਹੁ ਸੁਗੰਧ ॥ ਪੂਜਨ ਚਾਲੀ [੨੦]ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥ ੧ ॥ ਜਹਾ ਜਾਈਐ ਤਹ [੨੧]ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥ ਬੇਦ ਪੁਰਾਨ ਸਭ ਦੇਖੇ ਜੋਇ[੨੨] ॥ ਊਹਾਂ ਤਉ ਜਾਈਐ ਜਉ ਈਹਾਂ[੨੩] ਨ ਹੋਇ ॥ ੨ ॥ ਸਤਿਗੁਰ ਮੈ ਬਲਿਹਾਰੀ ਤੋਰ[੨੪] ॥ ਜਿਨਿ [੨੫]ਸਕਲ ਬਿਕਲ ਭ੍ਰਮ ਕਾਟੇ ਮੋਰ ॥ ਰਾਮਾਨੰਦ [੨੬]ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ੩ ॥ ੧ ॥

ਬਸੰਤੁ ਬਾਣੀ ਨਾਮਦੇਉ ਜੀ‡ ਕੀ ੴ ਸਤਿਗੁਰ ਪ੍ਰਸਾਦਿ ॥

[੨੭]ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ[੨੮] ॥ ੧ ॥ ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ ਚਰਨ ਕਮਲ ਮੇਰੇ ਹੀਅਰੇ[੨੯] ਬਸੈਂ ॥ ੧ ॥ ਰਹਾਉ ॥ ਜੈਸੇ ਅਪਨੇ [੩੦]ਧਨਹਿ ਪ੍ਰਾਨੀ ਮਰਨੁ ਮਾਂਡੈ ॥ ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥ ੨ ॥ ਗੰਗਾ ਗਇਆ ਗੋਦਾਵਰੀ ਸੰਸਾਰ ਕੇ

੧ ਵਧਦਾ ਹੈ ।
੨ ਕਈ ਰੰਗਾਂ ਦੇ ਸੂਤ੍ਰ ਦਾ, ਭਾਵ ਕਈ ਤਰ੍ਹਾਂ ਦੇ ਵਿਸ਼ੇ-ਵਿਕਾਰਾਂ ਦਾ ਵਣਜ ਕੀਤਾ, ਇਨ੍ਹਾਂ ਵਣਜਾਰਿਆਂ ਨੇ ਮਿਲ ਕੇ ।
੩ ਕੀਤੇ ਕੰਮਾਂ ਦੇ ਸੰਸਕਾਰ ਨਾਲ ਲਏ ਹਨ ।
੪ ਤਿੰਨ ਗੁਣ ਰੂਪ ਵਸੂਲੀਏ । ਦੇਖੋ ਪੰਨਾ ੧੧੧੯, ਫੁਟ ਨੋਟ ‡ ।
੫ ਝਗੜਾ ।
੬ ਸੁਆਸਾਂ ਰੂਪ ਪੂੰਜੀ ਨਾਸ ਹੋ ਗਈ ।
੭ ਕਾਫਲਾ, ਭਾਵ ਸਰੀਰ ।
੮ ਸੌਰੇਗਾ ਕੰਮ, ਜੇ ਤੂੰ ਸਹਜ ਵਿੱਚ ਸਮਾਵੇਂਗਾ ।
੯ ਅਪਵਿੱਤ੍ਰ ।
੧੦ ਜੀਭ ।
੧੧ ਕੰਨ ।
੧੨ ਬ੍ਰਾਹਮਣ ਹੋਣ ਦੇ ਹੰਕਾਰ ਵਿੱਚ ਸੜੇ ਹੋਏ ।
੧੩ ਗੋਹਾ (ਜਿਸ ਨਾਲ ਚੌਕਾ ਲਿੰਬਦੇ ਹਨ) ।
੧੪ ਲੀਕਾਂ (ਚੌਕੇ ਦੀਆਂ) ।
੧੫ ਹੋਰ ਕਿਥੇ ਜਾਈਏ, ਜਦ ਘਰ ਵਿੱਚ ਹੀ ਮੌਜ ਬਣੀ ਪਈ ਹੈ ।
੧੬ ਭਟਕਦਾ ।
੧੭ ਪਿੰਗਲਾ । ਭਾਵ ਟਿਕ ਗਿਆ ਹੈ (ਕਈਆਂ ਬੀੜਾਂ ਵਿੱਚ ਪਾਠ 'ਪਿੰਗੁ' ਹੈ) ।
੧੮ ਦਿਨ । ੧੯ ਅਤਰ ।
੨੦ ਠਾਕਰਦਵਾਰੇ ।
੨੧ [ਜਲ ਤੇ ਪੱਥਰ] ਤੀਰਥ ਤੇ ਠਾਕਰਦਵਾਰੇ ।
੨੨ ਖੋਜ ਕੇ ।
੨੩ ਏਥੇ, ਭਾਵ ਹਿਰਦੇ ਵਿੱਚ ।
੨੪ ਤੇਰੇ ਤੋਂ ।
੨੫ ਮੇਰੇ ਸਾਰੇ ਫ਼ਿਕਰ ਤੇ ਭਰਮ ਕੱਟ ਦਿੱਤੇ ।
੨੬ ਹਰੀ ਸੁਆਮੀ ਸਾਰੇ ਵਿਆਪਕ ਹੈ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਇਥੇ ਪਾਠ 'ਰਾਮਨੰਦ' ਹੈ ।)
੨੭ ਜੇ ਮਾਲਕ ਕਿਸੇ ਵੇਲੇ ਤਕਲੀਫ ਦੇਵੇ ਤੇ ਸੇਵਕ ਭੱਜ ਜਾਵੇ ਤਾਂ (ਸੰਕਟਵੈ=ਸੰਕਟਾਵੈ, ਮੁਸੀਬਤ ਪਾਵੇ) ।
੨੮ ਲਾਜ ਲਾਂਦਾ ਹੈ ।
੨੯ ਦਿਲ ਵਿੱਚ ।
੩੦ ਧਨ ਲਈ ਮਰਨਾ ਠਾਣ ਲੈਂਦਾ ਹੈ ।

* (ਇਕ ਸੁਚ-ਭਿਟ ਮੰਨਣ ਵਾਲੇ ਪੰਡਿਤ ਨੂੰ ਉਪਦੇਸ਼ ਹੈ) ਲੋਕੀਂ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਜੁਠ ਮੰਨਦੇ ਹਨ, ਪਰ ਅਸਲ ਵਿੱਚ ਜੁਠ ਹਭਥੇ ਹੈ, ਜਿਥੇ ਬੇ-ਸਮਝੀ ਹੈ । ਸੁੱਚਾ ਓਹੀ ਹੈ ਜਿਸ ਵਿੱਚ ਚੀਜ਼ਾਂ ਦੀ ਸੱਚੀ ਵਿਚਾਰ ਹੈ ।

† ਇਸ ਭਗਤ ਦਾ ਜਨਮ ਪ੍ਰਯਾਗ ਵਿੱਚ ਸੰਮਤ ੧੪੨੩ ਵਿੱਚ ਅਤੇ ਦੇਹਾਂਤ ੧੫੨੪ ਵਿੱਚ ਕਾਂਸ਼ੀ ਜੀ ਹੋਇਆ। ਇਹ ਰਾਮਾਨੁਜ ਦੇ ਫਿਰਕੇ ਵਿਚੋਂ ਸੀ, ਪਰ ਉਸ ਦੇ ਖਾਣ-ਪੀਣ ਅਤੇ ਜ਼ਾਤ-ਪਾਤ ਦੇ ਕਠਿਨ ਬੰਧਨਾਂ ਨੂੰ ਛੱਡ ਕੇ ਵੈਰਾਗੀਆਂ ਦੇ ਫ਼ਿਰਕੇ ਦਾ ਬਾਨੀ ਹੋਇਆ । ਇਸ ਦੇ ਚੇਲੇ ਕਬੀਰ, ਰਵਿਦਾਸ, ਸੈਨ, ਧੰਨਾ, ਪੀਪਾ ਆਦਿ ਹੋਏ ਹਨ ।

ਸ਼ਬਦ ਦਾ ਸਮੁਚਾ ਭਾਵ :- ਗੁਰੂ ਨੇ ਭਰਮ ਕੱਟ ਦਿਤੇ ਹਨ ਤੇ ਹੁਣ ਤੀਰਥਾਂ ਉੱਤੇ ਭਟਕਣ ਜਾਂ ਮੂਰਤੀ-ਪੂਜਾ ਕਰਨ ਦੀ ਥਾਂ ਹਰੀ ਨੂੰ ਦਿਲ ਵਿੱਚ ਹੀ ਪੂਜੀਦਾ ਹੈ ।

‡ ਦੇਖੋ ਪੰਨਾ ੧੧੬੩, ਨੋਟ ੨੪ । ਸੇਵਕ ਨੂੰ ਬਾਵਜੂਦ ਤਕਲੀਫਾਂ ਦੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ ਅਤੇ ਸਦਾ ਆਪਣੇ ਮਾਲਕ ਨੂੰ ਖ਼ੁਸ਼ ਰੱਖਣ ਦਾ ਜਤਨ ਕਰਨਾ ਚਾਹੀਦਾ ਹੈ । ਉਸੇ ਉੱਤੇ ਭਰੋਸਾ ਰੱਖਣਾ ਯੋਗ ਹੈ, ਨਹੀਂ ਤਾਂ ਆਪਣੇ ਆਸਰੇ ਰਹਿਣ ਨਾਲ ਤਾਂ ਲੋਭ-ਲਹਿਰ ਹੀ ਇਧਰ-ਉਧਰ ਪਛਾੜਦੀ ਰਹੇਗੀ । ਪਾਪਾਂ ਨਾਲ ਭਰੀ ਹੋਈ ਜ਼ਿੰਦਗੀ ਗੁਰੂ ਤੇ ਉਸ ਦੀ ਸੰਗਤ ਦੇ ਅਰਪਣ ਹੋਣ ਨਾਲ ਹੀ ਸੌਰ ਸਕਦੀ ਹੈ ।

ਕਾਮਾ ॥ [੧]ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥ ੩ ॥ ੧ ॥ ਲੋਭ ਲਹਰਿ ਅਤਿ [੨]ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ[੩] ॥ ੧ ॥ ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥ ਤਾਰਿ ਲੈ ਬਾਪ ਬੀਠੁਲਾ[੪] ॥ ੧ ॥ ਰਹਾਉ ॥ [੫]ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥ ੨ ॥ ਹੋਹੁ ਦਇਆਲੁ ਸਤਿਗੁਰ ਮੇਲਿ ਤੂ ਮੋ ਕਉ ॥ ਪਾਰਿ ਉਤਾਰੇ ਕੇਸਵਾ[੩] ॥ ੩ ॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥ ੪ ॥ ੨ ॥ [੬]ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥ ਪੀਛੈ ਤਿਨਕਾ ਲੈ ਕਰਿ ਹਾਂਕਤੀ ॥ ੧ ॥ ਜੈਸੇ ਪਨਕਤ[੭] ਥ੍ਰੂਟਿਟਿ[੮] ਹਾਂਕਤੀ ॥ ਸਰਿ ਧੋਵਨ ਚਾਲੀ ਲਾਡੁਲੀ ॥ ੧ ॥ ਰਹਾਉ ॥ [੯]ਧੋਬੀ ਧੋਵੈ ਬਿਰਹ ਬਿਰਾਤਾ ॥ ਹਰਿ ਚਰਨ ਮੇਰਾ ਮਨੁ ਰਾਤਾ ॥ ੨ ॥ ਭਣਤਿ[੧੦] ਨਾਮਦੇਉ [੧੧]ਰਮਿ ਰਹਿਆ ॥ ਅਪਨੇ ਭਗਤ ਪਰ ਕਰਿ ਦਇਆ ॥ ੩ ॥ ੩ ॥

ਬਸੰਤੁ ਬਾਣੀ ਰਵਿਦਾਸ ਜੀ* ਕੀ ੴ ਸਤਿਗੁਰ ਪ੍ਰਸਾਦਿ ॥

[੧੨]ਤੁਝਹਿ ਸੁਝੰਤਾ ਕਛੂ ਨਾਹਿ ॥ [੧੩]ਪਹਿਰਾਵਾ ਦੇਖੇ ਊਭਿ ਜਾਹਿ ॥ ਗਰਬਵਤੀ[੧੪] ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ[੧੫] ॥ ੧ ॥ ਤੂ ਕਾਂਇ ਗਰਬਹਿ ਬਾਵਲੀ ॥ ਜੈਸੇ ਭਾਦਉ ਖੂੰਬਰਾਜੁ[੧੬] ਤੂ ਤਿਸ ਤੇ ਖਰੀ ਉਤਾਵਲੀ ॥ ੧ ॥ ਰਹਾਉ ॥ ਜੈਸੇ ਕੁਰੰਕ[੧੭] ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥ [੧੮]ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ [੧੯]ਜਮਕੰਕਰੁ ਕਰੇ ਖੁਆਰੁ ॥ ੨ ॥ ਪੁਤ੍ਰ ਕਲਤ੍ਰ[੨੦] ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥ [੨੧]ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ [੨੨]ਪੀਉ ਪੀਉ ॥ ੩ ॥ ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥ ਕਹਿ ਰਵਿਦਾਸ ਜੁ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ [੨੩]ਜੋਨਿ ਕਾਮੁ ॥ ੪ ॥ ੧ ॥

ਬਸੰਤੁ ਕਬੀਰ ਜੀਉ ੴ ਸਤਿਗੁਰ ਪ੍ਰਸਾਦਿ ॥

†[੨੪]ਸੁਰਹ ਕੀ ਜੈਸੀ ਤੇਰੀ ਚਾਲ ॥ ਤੇਰੀ ਪੂੰਛਟ[੨੫] ਊਪਰਿ [੨੬]ਝਮਕ ਬਾਲ ॥ ੧ ॥ ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਹਿ ॥ ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ ॥ ੧ ॥ ਰਹਾਉ ॥ ਚਾਕੀ ਚਾਟਹਿ ਚੂਨੁ[੨੭] ਖਾਹਿ ॥ ਚਾਕੀ ਕਾ ਚੀਥਰਾ[੨੮] ਕਹਾਂ ਲੈ ਜਾਹਿ ॥ ੨ ॥ ਛੀਕੇ ਪਰ ਤੇਰੀ ਬਹੁਤੁ ਡੀਠਿ ॥ ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥ ੩ ॥ ਕਹਿ ਕਬੀਰ [੨੯]ਭੋਗ ਭਲੇ ਕੀਨ ॥ ਮਤਿ ਕੋਊ ਮਾਰੈ ਈਂਟ ਢੇਮ ॥ ੪ ॥ ੧ ॥

੧ ਸੇਵਕ ਤਦ ਅਖਵਾ ਸਕਦਾ ਹੈ, ਭਾਵ ਸੇਵਕ ਦੀ ਸੇਵਾ ਤਦ ਸਫਲ ਹੈ ਜੇ ਨਾਰਾਇਣ ਉਸ ਉੱਤੇ ਖੁਸ਼ ਹੋਵੇ ।
੨ ਇਕ-ਰਸ ਸੁਕ ਰਹੀ ਹੈ ਤੇ ਸਰੀਰ ਡੁੱਬ ਰਿਹਾ ਹੈ, ਹੇ ਹਰੀ !
੩ [ਸੋਹਣੇ ਕੇਸਾਂ ਵਾਲਾ] ਹੇ ਹਰੀ !
੪ [ਬਿਠ (ਇੱਟ) ਤੇ ਬੈਠਣ ਵਾਲਾ ਵਿਸ਼ਨੂੰ] ਵਾਹਿਗੁਰੂ । ਦੇਖੋ ਪੰਨਾ ੯੫੫, ਫੁਟ ਨੋਟ §।
੫ [ਸੰ. ਅਨਿਲ=ਹਵਾ] ਹਵਾ ਦਾ ਝੱਖੜ ਚੱਲ ਰਿਹਾ ਹੈ ਤੇ ਮੈਂ ਮਨਾਹੀ ਨਹੀਂ ਕਰ ਸਕਦਾ ।
੬ ਪਹਿਲਾਂ ਧੁਰ ਦੀ ਲੱਦੀ ਹੋਈ ਗੱਡੀ (ਪਾਪਾਂ ਭਰਿਆ ਸਰੀਰ) ਸਤਸੰਗ-ਸਰੋਵਰ ਵੱਲ ਹੌਲੀ-ਹੌਲੀ ਚੱਲਦੀ ਹੈ, ਪਰ ਪਿੱਛੋਂ ਉਤਸ਼ਾਹ ਰੂਪ ਡੰਡਾ ਜੀਵ ਨੇ ਸਰੀਰ ਨੂੰ ਠੋਸਿਆ ਤੇ ਅੱਗੇ ਕਰ ਦਿੱਤਾ (ਇਥੇ ਧੋਬਣ ਦਾ ਗੱਡੀ ਵਿੱਚ ਕੱਪੜੇ ਪਾ ਸਰੋਵਰ 'ਤੇ ਧੋਣ ਲਈ ਜਾਣ ਦਾ ਦ੍ਰਿਸ਼ਟਾਂਤ ਹੈ । ਸਤਸੰਗ ਸਰੋਵਰ ਹੈ ਤੇ ਗੁਰੂ ਧੋਬੀ ਹੈ, ਧੋਬਣ ਸਤਸੰਗਣ ਹੈ) ।
੭ ਪਾਣੀ ਦਾ ਘਾਟ ।
੮ ਪਸ਼ੂ ਨੂੰ ਹਿੱਕਣ ਦੀਆਂ ਦੋ ਅਵਾਜ਼ਾਂ 'ਬ੍ਰਿਟਿਟਿ'।
੯ ਗੁਰੂ-ਧੋਬੀ, ਹਰੀ ਦੇ ਪ੍ਰੇਮ ਵਿੱਚ ਰਤਾ ਹੋਇਆ।
੧੦ ਕਹਿੰਦਾ ਹੈ ।
੧੧ ਹੇ ਵਿਆਪਕ ਹਰੀ !
੧੨ ਤੈਨੂੰ ਕੁਝ ਸੁਝਦਾ ਨਹੀਂ ।
੧੩ ਆਪਣੇ ਸਰੀਰ ਦਾ ਠਾਟ ਦੇਖ ਆਕੜ ਪੈਂਦਾ ਹੈਂ !
੧੪ ਹੰਕਾਰੀ ।
੧੫ ਕਾਲ ਰੂਪ ਕਾਂ । ਤੈਨੂੰ ਮੌਤ ਵਾਜਾਂ ਮਾਰਦੀ ਹੈ।
੧੬ ਵੱਡੀ ਖੁੰਬ । ਜਿਵੇਂ ਖੁੰਬ ਉਗ ਕੇ ਛੇਤੀ ਹੀ ਸੜ ਜਾਂਦੀ ਹੈ, ਤੂੰ ਤਾਂ ਉਸ ਤੋਂ ਭੀ ਵਧੀਕ ਉਤਾਵਲਾ ਹੈਂ !
੧੭ ਹਿਰਨ । ਅੰਦਰ ਕਸਤੂਰੀ ਦੀ ਵਾਸ਼ਨਾ ਹੋਣ ਦੇ ਬਾਵਜੂਦ ਉਹ ਬਾਹਰ ਭਟਕਦਾ ਹੈ ।
੧੮ ਆਪਣੇ ਸਰੀਰ ਦਾ ।
੧੯ [ਸੰ: ਕਿੰਕਰ=ਦਾਸ, ਦੂਤ] ਜਮਦੂਤ ।
੨੦ ਇਸਤਰੀ ।
੨੧ ਕੀਤੇ ਕਰਮਾਂ ਦਾ ।
੨੨ ਪਿਆਰਾ ਪਿਆਰਾ ਕਹਿ ਕੇ (ਮੇਰਾ ਕੋਈ ਹੁਣ ਬਣੇ) ।
੨੩ ਜੂਨਾਂ ਵਿੱਚ ਵਾਹ ਨਹੀਂ ਪੈਂਦਾ ।
੨੪ [ਸੰ. ਸੁਰਭੀ] ਗਾਂ ਵਰਗੀ ।
੨੫ ਪੂਛਲ ।
੨੬ ਵਾਲ ਚਮਕਦੇ ਹਨ ।
੨੭ ਆਟਾ । ੨੮ ਪਰੋਲਾ ।
੨੯ ਖੂਬ ਖਾ-ਖਾ ਅਨੰਦ ਲਿਆ ਜੇ, ਹੁਣ ਜਾਓ ਮਤੇ ਕੋਈ ਹੋਰ ਆ ਜਾਵੇ ਤੇ ਇੱਟ ਵੱਟਾ ਵਗਾਹ ਮਾਰੇ।

* ਦੇਖੋ ਪੰਨਾ ੧੧੨੪, ਨੋਟ ੨੭ । ਪਹਿਰਾਵੇ ਆਦਿ ਸ਼ੁਕੀਨੀਆਂ ਦਾ ਅਤੇ ਘਰ ਦੇ ਸੰਬੰਧੀਆਂ ਦਾ ਗੁਮਾਨ ਕਰਨ ਨਾਲ ਜੀਵ ਖੁਵਾਰ ਹੁੰਦਾ ਹੈ । ਆਪਣੀ ਵਿੱਤ ਨੂੰ ਸਮਝ ਕੇ ਅਤੇ ਹੰਕਾਰ ਨੂੰ ਛੱਡ ਕੇ ਗੁਰੂ ਦੇ ਹਵਾਲੇ ਹੋ ਜਾਣਾ ਚਾਹੀਦਾ ਹੈ, ਤਾਂਕਿ ਪਾਪ ਦੂਰ ਹੋ ਕੇ ਅੰਦਰ ਨਾਮ ਦਾ ਵਾਸਾ ਹੋਵੇ ।

† ਇਕ ਵੇਰ ਕਬੀਰ ਜੀ ਨੇ ਵੇਖਿਆ ਕਿ ਉਨ੍ਹਾਂ ਦੇ ਘਰ ਕੁੱਤਾ ਆ ਕੇ ਚੱਕੀ ਵਿੱਚੋਂ ਆਟਾ ਚੱਟ ਕੇ ਪਰੋਲੇ ਨੂੰ ਚੁੱਕੀ ਲਿਜਾਂਦਾ ਹੈ । ਉਸ ਨੂੰ ਪਿਆਰ ਨਾਲ ਕਹਿੰਦੇ ਹਨ ਕਿ ਸਾਡੇ ਘਰ ਵਿੱਚੋਂ ਹੀ ਆਪਣੀ ਲੋੜ ਪੂਰੀ ਕਰ ਲੈ, ਹੋਰ ਕਿਸੇ ਦੇ ਮਤਾਂ ਜਾਈਂ, ਨਹੀਂ ਤਾਂ ਸ਼ਾਇਦ ਕੋਈ ਇੱਟ ਵੀਮ ਹੀ ਕੱਢ ਮਾਰੂਗਾ ।

ਇਹ ਸ਼ਬਦ ਨਿਰਾ ਕੁੱਤੇ ਉੱਤੇ ਨਹੀਂ । ਇਸ ਵਿੱਚ ਕਬੀਰ ਜੀ ਆਮ ਜੀਵ ਦੀ ਬ੍ਰਿਤੀ ਦੇਖ ਕੇ ਦਿਲਚਸਪੀ ਲੈ ਰਹੇ ਹਨ । ਜੀਵ [ਚੱਕੀ ਚੱਟਦਾ ਹੈ] ਮਾਇਕ ਪਦਾਰਥ ਲੋਭ ਨਾਲ ਭੋਗਦਾ ਹੈ, [ਚੱਕੀ ਦਾ ਪਰੋਲਾ ਲਈ ਜਾਂਦਾ ਹੈ] ਬੇਲੋੜੇ ਅਤੇ ਨਿਕੰਮੇ ਪਦਾਰਥਾਂ ਦਾ ਲਾਲਚ ਕਰਦਾ ਹੈ, ਅਤੇ [ਛਿੱਕੇ ਵੱਲ ਤੱਕਦਾ ਹੈ] ਜਿਥੇ ਪਹੁੰਚ ਨਹੀਂ ਉਨ੍ਹਾਂ ਪਦਾਰਥਾਂ ਦੀ ਭੀ ਲਾਲਸਾ ਕਰਦਾ ਹੈ । ਉਸ ਨੂੰ ਤੰਬੀਹ ਕਰਦੇ ਹਨ ਕਿ ਵੇਖੀਂ ! ਇਕ ਰੱਬ 'ਤੇ ਭਰੋਸਾ ਰੱਖ, ਨਹੀਂ ਤਾਂ ਭੋਗਾਂ ਦਾ ਅੰਤ ਮਾੜਾ ਨਿਕਲੇਗਾ ।

ਰਾਗੁ ਸਾਰਗ ਚਉਪਦੇ

ਮਹਲਾ ੧ ਘਰੁ ੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*ਅਪੁਨੇ ਠਾਕੁਰ[੧] ਕੀ ਹਉ ਚੇਰੀ[੨] ॥ ਚਰਨ ਗਹੇ[੩] ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ[੪] ॥ ੧ ॥ ਰਹਾਉ ॥ ਪੂਰਨ ਪਰਮ ਜੋਤਿ ਪਰਮੇਸਰ [੫]ਪ੍ਰੀਤਮ ਪ੍ਰਾਨ ਹਮਾਰੇ ॥ ਮੋਹਨ ਮੋਹਿ ਲੀਆ ਮਨੁ ਮੇਰਾ [੬]ਸਮਝਸਿ ਸਬਦੁ ਬੀਚਾਰੇ ॥ ੧ ॥ ਮਨਮੁਖ[੭] ਹੀਨ[੮] ਹੋਛੀ ਮਤਿ ਝੂਠੀ ਮਨਿ ਤਨਿ ਪੀਰ[੯] ਸਰੀਰੇ ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ[੧੦] ॥ ੨ ॥ ਹਉਮੈ ਛੋਡਿ ਭਈ ਬੈਰਾਗਨਿ[੧੧] ਤਬ [੧੨]ਸਾਚੀ ਸੁਰਤਿ ਸਮਾਨੀ ॥ [੧੩]ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ [੧੪]ਲਾਜ ਲੋੁਕਾਨੀ ॥ ੩ ॥ ਭੂਰ[੧੫] ਭਵਿਖ[੧੬] ਨਾਹੀ ਤੁਮ ਜੈਸੇ ਮੇਰੇ ਪ੍ਰੀਤਮ [੧੭]ਪ੍ਰਾਨ ਅਧਾਰਾ ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ[੧੮] ॥ ੪ ॥ ੧ ॥ ਸਾਰਗ ਮਹਲਾ ੧† ॥ ਹਰਿ ਬਿਨੁ ਕਿਉ ਰਹੀਐ ਦੂਖੁ ਬਿਆਪੈ ॥ [੧੯]ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ[੨੦] ॥ ੧ ॥ ਰਹਾਉ ॥ ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥ ਦਰਸਨੁ ਦੇਖਤ ਹੀ ਮਨੁ ਮਾਨਿਆ [੨੧]ਜਲ ਰਸਿ ਕਮਲ ਬਿਗਾਸੀ ॥ ੧ ॥ ਊਨਵਿ[੨੨] ਘਨਹਰੁ[੨੩] ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥ ਤਰਵਰ[੨੪] ਬਿਰਖ[੨੫] ਬਿਹੰਗ[੨੬] ਭੁਇਅੰਗਮ[੨੭] [੨੮]ਘਰਿ ਪਿਰੁ ਧਨ ਸੋਹਾਗੈ ॥ ੨ ॥ ਕੁਚਿਲ[੨੯] ਕੁਰੂਪਿ ਕੁਨਾਰਿ ਕੁਲਖਨੀ[੩੦] ਪਿਰ ਕਾ ਸਹਜੁ[੩੧] ਨ ਜਾਨਿਆ ॥ ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ[੩੨] ਦੁਰਮਤਿ ਦੂਖ ਸਮਾਨਿਆ ॥ ੩ ॥ ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ ॥ ਨਾਨਕ ਪ੍ਰਭ ਤੇ ਸਹਜ [੩੩]ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ ॥ ੪ ॥ ੨ ॥ ਸਾਰਗ ਮਹਲਾ ੧‡ ॥ ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥ ਸਤਿਗੁਰ

੧ ਮਾਲਕ, ਹਰੀ ।
੨ ਚੇਲੀ, ਸੇਵਕ ।
੩ ਪਕੜੇ ।
੪ ਮੁਕਾਅ ਦਿੱਤੀ ।
੫ ਸਾਡੇ ਪ੍ਰਾਣਾਂ ਦੇ ਪ੍ਰੀਤਮ, ਸਾਡੀ ਰੂਹ ਦੇ ਪਿਆਰੇ।
੬ ਮਨ ਉਸ ਨੂੰ ਸਮਝਦਾ ਹੈ (ਗੁਰੂ ਦੇ) ਸ਼ਬਦ ਨੂੰ ਵਿਚਾਰ ਕੇ ।
੭ ਗੁਰੂ ਤੋਂ ਬੇ-ਮੁਖ, ਆਪ-ਹੁਦਰੀ ।
੮ ਫੋਕੀ, ਨਿਕੰਮੀ ।
੯ ਪੀੜ । ਉਸ ਦੇ ਮਨ ਤਨ; ਭਾਵ ਸਾਰੇ ਸਰੀਰ (ਜੀਵਨ) ਵਿੱਚ ਪੀੜ ਹੀ ਪੀੜ ਹੁੰਦੀ ਰਹਿੰਦੀ ਹੈ।
੧੦ ਧੀਰਜ ਫੜਦਾ ਹੈ ।
੧੧ ਵੈਰਾਗ ਵਾਲੀ, ਜਗਤ ਦੇ ਝੂਠੇ ਸੰਬੰਧਾਂ ਤੋਂ ਬੇ-ਲਾਗ ਹੋ ਕੇ ਵਰਤਣ ਵਾਲੀ ।
੧੨ ਸੱਚੀ (ਸਹੀ) ਸਮਝ ਆ ਗਈ ।
੧੩ ਕੁਲ-ਰਹਿਤ ਹਰੀ ਜੋ ਮਾਇਆ ਤੋਂ ਬੇਲਾਗ ਹੈ, ਉਸ ਨਾਲ ਮਨ ਲਗ ਗਿਆ ।
੧੪ ਲੋਕ-ਲਾਜ ।
੧੫ ਭੂਤ-ਕਾਲ, ਪਿਛਲੇ ਸਮੇਂ ।
੧੬ [ਸੰ: ਭਵਿਸ਼ਜ] ਆਉਣ ਵਾਲੇ ਸਮੇਂ ਵਿੱਚ ।
੧੭ ਪ੍ਰਾਣਾਂ ਦੇ ਆਸਰੇ ।
੧੮ ਪਤੀ ।
੧੯ ਜੀਭ ਵਿੱਚ ਸੁਆਦ ਨਹੀਂ ਰਿਹਾ ।
੨੦ ਦੁੱਖ ਦਿੰਦਾ ਹੈ ।
੨੧ (ਇਉਂ ਖਿੜ ਗਈ, ਜਿਵੇਂ) ਪਾਣੀ ਨਾਲ ਰਸ ਕੇ ਕਮਲ ਖਿੜ ਪੈਂਦਾ ਹੈ ।
੨੨ ਝੁਕ ਕੇ ।
੨੩ ਬੱਦਲ ।
੨੪ ਬ੍ਰਿਛ ।
੨੫ ਬੈਲ । ਦੇਖੋ ਪੰਨਾ ੧੨੦੩, ਨੋਟ ੩੨ ।
੨੬ ਪੰਛੀ । ੨੭ ਸੱਪ ।
੨੮ (ਜਿਵੇਂ ਬੱਦਲ ਦੇ ਵਸਿਆਂ ਕੋਇਲ, ਮੋਰ, ਬ੍ਰਿਛ, ਬੈਲ, ਪੰਛੀ, ਸੱਪ, ਆਦਿ ਖੁਸ਼ ਹੋ ਜਾਂਦੇ ਹਨ)। ਤਿਵੇਂ ਜਿਸ ਦੇ ਘਰ ਪਤੀ ਹੈ ਉਹ ਸੁਹਾਗਣ ਧਨ (ਇਸਤ੍ਰੀ) ਅਨੰਦ ਮਾਣਦੀ ਹੈ ।
੨੯ ਗੰਦੀ ।
੩੦ ਭੈੜੇ ਲੱਛਣਾਂ ਵਾਲੀ, ਕੁਚੱਜੀ ।
੩੧ ਸੁਭਾਵ ।
੩੨ ਰੱਜੀ । ਜਿਸ ਦੀ ਜੀਭ ਹਰੀ-ਰਸ ਦੇ ਪ੍ਰੇਮ ਨਾਲ ਨਹੀਂ ਰੱਜੀ, ਉਹ ਖੋਟੀ ਮਤ ਦੇ ਕਾਰਣ ਦੁੱਖਾਂ ਵਿੱਚ ਪਈ ਰਹਿੰਦੀ ਹੈ ।
੩੩ ਸਹਿਜ-ਸੁਖ ਵਾਲੀ। ਦੇਖੋ ਪੰਨਾ ੧੧੧੨, ਨੋਟ ੩ ।

* ਜਦ ਤੋੜੀ ਮਨੁੱਖ ਆਪ-ਹੁਦਰਾ ਹੋ ਕੇ ਆਪਣੀ ਹੋਛੀ ਮਤ ਪਿੱਛੇ ਲੱਗਾ ਫਿਰਦਾ ਹੈ, ਤਦ ਤੋੜੀ ਤਨ ਮਨ ਵਿੱਚ ਦੁੱਖ ਹੀ ਦੁੱਖ ਰਹਿੰਦਾ ਹੈ, ਪਰ ਜਦ ਹਉਮੈ ਨੂੰ ਛੱਡ ਕੇ ਹਰੀ-ਪ੍ਰੇਮ ਵਿੱਚ ਮਗਨ ਹੋ ਬਹਿੰਦਾ ਹੈ ਤਾਂ, ਉਸ ਨੂੰ ਲੋਕ-ਲਾਜ ਜਾਂ ਹੋਰ ਕਿਸੇ ਪਾਸੇ ਦਾ ਦੁੱਖ ਨਹੀਂ ਸਤਾਉਂਦਾ ਅਤੇ ਮਨ ਇਹ ਸਮਝ ਕੇ ਪੂਰਨ ਧੀਰਜ ਫੜਦਾ ਹੈ ਕਿ ਹਰੀ ਜਿਹਾ ਹੋਰ ਕੋਈ, ਨਾ ਕਦੀ ਹੋਇਆ ਹੈ, ਨਾ ਹੋਵੇਗਾ । ਇਹ ਪੂਰੀ ਨਿਸ਼ਾ ਦੇਣ ਵਾਲਾ ਆਸਰਾ ਤਦ ਫੜੀਦਾ ਹੈ ਜਦ ਗੁਰੂ ਦੇ ਸ਼ਬਦ ਤੋਂ ਸਮਝ ਆ ਜਾਵੇ।

† ਜਦ ਤੋੜੀ ਮਨੁੱਖ ਨੂੰ ਹਰੀ ਦੇ ਸੁਭਾਅ ਦਾ ਪਤਾ ਨਹੀਂ ਲਗਦਾ ਅਤੇ ਉਸ ਦੇ ਪ੍ਰੇਮ-ਰਸ ਦਾ ਸੁਆਦ ਨਹੀਂ ਆਉਂਦਾ, ਤਦ ਤੋੜੀ ਉਹ ਦੁੱਖ ਵਿੱਚ ਪਿਆ ਰਹਿੰਦਾ ਹੈ, ਇਥੇ ਦੇ ਪਦਾਰਥ ਕਦੀ ਰਜੇਵਾਂ ਨਹੀਂ ਦਿੰਦੇ ਅਤੇ ਹਰ ਵੇਲੇ ਮੌਤ ਦਾ ਡਰ ਸਤਾਂਦਾ ਰਹਿੰਦਾ ਹੈ । ਪਰ ਜਦ ਹਰੀ-ਰਸ ਦਾ ਸਵਾਦ ਚਖ ਲੈਂਦਾ ਹੈ ਤਾਂ ਉਸ ਨੂੰ ਅਪਾਰ ਦਰਸ਼ਨ ਦੀ ਐਸੀ ਝਲਕ ਪੈਂਦੀ ਹੈ ਕਿ ਅੰਦਰ ਸਰੂਰ ਹੀ ਸਰੂਰ ਆ ਵਸਦਾ ਹੈ ਜੋ ਸਦਾ ਖਿੜਾਉ ਵਿੱਚ ਰਖਦਾ ਹੈ ।

‡ ਜਦ ਮਨੁੱਖ ਦੇ ਅੰਦਰ ਗੁਰ-ਉਪਦੇਸ਼ ਦੁਆਰਾ ਇਕ ਹਰੀ ਦਾ ਪ੍ਰੇਮ ਆ ਵਸਦਾ ਹੈ ਤਾਂ ਉਸ ਤੋਂ ਦੂਰ ਲੈ ਜਾਣ ਵਾਲੇ ਮਾਇਆ ਮੋਹ ਦੇ ਸਬੰਧ ਟੁੱਟ ਜਾਂਦੇ ਹਨ ਅਤੇ ਮਨ ਇਕੋ ਹਰੀ ਦੇ ਪ੍ਰੇਮ ਵਿੱਚ ਸਭ ਪਾਸਿਓਂ ਰੱਜਿਆ ਰਹਿੰਦਾ ਹੈ ।

ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ [੧]ਪ੍ਰਾਨ ਅਧਾਰਾ ॥ ੧ ॥ ਰਹਾਉ ॥ [੨]ਇਨ ਬਿਧਿ ਹਰਿ ਮਿਲੀਐ [੩]ਵਰ ਕਾਮਨਿ ਧਨ ਸੋਹਾਗੁ ਪਿਆਰੀ ॥ [੪]ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥ ੧ ॥ [੫]ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥ ਸਹਜਿ ਰਵੈ[੬] ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥ ੨ ॥ ਜਾਰਉ[੭] ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥ [੮]ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥ ੩ ॥ ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ[੯] ਨ ਲਾਲ ਪਿਆਰੀ ॥ ਨਾਨਕ ਗੁਰਮੁਖਿ[੧੦] ਨਾਮੁ ਅਮੋਲਕੁ [੧੧]ਜੁਗਿ ਜੁਗਿ ਅੰਤਰਿ ਧਾਰੀ ॥ ੪ ॥ ੩ ॥

ਸਾਰੰਗ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥

*ਹਰਿ ਕੇ ਸੰਤ ਜਨਾ ਕੀ ਹਮ ਧੂਰਿ[੧੨] ॥ ਮਿਲਿ ਸਤਸੰਗਤਿ [੧੩]ਪਰਮ ਪਦੁ ਪਾਇਆ [੧੪]ਆਤਮਰਾਮੁ ਰਹਿਆ ਭਰਪੂਰਿ ॥ ੧ ॥ ਰਹਾਉ ॥ ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ[੧੫] ਦੂਖ ਕਾਟੇ ਸਭਿ ਦੂਰਿ ॥ ਆਤਮ ਜੋਤਿ ਭਈ ਪਰਫੂਲਿਤ [੧੬]ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥ ੧ ॥ ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥ ਅਠਸਠਿ ਤੀਰਥ ਮਜਨੁ[੧੭] ਕੀਆ [੧੮]ਸਤਸੰਗਤਿ ਪਗ ਨਾਏ ਧੂਰਿ ॥ ੨ ॥ ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ[੧੯] ॥ ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥ ੩ ॥ ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ ਮਾਗਉ ਸਤਸੰਗਤਿ ਪਗ ਧੂਰਿ ॥ ਨਾਨਕ ਸੰਤੁ ਮਿਲੈ ਹਰਿ ਪਾਈਐ ਜਨੁ ਹਰਿ ਭੇਟਿਆ ਰਾਮੁ ਹਜੂਰਿ ॥ ੪ ॥ ੧ ॥ ਸਾਰੰਗ ਮਹਲਾ ੪† ॥ ਗੋਬਿੰਦ ਚਰਨਨ ਕਉ ਬਲਿਹਾਰੀ ॥ ਭਵਜਲੁ[੨੦] ਜਗਤੁ ਨ ਜਾਈ ਤਰਣਾ ਜਪਿ ਹਰਿ ਹਰਿ ਪਾਰਿ ਉਤਾਰੀ ॥ ੧ ॥ ਰਹਾਉ ॥ ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ [੨੧]ਸੇਵਾ ਸੁਰਤਿ ਬੀਚਾਰੀ ॥ ਅਨਦਿਨੁ[੨੨] ਰਾਮ ਨਾਮੁ ਜਪਿ ਹਿਰਦੈ [੨੩]ਸਰਬ ਕਲਾ ਗੁਣਕਾਰੀ ॥ ੧ ॥ ਪ੍ਰਭੁ ਅਗਮ ਅਗੋਚਰੁ[੨੪] ਰਵਿਆ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ ॥ ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖੁ ਲਖਾਰੀ ॥ ੨ ॥ ਅੰਤਰਿ ਹਰਿ ਨਾਮੁ ਸਰਬ ਧਰਣੀਧਰ[੨੫] [੨੬]ਸਾਕਤ ਕਉ ਦੂਰਿ ਭਇਆ ਅਹੰਕਾਰੀ ॥ ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥ ੩ ॥ ਊਠਤ ਬੈਠਤ ਹਰਿ ਗੁਨ ਗਾਵਹਿ

੧ ਪ੍ਰਾਣਾਂ ਦਾ ਆਸਰਾ, ਜ਼ਿੰਦਗੀ ਦਾ ਸਹਾਰਾ ।

੨ ਇਸ ਤਰ੍ਹਾਂ ।

੩ ਪਤੀ ਦੀ ਇਸਤਰੀ ।

੪ ਜ਼ਾਤ ਪਾਤ, ਵਰਨ ਜਾਂ ਖ਼ਾਨਦਾਨ ਦਾ ਭਰਮ ਦੂਰ ਹੋ ਗਿਆ ਜਦ ਗੁਰਮਤ ਅਨੁਸਾਰ ਬਾਣੀ ਦੁਆਰਾ ਵਿਚਾਰ ਕੀਤੀ ।

੫ ਜਿਸ ਦੇ ਮਨ ਦੀ ਨਿਸ਼ਾ ਹੋ ਗਈ, ਉਸ ਨੂੰ ਹੰਕਾਰ ਨਹੀਂ ਹੁੰਦਾ ਅਤੇ ਉਹ ਜ਼ੁਲਮ ਤੇ ਲਾਲਚ ਕਰਨਾ ਭੁੱਲ ਜਾਂਦਾ ਹੈ ।

੬ ਮਾਣਦੀ ਹੈ । ਪਤੀ ਦੀ ਇਸਤਰੀ, ਭਾਵ ਸੁਹਾਗਣ ਇਸਤ੍ਰੀ, ਆਪਣੇ ਹਰੀ-ਵਰ ਨੂੰ ਸੁਭਾਵਕ ਹੀ ਮਾਣਦੀ ਹੈ, ਗੁਰੂ ਦੁਆਰਾ ਆਪਣੇ ਆਪ ਨੂੰ ਪ੍ਰੇਮ ਨਾਲ ਸੁਵਾਰ ਕੇ ।

੭ ਸਾੜ ਦੇਵਾਂ ।

੮ ਜਿਸ ਦੇ ਅੰਦਰ ਹਰੀ-ਪ੍ਰੇਮ ਦਾ ਸਵਾਦ ਨਹੀਂ ਉਸ ਦੇ ਕਰਮ ਕੀਤੇ ਹੋਏ ਦੁਬਿਧਾ ਵਾਲੇ ਹੁੰਦੇ ਹਨ, ਇਸ ਲਈ ਬੇਕਾਰ (ਨਿਕੰਮੇ) ਹੁੰਦੇ ਹਨ।

੯ ਲੁਕਾਂਦੀ । ਜਿਸ ਦੇ ਅੰਦਰ ਹਿੱਤ ਦਾ ਪਦਾਰਥ ਭਾਵ ਪ੍ਰੇਮ ਪਦਾਰਥ ਹੈ, ਉਹ ਲੁਕਦੀ ਨਹੀਂ, ਭਾਵ ਗੁੱਝੀ ਨਹੀਂ ਰਹਿੰਦੀ ।

੧੦ ਗੁਰੂ ਦੁਆਰਾ ।

੧੧ ਸਦਾ ਆਪਣੇ ਅੰਦਰ ਵਸਾਂਦੀ ਹੈ ।

੧੨ ਚਰਨ-ਧੂੜ ।

੧੩ ਉੱਚੀ ਤੋਂ ਉੱਚੀ ਪਦਵੀ, ਮੁਕਤੀ ।

੧੪ ਵਾਹਿਗੁਰੂ ।

੧੫ ਪਾਪ ।

੧੬ ਮਾਦੀ ਹਾਲਤਾਂ ਤੋਂ ਬਰੀ ਹਸਤੀ ।

੧੭ ਇਸ਼ਨਾਨ ।

੧੮ ਸੰਗਤ ਦੇ ਚਰਨਾਂ ਦੀ ਧੂੜ ਨਾਲ ਨ੍ਹਾਤੇ, ਤਾਂ ਸਮਝੋ ਕਿ ਸਾਰੇ ਤੀਰਥਾਂ ਦਾ ਇਸ਼ਨਾਨ ਹੋ ਗਿਆ ।

੧੯ ਕੂੜ ।

੨੦ ਸੰਸਾਰ-ਸਾਗਰ ।

੨੧ ਸੇਵਾ ਵਾਲੀ ਬ੍ਰਿਤੀ ਹੋ ਗਈ ਹੈ ।

੨੨ ਹਰ ਰੋਜ਼ ।

੨੩ (ਜੋ ਨਾਮ) ਸਾਰੀਆਂ ਤਾਕਤਾਂ ਵਾਲਾ ਤੇ ਗੁਣਾਂ ਵਾਲਾ ਹੈ ।

੨੪ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ, ਹਰੀ । ਜੋ ਹਰੀ ਅਪਹੁੰਚ ਤੇ ਅਦਿੱਖ ਅਲੱਖ ਤੇ ਅਪਾਰ ਹੋ ਕੇ ਮਨ ਤਨ ਤੇ ਹੋਰ ਥਾਵਾਂ ਵਿੱਚ ਸਮਾਇਆ ਹੋਇਆ ਹੈ, ਉਹ ਗੁਰੂ ਦੇ ਕ੍ਰਿਪਾਲੂ ਹੋਣ 'ਤੇ ਮਿਲ ਗਿਆ ਅਤੇ ਉਹ ਅਲੱਖ ਹੋਣ 'ਤੇ ਭੀ ਆਪਣੇ ਹਿਰਦੇ ਦੇ ਅੰਦਰ ਲਖ ਲਿਆ ।

੨੫ ਧਰਤੀ ਦਾ ਜੋ ਆਸਰਾ ਹੈ, ਉਸ ਦਾ ।

੨੬ ਸਾਕਤਾਂ ਨੂੰ ਦੂਰ ਪ੍ਰਤੀਤ ਹੁੰਦਾ ਹੈ ਹੰਕਾਰੀ ਹੋਣ ਕਰ ਕੇ ।

* ਸਤ-ਸੰਗਤ ਮਿਲਣ 'ਤੇ ਹਰ ਥਾਂ ਰਮੇ ਹੋਏ ਹਰੀ ਦੀ ਜੋਤਿ ਸਾਡੇ ਅੰਦਰ ਪ੍ਰਗਟ ਹੋ ਪੈਂਦੀ ਹੈ, ਜਿਸ ਨਾਲ ਅੰਦਰੋ-ਅੰਦਰੀਂ ਤੀਰਥਾਂ ਵਾਂਗੂ ਪਵਿੱਤਰ ਕਰਨ ਵਾਲੇ ਗੁਣ ਪੈਦਾ ਹੋ ਕੇ ਦੁੱਖ ਤੇ ਪਾਪ ਦੂਰ ਹੁੰਦੇ ਰਹਿੰਦੇ ਹਨ ।

† ਗੁਰੂ ਦੀ ਕਿਰਪਾ ਹੋਣ ਨਾਲ ਮਨੁੱਖ ਦੇ ਅੰਦਰ ਹਰੀ ਦੀ ਪ੍ਰੀਤੀ ਅਤੇ ਉਸ ਦੀ ਸੇਵਾ ਕਰਨ ਵਾਲੀ ਬ੍ਰਿਤੀ ਪੈਦਾ ਹੋ ਜਾਂਦੀ ਹੈ, ਜਿਸ ਨਾਲ ਅਪਹੁੰਚ ਤੇ ਅਦਿੱਖ ਹਰੀ, ਅੰਦਰ ਵਸਦਾ ਦਿਸ ਪੈਂਦਾ ਹੈ ਅਤੇ ਉਸ ਦੇ ਨਾਲ ਹਰ ਤਰ੍ਹਾਂ ਦੇ ਗੁਣ ਤੇ ਤਾਕਤਾਂ ਆ ਜਾਂਦੀਆਂ ਹਨ ।

ਗੁਰਿ ਕਿੰਚਤ[੧] ਕਿਰਪਾ ਧਾਰੀ ॥ ਨਾਨਕ ਜਿਨ ਕਉ ਨਦਰਿ[੨] ਭਈ ਹੈ ਤਿਨ ਕੀ [੩]ਪੈਜ ਸਵਾਰੀ ॥ ੪ ॥ ੨ ॥ ਸਾਰਗ ਮਹਲਾ ੪* ॥ ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ ॥ [੪]ਜਿਨ ਊਪਰਿ ਗੁਰਮੁਖਿ ਮਨੁ ਮਾਨਿਆ ਤਿਨ ਕੇ ਕਾਜ ਸਵਾਰੇ ॥ ੧ ॥ ਰਹਾਉ ॥ ਜੋ ਜਨ ਦੀਨ[੫] ਭਏ ਗੁਰ ਆਗੈ ਤਿਨ ਕੇ ਦੂਖ ਨਿਵਾਰੇ[੬] ॥ ਅਨਦਿਨੁ[੭] ਭਗਤਿ ਕਰਹਿ ਗੁਰ ਆਗੈ ਗੁਰ ਕੈ ਸਬਦਿ ਸਵਾਰੇ ॥ ੧ ॥ ਹਿਰਦੈ ਨਾਮੁ ਅੰਮ੍ਰਿਤ ਰਸੁ [੮]ਰਸਨਾ ਰਸੁ ਗਾਵਹਿ ਰਸੁ ਬੀਚਾਰੇ ॥ [੯]ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ[੧੦] ਓਇ ਪਾਵਹਿ ਮੋਖ ਦੁਆਰੇ ॥ ੨ ॥ ਸਤਿਗੁਰੁ ਪੁਰਖੁ ਅਚਲੁ [੧੧]ਅਚਲਾ ਮਤਿ [੧੨]ਜਿਸੁ ਦ੍ਰਿੜਤਾ ਨਾਮੁ ਅਧਾਰੇ ॥ ਤਿਸੁ ਆਗੈ ਜੀਉ ਦੇਵਉ ਅਪੁਨਾ ਹਉ ਸਤਿਗੁਰ ਕੈ ਬਲਿਹਾਰੇ ॥ ੩ ॥ [੧੩]ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ ॥ ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ ॥ ੪ ॥ [੧੪]ਸਰਬੇ ਘਟਿ ਘਟਿ ਰਵਿਆ ਸੁਆਮੀ ਸਰਬ ਕਲਾ ਕਲ ਧਾਰੇ ॥ ਨਾਨਕੁ ਦਾਸਨਿ ਦਾਸੁ ਕਹਤ ਹੈ ਕਰਿ ਕਿਰਪਾ [੧੫]ਲੇਹੁ ਉਬਾਰੇ ॥ ੫ ॥ ੩ ॥ ਸਾਰਗ ਮਹਲਾ ੪† ॥ ਗੋਬਿਦ ਕੀ ਐਸੀ ਕਾਰ ਕਮਾਇ ॥ ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ[੧੬] ਨਾਮਿ ਰਹਹੁ ਲਿਵ ਲਾਇ ॥ ੧ ॥ ਰਹਾਉ ॥ ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ ॥ ਅਨਦਿਨੁ[੭] ਰਹਸੁ[੧੭] ਭਇਆ ਮਨੁ ਮਾਨਿਆ [੧੮]ਜੋਤੀ ਜੋਤਿ ਮਿਲਾਇ ॥ ੧ ॥ ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥ ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ ॥ ੨ ॥ ਮਤਿ [੧੯]ਪ੍ਰਗਾਸ ਭਈ ਹਰਿ ਧਿਆਇਆ [੨੦]ਗਿਆਨਿ ਤਤਿ ਲਿਵ ਲਾਇ ॥ ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ [੨੧]ਹਰਿ ਸਹਜਿ ਸਮਾਧਿ ਲਗਾਇ ॥ ੩ ॥ ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥ ਅੰਤਰਿ ਲੋਭੁ [੨੨]ਮਹਾ ਗੁਬਾਰਾ [੨੩]ਤੁਹ ਕੂਟੈ ਦੁਖ ਖਾਇ ॥ ੪ ॥ ਜਬ ਸੁਪ੍ਰਸੰਨ ਭਏ ਪ੍ਰਭ ਮੇਰੇ [੨੪]ਗੁਰਮੁਖਿ ਪਰਚਾ ਲਾਇ ॥ ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ ॥ ੫ ॥ ੪ ॥ ਸਾਰਗ ਮਹਲਾ ੪‡ ॥ ਮੇਰਾ ਮਨੁ ਰਾਮ ਨਾਮਿ ਮਨੁ ਮਾਨੀ[੨੫] ॥ ਮੇਰੈ ਹੀਅਰੈ[੨੬] ਸਤਿਗੁਰਿ ਪ੍ਰੀਤਿ ਲਗਾਈ ਮਨਿ ਹਰਿ ਹਰਿ ਕਥਾ ਸੁਖਾਨੀ[੨੭] ॥ ੧ ॥ ਰਹਾਉ ॥ ਦੀਨ ਦਇਆਲ ਹੋਵਹੁ ਜਨ ਊਪਰਿ ਜਨ ਦੇਵਹੁ ਅਕਥ ਕਹਾਨੀ ॥ ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ ॥ ੧ ॥ ਹਰਿ ਕੈ ਰੰਗਿ[੨੮] ਰਤੇ ਬੈਰਾਗੀ ਜਿਨ੍ ਗੁਰਮਤਿ ਨਾਮੁ ਪਛਾਨੀ ॥ ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ

੧ ਰਤਾ ਕੁ, ਥੋੜੀ ਜਹੀ ।
੨ ਮਿਹਰ ਦੀ ਨਜ਼ਰ ।
੩ ਇੱਜ਼ਤ ਰੱਖ ਲਈ ।
੪ ਜਿਨ੍ਹਾਂ ਉੱਤੇ ਗੁਰੂ ਦਾ ਮਨ ਮੰਨ ਗਿਆ, ਭਾਵ ਜੋ ਗੁਰੂ ਨੂੰ ਭਾਅ ਗਏ ।
੫ ਨਿਮਾਣੇ ।
੬ ਦੂਰ ਕੀਤੇ । ੭ ਹਰ ਰੋਜ਼ ।
੮ ਜੀਭ ਦੁਆਰਾ ਹਰੀ-ਰਸ ਦੀ ਸਿਫ਼ਤ ਕਰਦੇ ਹਨ ਅਤੇ (ਮਨ ਦੁਆਰਾ) ਉਸੇ ਰਸ ਨੂੰ ਵਿਚਾਰਦੇ ਹਨ।
੯ ਗੁਰੂ ਦੀ ਕਿਰਪਾ ਨਾਲ ।
੧੦ ਸਮਝਿਆ, ਲਖਿਆ ।
੧੧ ਅਚੱਲ ਮਤ ਵਾਲਾ ।
੧੨ ਜਿਸ ਨੂੰ ਦ੍ਰਿੜ੍ਹਤਾ ਹੈ, ਨਾਮ ਆਸਰਾ ਹੋਣ ਕਰ ਕੇ।
੧੩ ਆਪ-ਹੁਦਰੇ ਲੋਕ ਵਹਿਮ ਦੇ ਕਾਰਣ ਦਵੈਤ ਭਾਵ ਵਿੱਚ ਲੱਗੇ ਹਨ, ਉਨ੍ਹਾਂ ਦੇ ਅੰਦਰ ਬੇ-ਸਮਝੀ ਦਾ ਹਨੇਰਾ ਹੈ ।
੧੪ ਉਹ ਮਾਲਕ ਹੋਰਥੇ ਤੇ ਸਾਰੇ ਦਿਲਾਂ ਵਿੱਚ ਰਮਿਆ ਹੋਇਆ ਹੈ ਅਤੇ ਸਾਰੀਆਂ ਤਾਕਤਾਂ ਵਾਲਾ ਹੋਣ ਕਰ ਕੇ ਆਪਣੀ ਸ਼ਕਤੀ ਧਾਰਨ ਕਰ ਰਿਹਾ ।
੧੫ ਬਚਾਅ ਲਵੇ ।
੧੬ ਗੁਰੂ ਦੁਆਰਾ ।
੧੭ [ਸੰ. ਹਰਸ਼] ਅਨੰਦ ।
੧੮ ਹਰੀ ਦੀ ਪਰਮਾਤਮ-ਜੋਤਿ ਵਿੱਚ ਆਪਣੀ ਆਤਮ-ਜੋਤਿ ਮਿਲਾ ਕੇ ।
੧੯ ਚਮਕ ਉੱਠੀ ।
੨੦ ਗਿਆਨ ਦਵਾਰਾ ਤਤ-ਸਰੂਪ ਹਰੀ ਵਿੱਚ ।
੨੧ ਹਰੀ ਵਿੱਚ ਅਤੁਟ ਲਿਵ ਲਾ ਕੇ । ਗੁਰਮਤਿ ਵਿੱਚ ਹਠ-ਸਮਾਧੀ ਦੇ ਉਲਟ ਸਹਜ-ਸਮਾਧੀ ਹੈ, ਜੋ ਨਿਰਯਤਨ ਪੂਰੇ ਟਿਕਾਉ ਵਾਲੀ ਹੁੰਦੀ ਹੈ । ਇਸ ਦਸ਼ਾ ਵਿੱਚ ਬਿਨਾਂ ਜਤਨ ਵਾਹਿਗੁਰੂ ਵਿੱਚ ਲਗਨ ਲੱਗੀ ਰਹਿੰਦੀ ਹੈ ।
੨੨ ਬਹੁਤ ਹਨੇਰਾ ।
੨੩ ਭਾਵ ਬੇਅਰਥ ਉਨ੍ਹਾਂ ਦੇ ਕੰਮ ਤੇ ਉਦਮ ਹਨ ।
੨੪ ਗੁਰੂ ਦੁਆਰਾ ਤਸੱਲੀ ਕਰਾਈ ।
੨੫ ਪਤੀਜ ਗਿਆ ਹੈ ।
੨੬ ਹਿਰਦੇ ਵਿੱਚ ।
੨੭ ਭਾਈ ਹੈ ।
੨੮ ਪ੍ਰੇਮ ਵਿੱਚ ।

* ਜਿਹੜੇ ਲੋਕ ਨਿਰਮਾਣ ਹੋ ਕੇ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦਿੰਦੇ ਹਨ, ਉਨ੍ਹਾਂ ਉੱਤੇ ਗੁਰੂ ਪ੍ਰਸੰਨ ਹੋ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਸਵਾਰ ਦਿੰਦਾ ਹੈ । ਉਹ ਆਪਣੇ ਹਿਰਦੇ ਅੰਦਰ ਹਰੀ ਦਾ ਰਸ ਮਾਣਦੇ ਅਤੇ ਅੰਤ ਮੁਕਤ ਪਾ ਜਾਂਦੇ ਹਨ ।

† ਜਦ ਗੁਰੂ ਦੁਆਰਾ ਹਰੀ-ਨਾਮ ਵਿੱਚ ਪ੍ਰੀਤੀ ਲੱਗ ਜਾਂਦੀ ਹੈ, ਐਸੀ ਬ੍ਰਿਤੀ ਹੋ ਜਾਂਦੀ ਹੈ ਕਿ ਹਰੀ ਦਾ ਪਿਆਰ ਹੀ ਚੰਗਾ ਲਗਦਾ ਹੈ ਅਤੇ ਮਨ ਸਦਾ ਖਿੜਿਆ ਰਹਿੰਦਾ ਹੈ । ਮਤਿ ਗਿਆਨ-ਰੂਪ ਹਰੀ ਵਿੱਚ ਲੱਗੀ ਹੋਣ ਕਰ ਕੇ ਗਿਆਨਵਾਨ ਅਤੇ ਅਡੋਲ ਹੋ ਜਾਂਦੀ ਹੈ ।

‡ ਗੁਰੂ ਦੀ ਕਿਰਪਾ ਨਾਲ ਪਾਪਾਂ ਵਾਲੀ ਬ੍ਰਿਤੀ ਹਟ ਕੇ ਹਰੀ-ਰਸ ਗ੍ਰਹਿਣ ਕਰਨ ਵਾਲੀ ਬ੍ਰਿਤੀ ਬਣ ਜਾਂਦੀ ਹੈ, ਫਿਰ ਅੱਖਾਂ, ਜੀਭ, ਕੰਨ ਆਦਿ ਸਭ ਨਾਮ ਦੇ ਪਿਆਰ ਵਿੱਚ ਕੰਮ ਕਰਨ ਲੱਗ ਪੈਂਦੇ ਹਨ ਅਤੇ ਮਨੁੱਖ ਹਰ ਵਕਤ ਨਾਮ ਵਿੱਚ ਲੀਨ ਰਹਿੰਦਾ ਹੋਇਆ ਅੰਤ ਹਰੀ ਵਿੱਚ ਮਿਲ ਜਾਂਦਾ ਹੈ ।

[੧]ਆਵਣ ਜਾਨੀ ॥ ੨ ॥ ਨੈਣੀ ਬਿਰਹੁ[੨] ਦੇਖਾ ਪ੍ਰਭ ਸੁਆਮੀ [੩]ਰਸਨਾ ਨਾਮੁ
ਵਖਾਨੀ ॥ ਸ੍ਰਵਣੀ[੪] ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ[੫] ॥
੩ ॥ [੬]ਪੰਚ ਜਨਾ ਗੁਰਿ ਵਸਗਤਿ ਆਣੇ ਤਉ [੭]ਉਨਮਨਿ ਨਾਮਿ ਲਗਾਨੀ ॥
ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥ ੪ ॥ ੫ ॥
ਸਾਰਗ ਮਹਲਾ ੪* ॥ ਜਪਿ ਮਨ ਰਾਮ ਨਾਮੁ ਪੜ੍ਹੁ ਸਾਰੁ[੮] ॥ ਰਾਮ ਨਾਮ ਬਿਨੁ
ਥਿਰੁ ਨਹੀ ਕੋਈ ਹੋਰੁ ਨਿਹਫਲ ਸਭੁ ਬਿਸਥਾਰੁ[੯] ॥ ੧ ॥ ਰਹਾਉ ॥ ਕਿਆ
ਲੀਜੈ ਕਿਆ ਤਜੀਐ ਬਉਰੇ ਜੋ ਦੀਸੈ ਸੋ ਛਾਰੁ[੧੦] ॥ ਜਿਸੁ ਬਿਖਿਆ[੧੧] ਕਉ
ਤੁਮ੍ ਅਪੁਨੀ ਕਰਿ ਜਾਨਹੁ ਸਾ ਛਾਡਿ ਜਾਹੁ [੧੨]ਸਿਰਿ ਭਾਰੁ ॥ ੧ ॥ ਤਿਲੁ ਤਿਲੁ
ਪਲੁ ਪਲੁ ਅਉਧ[੧੩] ਫੁਨਿ ਘਾਟੈ[੧੪] ਬੂਝਿ ਨ ਸਕੈ ਗਵਾਰੁ ॥ ਸੋ ਕਿਛੁ ਕਰੈ ਜਿ
ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ[੧੫] ॥ ੨ ॥ ਸੰਤ ਜਨਾ ਕੈ ਸੰਗਿ ਮਿਲੁ
ਬਉਰੇ ਤਉ ਪਾਵਹਿ ਮੋਖ ਦੁਆਰੁ ॥ ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ
ਜਾਇ ਪੂਛਹੁ ਬੇਦ ਬੀਚਾਰੁ ॥ ੩ ॥ ਰਾਣਾ[੧੬] ਰਾਉ[੧੭] ਸਭੈ ਕੋਊ ਚਾਲੈ ਝੂਠੁ
ਛੋਡਿ ਜਾਇ ਪਾਸਾਰੁ[੧੮] ॥ ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ
ਆਧਾਰੁ[੧੯] ॥ ੪ ॥ ੬ ॥

ਸਾਰਗ ਮਹਲਾ ੪ ਘਰੁ ੩ ਦੁਪਦਾ ੴ ਸਤਿਗੁਰ ਪ੍ਰਸਾਦਿ ॥

†ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ[੨੦] ਤੁਮ ਹਉ
ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ
ਹਉ ਸੋ ਧਨੁ [੨੧]ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ
ਤਉ ਲਾਗੈ ਪਛੁਤਾਪ ॥ ੧ ॥ [੨੨]ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ
ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ
ਜਾਇ ਸੰਤਾਪ[੨੩] ॥ ੨ ॥ ੧ ॥ ੭ ॥

ਸਾਰਗ ਮਹਲਾ ੪‡ ਘਰੁ ੫ ਦੁਪਦੇ ਪੜਤਾਲ[੨੪] ੴ ਸਤਿਗੁਰ ਪ੍ਰਸਾਦਿ ॥

ਜਪਿ ਮਨ [੨੫]ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ
ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ ॥ ੧ ॥ ਰਹਾਉ ॥
ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ ਗਾਵਤ ਸੁਕ[੨੬] ਨਾਰਦ[੨੭]
ਬ੍ਰਹਮਾਦਿਕ[੨੮] ਤਵ[੨੯] ਗੁਨ ਸੁਆਮੀ [੩੦]ਗਨਿਨ ਨ ਜਾਤਿ ॥ ਤੂ ਹਰਿ ਬੇਅੰਤੁ ਤੂ
ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਆਪਨੀ ਭਾਂਤਿ[੩੧] ॥ ੧ ॥
ਹਰਿ ਕੈ ਨਿਕਟਿ[੩੨] ਨਿਕਟਿ ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ

੧ ਜਨਮ ਮਰਨ ।
੨ ਪਿਆਰ ਭਰੀ ਤਾਂਘ । ਅੱਖਾਂ ਵਿੱਚ ਤਾਂਘ ਹੈ ਕਿ ਹਰੀ ਮਾਲਕ ਨੂੰ ਦੇਖਾਂ । "ਲਾਇ ਬਿਰਹੁ ਭਗਵੰਤ ਸੰਗੇ" (ਬਿਲਾਵਲੁ ਮ: ੫, ਪੰਨਾ ੮੪੮, ਨੋਟ ੧੬)।
੩ ਜੀਭ ਨੂੰ (ਇਹ ਤਾਂਘ ਹੈ ਕਿ) ਨਾਮ ਉਚਾਰਨ ਕਰਾਂ ।
੪ ਕੰਨਾਂ ਨਾਲ ।
੫ ਭਾਉਂਦਾ ਹੈ ।
੬ ਕਾਮਾਦਿਕ ਗੁਰੂ ਨੇ ਵਸ ਵਿੱਚ ਲੈ ਆਂਦੇ ਹਨ। 'ਗੁਰਿ' ਲਈ ਦੇਖੋ ਨੇਮ ੨੦ (ੳ) ।
੭ ਸੰਸਾਰ ਦੀਆਂ ਖਿੱਚਾਂ ਤੋਂ ਉੱਚੇ ਹੋਏ ਮਨ ਦੀ ਹਾਲਤ ਵਿੱਚ । ਤ੍ਰਿਗੁਣ-ਅਤੀਤ ਜਾਂ ਸਹਿਜ ਅਵਸਥਾ ਵਿੱਚ ਹੋ ਕੇ ਨਾਮ ਵਿੱਚ ਲੱਗਾ ਹਾਂ।
੮ ਤਤ ਵਸਤੂ, ਸ੍ਰੇਸ਼ਟ, ਇਸ ਉਤਮ ਨਾਮ ਨੂੰ ਪੜ੍ਹ।
੯ ਫੈਲਾਉ, ਖਿਲਾਰਾ, ਸਿਲਸਿਲਾ ।
੧੦ ਮਿੱਟੀ । ਹੇ ਝੱਲੇ ! ਕੀ ਲਈਏ ਤੇ ਕੀ ਛੱਡੀਏ। ਜਦ ਜੋ ਕੁਝ ਦਿਸਦਾ ਹੈ ਸਭ ਮਿੱਟੀ ਹੀ ਮਿੱਟੀ ਹੈ ।
੧੧ ਵਿਹੁ ਰੂਪ ਮਾਇਆ ।
੧੨ ਸਿਰ 'ਤੇ ਪਾਪਾਂ ਦਾ ਭਾਰ ਹੈ ।
੧੩ ਉਮਰ ।
੧੪ ਘਟਦੀ ਹੈ ।
੧੫ ਕਿਰਿਆ । ਇਹ ਮਾਦਾ-ਪ੍ਰਸਤ ਦਾ ਕੰਮ-ਕਾਜ ਹੈ ।
੧੬ ਰਾਜੇ ।
੧੭ ਰਾਜੇ ।
੧੮ ਪਸਾਰਾ ।
੧੯ ਆਸਰਾ ।
੨੦ ਵਡੇ ਕੀਤੇ, ਵਡਿਆਏ । ਜਿਨ੍ਹਾਂ ਨੇ ਤੁਹਾਨੂੰ ਪੈਦਾ ਕੀਤਾ ਤੇ ਵੱਡਾ ਕੀਤਾ ਹੈ, ਉਨ੍ਹਾਂ ਨਾਲ ਝਗੜਾ ਕਰਨਾ ਮਾੜਾ ਹੈ ।
੨੧ ਕਿਸੇ ਦਾ ਆਪਣਾ ਨਹੀਂ ਹੈ ।
੨੨ ਜਿਹੜੇ ਹਰੀ ਜੀ ਤੁਹਾਡੇ ਮਾਲਕ ਹਨ, ਉਨ੍ਹਾਂ ਦੇ ਜਪ ਜਪੋ (ਉਨ੍ਹਾਂ ਦੇ ਗੁਣਾਂ ਦਾ ਧਿਆਨ ਕਰੋ), ਭਾਵ ਉਹ ਪਾਲਕ ਤੇ ਰਖਿਅਕ ਹਨ, ਉਹ ਤੁਹਾਡੀ ਸਾਰ ਲੈਂਦੇ ਰਹਿਣਗੇ, ਫ਼ਿਕਰ ਕਾਹਨੂੰ ਕਰਦੇ ਹੋ?
੨੩ ਅੰਦਰ ਦਾ ਸਾੜਾ ਜਾਂ ਦੁੱਖ ।
੨੪ [ਪਰਤਾਓ ਤਾਲ] ਇਥੇ ਗਾਉਣ ਵਿੱਚ ਮੁੜ-ਮੁੜ ਤਾਲ ਪਰਤਾਇਆ ਜਾਂਦਾ ਹੈ ।
੨੫ 'ਜਗੰਨਾਥ' ਤੇ 'ਜਗਦੀਸਰ' ਦੋਹਾਂ ਦਾ ਅਰਥ 'ਜਗਤ ਦਾ ਮਾਲਕ' ਹੈ ।
੨੬ ਸੁਕਦੇਵ, ਵਿਆਸ ਦਾ ਪੁੱਤਰ ਇਕ ਰਿਸ਼ੀ ।
੨੭ ਬ੍ਰਹਮਾ ਦਾ ਪੁੱਤਰ ਇਕ ਰਿਸ਼ੀ ।
੨੮ ਬ੍ਰਹਮਾ ਆਦਿਕ ਦੇਵਤੇ ।
੨੯ ਤੇਰੇ ।
੩੦ ਗਿਣੇ ਨਹੀਂ ਜਾਂਦੇ ।
੩੧ ਤਰੀਕੇ ।
੩੨ ਨੇੜੇ ।

* ਨਾਮ ਤੋਂ ਬਿਨਾਂ ਇਸ ਸੰਸਾਰ ਵਿੱਚ ਕੁਝ ਵੀ ਸਾਰ ਜਾਂ ਥਿਰ ਵਸਤੂ ਨਹੀਂ, ਇਸ ਲਈ ਨਾਮ ਹੀ ਗ੍ਰਹਿਣ ਕਰਨਾ ਚਾਹੀਏ ।

† ਜਦ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਨੂੰ ਗੱਦੀ ਦੇਣ ਦਾ ਐਲਾਨ ਕੀਤਾ ਤਾਂ ਪ੍ਰਿਥੀ ਚੰਦ ਬਹੁਤ ਘਬਰਾਇਆ ਅਤੇ ਆਪਣੇ ਪਿਤਾ ਜੀ ਨਾਲ ਝਗੜਨ ਲੱਗਾ । ਉਸ ਵਕਤ ਇਹ ਸ਼ਬਦ ਉਚਾਰਨ ਹੋਇਆ।

‡ ਇਨ੍ਹਾਂ ਛਿਆਂ ਸ਼ਬਦਾਂ ਵਿੱਚ ਗੁਰੂ ਜੀ ਬੜੇ ਰਸ ਨਾਲ, ਆਪਣੀ ਖ਼ਾਸ ਤਰਜ਼ ਨਾਲ ਹਰੀ-ਨਾਮ ਵਿੱਚ ਮਨ ਜੋੜਨ ਲਈ ਪ੍ਰੇਰਨਾ ਕਰਦੇ ਹਨ ।

ਹਰਿ ਭਗਾਤ[੧] ॥ ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ [੨]ਸਲਲੈ ਸਲਲ ਮਿਲਾਤਿ ॥ ੨ ॥ ੧ ॥ ੮ ॥ ਸਾਰੰਗ ਮਹਲਾ ੪ ॥ ਜਪਿ ਮਨ ਨਰਹਰੇ[੩] ਨਰਹਰ ਸੁਆਮੀ [੪]ਹਰਿ ਸਗਲ ਦੇਵ ਦੇਵਾ ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ ॥ ੧ ॥ ਰਹਾਉ ॥ [੫]ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ ਵਾਜੇ [੬]ਪੰਚ ਸਬਦ ਵਡ ਭਾਗ ਮਥੋਰਾ[੭] ॥ ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ [੮]ਪੰਚ ਚੋਰਾ ॥ ੧ ॥ ਹਰਿ ਰਾਮ ਬੋਲਹੁ ਹਰਿ ਸਾਧੂ ਹਰਿ ਕੇ ਜਨ ਸਾਧੂ ਜਗਦੀਸੁ ਜਪਹੁ [੯]ਮਨਿ ਬਚਨਿ ਕਰਮਿ ਹਰਿ ਹਰਿ ਆਰਾਧੂ ਹਰਿ ਕੇ ਜਨ ਸਾਧੂ ॥ ਹਰਿ ਰਾਮ ਬੋਲਿ ਹਰਿ ਰਾਮ ਬੋਲਿ ਸਭਿ ਪਾਪ ਗਵਾਧੂ ॥ ਨਿਤ ਨਿਤ [੧੦]ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੁੋਰਾ ॥ ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ [*]ਧਰਮੁ ਅਰਥੁ ਕਾਮ ਮੋਖੁ ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ ॥ ੨ ॥ ੨ ॥ ੯ ॥ ਸਾਰਗ ਮਹਲਾ ੪ ॥ ਜਪਿ ਮਨ ਮਾਧੋ[੧੧] ਮਧੁਸੂਦਨੋ[੧੨] ਹਰਿ ਸ੍ਰੀਰੰਗੋ[੧੩] ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ[੧੪] ॥ ਸਭ ਦੂਖਨ ਕੋ ਹੰਤਾ[੧੫] ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਉ ॥ ੧ ॥ ਰਹਾਉ ॥ ਹਰਿ [੧੬]ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ ॥ ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ[੧੭] ਦਿਖਲਾਵੈ ॥ ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥ ੧ ॥ ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ[੧੮] ਹਰਿ ਮਿਲਿਆ ॥ ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ [੧੯]ਹਰਿ ਰਾਉ ॥ ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ ॥ ਮੈ ਅਨਦਿਨੋ[੨੦] ਸਦ ਸਦ ਸਦਾ ਹਰਿ ਜਪਿਆ ਹਰਿ ਨਾਉ ॥ ੨ ॥ ੩ ॥ ੧੦ ॥ ਸਾਰਗ ਮਹਲਾ ੪ ॥ ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥ ਨਿਰਵੈਰੁ ਅਕਾਲ ਮੂਰਤਿ ॥ ਆਜੂਨੀ[੨੧] ਸੰਭਉ[੨੨] ॥ ਮੇਰੇ ਮਨ ਅਨਦਿਨੁੋ ਧਿਆਇ ਨਿਰੰਕਾਰੁ ਨਿਰਾਹਾਰੀ[੨੩] ॥ ੧ ॥ ਰਹਾਉ ॥ ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ [੨੪]ਕੋਟਿ ਤੇਤੀਸ ਸਿਧ ਜਤੀ ਜੋਗੀ ਤਟ[੨੫] ਤੀਰਥ [੨੬]ਪਰਭਵਨ ਕਰਤ ਰਹਤ ਨਿਰਾਹਾਰੀ[੨੭] ॥ ਤਿਨ ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ[੨੮] ॥ ੧ ॥ ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ ਜੋ ਭਾਵਤ ਹਰਿ ਰਾਮ ਮੁਰਾਰੀ[੨੯] ॥ ਜਿਨ੍ ਕਾ

੧ ਭਗਤ ।	ਵਾਹਿਗੁਰੂ ।
੨ [ਸੰ. ਸਲਿਲ=ਪ੍ਰਵਾਹ, ਪਾਣੀ ਦਾ ਵਹਾਉ, ਪਾਣੀ] ਜਿਵੇਂ ਪਾਣੀ ਵਿੱਚ ਪਾਣੀ ਮਿਲ ਜਾਂਦਾ ਹੈ ।	੧੪ ਅੰਦਰ ਦੀਆਂ ਜਾਣਨ ਵਾਲਾ ।
	੧੫ ਨਾਸ ਕਰਨ ਵਾਲਾ ।
੩ [ਨਰਸਿੰਘ] ਵਾਹਿਗੁਰੂ ।	੧੬ ਸਾਰਿਆਂ ਦਿਲਾਂ ਅੰਦਰ ।
੪ ਹਰੀ ਜੋ ਸਾਰੇ ਦੇਵਤਿਆਂ ਦਾ ਦੇਵ ਹੈ ।	੧੭ ਰਸਤਾ । ੧੮ ਗੁਰੂ ਦੁਆਰਾ ।
੫ ਜਿਸ ਘਰ ਵਿੱਚ ।	੧੯ ਹਰੀ ਰਾਜਾ ।
੬ ਪੰਜ ਤਰ੍ਹਾਂ ਦੇ ਵਾਜਿਆਂ ਦੇ ਸ਼ਬਦ (ਤਾਰ, ਚੰਮ, ਧਾਤ, ਘੜੇ, ਫੂਕ ਵਾਲੇ ਵਾਜਿਆਂ ਦੇ); ਭਾਵ ਖੁਸ਼ੀ ਦੇ ਤਰ੍ਹਾਂ-ਤਰ੍ਹਾਂ ਦੇ ਵਾਜੇ ਵੱਜੇ, ਬੜਾ ਅਨੰਦ ਹੋਇਆ ।	੨੦ ਹਰ ਰੋਜ਼ ।
	੨੧ ਅਜੂਨੀ, ਜੰਮਣ ਵਿੱਚ ਨਾ ਆਉਣ ਵਾਲਾ ।
	੨੨ [ਸੰ. ਸ੍ਵਯੰ ਭੂ] ਆਪਣੇ ਆਪ ਤੋਂ ਹੋਇਆ-ਹੋਇਆ ।
੭ ਮੱਥੇ 'ਤੇ ।	੨੩ ਜੋ ਭੋਜਨ ਅਹਾਰ ਆਦਿਕ ਤੋਂ ਉੱਤੇ ਹੈ, ਹਰੀ।
੮ ਪੰਜ ਕਾਮਾਦਿ ਚੋਰ ।	੨੪ ਤੇਤੀ ਕ਼ਰੋੜ ਦੇਵਤੇ ।
੯ ਮਨ ਬਚਨ ਤੇ ਕਰਮ ਕਰ ਕੇ ਹਰੀ ਨੂੰ ਸਿਮਰੋ।	੨੫ ਦਰਿਆਵਾਂ ਦੇ ਕੰਢੇ ਜਿਥੇ ਆਮ ਤੌਰ 'ਤੇ ਤੀਰਥ ਹੁੰਦੇ ਹਨ ।
੧੦ ਸੁਚੇਤ ਰਹੋ ।	
੧੧ [ਮਾਇਆ ਦਾ ਧਵ (ਪਤੀ)] ਵਾਹਿਗੁਰੂ ।	੨੬ ਫਿਰਦੇ ਹਨ ।
੧੨ [ਮਧੁ ਰਾਖਸ਼ ਨੂੰ ਮਾਰਨ ਵਾਲਾ, ਵਿਸ਼ਨੂੰ] ਵਾਹਿਗੁਰੂ ।	੨੭ ਬਿਨਾਂ ਕੁਝ ਖਾਣ ਦੇ ।
	੨੮ [ਜੰਗਲ ਜਿਸ ਦੇ ਗਲ ਦੀ ਮਾਲਾ ਹਨ] ਵਾਹਿਗੁਰੂ।
੧੩ [ਸ੍ਰੀ (ਲੱਛਿਮੀ) ਨਾਲ ਰੰਗ ਕਰਨ ਵਾਲਾ ਵਿਸ਼ਨੂੰ]	੨੯ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।

* ਇਹ ਚਾਰ ਪਦਾਰਥ ਹਨ : ਆਪਣੇ ਨੇਮਾਂ ਵਿੱਚ ਪੱਕਾ ਹੋਣਾ (ਧਰਮ); ਦੁਨਿਆਵੀ ਲੋੜਾਂ ਦੀ ਪੂਰਨਤਾ (ਅਰਥ); ਕਾਮਯਾਬੀਆਂ (ਕਾਮ); ਮੁਕਤੀ (ਮੋਖ) ।

ਅੰਗੁ[੧] ਕਰੈ ਮੇਰਾ ਸੁਆਮੀ ਤਿਨ੍ ਕੀ ਨਾਨਕ ਹਰਿ [੨]ਪੈਜ ਸਵਾਰੀ ॥ ੨ ॥ ੪ ॥ ੧੧ ॥ ਸਾਰਗ ਮਹਲਾ ੪ ਪੜਤਾਲ[੩] ॥ ਜਪਿ ਮਨ ਗੋਵਿੰਦੁ ਹਰਿ ਗੋਵਿੰਦੁ [੪]ਗੁਣੀ ਨਿਧਾਨੁ ਸਭ ਸ੍ਰਿਸਟਿ ਕਾ ਪ੍ਰਭੋ[੫] ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ ॥ ੧ ॥ ਰਹਾਉ ॥ ਹਰਿ ਕਾ ਨਾਮੁ ਅੰਮ੍ਰਿਤੁ ਹਰਿ ਹਰਿ ਹਰੇ ਸੋ ਪੀਐ [੬]ਜਿਸੁ ਰਾਮੁ ਪਿਆਸੀ ॥ ਹਰਿ ਆਪਿ ਦਇਆਲੁ ਦਇਆ ਕਰਿ ਮੇਲੈ ਜਿਸੁ ਸਤਿਗੁਰੂ ਸੋ ਜਨੁ ਹਰਿ ਹਰਿ ਅੰਮ੍ਰਿਤ ਨਾਮੁ ਚਖਾਸੀ ॥ ੧ ॥ ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ ॥ ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ ਚਾਤ੍ਰਿਕੁ[੭] ਜਲਿ ਪੀਐ ਤ੍ਰਿਪਤਾਸੀ[੮] ॥ ੨ ॥ ੫ ॥ ੧੨ ॥ ਸਾਰਗ ਮਹਲਾ ੪ ॥ ਜਪਿ ਮਨ ਸਿਰੀ ਰਾਮੁ ॥ [੯]ਰਾਮ ਰਮਤ ਰਾਮੁ ॥ ਸਤਿ ਸਤਿ ਰਾਮੁ ॥ ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ[੧੦] ॥ ੧ ॥ ਰਹਾਉ ॥ ਰਾਮੁ ਆਪੇ ਆਪਿ ਆਪੇ ਸਭੁ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ[੧੧] ਜਗੇ ॥ ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮ ਰਾਇ ਸੋ ਜਨੁ ਰਾਮ ਨਾਮ ਲਿਵ ਲਾਗੇ ॥ ੧ ॥ ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ [੧੨]ਕਲਿਜੁਗ ਅਗੇ ॥ ਜਨ ਨਾਨਕ ਕਾ ਅੰਗੁ[੧] ਕੀਆ ਮੇਰੈ ਰਾਮ ਰਾਇ ਦੁਸਮਨ ਦੂਖ ਗਏ ਸਭਿ ਭਗੇ[੧੩] ॥ ੨ ॥ ੬ ॥ ੧੩ ॥

ਸਾਰੰਗ ਮਹਲਾ ੫ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥

*ਸਤਿਗੁਰ ਮੂਰਤਿ[੧੪] ਕਉ ਬਲਿ ਜਾਉ ॥ ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ [੧੫]ਸਫਲ ਦਰਸਨੁ ਕਦਿ ਪਾਂਉ ॥ ੧ ॥ ਰਹਾਉ ॥ ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ [੧੬]ਭਗਤਿ ਵਛਲੁ ਹਰਿ ਨਾਉ ॥ ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ[੧੭] ॥ ੧ ॥ [੧੮]ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ ॥ ਦਹ ਦਿਸ[੧੯] ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ[੨੦] ਕਰਮ ਕਮਾਉ ॥ ੨ ॥ ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ [੨੧]ਗਤਿ ਮਿਤਿ ਕਹਿ ਨ ਸਕਾਉ ॥ ਤੂ ਬੇਅੰਤੁ ਤੇਰੀ ਮਿਤਿ[੨੨] ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ[੨੩] ॥ ੩ ॥ ਸਾਧਨ ਕਾ ਸੰਗੁ ਸਾਧ ਸਿਉ ਗੋਸਟਿ[੨੪] ਹਰਿ ਸਾਧਨ ਸਿਉ ਲਿਵ ਲਾਉ ॥ ਜਨ ਨਾਨਕ ਪਾਇਆ ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ ਚਾਉ ॥ ੪ ॥ ੧ ॥ ਸਾਰਗ ਮਹਲਾ ੫† ॥ ਹਰਿ ਜੀਉ ਅੰਤਰਜਾਮੀ[੨੫] ਜਾਨ[੨੬] ॥ ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ[੨੭] ਪਵਾਨ[੨੮] ॥ ੧ ॥ ਰਹਾਉ ॥ [੨੯]ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥ ਸੰਤ ਸਭਾ

੧ ਪੱਖ । ਸਾਥ ਦੇਵੇ ।
੨ ਇੱਜ਼ਤ ਰੱਖ ਲਈ ।
੩ ਦੇਖੋ ਪੰਨਾ ੧੨੦੦, ਨੋਟ ੨੪ ।
੪ ਗੁਣਾਂ ਦਾ ਖ਼ਜ਼ਾਨਾ ।
੫ ਮਾਲਕ ।
੬ ਜਿਸ ਨੂੰ ਰਾਮ ਆਪ ਪਿਆਉਂਦਾ ਹੈ ।
੭ ਦੇਖੋ ਪੰਨਾ ੧੧੧੭, ਨੋਟ ੧੭ ।
੮ ਰੱਜਦਾ ਹੈ ।
੯ ਉਹ ਰਾਮ ਜੋ ਸਭ ਵਿੱਚ ਰਮਿਆ ਹੋਇਆ ਹੈ।
੧੦ [ਸਰਵੱਗਜ] ਸਭ ਕੁਝ ਜਾਣਨ ਵਾਲਾ ।
੧੧ ਸਭ ਥਾਂਈ । ਜਗਤ ਵਿੱਚ ਸਭ ਥਾਂਈ ।
੧੨ ਕਲਜੁਗ ਦੀ ਅੱਗ ਵਿੱਚ ।
੧੩ ਭੱਜ ਗਏ, ਦੌੜ ਗਏ ।
੧੪ ਮੂਰਤਿ-ਆਚਰਣ ਦਾ ਰੂਪ ।
(vision of his personality)
ਦੇਖੋ ਪੰਨਾ ੬੬੧, ਨੋਟ ੨੨ ।
੧੫ ਉਹ ਹਸਤੀ ਜਿਸ ਦੇ ਦਰਸ਼ਨ ਤੋਂ ਹੀ ਫਲ ਪ੍ਰਾਪਤ ਹੋ ਜਾਵੇ ।
੧੬ ਭਗਤੀ ਭਾਵ ਨੂੰ ਪਿਆਰਨ ਵਾਲਾ ।
੧੭ ਆਸਰਾ ।
੧੮ ਨਿਆਸਰਿਆਂ ਦਾ ਆਸਰਾ ।
੧੯ ਦਸਾਂ ਤਰਫਾਂ ਵਿੱਚ; ਹਰ ਪਾਸੇ ।
੨੦ ਜਸ । ਤੇਰੀ ਕੀਰਤੀ ਕਰਨੀ, ਇਹੋ ਕਰਮ ਕਮਾਉਂਦਾ ਹਾਂ ।
੨੧ ਗਤਿ= ਉੱਚੀ ਤੋਂ ਉੱਚੀ ਹਾਲਤ ਜਿਥੋਂ ਤੱਕ ਤੇਰੀ ਪਹੁੰਚ ਹੈ; ਮਿਤਿ= ਮਿਣਤੀ, ਭਾਵ ਡੂੰਘੀ ਤੋਂ ਡੂੰਘੀ ਹਾਲਤ ।
੨੨ ਅੰਦਾਜ਼ਾ । ੨੩ ਦਿਖਾਵਾ, ਪਸਾਰਾ ।
੨੪ ਵਿਚਾਰ, ਗੱਲ-ਬਾਤ ।
੨੫ ਅੰਦਰ ਦੀਆਂ ਜਾਣਨ ਵਾਲਾ ।
੨੬ ਜਾਣੂੰ, ਜਾਣਨ ਵਾਲਾ । 'ਆਪੇ ਸੁਰਤਾ ਆਪੇ ਜਾਨੁ' (ਬਿਲਾਵਲੁ ਮ: ੧, ਪੰਨਾ ੭੯੫) । "ਅੰਧੀ ਦੁਨੀਆ ਸਾਹਿਬੁ ਜਾਣੁ" (ਮ: ੧, ਪੰਨਾ ੩੪੯) ।
੨੭ ਵਾਕੁਰ, ਸਮਾਨ, ਜਿਵੇਂ 'ਸਾਰ ਭੂਤ ਸਤਿ ਹਰਿ ਕੋ ਨਾਉ' (ਸੁਖਮਨੀ) ।
੨੮ ਪਵਣ, ਹਵਾ । ਬੁਰਾਈ ਕਰਦਿਆਂ ਮਨੁੱਖ ਕੋਲੋਂ ਤਾਂ ਛੁਪ ਸਕੀਦਾ ਹੈ, ਪਰ ਹਰੀ ਤਾਂ ਹਵਾ ਵਾਕੁਰ ਹਰ ਥਾਂ ਹਾਜ਼ਰ ਹੈ । ਸਾਖੀ= ਗਵਾਹ, ਸ਼ਾਹਦ, ਹਾਜ਼ਰ ।
੨੯ ਨਾਮ ਆਪਣਾ ਵੈਸ਼ਨੋ ਰਖਾਂਦਾ ਹੈ ਤੇ ਛੇ ਕਿਸਮ ਦੇ ਸ਼ਾਸਤ੍ਰ ਵਾਲੇ ਕੰਮ ਕਰਦਾ ਹੈ, ਪਰ ਅੰਦਰ ਲੋਭ ਦੀ ਜੁਠ ਹੁੰਦੀ ਹੈ । ਛੇ ਕਰਮਾਂ ਲਈ ਦੇਖੋ ਪੰਨਾ ੧੧੧੯, ਨੋਟ ੨੦ ।

* ਗੁਰੂ ਤੋਂ ਬਲਿਹਾਰ ਜਾਈਏ ਜਿਸ ਨੇ ਹਰੀ ਦੇ ਦਰਸ਼ਨਾਂ ਦੀ ਤਾਂਘ ਦਿੱਤੀ ਹੈ ।

† ਪਖੰਡੀ ਸਾਧਾਂ ਤੇ ਭੁੱਲੜ ਭਗਤਾਂ ਦੇ ਉਤਲੇ-ਉਤਲੇ ਨਿਸਫਲ ਕਰਮਾਂ ਵੱਲ ਧਿਆਨ ਦੁਆ ਕੇ ਅਸਲ ਜੁਗਤੀ ਧਰਮ ਦੀ ਦੱਸਦੇ ਹਨ । ਉਹ ਇਹ ਹੈ ਕਿ ਗੁਰੂ ਦੀ ਸ਼ਰਨ ਲੈ ਕੇ ਉਸ ਦੀ ਸੰਗਤਿ ਵਿੱਚ ਹਰੀ ਦੀ ਕਿਰਪਾ ਢੂੰਢਣੀ ਚਾਹੀਦੀ ਹੈ ।

ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ[੧] ॥ ੧ ॥ ਕਰਹਿ [੨]ਸੋਮ ਪਾਕੁ [੩]ਹਿਰਹਿ
ਪਰ ਦਰਬਾ ਅੰਤਰਿ ਝੂਠ ਗੁਮਾਨ ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ
ਬਿਆਪੇ ਮਨ ਕੈ ਮਾਨ ॥ ੨ ॥ ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ
ਸਫਰੀ[੪] ਦੰਫਾਨ[੫] ॥ ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ[੬] ॥
੩ ॥ ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥ ਉਨਿ
ਸਤਿਗੁਰੁ ਸੇਵਿ [੭]ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ[੮] ॥ ੪ ॥
ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ ॥
ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ[੯] ॥ ੫ ॥
੨ ॥ ਸਾਰਗ ਮਹਲਾ ੫* ॥ ਅਬ ਮੋਰੋ [੧੦]ਨਾਚਨੋ ਰਹੋ ॥ ਲਾਲੁ ਰਗੀਲਾ
ਸਹਜੇ ਪਾਇਓ ਸਤਿਗੁਰ ਬਚਨਿ ਲਹੋ[੧੧] ॥ ੧ ॥ ਰਹਾਉ ॥ ਕੁਆਰ ਕੰਨਿਆ
ਜੈਸੇ ਸੰਗਿ ਸਹੇਰੀ[੧੨] [੧੩]ਪ੍ਰਿਅ ਬਚਨ ਉਪਹਾਸ ਕਹੋ ॥ ਜਉ ਸੁਰਿਜਨੁ[੧੪] ਗ੍ਰਿਹ
ਭੀਤਰਿ ਆਇਓ ਤਬ [੧੫]ਮੁਖੁ ਕਾਜਿ ਲਜੋ ॥ ੧ ॥ ਜਿਉ ਕਨਿਕੋ[੧੬] ਕੋਠਾਰੀ[੧੭]
ਚੜਿਓ ਕਬਰੋ[੧੮] ਹੋਤ ਫਿਰੋ ॥ ਜਬ ਤੇ ਸੁਧ ਭਏ ਹੈ ਬਾਰਹਿ[੧੯] ਤਬ ਤੇ
ਥਾਨ ਥਿਰੋ[੨੦] ॥ ੨ ॥ [੨੧]ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ[੨੨] ਘਰੀ
ਪਲੋ ॥ ਬਜਾਵਨਹਾਰੋ[੨੩] ਊਠਿ ਸਿਧਾਰਿਓ ਤਬ ਫਿਰਿ [੨੪]ਬਾਜੁ ਨ ਭਇਓ ॥
੩ ॥ [੨੫]ਜੈਸੇ ਕੁੰਭ [੨੬]ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ ॥ ਕਹੁ
ਨਾਨਕ ਕੁੰਭੁ ਜਲੈ ਮਹਿ ਡਾਰਿਓ [੨੭]ਅੰਭੈ ਅੰਭ ਮਿਲੋ ॥ ੪ ॥ ੩ ॥ ਸਾਰਗ
ਮਹਲਾ ੫† ॥ [੨੮]ਅਬ ਪੂਛੇ ਕਿਆ ਕਹਾ ॥ ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ[੨੯]
ਬਾਵਰ ਬਿਖੁ ਸਿਉ ਗਹਿ ਰਹਾ ॥ ੧ ॥ ਰਹਾਉ ॥ ਦੁਲਭ ਜਨਮੁ ਚਿਰੰਕਾਲ
ਪਾਇਓ ਜਾਤਉ ਕਉਡੀ ਬਦਲਹਾ[੩੦] ॥ ਕਾਥੂਰੀ[੩੧] ਕੋ ਗਾਹਕੁ ਆਇਓ
ਲਾਦਿਓ ਕਾਲਰ ਬਿਰਖ[੩੨] ਜਿਵਹਾ[੩੩] ॥ ੧ ॥ ਆਇਓ ਲਾਭੁ ਲਾਭਨ ਕੈ
ਤਾਈ ਮੋਹਨਿ ਠਾਗਉਰੀ[੩੪] ਸਿਉ [੩੫]ਉਲਝਿ ਪਹਾ ॥ [੩੬]ਕਾਚ ਬਾਦਰੈ ਲਾਲੁ
ਖੋਈ ਹੈ ਫਿਰਿ ਇਹੁ ਅਉਸਰੁ[੩੭] ਕਦਿ ਲਹਾ ॥ ੨ ॥ ਸਗਲ ਪਰਾਧ ਏਕੁ
ਗੁਣੁ ਨਾਹੀ ਠਾਕੁਰੁ ਛੋਡਹ [੩੮]ਦਾਸਿ ਭਜਹਾ ॥ ਆਈ ਮਸਟਿ[੩੯] ਜੜਵਤ
ਕੀ ਨਿਆਈ [੪੦]ਜਿਉ ਤਸਕਰੁ ਦਰਿ ਸਾਂਨ੍ਹਿਹਾ ॥ ੩ ॥ ਆਨ ਉਪਾਉ ਨ
ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥ ਕਹੁ ਨਾਨਕ ਤਬ ਹੀ ਮਨ
ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥ ੪ ॥ ੪ ॥ ਸਾਰਗ ਮਹਲਾ
੫‡ ॥ [੪੧]ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ ॥ ਅਨਿਕ ਭਾਂਤਿ ਆਨੂਪ
ਰੰਗ ਰੇ ਤਿਨ੍ਹ ਸਿਉ ਰੁਚੈ ਨ ਲਾਗਿਓ ॥ ੧ ॥ ਰਹਾਉ ॥ [੪੨]ਨਿਸਿ ਬਾਸੁਰ
ਪ੍ਰਿਅ ਪ੍ਰਿਅ ਮੁਖਿ ਟੇਰਉ[੪੩] ਨੀਂਦ ਪਲਕ[੪੪] ਨਹੀ ਜਾਗਿਓ ॥ ਹਾਰ ਕਜਰ[੪੫]

੧ ਅਗਿਆਨਤਾ ਵਿੱਚ ।
੨ [ਸੰ. ਸੂਯੰ ਪਾਕਿਨ] ਆਪਣੇ ਹੱਥੀਂ ਭੋਜਨ ਪਕਾ ਖਾਣਾ । ਪਾਕ= ਪੱਕਾ ਹੋਇਆ ਭੋਜਨ ।
੩ ਚੁਰਾਂਦੇ ਹਨ ਪਰਾਇਆ ਦਰਬ (ਮਾਲ) ।
੪ [ਮੁਸਾਫ਼ਰ ਫਿਰ ਟੁਰ ਕੇ ਰੋਜ਼ੀ ਕਮਾਉਣ ਵਾਲਾ ਹੱਥ ਦੇਖ ਕੇ ਜਾਂ ਕੋਈ ਤਮਾਸ਼ਾ ਕਰ ਕੇ ਦੱਸਣ ਵਾਲਾ *(Pedlar gypsy)*] ਮਦਾਰੀ ।
੫ ਪਖੰਡ । ਮਦਾਰੀ ਦੇ ਪਖੰਡ ਵਾਂਗ ।
੬ ਕਰਮ । ੭ ਮੁਕਤੀ ।
੮ [ਸੰ. ਵਿਸ਼੍ਵ] ਸੰਸਾਰ । ੯ ਸ਼ਰਨ ।
੧੦ ਭਾਵ ਭਟਕਣਾ ਮੁਕ ਗਈ ਹੈ ।
੧੧ ਲਭਿਆ । ੧੨ ਸਹੇਲੀਆਂ ।
੧੩ ਹੱਸ-ਹੱਸ ਕੇ ਪ੍ਰੀਤਮ ਦੀਆਂ ਗੱਲਾਂ ਕਰਦੀ ਹੈ ।
੧੪ ਭਲਾ ਪੁਰਸ਼, ਪਤੀ । ਦੇਖੋ ਪੰਨਾ ੩੯੪, ਨੋਟ ੮ ।
੧੫ ਮੂੰਹ ਕਜ ਲੈਂਦੀ ਹੈ ਲੱਜਾ ਨਾਲ ।
੧੬ ਸੋਨਾ । ੧੭ ਕੁਠਾਲੀ ।
੧੮ ਕਮਲਾ । ਸੋਨਾ ਕੁਠਾਲੀ ਵਿੱਚ ਕਮਲਾ ਹੋਇਆ ਫਿਰਦਾ ਹੈ, ਤਿਵੇਂ ਜੀਵ ਤਿੜ-ਤਿੜ ਕਰਦਾ ਫਿਰਦਾ ਹੈ ।
੧੯ ਬਾਰਾਂ ਵੰਨੀਆਂ ਦਾ । ੨੦ ਸਥਿਰ ਹੋ ਗਿਆ ।
੨੧ ਜਿੰਨਾ ਚਿਰ ਰਾਤ ਹੈ (ਘੜਿਆਲ) ਘੜੀ ਪਲ ਵੱਜਦਾ ਹੈ (ਜੀਵ ਉਮਰ ਰੂਪ ਰਾਤ ਗੁਜ਼ਾਰਦਾ ਹੈ) । ੨੨ ਮੁਹੂਰਤ, ਦੋ ਘੜੀਆਂ ਦਾ ਸਮਾਂ ।
੨੩ ਜੀਵ ਵਜਾਵਣ ਵਾਲਾ ।
੨੪ ਵੱਜਣਾ ਰਹਿ ਗਿਆ । ੨੫ ਜਿਵੇਂ ਘੜਾ ।
੨੬ ਪਾਣੀ ਨਾਲ ਭਰ ਲਿਆਂਦਾ, ਫਿਰ ਉਹ ਵੱਖਰਾ ਦਿਸ ਪਿਆ ।
੨੭ ਪਾਣੀ ਵਿੱਚ ਪਾਣੀ ਮਿਲ ਕੇ ਅਭੇਦ ਹੋ ਗਿਆ।
੨੮ ਹੁਣ ਪੁੱਛੇ ਤਾਂ ਕੀ ਜਵਾਬ ਦਿਆਂ ? ਕਿਉਂਕਿ ਲੈਣਾ ਤਾਂ ਉਤਮ ਨਾਮ ਸੀ, ਪਰ ਸ਼ੁਦਾਈ ਮਨੁੱਖ ਵਿਹੁ (ਮਾਇਆ) ਨਾਲ ਚੰਬੜਿਆ ਰਿਹਾ ।
੨੯ ਉਤਮ, ਚੰਗਾ । ੩੦ ਬਦਲੇ ।
੩੧ ਕਸਤੂਰੀ (ਭਗਤੀ ਰੂਪ)। ੩੨ ਬਲਦ ।
੩੩ ਜਿਵੇਂ । ਜਿਵੇਂ ਬਲਦ ਆਪਣੇ ਉੱਤੇ ਕੱਲਰ ਲੱਦ ਲਵੇ ।
੩੪ ਠਗਮੂਰੀ, ਇਕ ਬੂਟੀ ਜੋ ਠੱਗ ਲੋਕ ਰਾਹੀਆਂ ਨੂੰ ਪਿਲਾ ਕੇ ਬੇਹੋਸ਼ ਕਰ ਕੇ ਲੁੱਟ ਲੈਂਦੇ ਸਨ; ਮਾਇਆ ਠਗਮੂਰੀ ਹੈ । ਮੋਹਨੀ ਮਾਇਆ ਦੀ ਠੱਗ-ਬੂਟੀ ਨਾਲ ਫਸ ਗਿਆ । ਮੋਹਨਿ= ਮੋਹਨੀ ਮਾਇਆ । ਦੇਖੋ ਪੰਨਾ ੧੨੧੩, ਨੋਟ ੧੪ ।
੩੫ ਫਸ ਗਿਆ । ੩੬ ਕੱਚ ਦੇ ਬਦਲੇ ।
੩੭ ਸਮਾਂ, ਮੌਕਾ ।
੩੮ ਮਾਇਆ-ਦਾਸੀ ਨੂੰ ਸੇਂਵਦੇ ਹਾਂ । (ਸ੍ਰੀ ਕਰਤਾਰਪੁਰ ਵਾਲੀ ਬੀੜ ਏਥੇ ਪਾਠ "ਭਜਹ" ਹੈ ਅਤੇ ਅੰਤਲੀ ਤੁਕ ਵਿਚ ਪਾਠ "ਧਰਹ" ਹੈ)
੩੯ ਚੁੱਪ । ਜੜ੍ਹ ਵਸਤੂਆਂ ਵਾਂਗ ਹੋ ਗਿਆ ਤੇ ਮੂਰਛਾ-ਗਤ ਛਾ ਗਈ ।
੪੦ ਜਿਵੇਂ ਚੋਰ ਸੰਨ੍ਹ ਦੇ ਬੂਹੇ 'ਤੇ (ਫਸ ਜਾਏ ਤੇ ਸੱਟਾਂ ਖਾ ਕੇ ਬੇਹੋਸ਼ ਹੋ ਜਾਂਦਾ ਹੈ) ।
੪੧ ਹੇ ਮਾਈ ! ਮੇਰੀ ਧੀਰਜ ਰਹਿ ਚੁੱਕੀ ਹੈ, ਮੈਨੂੰ ਪਿਆਰੇ ਦਾ ਵੈਰਾਗ ਬਹੁਤ ਹੋਇਆ ਹੈ; ਹੋਰ ਅਨੇਕਾਂ ਰੰਗਾਂ ਦੇ ਪਦਾਰਥਾਂ ਵਿੱਚ ਮੇਰਾ ਮਨ ਨਹੀਂ ਲੱਗਦਾ ।
੪੨ ਰਾਤ ਦਿਨ । ੪੩ ਉਚਰਦੀ ਹਾਂ ।
੪੪ ਪਲ ਭਰ ਭੀ । ਨੀਂਦ ਜ਼ਰਾ ਨਹੀਂ ਆਉਂਦੀ, ਜਾਗਦਾ ਹੀ ਰਹਿੰਦਾ ਹਾਂ । ੪੫ ਕੱਜਲ ।

* ਜਗਿਆਸੂ ਨੂੰ ਬਾਹਰਲੇ ਕਰਮਾਂ ਧਰਮਾਂ ਦੀ ਉਧੇੜ-ਬੁਣ ਤਦ ਤੱਕ ਰਹਿੰਦੀ ਹੈ, ਜਦ ਤੱਕ ਹਰੀ ਨਹੀਂ ਮਿਲਦਾ । ਜਦ ਮਿਲ ਜਾਵੇ, ਤਾਂ ਦਿਲ ਟਿਕਾਣੇ ਆ ਜਾਂਦਾ ਅਤੇ ਪੂਰਨ ਸਹਿਜ ਜਾਂ ਸ਼ਾਂਤੀ ਵਰਤ ਜਾਂਦੀ ਹੈ, ਜਿਵੇਂ ਵਿਆਹ ਵਾਲੀ ਕੁੜੀ ਜਿਸ ਨੂੰ ਪਤੀ ਅਜੇ ਮਿਲਿਆ ਨਹੀਂ, ਆਪਣੀਆਂ ਸਹੇਲੀਆਂ ਨਾਲ ਪਤੀ ਦੀਆਂ ਹੱਸ-ਹੱਸ ਕੇ ਗੱਲਾਂ ਕਰਦੀ ਹੈ, ਪਰ ਜਦ ਮਿਲਾਪ ਹੁੰਦਾ ਹੈ ਤਾਂ ਚੁੱਪ ਵਰਤ ਜਾਂਦੀ ਹੈ ਅਤੇ ਤਾੜ-ਤਾੜ ਗੱਲਾਂ ਕਰਨ ਤੋਂ ਸ਼ਰਮ ਆਉਂਦੀ ਹੈ । ਇਸ ਤਰ੍ਹਾਂ ਸੋਨਾ ਜਦ ਤੱਕ ਸਾਫ ਨਹੀਂ ਹੁੰਦਾ, ਕੁਠਾਲੀ ਵਿੱਚ ਪਿਆ ਤਿੜ-ਤਿੜ ਕਰਦਾ ਹੈ, ਪਰ ਜਦ ਬਾਰਾਂ ਵੰਨੀਆਂ ਦਾ ਹੋ ਕੇ ਸ਼ੁੱਧ ਹੋ ਜਾਂਦਾ ਹੈ, ਤਾਂ ਫਿਰ ਨਹੀਂ ਹਿਲਦਾ । ਘੜਿਆਲ ਭੀ ਸਮੇਂ ਦੀ ਵੰਡ ਤੇ ਉਮਰ ਦੇ ਗੁਜ਼ਰਨ ਨੂੰ ਦੱਸਣ ਲਈ ਵੱਜਦਾ ਰਹਿੰਦਾ ਹੈ, ਪਰ ਜਦ ਮਨੁੱਖ ਦੀ ਉਮਰ ਮੁੱਕ ਜਾਏ ਤਾਂ ਉਸ ਲਈ ਸਮੇਂ ਦੀ ਵੰਡ ਵੀ ਮੁੱਕ ਜਾਂਦੀ ਤੇ ਘੜਿਆਲ ਵੀ ਉਸ ਦੇ ਹੱਥੋਂ ਡਿੱਗ ਕੇ ਚੁੱਪ ਹੋ ਜਾਂਦਾ ਹੈ । ਦਰਿਆ ਵਿਚੋਂ ਘੜਾ ਭਰ ਕੇ ਬਾਹਰ ਕੱਢੋ ਤਾਂ ਘੜਾ ਦਰਿਆ ਤੋਂ ਅੱਡਰਾ ਪਿਆ ਦਿਸਦਾ ਹੈ, ਪਰ ਜੇ ਉਸ ਨੂੰ ਮੁੜ ਦਰਿਆ ਵਿੱਚ ਪਾ ਦਿਓ ਤਾਂ ਪਾਣੀ, ਪਾਣੀ ਵਿੱਚ ਰਲ ਜਾਂਦਾ ਹੈ ਅਤੇ ਘੜਾ ਵੱਖਰਾ ਦਿਸਦਾ ਹੀ ਨਹੀਂ । ਇਸੇ ਤਰ੍ਹਾਂ ਮਨੁੱਖ ਹਰੀ ਨਾਲ ਇਕ-ਮਿਕ ਹੋ ਕੇ ਮਿਲ ਜਾਵੇ ਤਾਂ ਉਸ ਦੀ ਸਾਰੀ ਭਟਕਣਾ ਮੁੱਕ ਜਾਂਦੀ ਹੈ ।

† ਮਨ ਜਦ ਤੱਕ ਜੜ੍ਹ ਹਾਲਤ ਵਿੱਚ ਰਹਿੰਦਾ ਹੈ, ਤਦ ਤੱਕ ਜੀਵਨ ਦੇ ਅਸਲ ਮਨੋਰਥ (ਨਾਮ ਜਪਣ) ਨੂੰ ਛੱਡ ਕੇ ਹੋਰ ਵਿਅਰਥ ਕੰਮਾਂ ਵਿੱਚ ਲੱਗਾ ਰਹਿੰਦਾ ਹੈ ।

‡ ਫਿਰ ਮਨ ਜਾਗਦਾ ਹੈ ਤਾਂ ਉਸ ਵਿੱਚ ਹਰੀ ਲਈ ਵੈਰਾਗ ਪੈਦਾ ਹੁੰਦਾ ਹੈ ਅਤੇ ਹਰੀ-ਪ੍ਰੇਮ ਤੋਂ ਬਿਨਾਂ ਕੋਈ ਰਸ ਚੰਗੇ ਨਹੀਂ ਲੱਗਦੇ । ਇਸ ਲਈ ਸਾਧ-ਸੰਗਤ ਅੱਗੇ ਇਹੀ ਅਰਦਾਸ ਹੈ ਕਿ ਹਰੀ ਦੇ ਦਰਸ਼ਨ ਕਰਾ ਦਿਓ ।

ਬਸਤ੍ਰ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ ਲਾਗਿਓ ॥ ੧ ॥ ਪੂਛਉ ਪੂਛਉ [੧]ਦੀਨ ਭਾਂਤਿ ਕਰਿ [੨]ਕੋਊ ਕਹੈ ਪ੍ਰਿਅ ਦੇਸਾਂਗਿਓ ॥ ਹੀਂਉ[੩] ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ ॥ ੨ ॥ [੪]ਚਰਣ ਬੰਦਨਾ ਅਮੋਲ ਦਾਸਰੋ ਦੇਂਉ ਸਾਧਸੰਗਤਿ ਅਰਦਾਗਿਓ[੫] ॥ ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ ਨਿਮਖ ਦਰਸੁ ਪੇਖਾਗਿਓ[੬] ॥ ੩ ॥ [੭]ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ ॥ ਕਹੁ ਨਾਨਕ [੮]ਰਸਿ ਮੰਗਲ ਗਾਏ [੯]ਸਬਦੁ ਅਨਾਹਦੁ ਬਾਜਿਓ ॥ ੪ ॥ ੫ ॥ ਸਾਰਗ ਮਹਲਾ ੫* ॥ ਮਾਈ [੧੦]ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ [੧੧]ਛੀਕਿ ਗਾਂਠਰੀ ਬਾਧਾ ॥ ੧ ॥ ਰਹਾਉ ॥ [੧੨]ਨਿਸਿ ਬਾਸੁਰ ਨਖਿਅਤ੍ਰ[੧੩] ਬਿਨਾਸੀ [੧੪]ਰਵਿ ਸਸੀਅਰ ਬੇਨਾਧਾ ॥ ਗਿਰਿ[੧੫] ਬਸੁਧਾ[੧੬] ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ[੧੭] ॥ ੧ ॥ [੧੮]ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ [੧੯]ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥ [੨੦]ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ ਦ੍ਰਿਸਟਿਮਾਨ[੨੧] ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ[੨੨] ॥ ੩ ॥ ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ[੨੩] ॥ ਪਾਇਓ ਨ ਜਾਈ [੨੪]ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥ ੪ ॥ ੬ ॥ ਸਾਰਗ ਮਹਲਾ ੫† ॥ ਮੇਰੈ ਮਨਿ ਬਾਸਿਬੋ[੨੫] ਗੁਰ ਗੋਬਿੰਦ ॥ [੨੬]ਜਹਾਂ ਸਿਮਰਨੁ ਭਇਓ ਹੈ ਠਾਕੁਰ ਤਹਾਂ ਨਗਰ ਸੁਖ ਆਨੰਦ ॥ ੧ ॥ ਰਹਾਉ ॥ ਜਹਾਂ ਬੀਸਰੈ ਠਾਕੁਰੁ ਪਿਆਰੋ ਤਹਾਂ ਦੂਖ ਸਭ ਆਪਦ[੨੭] ॥ ਜਹ ਗੁਨ ਗਾਇ ਆਨੰਦ ਮੰਗਲ ਰੂਪ ਤਹਾਂ ਸਦਾ ਸੁਖ ਸੰਪਦ[੨੮] ॥ ੧ ॥ ਜਹਾ ਸ੍ਰਵਨ[੨੯] ਹਰਿ ਕਥਾ ਨ ਸੁਨੀਐ ਤਹ ਮਹਾ [੩੦]ਭਇਆਨ ਉਦਿਆਨਦ ॥ ਜਹਾਂ ਕੀਰਤਨੁ ਸਾਧਸੰਗਤਿ ਰਸੁ ਤਹ [੩੧]ਸਘਨ ਬਾਸ ਫਲਾਂਨਦ ॥ ੨ ॥ ਬਿਨੁ ਸਿਮਰਨ ਕੋਟਿ ਬਰਖ[੩੨] ਜੀਵੈ ਸਗਲੀ ਅਉਧ ਬ੍ਰਿਥਾਨਦ[੩੩] ॥ ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ[੩੪] ॥ ੩ ॥ ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧਸੰਗਤਿ ਕਿਰਪਾਨਦ[੩੫] ॥ ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ[੩੬] ॥ ੪ ॥ ੭ ॥ ਸਾਰਗ ਮਹਲਾ ੫ ‡ ॥ ਅਬ ਮੋਹਿ ਰਾਮ ਭਰੋਸਉ ਪਾਏ ॥ ਜੋ ਜੋ ਸਰਣਿ ਪਰਿਓ ਕਰੁਣਾਨਿਧਿ[੩੭] ਤੇ ਤੇ ਭਵਹਿ[੩੮] ਤਰਾਏ ॥ ੧ ॥ ਰਹਾਉ ॥ ਸੁਖਿ ਸੋਇਓ ਅਰੁ ਸਹਜਿ[੩੯] ਸਮਾਇਓ ਸਹਸਾ ਗੁਰਹਿ ਗਵਾਏ ॥ ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ[੪੦] ਫਲ ਪਾਏ ॥ ੧ ॥ ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ

੧ ਨਿਮਾਣਿਆਂ ਵਾਕੁਰ, ਪੂਰੀ ਨਿਰਮਾਣ ਹੋ ਕੇ ।
੨ ਕੋਈ ਪਿਆਰੇ ਦਾ ਦੇਸ ਦੱਸ ਦੇਵੇ ।
੩ ਦਿਲ ।
੪ ਚਰਨਾਂ 'ਤੇ ਨਮਸਕਾਰ ਕਰਦੀ ਹਾਂ ਤੇ ਦਮਾਂ ਤੋਂ ਬਿਨਾਂ ਹੀ ਦਾਸ ਹਾਂ ।
੫ ਅਰਦਾਸ ਕਰਦੀ ਹਾਂ ।
੬ ਵੇਖਾਂ ।
੭ ਮਿਹਰ ਦੀ ਨਜ਼ਰ ਹੋਈ ਤਾਂ ਪ੍ਰਭੂ ਮੇਰੇ ਅੰਦਰ ਆ ਵੱਸਿਆ ਅਤੇ ਮੇਰਾ ਮਨ ਸਦਾ ਲਈ ਠੰਢਾ ਹੋ ਗਿਆ ।
੮ ਸ੍ਵਾਦ ਲਾ-ਲਾ ਕੇ ਖੁਸ਼ੀ ਦੇ ਗੀਤ ਗਾਵੇਂ ।
੯ ਦੇਖੋ ਪੰਨਾ ੧੧੩੭, ਨੋਟ ੨੧ ।
੧੦ ਉਹ ਹਰੀ ਤੇ ਉਸ ਦੇ ਸਾਧ ਸਤਿ ਹਨ ।
੧੧ ਖਿੱਚ ਕੇ, ਚੰਗੀ ਤਰ੍ਹਾਂ ਪਲੇ ਬੰਨ੍ਹ ਲਿਆ ।
੧੨ ਰਾਤ ਦਿਨ ਤੇ ਤਾਰੇ ਨਾਸ ਹੋ ਜਾਣਗੇ
੧੩ ਤਾਰਿਆਂ ਦਾ ਮੰਡਲ ।
੧੪ ਸੂਰਜ ਤੇ ਚੰਦਰਮਾ ਨਾਸ ਹੋਸਨ ।
੧੫ ਪਹਾੜ ।
੧੬ ਧਰਤੀ ।
੧੭ ਅਟੱਲ ਰਹੇਗਾ ।
੧੮ ਅੰਡਜ ਆਦਿ ਚਾਰੇ ਖਾਣੀਆਂ । ਦੇਖੋ ਪੰਨਾ ੧੧੦੯, ਫੁਟ ਨੋਟ * ।
੧੯ ਚਾਰ ਵੇਦ ਤੇ ਛੇ ਸ਼ਾਸਤ੍ਰ ।
੨੦ ਰਜ, ਸਤ, ਤਮ ਗੁਣ । ਦੇਖੋ ਪੰਨਾ ੧੧੧੯, ਫੁਟ ਨੋਟ ‡।
੨੧ ਜੋ ਦਿੱਸ ਰਿਹਾ ਹੈ ।
੨੨ ਅਥਾਹ ।
੨੩ ਦਿਖਾਂਦਾ ਹੈ ।
੨੪ ਕਿਸੇ ਤਰੀਕੇ ਨਾਲ ।
੨੫ ਵੱਸਦਾ ਹੈ ।
੨੬ ਜਿਥੇ ਹਰੀ ਦਾ ਸਿਮਰਨ ਹੁੰਦਾ ਹੈ, ਉਸ ਵਸੋਂ ਵਿੱਚ ਖੁਸ਼ੀਆਂ ਤੇ ਆਰਾਮ ਹੁੰਦੇ ਹਨ ।
੨੭ ਬਿਪਤਾ ।
੨੮ ਪ੍ਰਭਤਾ, ਐਸ਼੍ਵਰਜ ।
੨੯. ਕੰਨੀਂ ।
੩੦ ਭਿਆਨਕ ਜੰਗਲ ।
੩੧ ਸੰਘਣੀ ਵਾਸ਼ਨਾਂ ਤੇ ਫਲਾਂ ਦਾ ਅਨੰਦ ।
੩੨ [ਸੰ: ਵਰਸ਼] ਵਰ੍ਹੇ, ਸਾਲ ।
੩੩ ਬੇਅਰਥ । ਸਾਰੀ ਉਮਰ ਬੇਅਰਥ ਲੰਘਦੀ ਹੈ।
੩੪ ਜੀਵੀਦਾ ਹੈ ।
੩੫ ਕਿਰਪਾ ਦੁਆਰਾ ।
੩੬ ਜਾਣਦਾ ਹੈ ।
੩੭ ਦਇਆ ਦੇ ਸਮੁੰਦਰ ਹਰੀ ਦੀ ।
੩੮ ਭਵ ਸਾਗਰ ਤੋਂ ।
੩੯ ਪੂਰਨ ਅਨੰਦ ਵਿੱਚ ।
੪੦ ਇੱਛਤ, ਮੰਗੇ ।

* ਸਾਰੀ ਦੁਨੀਆਂ ਅਤੇ ਇਸ ਦੇ ਮੰਨੇ-ਪ੍ਰਮੰਨੇ ਅਗਵਾਈ ਕਰਨ ਵਾਲੇ ਧਰਮ ਪੁਸਤਕ ਨਾਸ ਹੋ ਜਾਣਗੇ, ਪਰ ਗੁਰੂ ਦਾ ਵਚਨ ਸਦਾ ਕਾਇਮ ਰਹੇਗਾ ।

† ਜਿਥੇ ਹਰੀ ਦਾ ਭਜਨ ਹੁੰਦਾ ਹੈ, ਉਹ ਥਾਂ ਸਦਾ ਪ੍ਰਫੁਲਤ ਹੈ । ਉਹ ਥਾਂ ਗੁਰੂ ਦੀ ਸੰਗਤ ਹੈ ।

‡ ਸੰਤ-ਗੁਰੂ ਮਨੁੱਖ ਦੀ ਬਿਰਤੀ ਨੂੰ ਮਾਇਆ ਵਲੋਂ ਉਲਟਾ ਕੇ ਹਰੀ ਵਾਲੇ ਪਾਸੇ ਕਰ ਦਿੰਦਾ ਹੈ । ਜਿਸ ਨਾਲ ਮਨੁੱਖ ਹਰੀ ਨੂੰ ਹੀ ਵੇਖਦਾ, ਸੁਣਦਾ ਤੇ ਜਪਦਾ ਹੈ ਅਤੇ ਉਸੇ ਦੇ ਪਿਆਰ ਵਿੱਚ ਸਾਰੀਆਂ ਮਨ ਦੀਆਂ ਮੁਰਾਦਾਂ ਪਾਉਂਦਾ ਹੈ ।

ਕਥਾ ਸੁਨਾਏ ॥ ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ[੧] ਹਰਿ ਗੁਣ
ਗਾਏ ॥ ੨ ॥ [੨]ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ [੩]ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥ ੩ ॥ ਕਵਨ
ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ[੪] ॥ ਹੋਤ ਕ੍ਰਿਪਾਲ ਦੀਨ
ਦਇਆ ਪ੍ਰਭ ਜਨ ਨਾਨਕ [੫]ਦਾਸ ਦਸਾਏ ॥ ੪ ॥ ੮ ॥ ਸਾਰਗ ਮਹਲਾ ੫* ॥
[੬]ਓਇ ਸੁਖ ਕਾ ਸਿਉ ਬਰਨਿ ਸੁਨਾਵਤ ॥ ਅਨਦ ਬਿਨੋਦ[੭] ਪੇਖਿ ਪ੍ਰਭ ਦਰਸਨ
ਮਨਿ ਮੰਗਲ ਗੁਨ ਗਾਵਤ ॥ ੧ ॥ ਰਹਾਉ ॥ ਬਿਸਮ[੮] ਭਈ ਪੇਖਿ ਬਿਸਮਾਦੀ[੯]
ਪੂਰਿ ਰਹੇ ਕਿਰਪਾਵਤ[੧੦] ॥ ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ
[੧੧]ਗੂੰਗਾ ਮੁਸਕਾਵਤ ॥ ੧ ॥ [੧੨]ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ
ਆਵਤ ਜਾਵਤ ॥ ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ
ਜਾਇ ਕਹਾਵਤ ॥ ੨ ॥ [੧੩]ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ
ਪਾਵਤ ॥ ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ [੧੪]ਅਗਮ ਜੈਸੇ
ਪਰਖਾਵਤ ॥ ੩ ॥ ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ
ਜਾਵਤ ॥ ਕਹੁ ਨਾਨਕ ਅਜਰੁ[੧੫] ਜਿਨਿ ਜਰਿਆ ਤਿਸ ਹੀ ਕਉ ਬਨਿ
ਆਵਤ ॥ ੪ ॥ ੯ ॥ ਸਾਰਗ ਮਹਲਾ ੫ † ॥ ਬਿਖਈ[੧੬] ਦਿਨੁ ਰੈਨਿ ਇਵ ਹੀ
ਗੁਦਾਰੈ ॥ ਗੋਬਿੰਦੁ ਨ ਭਜੈ [੧੭]ਅਹੰਬੁਧਿ ਮਾਤਾ ਜਨਮੁ ਜੂਐ ਜੀਉ ਹਾਰੈ ॥ ੧ ॥
ਰਹਾਉ ॥ ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ[੧੮] ॥
[੧੯]ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥ ੧ ॥ ਕਾਲਰ ਪੋਟ
ਉਠਾਵੈ ਮੂੰਡਹਿ[੨੦] ਅੰਮ੍ਰਿਤੁ ਮਨ ਤੇ ਡਾਰੈ ॥ ਓਢੈ[੨੧] ਬਸਤ੍ਰ [੨੨]ਕਾਜਰ ਮਹਿ
ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥ ੨ ॥ ਕਾਟੈ ਪੇਡੁ ਡਾਲ ਪਰਿ ਠਾਢੌ[੨੩]
ਖਾਇ ਖਾਇ ਮੁਸਕਾਰੈ ॥ [੨੪]ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ
ਸਿਰ ਭਾਰੈ ॥ ੩ ॥ ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ
ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥ ੪ ॥ ੧੦ ॥ ਸਾਰਗ ਮਹਲਾ
੫ ‡ ॥ ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥ ਏਕੁ ਸੁਧਾਖਰੁ [੨੫]ਜਾ ਕੈ
ਹਿਰਦੈ ਵਸਿਆ ਤਿਨਿ [੨੬]ਬੇਦਹਿ ਤਤੁ ਪਛਾਨਿਆ ॥ ੧ ॥ ਰਹਾਉ ॥
[੨੭]ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ [੨੮]ਲੋਗ ਪਚਾਰਾ ॥ [੨੯]ਜਉ
ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥ ੧ ॥ ਜੈਸੇ ਧਰਤੀ
ਸਾਧੈ[੩੦] ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ[੩੧] ॥ ਰਾਮ ਨਾਮ ਬਿਨੁ ਮੁਕਤਿ ਨ
ਹੋਈ ਹੈ ਤੁਟੈ ਨਾਹੀ ਅਭਿਮਾਨੈ ॥ ੨ ॥ [੩੨]ਨੀਰੁ ਬਿਲੋਵੈ ਅਤਿ ਸ੍ਰਮੁ[੩੩] ਪਾਵੈ
ਨੈਨੂ[੩੪] ਕੈਸੇ ਰੀਸੈ ॥ ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ

੧ ਜੀਭ ਦੁਆਰਾ ।
੨ ਅੱਖਾਂ ਨਾਲ ਦੇਖਿਆ ਸਾਰੀਆਂ ਖੁਸ਼ੀਆਂ ਦਾ ਰੂਪ, ਭਾਵ ਅੱਖਾਂ ਨਾਲ ਆਨੰਦ-ਮੈਂ ਹਰੀ ਹੀ ਦੇਖਿਆ ।
੩ ਸੰਤਾਂ ਨੇ ਬਿਰਤੀ ਸੰਸਾਰ ਵਲੋਂ ਉਲਟੀ ਕਰ ਦਿੱਤੀ ।
੪ ਜਿਸ ਨਾਲ ਉਹ ਪ੍ਰਸੰਨ ਹੋਵੇ ।
੫ ਦਾਸਾਂ ਦਾ ਦਾਸ ।
੬ ਉਹ ਸੁਖ ਕਿਸ ਨੂੰ ਆਖ ਕੇ ਸੁਣਾਏ ਜਾਣ ?
੭ ਰੰਗ ਤਮਾਸ਼ੇ, ਚਾਉ । ਹਰੀ ਦੇ ਦਰਸ਼ਨ ਕਰ ਕੇ ਖੁਸ਼ੀਆਂ ਤੇ ਚਾਉ ਮਿਲ ਗਏ ਤੇ ਗੁਣ ਗਾਉਂਦਿਆਂ ਮਨ ਵਿੱਚ ਅਨੰਦ ਹੋਇਆ ।
੮ ਅਸਚਰਜ ।
੯ ਅਸਚਰਜ ਹਰੀ ਨੂੰ ।
੧੦ ਕ੍ਰਿਪਾ ਵੰਤ ਹਰੀ ।
੧੧ ਗੁੰਗਾ ਮੁਸਕਰਾਂਦਾ ਹੈ (ਪਰ ਮੂੰਹੋਂ ਬਿਆਨ ਨਹੀਂ ਕਰ ਸਕਦਾ) ।
੧੨ ਜਿਵੇਂ ਸਰੀਰ ਵਿੱਚ ਸੁਆਸ ਬੰਨ੍ਹ ਕੇ ਰੱਖੇ ਹਨ ਤੇ ਫਿਰਦਿਆਂ ਤੁਰਦਿਆਂ ਆਉਂਦੇ ਰਹਿੰਦੇ ਹਨ ਤੇ ਪਤਾ ਨਹੀਂ ਲਗਦਾ, ਤਿਵੇਂ ਜਿਨ੍ਹਾਂ ਅੰਦਰ ਹਰੀ ਦਾ ਪ੍ਰਕਾਸ਼ ਹੈ, ਉਨ੍ਹਾਂ ਦੀ ਡੂੰਘੀ ਅਵਸਥਾ ਕਥਨ ਤੋਂ ਰਹਿਤ ਹੈ ।
੧੩ ਹੋਰ ਸਾਰੇ ਉਪਾਵ ਮੈਂ ਸਿੱਖ ਪਾਏ ਹਨ, ਭਾਵ ਕਰ ਲਏ ਹਨ, ਪਰ ਹੁਣ ਉਹ ਪਿਆਰਾ ਸਹਿਜੇ ਹੀ ਅੰਦਰ ਆ ਵੱਸਿਆ ਹੈ, ਭਾਵ ਜਤਨਾਂ ਨਾਲ ਕੁਝ ਨਾ ਬਣਿਆ, ਕ੍ਰਿਪਾ ਕਰ ਕੇ ਆਪ ਹੀ ਇਹ ਅਵਸਥਾ ਦਿੱਤੀ ਸੁ ।
੧੪ ਜਿਵੇਂ ਅਗਮ ਦੀ ਪਰਖ ਆ ਜਾਵੇ ।
੧੫ ਅਜਰ ਅਵਸਥਾ ।
੧੬ ਵਿਸ਼ੲੀ, ਵਿਸ਼ਿਆਂ ਵਿੱਚ ਖਚਿਤ ਰਹਿਣ ਵਾਲਾ।
੧੭ ਹੰਕਾਰ ਵਿੱਚ ਮਸਤ ਹੋਇਆ-ਹੋਇਆ ।
੧੮ ਪਿਆਰਦਾ ਹੈ, ਪਸੰਦ ਕਰਦਾ ਹੈ ।
੧੯ ਕੱਖਾਂ ਨੂੰ ਸਵਾਰ-ਸਵਾਰ ਕੇ ਛੱਪਰ ਬਣਾਈ ਸੁ, ਪਰ ਬੂਹੇ 'ਤੇ ਅੱਗ ਬਾਲ ਬੈਠਾ ਹੈ । ਦੇਖੋ ਪੰਨਾ ੮੨੧, ਨੋਟ ੩੭-੩੮ ।
੨੦ ਸਿਰ 'ਤੇ । ਕੱਲਰ ਦੀ ਪੋਟਲੀ ਸਿਰ 'ਤੇ ਚੁੱਕ ਲੈਂਦਾ ਹੈ, ਪਰ ਅੰਮ੍ਰਿਤ ਮਨ ਵਿੱਚੋਂ ਕੱਢ ਸੁੱਟਦਾ ਹੈ ।
੨੧ ਪਹਿਨ ਕੇ (ਕਈਆਂ ਬੀੜਾਂ ਵਿੱਚ ਪਾਠ 'ਓਢਿ' ਹੈ) ।
੨੨ ਕੱਜਲ ਵਿੱਚ ।
੨੩ ਖੜੋਤਾ ।
੨੪ ਸਿਰ ਭਾਰ ਡਿੱਗ ਕੇ ਥੱਲੇ ਜਾ ਪਿਆ ਤੇ ਟੋਟੇ ਟੋਟੇ ਹੋ ਗਿਆ । ਛਿਟੀ ਛਿਟੀ = [ਛਟੀ, ਟਹਿਣੀ] ਟੋਟੇ ਟੋਟੇ; ਰਸਾਤਲਿ=[ਧਰਤੀ ਦੇ ਹੇਠ ਦਾ ਦੇਸ, ਨਰਕ] ਬਹੁਤ ਹੇਠਾਂ ।
੨੫ ਸ਼ੁੱਧ ਅੱਖਰ, ਭਾਵ ਪਵਿੱਤਰ ਨਾਮ ।
੨੬ ਵੇਦਾਂ ਦਾ ਤੱਤ ।
੨੭ [ਪ੍ਰਿਵ੍ਰਿਤਿ] ਜਗਤ ਦੇ ਹੋ ਕੇ ਰਹਿਣਾ ।
੨੮ ਲੋਕਾਂ ਨੂੰ ਪਤਿਆਵਣਾ ।
੨੯ ਜਿੰਨਾ ਚਿਰ (ਹਰੀ-ਨਾਮ) ਦਿਲ ਵਿੱਚ ਪ੍ਰਗਟ ਨਹੀਂ ਹੋਇਆ, ਤਦ ਤੋੜੀ ਅਗਿਆਨ ਦਾ ਹਨੇਰਾ ਹੀ ਹਨੇਰਾ ਰਹਿੰਦਾ ਹੈ ।
੩੦ ਤਿਆਰ ਕਰਦਾ ਹੈ ।
੩੧ ਜੰਮਦੀ ।
੩੨ ਪਾਣੀ ਰਿੜਕਦਾ ਹੈ ਬਹੁਤੀ ਮਿਹਨਤ ਕਰ ਕੇ ।
੩੩ [ਸ੍ਰਮ] ਮਿਹਨਤ ।
੩੪ ਮੱਖਣ । ਮੱਖਣ ਕਿਵੇਂ ਨਿਕਲੇ ? ਰੀਸੈ=ਰਿਸੇ, ਟਪਕੇ, ਨਿਕਲੇ ।

* ਹਰੀ ਦੇ ਮਿਲਾਪ ਦੀ ਅਕਹਿ ਖੁਸ਼ੀ ਦਾ ਨਕਸ਼ਾ ਖਿੱਚ ਕੇ ਦੱਸਦੇ ਹਨ ।
† ਦੂਜੇ ਪਾਸੇ ਹਰੀ ਨੂੰ ਛੱਡ ਕੇ ਜੀਵਨ ਵਿਤੀਤ ਕਰਨ ਵਾਲੇ ਦੀ ਹਾਲਤ ਦਾ ਨਕਸ਼ਾ ਖਿਚਿਆ ਹੈ ।
‡ ਨਾਮ ਬਿਨਾਂ ਹੋਰ ਕਰਮ ਨਿਸਫਲ ਹਨ ।

॥ ੩ ॥ ਖੋਜਤ ਖੋਜਤ ਇਹੈ ਬੀਚਾਰਿਓ [੧]ਸਰਬ ਸੁਖਾ ਹਰਿ ਨਾਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ[੨] ॥ ੪ ॥ ੧੧ ॥ ਸਾਰਗ ਮਹਲਾ ੫* ॥ ਅਨਦਿਨੁ[੩] ਰਾਮ ਕੇ ਗੁਣ ਕਹੀਐ ॥ ਸਗਲ ਪਦਾਰਥ ਸਰਬ ਸੂਖ ਸਿਧਿ[੪] ਮਨ ਬਾਂਛਤ[੫] ਫਲ ਲਹੀਐ ॥ ੧ ॥ ਰਹਾਉ ॥ ਆਵਹੁ ਸੰਤ ਪ੍ਰਾਨ ਸੁਖਦਾਤੇ ਸਿਮਰਹ ਪ੍ਰਭੁ ਅਬਿਨਾਸੀ ॥ ਅਨਾਥਹ ਨਾਥੁ [੬]ਦੀਨ ਦੁਖ ਭੰਜਨ ਪੂਰਿ ਰਹਿਓ ਘਟ ਵਾਸੀ ॥ ੧ ॥ ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ ॥ [੭]ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮ ਨਾਮ ਲਿਵ ਜਾਗੇ ॥ ੨ ॥ ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥ [੮]ਮੋਹ ਮਗਨ [੯]ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥ ੩ ॥ ਤੂ ਸਮਰਥੁ ਪਾਰਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ ॥ ਪੂਰਿ ਰਹਿਓ ਸਰਬ ਮਹਿ ਠਾਕੁਰੁ ਨਾਨਕ ਸੋ ਪ੍ਰਭੁ ਨੇਰਾ[੧੦] ॥ ੪ ॥ ੧੨ ॥ ਸਾਰਗ ਮਹਲਾ ੫† ॥ ਬਲਿਹਾਰੀ ਗੁਰਦੇਵ ਚਰਨ ॥ ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ ਉਪਦੇਸੁ ਹਮਾਰੀ ਗਤਿ[੧੧] ਕਰਨ ॥ ੧ ॥ ਰਹਾਉ ॥ ਦੂਖ ਰੋਗ ਭੈ ਸਗਨ ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥ ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ ॥ ੧ ॥ ਜਾ ਕੋ ਮੰਤ੍ਰੁ[੧੨] ਉਤਾਰੈ ਸਹਸਾ ਊਣੇ[੧੩] ਕਉ [੧੪]ਸੁਭਰ ਭਰਨ ॥ ਹਰਿ ਦਾਸਨ ਕੀ ਆਗਿਆ ਮਾਨਤ ਤੇ [੧੫]ਨਾਹੀ ਫੁਨਿ ਗਰਭ ਪਰਨ ॥ ੨ ॥ ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ ॥ ਜਾ ਕਉ ਭਇਓ ਕ੍ਰਿਪਾਲੁ ਬੀਠੁਲਾ[੧੬] ਤਿਨਿ ਹਰਿ ਹਰਿ ਅਜਰ ਜਰਨ ॥ ੩ ॥ ਹਰਿ ਰਸਹਿ ਅਘਾਨੇ[੧੭] ਸਹਜਿ ਸਮਾਨੇ ਮੁਖ ਤੇ ਨਾਹੀ [੧੮]ਜਾਤ ਬਰਨ ॥ ਗੁਰ ਪ੍ਰਸਾਦਿ[੧੯] ਨਾਨਕ ਸੰਤੋਖੇ ਨਾਮੁ ਪ੍ਰਭੂ ਜਪਿ ਜਪਿ ਉਧਰਨ ॥ ੪ ॥ ੧੩ ॥ ਸਾਰਗ ਮਹਲਾ ੫‡ ॥ ਗਾਇਓ ਰੀ ਮੈ [੨੦]ਗੁਣ ਨਿਧਿ ਮੰਗਲ ਗਾਇਓ ॥ ਭਲੇ ਸੰਜੋਗ[੨੧] ਭਲੇ ਦਿਨ ਅਉਸਰ[੨੨] ਜਉ ਗੋਪਾਲੁ ਰੀਝਾਇਓ[੨੩] ॥ ੧ ॥ ਰਹਾਉ ॥ ਸੰਤਹ ਚਰਨ ਮੋਰਲੋ[੨੪] ਮਾਥਾ ॥ ਹਮਰੇ ਮਸਤਕਿ ਸੰਤ ਧਰੇ ਹਾਥਾ ॥ ੧ ॥ ਸਾਧਹ ਮੰਤ੍ਰੁ ਮੋਰਲੋ[੨੪] ਮਨੂਆ ॥ ਤਾ ਤੇ ਗਤੁ[੨੫] ਹੋਏ ਤ੍ਰੈ ਗੁਨੀਆ ॥ ੨ ॥ ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥ ੩ ॥ ਕਹੁ ਨਾਨਕ [੨੬]ਸੁਖ ਸਹਜ ਅਨੰਦਾ ॥ ਖੋਲਿ ਭੀਤਿ[੨੭] ਮਿਲੇ ਪਰਮਾਨੰਦਾ ॥ ੪ ॥ ੧੪ ॥

ਸਾਰਗ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥

§ਕੈਸੇ ਕਹਉ ਮੋਹਿ [੨੮]ਜੀਅ ਬੇਦਨਾਈ ॥ ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ

੧ ਕਿ ਹਰੀ-ਨਾਮ ਸਾਰੇ ਸੁਖਾਂ ਦਾ ਦੇਣ ਵਾਲਾ ਹੈ।
੨ ਮੱਥੇ 'ਤੇ ।
੩ ਹਰ ਰੋਜ਼, ਨਿੱਤ ।
੪ ਕਾਮਯਾਬੀਆਂ ।
੫ ਇੱਛਤ, ਮੰਗੇ ਹੋਏ ।
੬ ਗਰੀਬਾਂ ਦੇ ਦੁੱਖ ਦੂਰ ਕਰਨ ਵਾਲੇ (ਪ੍ਰਭ ਜੀ)।
੭ ਝਗੜੇ ਤੇ ਦੁੱਖ ।
੮ ਮੋਹ ਦੀ ਮਗਨਤਾ ਜਾਂ ਮਸਤੀ ।
੯ ਹੰਕਾਰ ਅਤੇ ਅੰਨ੍ਹੀ ਮੈਂ ਮੇਰੀ ।
੧੦ ਨੇੜੇ ।
੧੧ ਮੁਕਤੀ ।
੧੨ ਉਪਦੇਸ਼ ।
੧੩ ਖਾਲੀ ।
੧੪ ਨਕਾ-ਨੱਕ ਭਰਦਾ ਹੈ ।
੧੫ ਫੇਰ ਜੂਨਾਂ ਵਿੱਚ ਨਹੀਂ ਪੈਂਦੇ ।
੧੬ [ਵਿਠਲ] ਵਾਹਿਗੁਰੂ । ਦੇਖੋ ਪੰਨਾ ੮੫੫, ਫੁਟ ਨੋਟ §।
੧੭ ਰੱਜ ਗਏ ।
੧੮ ਵਰਣਨ ਕੀਤਾ ਜਾ ਸਕਦਾ ।
੧੯ ਕਿਰਪਾ ਦੁਆਰਾ ।
੨੦ ਗੁਣਾਂ ਦੇ ਖ਼ਜ਼ਾਨੇ ਭਾਵ ਹਰੀ ਦੀ ਖੁਸ਼ੀ ਦੇ ਗੀਤ।
੨੧ ਢੋ ਢੁਕਣਾਂ, ਚੰਗਾ ਮੌਕਾ । ਦੇਖੋ ਪੰਨਾ ੭੪੩, ਨੋਟ ੧੫ ।
੨੨ ਸਮਾਂ ।
੨੩ ਪ੍ਰਸੰਨ ਹੋਇਆ । ੨੪ ਮੇਰਾ ।
੨੫ ਦੂਰ । ਤ੍ਰੈ ਗੁਣ ਦੂਰ ਹੋ ਗਏ । ਦੇਖੋ ਪੰਨਾ ੧੧੧੯, ਫੁਟ ਨੋਟ ‡।
੨੬ ਦੇਖੋ ਪੰਨਾ ੧੧੧੨, ਨੋਟ ੩ ।
੨੭ ਕੰਧ ਅਗਿਆਨਤਾ ਦੀ ।
੨੮ ਦਿਲ ਦੀ ਬੇਦਨ, ਦਿਲ ਦੇ ਦੁਖਾਂ ਦਾ ਹਾਲ ।

* ਹਰੀ ਦੇ ਸਿਮਰਨ ਤੇ ਗੁਣ ਗਾਉਣ ਨਾਲ ਸਾਰੇ ਪਾਪ ਤੇ ਦੁੱਖ ਦੂਰ ਹੁੰਦੇ ਤੇ ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਹਨ ।

† ਗੁਰੂ ਦੀ ਕਿਰਪਾ ਨਾਲ ਹਰੀ ਨਾਲ ਮੇਲ ਹੁੰਦਾ ਹੈ ।

‡ ਗੁਰੂ ਦੀ ਕਿਰਪਾ ਹੋਈ ਤੇ ਅਸਾਂ ਹਰੀ ਦੇ ਗੁਣ ਗਾਏ ਜਿਸ ਤੋਂ ਪਾਪ ਦੂਰ ਹੋ ਕੇ ਪਰਮ ਸੁਖ ਪ੍ਰਾਪਤ ਹੋਇਆ ।

§ ਹਰੀ ਦੇ ਪ੍ਰੇਮ ਲਈ ਤਾਂਘ ਦੱਸਦੇ ਹਨ ।

ਮਨੁ ਨ ਰਹੈ ਬਹੁ ਬਿਧਿ ਉਮਕਾਈ[੧] ॥ ੧ ॥ ਰਹਾਉ ॥ [੨]ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ ॥ ਜਤਨ ਕਰਉ ਇਹੁ ਮਨੁ ਨਹੀ ਧੀਰੈ[੩] ਕੋਊ ਹੈ ਰੇ ਸੰਤੁ ਮਿਲਾਈ ॥ ੧ ॥ ਜਪ ਤਪ ਸੰਜਮ[੪] ਪੁੰਨ ਸਭਿ ਹੋਮਉ[੫] ਤਿਸੁ ਅਰਪਉ ਸਭਿ ਸੁਖ ਜਾਂਈ ॥ ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥ ੨ ॥ ਕਰਉ ਨਿਹੋਰਾ[੬] ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ[੭] ॥ ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ[੮] ॥ ੩ ॥ ਦੇਖਿ ਚਰਿਤ੍ਰ ਭਈ ਹਉ ਬਿਸਮਨਿ[੯] ਗੁਰਿ ਸਤਿਗੁਰਿ ਪੁਰਖਿ ਮਿਲਾਈ ॥ ਪ੍ਰਭ ਰੰਗ[੧੦] ਦਇਆਲ ਮੋਹਿ [੧੧]ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ ॥ ੪ ॥ ੧ ॥ ੧੫ ॥ ਸਾਰਗ ਮਹਲਾ ੫ * ॥ ਰੇ ਮੂੜ੍ਹੇ ਤੂ ਕਿਉ ਸਿਮਰਤ ਅਬ ਨਾਹੀ ॥ ਨਰਕ ਘੋਰ ਮਹਿ ਉਰਧ[੧੨] ਤਪੁ ਕਰਤਾ ਨਿਮਖ ਨਿਮਖ ਗੁਣ ਗਾਂਹੀ ॥ ੧ ॥ ਰਹਾਉ ॥ ਅਨਿਕ ਜਨਮ ਭ੍ਰਮਤੌ ਹੀ ਆਇਓ ਮਾਨਸ ਜਨਮੁ ਦੁਲਭਾਹੀ[੧੩] ॥ ਗਰਭ ਜੋਨਿ ਛੋਡਿ ਜਉ ਨਿਕਸਿਓ[੧੪] ਤਉ ਲਾਗੋ [੧੫]ਅਨ ਠਾਂਹੀ ॥ ੧ ॥ ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ ॥ ਕਣੁ[੧੬] ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ ॥ ੨ ॥ ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ[੧੭] ॥ ਧਰਮ ਰਾਇ ਜਬ ਪਕਰਸਿ ਬਵਰੇ ਤਉ [੧੮]ਕਾਲ ਮੁਖਾ ਉਠਿ ਜਾਹੀ ॥ ੩ ॥ ਸੋ ਮਿਲਿਆ ਜੋ ਪ੍ਰਭੂ ਮਿਲਾਇਆ [੧੯]ਜਿਸੁ ਮਸਤਕਿ ਲੇਖੁ ਲਿਖਾਂਹੀ ॥ ਕਹੁ ਨਾਨਕ ਤਿਨ ਜਨ ਬਲਿਹਾਰੀ ਜੋ ਅਲਿਪ[੨੦] ਰਹੇ ਮਨ ਮਾਂਹੀ ॥ ੪ ॥ ੨ ॥ ੧੬ ॥ ਸਾਰਗ ਮਹਲਾ ੫ † ॥ ਕਿਉ ਜੀਵਨੁ ਪ੍ਰੀਤਮ ਬਿਨੁ ਮਾਈ[੨੧] ॥ ਜਾ ਕੇ ਬਿਛੁਰਤ ਹੋਤ ਮਿਰਤਕਾ[੨੨] ਗ੍ਰਿਹ ਮਹਿ ਰਹਨੁ ਨ ਪਾਈ ॥ ੧ ॥ ਰਹਾਉ ॥ ਜੀਅ ਹੀਅ[੨੩] ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ[੨੪] ॥ ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ ॥ ੧ ॥ ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ[੨੫] ॥ [੨੬]ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥ ੨ ॥ ੩ ॥ ੧੭ ॥ ਸਾਰਗ ਮਹਲਾ ੫ ‡ ॥ ਉਆ ਅਉਸਰ[੨੭] ਕੈ ਹਉ ਬਲਿ ਜਾਈ ॥ ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥ ੧ ॥ ਰਹਾਉ ॥ ਭਲੋ [੨੮]ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥ ਊਚ ਤੇ ਊਚ ਨਾਮਦੇਉ ਸਮਦਰਸੀ[੨੯] ਰਵਿਦਾਸ ਠਾਕੁਰ ਬਣਿ ਆਈ ॥ ੧ ॥ ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ[੩੦] ॥

੧ ਉਮੰਗ ਵਿੱਚ ਆਉਂਦਾ ਹੈ ।
੨ ਪਿਆਰੇ ਦੇ ਪ੍ਰੇਮ ਦੀ ਵਿਰਾਗੀ ਹੋਈ ਦਿਲ ਵਿੱਚ ਸੋਚਦੀ ਰਹਿੰਦੀ ਹਾਂ ਕਿ ਕਦੋਂ ਹਰੀ ਦਾ ਦਰਸ਼ਨ ਹੋਵੇਗਾ ।
੩ ਧੀਰਜ ਫੜਦਾ ।
੪ ਇੰਦ੍ਰਿਆਂ ਦੇ ਰੋਕਣ ਦੀ ਕ੍ਰਿਆ ।
੫ ਹੋਮ ਕਰ ਦਿਆਂ, ਕੁਰਬਾਨ ਕਰ ਦਿਆਂ ।
੬ ਮਿੰਨਤ, ਤਰਲਾ ।
੭ ਰਾਤ ।
੮ ਸੁਣਾਏ ।
੯ ਹੈਰਾਨ ।
੧੦ ਰੰਗ (ਮੌਜ) ਕਰਨ ਵਾਲਾ, ਅਨੰਦੀ ।
੧੧ ਘਰ ਵਿੱਚ, ਦਿਲ ਦੇ ਅੰਦਰੋਂ ।
੧੨ ਉਲਟਾ ਹੋ ਕੇ (ਗਰਭ ਅੰਦਰ, ਜੋ ਨਰਕ ਵਤ ਹੈ) ।
੧੩ ਦੁਰਲੱਭ ।
੧੪ ਨਿਕਲਿਆ ।
੧੫ ਹੋਰ ਥਾਈਂ ।
੧੬ ਦਾਣੇ । "ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ" (ਭੈਰਉ ਮ:੫-੧੧੩੭) ।
੧੭ ਕੁਸੁੰਭੇ ਦੇ ਰੰਗ (ਮਾਇਆ) ਨਾਲ (ਲਗਨ ਲਾ ਲਈ) ।
੧੮ ਕਾਲੇ ਮੂੰਹ ਨਾਲ ।
੧੯ ਜਿਸ ਦੇ ਭਾਗਾਂ ਵਿੱਚ ਇਹ ਮਿਲਣ ਦਾ ਹੁਕਮ ਲਿਖਿਆ ਹੈ ।
੨੦ ਅਲਿਪਤ ।
੨੧ ਹੇ ਮਾਏ !
੨੨ ਮੁਰਦਾ ।
੨੩ ਹਿਰਦਾ ।
੨੪ ਸੋਹਣੀ ਲਗਦੀ ਸੀ ।
੨੫ ਮੰਗਦਾ ਹਾਂ ।
੨੬ ਜਿਸ ਦੀ ਕਿਰਪਾ ਨਾਲ ।
੨੭ ਸਮਾਂ, ਮੌਕਾ ।
੨੮ ਕਬੀਰ, ਸੈਨ ਨਾਈ, ਨਾਮਦੇਵ, ਰਵਿਦਾਸ-ਭਗਤਾਂ ਦੇ ਨਾਮ ਹਨ ।
੨੯ ਇਕ ਨਜ਼ਰ ਨਾਲ ਵੇਖਣ ਵਾਲਾ, ਜਿਸ ਵਿੱਚ ਦੂਈ ਨਹੀਂ ਸੀ ।
੩੦ ਰੇਣ, ਚਰਨ-ਧੂੜੀ ।

* ਮਨੁੱਖ ਨੂੰ ਤਾੜ ਕੇ ਸਮਝਾਂਦੇ ਹਨ ਕਿ ਮਾਇਕ ਪਦਾਰਥਾਂ ਦੇ ਹੋਛੇ ਰਸ ਵਿੱਚ ਲੱਗਾ ਹੋਇਆ ਜੀਵਨ ਦੇ ਅਸਲ ਮਨੋਰਥ (ਹਰੀ-ਮਿਲਾਪ) ਨੂੰ ਕਿਉਂ ਭੁਲਦਾ ਹੈਂ ?

† ਹਰੀ ਦੇ ਮਿਲਣ ਬਿਨਾਂ ਜੀਵਨ ਵਿਅਰਥ ਹੈ ।

‡ ਹਰੀ ਦਾ ਮਿਲਣਾ ਵੱਡੇ ਭਾਗਾਂ ਵਾਲਿਆਂ ਦੇ ਨਸੀਬਾਂ ਵਿੱਚ ਹੁੰਦਾ ਹੈ । ਜਿਵੇਂ ਕਬੀਰ, ਨਾਮਦੇਵ ਆਦਿ ਦੇ ।

ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥ ੨ ॥ ੪ ॥ ੧੮ ॥ ਸਾਰਗ ਮਹਲਾ ੫ * ॥ ਮਨੋਰਥ ਪੂਰੇ[੧] ਸਤਿਗੁਰ ਆਪਿ ॥ [੨]ਸਗਲ ਪਦਾਰਥ ਸਿਮਰਨਿ ਜਾ ਕੈ ਆਠ ਪਹਰ ਮੇਰੇ ਮਨ ਜਾਪਿ ॥ ੧ ॥ ਰਹਾਉ ॥ ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ[੩] ॥ ਜਨਮ ਜਨਮ ਕੇ ਕਿਲਬਿਖ[੪] ਨਾਸਹਿ ਆਗੈ ਦਰਗਹ ਹੋਇ ਖਲਾਸ ॥ ੧ ॥ ਸਰਨਿ ਤੁਮਾਰੀ ਆਇਓ ਕਰਤੇ ਪਾਰਬ੍ਰਹਮ ਪੂਰਨ ਅਬਿਨਾਸ ॥ ਕਰਿ ਕਿਰਪਾ ਤੇਰੇ ਚਰਨ ਧਿਆਵਉ ਨਾਨਕ ਮਨਿ ਤਨਿ ਦਰਸ ਪਿਆਸ ॥ ੨ ॥ ੫ ॥ ੧੯ ॥

ਸਾਰਗ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥

†ਮਨ ਕਹਾ ਲੁਭਾਈਐ [੫]ਆਨ ਕਉ ॥ [੬]ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ ॥ ੧ ॥ ਰਹਾਉ ॥ ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ [੭]ਅਘਾਵਨ ਪਾਂਨ ਕਉ ॥ [੮]ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥ ੧ ॥ ਬਾਣੀ ਮੰਤ੍ਰੁ ਮਹਾ ਪੁਰਖਨ ਕੀ [੯]ਮਨਹਿ ਉਤਾਰਨ ਮਾਂਨ ਕਉ ॥ [੧੦]ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥ ੨ ॥ ੧ ॥ ੨੦ ॥ ਸਾਰਗ ਮਹਲਾ ੫ ‡ ॥ ਮਨ ਸਦਾ ਮੰਗਲ[੧੧] ਗੋਬਿੰਦ ਗਾਇ ॥ ਰੋਗ ਸੋਗ ਤੇਰੇ ਮਿਟਹਿ ਸਗਲ ਅਘ[੧੨] ਨਿਮਖ ਹੀਐ[੧੩] ਹਰਿ ਨਾਮੁ ਧਿਆਇ ॥ ੧ ॥ ਰਹਾਉ ॥ ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥ ਜਉ ਹੋਇ ਕ੍ਰਿਪਾਲੁ [੧੪]ਦੀਨ ਦੁਖ ਭੰਜਨ [੧੫]ਜਮ ਤੇ ਹੋਵੈ ਧਰਮ ਰਾਇ ॥ ੧ ॥ ਏਕਸ ਬਿਨੁ ਨਾਹੀ ਕੋ ਦੂਜਾ [੧੬]ਆਨ ਨ ਬੀਓ ਲਵੈ ਲਾਇ ॥ ਮਾਤ ਪਿਤਾ ਭਾਈ ਨਾਨਕ ਕੋ [੧੭]ਸੁਖਦਾਤਾ ਹਰਿ ਪ੍ਰਾਨ ਸਾਇ ॥ ੨ ॥ ੨ ॥ ੨੧ ॥ ਸਾਰਗ ਮਹਲਾ ੫§ ॥ ਹਰਿ ਜਨ ਸਗਲ ਉਧਾਰੇ ਸੰਗ ਕੇ ॥ ਭਏ ਪੁਨੀਤ[੧੮] ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ[੧੯] ॥ ੧ ॥ ਰਹਾਉ ॥ ਮਾਰਗਿ ਚਲੇ ਤਿਨ੍ਹੀ ਸੁਖੁ ਪਾਇਆ ਜਿਨ੍ਹ ਸਿਉ ਗੋਸਟਿ[੨੦] ਸੇ ਤਰੇ ॥ [੨੧]ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥ ੧ ॥ ਜਿਨ੍ਹ ਕੇ ਭਾਗ ਬਡੇ ਹੈ ਭਾਈ ਤਿਨ੍ਹ ਸਾਧੂ ਸੰਗਿ ਮੁਖ ਜੁਰੇ[੨੨] ॥ ਤਿਨ੍ਹ ਕੀ ਧੂਰਿ ਬਾਂਛੈ[੨੩] ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ ॥ ੨ ॥ ੩ ॥ ੨੨ ॥ ਸਾਰਗ ਮਹਲਾ ੫¶ ॥ ਹਰਿ ਜਨ ਰਾਮ ਰਾਮ ਰਾਮ ਧਿਆਂਏ ॥ ਏਕ ਪਲਕ ਸੁਖ ਸਾਧ ਸਮਾਗਮ[੨੪] ਕੋਟਿ ਬੈਕੁੰਠਹ ਪਾਂਏ ॥ ੧ ॥ ਰਹਾਉ ॥ ਦੁਲਭ ਦੇਹ ਜਪਿ ਹੋਤ ਪੁਨੀਤਾ[੧੮] ਜਮ ਕੀ [੨੫]ਤ੍ਰਾਸ ਨਿਵਾਰੈ ॥ ਮਹਾ [੨੬]ਪਤਿਤ ਕੇ ਪਾਤਿਕ ਉਤਰਹਿ

੧ ਪੂਰੇ ਕੀਤੇ ।
੨ ਜਿਸ ਦੇ ਸਿਮਰਨ ਵਿੱਚ ਸਾਰੇ ਪਦਾਰਥ ਆ ਜਾਂਦੇ ਹਨ ।
੩ ਰੱਜਦਾ ਹੈ ।
੪ ਪਾਪ ।
੫ ਹੋਰ ਕਿਸੇ ਵਿੱਚ ।
੬ ਏਥੇ ਓਥੇ, ਭਾਵ ਹਰ ਥਾਂ ।
੭ ਇਹ ਪੀਣਾ ਰਜਾਵਣ ਵਾਸਤੇ ਹੈ ।
੮ ਅਕਾਲ-ਮੂਰਤਿ ਦਾ ਧਿਆਨ ਜਮਾਉਣ ਲਈ ਸਾਧ ਸੰਗਤ ਚੰਗੀ ਥਾਂ ਹੈ ।
੯ ਮਨ ਦਾ ਮਾਣ (ਗੁਮਾਨ) ਦੂਰ ਕਰਨ ਲਈ ਹੈ।
੧੦ ਹਰੀ-ਨਾਮ ਹੀ ਆਪਣੇ ਆਰਾਮ ਕਰਨ ਲਈ ਸੁਖ ਦਾ ਥਾਂ ਢੂੰਢ ਕੇ ਲੱਭਾ ਹੈ ।
੧੧ ਖੁਸ਼ੀ ਦੇ ਗੀਤ ।
੧੨ ਪਾਪ ।
੧੩ ਹਿਰਦੇ ਵਿੱਚ ।
੧੪ ਗਰੀਬਾਂ ਦਾ ਦੁੱਖ, ਦੂਰ ਕਰਨ ਵਾਲਾ ।
੧੫ ਜਮ ਵੀ ਧਰਮਰਾਜ ਹੋ ਜਾਂਦਾ ਹੈ, ਭਾਵ ਜਮ ਡੰਡ ਦੇਣ ਦੀ ਥਾਂ ਇਨਸਾਫ ਕਰਦਾ ਹੈ ।
੧੬ ਹੋਰ ਦੂਸਰਾ ਬਰਾਬਰੀ ਨਹੀਂ ਕਰ ਸਕਦਾ ।
੧੭ ਪ੍ਰਾਣਾਂ ਦਾ ਸੁਖਦਾਤਾ ਉਹ ਹਰੀ ਹੀ ਹੈ (ਕਈਆਂ ਬੀੜਾਂ ਵਿੱਚ ਪਾਠ 'ਸਾਇ' ਦੀ ਥਾਂ 'ਸਖਾਇ' ਜਾਂ 'ਸਹਾਇ' ਹੈ) ।
੧੮ ਪਵਿੱਤਰ ।
੧੯ ਦੂਰ ਹੋਏ ।
੨੦ ਸੰਗਤ, ਵਿਚਾਰ ਲਈ ਮੇਲ ।
੨੧ ਮਾਇਆ ਰੂਪ ਅੰਨ੍ਹੇ ਖੂਹ ਵਿੱਚ ਡੁੱਬਦੇ ਨੂੰ ।
੨੨ ਜੁੜੇ ।
੨੩ ਮੰਗਦਾ ਹੈ ।
੨੪ ਇਕੱਠ, ਸੰਗਤਿ । ਸਾਧ-ਸੰਗਤਿ ਦੇ ਇਕ ਪਲ ਭਰ ਦੇ ਮੇਲ ਦੇ ਸੁਖ ਨਾਲ ਕ੍ਰੋੜਾਂ ਬੈਕੁੰਠ ਮਿਲ ਜਾਂਦੇ ਹਨ ।
੨੫ ਡਰ ਦੂਰ ਕਰਦਾ ਹੈ ।
੨੬ ਪਾਪੀਆਂ ਦੇ ਪਾਪ ਉਤਰਦੇ ਹਨ ।

* ਅੰਤ ਵਿੱਚ ਹਰੀ ਅੱਗੇ ਸਨਮੁਖ ਬੇਨਤੀ ਕਰਦੇ ਹਨ ਕਿ ਸਰਬ-ਰੋਗ ਦਾ ਔਖਧ ਅਤੇ ਸਰਬ-ਪਦਾਰਥ ਦਾ ਪੁੰਜ ਹਰੀ-ਨਾਮ ਬਖ਼ਸ਼ੋ ।

† ਨਾਮ-ਬਾਣੀ ਦੀ ਮਹਿਮਾ ਦੱਸਦੇ ਹਨ ਕਿ ਅਸਲੀ ਰਜੇਵਾਂ ਤੇ ਸਦੀਵੀ ਸੁਖ ਨਾਮ ਦਿੰਦਾ ਹੈ ਅਤੇ ਮਨ ਦੇ ਮਾਣ ਨੂੰ ਦੂਰ ਕਰਨ ਲਈ ਬਾਣੀ ਦਾ ਅਭਿਆਸ ਜ਼ਰੂਰੀ ਹੈ । ਨਾਮ-ਬਾਣੀ ਦੀ ਦਾਤਿ ਸਾਧ-ਸੰਗਤ ਤੋਂ ਮਿਲਦੀ ਹੈ ।

‡ ਹਰੀ-ਨਾਮ ਧਿਆਉਣ ਨਾਲ ਦੁੱਖ ਪਾਪ ਦੂਰ ਹੁੰਦੇ ਹਨ । ਇਹ ਨਾਮ ਸਾਧ-ਗੁਰੂ ਦੀ ਸ਼ਰਨ ਪਿਆਂ ਮਿਲਦਾ ਹੈ ।

§ ਗੁਰੂ ਸਭ ਨੂੰ ਮਾਇਆ ਦੇ ਅਸਰ ਤੋਂ ਬਚਾਅ ਕੇ ਤਾਰ ਦਿੰਦਾ ਹੈ ।

¶ ਗੁਰੂ ਦੀ ਸੰਗਤਿ ਪਲ ਭਰ ਕਰਨ ਨਾਲ ਜੋ ਪਵਿੱਤ੍ਰਤਾ ਤੇ ਸੁਖ ਮਿਲਦਾ ਹੈ, ਉਸ ਦਾ ਟਾਕਰਾ ਕ੍ਰੋੜਾਂ ਬੈਕੁੰਠ ਭੀ ਨਹੀਂ ਕਰ ਸਕਦੇ ।

ਹਰਿ ਨਾਮਾ [੧]ਉਰਿ ਧਾਰੈ ॥ ੧ ॥ ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੂਖੁ ਨਾਸਾ ॥ ਕਹੁ ਨਾਨਕ ਪਾਈਐ ਵਡਭਾਗੀ ਮਨ ਤਨ ਹੋਇ ਬਿਗਾਸਾ[੨] ॥ ੨ ॥ ੪ ॥ ੨੩ ॥

ਸਾਰਗ ਮਹਲਾ ੫ ਦੁਪਦੇ ਘਰੁ ੪ ੴ ਸਤਿਗੁਰ ਪ੍ਰਸਾਦਿ ॥

*ਮੋਹਨ ਘਰਿ ਆਵਹੁ ਕਰਉ ਜੋਦਰੀਆ[੩] ॥ ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ[੪] ॥ ੧ ॥ ਰਹਾਉ ॥ ਨਿਕਟਿ[੫] ਸੁਨਉ ਅਰੁ ਪੇਖਉ[੬] ਨਾਹੀ [੭]ਭਰਮਿ ਭਰਮਿ ਦੁਖ ਭਰੀਆ ॥ ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ[੮] ਮਿਲਉ ਲਾਲ ਮਨੁ ਹਰੀਆ[੯] ॥ ੧ ॥ ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ[੧੦] ਦਿਨਸ ਲਖ ਬਰੀਆ[੧੧] ॥ ਸਾਧਸੰਗਤਿ ਕੀ ਭੀਰ[੧੨] ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ[੧੩] ॥ ੨ ॥ ੧ ॥ ੨੪ ॥ ਸਾਰਗ ਮਹਲਾ ੫† ॥ ਅਬ ਕਿਆ ਸੋਚਉ ਸੋਚ ਬਿਸਾਰੀ ॥ ਕਰਣਾ ਸਾ ਸੋਈ ਕਰਿ ਰਹਿਆ ਦੇਹਿ ਨਾਉ ਬਲਿਹਾਰੀ ॥ ੧ ॥ ਰਹਾਉ ॥ ਚਹੁ ਦਿਸ ਫੂਲਿ ਰਹੀ [੧੪]ਬਿਖਿਆ ਬਿਖੁ [੧੫]ਗੁਰ ਮੰਤ੍ਰੁ ਮੂਖਿ ਗਰੁੜਾਰੀ ॥ ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ[੧੬] ॥ ੧ ॥ ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ [੧੭]ਕਲ ਧਾਰੀ ॥ ਨਾਨਕ [੧੮]ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ[੧੯] ॥ ੨ ॥ ੨ ॥ ੨੫ ॥ ਸਾਰਗ ਮਹਲਾ ੫‡ ॥ ਅਬ ਮੋਹਿ ਸਰਬ ਉਪਾਵ ਬਿਰਕਾਤੇ[੨੦] ॥ ਕਰਣ ਕਾਰਣ ਸਮਰਥ ਸੁਆਮੀ ਹਰਿ ਏਕਸੁ ਤੇ ਮੇਰੀ ਗਾਤੇ[੨੧] ॥ ੧ ॥ ਰਹਾਉ ॥ ਦੇਖੇ ਨਾਨਾ[੨੨] ਰੂਪ ਬਹੁ ਰੰਗਾ [੨੩]ਅਨ ਨਾਹੀ ਤੁਮ ਭਾਂਤੇ ॥ ਦੇਂਹਿ ਅਧਾਰੁ[੨੪] ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ ॥ ੧ ॥ ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ[੨੫] ॥ ਕਹੁ ਨਾਨਕ ਮੈ ਸਰਬ ਸੁਖੁ ਪਾਇਆ ਇਹ ਸੂਖਿ ਬਿਹਾਨੀ[੨੬] ਰਾਤੇ ॥ ੨ ॥ ੩ ॥ ੨੬ ॥ ਸਾਰਗ ਮਹਲਾ ੫§ ॥ ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥ ਗੁਰ ਦਇਆਲ ਭਏ ਸੁਖਦਾਈ ਅੰਧੁਲੈ ਮਾਣਿਕੁ[੨੭] ਦੇਖਾ ॥ ੧ ॥ ਰਹਾਉ ॥ ਕਾਟੇ ਅਗਿਆਨ ਤਿਮਰ[੨੮] ਨਿਰਮਲੀਆ[੨੯] ਬੁਧਿ ਬਿਗਾਸ[੨] ਬਿਬੇਕਾ[੩੦] ॥ ਜਿਉ ਜਲ ਤਰੰਗ ਫੇਨੁ[੩੧] ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥ ੧ ॥ ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ ॥ ਨਾਨਕ [੩੨]ਦ੍ਰਿਸਟਿ ਆਇਓ ਸ੍ਰਬ ਠਾਈ[੩੩] ਪ੍ਰਾਣਪਤੀ ਹਰਿ ਸਮਕਾ[੩੪] ॥ ੨ ॥ ੪ ॥ ੨੭ ॥ ਸਾਰਗ ਮਹਲਾ ੫¶ ॥ ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥ [੩੫]ਪੇਖਿ ਆਇਓ ਸਰਬ

੧ ਦਿਲ ਵਿੱਚ ਧਾਰਦਾ ਹੈ ।
੨ ਮਨ ਤੇ ਤਨ ਦਾ ਖਿੜਾਉ ਹੁੰਦਾ ਹੈ ।
੩ [ਫਾ : ਜ਼ੁਹਦ=ਕਰੜੀ ਘਾਲਣਾ, ਭਗਤੀ] ਜੋਦੜੀ, ਬੇਨਤੀ ।
੪ ਚੇਲੀ, ਦਾਸੀ । ਮੈਂ ਮਾਣ ਕਰਦੀ ਹਾਂ ਤੇ ਘੁਮੰਡ ਨਾਲ ਬੋਲਦੀ ਹਾਂ; ਇਨ੍ਹਾਂ ਭੁੱਲਾਂ-ਚੁੱਕਾਂ ਦੇ ਬਾਵਜੂਦ ਹੇ ਪਿਆਰੇ, ਤੇਰੀ ਦਾਸੀ ਹਾਂ !
੫ ਨੇੜੇ ।
੬ ਦੇਖਦੀ ।
੭ ਭਰਮ ਕਰ ਕੇ ਭਟਕਦੀ ਹੋਈ ਦੁੱਖ ਭੋਗਦੀ ਹਾਂ।
੮ ਪਰਦਾ; ਯਥਾ "ਭਾਂਭੀਰੀ ਕੇ ਪਾਤ ਪਰਦੋ" (ਸੋਰਠਿ ਮ: ੫-੬੨੪) ।
੯ ਹਰਾ ਹੁੰਦਾ ਹੈ । ਦੇਖੋ ਪੰ: ੭੭੯, ਨੋਟ ੨੭।
੧੦ ਕੂੜਾਂ ।
੧੧ ਵਰ੍ਹੇ, ਬਰਸ ।
੧੨ ਇਕੱਠ ।
੧੩ ਮਿਲ ਗਈ ।
੧੪ ਮਾਇਆ ਦੀ ਵਿਹੁ ।
੧੫ ਗੁਰ-ਮੰਤ੍ਰ ਹੀ ਮੁੱਖ ਵਿੱਚ ਗਾਰੜੂ ਮੰਤ੍ਰ (ਸਪ ਦੀ ਵਿਹੁ ਕੱਟਣ ਵਾਲਾ) ਹੈ, ਭਾਵ ਗੁਰ-ਮੰਤ੍ਰ ਮਾਇਆ ਸਰਪਨੀ ਦੀ ਵਿਹੁ ਕਟਦਾ ਹੈ ।
੧੬ ਅਲਿਪਤ । ਜਿਵੇਂ ਕੰਵਲ ਫੁੱਲ ਪਾਣੀ ਵਿੱਚ ਰਹਿੰਦਾ ਹੋਇਆ ਅਲੇਪ ਰਹਿੰਦਾ ਹੈ ।
੧੭ ਸ਼ਕਤੀ ਵਰਤਾਅ ਰੱਖੀ ਹੈ ।
੧੮ ਭੱਜ ਪਿਆ ।
੧੯ ਸਦਕਾ (ਸੰਤਾਂ ਦਾ) ।
੨੦ ਵਿਰੱਕਤ ਕੀਤੇ, ਤਿਆਗ ਦਿੱਤੇ, ਛੱਡ ਦਿੱਤੇ ।
੨੧ ਗਤੀ ।
੨੨ ਕਈ ਪ੍ਰਕਾਰ ਦੇ ।
੨੩ ਤੇਰੇ ਜੈਸਾ ਹੋਰ ਕੋਈ ਨਹੀਂ ਹੈ ।
੨੪ ਆਸਰਾ । ੨੫ ਪਛਾਤੇ ।
੨੬ ਗੁਜ਼ਰੀ (ਉਮਰ ਰੂਪ ਰਾਤ) ।
੨੭ ਹੀਰਾ (ਨਾਮ ਰੂਪ) ।
੨੮ ਹਨੇਰਾ !
੨੯ ਨਿਰਮਲ ਕੀਤਾ ।
੩੦ ਵਿਚਾਰ ਵਾਲੀ ।
੩੧ ਝੱਗ । ਜਿਵੇਂ ਪਾਣੀ ਦੀਆਂ ਲਹਿਰਾਂ ਦੀ ਝੱਗ ਮੁੜ ਪਾਣੀ ਹੋ ਜਾਂਦੀ ਹੈ, ਤਿਵੇਂ ਜੀਵ-ਦਾਸ ਤੇ ਹਰੀ-ਮਾਲਕ ਮਿਲ ਕੇ ਇਕ-ਮਿਕ ਹੋ ਗਏ ।
੩੨ ਦਿੱਸ ਪਿਆ ।
੩੩ ਥਾਂਈ ।
੩੪ ਇਕ-ਸਮਾਨ । (ਕਈਆਂ ਬੀੜਾਂ ਵਿੱਚ ਪਾਠ 'ਸਮੇਕਾ' ਹੈ) ।
੩੫ ਦੇਖ ਆਇਆ ਹਾਂ ।

* ਮਨੁੱਖ ਭਰਮ ਕਰ ਕੇ ਨਾਲ ਵਸਦੇ ਹਰੀ ਨੂੰ ਨਹੀਂ ਪਛਾਣਦਾ ਤੇ ਉਸ ਤੋਂ ਦੂਰ ਭਟਕਦਾ ਰਹਿੰਦਾ ਹੈ, ਪਰ ਸਾਧਸੰਗਤਿ ਦੇ ਮੇਲ ਨਾਲ ਗੁਰੂ ਤੋਂ ਭਰਮ ਦਾ ਪਰਦਾ ਦੂਰ ਕਰਵਾ ਕੇ ਹਰੀ ਨਾਲ ਮਿਲ ਪੈਂਦਾ ਹੈ ।

† ਮਨੁੱਖ ਹਰ ਪਾਸਿਓਂ ਮਾਇਆ ਦੇ ਜ਼ਹਿਰੀਲੇ ਅਸਰ ਨਾਲ ਘੇਰਿਆ ਪਿਆ ਹੈ; ਪਰ ਗੁਰੂ ਇਸ ਜ਼ਹਿਰ ਦੇ ਕੱਟਣ ਲਈ ਆਪਣੀ ਬਾਣੀ ਦਿੰਦਾ ਹੈ, ਜਿਸ ਨਾਲ ਸੰਸਾਰਕ ਰੁਝੇਵੇਂ ਆਪਣਾ ਜ਼ਹਿਰੀਲਾ ਅਸਰ ਨਹੀਂ ਕਰਦੇ ।

‡ ਗੁਰੂ ਨੂੰ ਮਿਲ ਕੇ ਪਤਾ ਲੱਗਾ ਕਿ ਹਰੀ ਤੋਂ ਬਿਨਾਂ ਹੋਰ ਸਭ ਆਸਰੇ ਤੁਛ ਹਨ, ਇਸ ਲਈ ਉਹ ਛੱਡ ਕੇ ਇਕ ਹਰੀ ਦਾ ਆਸਰਾ ਫੜਿਆ ਹੈ ।

§ ਗੁਰੂ ਨੇ ਕਿਰਪਾ ਕਰ ਕੇ ਮੇਰੀ ਬੁੱਧੀ ਉੱਜਲ ਕਰ ਦਿੱਤੀ, ਜਿਸ ਨਾਲ ਭਰਮ ਮਿਟਾ ਕੇ ਮੈਂ ਹਰੀ ਨਾਲ ਇਕ-ਮਿਕ ਹੋ ਗਿਆ ਹਾਂ ।

¶ ਗੁਰੂ ਦੇ ਸਦਕੇ ਹੁਣ ਮੇਰੀ ਰੁਚੀ ਐਸੀ ਪ੍ਰੇਰੀ ਗਈ ਹੈ ਕਿ ਹਰੀ-ਰਸ ਬਿਨਾਂ ਮੈਨੂੰ ਹੋਰ ਕੋਈ ਰਸ ਚੰਗਾ ਨਹੀਂ ਲਗਦਾ ।

ਥਾਨ ਦੇਸ ਪ੍ਰਿਅ ਰੋਮ ਨ ਸਮਸਰਿ[੧] ਲਾਗੈ ॥ ੧ ॥ ਰਹਾਉ ॥ ਮੈ ਨੀਰੇ[੨] ਅਨਿਕ ਭੋਜਨ ਬਹੁ ਬਿੰਜਨ[੩] ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ[੪] ॥ ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ[੫] ਜਿਉ ਅਲਿ[੬] ਕਮਲਾ ਲੋਭਾਂਗੈ[੭] ॥ ੧ ॥ ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ[੮] ॥ [੯]ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥ ੨ ॥ ੫ ॥ ੨੮ ॥ ਸਾਰਗ ਮਹਲਾ ੫* ॥ ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥ ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ[੧੦] ਦੁਸਟੁ ਬਿਗਾਨਾ[੧੧] ॥ ੧ ॥ ਰਹਾਉ ॥ ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ ॥ ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾਂ ॥ ੧ ॥ ਤੁਮ ਹੀ ਨਾਇਕ[੧੨] ਤੁਮ੍ਹਹਿ ਛਤ੍ਰਪਤਿ ਤੁਮ ਪੂਰਿ ਰਹੇ ਭਗਵਾਨਾ ॥ ਪਾਵਉ ਦਾਨੁ ਸੰਤ ਸੇਵਾ ਹਰਿ ਨਾਨਕ ਸਦ ਕੁਰਬਾਨਾਂ ॥ ੨ ॥ ੬ ॥ ੨੯ ॥ ਸਾਰਗ ਮਹਲਾ ੫† ॥ ਮੇਰੈ ਮਨਿ ਚੀਤਿ ਆਏ [੧੩]ਪ੍ਰਿਅ ਰੰਗਾ ॥ ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ[੧੪] ਸਬਾਈ ਜੰਗਾ ॥ ੧ ॥ ਰਹਾਉ ॥ ਹਰਿ ਸੇਵਉ ਹਰਿ ਰਿਦੈ ਬਸਾਵਉ ਹਰਿ ਪਾਇਆ ਸਤਸੰਗਾ ॥ ਐਸੋ ਮਿਲਿਓ ਮਨੋਹਰੁ ਪ੍ਰੀਤਮੁ [੧੫]ਸੁਖ ਪਾਏ ਮੁਖ ਮੰਗਾ ॥ ੧ ॥ ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ[੧੬] ॥ ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ[੧੭] ॥ ੨ ॥ ੭ ॥ ੩੦ ॥ ਸਾਰਗ ਮਹਲਾ ੫‡ ॥ ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥ [੧੮]ਬਚਨ ਨਾਦ ਮੇਰੇ ਸ੍ਰਵਨਹੁ ਪੂਰੇ [੧੯]ਦੇਹਾ ਪ੍ਰਿਅ ਅੰਕਿ ਸਮਾਨੀ ॥ ੧ ॥ ਰਹਾਉ ॥ ਛੂਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥ ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ[੨੦] ॥ ੧ ॥ ਉਨ੍ਹ ਕੈ ਬਸਿ ਆਇਓ [੨੧]ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ ॥ ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ ਸਭ ਚੂਕੀ [੨੨]ਕਾਣਿ ਲੋੁਕਾਨੀ ॥ ੨ ॥ ੮ ॥ ੩੧ ॥ ਸਾਰਗ ਮਹਲਾ ੫§ ॥ ਅਬ ਮੇਰੋ [੨੩]ਪੰਚਾ ਤੇ ਸੰਗੁ ਤੂਟਾ ॥ ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ ॥ ੧ ॥ ਰਹਾਉ ॥ ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ[੨੪] ॥ ਬਿਖਮ ਗਾਰ੍ਹ[੨੫] ਕਰੁ[੨੬] ਪਹੁਚੈ ਨਾਹੀ [੨੭]ਸੰਤ ਸਾਨਥ ਭਏ ਲੂਟਾ ॥ ੧ ॥ ਬਹੁਤੁ ਖਜਾਨੇ ਮੇਰੈ ਪਾਲੈ[੨੮] ਪਰਿਆ ਅਮੋਲ ਲਾਲ ਆਖੂਟਾ[੨੯] ॥ ਜਨ ਨਾਨਕ ਪ੍ਰਭਿ ਕਿਰਪਾ ਧਾਰੀ ਤਉ ਮਨ ਮਹਿ ਹਰਿ ਰਸੁ ਘੂਟਾ[੩੦] ॥ ੨ ॥ ੯ ॥ ੩੨ ॥ ਸਾਰਗ ਮਹਲਾ ੫ ¶ ॥ ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥

੧ ਬਰਾਬਰ । ਪਿਆਰੇ ਦੇ ਇਕ ਵਾਲ ਬਰਾਬਰ ਭੀ ਨਹੀਂ ।

੨ ਪਰੋਸੇ, ਅੱਗੇ ਧਰੇ ।

੩ [ਸੰ. ਵੰਜੰਜਨ] ਰੋਟੀ ਨਾਲ ਖਾਣ ਵਾਲੇ ਪਦਾਰਥ, ਸਾਗ, ਤਰਕਾਰੀ ਆਦਿ ।

੪ ਰੁਚੀ । ਇਨ੍ਹਾਂ ਪਦਾਰਥਾਂ ਵਿੱਚ ਮੇਰਾ ਮਨ ਨਹੀਂ ਲਗਦਾ ।

੫ ਉਚਰਦਾ ਹੈ ।

੬ ਭੌਰਾ । ਜਿਵੇਂ ਭੌਰਾ ਕੰਵਲ ਲਈ ਲਲਚਾਉਂਦਾ ਹੈ ।

੭ ਲੁਭਾਇਮਾਨ ਹੁੰਦਾ ਹੈ ।

੮ ਸਭ ਦੇ ਨਾਲ (ਵਸਣ ਵਾਲਾ) ।

੯ ਗੁਰੂ ਨੇ ਪ੍ਰਭੂ ਪਾਸ ਭੇਜਿਆ ਹੈ, ਹੇ ਮਿੱਤਰੋ ! ਮੈਨੂੰ ਗਲੇ ਲਗ ਕੇ ਮਿਲੋ ।

੧੦ ਕਟਿਆ ਹੈ ।

੧੧ ਬਿਗਾਨਾਪਨ; ਦ੍ਵੈਤ ਭਾਵ ।

੧੨ ਮਾਲਕ ।

੧੩ ਪਿਆਰੇ ਦੇ ਪ੍ਰੇਮ-ਬਿਲਾਸ ।

੧੪ ਰਾਤ । ਉਮਰ ਰੂਪ ਰਾਤ ਕਾਮਾਦਿਕਾਂ ਨਾਲ ਜੰਗ ਕਰਦਿਆਂ ਗੁਜ਼ਰੀ ਹੈ ।

੧੫ ਮਨ-ਮੰਗੇ ਸੁਖ ਮਿਲ ਗਏ ।

੧੬ ਬੇ-ਫ਼ਿਕਰ ਹੋ ਕੇ ।

੧੭ ਪਾਠ-ਅੰਗ, ਗੁਰ-ਸ਼ਬਦ ਦਾ ਉਦੇਸ਼; ਜਿਸ ਦੀ ਪ੍ਰਾਪਤੀ ਲਈ ਪਾਠ ਕਰਦੇ ਸੀ ।

੧੮ ਉਸ ਦੇ ਵਚਨਾਂ ਦੀਆਂ ਸੁਰੀਲੀਆਂ ਅਵਾਜ਼ਾਂ ਮੇਰੇ ਕੰਨਾਂ ਨੂੰ ਭਰ ਰਹੀਆਂ ਹਨ ।

੧੯ ਸਰੀਰ ਪਿਆਰੇ ਦੀ ਗੋਦੀ ਵਿੱਚ ਸਮਾਇਆ ਹੈ ।

੨੦ ਵਸਣ ਵਾਸਤੇ ।

੨੧ ਉਹ ਭਗਤ-ਵਛਲ (ਭਗਤੀ ਦਾ ਪਿਆਰਾ) ਜਿਸ ਨੇ ਸੰਤਾਂ ਦੀ ਆਣ ਰੱਖੀ ਹੈ ।

੨੨ ਮੁਥਾਜੀ ਲੋਕਾਂ ਦੀ ।

੨੩ ਕਾਮਾਦਿਕਾਂ ਤੋਂ ।

੨੪ [ਸੁਰੂਢ] ਸੂਰਮੇ । ਸਰੀਰ ਬਹੁਤ ਬਿਖਮ ਥਾਨ ਹੈ (ਜਿਥੇ ਅਪੜਨਾ ਔਖਾ ਹੈ) ਤੇ ਕਾਮਾਦਿਕ ਸੂਰਮੇ ਇਸ ਦੇ ਰਾਖੇ ਹਨ ।

੨੫ ਗੜ੍ਹਾ, ਟੋਆ । ੨੬ ਹੱਥ ।

੨੭ ਸੰਤ ਸਹਾਈ ਹੋਣ ਕਰ ਕੇ ਇਹ ਲੁਟੇ ਗਏ ਹਨ । ਦੇਖੋ ਪੰਨਾ ੪੫੩, ਨੋਟ ੯ ।

੨੮ ਪਲੇ ।

੨੯ ਅਖੁੱਟ, ਅਮੁੱਕ ।

੩੦ ਘੁਟਿਆ, ਘੁਟ-ਘੁਟ ਕਰ ਕੇ ਪੀਤਾ ।

---

* ਮਨ ਇਕੋ ਹਰੀ ਨਾਲ ਲੱਗ ਜਾਣ ਕਰ ਕੇ ਉਸ ਦੇ ਸਾਮ੍ਹਣੇ ਹੋ ਕੇ ਉਸ ਦੇ ਗੁਣ ਗਾਉਂਦੇ ਹਨ ।

† ਜਦ ਹਰੀ ਦੇ ਪ੍ਰੇਮ ਦੀਆਂ ਮੌਜਾਂ ਦਿਲ ਵਿੱਚ ਸਮਾਅ ਗਈਆਂ ਤਾਂ ਉਨ੍ਹਾਂ ਦੇ ਮੁਕਾਬਲੇ 'ਤੇ ਮਾਇਆ ਦੇ ਭੋਗ ਧੰਧੇ ਤੇ ਬੰਧਨ ਭਾਸਣ ਲੱਗੇ ਅਤੇ ਰੁਚੀ ਉਨ੍ਹਾਂ ਨੂੰ ਗ੍ਰਹਿਣ ਕਰਨ ਦੀ ਥਾਂ ਉਨ੍ਹਾਂ ਨਾਲ ਜੰਗ ਕਰਨ ਵਾਲੀ ਹੋ ਗਈ ।

‡ ਗੁਰੂ ਦੀ ਕਿਰਪਾ ਨਾਲ ਹਰੀ ਦੇ ਦਰਸ਼ਨ ਤੇ ਉਸ ਦੇ ਮਨੋਹਰ ਵਚਨ ਇਤਨੇ ਚੰਗੇ ਲੱਗਣ ਲੱਗ ਪਏ ਹਨ ਕਿ ਹੁਣ ਹਰ ਵੇਲੇ ਉਸ ਦੇ ਅੰਗ-ਸੰਗ ਰਹੀਦਾ ਹੈ ।

§ ਇਕ ਕਿਲ੍ਹੇ ਦੇ ਸਰ ਕਰਨ ਦਾ ਦ੍ਰਿਸ਼ਟਾਂਤ ਲੈ ਕੇ ਗੁਰੂ ਦੀ ਮਦਦ ਨਾਲ ਪਾਪ ਬਿਰਤੀ ਨੂੰ ਜਿੱਤਣਾ ਦੱਸਿਆ ਹੈ ।

¶ ਹਰੀ ਨਾਲ ਦਿਲ ਲਗ ਜਾਏ ਤਾਂ ਹਉਂ ਆਦਿ ਪਾਪ ਆਪੇ ਦੂਰ ਹੋ ਜਾਂਦੇ ਹਨ ।

[੧]ਪ੍ਰਾਨ ਦਾਨੁ ਗੁਰਿ ਪੂਰੈ ਦੀਆ [੨]ਉਰਝਾਇਓ ਜਿਉ ਜਲ ਮੀਨਾ ॥ ੧ ॥
ਰਹਾਉ ॥ ਕਾਮ ਕ੍ਰੋਧ ਲੋਭ ਮਦ ਮਤਸਰ[੩] [੪]ਇਹ ਅਰਪਿ ਸਗਲ ਦਾਨੁ ਕੀਨਾ ॥
[੫]ਮੰਤ੍ਰੁ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ[੬] ॥
੧ ॥ [੭]ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ [੮]ਗੁਰਿ ਹਉ ਖੋਈ ਪ੍ਰਭੁ ਦੀਨਾ ॥ ਕਹੁ
ਨਾਨਕ ਮੈ [੯]ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ[੧੦] ॥ ੨ ॥
੧੦ ॥ ੩੩ ॥ ਸਾਰਗ ਮਹਲਾ ੫* ॥ ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥
ਛੁਟਹਿ ਸੰਘਾਰ[੧੧] ਨਿਮਖ ਕਿਰਪਾ ਤੇ ਕੋਟਿ ਬ੍ਰਹਮੰਡ ਉਧਾਰਹਿ[੧੨] ॥ ੧ ॥
ਰਹਾਉ ॥ ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮ੍ਹਾਰਹਿ[੧੩] ॥
ਹੋਹੁ ਕ੍ਰਿਪਾਲ [੧੪]ਦੀਨ ਦੁਖ ਭੰਜਨ ਹਾਥ ਦੇਇ ਨਿਸਤਾਰਹਿ ॥ ੧ ॥ ਕਿਆ ਏ
ਭੂਪਤਿ[੧੫] ਬਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ ॥ ਰਾਖੁ ਰਾਖੁ ਰਾਖੁ
ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਹਾਰਹਿ ॥ ੨ ॥ ੧੧ ॥ ੩੪ ॥ ਸਾਰਗ
ਮਹਲਾ ੫† ॥ ਅਬ ਮੋਹਿ ਧਨੁ ਪਾਇਓ ਹਰਿ ਨਾਮਾ ॥ ਭਏ ਅਚਿੰਤ[੧੬] ਤ੍ਰਿਸਨ
ਸਭ ਬੁਝੀ ਹੈ ਇਹੁ ਲਿਖਿਓ ਲੇਖੁ ਮਥਾਮਾ[੧੭] ॥ ੧ ॥ ਰਹਾਉ ॥ ਖੋਜਤ ਖੋਜਤ
ਭਇਓ ਬੈਰਾਗੀ ਫਿਰਿ ਆਇਓ ਦੇਹ ਗਿਰਾਮਾ[੧੮] ॥ ਗੁਰਿ ਕ੍ਰਿਪਾਲਿ ਸਉਦਾ
ਇਹੁ ਜੋਰਿਓ ਹਥਿ ਚਰਿਓ[੧੯] ਲਾਲੁ ਅਗਾਮਾ[੨੦] ॥ ੧ ॥ [੨੧]ਆਨ ਬਾਪਾਰ
ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ ॥ ਗੋਬਿਦ ਭਜਨ ਕੇ ਨਿਰਭੈ
ਵਾਪਾਰੀ ਹਰਿ ਰਾਸਿ ਨਾਨਕ ਰਾਮ ਨਾਮਾ ॥ ੨ ॥ ੧੨ ॥ ੩੫ ॥ ਸਾਰਗ
ਮਹਲਾ ੫‡ ॥ ਮੇਰੈ ਮਨਿ ਮਿਸਟ[੨੨] ਲਗੇ ਪ੍ਰਿਅ ਬੋਲਾ[੨੩] ॥ ਗੁਰਿ ਬਾਹ
ਪਕਰਿ ਪ੍ਰਭ ਸੇਵਾ ਲਾਏ ਸਦ ਦਇਆਲੁ ਹਰਿ ਢੋਲਾ[੨੪] ॥ ੧ ॥
ਰਹਾਉ ॥ [੨੫]ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ ਮੋਹਿ [੨੬]ਕਲਤ੍ਰ ਸਹਿਤ
ਸਭਿ ਗੋਲਾ ॥ ਮਾਣੁ ਤਾਣੁ ਸਭੁ ਤੂਹੈ ਤੂਹੈ ਇਕੁ ਨਾਮੁ ਤੇਰਾ ਮੈ ਓਲ੍ਹਾ[੨੭] ॥
੧ ॥ ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ ਬਢਾਵਹਿ [੨੮]ਕੇਤਕ
ਬੋਲਾ ॥ ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ[੨੯] ਮੇਰੇ ਠਾਕੁਰ ਅਗਹ[੩੦]
ਅਤੋਲਾ ॥ ੨ ॥ ੧੩ ॥ ੩੬ ॥ ਸਾਰਗ ਮਹਲਾ ੫§ ॥ ਰਸਨਾ[੩੧] ਰਾਮ ਕਹਤ
ਗੁਣ ਸੋਹੰ[੩੨] ॥ ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ[੩੩] ਮਨ ਮੋਹੰ ॥ ੧ ॥
ਰਹਾਉ ॥ ਜਿਸੁ ਸੁਣਿਐ ਮਨਿ ਹੋਇ ਰਹਸੁ[੩੪] ਅਤਿ ਰਿਦੈ ਮਾਨ ਦੁਖ ਜੋਹੰ[੩੫] ॥
ਸੁਖੁ ਪਾਇਓ ਦੁਖੁ ਦੂਰਿ ਪਰਾਇਓ [੩੬]ਬਣਿ ਆਈ ਪ੍ਰਭ ਤੋਹੰ ॥ ੧ ॥
ਕਿਲਵਿਖ[੩੭] ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ ਦ੍ਰੋਹੰ[੩੮] ॥ ਕਹੁ
ਨਾਨਕ ਮੈ ਸੋ ਪ੍ਰਭੁ ਪਾਇਆ ਕਰਣ ਕਾਰਣ ਸਮਰਥੋਹੰ ॥ ੨ ॥ ੧੪ ॥
੩੭ ॥ ਸਾਰਗ ਮਹਲਾ ੫¶ ॥ ਨੈਨਹੁ ਦੇਖਿਓ ਚਲਤੁ ਤਮਾਸਾ ॥ ਸਭ ਹੂ ਦੂਰਿ

੧ ਜੀਅ ਦਾਨ ।
੨ ਫਸਾਇਆ ਹੈ ਆਪਣੇ ਪ੍ਰੇਮ ਵਿੱਚ ਜਿਵੇਂ ਪਾਣੀ ਨੇ ਮੱਛੀ ਨੂੰ ।
੩ ਈਰਖਾ ।
੪ ਭਾਵ ਸਭ ਲੁਟਾ ਦਿੱਤੇ ਹਨ ।
੫ ਜਦ ਗੁਰੂ ਨੇ ਆਪਣਾ ਉਪਦੇਸ਼ ਦੇ ਕੇ ਹਰੀ-ਨਾਮ ਦੀ ਦਵਾਈ ਦਿੱਤੀ, ਤਾਂ ਸਰਬ-ਗੁਣ ਨਿਪੁੰਨ ਹਰੀ ਮਿਲ ਪਿਆ ।
੬ ਸਿਆਣਾ ।
੭ ਇਹ ਘਰ ਤੇਰਾ ਹੈ, ਤੂੰ ਮੇਰਾ ਮਾਲਕ ਹੈਂ ।
੮ ਗੁਰੂ ਨੇ ਹਉਮੈ ਗਵਾ ਦਿੱਤੀ ਹੈ ਤੇ ਹਰੀ ਮੇਲ ਦਿੱਤਾ ਹੈ ।
੯ ਉੱਚੀ ਤੋਂ ਉੱਚੀ ਅਵਸਥਾ ਜਿਸ ਵਿੱਚ ਪੂਰਨ ਸ਼ਾਂਤੀ ਤੇ ਅਡੋਲਤਾ ਹੁੰਦੀ ਹੈ ।
੧੦ ਖ਼ਜ਼ਾਨਾ ।
੧੧ [ਸੰਹਾਰ] ਤਬਾਹੀਆਂ, ਜ਼ੁਲਮ (ਜੋ ਰਾਜਿਆਂ ਵੱਲੋਂ ਪਰਜਾ ਦੀ ਜਾਨ ਮਾਲ ਇੱਜ਼ਤ ਉੱਤੇ ਹੁੰਦੇ ਆਏ ਹਨ । ਦੇਖੋ ਦੂਜੇ ਅੰਗ ਦੀ ਪਹਿਲੀ ਤੁਕ) ।
੧੨ ਤਾਰਦਾ ਹੈਂ । ੧੩ ਯਾਦ ਕਰਦੇ ਹਨ ।
੧੪ ਨਿਮਾਣਿਆਂ ਦੇ ਦੁੱਖਾਂ ਨੂੰ ਤੋੜਨ ਵਾਲੇ ।
੧੫ ਰਾਜੇ । ਇਹ ਵਿਚਾਰੇ ਰਾਜੇ ਕੀ ਹਨ ? (ਇਨ੍ਹਾਂ ਦੀ ਕੀ ਮਜਾਲ ਹੈ ?) ਦਸੋ, ਇਹ ਕਿਸ ਨੂੰ ਮਾਰ ਸਕਦੇ ਹਨ ? ਭਾਵ ਜਿਸ ਨੂੰ ਹਰੀ ਦੀ ਰਖਿਆ ਪ੍ਰਾਪਤ ਹੋਵੇ ਉਸ ਨੂੰ ਰਾਜੇ ਕਿਵੇਂ ਮਾਰ ਸਕਦੇ ਹਨ ? ਉੱਤੇ ਇਸੇ ਲਈ ਕਿਹਾ ਸੀ : "ਛੁਟਹਿ ਸੰਘਾਰ ਨਿਮਖ ਕਿਰਪਾ ਤੇ" ।
੧੬ ਬੇ-ਫ਼ਿਕਰ ।
੧੭ ਮੱਥੇ ਤੇ ਭਾਗਾਂ ਵਿੱਚ ।
੧੮ ਪਿੰਡ, ਸਰੀਰ-ਪਿੰਡ ਵਿੱਚ ।
੧੯ ਚੜ੍ਹਿਆ, ਮਿਲਿਆ ।
੨੦ ਅਗੰਮ, ਬੇ-ਕੀਮਤਾ ।
੨੧ (ਨਾਮ ਤੋਂ ਛੁੱਟ) ਹੋਰ ਕਿਸੇ ਕਿਸਮ ਦਾ ਵਣਜ ਵਪਾਰ ।
੨੨ ਮਿੱਠੇ ।
੨੩ ਬਚਨ ।
੨੪ ਪਿਆਰਾ ।
੨੫ ਹੇ ਪ੍ਰਭੂ ! ਤੂੰ ਮਾਲਕ ਹੈਂ ਸਭ ਦਾ ਪਾਲਨਹਾਰ ਹੈਂ ।
੨੬ ਇਸਤ੍ਰੀ ਸਮੇਤ ਸਾਰੇ ਗੋਲੇ (ਸੇਵਕ) ਹਾਂ ।
੨੭ ਆਸਰਾ ।
੨੮ ਤਾਂ ਮੈਂ ਕੀ ਕਹਿ ਸਕਦਾ ਹਾਂ ?
੨੯ [ਸੰ. ਵਿਧਾਤ੍ਰਿ] ਰਚਨਹਾਰ ਹਰੀ ।
੩੦ ਅਥਾਹ ।
੩੧ ਜੀਭ ।
੩੨ ਸੋਭਦੀ ਹੈ ।
੩੩ ਲੀਲ੍ਹਾ । ਉਸ ਦੇ ਖੇਲ ਵੇਖ ਕੇ ਮਨ ਮੋਹਿਆ ਗਿਆ ਹੈ ।
੩੪ [ਸੰ: ਹਰਸ਼] ਅਨੰਦ ।
੩੫ ਜੋਹੇ ਜਾਂਦੇ ਹਨ, ਨਾਸ ਹੁੰਦੇ ਹਨ । ਹਿਰਦੇ ਦਾ ਮਾਨ ਤੇ ਦੁੱਖ ਨਾਸ ਹੁੰਦੇ ਹਨ ।
੩੬ ਹੇ ਪ੍ਰਭੂ ! ਤੇਰੇ ਨਾਲ ਸਾਡੀ ਬਣ ਆਈ ਹੈ, ਮੀਜ ਮਿਲ ਗਈ ਹੈ ।
੩੭ ਪਾਪ ।
੩੮ ਠੱਗੀ, ਛਲ ।

* ਹਰੀ ਸਭ ਦਾ ਮਾਲਕ ਤੇ ਬਚਾਵਣਹਾਰ ਹੈ । ਉਸ ਦੇ ਸਾਹਮਣੇ ਰਾਜੇ ਮਹਾਰਾਜੇ ਕਿਸੇ ਦਾ ਕੀ ਵਿਗਾੜ ਸਕਦੇ ਹਨ ।

† ਹਰੀ-ਨਾਮ ਤੁਲ ਕੋਈ ਪਦਾਰਥ ਹੀਰਾ ਲਾਲ ਆਦਿ ਨਹੀਂ । ਇਸ ਦਾ ਵਪਾਰ ਸਭ ਵਪਾਰਾਂ ਤੋਂ ਉੱਤਮ ਹੈ ।

‡ ਸਨਮੁਖ ਹੋ ਕੇ ਆਪਣੇ ਆਪ ਨੂੰ ਹਰੀ ਦੇ ਹਵਾਲੇ ਕਰਦੇ ਹਨ ਤੇ ਕਹਿੰਦੇ ਹਨ ਕਿ ਜਿਸ ਹਾਲਤ ਵਿੱਚ ਰੱਖੇਂ ਅਸੀਂ ਰਾਜ਼ੀ ਹਾਂ ।

§ ਹਰੀ ਨਾਲ ਮੇਲ ਹੋਣ ਤੋਂ ਦੁੱਖ ਦੂਰ ਹੁੰਦੇ ਤੇ ਸੁਖ ਮਿਲਦੇ ਹਨ ।

¶ ਹਰੀ ਸਰਬ-ਸਮਰੱਥ ਹੈ । ਉਹ ਅਗਮ ਹੋਣ ਦੇ ਬਾਵਜੂਦ ਹਰ ਥਾਂ ਮੌਜੂਦ ਹੈ । ਉਸ ਨੂੰ ਕਿਸੇ ਕੋਲੋਂ ਪੁੱਛ ਕੇ ਜਾਂ ਕਿਸੇ ਦੇ ਰਾਹੀਂ ਆਪਣੀ ਮਰਜ਼ੀ ਮੰਨਵਾਣ ਦੀ ਲੋੜ ਨਹੀਂ । ਇਹ ਗੱਲ ਗੁਰੂ ਤੋਂ ਸਮਝ ਆਉਂਦੀ ਹੈ ।

ਸਭ ਹੂ ਤੇ ਨੇਰੈ [੧]ਅਗਮ ਅਗਮ ਘਟ ਵਾਸਾ ॥ ੧ ॥ ਰਹਾਉ ॥ ਅਭੂਲੁ ਨ ਭੂਲੈ [੨]ਲਿਖਿਓ ਨ ਚਲਾਵੈ [੩]ਮਤਾ ਨ ਕਰੈ ਪਚਾਸਾ ॥ ਖਿਨ ਮਹਿ ਸਾਜਿ ਸਵਾਰਿ ਬਿਨਾਹੈ[੪] [੫]ਭਗਤਿ ਵਛਲ ਗੁਣਤਾਸਾ ॥ ੧ ॥ [੬]ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ[੭] ॥ ਕਹੁ ਨਾਨਕ ਦਰਸੁ ਪੇਖਿ[੮] ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥ ੨ ॥ ੧੫ ॥ ੩੮ ॥ ਸਾਰਗ ਮਹਲਾ ੫* ॥ [੯]ਚਰਨਹ ਗੋਬਿੰਦ ਮਾਰਗੁ ਸੁਹਾਵਾ ॥ ਆਨ[੧੦] ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ[੧੧] ॥ ੧ ॥ ਰਹਾਉ ॥ ਨੇਤ੍ਰ ਪੁਨੀਤ[੧੨] ਭਏ ਦਰਸੁ ਪੇਖੇ ਹਸਤ[੧੩] ਪੁਨੀਤ ਟਹਲਾਵਾ ॥ ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ[੧੪] ਪੁਨੀਤ ਸੰਤ ਧੂਰਾਵਾ[੧੫] ॥ ੧ ॥ [੧੬]ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ[੧੭] ਲਿਖਿਆ ਤਿਨਿ ਪਾਵਾ ॥ ਜਨ ਨਾਨਕ ਕਉ ਗੁਰੁ ਪੂਰਾ ਭੇਟਿਓ[੧੮] [੧੯]ਸੁਖਿ ਸਹਜੇ ਅਨਦ ਬਿਹਾਵਾ[੨੦] ॥ ੨ ॥ ੧੬ ॥ ੩੯ ॥ ਸਾਰਗ ਮਹਲਾ ੫† ॥ ਧਿਆਇਓ ਅੰਤਿ ਬਾਰ ਨਾਮੁ ਸਖਾ[੨੧] ॥ ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ ॥ ੧ ॥ ਰਹਾਉ ॥ [੬]ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ[੨੨] ਲੇਖੁ ਲਿਖਾ ॥ ਖੂਲ੍ਹੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਵਿਖਾ[੨੩] ॥ ੧ ॥ ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ[੨੪] [੨੫]ਆਘਾਏ ਰਸਨ ਚਖਾ ॥ ਕਹੁ ਨਾਨਕ [੧੯]ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ[੨੬] ॥ ੨ ॥ ੧੭ ॥ ੪੦ ॥ ਸਾਰਗ ਮਹਲਾ ੫‡ ॥ ਗੁਰ ਮਿਲਿ ਐਸੇ ਪ੍ਰਭੂ ਧਿਆਇਆ ॥ ਭਇਓ ਕ੍ਰਿਪਾਲੁ ਦਇਆਲੁ [੨੭]ਦੁਖ ਭੰਜਨੁ ਲਗੈ ਨ ਤਾਤੀ ਬਾਇਆ[੨੮] ॥ ੧ ॥ ਰਹਾਉ ॥ ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ ॥ ਨਿਮਖ ਨ ਬਿਛੁਰੈ ਘਰੀ ਨ ਬਿਸਰੈ ਸਦ ਸੰਗੇ [੨੯]ਜਤ ਜਾਇਆ ॥੧ ॥ ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ ਬਲਿ ਬਲਿ ਗੁਰ ਦਰਸਾਇਆ[੩੦] ॥ ਕਹੁ ਨਾਨਕ [੩੧]ਕਾਹੂ ਪਰਵਾਹਾ ਜਉ ਸੁਖ ਸਾਗਰੁ ਮੈ ਪਾਇਆ ॥ ੨ ॥ ੧੮ ॥ ੪੧ ॥ ਸਾਰਗ ਮਹਲਾ ੫§ ॥ ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥ ਖੁਲ੍ਹਿਓ ਕਰਮੁ[੩੨] ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥ ੧ ॥ ਰਹਾਉ ॥ ਪਾਰਬ੍ਰਹਮ ਆਜੋਨੀ ਸੰਭਉ[੩੩] ਸਰਬ ਥਾਨ ਘਟ ਬੀਠਾ[੩੪] ॥ ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ[੩੫] ॥ ੧ ॥ ਸਤਸੰਗਤਿ ਕੀ ਰੇਣੁ[੩੬] ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ[੩੭] ॥ ਕਹੁ ਨਾਨਕ ਰੰਗਿ ਚਲੂਲ[੩੮] ਭਏ ਹੈ ਹਰਿ ਰੰਗੁ ਨ ਲਹੈ ਮਜੀਠਾ[੩੯] ॥ ੨ ॥ ੧੯ ॥ ੪੨ ॥ ਸਾਰਗ ਮਹਲਾ ੫¶ ॥ ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥

੧ ਅਪਹੁੰਚ ਭੀ ਹੈ ਅਤੇ ਹਰ ਦਿਲ ਵਿੱਚ ਵਾਸਾ ਭੀ ਹੈ ।
੨ ਸੰਸਾਰੀ ਰਾਜਿਆਂ ਵਾਕੁਰ ਹੁਕਮਨਾਮੇ ਨਹੀਂ ਚਲਾਂਦਾ, ਭਾਵ ਲਿਖਤੀ ਫ਼ੁਰਮਾਨ ਕੱਢ ਕੇ ਆਪਣੇ ਹੁਕਮ ਲੋਕਾਂ ਤੱਕ ਨਹੀਂ ਪੁਚਾਂਦਾ, ਸਗੋਂ ਉਸ ਦੀ ਮਰਜ਼ੀ ਤੁਰਤ ਫੁਰਤ ਅਮਲ ਵਿੱਚ ਆ ਜਾਂਦੀ ਹੈ । "ਖਿਨ ਮਹਿ ਸਾਜਿ ਸਵਾਰਿ ਬਿਨਾਹੈ॥" ਜੇ ਲਿਖਤੀ ਫ਼ੁਰਮਾਣ ਕੱਢਣ ਲੱਗੇ ਤਾਂ ਉਸ ਦੇ ਹੁਕਮ ਦੀ ਪੂਰਤੀ ਹੋਰਨਾਂ ਦੇ ਵਸ ਹੋ ਜਾਇਗੀ ਤੇ ਉਹ ਸਰਬ-ਸਮਰੱਥ ਤੇ ਘਟ-ਘਟ ਵਾਸੀ ਨਹੀਂ ਹੋ ਸਕਦਾ ।
੩ ਭਾਵ ਬਹੁਤ ਸਲਾਹਾਂ ਨਹੀਂ ਕਰਦਾ (ਸੰਸਾਰੀ ਪਾਤਸ਼ਾਹਾਂ ਪਾਸੋਂ ਇਸ ਗੱਲ ਵਿੱਚ ਵੀ ਵਿਲੱਖਣ ਹੈ) ।
੪ ਨਾਸ ਕਰਦਾ ਹੈ ।
੫ ਉਹ ਭਗਤੀ ਨੂੰ ਪਿਆਰਨ ਵਾਲਾ ਅਤੇ ਗੁਣਾਂ ਦਾ ਭੰਡਾਰ ਹੈ ।
੬ ਹਿਰਦੇ ਰੂਪ ਹਨੇਰੇ ਖੂਹ ਵਿੱਚ ।
੭ ਚਾਨਣਾ ।
੮ ਦੇਖ ਕੇ ।
੯ ਪੈਰਾਂ ਲਈ ਹਰੀ ਦਾ ਰਸਤਾ ਸੋਹਣਾ ਹੈ ।
੧੦ ਹੋਰ ।
੧੧ ਸਾੜਾ ।
੧੨ ਪਵਿੱਤਰ ।
੧੩ ਹੱਥ ।
੧੪ [ਮਸਤਕ] ਮੱਥਾ ।
੧੫ ਧੂੜ ਨਾਲ ।
੧੬ ਹਰੀ ਦੇ ਨਾਮ ਵਿੱਚ ਸਾਰੇ (ਸੁਖਾਂ ਦੇ) ਖ਼ਜ਼ਾਨੇ ਹਨ ।
੧੭ ਭਾਗਾਂ ਵਿੱਚ । ੧੮ ਮਿਲਿਆ ।
੧੯ ਦੇਖੋ ਪੰਨਾ ੧੧੧੨, ਨੋਟ ੩ ।
੨੦ ਗੁਜ਼ਰਦੀ ਹੈ ।
੨੧ ਸਹਾਈ, ਸਾਥੀ ।
੨੨ ਮੱਥੇ ਤੇ, ਭਾਗਾਂ ਵਿੱਚ ।
੨੩ ਦਿੱਸਿਆ (ਹਰ ਥਾਂ) ।
੨੪ ਰੱਜਿਆ ।
੨੫ ਰੱਜੀ ਜੀਭ ਚੱਖ ਕੇ ।
੨੬ ਤ੍ਰੇਹ ।
੨੭ ਦੁੱਖਾਂ ਨੂੰ ਤੋੜਨ ਵਾਲਾ ।
੨੮ ਹਵਾ । ਕੋਈ ਹਰਜ ਨਹੀਂ ਹੁੰਦਾ ।
੨੯ ਜਿਥੇ ਜਾਂਦਾ ਹਾਂ ।
੩੦ ਦਰਸ਼ਨਾਂ ਤੋਂ ।
੩੧ ਕਿਸ ਦੀ ਪ੍ਰਵਾਹ ?
੩੨ ਭਾਗ ।
੩੩ (ਸ੍ਵਯੰ-ਭੂ) ਆਪਣੇ ਆਪ ਤੋਂ ਹੋਇਆ ਹੋਇਆ।
੩੪ ਬੈਠਾ ।
੩੫ ਚਰਨ ।
੩੬ ਚਰਨ-ਧੂੜ ।
੩੭ ਇਸ਼ਨਾਨ ।
੩੮ [ਫ਼ਾ. ਚੂੰ ਲਾਲਹ] ਗੂੜ੍ਹਾ ਲਾਲ । ਰੰਗ ਵਿੱਚ ਲਾਲ ਹੋ ਗਏ ਹਾਂ ।
੩੯ ਮਜੀਠੀ ਰੰਗ ਪੱਕਾ ਹੁੰਦਾ ਹੈ ।

* ਹਰੀ ਹਰ ਤਰ੍ਹਾਂ ਦੇ ਸੁਖਾਂ ਦਾ ਭੰਡਾਰ ਹੈ । ਉਸੇ ਦੀ ਸੇਵਾ, ਉਸੇ ਦੀ ਅਰਾਧਨਾ ਕਰਨ ਨਾਲ ਪਵਿੱਤਰਤਾ ਤੇ ਸੁਖ ਮਿਲਦੇ ਹਨ ।

† ਹਰੀ-ਨਾਮ ਹੀ ਪੂਰਾ ਰਜੇਵਾਂ ਦੇਂਦਾ ਹੈ ।

‡ ਧੰਨਵਾਦ ਹੈ ਗੁਰੂ ਦਾ ਜਿਸ ਨੇ ਐਸਾ ਹਰੀ ਮਿਲਾ ਦਿੱਤਾ ਜੋ ਸਦਾ ਅੰਗ-ਸੰਗ ਰਹਿੰਦਾ ਹੈ ਅਤੇ ਸਭ ਤਰ੍ਹਾਂ ਦੇ ਸੁਖ ਦਿੰਦਾ ਹੈ ।

§ ਗੁਰੂ ਦੇ ਸ਼ਬਦ ਤੋਂ ਮਨ ਵਿੱਚ ਚਾਨਣਾ ਹੋ ਗਿਆ, ਜਿਸ ਨਾਲ ਹਰੀ ਹਰ ਇਕ ਥਾਂ ਵਸਦਾ ਦਿੱਸ ਪਿਆ ਤੇ ਉਸ ਦਾ ਅੰਮ੍ਰਿਤ-ਨਾਮ ਪ੍ਰਾਪਤ ਹੋਇਆ ।

¶ ਹਰੀ-ਨਾਮ ਦੀ ਪ੍ਰਾਪਤੀ ਨਾਲ ਸਭ ਤਰ੍ਹਾਂ ਦੇ ਡਰ ਤੇ ਭੁੱਖਾਂ ਦੂਰ ਹੋ ਗਈਆਂ ।

ਨਿਮਖ ਬਚਨੁ ਪ੍ਰਭ [੧]ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ ॥ ੧ ॥ ਰਹਾਉ ॥ [੨]ਕ੍ਰਿਪਾ ਨਿਧਾਨ ਗੁਣ ਨਾਇਕ[੩] ਠਾਕੁਰ ਸੁਖ ਸਮੂਹ [੪]ਸਭ ਨਾਥੇ ॥ ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ[੫] ਆਸ ਬਿਰਾਥੇ[੬] ॥ ੧ ॥ ਨੈਣ ਤ੍ਰਿਪਤਾਸੇ[੭] ਦੇਖਿ ਦਰਸਾਵਾ[੮] ਗੁਰਿ [੯]ਕਰ ਧਾਰੇ ਮੇਰੈ ਮਾਥੇ ॥ ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ ॥ ੨ ॥ ੨੦ ॥ ੪੩ ॥ ਸਾਰਗ ਮਹਲਾ ੫* ॥ ਰੇ ਮੂੜ੍ਹੇ [੧੦]ਆਨ ਕਾਹੇ ਕਤ ਜਾਈ ॥ ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥ ੧ ॥ ਰਹਾਉ ॥ ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ[੧੧] ਤਿਸ ਸਿਉ ਰੁਚ[੧੨] ਨਹੀ ਰਾਈ[੧੩] ॥ ਮੋਹਨਿ[੧੪] ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ[੧੫] ਪਾਈ ॥ ੧ ॥ ਭਇਓ ਦਇਆਲੁ ਕ੍ਰਿਪਾਲੁ [੧੬]ਦੁਖ ਹਰਤਾ [੧੭]ਸੰਤਨ ਸਿਉ ਬਨਿ ਆਈ ॥ [੧੮]ਸਗਲ ਨਿਧਾਨ ਘਰੈ ਮਹਿ ਪਾਏ ਕਹੁ ਨਾਨਕ ਜੋਤਿ ਸਮਾਈ ॥ ੨ ॥ ੨੧ ॥ ੪੪ ॥ ਸਾਰਗ ਮਹਲਾ ੫† ॥ ਓਅੰ[੧੯] ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ[੨੦] ॥ ਜੋ ਤਉ [੨੧]ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜ ਸੀਗਰੀਆ ॥ ੧ ॥ ਰਹਾਉ ॥ ਹਮ ਭੂਲਹ ਤੁਮ ਸਦਾ ਅਭੂਲਾ [੨੨]ਹਮ ਪਤਿਤ ਤੁਮ ਪਤਿਤ ਉਧਰੀਆ ॥ ਹਮ ਨੀਚ ਬਿਰਖ ਤੁਮ ਮੈਲਾਗਰ[੨੩] [੨੪]ਲਾਜ ਸੰਗਿ ਸੰਗਿ ਬਸਰੀਆ ॥ ੧ ॥ ਤੁਮ ਗੰਭੀਰ ਧੀਰ[੨੫] ਉਪਕਾਰੀ ਹਮ ਕਿਆ ਬਪੁਰੇ ਜੰਤਰੀਆ[੨੬] ॥ ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੂਖਿ ਸੇਜਰੀਆ[੨੭] ॥ ੨ ॥ ੨੨ ॥ ੪੫ ॥ ਸਾਰਗ ਮਹਲਾ ੫‡ ॥ ਮਨ[੨੮] ਓਇ ਦਿਨਸ ਧੰਨਿ ਪਰਵਾਨਾਂ ॥ ਸਫਲ ਤੇ ਘਰੀ ਸੰਜੋਗ[੨੯] ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥ ੧ ॥ ਰਹਾਉ ॥ ਧੰਨਿ ਸੁਭਾਗ ਧੰਨਿ ਸੋਹਾਗਾ [੩੦]ਧੰਨਿ ਦੇਤ ਜਿਨਿ ਮਾਨਾਂ ॥ ਇਹੁ ਤਨੁ ਤੁਮ੍ਰਾ ਸਭੁ ਗ੍ਰਿਹੁ[੩੧] ਧਨੁ ਤੁਮਰਾ ਹੀਂਉ[੩੨] ਕੀਓ ਕੁਰਬਾਨਾਂ ॥ ੧ ॥ ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾਂ[੩੩] ॥ [੩੪]ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤੁ ਨ ਜਾਨਾਂ ॥ ੨ ॥ ੨੩ ॥ ੪੬ ॥ ਸਾਰਗ ਮਹਲਾ ੫§ ॥ ਅਬ ਮੋਰੋ ਸਹਸਾ[੩੫] ਦੂਖੁ ਗਇਆ ॥ ਅਉਰ ਉਪਾਵ ਸਗਲ ਤਿਆਗਿ ਛੋਡੇ ਸਤਿਗੁਰ ਸਰਣਿ ਪਇਆ ॥ ੧ ॥ ਰਹਾਉ ॥ ਸਰਬ ਸਿਧਿ ਕਾਰਜ ਸਭਿ ਸਵਰੇ ਅਹੰ[੩੬] ਰੋਗ ਸਗਲ ਹੀ ਖਇਆ[੩੭] ॥ ਕੋਟਿ ਪਰਾਧ ਖਿਨ ਮਹਿ [੩੮]ਖਉ ਭਈ ਹੈ ਗੁਰ ਮਿਲਿ ਹਰਿ ਹਰਿ ਕਹਿਆ ॥ ੧ ॥ [੩੯]ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ[੪੦] ॥ ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ[੪੧] ॥ ੨ ॥ ੨੪ ॥ ੪੭ ॥ ਸਾਰਗ ਮਹਲਾ ੫¶ ॥ ਪ੍ਰਭੁ ਮੇਰੋ ਇਤ ਉਤ ਸਦਾ ਸਹਾਈ ॥

੧ ਦਿਲ ਵਿੱਚ ਵਸਿਆ ।
੨ ਮਿਹਰ ਦਾ ਭੰਡਾਰ ।
੩ ਮਾਲਕ ।
੪ ਹੇ ਸਭਨਾਂ ਦੇ ਨਾਥ !
੫ ਦੂਸਰੀ ।
੬ ਬੇ-ਅਰਥ ।
੭ ਰੱਜ ਗਏ ।
੮ ਦਰਸ਼ਨ ।
੯ ਹੱਥ ਰੱਖੇ ਮੇਰੇ ਮੱਥੇ ਉੱਤੇ, ਮੇਰੀ ਸਹਾਇਤਾ ਦਾ ਬੀੜਾ ਚੁਕਿਆ ।
੧੦ ਹੋਰ ਕਿਤੇ ਕਿਉਂ ਜਾਂਦਾ ਹੈਂ ?
੧੧ [ਸੰ. ਵਿਧਾਤ੍ਰਿ] ਰਚਨਹਾਰ, ਹਰੀ ।
੧੨ ਰੁਚੀ, ਲਗਨ ।
੧੩ ਰਤਾ ਵੀ ।
੧੪ ਮੋਹਨੀ ਮਾਇਆ ।
੧੫ ਠਗਮੂਰੀ, ਉਹ ਬੂਟੀ ਜਿਸ ਨਾਲ ਠੱਗ ਯਾਤਰੂ ਨੂੰ ਬੇਹੋਸ਼ ਕਰ ਕੇ ਧਨ ਲੁਟਦੇ ਸਨ ।
੧੬ ਦੁੱਖ ਦੂਰ ਕਰਨ ਵਾਲਾ ।
੧੭ ਸੰਤਾਂ ਦੇ ਨਾਲ ਮੇਲ ਹੋ ਗਿਆ ।
੧੮ ਸਾਰੇ ਖਜ਼ਾਨੇ (ਸੁਖਾਂ ਦੇ) ਦਿਲ ਦੇ ਅੰਦਰੋਂ ਹੀ ਮਿਲ ਗਏ, ਜਦ ਹਰੀ ਦੀ ਪ੍ਰਮਾਤਮ-ਜੋਤ ਅੰਦਰ ਆ ਵਸੀ ।
੧੯ ਹਰੀ ।
੨੦ ਪਹਿਲਾਂ ਤੋਂ, ਧੁਰ ਤੋਂ ਹੀ । ਹਰੀ ਪਿਆਰੇ ਦੀ ਪ੍ਰੀਤੀ ਮੇਰੇ ਦਿਲ ਵਿੱਚ ਮੁੱਢ ਕਦੀਮ ਤੋਂ ਹੈ ।
੨੧ ਜਦੋਂ ਤੋਂ ਤੂੰ ਉਪਦੇਸ਼ ਕੀਤਾ ਹੈ ਤਾਂ ਮੇਰਾ ਸਾਜ ਸੀਗਾਰ ਬਣਿਆ ਹੈ ।
੨੨ ਅਸੀਂ (ਡਿੱਗੇ ਹੋਏ) ਪਾਪੀ ਹਾਂ, ਤੂੰ ਪਾਪੀਆਂ ਨੂੰ ਤਾਰਨ ਵਾਲਾ ਹੈਂ ।
੨੩ ਮਲਜ਼ਗਿਰੀ ਉੱਤੇ ਹੋਣ ਵਾਲਾ ਚੰਦਨ ।
੨੪ ਤੇਰੇ ਸੰਗ ਵਸਦਾ ਹਾਂ, ਸੰਗ ਵਸਦੇ ਦੀ ਲਾਜ ਰੱਖ ।
੨੫ ਧੀਰਜ ਵਾਲੇ ।
੨੬ ਜੰਤ, ਜੀਵ ।
੨੭ ਸੇਜ । ਤਾਂ ਮੇਰੀ ਰਿਦੇ ਰੂਪ ਸੇਜ ਸੁਖ ਵਾਲੀ ਹੋ ਗਈ ।
੨੮ ਹੇ ਮਨ !
੨੯ ਮੇਲ ਦਾ ਮੌਕਾ । ਦੇਖੋ ਪੰਨਾ ੭੪੩, ਨੋਟ ੧੫।
੩੦ ਜਿਸ ਨੂੰ ਮਾਣ ਦਿੰਦਾ ਹੈ ਉਹ ਵੀ ਧਨ ਹੈ ।
੩੧ ਘਰ ।
੩੨ ਹਿਰਦਾ ।
੩੩ ਨਜ਼ਰ, ਭਾਵ ਦਰਸ਼ਨ । ਇਕ ਪਲਕ ਲਈ ਦਰਸ਼ਨ ਦੇਖ ਕੇ ।
੩੪ ਜੇ ਤੂੰ ਮੂੰਹੋਂ ਕਹਿ ਦੇਵੇਂ ਕਿ ਹੇ ਸੇਵਕ, ਏਥੇ ਬੈਠੀਏ, ਤਾਂ ਇਸ ਦਾ ਸੁਖ ਇਤਨਾ ਬੜਾ ਹੈ ਕਿ ਉਸ ਦਾ ਅੰਤ ਨਹੀਂ ਹੋ ਸਕਦਾ ।
੩੫ ਭਰਮ ।
੩੬ ਹੰਕਾਰ ।
੩੭ ਨਾਸ ਹੋਇਆ ।
੩੮ ਖੈ ਹੋ ਗਿਆ, ਨਾਸ ਹੋ ਗਿਆ ।
੩੯ ਪੰਜ ਕਾਮਾਦਿਕ ਦਾਸ ਵਸ ਵਿੱਚ ਕੀਤੇ ਹਨ ।
੪੦ ਨਿਰਭੈ ਹੋ ਗਿਆ ।
੪੧ ਰਾਜ ।

* ਮਨੁੱਖ ਨੂੰ ਤਾੜਨਾ ਕਰ ਕੇ ਸਮਝਾਂਦੇ ਹਨ ਕਿ ਇਹੋ ਜਿਹਾ ਅੰਮ੍ਰਿਤ ਨਾਮ ਛੱਡ ਕੇ ਜ਼ਹਿਰ ਰੂਪ ਮਾਇਆ ਵਿੱਚ ਕਿਉਂ ਲੱਗਾ ਹੈਂ ?

† ਜਿਤਨੇ ਅਸੀਂ ਨੀਵੇਂ ਹਾਂ, ਮਾੜੇ ਹਾਂ, ਹਰੀ ਉਤਨਾ ਹੀ ਉੱਚਾ ਤੇ ਚੰਗਾ ਹੈ; ਪਰ ਗੁਰੂ ਕਿਰਪਾ ਕਰੇ ਤਾਂ ਐਸਾ ਹਰੀ ਭੀ ਮਿਲ ਸਕਦਾ ਹੈ, ਕਿਉਂਕਿ ਉਸ ਦੀ ਪ੍ਰੀਤ ਸਾਡੀ ਪ੍ਰਕਿਰਤੀ ਵਿੱਚ ਧੁਰ ਤੋਂ ਪਈ ਹੋਈ ਹੈ । ਪਰ ਭੁੱਲ ਕਰ ਕੇ ਅਸੀਂ ਇਸ ਪ੍ਰੀਤੀ ਨੂੰ ਪਛਾਣਦੇ ਨਹੀਂ । ਗੁਰੂ ਇਹ ਪ੍ਰੀਤੀ ਸਾਡੇ ਅੰਦਰ ਉਘਾੜ ਦਿੰਦਾ ਹੈ ।

‡ ਹਰੀ ਦੇ ਮੇਲ ਦੀ ਖੁਸ਼ੀ ਦਾ ਕੋਈ ਅੰਤ ਨਹੀਂ ।

§ ਗੁਰੂ ਦੀ ਓਟ ਲੈਣ ਨਾਲ ਹਰੀ ਤੋਂ ਦੂਰ ਰੱਖਣ ਵਾਲੇ ਸਭ ਔਗਣ (ਸਹਸਾ, ਹਉਮੈ ਆਦਿ) ਦੂਰ ਹੋ ਗਏ ਅਤੇ ਮਨ ਸਥਿਰ ਹੋ ਕੇ ਹਰੀ-ਹਰੀ ਜਪਨ ਜੋਗਾ ਹੋ ਗਿਆ ।

¶ ਗੁਰੂ ਦੀ ਸੰਗਤਿ ਕਰਨ ਨਾਲ ਐਸਾ ਹਰੀ ਮਿਲਿਆ ਹੈ ਜੋ ਬੱਚਿਆਂ ਵਾਕੁਰ ਲਾਡ ਲਡਾ ਕੇ ਰੱਖਦਾ ਤੇ ਹਰ ਤਰ੍ਹਾਂ ਦਾ ਸੁਖ ਦਿੰਦਾ ਹੈ ।

ਮਨਮੋਹਨੁ ਮੇਰੇ ਜੀਅ ਕੋ ਪਿਆਰੋ ਕਵਨ ਕਹਾ ਗੁਨ ਗਾਈ ॥ ੧ ॥ ਰਹਾਉ ॥ ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ[੧] ॥ ਪ੍ਰਤਿਪਾਲੈ[੨] ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ[੩] ॥ ੧ ॥ ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ ਬਿਸਰਿ ਨ ਕਬਹੂ ਜਾਈ ॥ ਕਹੁ ਨਾਨਕ ਮਿਲਿ ਸੰਤਸੰਗਤਿ ਤੇ ਮਗਨ ਭਏ ਲਿਵ ਲਾਈ ॥ ੨ ॥ ੨੫ ॥ ੪੮ ॥ ਸਾਰਗ ਮਹਲਾ ੫* ॥ ਅਪਨਾ ਮੀਤੁ ਸੁਆਮੀ ਗਾਈਐ ॥ ਆਸ ਨ ਅਵਰ ਕਾਹੂ ਕੀ ਕੀਜੈ ਸੁਖਦਾਤਾ ਪ੍ਰਭੁ ਧਿਆਈਐ ॥ ੧ ॥ ਰਹਾਉ ॥ ਸੂਖ ਮੰਗਲ[੪] ਕਲਿਆਣ[੫] ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ॥ [੬]ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ [੭]ਲਾਜ ਲੋਨੁ ਹੋਇ ਜਾਈਐ ॥ ੧ ॥ ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ ॥ [੮]ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ[੯] ॥ ੨ ॥ ੨੬ ॥ ੪੯ ॥ ਸਾਰਗ ਮਹਲਾ ੫† ॥ ਓਟ ਸਤਾਣੀ[੧੦] ਪ੍ਰਭ ਜੀਉ ਮੇਰੈ ॥ [੧੧]ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ ॥ ੧ ॥ ਰਹਾਉ ॥ ਅੰਗੀਕਾਰੁ[੧੨] ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ ॥ ਅੰਮ੍ਰਿਤ ਨਾਮੁ ਅਉਖਧੁ[੧੩] ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥ ੧ ॥ ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ[੧੪] ॥ ਕਾਟਿ ਸਿਲਕ[੧੫] ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ[੧੬] ॥ ੨ ॥ ੨੭ ॥ ੫੦ ॥ ਸਾਰਗ ਮਹਲਾ ੫‡ ॥ ਪ੍ਰਭ ਸਿਮਰਤ ਦੂਖ ਬਿਨਾਸੀ ॥ ਭਇਓ ਕ੍ਰਿਪਾਲੁ ਜੀਅ ਸੁਖਦਾਤਾ ਹੋਈ ਸਗਲ ਖਲਾਸੀ ॥ ੧ ॥ ਰਹਾਉ ॥ ਅਵਰੁ ਨ ਕੋਊ ਸੂਝੈ ਪ੍ਰਭ ਬਿਨੁ ਕਹੁ ਕੋ ਕਿਸੁ ਪਹਿ ਜਾਸੀ ॥ ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ ਪਾਸੀ[੧੭] ॥ ੧ ॥ ਹਾਥ ਦੇਇ ਰਾਖੇ ਪ੍ਰਭਿ ਅਪੁਨੇ ਸਦ ਜੀਵਨ ਅਬਿਨਾਸੀ ॥ ਕਹੁ ਨਾਨਕ ਮਨਿ ਅਨਦੁ ਭਇਆ ਹੈ ਕਾਟੀ ਜਮ ਕੀ ਫਾਸੀ ॥ ੨ ॥ ੨੮ ॥ ੫੧ ॥ ਸਾਰਗ ਮਹਲਾ ੫§ ॥ ਮੇਰੋ ਮਨੁ [੧੮]ਜਤ ਕਤ ਤੁਝਹਿ ਸਮ੍ਹਾਰੈ ॥ ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ ਪਾਰੈ[੧੯] ॥ ੧ ॥ ਰਹਾਉ ॥ ਜਬ ਭੂਖੌ ਤਬ ਭੋਜਨੁ ਮਾਂਗੈ ਅਘਾਏ[੨੦] ਸੂਖ ਸਘਾਰੈ[੨੧] ॥ ਤਬ ਅਰੋਗ ਜਬ ਤੁਮ ਸੰਗਿ ਬਸਤੌ [੨੨]ਛੁਟਕਤ ਹੋਇ ਰਵਾਰੈ ॥ ੧ ॥ ਕਵਨ ਬਸੇਰੋ ਦਾਸ ਦਾਸਨ ਕੋ ਥਾਪਿਉ ਥਾਪਨਹਾਰੈ ॥ ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ[੨੩] ॥ ੨ ॥ ੨੯ ॥ ੫੨ ॥ ਸਾਰਗ ਮਹਲਾ ੫¶ ॥ ਮਨ ਤੇ ਭੈ ਭਉ ਦੂਰਿ ਪਰਾਇਓ[੨੪] ॥ ਲਾਲ ਦਇਆਲ ਗੁਲਾਲ[੨੫] ਲਾਡਿਲੇ ਸਹਜਿ ਸਹਜਿ ਗੁਨ ਗਾਇਓ ॥ ੧ ॥ ਰਹਾਉ ॥ ਗੁਰ ਬਚਨਾਤਿ[੨੬]

੧ ਅਨੰਦ ਦੇਂਦਾ ਹੈ ।
੨ ਪਾਲਦਾ ਹੈ ।
੩ ਪਿਤਾ ।
੪ ਖੁਸ਼ੀਆਂ ।
੫ ਖ਼ੈਰੀਅਤ, ਸੁਖ-ਸਾਂਦ ।
੬ ਐਸੇ ਹਰੀ ਨੂੰ ਛੱਡ ਕੇ ਜੇ ਮਨੁੱਖ ਦੀ ਪੂਜਾ ਕਰੀਏ ।
੭ ਲਾਜ ਨਾਲ ਲੂਣ ਵਤ ਹੋ ਜਾਈਦਾ ਹੈ, ਭਾਵ ਸ਼ਰਮ ਨਾਲ ਘੁਲ-ਘੁਲ ਮਰੀਦਾ ਹੈ ।
੮ ਗੁਣਾਂ ਦਾ ਖ਼ਜ਼ਾਨਾ ।
੯ ਮੁਥਾਜੀ । ਸਾਰੀ ਮੁਥਾਜੀ ਦੂਰ ਹੋ ਗਈ ।
੧੦ ਤਕੜੀ । ਮੇਰੇ ਪ੍ਰਭੂ ਦੀ ਓਟ ਤਕੜੀ ਹੈ ।
੧੧ ਤੇਰੇ ਮਾਣ ਵਡਿਆਈ ਦੇ ਕਾਰਨ ਮੈਂ ਕਿਸੇ ਨੂੰ ਅੱਖਾਂ ਤਲੇ ਨਹੀਂ ਲਿਆਂਵਦਾ, ਯਥਾ 'ਆਂਖ ਤਰੇ ਨਹੀ ਆਨਜੋ' (ਸਵੈਯਾ ਪਾ: ੧੦) ।
੧੨ ਪੱਖ, ਸਹਾਇਤਾ ।
੧੩ ਦਵਾਈ ।
੧੪ ਦਾਤੇ ।
੧੫ [ਅ. ਲੜੀ, ਰੱਸੀ] ਫਾਹੀ, ਬੰਧਨ ।
੧੬ ਬਹੁਤੇ । ੧੭ ਪਾਸ ।
੧੮ ਜਿੱਥੇ ਕਿੱਥੇ, ਭਾਵ ਸਦਾ, ਤੈਨੂੰ ਯਾਦ ਕਰਦਾ ਹੈ।
੧੯ ਪਾਲਣਾ ਕਰ ।
੨੦ ਰਜਾਂਦਾ ਹੈ ।
੨੧ ਸਗਲੇ, ਸਾਰੇ ।
੨੨ ਤੈਥੋਂ ਛੁਟਦਿਆਂ ਹੀ ਮਿੱਟੀ ਵਤ ਹੋ ਜਾਂਦਾ ਹੈ। ਰਵਾਰੈ=ਰਵਾਲ ਵਤ ।
੨੩ ਸਾਰਦਾ ਹੈ, ਭਾਵ ਪੁਚਾਂਦਾ (ਸੁਣਨ ਵਾਲਿਆਂ ਤੱਕ) ਦੇਖੋ ਪੰਨਾ ੭੪੯, ਨੋਟ ੧੪ ।
੨੪ ਪਰੇ ਹੋ ਗਿਆ ।
੨੫ [ਗੁੱਲੇ ਲਾਲਾ] ਬਹੁਤ ਲਾਲ ।
੨੬ ਬਚਨਾਂ ਦਵਾਰਾ । "ਠਾਕੁਰ ਭੇਟੇ ਗੁਰ ਬਚਨਾਂਤਿ" (ਕਾਨੜਾ ਮ: ੫) ।

* ਜਿਸ ਹਰੀ ਦੇ ਪਾਸ ਸਾਡੇ ਲਈ ਸਾਰੇ ਸੁਖ ਹਨ, ਉਸ ਨੂੰ ਛੱਡ ਕੇ ਮਨੁੱਖ ਦੀ ਪੂਜਾ ਕਰਨੀ ਵਿਅਰਥ ਹੈ ।

† ਹਰੀ ਦੀ ਓਟ ਤਕੜੀ ਹੈ । ਉਸ ਦੇ ਮੁਕਾਬਲੇ 'ਤੇ ਹੋਰ ਕਿਸੇ ਦਾ ਆਸਰਾ ਕੁਝ ਨਹੀਂ ।

‡ ਹਰੀ ਸਭ ਦੁੱਖ ਕੱਟਦਾ ਹੈ ।

§ ਅਸਲ ਜੀਵਨ ਹਰੀ ਦੇ ਨਾ ਵਿਸਾਰਨ ਵਿੱਚ ਹੈ ।

¶ ਹਰੀ ਸਿਮਰਨ ਵਿੱਚ ਹਰ ਤਰ੍ਹਾਂ ਦੇ ਅਨੰਦ ਹਨ ।

ਕਮਾਤ ਕ੍ਰਿਪਾ ਤੇ ਬਹੁਰਿ[੧] ਨ ਕਤਹੂ ਧਾਇਓ ॥ ਰਹਤ ਉਪਾਧਿ[੨] ਸਮਾਧਿ ਸੁਖ ਆਸਨ [੩]ਭਗਤਿ ਵਛਲੁ ਗ੍ਰਿਹਿ ਪਾਇਓ ॥ ੧ ॥ [੪]ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥ ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ[੫] ॥ ੨ ॥ ੩੦ ॥ ੫੩ ॥ ਸਾਰਗ ਮਹਲਾ ੫* ॥ ਅੰਮ੍ਰਿਤ ਨਾਮੁ [੬]ਮਨਹਿ ਆਧਾਰੋ ॥ ਜਿਨਿ ਦੀਆ ਤਿਸ ਕੈ ਕੁਰਬਾਨੈ ਗੁਰ ਪੂਰੇ ਨਮਸਕਾਰੋ ॥ ੧ ॥ ਰਹਾਉ ॥ ਬੂਝੀ ਤ੍ਰਿਸਨਾ ਸਹਜਿ ਸੁਹੇਲਾ[੭] ਕਾਮੁ ਕ੍ਰੋਧੁ ਬਿਖੁ ਜਾਰੋ[੮] ॥ [੯]ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ ॥ ੧ ॥ ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ[੧੦] ॥ ਆਦਿ ਮਧਿ[੧੧] ਅੰਤਿ ਪ੍ਰਭੁ ਸੋਈ ਕਹੁ ਨਾਨਕ ਸਾਚੁ ਬੀਚਾਰੋ ॥ ੨ ॥ ੩੧ ॥ ੫੪ ॥ ਸਾਰਗ ਮਹਲਾ ੫† ॥ ਬਿਨੁ ਪ੍ਰਭ ਰਹਨੁ ਨ ਜਾਇ ਘਰੀ[੧੨] ॥ ਸਰਬ ਸੂਖ ਤਾਹੂ ਕੈ ਪੂਰਨ [੧੩]ਜਾ ਕੈ ਸੁਖੁ ਹੈ ਹਰੀ ॥ ੧ ॥ ਰਹਾਉ ॥ ਮੰਗਲ ਰੂਪ ਪ੍ਰਾਨ ਜੀਵਨ ਧਨ ਸਿਮਰਤ ਅਨਦ ਘਨਾ[੧੪] ॥ ਵਡ ਸਮਰਥੁ ਸਦਾ ਸਦ ਸੰਗੇ ਗੁਨ ਰਸਨਾ ਕਵਨ ਭਨਾ[੧੫] ॥ ੧ ॥ ਥਾਨ ਪਵਿਤ੍ਰਾ ਮਾਨ[੧੬] ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ ॥ ਕਹੁ ਨਾਨਕ ਤੇ ਭਵਨ[੧੭] ਪਵਿਤ੍ਰਾ [੧੮]ਜਾ ਮਹਿ ਸੰਤ ਤੁਮ੍ਹਾਰੇ ॥ ੨ ॥ ੩੨ ॥ ੫੫ ॥ ਸਾਰਗ ਮਹਲਾ ੫‡ ॥ ਰਸਨਾ ਜਪਤੀ ਤੂਹੀ ਤੂਹੀ ॥ ਮਾਤ ਗਰਭ ਤੁਮ ਹੀ ਪ੍ਰਤਿਪਾਲਕ [੧੯]ਮ੍ਰਿਤ ਮੰਡਲ ਇਕ ਤੁਹੀ ॥ ੧ ॥ ਰਹਾਉ ॥ ਤੁਮਹਿ ਪਿਤਾ ਤੁਮ ਹੀ ਫੁਨਿ[੨੦] ਮਾਤਾ ਤੁਮਹਿ ਮੀਤ ਹਿਤ[੨੧] ਭ੍ਰਾਤਾ ॥ ਤੁਮ ਪਰਵਾਰ ਤੁਮਹਿ ਆਧਾਰਾ[੨੨] ਤੁਮਹਿ [੨੩]ਜੀਅ ਪ੍ਰਾਨਦਾਤਾ ॥ ੧ ॥ ਤੁਮਹਿ ਖਜੀਨਾ[੨੪] ਤੁਮਹਿ ਜਰੀਨਾ[੨੫] ਤੁਮ ਹੀ ਮਾਣਿਕ[੨੬] ਲਾਲਾ ॥ ਤੁਮਹਿ ਪਾਰਜਾਤ[੨੭] ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ ॥ ੨ ॥ ੩੩ ॥ ੫੬ ॥ ਸਾਰਗ ਮਹਲਾ ੫§ ॥ [੨੮]ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ ॥ [੨੯]ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ ॥ ੧ ॥ ਰਹਾਉ ॥ ਅਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪੁਨੇ ਹੀ ਪਹਿ ਬਿਰਥਾ[੩੦] ॥ ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ[੩੧] ਅਪਨੇ ਹੀ ਪਹਿ ਅਰਥਾ[੩੨] ॥ ੧ ॥ ਕਿਨਹੀ ਰਾਜ ਜੋਬਨੁ ਧਨ ਮਿਲਖਾ ਕਿਨਹੀ ਬਾਪ ਮਹਤਾਰੀ[੩੩] ॥ ਸਰਬ ਥੋਕ ਨਾਨਕ ਗੁਰ ਪਾਏ ਪੂਰਨ ਆਸ ਹਮਾਰੀ ॥ ੨ ॥ ੩੪ ॥ ੫੭ ॥ ਸਾਰਗ ਮਹਲਾ ੫¶ ॥ ਝੂਠੋ ਮਾਇਆ ਕੋ ਮਦ ਮਾਨੁ ॥ ਧ੍ਰੋਹ ਮੋਹ ਦੂਰਿ ਕਰਿ ਬਪੁਰੇ[੩੪] ਸੰਗਿ ਗੋਪਾਲਹਿ ਜਾਨੁ ॥ ੧ ॥ ਰਹਾਉ ॥ ਮਿਥਿਆ ਰਾਜ ਜੋਬਨ ਅਰੁ ਉਮਰੇ[੩੫] ਮੀਰ ਮਲਕ ਅਰੁ ਖਾਨ ॥ ਮਿਥਿਆ ਕਾਪਰ[੩੬] ਸੁਗੰਧ ਚਤੁਰਾਈ ਮਿਥਿਆ ਭੋਜਨ ਪਾਨ ॥ ੧ ॥ [੩੭]ਦੀਨ ਬੰਧਰੋ ਦਾਸ ਦਾਸਰੋ ਸੰਤਹ ਕੀ ਸਾਰਾਨ ॥ ਮਾਂਗਨਿ ਮਾਂਗਉ ਹੋਇ ਅਚਿੰਤਾ ਮਿਲੁ ਨਾਨਕ

੧ ਮੁੜਕੇ, ਫੇਰ ।
੨ ਭੁਲੇਖੇ ਦੇ ਦੁੱਖ । ਦੁੱਖ ਦੂਰ ਹੋ ਗਏ, ਸੁਖ ਦੀ ਸਮਾਧੀ ਵਿੱਚ ਟਿਕਾਓ ਮਿਲ ਗਿਆ ।
੩ ਭਗਤੀ ਭਾਵ ਨੂੰ ਪਿਆਰਨ ਵਾਲਾ ਹਰੀ ਦਿਲ ਵਿੱਚੋਂ ਹੀ ਮਿਲ ਗਿਆ ।
੪ ਰਾਗ ਤੇ ਤਮਾਸ਼ੇ, ਖੇਲ ਅਤੇ ਅਨੰਦ । ਦੇਖੋ ਪੰਨਾ ੭, ਨੋਟ ੨੬, ੨੭, ੨੮ ।
੫ ਆਪ ਹੀ ।
੬ ਮਨ ਦਾ ਆਸਰਾ ।
੭ ਸੁਖੀ । ਪੂਰਨ ਅਡੋਲਤਾ ਦੀ ਹਾਲਤ ਵਿੱਚ ਸੁਖ ਮਾਣ ਰਿਹਾ ਹਾਂ ।
੮ ਸਾੜੇ ।
੯ ਐਸੀ ਥਾਂ ਵਸਦਾ ਹੈ, ਜਿਥੋਂ ਆਵਣ ਜਾਣਾ ਰਹਿ ਜਾਂਦਾ ਹੈ ਅਤੇ ਜਿਥੇ ਨਿਰੰਕਾਰ ਦਾ ਆਪਣਾ ਠਿਕਾਣਾ ਹੈ ।
੧੦ ਧੁੰਧੂਕਾਰ ਅਵਸਥਾ (ਨਿਰਗੁਣ ਰੂਪ) ਵਿੱਚ ।
੧੧ ਵਿਚਕਾਰਲੇ ਸਮੇਂ ਵਿੱਚ ।
੧੨ ਘੜੀ ਵੀ ।
੧੩ ਜਿਨ੍ਹਾਂ ਨੇ ਹਰੀ ਨੂੰ ਹੀ ਆਪਣਾ ਸੁਖ ਬਣਾਇਆ ਹੈ ।
੧੪ ਬਹੁਤਾ ।
੧੫ ਉਚਾਰਾਂ । ਜੀਭ ਨਾਲ ਕਿਹੜੇ-ਕਿਹੜੇ ਗੁਣ ਆਖਾਂ ?
੧੬ ਮੰਨਣ ਵਾਲੇ ।
੧੭ ਘਰ । ੧੮ ਜਿਥੇ ।
੧੯ ਭਾਵ ਸੰਸਾਰ ।
੨੦ ਫੇਰ, ਭੀ । ਮਾਤਾ ਭੀ ਤੂੰਹੀ ਹੈਂ ।
੨੧ ਹਿਤੂ, ਮਿੱਤਰ ।
੨੨ ਆਸਰਾ ।
੨੩ ਜ਼ਿੰਦਗੀ ਦੇਣ ਵਾਲਾ ।
੨੪ ਖ਼ਜ਼ਾਨਾ ।
੨੫ ਜ਼ਰ, ਦੌਲਤ ।
੨੬ ਰਤਨ, ਜਵਾਹਰ ।
੨੭ ਇੰਦਰ ਦੇ ਬਾਗ਼ ਦਾ ਉਹ ਰੁੱਖ ਜੋ ਸਾਰੇ ਫਲ ਦਿੰਦਾ ਹੈ ।
੨੮ ਜਿਥੇ ਕਿਥੇ । ਮਨੁੱਖ ਜਿਥੇ ਭੀ ਹੋਵੇ ਉਸ ਨੂੰ ਆਪਣਾ ਸੰਬੰਧੀ ਹੀ ਚੇਤੇ ਆਉਂਦਾ ਹੈ, ਭਾਵ ਉਸੇ ਪਾਸ ਜਾਣ ਦੀ ਕਰਦਾ ਹੈ, ਉਸੇ ਦੀ ਸਹਾਇਤਾ ਲੈਂਦਾ ਹੈ । ਇਸੇ ਤਰ੍ਹਾਂ ਹਰੀ ਸਭ ਦਾ ਹੈ, ਇਸ ਲਈ ਔਖ ਸੌਖ ਵੇਲੇ ਉਸੇ ਨੂੰ ਯਾਦ ਕਰਨਾ ਚਾਹੀਦਾ ਹੈ ।
੨੯ ਜੋ ਕਿਸੇ ਦਾ ਸੇਵਕ ਹੁੰਦਾ ਹੈ, ਉਹ ਆਪਣੇ ਮਾਲਕ ਪਾਸ ਹੀ ਜਾਂਦਾ ਹੈ । ਇਸੇ ਤਰ੍ਹਾਂ ਹਰੀ ਸਭ ਦਾ ਮਾਲਕ ਹੈ, ਇਸ ਲਈ ਜੋ ਉਸ ਦਾ ਸੇਵਕ ਹੋਣਾ ਚਾਹੇ, ਉਹ ਹਰੀ ਪਾਸ ਹੀ ਜਾਵੇ।
੩੦ ਦਿਲ ਦਾ ਹਾਲ ।
੩੧ ਤਾਣ, ਤਾਕਤ ।
੩੨ ਲੋੜਾਂ ।
੩੩ ਮਾਤਾ ।
੩੪ ਹੇ ਵਿਚਾਰੇ !
੩੫ ਉਮਰਾ=ਅਮੀਰ ਦਾ ਬਹੁਵਚਨ, ਸਰਦਾਰ ਦੇਖੋ ਪੰਨਾ ੬੪, ਨੋਟ ੧੯ ।
੩੬ ਕੱਪੜੇ ।
੩੭ ਹੇ ਦੀਨ ਬੰਧੁ, ਮੈਂ ਤੇਰੇ ਦਾਸਾਂ ਦਾ ਦਾਸ ਹਾਂ ਤੇ ਸੰਤਾਂ ਦੀ ਸ਼ਰਨ ਹਾਂ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਦੀਨ ਬੰਦਰੋ' ਹੈ) ।

* ਹਰੀ-ਨਾਮ ਗ੍ਰਹਿਨ ਕਰਨ ਨਾਲ ਪਾਪ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ ਅਤੇ ਮਨ ਪੂਰਨ ਅਡੋਲਤਾ ਤੇ ਸ਼ਾਂਤੀ ਵਾਲੀ ਹਾਲਤ ਵਿੱਚ ਹਰ ਵਕਤ ਹਰੀ ਨੂੰ ਅੰਗ-ਸੰਗ ਮਹਿਸੂਸ ਕਰਦਾ ਹੈ ।

† ਪੂਰਨ ਸੁਖ ਹਰੀ ਸਿਮਰਨ ਵਿੱਚ ਹੈ ।

‡ ਹਰੀ ਮਨੁੱਖ ਲਈ ਸਭ ਕੁਝ ਹੈ ।

§ ਮਨੁੱਖ ਸੁਖ ਦੁੱਖ ਵੇਲੇ ਆਪਣੇ ਸੰਬੰਧੀ ਪਾਸ ਹੀ ਜਾਂਦਾ ਹੈ । ਕੋਈ ਮਾਪਿਆਂ ਪਾਸ ਜਾਂਦਾ ਹੈ ਤੇ ਕੋਈ ਆਪਣੇ ਰਾਜ-ਮਾਲ ਦਾ ਆਸਰਾ ਤਕਦਾ ਹੈ, ਪਰ ਮੈਂ ਗੁਰੂ-ਘਰ ਦਾ ਆਸਰਾ ਤਕਦਾ ਹਾਂ, ਜਿਥੋਂ ਮੈਨੂੰ ਸਰਬ-ਇੱਛਾ ਪੂਰਨ ਕਰਨ ਵਾਲਾ ਹਰੀ ਮਿਲਿਆ ਹੈ ।

¶ ਰਾਜ ਮਾਲ ਦੇ ਆਸਰੇ ਬਿਰਥੇ ਹਨ । ਮੈਂ ਤਾਂ ਹਰੀ ਦੀ ਸ਼ਰਨ ਹੀ ਮੰਗਾਂਗਾ ।

ਕੇ ਹਰਿ ਪ੍ਰਾਨ ॥ ੨ ॥ ੩੫ ॥ ੫੮ ॥ ਸਾਰਗ ਮਹਲਾ ੫* ॥ [੧]ਅਪੁਨੀ ਇਤਨੀ
ਕਛੂ ਨ ਸਾਰੀ॥ ਅਨਿਕ ਕਾਜ ਅਨਿਕ ਧਾਵਰਤਾ[੨] [੩]ਉਰਝਿਓ ਆਨ
ਜੰਜਾਰੀ ॥ ੧ ॥ ਰਹਾਉ ॥ [੪]ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ
ਭਾਰੀ ॥ ਤਿਨ ਸਿਉ [੫]ਰਾਚਿ ਮਾਚਿ ਹਿਤੁ ਲਾਇਓ ਜੋ ਕਾਮਿ ਨਹੀ ਗਾਵਾਰੀ ॥
੧ ॥ ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ [੬]ਬਸੁ ਚਾਰੀ ॥ [੭]ਕਰਨ ਕਰਾਵਨ
ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ ॥ ੨ ॥ ੩੬ ॥ ੫੯ ॥ ਸਾਰਗ ਮਹਲਾ
੫† ॥ ਮੋਹਨੀ[੮] ਮੋਹਤ ਰਹੈ ਨ ਹੋਰੀ[੯] ॥ [੧੦]ਸਾਧਿਕ ਸਿਧ ਸਗਲ ਕੀ ਪਿਆਰੀ
ਤੂਟੈ ਨ [੧੧]ਕਾਹੂ ਤੋਰੀ ॥ ੧ ॥ ਰਹਾਉ ॥ [੧੨]ਖਟੁ ਸਾਸਤ੍ਰ ਉਚਰਤ ਰਸਨਾਗਰ[੧੩]
ਤੀਰਥ ਗਵਨ [੧੪]ਨ ਥੋਰੀ ॥ ਪੂਜਾ ਚਕ੍ਰ[੧੫] ਬਰਤ ਨੇਮ ਤਪੀਆ ਊਹਾ [੧੬]ਗੈਲਿ
ਨ ਛੋਰੀ ॥ ੧ ॥ [੧੭]ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ
ਗਤਿ ਮੋਰੀ ॥ ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ[੧੮] ॥
੨ ॥ ੩੭ ॥ ੬੦ ॥ ਸਾਰਗ ਮਹਲਾ ੫‡ ॥ ਕਹਾ ਕਰਹਿ ਰੇ ਖਾਟਿ ਖਾਟੁਲੀ[੧੯] ॥
[੨੦]ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ ॥੧ ॥ ਰਹਾਉ ॥
[੨੧]ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ ॥
ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ[੨੨] ਉਦਰੁ ਭਰੈ ਬਹਿ ਹਾਟੁਲੀ ॥
੧ ॥ ਸਾਦ ਬਿਕਾਰ ਬਿਕਾਰ ਝੂਠ ਰਸ [੨੩]ਜਹ ਜਾਨੋ ਤਹ ਭੀਰ ਬਾਟੁਲੀ ॥ ਕਹੁ
ਨਾਨਕ ਸਮਝੁ ਰੇ ਇਆਨੇ ਆਜੁ ਕਾਲਿ ਖੁਲੈ ਤੇਰੀ ਗਾਂਠੁਲੀ[੨੪] ॥ ੨ ॥
੩੮ ॥ ੬੧ ॥ ਸਾਰਗ ਮਹਲਾ ੫§ ॥ [੨੫]ਗੁਰ ਜੀਉ ਸੰਗਿ ਤੁਹਾਰੈ ਜਾਨਿਓ ॥
[੨੬]ਕੋਟਿ ਜੋਧ ਉਆ ਕੀ ਬਾਤ ਨ ਪੁਛੀਐ ਤਾਂ ਦਰਗਹ ਭੀ ਮਾਨਿਓ ॥ ੧ ॥
ਰਹਾਉ ॥ [੨੭]ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ ॥
[੨੮]ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ ॥ ੧ ॥ ਤੁਮ ਤੇ
ਸੇਵ ਤੁਮ ਤੇ ਜਪ ਤਾਪਾ ਤੁਮ ਤੇ ਤਤੁ ਪਛਾਨਿਓ ॥ [੨੯]ਕਰੁ ਮਸਤਕਿ ਧਰਿ
ਕਟੀ ਜੇਵਰੀ[੩੦] ਨਾਨਕ [੩੧]ਦਾਸ ਦਸਾਨਿਓ ॥ ੨ ॥ ੩੯ ॥ ੬੨ ॥ ਸਾਰਗ
ਮਹਲਾ ੫¶ ॥ ਹਰਿ ਹਰਿ ਦੀਓ ਸੇਵਕ ਕਉ ਨਾਮ ॥ ਮਾਨਸੁ ਕਾ ਕੋ ਬਪੁਰੋ[੩੨]
ਭਾਈ ਜਾ ਕੋ ਰਾਖਾ ਰਾਮ ॥ ੧ ॥ ਰਹਾਉ ॥ ਆਪਿ ਮਹਾਜਨੁ[੩੩] ਆਪੇ ਪੰਚਾ[੩੪]
ਆਪਿ ਸੇਵਕ ਕੈ ਕਾਮ ॥ ਆਪੇ ਸਗਲੇ ਦੂਤ [੩੫]ਬਿਦਾਰੇ ਠਾਕੁਰ ਅੰਤਰਜਾਮ ॥
੧ ॥ ਆਪੇ ਪਤਿ ਰਾਖੀ ਸੇਵਕ ਕੀ ਆਪਿ [੩੬]ਕੀਓ ਬੰਧਾਨ ॥ ਆਦਿ ਜੁਗਾਦਿ
ਸੇਵਕ ਕੀ ਰਾਖੈ ਨਾਨਕ ਕੋ ਪ੍ਰਭੁ ਜਾਨ ॥ ੨ ॥ ੪੦ ॥ ੬੩ ॥ ਸਾਰਗ ਮਹਲਾ
੫:: ॥ ਤੂ ਮੇਰੇ ਮੀਤ ਸਖਾ[੩੭] ਹਰਿ ਪ੍ਰਾਨ ॥ ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ

੧ ਆਪਣੀ ਤਾਂ ਇਸ ਜੀਵ ਨੇ ਥੋੜ੍ਹੀ ਵੀ ਨਾ ਸੰਭਾਲੀ ਭਾਵ ਆਪਣਾ ਕੁਝ ਨਾ ਸਵਾਰਿਆ ।
੨ ਦੌੜ ਭੱਜ ।
੩ ਹੋਰ ਜ਼ੰਜਾਲਾਂ ਵਿੱਚ ਉਰਝਿਆ (ਫਸਿਆ) ਹੈ ।
੪ ਚਾਰ ਦਿਨਾਂ ਦੇ ਜੋ ਸੰਗੀ ਦਿਸਦੇ ਹਨ ਓਹ ਓਥੇ ਸਾਥ ਨਹੀਂ ਦਿੰਦੇ ਜਿਥੇ ਭਾਰੀ ਔਕੜ ਆ ਬਣੇ ।
੫ ਉਨ੍ਹਾਂ ਲੋਕਾਂ ਨਾਲ ਰਚ ਮਿਚ ਕੇ ਪਿਆਰ ਲਾਇਆ ਹੈ ਜੋ ਮੂਰਖ ਕਿਸੇ ਕੰਮ ਦੇ ਨਹੀਂ ।
੬ ਵਸ ਤੇ ਚਾਰਾ ।
੭ ਹੇ ਮੇਰੇ ਸਰਬ-ਸਮਰੱਥ ਹਰੀ ! ਮੈਨੂੰ ਸੰਤਾਂ ਦੀ ਸੰਗਤਿ ਦੁਆਰਾ ਤਾਰ ਲਓ ।
੮ ਮਾਇਆ ।
੯ ਹੋੜੀ, ਰੋਕੀ ਹੋਈ । ਮਾਇਆ ਮਨੁੱਖ ਨੂੰ ਮੋਹਦੀ ਰਹਿੰਦੀ ਹੈ ਅਤੇ ਕਿਸੇ ਦੀ ਰੋਕੀ ਰੁਕਦੀ ਨਹੀਂ।
੧੦ ਸਾਧਨਾ ਕਰਨ ਵਾਲੇ ਸਾਰੇ ਜੋਗੀ ਲੋਕ ਭੀ ਇਸ ਨੂੰ ਪਿਆਰਦੇ ਹਨ ।
੧੧ ਕਿਸੇ ਦੀ ਤੋੜੀ ਹੋਈ ।
੧੨ ਦੇਖੋ ਪੰਨਾ ੧੧੩੦, ਨੋਟ ੯ ।
੧੩ [ਰਸਨਾ-ਅਗਰ] ਰਸਨਾ ਨਾਲ ਭਾਵ ਜ਼ਬਾਨੀ ।
੧੪ ਥੋੜ੍ਹੀ ਨਾ ਹੋਈ । ਭਾਵ ਇਨ੍ਹਾਂ ਕਰਮ-ਕਾਂਡੀ ਢੰਗਾਂ ਨਾਲ ਵੀ ਮੁਕੀ ਨਹੀਂ ਹੈ ।
੧੫ ਦੇਖੋ ਪੰਨਾ ੧੧੫੧, ਨੋਟ ੧੯ ।
੧੬ ਪਿੱਛਾ ਨਹੀਂ ਛੱਡਦੀ ।
੧੭ ਮਾਇਆ-ਮੋਹ ਦੇ ਹਨੇਰੇ ਖੂਹ ਵਿੱਚ ਜਗਤ ਡਿੱਗਦਾ ਹੈ ।
੧੮ ਥੋੜ੍ਹਾ ਜਿਹਾ (ਦਰਸ਼ਨ ਕਰ ਕੇ) ।
੧੯ ਖੱਟੀ । ਕੀ ਕਰਦਾ ਹੈਂ ਖਟੀ ਖਟ ਕੇ ?
੨੦ ਤੇਰਾ ਚੰਮੜਾ ਹਵਾ ਨਾਲ ਭਰ ਕੇ ਫੂਲ ਗਿਆ ਹੈ ਤੇ ਸਰੀਰ ਰੂਪ ਮੱਟੀ ਜਰਜ਼ਰੀ (ਪੁਰਾਣੀ) ਹੋ ਗਈ ਹੈ ।
੨੧ ਇਥੋਂ ਚੁੱਕ ਕੇ ਓਥੇ ਜਾ ਰੱਖਦਾ ਹੈਂ, ਜਿਵੇਂ ਬਾਸ਼ਾ (ਪੰਛੀ) ਲਾਲਚ ਵਿੱਚ ਮਾਸ ਝਪਟ ਮਾਰ ਕੇ ਲੈ ਜਾਂਦਾ ਹੈ ।
੨੨ ਰਾਹੀ । ਜਿਵੇਂ ਰਾਹੀ ਹੱਟੀ 'ਤੇ ਬੈਠਾ ਢਿਡ ਭਰ ਲੈਂਦਾ ਹੈ ।
੨੩ ਜਿਥੇ ਤੂੰ ਅੰਤ ਜਾਣਾ ਹੈ ਉਹ ਰਸਤਾ ਭੀੜਾ (ਔਖਾ) ਹੈ ।
੨੪ ਪ੍ਰਾਣਾਂ ਦੀ ਗੰਢ । ਭਾਵ ਮੌਤ ਆ ਰਹੀ ਹੈ ।
੨੫ ਹੇ ਗੁਰੂ ਜੀ ! ਤੁਹਾਡੀ ਸੰਗਤ ਵਿੱਚ ਹਰੀ ਨੂੰ ਜਾਣਿਆ ਹੈ ।
੨੬ ਕੂੜਾਂ ਜੋਧੇ ਫਿਰਦੇ ਹਨ, ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ, ਪਰ ਸਾਡੀ ਤੂੰ ਦਰਗਹ ਵਿੱਚ ਇੱਜ਼ਤ ਬਣਾ ਦਿੱਤੀ ਹੈ ।
੨੭ ਇਸ ਦੇ ਮੁੱਢ ਦੀ ਅਸਲੀਅਤ ਕੀ ਹੈ (ਰਕਤ ਬੂੰਦ ਤੋਂ ਬਣਿਆ ਹੈ), ਤੇ ਕੀ ਰੂਪ ਬਣਿਆ ਦਿੱਸਦਾ ਹੈ, ਭਾਵ ਕਿੰਨੇ ਤੁਛ ਮੂਲ ਤੋਂ ਕਿਹਾ ਚੰਗਾ ਰੂਪ ਬਣਿਆ ਹੈ ! ਦੇਖੋ ਪੰਨਾ ੨੬੬, ਨੋਟ ੨੮ ।
੨੮ ਇਸ ਮਿੱਟੀ ਦੇ ਸਰੀਰ ਅੰਦਰ ਜੋਤ ਦਾ ਪ੍ਰਕਾਸ਼ ਹੋਇਆ ਤਾਂ ਇਹ ਦੁਰਲੱਭ ਦੇਹ ਅਖਵਾਣ ਲੱਗੀ ।
੨੯ ਹੱਥ ਮੱਥੇ 'ਤੇ । ੩੦ ਰੱਸੀ, ਫਾਹੀ ।
੩੧ ਦਾਸਾਂ ਦਾ ਦਾਸ ਬਣਾ ਦਿੱਤਾ ।
੩੨ ਵਿਚਾਰਾ ।
੩੩ ਮੁਖੀਆ । ਦੇਖੋ ਪੰਨਾ ੧੧੧੭, ਨੋਟ ੨ ।
੩੪ ਮੁਖੀਆ ।
੩੫ [ਵਿਦਾਰਣ ਕੀਤੇ, ਪਾੜੇ] ਨਾਸ ਕੀਤੇ ਅੰਦਰ ਦੀਆਂ ਜਾਣਨ ਵਾਲੇ ਮਾਲਕ ਨੇ ।
੩੬ ਸਥਿਰਤਾ ਦਿੱਤੀ ।
੩੭ ਮਿੱਤਰ ।

* ਮਨੁੱਖ ਆਪਣੇ ਭਲੇ ਦੀ ਨਹੀਂ ਸੋਚਦਾ ਤੇ ਨਿਕੰਮਿਆਂ ਸਾਥੀਆਂ ਨਾਲ ਰਲ ਕੇ ਵਿਅਰਥ ਕੰਮਾਂ ਵਿੱਚ ਰੁੱਝਿਆ ਰਹਿੰਦਾ ਹੈ । ਉਸ ਨੂੰ ਚਾਹੀਦਾ ਹੈ ਕਿ ਨਿਰਮਾਣ ਹੋ ਕੇ ਸੰਤਾਂ ਦੀ ਸੰਗਤਿ ਰਾਹੀਂ ਹਰੀ ਵਾਲੇ ਪਾਸੇ ਰੁਚੀ ਲਾਵੇ ।

† ਮਨੁੱਖ ਮਾਇਆ ਮੋਹ ਵਿੱਚ ਪਿਆ ਰਹਿੰਦਾ ਹੈ, ਜਿਸ ਤੋਂ ਵੱਡੇ-ਵੱਡੇ ਤਪੀਸਰ ਤੇ ਕਰਮ-ਕਾਂਡੀ ਭੀ ਨਹੀਂ ਬਚ ਸਕੇ । ਬਚਾਉ ਕੇਵਲ ਸਾਧ-ਸੰਗਤਿ ਦੇ ਰਾਹੀਂ ਹਰੀ-ਦਰਸ਼ਨ ਦੀ ਤਾਂਘ ਵਿੱਚ ਹੈ ।

‡ ਮਨੁੱਖ ਆਪਣੇ ਤੁੱਛ ਸਰੀਰ ਦੀ ਚੇਸ਼ਟਾ ਵਿੱਚ ਲੱਗਾ ਹੋਇਆ ਮਾਇਕ ਪਦਾਰਥਾਂ ਦਾ ਲਾਲਚ ਕਰਦਾ ਹੈ, ਪਰ ਮੌਤ ਛੇਤੀ ਆ ਕੇ ਉਸ ਨੂੰ ਦੱਸ ਦਿੰਦੀ ਹੈ ਕਿ ਇਹ ਸਵਾਦ ਝੂਠੇ ਸਨ ਤੇ ਅਸਲੀ ਜੀਵਨ ਵੱਲ ਲਿਜਾਣ ਵਾਲੇ ਨਹੀਂ ਸਨ ।

§ ਹਰੀ ਦੀ ਕ੍ਰਿਪਾ ਵੱਲ ਧਿਆਨ ਦੁਆਂਦੇ ਹਨ ਕਿ ਮਨੁੱਖ ਕਿਸ ਤੁਛ ਮਿੱਟੀ ਦਾ ਬਣਿਆ ਹੈ, ਪਰ ਹਰੀ ਦੀ ਜੋਤਿ ਦੇ ਪ੍ਰਵੇਸ਼ ਕਰਨ ਨਾਲ ਕਿਸ ਰੂਪ ਦਾ ਮਾਲਕ, ਕੈਸਾ ਗਿਆਨ ਧਿਆਨ ਕਰਨ ਵਾਲਾ ਬਣਿਆ ਹੈ ।

¶ ਹਰੀ ਨੂੰ ਇਕ ਆਦਰਸ਼ਕ ਮਾਲਕ ਦੱਸ ਕੇ ਮਨੁੱਖ ਨੂੰ ਉਸ ਦਾ ਸੇਵਕ ਬਣਨ ਲਈ ਪ੍ਰੇਰਦੇ ਹਨ (ਕਈ ਵੇਰ ਤੁਕ ਦਾ ਅੰਤਲਾ ਮ ਅੱਖਰ ਲਗ ਰਹਿਤ ਕੀਤਾ ਹੁੰਦਾ ਹੈ । ਜਿਵੇਂ ਇਥੇ 'ਨਾਮ', 'ਰਾਮ', 'ਕਾਮ' ਆਦਿ) ।

:: ਸਨਮੁਖ ਹੋ ਕੇ ਗੁਣ ਗਾਉਂਦੇ ਹਨ ।

ਇਹੁ [1]ਤਨੁ ਸੀਤੋ ਤੁਮਰੈ ਧਾਨ ॥ ੧ ॥ ਰਹਾਉ ॥ ਤੁਮ ਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ ਦੀਏ ਮਾਨ ॥ ਸਦਾ ਸਦਾ ਤੁਮ ਹੀ ਪਤਿ ਰਾਖਹੁ [2]ਅੰਤਰਜਾਮੀ ਜਾਨ ॥ ੧ ॥ ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥ ਜਨ ਕਾ ਸੰਗੁ ਪਾਈਐ ਵਡਭਾਗੀ ਨਾਨਕ ਸੰਤਨ ਕੈ ਕੁਰਬਾਨ ॥ ੨ ॥ ੪੧ ॥ ੬੪ ॥ ਸਾਰਗ ਮਹਲਾ ੫* ॥ [3]ਕਰਹੁ ਗਤਿ ਦਇਆਲ ਸੰਤਹੁ ਮੋਰੀ ॥ ਤੁਮ ਸਮਰਥ ਕਾਰਨ ਕਰਨਾ ਤੂਟੀ ਤੁਮ ਹੀ ਜੋਰੀ[4] ॥ ੧ ॥ ਰਹਾਉ ॥ ਜਨਮ ਜਨਮ ਕੇ ਬਿਖਈ[5] ਤੁਮ ਤਾਰੇ ਸੁਮਤਿ ਸੰਗਿ ਤੁਮਾਰੈ ਪਾਈ ॥ [6]ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ ਸਾਸਿ ਸਾਸਿ ਹਰਿ ਗਾਈ ॥ ੧ ॥ ਜੋ ਜੋ ਸੰਗਿ ਮਿਲੇ ਸਾਧੂ ਕੈ ਤੇ ਤੇ [7]ਪਤਿਤ ਪੁਨੀਤਾ ॥ ਕਹੁ ਨਾਨਕ ਜਾ ਕੇ ਵਡਭਾਗਾ ਤਿਨਿ [8]ਜਨਮੁ ਪਦਾਰਥੁ ਜੀਤਾ ॥ ੨ ॥ ੪੨ ॥ ੬੫ ॥ ਸਾਰਗ ਮਹਲਾ ੫† ॥ ਠਾਕੁਰ ਬਿਨਤੀ ਕਰਨ ਜਨੁ ਆਇਓ ॥ ਸਰਬ ਸੂਖ [9]ਆਨੰਦ ਸਹਜ ਰਸ [10]ਸੁਨਤ ਤੁਹਾਰੋ ਨਾਇਓ ॥ ੧ ॥ ਰਹਾਉ ॥ [11]ਕ੍ਰਿਪਾ ਨਿਧਾਨ ਸੂਖ ਕੇ ਸਾਗਰ ਜਸੁ ਸਭ ਮਹਿ ਜਾ ਕੋ ਛਾਇਓ ॥ [12]ਸੰਤਸੰਗਿ ਰੰਗ ਤੁਮ ਕੀਏ ਅਪਨਾ ਆਪੁ ਦ੍ਰਿਸਟਾਇਓ ॥ ੧ ॥ ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ[13] ॥ ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ॥ ੨ ॥ ੪੩ ॥ ੬੬ ॥ ਸਾਰਗ ਮਹਲਾ ੫‡ ॥ ਜਾ ਕੀ ਰਾਮ ਨਾਮ ਲਿਵ ਲਾਗੀ ॥ [14]ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ ॥ ੧ ॥ ਰਹਾਉ ॥ [15]ਰਹਿਤ ਬਿਕਾਰ [16]ਅਲਪ ਮਾਇਆ ਤੇ [17]ਅਹੰਬੁਧਿ ਬਿਖੁ ਤਿਆਗੀ ॥ ਦਰਸ ਪਿਆਸ ਆਸ ਏਕਹਿ ਕੀ ਟੇਕ [18]ਹੀਐਂ ਪ੍ਰਿਅ ਪਾਗੀ ॥ ੧ ॥ ਅਚਿੰਤ ਸੋਇ ਜਾਗਨੁ ਉਠਿ ਬੈਸਨੁ [19]ਅਚਿੰਤ ਹਸਤ ਬੈਰਾਗੀ ॥ ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥ ੨ ॥ ੪੪ ॥ ੬੭ ॥ ਸਾਰਗ ਮਹਲਾ ੫§ ॥ ਅਬ ਜਨ ਊਪਰਿ [20]ਕੋ ਨ ਪੁਕਾਰੈ ॥ [21]ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕਉ ਮਾਰੈ ॥੧ ॥ ਰਹਾਉ ॥ ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ ॥ ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ [22]ਪੈਜ ਸਵਾਰੈ ॥ ੧ ॥ ਨਿਰਭਉ ਭਏ ਸਗਲ ਭਉ ਮਿਟਿਆ [23]ਚਰਨ ਕਮਲ ਆਧਾਰੈ ॥ ਗੁਰ ਕੈ ਬਚਨਿ ਜਪਿਓ ਨਾਉ ਨਾਨਕ ਪ੍ਰਗਟ ਭਇਓ ਸੰਸਾਰੈ ॥ ੨ ॥ ੪੫ ॥ ੬੮ ॥ ਸਾਰਗ ਮਹਲਾ ੫¶ ॥ ਹਰਿ ਜਨ ਛੋਡਿਆ ਸਗਲਾ ਆਪੁ[24] ॥ [25]ਜਿਉ ਜਾਨਹੁ ਤਿਉ ਰਖਹੁ ਗੁਸਾਈ ਪੇਖਿ ਜੀਵਾਂ ਪਰਤਾਪੁ ॥ ੧ ॥ ਰਹਾਉ ॥ ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪੁ[26] ॥ ਮਿਤ੍ਰ ਸਤ੍ਰ

੧ ਇਹ ਸਰੀਰ ਤੇਰੇ ਹੀ ਦਾਨ ਨਾਲ ਸੀਤਾ (ਬਣਿਆ) ਹੈ ।

੨ ਹੇ ਅੰਦਰ ਦੀਆਂ ਜਾਣਨ ਵਾਲੇ, ਜਾਣੀ-ਜਾਣ ! ਦੇਖੋ ਪੰਨਾ ੪੩, ਨੋਟ ੨੧ ।

੩ ਹੇ ਦਿਆਲੂ ਸੰਤੋ ! ਮੇਰੀ ਮੁਕਤੀ ਕਰੋ ।

੪ ਜੋੜੀ ।

੫ ਵਿਸ਼ੱਈ, ਵਿਕਾਰੀ ।

੬ ਜਿਹੜੇ ਕਈ ਜਨਮ ਹਰੀ ਨੂੰ ਵਿਸਾਰ ਕੇ ਭਟਕਦੇ ਸਨ, ਉਹ (ਹੁਣ ਤੁਹਾਡੀ ਕਿਰਪਾ ਨਾਲ) ਦਮ ਬ-ਦਮ ਹਰੀ-ਗੁਣ ਗਾਂਦੇ ਪਏ ਹਨ ।

੭ ਪਤਿਤਾਂ ਤੋਂ ਪਵਿੱਤਰ ਹੋ ਗਏ ਹਨ ।

੮ ਜਨਮ ਜਿਹੀ ਅਮੋਲਕ ਵਸਤ ਪ੍ਰਾਪਤ ਕਰ ਲਈ, ਜੀਵਨ ਜੈਸਾ ਉੱਤਮ ਚਾਹੀਦਾ ਸੀ ਬਣਾ ਲਿਆ।

੯ ਸਹਜ ਅਨੰਦ ਦਾ ਸੁਆਦ (ਮਾਣਿਆ) । ਦੇਖੋ ਪੰਨਾ ੧੧੧੨, ਨੋਟ ੩ ।

੧੦ ਤੇਰਾ ਨਾਮ ਸੁਣਨ ਨਾਲ ।

੧੧ ਮਿਹਰ ਦੇ ਭੰਡਾਰ !

੧੨ ਸੰਤਾਂ ਦੀ ਸੰਗਤ ਵਿੱਚ ਤੁਸੀਂ ਅਨੰਦ-ਕੇਲ ਕਰਦੇ ਹੋ ਤੇ ਆਪਣਾ ਆਪ ਦਿਖਾ ਦਿੰਦੇ ਹੋ ।

੧੩ ਕੇਸਾਂ ਨਾਲ ।

੧੪ ਉਹੀ ਦਿਲੀ ਸੱਜਣ ਹੈ ਤੇ ਸਹਜੇ ਹੀ ਸੌਖਾ ਹੋਇਆ ਹੈ । ਸੁਰਿਦਾ=ਸੁਹਿਰਦ, ਦਿਲੋਂ ਚਾਹੁਣ ਵਾਲਾ ।

੧੫ ਵਿਕਾਰ ਰਹਿਤ, ਬੁਰਾਈਆਂ ਤੋਂ ਬਰੀ ।

੧੬ ਅਲਿਪਤ ਮਾਇਆ ਤੋਂ ।

੧੭ ਹੰਕਾਰ ਵਾਲੀ ਬੁੱਧੀ ਦੀ ਜ਼ਹਿਰ ।

੧੮ ਹਿਰਦੇ ਵਿੱਚ ਪਿਆਰੇ ਦੇ ਚਰਨਾਂ ਦੀ ਟੇਕ ਹੈ। ਪਾਗੀ=ਪਗਾਂ ਦੀ, ਚਰਨਾਂ ਦੀ ।

੧੯ ਬੇ-ਫ਼ਿਕਰ ਹੋ ਕੇ ਹੱਸਦੇ ਜਾਂ ਰੋਂਦੇ ਹਨ, ਭਾਵ ਦੁੱਖ ਸੁਖ ਵਿੱਚ ਬੇ-ਫ਼ਿਕਰ ਰਹਿੰਦੇ ਹਨ । 'ਬੈਰਾਗ' ਕਰਨਾ 'ਹੱਸਣ' ਦੇ ਮੁਕਾਬਲੇ 'ਤੇ ਆਇਆ ਹੈ, ਜਿਵੇਂ 'ਸਹਜਿ ਬੈਰਾਗ ਸਹਜੇ ਹੀ ਹਸਨਾ' (ਗਉੜੀ ਮ: ੫), ਪੰਨਾ ੨੩੬, ਫੁਟ ਨੋਟ †।

੨੦ ਕੋਈ ਸ਼ਿਕਾਇਤ ਨਹੀਂ ਕਰਦਾ, ਬਰ-ਖ਼ਿਲਾਫ਼ ਨਹੀਂ ਬੋਲਦਾ ।

੨੧ ਜਿਹੜਾ ਕੋਈ ਹਰੀ-ਜਨ ਉਤੇ ਰਾਜ ਦਰਬਾਰ ਵਿੱਚ ਜਾ ਕੇ ਸ਼ਕਾਇਤ ਕਰਨ ਦਾ ਹੀਆ ਕਰਦਾ ਹੈ, ਗੁਰੂ ਪ੍ਰਮੇਸ਼ਰ ਉਸ ਨੂੰ ਸਜ਼ਾ ਦਿੰਦਾ ਹੈ ।

੨੨ ਇੱਜ਼ਤ ਰੱਖਦਾ ਹੈ ।

੨੩ ਹਰੀ ਦੇ ਪਵਿੱਤਰ ਚਰਨਾਂ ਦੇ ਆਸਰੇ ।

੨੪ ਆਪਾ ਭਾਵ, ਹਉਮੈ ।

੨੫ ਹਰਿ ਜਨ ਇਹ ਬੇਨਤੀ ਕਰਦਾ ਹੈ ਕਿ ਹੇ ਮਾਲਕ ! ਜਿਵੇਂ ਜਾਣਹੁ ਤਿਵੇਂ ਰੱਖੋ; ਮੈਂ ਤੇਰੀ ਵਡਿਆਈ ਵੇਖ-ਵੇਖ ਜੀਉਂਦਾ ਹਾਂ ।

੨੬ ਅੰਦਰ ਦਾ ਸਾੜਾ, ਦੁੱਖ ।

* ਫਿਰ ਗੁਰੂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਹਰੀ ਦੇ ਗੁਣ ਗਵਾ ਕੇ ਮੇਲ ਕਰਾਇਆ ।

† ਫੇਰ ਹਰੀ ਦਾ ਅਤੇ ਗੁਰੂ ਦਾ ਇਕੱਠਾ ਧੰਨਵਾਦ ਕਰਦੇ ਹਨ ।

‡ ਜਿਹੜੇ ਹਰੀ-ਨਾਮ ਵਿੱਚ ਲਿਵ ਲਾਂਦੇ ਹਨ, ਉਨ੍ਹਾਂ ਦੀ ਪਾਪ-ਰਹਿਤ ਅਚਿੰਤ ਜ਼ਿੰਦਗੀ ਦਾ ਨਕਸ਼ਾ ਖਿੱਚਦੇ ਹਨ ।

§ ਹਰੀ ਦੇ ਸੇਵਕ ਨਿਰਦੋਸ਼ ਤੇ ਨਿਰਵੈਰ ਹੋਣ ਕਰ ਕੇ ਉਨ੍ਹਾਂ ਦੇ ਖ਼ਿਲਾਫ਼ ਕਿਸੇ ਦਾ ਵੈਰ ਕੁਝ ਨਹੀਂ ਕਰ ਸਕਦਾ । ਉਹ ਸੰਸਾਰ ਵਿੱਚ ਪ੍ਰਗਟ ਤੇ ਨਿਰਭਉ ਰਹਿੰਦੇ ਹਨ ।

¶ ਹਰੀ ਦੇ ਸੇਵਕ ਵਿੱਚ ਚੂੰਕਿ ਆਪੇ ਦਾ ਮਦ ਨਹੀਂ ਹੁੰਦਾ ਇਸ ਲਈ ਉਸ ਵਿੱਚ ਕਿਸੇ ਲਈ ਈਰਖਾ ਦ੍ਵੈਖ ਨਹੀਂ ਹੁੰਦਾ । ਉਹ ਠੰਢੇ ਦਿਲ ਨਾਲ ਮਿਤ੍ਰ ਸ਼ਤ੍ਰ ਨੂੰ ਇਕ-ਸਮਾਨ ਵੇਖਦਾ ਤੇ ਸਦਾ ਖ਼ੁਸ਼ ਰਹਿੰਦਾ ਹੈ ।

ਪੇਖਿ[੧] ਸਮਤੁ[੨] ਬੀਚਾਰਿਓ [੩]ਸਗਲ ਸੰਭਾਖਨ ਜਾਪੁ ॥੧॥ [੪]ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ [੫]ਬਿਸਮ ਭਏ ਬਿਸਮਾਦ ॥ ਅਨਦੁ ਭਇਆ ਨਾਨਕ ਮਨਿ ਸਾਚਾ [੬]ਪੂਰਨ ਪੂਰੇ ਨਾਦ ॥ ੨ ॥ ੪੬ ॥ ੬੯ ॥ ਸਾਰਗ ਮਹਲਾ ੫* ॥ ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥ ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ ॥ ੧ ॥ ਰਹਾਉ ॥ ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥ ਗੁਰ ਕੀ ਧੂਰਿ ਕਰਉ ਨਿਤ ਮਜਨੁ[੭] ਕਿਲਵਿਖ[੮] ਮੈਲੁ ਉਤਾਰਿਆ ॥ ੧ ॥ ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ ॥ ਸਰਬ ਫਲਾ ਦੀਨ੍ਹੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ ॥ ੨ ॥ ੪੭ ॥ ੭੦ ॥ ਸਾਰਗ ਮਹਲਾ ੫† ॥ ਸਿਮਰਤ ਨਾਮੁ ਪ੍ਰਾਨ ਗਤਿ ਪਾਵੈ ॥ ਮਿਟਹਿ ਕਲੇਸ ਤ੍ਰਾਸ[੯] ਸਭ ਨਾਸੈ ਸਾਧਸੰਗਿ ਹਿਤੁ[੧੦] ਲਾਵੈ ॥ ੧ ॥ ਰਹਾਉ ॥ ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ[੧੧] ਹਰਿ ਜਸੁ ਗਾਵੈ ॥ ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ [੧੨]ਬਾਸੁਦੇਵ ਰੰਗੁ ਲਾਵੈ ॥ ੧ ॥ ਦਾਮੋਦਰ[੧੩] ਦਇਆਲ ਆਰਾਧਹੁ [੧੪]ਗੋਬਿੰਦ ਕਰਤ ਸੋੁਹਾਵੈ ॥ ਕਹੁ ਨਾਨਕ ਸਭ ਕੀ ਹੋਇ ਰੇਨਾ[੧੫] ਹਰਿ ਹਰਿ ਦਰਸਿ ਸਮਾਵੈ ॥ ੨ ॥ ੪੮ ॥ ੭੧ ॥ ਸਾਰਗ ਮਹਲਾ ੫‡ ॥ ਅਪੁਨੇ ਗੁਰ ਪੂਰੇ ਬਲਿਹਾਰੈ ॥ ਪ੍ਰਗਟ ਪ੍ਰਤਾਪੁ ਕੀਓ ਨਾਮ ਕੋ ਰਾਖੇ ਰਾਖਨਹਾਰੈ ॥ ੧ ॥ ਰਹਾਉ ॥ ਨਿਰਭਉ ਕੀਏ ਸੇਵਕ ਦਾਸ ਅਪਨੇ ਸਗਲੇ ਦੂਖ ਬਿਦਾਰੈ[੧੬] ॥ ਆਨ[੧੭] ਉਪਾਵ ਤਿਆਗਿ ਜਨ ਸਗਲੇ ਚਰਨ ਕਮਲ ਰਿਦ ਧਾਰੈ ॥ ੧ ॥ [੧੮]ਪ੍ਰਾਨ ਅਧਾਰ ਮੀਤ ਸਾਜਨ ਪ੍ਰਭ [੧੯]ਏਕੈ ਏਕੰਕਾਰੈ ॥ ਸਭ ਤੇ ਊਚ ਠਾਕੁਰੁ ਨਾਨਕ ਕਾ ਬਾਰ ਬਾਰ ਨਮਸਕਾਰੈ ॥ ੨ ॥ ੪੯ ॥ ੭੨ ॥ ਸਾਰਗ ਮਹਲਾ ੫§ ॥ ਬਿਨੁ ਹਰਿ ਹੈ ਕੋ ਕਹਾ ਬਤਾਵਹੁ ॥ ਸੁਖ ਸਮੂਹ ਕਰੁਣਾ ਮੈ[੨੦] ਕਰਤਾ ਤਿਸੁ ਪ੍ਰਭ ਸਦਾ ਧਿਆਵਹੁ ॥ ੧ ॥ ਰਹਾਉ ॥ ਜਾ ਕੈ ਸੂਤਿ ਪਰੋਏ ਜੰਤਾ ਤਿਸੁ ਪ੍ਰਭ ਕਾ ਜਸੁ ਗਾਵਹੁ ॥ ਸਿਮਰਿ ਠਾਕੁਰੁ ਜਿਨਿ ਸਭੁ ਕਿਛੁ ਦੀਨਾ [੨੧]ਆਨ ਕਹਾ ਪਹਿ ਜਾਵਹੁ ॥ ੧ ॥ ਸਫਲ ਸੇਵਾ ਸੁਆਮੀ ਮੇਰੇ ਕੀ [੨੨]ਮਨ ਬਾਂਛਤ ਫਲ ਪਾਵਹੁ ॥ ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ ਸੁਖ ਸੇਤੀ ਘਰਿ ਜਾਵਹੁ ॥ ੨ ॥ ੫੦ ॥ ੭੩ ॥ ਸਾਰਗ ਮਹਲਾ ੫¶ ॥ ਠਾਕੁਰ ਤੁਮ੍ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥ ਅਨਬੋਲਤ[੨੩] ਮੇਰੀ ਬਿਰਥਾ[੨੪] ਜਾਨੀ ਅਪਨਾ ਨਾਮੁ ਜਪਾਇਆ ॥ ਦੂਖ ਨਾਠੇ [੨੫]ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥ ੧ ॥ ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ

ਮਲਾਰ ਮਹਲਾ ੧ ਅਸਟਪਦੀਆ ਘਰੁ ੨ ੴ ਸਤਿਗੁਰ ਪ੍ਰਸਾਦਿ ॥
*[੧]ਅਖਲੀ ਊਂਡੀ ਜਲੁ ਭਰ ਨਾਲਿ ॥ ਡੂਗਰੁ ਊਚਉ ਗੜੁ ਪਾਤਾਲਿ ॥ [੨]ਸਾਗਰੁ
ਸੀਤਲੁ ਗੁਰ ਸਬਦ ਵੀਚਾਰਿ ॥ ਮਾਰਗੁ ਮੁਕਤਾ[੩] ਹਉਮੈ ਮਾਰਿ ॥ ੧ ॥ ਮੈ
ਅੰਧੁਲੇ ਨਾਵੈ ਕੀ ਜੋਤਿ[੪] ॥ ਨਾਮ ਅਧਾਰਿ[੫] ਚਲਾ [੬]ਗੁਰ ਕੈ ਭੈ ਭੇਤਿ ॥ ੧ ॥
ਰਹਾਉ ॥ ਸਤਿਗੁਰ ਸਬਦੀ ਪਾਧਰੁ[੭] ਜਾਣਿ ॥ ਗੁਰ ਕੈ ਤਕੀਐ[੮] ਸਾਚੈ ਤਾਣਿ ॥
ਨਾਮੁ ਸਮ੍ਾਲਸਿ ਰੂੜੀ[੯] ਬਾਣਿ ॥ [੧੦]ਥੈਂ ਭਾਵੈ ਦਰੁ ਲਹਸਿ ਪਿਰਾਣਿ ॥ ੨ ॥
ਊਡਾਂ ਬੈਸਾ ਏਕ ਲਿਵ ਤਾਰ ॥ ਗੁਰ ਕੈ ਸਬਦਿ ਨਾਮ ਆਧਾਰ ॥ [੧੧]ਨਾ ਜਲੁ
ਡੂੰਗਰੁ ਨ ਊਚੀ ਧਾਰ ॥ ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥ ੩ ॥
ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ[੧੨] ਮਹਲੁ ਨ ਜਾਪੈ ॥ ਸਤਿਗੁਰ
ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ[੧੩] ॥ [੧੪]ਕਰਣ ਪਲਾਵ ਕਰੈ
ਬਿਲਲਾਤਉ[੧੫] ਬਿਨੁ ਗੁਰ ਨਾਮੁ ਨ ਜਾਪੈ ॥ [੧੬]ਪਲ ਪੰਕਜ ਮਹਿ ਨਾਮੁ ਛਡਾਏ
ਜੇ ਗੁਰ ਸਬਦੁ ਸਿਞਾਪੈ ॥ ੪ ॥ ਇਕਿ ਮੂਰਖ ਅੰਧੇ [੧੭]ਮੁਗਧ ਗਵਾਰ ॥ ਇਕਿ
ਸਤਿਗੁਰ ਕੈ ਭੈ ਨਾਮ ਅਧਾਰ ॥ ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ
ਪੀਤੀ ਤਿਸੁ [੧੮]ਮੋਖ ਦੁਆਰ ॥ ੫ ॥ ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ
ਸਚੁ ਬਾਣੀ ॥ [੧੯]ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥
[੨੦]ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥ ਸਤਿਗੁਰ ਬਾਝਹੁ
ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥ ੬ ॥ ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥
ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥ ਏਕ
ਸਬਦਿ ਰਾਚੈ ਸਚਿ ਸਮਾਇ ॥ ੭ ॥ ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ
ਦਿਸਿ ਨਾਮ ਪਤਾਲੰ[੨੧] ॥ ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ
ਬੈਆਲੰ[੨੨] ॥ ਜਾਂਮਣੁ[੨੩] ਮਰਣਾ ਦੀਸੈ ਸਿਰਿ ਊਭੌ[੨੪] ਖੁਧਿਆ ਨਿਦ੍ਰਾ ਕਾਲੰ ॥
ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ[੨੫] ॥ ੮ ॥ ੧ ॥ ੪ ॥
ਮਲਾਰ ਮਹਲਾ ੧† ॥ ਮਰਣ ਮੁਕਤਿ ਗਤਿ ਸਾਰ ਨ ਜਾਨੈ ॥ [੨੬]ਕੰਠੇ ਬੈਠੀ
ਗੁਰ ਸਬਦਿ ਪਛਾਨੈ ॥ ੧ ॥ ਤੂ ਕੈਸੇ ਆੜਿ[੨੭] ਫਾਥੀ ਜਾਲਿ ॥ [੨੮]ਅਲਖੁ ਨ
ਜਾਚਹਿ ਰਿਦੈ ਸਮ੍ਾਲਿ ॥ ੧ ॥ ਰਹਾਉ ॥ [੨੯]ਏਕ ਜੀਅ ਕੈ ਜੀਆ ਖਾਹੀ ॥
ਜਲਿ ਤਰਤੀ ਬੂਡੀ[੩੦] ਜਲ ਮਾਹੀ ॥ ੨ ॥ ਸਰਬ ਜੀਅ ਕੀਏ ਪ੍ਰਤਪਾਨੀ[੩੧] ॥
ਜਬ ਪਕੜੀ ਤਬ ਹੀ ਪਛੁਤਾਨੀ ॥ ੩ ॥ ਜਬ ਗਲਿ ਫਾਸ ਪੜੀ ਅਤਿ ਭਾਰੀ ॥
ਊਡਿ ਨ ਸਾਕੈ ਪੰਖ ਪਸਾਰੀ ॥ ੪ ॥ [੩੨]ਰਸਿ ਚੂਗਹਿ ਮਨਮੁਖਿ ਗਾਵਾਰਿ ॥

੧ ਸੇਕ । ਜਿਵੇਂ ਸੇਕ ਕੱਚ ਨੂੰ ਢਾਲ ਦਿੰਦਾ ਹੈ, ਤਿਵੇਂ ਸਰੀਰ ਢਲ ਪੈਂਦਾ ਹੈ ।
੨ ਹੰਕਾਰ, ਮਾਣ ।
੩ ਦੇਰ । ਹੇ ਸ਼ੁਦਾਈ ! ਹਉਮੈ ਤੇ ਹੰਕਾਰ ਵਿੱਚ ਜਗਤ ਇਉਂ ਗ਼ਰਕ ਹੁੰਦਾ ਹੈ ਕਿ ਜਾਂਦਿਆਂ ਦੇਰ ਨਹੀਂ ਲਗਦੀ ।
੪ ਹੇ ਪ੍ਰਭੂ, ਜਗਤ ਦੇ ਮਾਲਕ ! ਤੇਰੀ ਜੈ ਹੋਵੇ।
੫ ਜਿਤਨੀ ਸ੍ਰਿਸ਼ਟੀ ਹੈ ਤੈਥੋਂ ਹੀ ਪੈਦਾ ਹੋਈ ਹੈ।
੬ ਬਰਾਬਰ ।
੭ ਦੇਖੋ ਪੰਨਾ ੩੫੦, ਨੋਟ ੩੫ ।
੮ ਸੁਰਮਾ । ਆਪੇ ਗਿਆਨ ਰੂਪ ਸੁਰਮਾ ਹੈ ਜੋ ਗੁਰਾਂ-ਦੁਆਰੇ ਪ੍ਰਾਪਤ ਹੁੰਦਾ ਹੈ ।
੯ ਹਰੀ ਅਕਾਲ ਹੈ, ਉਸ ਦਾ ਕੋਈ ਮਾਲਕ ਨਹੀਂ, ਸਾਰਿਆਂ ਉਤੇ ਪ੍ਰਧਾਨ ਹੈ । ਸਿਰਿ ਮੋਰਾ (ਸਿਰਿ ਮੌਲਿ) ਸਿਰ 'ਤੇ ਤਾਜ, ਪ੍ਰਧਾਨ ।
੧੦ ਕਾਲ (ਮੌਤ) ਤੇ ਬਿਕਾਲ (ਜਨਮ)=ਜਨਮ ਮਰਨ।
੧੧ ਤੋੜਨ ਵਾਲਾ ।
੧੨ ਇਹ ਵਿਚਾਰਾ ਸੰਸਾਰ ਕਾਗਜ਼ ਦਾ ਕਿਲ੍ਹਾ ਹੈ ।
੧੩ ਇਸ ਕੋਟ (ਕਿਲ੍ਹੇ) ਦੀ ਰੰਗਣ ਤੇ ਚਿਹਨ-ਚਕ੍ਰ ਸੰਸਾਰਕ ਚਤੁਰਾਈ ਹੈ ।
੧੪ ਪਰ ਇਕ ਨਿੱਕੀ ਜਿਹੀ ਬੂੰਦ ਪੈਣ ਨਾਲ ਜਾਂ ਪਵਨ (ਹਵਾ) ਦੇ ਚੱਲਣ ਨਾਲ ਉਸ ਕਾਗਜ਼ ਦੇ ਕਿਲ੍ਹੇ ਦੀ ਸਾਰੀ ਸੋਭਾ ਮਾਰੀ ਜਾਂਦੀ ਹੈ ।
੧੫ ਕੰਢੇ ਕੋਲ । ਨਦੀ ਕਿਨਾਰੇ ਤੇ ਤਰਵਰ (ਰੁੱਖ) ਹੋਵੇ ਜਾਂ ਘਰ ਹੋਵੇ ਤੇ ਉਸ ਘਰ ਵਿੱਚ ਸਪਣੀ ਦਾ ਘਰ ਹੋਵੇ ।
੧੬ ਜਦ ਨਦੀ ਉਲਟ ਕੇ ਪੈ ਜਾਵੇ, ਤਾਂ ਉਹ ਘਰ ਜਾਂ ਬ੍ਰਿਛ ਕਿਥੇ ਰਹਿੰਦਾ ਹੈ ? (ਭਾਵ ਪੁਟਿਆ ਜਾਂਦਾ ਹੈ) ਅਤੇ ਸੱਪਣੀ ਬੇਘਰ ਹੋ ਕੇ ਮਨੁੱਖ ਨੂੰ ਆ ਡੱਸਦੀ ਹੈ । ਇਹ ਸੱਪਣੀ ਮਨ ਵਿੱਚ ਦ੍ਵੈਤ-ਭਾਵ ਜਾਂ ਮਾਇਆ ਹੈ । ਭਾਵ ਸਾਡਾ ਸਰੀਰ ਮੌਤ ਦੇ ਕੋਲ ਹੀ ਰਹਿੰਦਾ ਹੈ । ਇਸ ਨੂੰ ਹਰ ਵੇਲੇ ਮੌਤ ਦਾ ਡਰ ਹੈ । ਸਰਪਨਿ ਘਰੁ ਘਰ ਮਾਹੀ=ਦਿਲ ਵਿੱਚ ਵਸਦਾ ਦ੍ਵੈਤ ਭਾਵ । ਮੌਤ ਦੇ ਡਰ ਨਾਲ ਮਨੁੱਖ ਦ੍ਵੈਤ ਭਾਵ ਦੇ ਵੱਸ ਹੋ ਜਾਂਦਾ ਹੈ । ਇਹ ਹੈ ਸੱਪਣੀ ਦਾ ਡੱਸਣਾ। ਇਸ ਦਾ ਇਲਾਜ ਹੈ : ਗੁਰੂ ਦਾ ਗਿਆਨ ।
੧੭ ਮੰਤ੍ਰ ਜਿਸ ਨਾਲ ਸੱਪ ਦੀ ਵਿਹੁ ਲਹਿ ਜਾਂਦੀ ਹੈ।
੧੮ ਮਾਇਆ ਦੀ ਜ਼ਹਿਰ ।
੧੯ ਸਾੜੀ ।
੨੦ ਬਰਫ਼-ਵਤ ਠੰਢੇ ।
੨੧ ਮੰਗਦੀ ਹੈ ।
੨੨ ਧੰਧੇ ਵਿੱਚ ਫਸੀ ਲੁਕਾਈ ਅੰਨ੍ਹੀ ਹੋਈ-ਹੋਈ ਹੈ।
੨੩ [ਸੰ. ਬੱਧਕ] ਕੈਦੀਆਂ ਵਾਲੇ ਕਰਮ ਕਰਦਾ ਹੈ (ਮਨ ਜੋ ਆਜ਼ਾਦ ਨਹੀਂ) ।
੨੪ ਗੁਰੂ ਮਾਲਕ ।
੨੫ ਪਪੀਹਾ ਤੇ ਮੱਛੀ ।
੨੬ ਹਿਰਨ ਆਵਾਜ਼ (ਨਾਦ) ਨਾਲ ਸੁਖ ਪਾਂਦੇ ਹਨ।
੨੭ ਪ੍ਰੀਤ ਉਹ ਹੈ ਜੋ ਤੈਨੂੰ ਭਾਵੇ ।
੨੮ ਰੁੱਖਾਂ-ਬਿਰਖਾਂ (ਭਾਵ ਜੰਗਲਾਂ) ਵਿੱਚ ਉਡ ਕੇ ਜਾਂਦਾ ਹਾਂ, ਫਿਰ ਭੀ ਭੁੱਖਾ ਹੀ ਰਹਿੰਦਾ ਹਾਂ, ਰੱਜਦਾ ਤਾਂ ਹੀ ਹਾਂ ਜਦ ਪਰੇਮ ਨਾਲ ਨਾਮ ਅੰਮ੍ਰਿਤ ਪੀਂਦਾ ਹਾਂ।
੨੯ ਪ੍ਰੇਮ ਨਾਲ ।
੩੦ ਅੱਖਾਂ ।
੩੧ ਜੀਭ । ਅੱਖਾਂ ਦੀ ਟਿਕਟਿਕੀ ਬੱਝੀ ਹੋਈ ਹੈ, ਜੀਭ ਵਿਲ੍ਹਕ ਰਹੀ ਹੈ, ਦਰਸ਼ਨ ਦੀ ਪਿਆਸ ਦੂਰ ਕਰਨ ਲਈ ।
੩੨ ਤਪਦਾ ਹੈ ।
੩੩ ਕੱਪੜੇ ਅੰਗ ਨੂੰ ਨਹੀਂ ਸੁਖਾਂਦੇ ।
੩੪ ਸੁਤੇ-ਸਿਧ ਹੀ ।

* ਹਰੀ ਦੇ ਦਰਸ਼ਨਾਂ ਦੀ ਪਿਆਸ ਨਾਮ ਨਾਲ ਹੀ ਬੁੱਝ ਸਕਦੀ ਹੈ ।

ਨਾਹੀ ॥ ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ[੧] ਢਰਿ ਪਾਂਹੀ ॥
੧ ॥ ਇਸੁ ਤਨ ਧਨ ਕਾ ਕਹਹੁ ਗਰਬੁ[੨] ਕੈਸਾ ॥ ਬਿਨਸਤ ਬਾਰ[੩] ਨ ਲਾਗੈ
ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥ ੧ ॥ ਰਹਾਉ ॥ [੪]ਜੈ ਜਗਦੀਸ ਪ੍ਰਭੂ
ਰਖਵਾਰੇ ਰਾਖੈ ਪਰਖੈ ਸੋਈ ॥ [੫]ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ[੬] ਅਵਰੁ
ਨ ਕੋਈ ॥ ੨ ॥ [੭]ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ
ਅੰਜਨੁ[੮] ॥ [੯]ਅਮਰੁ ਅਨਾਥ ਸਰਬ ਸਿਰਿ ਮੋਰਾ [੧੦]ਕਾਲ ਬਿਕਾਲ ਭਰਮ ਭੈ
ਖੰਜਨੁ[੧੧] ॥ ੩ ॥ [੧੨]ਕਾਗਦ ਕੋਟੁ ਇਹੁ ਜਗੁ ਹੈ ਬਪੁਰੋ [੧੩]ਰੰਗਨਿ ਚਿਹਨ
ਚਤੁਰਾਈ ॥ [੧੪]ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ ॥
੪ ॥ ਨਦੀ ਉਪਕੰਠਿ[੧੫] ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥
[੧੬]ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥ ੫ ॥
ਗਾਰੁੜ[੧੭] ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ[੧੮] ਗੁਰਮਤਿ
ਜਾਰੀ[੧੯] ॥ ਮਨ ਤਨ ਹੇਂਵ[੨੦] ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥
੬ ॥ ਜੇਤੀ ਹੈ ਤੇਤੀ ਤੁਧੁ ਜਾਚੈ[੨੧] ਤੂ ਸਰਬ ਜੀਆਂ ਦਇਆਲਾ ॥ ਤੁਮ੍ਰੀ
ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥ ੭ ॥ [੨੨]ਬਾਧੀ ਧੰਧਿ ਅੰਧ
ਨਹੀ ਸੂਝੈ [੨੩]ਬਧਿਕ ਕਰਮ ਕਮਾਵੈ ॥ ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ
ਮਨਿ ਗਿਆਨੁ ਸਮਾਵੈ ॥ ੮ ॥ ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ
ਗੁਰੁ ਅਪਨਾ ॥ ਨਾਨਕ ਸੋ ਪ੍ਰਭੁ ਪ੍ਰਭੂ[੨੪] ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥
੯ ॥ ੨ ॥ ਮਲਾਰ ਮਹਲਾ ੧* ॥ [੨੫]ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ
[੨੬]ਸਾਰਿੰਗ ਸਬਦਿ ਸੁਹਾਈ ॥ ੧ ॥ ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥ ੧ ॥
ਰਹਾਉ ॥ ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ [੨੭]ਜੋ ਤੈ ਭਾਵੈ ਸਾਈ ॥ ੨ ॥
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥ ੩ ॥ [੨੮]ਰੂਖੀ
ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ[੨੯] ॥ ੪ ॥ ਲੋਚਨ[੩੦] ਤਾਰ ਲਲਤਾ[੩੧]
ਬਿਲਲਾਤੀ ਦਰਸਨ ਪਿਆਸ ਰਜਾਈ ॥ ੫ ॥ ਪ੍ਰਿਅ ਬਿਨੁ ਸੀਗਾਰੁ ਕਰੀ
ਤੇਤਾ ਤਨੁ ਤਾਪੈ[੩੨] [੩੩]ਕਾਪਰੁ ਅੰਗਿ ਨ ਸੁਹਾਈ ॥ ੬ ॥ ਅਪਨੇ ਪਿਆਰੇ ਬਿਨੁ
ਇਕੁ ਖਿਨੁ ਰਹਿ ਨ ਸਕੰਉ ਬਿਨ ਮਿਲੇ ਨੀਂਦ ਨ ਪਾਈ ॥ ੭ ॥
ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥ ੮ ॥ ਸਹਜਿ[੩੪]
ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥ ੯ ॥
ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥ ੧੦ ॥ ੩ ॥

੧ ਬੱਦਲ, ਗੁਰੂ ਉਪਦੇਸ਼ । ਗੁਰੂ 'ਗੋਬਿੰਦ ਗੋਬਿੰਦ' ਰੂਪ ਸ਼ਬਦ ਉਚਾਰਦਾ ਹੈ ਅਤੇ ਇਸ ਤਰ੍ਹਾਂ ਗੁਣ ਗਾਂਦਿਆਂ ਸੁਖ ਚੈਨ ਮਿਲਦਾ ਹੈ (ਜਿਵੇਂ ਬੱਦਲ ਤੋਂ ਧਰਤੀ ਨੂੰ ਆਰਾਮ ਮਿਲਦਾ ਹੈ) ।

੨ ਰਸਦਾਇਕ ਬਚਨ ਮਾਨੋ ਅਨਹਤ ਧੁਨੀ ਹਨ । ਦੇਖੋ ਪੰਨਾ ੧੧੩੭, ਨੋਟ ੨੧ ।

੩ ਰਾਹੀ । ਪਿਆਸੇ ਰਾਹੀ ਦਾ ਚਿਤ ਸਰੋਵਰ ਵੱਲ ਆਤਮ ਜਲ ਲੈਣ ਲਈ ਹੈ ।

੪ ਦੇਂਦਾ ਹੈ ।

੫ ਹੇ ਬੇਖਸਮਿਆਂ ਦੇ ਸਹਾਈ !

੬ ਦੂਰ ਕਰਨ ਵਾਲੇ ।

੭ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਸਮਥ' ਹੈ ।

੮ ਮੇਰੇ 'ਤੇ ਕਿਰਪਾ ਕਰ ।

੯ ਸੰਸਾਰ ਅਤੀ ਡਰਾਉਣੇ ਹਨੇਰੇ ਖੂਹ ਵਾਕੁਰ ਹੈ; ਇਸ ਤੋਂ ਪਾਰ ਕਰ ।

੧੦ ਸੂਰਜ ਚੜ੍ਹਨ ਨਾਲ ।

੧੧ ਪੈਰੀਂ ।

੧੨ ਸਹਾਇਤਾ ਕਰਨ ਵਾਲਾ । ਸਹਾਇਕ ਪਤੀ ਦਾ ਪ੍ਰੇਮ ਚੰਗਾ ਲਗਦਾ ਹੈ ।

੧੩ ਤਿਹਾਈ ਹਾਂ ।

੧੪ ਕੰਵਲ ਤਲਾਅ ਵਿੱਚ ਹੈ ਅਤੇ ਸੂਰਜ ਦੀ ਕਿਰਣ ਅਸਮਾਨ ਵਿੱਚ ਹੈ, ਫਿਰ ਭੀ ਉਸ ਦੇ ਪੈਣ ਨਾਲ ਕੰਵਲ ਸੁਤੇ-ਸਿੱਧ ਹੀ ਖਿੜ ਪੈਂਦਾ ਹੈ ।

੧੫ ਦਿਲ ਦੀ ।

੧੬ ਦੇਖੋ ਪੰਨਾ ੧੧੧੭, ਨੋਟ ੧੭ ।

੧੭ ਬੋਲਦਾ ਹੈ ।

੧੮ ਤਰਲੇ ਲੈ ਕੇ ਵਿਰਲਾਪ ਕਰਦਾ ਹੈ ।

੧੯ ਬੱਦਲ ਗੱਜਦਾ ਹੋਇਆ ਸਾਰੇ ਪਾਸੇ ਪਿਆ ਵਰ੍ਹਦਾ ਹੈ, ਪਰ ਪਪੀਹੇ ਦੀ ਪਿਆਸ ਸਵਾਂਤੀ ਬੂੰਦ ਬਿਨਾਂ ਨਹੀਂ ਦੂਰ ਹੁੰਦੀ (ਇਸ ਤਰ੍ਹਾਂ ਗੁਰੂ ਸਾਰਿਆਂ ਨੂੰ ਮਿਹਰ ਕਰਦਾ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਪਦਾਰਥ ਬਖ਼ਸ਼ਦਾ ਹੈ, ਪਰ ਭਗਤਾਂ ਨੂੰ ਤਾਂ ਸ਼ਾਂਤੀ ਤਦ ਆਉਂਦੀ ਹੈ ਜਦ ਨਾਮ ਪਦਾਰਥ ਦੀ ਦਾਤ ਮਿਲਦੀ ਹੈ) ।

੨੦ ਮੱਛੀ ।

੨੧ ਪਿਛਲੇ ਕਰਮਾਂ ਅਨੁਸਾਰ ਉਸ ਦਾ ਦੁੱਖ ਸੁਖ ਪਾਣੀ ਵਿੱਚ ਹੀ ਹੈ ।

੨੨ ਇਸਤ੍ਰੀ ਪ੍ਰਦੇਸਨ ਹੋ ਵਿਛੜੀ ਹੈ ਤੇ ਪਤੀ ਦੇਸ਼ ਵਿੱਚ ਵੱਸ ਰਿਹਾ ਹੈ; ਗੁਰੂ ਦੀ ਰਾਹੀਂ ਉਸ ਨੂੰ ਇਸਤ੍ਰੀ ਸੁਨੇਹਾ (ਸ਼ਬਦ) ਭੇਜਦੀ ਹੈ, ਗੁਣਾਂ ਨੂੰ ਇਕੱਠੇ ਕਰਦੀ ਹੈ, ਤਾਂ ਉਹ ਰਿਦੇ ਵਿੱਚ ਵਸ ਪੈਂਦਾ ਹੈ ।

੨੩ ਖਿੜ ਜਾਂਦੀ ਹੈ ।

੨੪ ਸਾਰੀ ਸ੍ਰਿਸ਼ਟੀ ਜਿਤਨੀ ਹੈ ।

੨੫ ਗੁਰੂ ਮਿਹਰ ਕਰ ਕੇ ਆਪਣੇ ਨਾਲ ਮੇਲ ਕੇ ਹਰੀ ਨਾਲ ਮਿਲਾ ਦਿੰਦਾ ਹੈ ।

੨੬ ਗੁਰੂ ਦੀ ਕਿਰਪਾ ਨਾਲ ਹਰੀ ਵਿੱਚੋਂ ਹੀ ਪ੍ਰਤੱਖ ਹੋ ਪਿਆ ਅਤੇ ਮਨੁੱਖ ਸੁਤੇ-ਸਿਧ ਹੀ ਪੂਰਨ ਅਡੋਲ ਅਵਸਥਾ ਵਿੱਚ ਸਮਾਅ ਗਿਆ ।

੨੭ ਹੇ ਧਰਤੀ ਦੇ ਮਾਲਕ !

੨੮ ਗਿਆਨ ਵਿੱਚ ਜਾਗਣ ਵਾਲਾ ਗੁਰ-ਸੇਵਾ ਦੇ ਰਾਹੀਂ ਜਾਗਦਾ ਰਹਿੰਦਾ ਹੈ, ਹਰੀ ਤੋਂ ਬਿਨਾਂ ਮੇਰਾ ਕੋਈ ਨਹੀਂ ।

* ਜਗਿਆਸੂ ਮੁਸਾਫ਼ਿਰ ਦਾ ਦਿਲ ਆਤਮਾ ਨੂੰ ਸੁਖ ਦੇਣ ਵਾਲਾ ਨਾਮ ਰੂਪ ਜਲ ਚਾਹੁੰਦਾ ਹੈ, ਉਹ ਗੁਰ-ਸ਼ਬਦ ਰਾਹੀਂ ਗੁਣ ਗਾਉਣ ਨਾਲ ਮਿਲਦਾ ਹੈ ।

† ਅੰਤ ਕਿਰਪਾ ਲਈ, ਸਨਮੁਖ ਬੇਨਤੀ ਕਰਦੇ ਹਨ ।

‡ ਚਕਵੀ ਤੇ ਕਮਲ ਦਾ ਸੂਰਜ ਲਈ, ਚਾਤ੍ਰਿਕ ਦਾ ਸਵਾਂਤੀ ਬੂੰਦ ਲਈ, ਮੱਛੀ ਦਾ ਜਲ ਲਈ ਅਤੇ ਇਸਤ੍ਰੀ ਦਾ ਪਤੀ ਲਈ ਤਰਸੇਵਾਂ ਲੈ ਕੇ ਜੀਵ ਦਾ ਹਰੀ ਲਈ ਪਿਆਰ ਦਰਸਾਂਦੇ ਹਨ ਅਤੇ ਕਹਿੰਦੇ ਹਨ ਕਿ ਜੇ ਗੁਰੂ ਦੀ ਮਿਹਰ ਢੂੰਡੀਏ ਤਾਂ ਹਰੀ ਜੀਵ ਦੇ ਨਾਲ ਹੀ ਵਸਦਾ ਦਿਸ ਪੈਂਦਾ ਹੈ ।

§ ਮਨੁੱਖ ਦਾ ਤਨ, ਧਨ, ਬਲਕਿ ਸਾਰਾ ਸੰਸਾਰ ਪਸਾਰਾ ਇਉਂ ਨਾਸਮਾਨ ਹੈ, ਜਿਵੇਂ ਕਾਗਜ਼ ਦਾ ਕਿਲ੍ਹਾ, ਪਾਣੀ ਦੀ ਬੂੰਦ ਜਾਂ ਹਵਾ ਦੇ ਬੁੱਲੇ ਦੇ ਸਾਹਮਣੇ ਜਾਂ ਨਦੀ ਕਿਨਾਰੇ ਖੜਾ ਬਿਰਛ ਜਾਂ ਸੱਪ ਦੀ ਖੁੱਡ ਜੋ ਦਰਿਆ ਦੇ ਵਾਹ ਬਦਲਣ ਨਾਲ ਝੱਟ ਢਹਿ-ਢੇਰੀ ਹੋ ਜਾਂਦੀ ਹੈ । ਬਚਾਉ ਕੇਵਲ ਗੁਰੂ ਦੀ ਸ਼ਰਨ ਵਿੱਚ ਹੈ, ਜੋ ਹਰੀ ਦੀ ਭਗਤੀ ਤੇ ਸੱਚ ਦੀ ਰਹਿਣੀ ਦੇ ਕੇ ਸਾਰੇ ਜੀਵਨ ਨੂੰ ਅਟੱਲ ਬਣਾ ਦਿੰਦਾ ਹੈ ।

ਕੈ ਚਰਨ ਲਾਗਿ ॥ ਨਾਨਕ ਗਾਵੈ ਗੋਬਿੰਦ ਨੀਤ ॥ ੨ ॥ ੬ ॥ ੨੮ ॥ ਮਲਾਰ ਮਹਲਾ ੫* ॥ ਘਨੁ[੧] ਗਰਜਤ ਗੋਬਿੰਦ ਰੂਪ ॥ ਗੁਨ ਗਾਵਤ ਸੁਖ ਚੈਨ ॥ ੧ ॥ ਰਹਾਉ ॥ ਹਰਿ ਚਰਨ ਸਰਨ ਤਰਨ ਸਾਗਰ [੨]ਧੁਨਿ ਅਨਹਤਾ ਰਸ ਬੈਨ ॥ ੧ ॥ ਪਥਿਕ[੩] ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥ ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ[੪] ॥ ੨ ॥ ੭ ॥ ੨੯ ॥ ਮਲਾਰ ਮਹਲਾ ੫† ॥ ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥ ੧ ॥ ਰਹਾਉ ॥ ਪ੍ਰਾਨ ਨਾਥ [੫]ਅਨਾਥ ਸਖੇ ਦੀਨ ਦਰਦ ਨਿਵਾਰ[੬] ॥ ੧ ॥ ਹੇ ਸੰਮ੍ਰਥ[੭] ਅਗਮ ਪੂਰਨ [੮]ਮੋਹਿ ਮਇਆ ਧਾਰਿ ॥ ੨ ॥ [੯]ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥ ੩ ॥ ੮ ॥ ੩੦ ॥

ਮਲਾਰ ਮਹਲਾ ੧ ਅਸਟਪਦੀਆ ਘਰੁ ੧ ੴ ਸਤਿਗੁਰ ਪ੍ਰਸਾਦਿ ॥

‡ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ ॥ [੧੦]ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ[੧੧] ॥ ੧ ॥ ਪਿਰ ਭਾਵੈ ਪ੍ਰੇਮੁ ਸਖਾਈ[੧੨] ॥ ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ[੧੩] ॥ ੧ ॥ ਰਹਾਉ ॥ [੧੪]ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ ॥ ਪ੍ਰੀਤਮ ਪ੍ਰੀਤਿ ਬਨੀ ਅਭ[੧੫] ਐਸੀ ਜੋਤੀ ਜੋਤਿ ਮਿਲਾਈ ॥ ੨ ॥ ਚਾਤ੍ਰਿਕੁ[੧੬] ਜਲ ਬਿਨੁ ਪ੍ਰਿਉ ਪ੍ਰਿਉ ਟੇਰੈ[੧੭] [੧੮]ਬਿਲਪ ਕਰੈ ਬਿਲਲਾਈ ॥ [੧੯]ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥ ੩ ॥ ਮੀਨ[੨੦] ਨਿਵਾਸ ਉਪਜੈ ਜਲ ਹੀ ਤੇ [੨੧]ਸੁਖ ਦੁਖ ਪੁਰਬਿ ਕਮਾਈ ॥ ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ ॥ ੪ ॥ [੨੨]ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ ॥ ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ[੨੩] ॥੫ ॥ ਪ੍ਰਿਉ ਪ੍ਰਿਉ ਕਰੈ [੨੪]ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ ॥ ਪ੍ਰਿਉ ਨਾਲੇ ਸਦ ਹੀ ਸਚਿ ਸੰਗੇ [੨੫]ਨਦਰੀ ਮੇਲਿ ਮਿਲਾਈ ॥ ੬ ॥ ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥ [੨੬]ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥ ੭ ॥ ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈਂ[੨੭] ॥ ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥ ੮ ॥ ੧ ॥ ਮਲਾਰ ਮਹਲਾ ੧§ ॥ [੨੮]ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ

੧ ਮਨ ਦੌੜਦੇ ਨੂੰ ਟਿਕਾਇਆ ਹੈ ।
੨ ਆਪਾ, ਹਉਮੈ ।
੩ ਢੋਲ ਦੀ ਕਿਸਮ ਦਾ ਇਕ ਵਾਜਾ । ਮ੍ਰਿਦੰਗ ਆਦਿ ਵਾਜੇ ਅਨਾਹਤ ਰੂਪ ਹੋ ਕੇ ਵਜਦੇ ਹਨ। ਦੇਖੋ ਪੰਨਾ ੧੧੩੭, ਨੋਟ ੨੧ ।
੪ ਕੋਇਲ (ਜ਼ਬਾਨ-ਰੂਪ) ।
੫ ਮਿੱਠੇ ਬਚਨ ।
੬ ਸੁੰਦਰ ।
੭ (ਉਹ ਦਰਸ਼ਨ) ਜੋ ਸਫ਼ਲ ਹੋ ਕੇ ਰਹੇ ।
੮ ਸੰਸਾਰ-ਸਾਗਰ ਤੋਂ ਤਾਰਨ ਵਾਲਾ ਨਾਮ ।
੯ ਉਚਾਰ ਕੇ ।
੧੦ ਮਾਲਾ । ਰਾਮ ਰਾਮ ਰਮਣ (ਸਿਮਰਨ) ਰੂਪ ਮਾਲਾ ਮਨ ਦੁਆਰਾ ਫੇਰਦੇ ਹਨ ਹਰੀ-ਸੰਗ ਦੇ ਸੰਗੀਆਂ ਨਾਲ ।
੧੧ ਮਨ ਘਣੇ ਜੰਗਲਾਂ ਵਿੱਚ ਭਰਮਦਾ ਹੈ (ਲੰਘਦਾ ਹੈ) ਉਤਸ਼ਾਹ ਨਾਲ ।
੧੨ ਚਾਹ ਨਾਲ ਤੇ ਤਰਸੇਵੇਂ ਨਾਲ ਚਲਦਾ ਹੈ । 'ਉਮਗਿ ਹੀਉ ਤਰਸਨਾ' (ਕਾਨੜਾ ਮ: ੫, ਪੰਨਾ ੧੩੦੫) ।
੧੩ ਪ੍ਰਭੂ ਦੇ ਮਿਲਣ ਦੀ ਚਾਹ ਜੁ ਹੋਈ ।
੧੪ ਤ੍ਰੈ-ਗੁਣਾਂ ਵਾਲੀ ਮਾਇਆ ਮੋਹਣ ਲਈ ਆਂਵਦੀ ਹੈ। ਦੇਖੋ ਪੰਨਾ ੧੧੧੯, ਫੁਟ ਨੋਟ ‡ ।
੧੫ ਕਿਸ ਨੂੰ ਆਪਣਾ ਦੁੱਖ ਦੱਸਾਂ ?
੧੬ ਹੋਰ ਇਲਾਜ ਮੈਂ ਸਾਰੇ ਕੀਤੇ, ਪਰ ਉਹ ਦੁੱਖ ਨਹੀਂ ਉਤਾਰ ਸਕਦੇ ।
੧੭ ਚੰਗੀ ।
੧੮ ਹਾਹਾ-ਹੂਹੂ ਇਕ ਪ੍ਰਕਾਰ ਦੇ ਗੰਧਰਬ (ਗਵੱਯੇ ਸੁਰਗ ਦੇ) ਹਨ ।
੧੯ [ਸੰ. ਅਪਸਰਸ=ਪਾਣੀ 'ਚੋਂ ਨਿਕਲਣ ਵਾਲੀ] ਸੁਰਗਾਂ ਦੀਆਂ ਮੋਹਣੀਆਂ ।
੨੦ ਇਨ੍ਹਾਂ ਦਾ ਗਾਵਣਾ ਸੋਹਣਾ ਹੈ ।
੨੧ ਸੁੰਦਰ ਰਾਗਾਂ ਦੀਆਂ ਸੁਰਾਂ ਉਚਾਰਦੇ ਹਨ । ਗੁਣਾਂ ਦੇ ਗਿਆਤਾ ਅਤੇ ਅਨੇਕ ਰੂਪ ਦਿਖਾ ਰਹੇ ਹਨ।
੨੨ ਪਹਾੜਾਂ ਵਿੱਚ, ਰੁੱਖਾਂ ਵਿੱਚ, ਸੁੱਕੀ ਧਰਤੀ ਤੇ ਸਮੁੰਦਰਾਂ ਵਿੱਚ ਤੇ ਭਵਨਾਂ ਵਿੱਚ ਭਰਪੂਰ ਹੈ ।
੨੩ ਲਾਲ (ਪਿਆਰੇ) ਦੀ ਸ਼ੋਭਾ ਸਭ ਥਾਂ ਛਾਈ ਹੈ।
੨੪ ਸ਼ਰਧਾ, ਨੀਅਤ ।
੨੫ ਪਿਆਰੇ ਗੁਰੂ ਦੀ ਪ੍ਰੀਤ ਦੁਆਰਾ ਹਰੀ ਦੇ ਪਵਿੱਤਰ ਚਰਨ ਦਿਲ ਵਿੱਚ ਸਮਾਅ ਲਏ ।
੨੬ ਗੁਰੂ ਦਰਸ਼ਨ ਸਫ਼ਲ ਹੋਇਆ (ਕਿਉਂਕਿ ਇਸ ਦਰਸ਼ਨ ਦੁਆਰਾ) ਹਰੀ ਦਾ ਦਰਸ਼ਨ ਦੇਖਿਆ।
੨੭ ਪਾਪ ।
੨੮ ਚਾਨਣ !
੨੯ ਪੂਰਨ ਅਨੰਦ ਵਿੱਚ ਹੋ ਗਈ ।
੩੦ ਕ੍ਰੋੜਾਂ ਪਾਪ ਦੂਰ ਹੁੰਦੇ ਹਨ ਨਾਮ ਲੈਣ ਨਾਲ ।
੩੧ ਮੱਥਾ ਧਰ ਕੇ ਡਿੱਗ ਪਈ ।
੩੨ ਹੁਕਮ ਵਿੱਚ ਅਨੰਦ ਸਹਿਤ ਵਸ, ਹੇ ਬੱਦਲ ! ਤਾਂ ਕਿ ਹਰ ਤਰ੍ਹਾਂ ਦੀ ਖੁਸ਼ੀ ਅਤੇ ਭਾਗ ਪ੍ਰਾਪਤ ਹੋਣ।
੩੩ ਜਿਵੇਂ ਧਰਤੀ ਮੀਂਹ ਵੱਸਣ ਨਾਲ ਸੁਹਾਗਣ ਹੁੰਦੀ ਹੈ, ਤਿਵੇਂ ਸੰਤਾਂ ਦੇ ਸੰਗ ਨਾਲ ਮਨ ਪ੍ਰਫੁੱਲਤ ਹੁੰਦਾ ਹੈ ।
੩੪ ਮੋਰ ਦੀ ਪ੍ਰੀਤ ਬੱਦਲ ਗੱਜਣ ਨਾਲ ਹੈ ।
੩੫ ਵੱਲ, ਤਰਫ਼, ਪਪੀਹੇ ਦਾ ਦਿਲ ਸ੍ਵਾਂਤ ਬੂੰਦ ਵੱਲ ਹੁੰਦਾ ਹੈ । ਦੇਖੋ ਪੰਨਾ ੧੧੧੭, ਨੋਟ ੧੭ ।
੩੬ ਠੱਗੀ । ਤਿਵੇਂ ਹੀ ਮਨ ਹਰੀ ਨਾਲ ਮੋਹਿਆ ਗਿਆ ਹੈ ਅਤੇ ਮਾਇਆ ਦਾ ਛਲ ਛੱਡ ਕੇ ਸੰਤਾਂ ਨੂੰ ਮਿਲ ਕੇ ਜਾਗ ਪਿਆ ਹੈ ।
੩੭ ਇਕ-ਰਸ ਹੋ ਕੇ ।
੩੮ ਮਾਇਆ ਦੇ ਵੇੜ੍ਹ, ਧੋਖੇ ।

* ਜੇ ਹਰੀ ਦੇ ਮਿਲਣ ਦੀ ਚਾਹ ਹੈ, ਤਾਂ ਹੋਰ ਉਪਾਵ (ਸਾਧਨ) ਛੱਡ ਕੇ ਕੇਵਲ ਸਾਧ-ਸੰਗ ਦੀ ਰਾਹੀਂ ਹਰੀ ਦੇ ਗੁਣ ਗਾਓ ।

† ਹਰੀ ਪਿਆਰੇ ਦੀ ਸੋਭਾ ਬਹੁਤ ਸੁੰਦਰ ਹੈ ਅਤੇ ਹਰ ਥਾਂ ਸਮਾਈ ਹੋਈ ਹੈ । ਜੇ ਭਾਵਨੀ ਸ਼ੁੱਧ ਹੋਵੇ ਤਾਂ ਉਸ ਅਪਾਰ ਸੋਭਾ ਦਾ ਰਸ ਸਾਧ-ਸੰਗਤਿ ਰਾਹੀਂ ਮਿਲ ਸਕਦਾ ਹੈ ।

‡ ਗੁਰੂ ਦੀ ਪ੍ਰੀਤ ਰਾਹੀਂ ਹਰੀ ਦੀ ਪ੍ਰੀਤ ਅਤੇ ਗੁਰ-ਦਰਸ਼ਨਾਂ ਰਾਹੀਂ ਹਰੀ ਦੇ ਦਰਸ਼ਨ ਮਿਲਦੇ ਹਨ, ਮਨ ਨਿਰਮਲ ਹੋ ਕੇ ਪਾਪ ਦੂਰ ਹੁੰਦੇ ਅਤੇ ਹਰੀ ਨਾਲ ਮੇਲ ਪ੍ਰਾਪਤ ਹੁੰਦਾਂ ਹੈ ।

§ ਜਿਵੇਂ ਮੀਂਹ ਵਰ੍ਹਣ ਨਾਲ ਧਰਤੀ ਮੌਲਦੀ ਹੈ, ਜਿਵੇਂ ਬੱਦਲ ਗੱਜਣ ਨਾਲ ਮੋਰ ਖੁਸ਼ ਹੁੰਦਾ ਹੈ ਅਤੇ ਪਪੀਹਾ ਸ੍ਵਾਂਤੀ ਬੂੰਦ ਵੱਲ ਤੱਕਦਾ ਰਹਿੰਦਾ ਹੈ, ਇਸੇ ਤਰ੍ਹਾਂ ਭਗਤਾਂ ਦਾ ਮਨ ਸੰਤਾਂ ਦੀ ਸੰਗਤ ਮਿਲਣ ਨਾਲ ਹਰੀ ਦੇ ਪ੍ਰੇਮ ਵਿੱਚ ਜਾਗ ਉਠਦਾ ਹੈ ।

¶ ਸਾਧ-ਜਨਾਂ ਦੇ ਲੜ ਲੱਗ ਕੇ ਹਰੀ ਦਾ ਜਸ ਗਾਉਣਾ ਮਿਲਦਾ ਹੈ ।

[੧]ਧਾਵਤੋ ਅਸਥਿਰੁ ਥੀਆ ॥ ੧ ॥ ਰਹਾਉ ॥ ਐਸੇ ਰੇ ਮਨ ਪਾਇ ਕੈ ਆਪੁ[੨]
ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥ ਬਾਜੇ ਬਜਹਿ ਮ੍ਰਿਦੰਗ[੩] ਅਨਾਹਦ
ਕੋਕਿਲ[੪] ਰੀ ਰਾਮ ਨਾਮੁ ਬੋਲੈ [੫]ਮਧੁਰ ਬੈਨ ਅਤਿ ਸੁਹੀਆ[੬] ॥ ੧ ॥ ਐਸੀ ਤੇਰੇ
ਦਰਸਨ ਕੀ ਸੋਭ ਅਤਿ ਅਪਾਰ ਪ੍ਰਿਅ ਅਮੋਘ[੭] ਤੈਸੇ ਹੀ ਸੰਗਿ ਸੰਤ ਬਨੇ ॥
[੮]ਭਵ ਉਤਾਰ ਨਾਮ ਭਨੇ[੯] ॥ ਰਮ ਰਾਮ ਰਾਮ ਮਾਲ[੧੦] ॥ ਮਨਿ ਫੇਰਤੇ ਹਰਿ
ਸੰਗਿ ਸੰਗੀਆ ॥ ਜਨ ਨਾਨਕ ਪ੍ਰਿਉ ਪ੍ਰੀਤਮੁ ਥੀਆ ॥ ੨ ॥ ੧ ॥ ੨੩ ॥
ਮਲਾਰ ਮਹਲਾ ੫☼ ॥ [੧੧]ਮਨੁ ਘਨੈ ਭ੍ਰਮੈ ਬਨੈ ॥ [੧੨]ਉਮਕਿ ਤਰਸਿ ਚਾਲੈ ॥
[੧੩]ਪ੍ਰਭ ਮਿਲਬੇ ਕੀ ਚਾਹ ॥ ੧ ॥ ਰਹਾਉ ॥ [੧੪]ਤ੍ਰੈ ਗੁਨ ਮਾਈ ਮੋਹਿ ਆਈ
[੧੫]ਕਹੰਉ ਬੇਦਨ ਕਾਹਿ ॥ ੧ ॥ [੧੬]ਆਨ ਉਪਾਵ ਸਗਰ ਕੀਏ ਨਹਿ ਦੂਖ
ਸਾਕਹਿ ਲਾਹਿ ॥ ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥
੨ ॥ ੨ ॥ ੨੪ ॥ ਮਲਾਰ ਮਹਲਾ ੫† ॥ ਪ੍ਰਿਅ ਕੀ ਸੋਭ ਸੁਹਾਵਨੀ ਨੀਕੀ[੧੭] ॥
[੧੮]ਹਾਹਾ ਹੂਹੂ ਗੰਧ੍ਰਬ ਅਪਸਰਾ [੧੯]ਅਨੰਦ ਮੰਗਲ ਰਸ [੨੦]ਗਾਵਨੀ ਨੀਕੀ ॥
੧ ॥ ਰਹਾਉ ॥ [੨੧]ਧੁਨਿਤ ਲਲਿਤ ਗੁਨਗ੍ਯ ਅਨਿਕ ਭਾਂਤਿ ਬਹੁ ਬਿਧਿ ਰੂਪ
ਦਿਖਾਵਨੀ ਨੀਕੀ ॥ ੧ ॥ [੨੨]ਗਿਰਿ ਤਰ ਥਲ ਜਲ ਭਵਨ ਭਰਪੁਰਿ [੨੩]ਘਟਿ
ਘਟਿ ਲਾਲਨ ਛਾਵਨੀ ਨੀਕੀ ॥ ਸਾਧਸੰਗਿ ਰਾਮਈਆ ਰਸੁ ਪਾਇਓ ਨਾਨਕ
ਜਾ ਕੈ ਭਾਵਨੀ[੨੪] ਨੀਕੀ ॥ ੨ ॥ ੩ ॥ ੨੫ ॥ ਮਲਾਰ ਮਹਲਾ ੫‡ ॥ [੨੫]ਗੁਰ
ਪ੍ਰੀਤਿ ਪਿਆਰੇ ਚਰਨ ਕਮਲ ਰਿਦ ਅੰਤਰਿ ਧਾਰੇ ॥੧ ॥ ਰਹਾਉ ॥ [੨੬]ਦਰਸੁ
ਸਫਲਿਓ ਦਰਸੁ ਪੇਖਿਓ ਗਏ ਕਿਲਬਿਖ[੨੭] ਗਏ ॥ ਮਨ ਨਿਰਮਲ
ਉਜੀਆਰੇ[੨੮] ॥ ੧ ॥ [੨੯]ਬਿਸਮ ਬਿਸਮੈ ਬਿਸਮ ਭਈ ॥ [੩੦]ਅਘ ਕੋਟਿ ਹਰਤੇ
ਨਾਮ ਲਈ ॥ ਗੁਰ ਚਰਨ [੩੧]ਮਸਤਕੁ ਡਾਰਿ ਪਹੀ ॥ ਪ੍ਰਭ ਏਕ ਤੂੰ ਹੀ ਏਕ
ਤੁਹੀ ॥ ਭਗਤ ਟੇਕ ਤੁਹਾਰੇ ॥ ਜਨ ਨਾਨਕ ਸਰਨਿ ਦੁਆਰੇ ॥੨ ॥ ੪ ॥ ੨੬ ॥
ਮਲਾਰ ਮਹਲਾ ੫§ ॥ [੩੨]ਬਰਸੁ ਸਰਸੁ ਆਗਿਆ ॥ ਹੋਹਿ ਆਨੰਦ ਸਗਲ
ਭਾਗ ॥ ੧ ॥ ਰਹਾਉ ॥ [੩੩]ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥
੧ ॥ [੩੪]ਘਨ ਘੋਰ ਪ੍ਰੀਤਿ ਮੋਰ ॥ ਚਿਤੁ ਚਾਤ੍ਰਿਕ ਬੂੰਦ ਓਰ[੩੫] ॥ ਐਸੋ ਹਰਿ ਸੰਗੇ
ਮਨ ਮੋਹ ॥ ਤਿਆਗਿ ਮਾਇਆ ਧੋਹ[੩੬] ॥ ਮਿਲਿ ਸੰਤ ਨਾਨਕ ਜਾਗਿਆ ॥
੨ ॥ ੫ ॥ ੨੭ ॥ ਮਲਾਰ ਮਹਲਾ ੫¶ ॥ ਗੁਨ ਗੋਪਾਲ ਗਾਉ ਨੀਤ ॥ ਰਾਮ
ਨਾਮ ਧਾਰਿ ਚੀਤ ॥ ੧ ॥ ਰਹਾਉ ॥ ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ
ਕੈ ਸੰਗਿ ॥ ਹਰਿ ਸਿਮਰਿ [੩੭]ਏਕ ਰੰਗਿ ਮਿਟਿ ਜਾਂਹਿ ਦੋਖ ਮੀਤ ॥ ੧ ॥
ਪਾਰਬ੍ਰਹਮ ਭਏ ਦਇਆਲ ॥ ਬਿਨਸਿ ਗਏ [੩੮]ਬਿਖੈ ਜੰਜਾਲ ॥ ਸਾਧ ਜਨਾਂ

੧ ਲੋਕ, ਪ੍ਰਲੋਕ ਦਾ ।
੨ ਬਿਆਨ ਕਰਦਾ ਹੈਂ ।
੩ ਬੱਦਲ (ਗੁਰੂ-ਉਪਦੇਸ਼) ।
੪ ਰੱਜੇ ।
੫ ਭੈ ਭੰਜਨਹਾਰ ਹਰੀ ਨੇ ਦੁੱਖ ਦੂਰ ਕੀਤਾ ।
੬ ਖ਼ਬਰ ਲਈ, ਸੰਭਾਲਨਾ ਕੀਤੀ ।
੭ ਕਿਰਪਾ ਦ੍ਰਿਸ਼ਟੀ, ਮਿਹਰ ਦੀ ਨਜ਼ਰ ।
੮ ਹਰੀ ਦੇ ।
੯ ਗੁਰੂ ਦੀ ਸ਼ਰਨ ਵਿੱਚ ਸਾਰੇ ਸੁਖਾਂ ਦੇ ਖਜ਼ਾਨੇ ਹਨ। ਨਿਧਾਨ=ਨਿਧੀਆਂ ਦੇ ਘਰ, ਸੁਖਾਂ ਦੇ ਭੰਡਾਰ ।
੧੦ ਮਨ ਇੱਛਤ, ਮਨ ਮੰਗੇ ।
੧੧ ਮੁੜ ਕੇ, ਫੇਰ ।
੧੨ ਗੁਰੂ ਸੱਚੇ ਨਾਮ ਕਰ ਕੇ ਹਰੀ ਦਾ ਰੂਪ ਹੈ; ਭਾਵ ਗੁਰੂ ਸੱਚੇ ਨਾਮ ਦਾ ਅਭਿਆਸ ਕਰ-ਕਰ ਕੇ ਰੱਬ ਨਾਲ ਇਕ-ਮਿਕ ਹੋ ਗਿਆ ਹੁੰਦਾ ਹੈ ।
੧੩ [ਮਨ ਇੰਦ੍ਰਿਆਂ ਦੀ ਰੋਕ ਦੇ ਸਾਧਨ] ਜ਼ਬਤ ਵਾਲੀ ਰਹਿਣੀ; ਰਹਿਣੀ ।
੧੪ ਪਰਤਾਓ ਤਾਲ । ਇਥੇ ਗਾਉਣ ਵਿੱਚ ਮੁੜ-ਮੁੜ ਤਾਲ ਪਰਤਾਇਆ ਜਾਵੇਗਾ ।
੧੫ ਗੁਰਾਂ ਨੂੰ ਮਨਾ ਕੇ, ਹੇ ਸਖੀ ! ਹਰੀ ਦਿਆਲੂ ਨਾਲ ਰੰਗ ਕੀਤਾ ਹੈ । ਰੰਗ=ਮੌਜਾਂ ਜਾਂ ਪਿਆਰ ਦੇ ਚੋਜ ।
੧੬ ਹੇ ਸਖੀ !

* ਹਰੀ ਦੀ ਮਿਹਰ ਦਾ ਧੰਨਵਾਦ ਕਰਦੇ ਹਨ, ਜਿਸ ਨੇ ਗੁਰੂ ਦੀ ਸੇਵਾ ਵਿੱਚ ਲੱਗ ਕੇ ਨਾਮ-ਰਸ ਗ੍ਰਹਿਣ ਕਰਨ ਦਾ ਉੱਦਮ ਦਿੱਤਾ ।

† ਗੁਰੂ ਹਰੀ ਦੇ ਮਿਲਣ ਦਾ ਵਸੀਲਾ ਹੈ ਅਤੇ ਇਥੇ ਸੱਚੀ ਕਰਨੀ ਤੇ ਰਹਿਣੀ ਦਾ ਨਮੂਨਾ ਹੈ, ਇਸ ਲਈ ਹਰੀ ਅੱਗੇ ਅਰਦਾਸ ਕਰਦੇ ਹਨ ਕਿ ਸੱਚੇ ਗੁਰੂ ਦੇ ਚਰਨਾਂ ਵਿੱਚ ਰੱਖ ।

‡ ਗੁਰੂ ਮਨਾ ਕੇ ਹਰੀ ਪਿਆਰਾ ਕਿਵੇਂ ਮਿਲਿਆ ? ਮਨ ਵਿਚੋਂ ਸਾਰੀਆਂ ਮਾੜੀਆਂ ਵਾਸ਼ਨਾਂ ਦੂਰ ਕੀਤੀਆਂ ਅਤੇ ਇਸ ਨੂੰ ਟਿਕਾਅ ਕੇ ਹੋਰ ਸਾਰੇ ਸਾਧਨ ਕੀਤੇ । ਕਿਹੜੇ ? ਸਾਧ ਸੰਗਤ ਕੀਤੀ, ਉਸ ਵਿੱਚ ਬਹਿ ਕੇ ਰਾਮ ਨਾਮ ਜਪਿਆ, ਉਥੇ ਸੰਤਾਂ ਦੇ ਦਰਸ਼ਨ ਵਿੱਚ ਹਰੀ-ਦਰਸ਼ਨਾਂ ਦੀ ਸੋਭਾ ਦੇਖੀ ਅਤੇ ਹਰੀ ਨਾਮ ਨੂੰ ਦਿਲ ਵਿੱਚ ਇਉਂ ਜਪਿਆ ਕਿ ਸਿਮਰਨ ਦੀ ਮਾਲਾ ਬਣ ਗਈ ਅਤੇ ਹਰੀ ਬਹੁਤ ਪਿਆਰਾ ਲੱਗਣ ਲੱਗਾ ।

੨ ॥ ਦੂਖ ਸੁਖ ਕਰਤੇ ਹੁਕਮੁ ਰਜਾਇ ॥ ਭਾਣੈ ਬਖਸ ਭਾਣੈ ਦੇਇ ਸਜਾਇ ॥ [੧]ਦੁਹਾਂ ਸਿਰਿਆਂ ਕਾ ਕਰਤਾ ਆਪਿ ॥ ਕੁਰਬਾਣੁ ਜਾਂਈ ਤੇਰੇ ਪਰਤਾਪ ॥ ੩ ॥ ਤੇਰੀ ਕੀਮਤਿ ਤੂਹੈ ਜਾਣਹਿ ॥ ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ[੨] ॥ ਸੇਈ ਭਗਤ ਜੋ ਤੁਧੁ ਭਾਣੇ ॥ ਨਾਨਕ ਤਿਨ ਕੈ ਸਦ ਕੁਰਬਾਣੇ ॥ ੪ ॥ ੨ ॥ ੨੦ ॥ ਮਲਾਰ ਮਹਲਾ ੫* ॥ ਪਰਮੇਸਰੁ ਹੋਆ ਦਇਆਲੁ ॥ ਮੇਘੁ[੩] ਵਰਸੈ ਅੰਮ੍ਰਿਤ ਧਾਰ ॥ ਸਗਲੇ ਜੀਅ ਜੰਤ ਤ੍ਰਿਪਤਾਸੇ[੪] ॥ ਕਾਰਜ ਆਏ ਪੂਰੇ ਰਾਸੇ ॥ ੧ ॥ ਸਦਾ ਸਦਾ ਮਨ ਨਾਮੁ ਸਮ੍ਹਾਲਿ ॥ ਗੁਰ ਪੂਰੇ ਕੀ ਸੇਵਾ ਪਾਇਆ ਐਥੈ ਓਥੈ ਨਿਬਹੈ ਨਾਲਿ ॥ ੧ ॥ ਰਹਾਉ ॥ [੫]ਦੁਖੁ ਭੰਨਾ ਭੈ ਭੰਜਨਹਾਰ ॥ ਆਪਣਿਆ ਜੀਆ ਕੀ [੬]ਕੀਤੀ ਸਾਰ ॥ ਰਾਖਨਹਾਰ ਸਦਾ ਮਿਹਰਵਾਨ ॥ ਸਦਾ ਸਦਾ ਜਾਈਐ ਕੁਰਬਾਨ ॥ ੨ ॥ ਕਾਲੁ ਗਵਾਇਆ ਕਰਤੈ ਆਪਿ ॥ ਸਦਾ ਸਦਾ ਮਨ ਤਿਸ ਨੋ ਜਾਪਿ ॥ ਦ੍ਰਿਸਟਿ[੭] ਧਾਰਿ ਰਾਖੇ ਸਭਿ ਜੰਤ ॥ ਗੁਣ ਗਾਵਹੁ ਨਿਤ ਨਿਤ ਭਗਵੰਤ[੮] ॥ ੩ ॥ ਏਕੋ ਕਰਤਾ ਆਪੇ ਆਪ ॥ ਹਰਿ ਕੇ ਭਗਤ ਜਾਣਹਿ ਪਰਤਾਪ ॥ ਨਾਵੈ ਕੀ ਪੈਜ ਰਖਦਾ ਆਇਆ ॥ ਨਾਨਕੁ ਬੋਲੈ ਤਿਸ ਕਾ ਬੋਲਾਇਆ ॥ ੪ ॥ ੩ ॥ ੨੧ ॥ ਮਲਾਰ ਮਹਲਾ ੫† ॥ [੯]ਗੁਰ ਸਰਣਾਈ ਸਗਲ ਨਿਧਾਨ ॥ ਸਾਚੀ ਦਰਗਹਿ ਪਾਈਐ ਮਾਨੁ ॥ ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ ਸਾਧਸੰਗਿ ਸਦ ਹਰਿ ਗੁਣ ਗਾਇ ॥ ੧ ॥ ਮਨ ਮੇਰੇ ਗੁਰੁ ਪੂਰਾ ਸਾਲਾਹਿ ॥ ਨਾਮੁ ਨਿਧਾਨੁ ਜਪਹੁ ਦਿਨੁ ਰਾਤੀ [੧੦]ਮਨ ਚਿੰਦੇ ਫਲ ਪਾਇ ॥ ੧ ॥ ਰਹਾਉ ॥ ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥ ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ[੧੧] ਨ ਚਾਖੈ ॥ ੨ ॥ ਗੁਰ ਕੀ ਮਹਿਮਾ ਕਥਨੁ ਨ ਜਾਇ ॥ [੧੨]ਗੁਰੁ ਪਰਮੇਸਰੁ ਸਾਚੈ ਨਾਇ ॥ ਸਚੁ ਸੰਜਮੁ[੧੩] ਕਰਣੀ ਸਭੁ ਸਾਚੀ ॥ ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥ ੩ ॥ ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥ ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥ ੪ ॥ ੪ ॥ ੨੨ ॥

ਰਾਗੁ ਮਲਾਰ ਮਹਲਾ ੫ ਪੜਤਾਲ[੧੪] ਘਰੁ ੩ ੴ ਸਤਿਗੁਰ ਪ੍ਰਸਾਦਿ ॥

‡[੧੫]ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥ ਕੀਨੋ ਰੀ[੧੬] ਸਗਲ ਸੀਗਾਰ ॥ ਤਜਿਓ ਰੀ ਸਗਲ ਬਿਕਾਰ ॥

੧ ਕਿਰਪਾ ।
੨ 'ਰੱਖ ਲਵੋ' 'ਰੱਖ ਲਵੋ' ਕਹਿੰਦੇ ।
੩ ਹੱਥ ।
੪ ਹਰੀ ਦਾ ਬਿਰਦ ਹੈ ਭਗਤੀ ਭਾਵ ਨੂੰ ਪਿਆਰ ਕਰਨਾ ।
੫ ਮੇਰੇ ਲਈ ਲੋਕਾਂ ਦੇ ਦਿਲ ਵਿੱਚ ਮੇਹਰਬਾਨੀ ਦਾ ਭਾਵ ਪੈਦਾ ਕਰ ਦਿੱਤਾ ।
੬ ਪੱਖ, ਸਹਾਇਤਾ ।
੭ ਯਕੀਨ ।
੮ ਗੁਰਾਂ ਦੁਆਰੇ ਸਾਰੇ ਬ੍ਰਹਮ ਦਾ ਹੀ ਪਸਾਰਾ ਦਿਸਣ ਲੱਗ ਪੈਂਦਾ ਹੈ ।
੯ ਗੁਰਾਂ ਦੁਆਰੇ ਸੰਸਾਰ ਤਿੰਨਾਂ ਗੁਣਾਂ ਦਾ ਖਿਲਾਰਾ ਦਿਸਦਾ ਹੈ । ਦੇਖੋ ਪੰਨਾ ੧੧੧੯, ਫੁਟ ਨੋਟ ‡।
੧੦ ਗੁਰਾਂ ਦੁਆਰੇ 'ਨਾਦ-ਵੇਦ' ਦੀ ਵਿਚਾਰ ਹੁੰਦੀ ਹੈ, ਭਾਵ ਗੁਰੂ ਦੇ ਉਪਦੇਸ਼ ਰਾਹੀਂ ਸਮਝ ਪੈਂਦੀ ਹੈ ਕਿ ਨਾਦ ਕੀ ਹੈ ਤੇ ਵੇਦ ਕੀ ਹੈ ? ਦੇਖੋ ਪੰਨਾ ੬੫੪, ਨੋਟ ੨੯ ।
੧੧ ਖਾਂਦਿਆਂ-ਪੀਂਦਿਆਂ, ਭਾਵ ਸਦਾ ।
੧੨ ਹਰ ਰੋਜ਼ ।
੧੩ [ਵਹਿਤ੍ਰ, ਅੰ. Boat] ਜਹਾਜ਼ ।
੧੪ ਹਸਤੀ ਦਾ ਸਮੁੰਦਰ ।
੧੫ ਜਨਮ । ਗੁਰੂ ਨੂੰ ਮਿਲਣ ਨਾਲ ਜੂਨਾਂ ਵਿੱਚ ਨਹੀਂ ਪਈਦਾ ।
੧੬ ਹਰੀ ਦੇ ਹਜ਼ੂਰੋਂ ।
੧੭ ਆਸਰਾ ।
੧੮ ਕੀਮਤ ।

* ਹਰੀ-ਭਗਤੀ ਨੂੰ ਪਿਆਰ ਕਰਨ ਵਾਲਾ ਹੈ, ਇਸ ਲਈ ਜਦ ਉਸ ਨੇ ਮੇਰੀ 'ਤ੍ਰਾਹਿ-ਤ੍ਰਾਹਿ' ਵਾਲੀ ਬੇਨਤੀ ਸੁਣੀ ਤੇ ਪ੍ਰੇਮ ਦੇਖਿਆ, ਤਾਂ ਮੈਨੂੰ ਅਪਣਾ ਲਿਆ ਅਤੇ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ।

† ਗੁਰੂ ਦੇ ਰਾਹੀਂ ਹਰੀ ਅਤੇ ਸ੍ਰਿਸ਼ਟੀ ਦੀ ਸਮਝ ਪੈਂਦੀ ਹੈ, ਇਸ ਲਈ ਗੁਰੂ ਦੀ ਸ਼ਰਨੀ ਪੈਣਾ ਚਾਹੀਦਾ ਹੈ।

‡ ਗੁਰੂ ਦਾ ਮਿਲਣਾ ਭੀ ਹਰੀ ਦੀ ਆਪਣੀ ਬਖ਼ਸ਼ਿਸ਼ ਹੈ, ਇਸ ਲਈ ਸਭ ਕਿਰਪਾ ਦੇ ਮੂਲ ਹਰੀ ਦਾ ਧੰਨਵਾਦ ਕਰਨਾ ਚਾਹੀਦਾ ਹੈ ।

ਕਰੀਜੈ ॥ ਧਾਰਿ ਅਨੁਗ੍ਰਹੁ[੧] ਸੁਆਮੀ ਮੇਰੇ ਨਾਮੁ ਮਹਾ ਰਸੁ ਪੀਜੈ ॥ ੧ ॥ [੨]ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥ ਕਰੁ[੩] ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥ ੨ ॥ ੧੩ ॥ ੧੭ ॥ ਮਲਾਰ ਮਃ ੫* ॥ [੪]ਪ੍ਰਭ ਕੋ ਭਗਤਿ ਬਛਲੁ ਬਿਰਦਾਇਓ ॥ ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ ॥੧ ॥ ਰਹਾਉ ॥ ਜੈ ਜੈਕਾਰੁ ਕੀਨੋ ਸਭ ਜਗ ਮਹਿ [੫]ਦਇਆ ਜੀਅਨ ਮਹਿ ਪਾਇਓ ॥ ਕੰਠਿ ਲਾਇ ਅਪੁਨੋ ਦਾਸੁ ਰਾਖਿਓ ਤਾਤੀ ਵਾਉ ਨ ਲਾਇਓ ॥ ੧ ॥ ਅੰਗੀਕਾਰੁ[੬] ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥ ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ[੭] ਮਨਿ ਆਇਓ ॥ ੨ ॥ ੧੪ ॥ ੧੮ ॥

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥

†[੮]ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ [੯]ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥ [੧੦]ਗੁਰਮੁਖਿ ਨਾਦ ਬੇਦ ਬੀਚਾਰੁ ॥ ਬਿਨੁ ਗੁਰ ਪੂਰੇ ਘੋਰ ਅੰਧਾਰੁ ॥ ੧ ॥ ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥ ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ[੧੧] ਅਪਣਾ ਖਸਮੁ ਧਿਆਈਐ ॥ ੧ ॥ ਰਹਾਉ ॥ ਗੁਰ ਕੇ ਚਰਣ ਵਿਟਹੁ ਬਲਿ ਜਾਉ ॥ ਗੁਰ ਕੇ ਗੁਣ ਅਨਦਿਨੁ[੧੨] ਨਿਤ ਗਾਉ ॥ ਗੁਰ ਕੀ ਧੂੜਿ ਕਰਉ ਇਸਨਾਨੁ ॥ ਸਾਚੀ ਦਰਗਹ ਪਾਈਐ ਮਾਨੁ ॥ ੨ ॥ ਗੁਰੁ ਬੋਹਿਥੁ[੧੩] ਭਵਜਲ[੧੪] ਤਾਰਣਹਾਰੁ ॥ ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ[੧੫] ॥ ਗੁਰ ਕੀ ਸੇਵਾ ਸੋ ਜਨੁ ਪਾਏ ॥ ਜਾ ਕਉ ਕਰਮਿ ਲਿਖਿਆ ਧੁਰਿ[੧੬] ਆਏ ॥ ੩ ॥ ਗੁਰੁ ਮੇਰੀ ਜੀਵਨਿ ਗੁਰੁ ਆਧਾਰੁ[੧੭] ॥ ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ ॥ ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥ ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ[੧੮] ਨ ਪਾਈ ॥ ੪ ॥ ੧ ॥ ੧੯ ॥ ਮਲਾਰ ਮਹਲਾ ੫‡ ॥ ਗੁਰ ਕੇ ਚਰਨ ਹਿਰਦੈ ਵਸਾਏ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥ ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥ ਤਾ ਕੀ ਕੀਮਤਿ ਕਹੀ ਨ ਜਾਇ ॥ ੧ ॥ ਕਰਿ ਕਿਰਪਾ ਪੂਰਨ ਸੁਖਦਾਤੇ ॥ ਤੁਮ੍ਰੀ ਕ੍ਰਿਪਾ ਤੇ ਤੂੰ ਚਿਤਿ ਆਵਹਿ ਆਠ ਪਹਰ ਤੇਰੈ ਰੰਗਿ ਰਾਤੇ ॥ ੧ ॥ ਰਹਾਉ ॥ ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥ ਜਪਿ ਜਪਿ ਜੀਵਹਿ ਤੇਰਾ ਨਾਂਉ ॥ ਤੁਝ ਬਿਨੁ ਦੂਜਾ ਨਾਹੀ ਥਾਉ ॥

੧ [ਸੰ. ਉੱਲਾਸ] ਉਤਸ਼ਾਹ, ਚਾਉ, ਉਮੰਗ । ਜਿਨ੍ਹਾਂ ਦੇ ਦਿਲ ਵਿੱਚ ਮਿਲਣ ਦੀ ਅਤੇ ਪਵਿੱਤਰ ਚਰਨਾਂ ਦੇ ਰਸ ਪੀਣ ਦੀ ਉਮੇਦ ਤੇ ਉਮੰਗ ਹੋਵੇ, ਓਹ 'ਵਿਛੋੜੇ' ਦਾ ਜੀਵਨ ਕਿਵੇਂ ਜੀ ਸਕਦੇ ਹਨ ?

੨ ਅੰਤਰਾ, ਵਿੱਥ, ਵਖੇਵਾਂ ।

੩ ਸਦਾ ਸਾਮ੍ਹਣੇ ਦਿਸਦਾ ਹੈ ।

੪ [ਖ (ਅਕਾਸ਼) ਵਿੱਚ ਜੋ ਗ (ਗਮਨ) ਕਰੇ] ਪੰਛੀ ਦਾ ਸਰੀਰ ਧਾਰਨ ਵਾਲੇ, ਹੰਸ ਅਵਤਾਰ ਵਰਗੇ !

੫ ਮੱਛੀ ਦਾ ਸਰੀਰ ਧਾਰਨ ਵਾਲੇ, ਮੱਛ ਅਵਤਾਰ ਵਰਗੇ ।

੬ ਹਿਰਨ ਦਾ ਰੂਪ ਧਾਰਨ ਵਾਲੇ, ਸ੍ਰਿੰਗੀ ਰਿਖੀ ਵਰਗੇ ।

੭ [ਵਰਾਹ] ਸੂਰ ਦਾ ਸਰੀਰ ਧਾਰਨ ਵਾਲੇ, ਵਰਾਹ ਅਵਤਾਰ ਵਰਗੇ ।

੮ ਦੇਖੋ ਪੰਨਾ ੨੭੬, ਨੋਟ ੧੬ ।

੯ ਭਵ-ਸਾਗਰ ।

੧੦ ਵਿਦਾਰਨ ਕੀਤੇ, ਪਾੜ ਦਿੱਤੇ, ਨਾਸ ਕੀਤੇ ।

੧੧ ਦਇਆ ਸਰੂਪ ਹਰੀ ।

੧੨ ਭਾਵ ਸਾਧ-ਸੰਗਤਿ ।

੧੩ ਰਸਤੇ । ੧੪ ਕਿਰਪਾ ।

੧੫ ਦਰਵਾਜ਼ੇ ।

੧੬ ਖਟਿਆ । ਲਾਹਾ ਇਹ ਖੱਟਿਆ ਕਿ ਸਰਬ ਸੁਖ ਰੂਪ ਚਰਨ ਮਿਲ ਗਏ ।

੧੭ [ਅਚ੍ਯੁਤ=ਨਾ ਹਿਲਣ ਵਾਲਾ] ਅਟੱਲ । ਅਟੱਲ ਤੇ ਅਮਰ ਹਰੀ ਦੀ ਸ਼ਰਨ ਪਕੜੀ ।

੧੮ ਪਾਪ ।

੧੯ ਚੁਣ ਕੇ ।

੨੦ ਮਨ ਦੇ ਅਤੇ ਸਰੀਰ ਦੇ ਦੁੱਖ ।

੨੧ ਸਰੀਰ ।

੨੨ ਚੁਰਾਏ ਗਏ, ਠੱਗੇ ਗਏ । ਮਾਇਆ ਮੋਹ ਤੋਂ ਕਈ ਤਰ੍ਹਾਂ ਨਾਲ ਠੱਗੇ ਗਏ ਹਾਂ ।

੨੩ ਕਰੋੜਾਂ ਵਿਚੋਂ ਕੋਈ ਟਾਂਵਾਂ-ਟਾਂਵਾਂ ਹੀ ਸੇਵਕ ਹੁੰਦਾ ਹੈ, ਜੋ ਮੁੱਢ ਕਦੀਮੀ ਪੂਰਾ ਭਗਤ ਹੁੰਦਾ ਹੈ ।

੨੪ ਚਿਰਾਂ ਤੋਂ, ਧੁਰ ਦਾ, ਮੁੱਢ ਦਾ ।

੨੫ ਥਕਾਵਟ ।

੨੬ ਬਿਗਾਨਾ, ਕਿਉਂ ਜੋ ਇਕਸਾਰ ਨਹੀਂ ਰਹਿੰਦਾ ।

੨੭ ਲੋਕਾਂ ਤੋਂ ਲੁਕਾ ਕੇ ।

੨੮ ਨਾਲ ਹੁੰਦੇ ਹਰੀ ਨੂੰ ਨਾ ਜਾਣਿਆਂ ।

੨੯ ਇਹ ਮੱਛੀ ਆਦਿ ਜੂਨਾਂ ਦੇ ਦੁੱਖ ਵਿੱਚ ਫਿਰੀਦਾ ਹੈ ।

੩੦ ਪੱਥਰ ।

੩੧ ਸੁਖ ਭੋਗਾਂ ।

੩੨ ਥਾਵਾਂ 'ਤੇ ।

੩੩ ਨਿਖਸਮਿਆਂ ਦਾ ਮਾਲਕ ਤੇ ਗਰੀਬਾਂ ਦਾ ਦੁੱਖ ਦੂਰ ਕਰਨ ਵਾਲਾ ।

੩੪ ਸਿਮਰੀਏ ।

੩੫ ਖੰਭ ਲਾ ਕੇ, ਛੇਤੀ ।

੩੬ ਰਸਤਾ ।

* ਹਰੀ ਦੇ ਭਜਨ ਦੁਆਰਾ ਵੱਡੇ ਤੋਂ ਵੱਡੇ ਤੇ ਮਾੜੇ ਤੋਂ ਮਾੜੇ ਲੋਕ ਤਰਦੇ ਆਏ ਹਨ ।

† ਦੁਕਾਨ ਦਾ ਦ੍ਰਿਸ਼ਟਾਂਤ ਲੈ ਕੇ ਨਾਮ ਦੇ ਵਿਹਾਰ ਦਾ ਲਾਭ ਦਸਦੇ ਹਨ ।

‡ ਨਾਮ ਨੂੰ ਛੱਡ ਕੇ ਮਾਇਆ ਮੋਹ ਵਿੱਚ ਪੈਣ ਨਾਲ ਇਧਰ ਉਧਰ ਦੀ ਭਟਕਣਾ ਪਈ ਰਹਿੰਦੀ ਹੈ, ਫਿਰ ਭੀ ਕੋਈ ਚੀਜ਼ ਆਪਣੀ ਨਹੀਂ ਬਣਦੀ, ਆਦਮੀ ਨੀਚ ਜੂਨਾਂ ਵਿੱਚ ਭੌਂਦਾ ਰਹਿੰਦਾ ਹੈ ।

§ ਫਿਰ ਹਰੀ ਨੂੰ ਦਇਆ ਆਈ ਤਾਂ ਆਪਣਾ ਆਪ ਅੰਦਰ ਹੀ ਵਸਦਾ ਵਿਖਾ ਦਿੱਤਾ ।

¶ ਮਨ ਨੂੰ ਸਮਝਾਂਦੇ ਹਨ ਕਿ ਹਰੀ ਦੇ ਦਰਸ਼ਨ ਲਈ ਤਾਂਘ ਕਰ, ਫਿਰ ਹਰੀ ਅੱਗੇ ਜੋਦੜੀ ਕਰਦੇ ਹਨ ਕਿ ਧਾ ਕੇ ਮਿਲ ।

ਉਲਾਸ[1] ਆਸ ਮਿਲਬੇ ਕੀ ਚਰਨ ਕਮਲ ਰਸ ਪੀਵਨ ॥ ੧ ॥ ਰਹਾਉ ॥ ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ[2] ਨਾਹੀ ॥ ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀਂ ॥ ੧ ॥ ਮਨਿ ਤਨਿ ਰਵਿ ਰਹਿਆ ਜਗਦੀਸੁਰ [3]ਪੇਖਤ ਸਦਾ ਹਜੂਰੇ ॥ ਨਾਨਕ ਰਵਿ ਰਹਿਓ ਸਭ ਅੰਤਰਿ ਸਰਬ ਰਹਿਆ ਭਰਪੂਰੇ ॥ ੨ ॥ ੮ ॥ ੧੨ ॥ ਮਲਾਰ ਮਹਲਾ ੫* ॥ ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥ [4]ਖਗ ਤਨ [5]ਮੀਨ ਤਨ [6]ਮ੍ਰਿਗ ਤਨ [7]ਬਰਾਹ ਤਨ ਸਾਧੂ ਸੰਗਿ ਉਧਾਰੇ ॥ ੧ ॥ ਰਹਾਉ ॥ ਦੇਵ ਕੁਲ ਦੈਤ ਕੁਲ [8]ਜਖ੍ਯ ਕਿੰਨਰ ਨਰ ਸਾਗਰ[9] ਉਤਰੇ ਪਾਰੇ ॥ ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾ ਕੇ ਦੂਖ ਬਿਦਾਰੇ[10] ॥ ੧ ॥ ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥ ਦੀਨ ਦਇਆਲ ਜਪਹਿ [11]ਕਰੁਣਾ ਮੈ ਨਾਨਕ ਸਦ ਬਲਿਹਾਰੇ ॥ ੨ ॥ ੯ ॥ ੧੩ ॥ ਮਲਾਰ ਮਹਲਾ ੫† ॥ ਆਜੁ ਮੈ ਬੈਸਿਓ [12]ਹਰਿ ਹਾਟ ॥ ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ[13] ॥ ੧ ॥ ਰਹਾਉ ॥ ਧਾਰਿ ਅਨੁਗ੍ਰਹੁ[14] ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ[15] ॥ ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ[16] ॥ ੧ ॥ ਸਰਨਿ ਗਹੀ ਅਚੁਤ[17] ਅਬਿਨਾਸੀ ਕਿਲਬਿਖ[18] ਕਾਢੇ ਹੈ ਛਾਂਟਿ[19] ॥ [20]ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ[21] ॥ ੨ ॥੧੦ ॥੧੪ ॥ ਮਲਾਰ ਮਹਲਾ ੫‡ ॥ ਬਹੁ ਬਿਧਿ ਮਾਇਆ ਮੋਹ ਹਿਰਾਨੋ[22] ॥ [23]ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ[24] ॥ ੧ ॥ ਰਹਾਉ ॥ ਇਤ ਉਤ ਡੋਲਿ ਡੋਲਿ ਸ੍ਰਮੁ[25] ਪਾਇਓ ਤਨੁ ਧਨੁ ਹੋਤ ਬਿਰਾਨੋ[26] ॥ [27]ਲੋਗ ਦੁਰਾਇ ਕਰਤ ਠਗਿਆਈ [28]ਹੋਤੌ ਸੰਗਿ ਨ ਜਾਨੋ ॥ ੧ ॥ ਮ੍ਰਿਗ ਪੰਖੀ ਮੀਨ ਦੀਨ ਨੀਚ [29]ਇਹ ਸੰਕਟ ਫਿਰਿ ਆਨੋ ॥ ਕਹੁ ਨਾਨਕ ਪਾਹਨ[30] ਪ੍ਰਭ ਤਾਰਹੁ ਸਾਧਸੰਗਤਿ [31]ਸੁਖ ਮਾਨੋ ॥ ੨ ॥ ੧੧ ॥ ੧੫ ॥ ਮਲਾਰ ਮਹਲਾ ੫§ ॥ ਦੁਸਟ ਮੁਏ ਬਿਖੁ ਖਾਈ ਰੀ ਮਾਈ ॥ ਜਿਸ ਕੇ ਜੀਅ ਤਿਨ ਹੀ ਰਖਿ ਲੀਨੇ ਮੇਰੇ ਪ੍ਰਭ ਕਉ ਕਿਰਪਾ ਆਈ ॥ ੧ ॥ ਰਹਾਉ ॥ ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ ॥ ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈ[32] ॥ ੧ ॥ [33]ਅਨਾਥਾ ਨਾਥੁ ਦੀਨ ਦੁਖਭੰਜਨ ਆਪਿ ਲੀਏ ਲੜਿ ਲਾਈ ॥ ਹਰਿ ਕੀ ਓਟ ਜੀਵਹਿ ਦਾਸ ਤੇਰੇ ਨਾਨਕ ਪ੍ਰਭ ਸਰਣਾਈ ॥ ੨ ॥ ੧੨ ॥ ੧੬ ॥ ਮਲਾਰ ਮਹਲਾ ੫¶ ॥ ਮਨ ਮੇਰੇ ਹਰਿ ਕੇ ਚਰਨ ਰਵੀਜੈ[34] ॥ ਦਰਸ ਪਿਆਸ ਮੇਰੋ ਮਨੁ ਮੋਹਿਓ ਹਰਿ [35]ਪੰਖ ਲਗਾਇ ਮਿਲੀਜੈ ॥ ੧ ॥ ਰਹਾਉ ॥ ਖੋਜਤ ਖੋਜਤ ਮਾਰਗੁ[36] ਪਾਇਓ ਸਾਧੂ ਸੇਵ

੧ ਹੇ ਬੱਦਲ ! ਵੱਸੋ । ਹੇ ਗੁਰੂ ਜੀ ! ਉਪਦੇਸ਼ ਦੀ ਝੜੀ ਲਾ ਦਿਓ ।

੨ ਦੇਰੀ ।

੩ ਹੇ ਮਨ ਦੇ ਆਸਰੇ !

੪ ਆਸਰਾ ।

੫ ਤੂੰ ਸਾਨੂੰ ਦਿਲੋਂ ਕਿਉਂ ਵਿਸਾਰ ਦਿੱਤਾ ਹੈ ?

੬ ਭਰਤਾ, ਪਤੀ ।

੭ ਜਦ ਮੇਰੇ ਮਾਲਕ ਨੇ ਬੇਨਤੀ ਸੁਣੀ ।

੮ ਜਲਦੀ, ਛੇਤੀ ।

੯ ਕੰਮ । ਕੰਮ ਭਲੇ ਹੋ ਗਏ ।

੧੦ ਦੇਖੋ ਪੰਨਾ ੬੬੧, ਨੋਟ ੨੨ ।

੧੧ ਮਾਰੇ ਗਏ ।

੧੨ ਲਪੇਟੇ ਗਏ, ਗ੍ਰਸੇ ਗਏ, ਵਿਪਦਾ ਵਿੱਚ ਪੈ ਗਏ । ਦੇਖੋ ਪੰਨਾ ੨੪੨, ਨੋਟ ੪੮ ।

੧੩ ਪਾਪ ।

੧੪ ਗੁਣਾਂ ਦਾ ਭੰਡਾਰ, ਹਰੀ ।

੧੫ ਮੁੜ ਕੇ, ਫੇਰ ।

੧੬ ਹੋਏ (ਤੁਕਾਂਤ ਮਿਲਾਣ ਦੀ ਖ਼ਾਤਰ, 'ਥੀਏ' ਦੀ ਥਾਂ 'ਥੀਆ' ਆਇਆ ਹੈ, ਜਿਵੇਂ ਸਤਵੇਂ ਦੁਪਦੇ ਵਿੱਚ 'ਸੁਖ ਪਾਏ' ਦੀ ਥਾਂ 'ਸੁਖ ਪਾਇਆ' ਆਇਆ ਹੈ)।

੧੭ ਕਿਰਪਾ ।

੧੮ ਵਿਛੜਿਆਂ ਮੌਤ ਹੈ ਤੇ ਮਿਲਿਆਂ ਜ਼ਿੰਦਗੀ ।

੧੯ ਸਿਮਰਦਿਆਂ ।

੨੦ ਹੇ ਸੁਖਦਾਈ ਬੱਦਲ (ਗੁਰ-ਉਪਦੇਸ਼) ! ਵੱਸ ਪਓ।

੨੧ ਦੇਖੋ ਪੰਨਾ ੧੧੨੯, ਫੁਟ ਨੋਟ* ।

੨੨ ਹਰੀ ਦੀ ਰਜ਼ਾ ਦਾ ਪੂਰਨ ਪ੍ਰਕਾਸ਼ ਹੋ ਗਿਆ ਜਦ ਸਹਾਇਤਾ ਕਰਨ ਵਾਲੇ ਗੁਰੂ-ਸੰਤ ਦਾ ਮੇਲ ਹੋਇਆ।

੨੩ ਬੱਦਲ (ਗੁਰੂ ਉਪਦੇਸ਼) ।

੨੪ ਦੂਰ ਕੀਤੇ ।

੨੫ ਨਿਰਲੇਪ ਹਰੀ ਦੇ ਨਾਮ ਵਿੱਚ ।

੨੬ ਪੱਖ, ਸਹਾਇਤਾ ।

* ਗੁਰੂ ਦੀ ਸ਼ਖ਼ਸੀਅਤ ਦਾ ਧਿਆਨ ਕਰ ਕੇ ਹਰੀ ਦਾ ਸੱਚਾ ਨਾਮ ਧਿਆਈਏ, ਤਾਂ ਵੈਰੀਆਂ-ਵਿਰੋਧੀਆਂ ਤੋਂ ਬਚੇ ਰਹੀਦਾ ਹੈ ਅਤੇ ਕੋਈ ਦੁੱਖ ਨੇੜੇ ਨਹੀਂ ਆਉਂਦਾ ।

† ਗੁਰੂ ਜੀ ਦੇ ਰਾਹੀਂ ਹਰੀ-ਦਰਸ਼ਨ ਦੀ ਤਾਂਘ ਦਸਦੇ ਹਨ ।

‡ ਗੁਰੂ ਦੇ ਮਿਲਣ ਨਾਲ ਸੁਖ ਸਾਗਰ ਹਰੀ ਦਾ ਮੇਲ ਹੋਇਆ ।

§ ਸਾਧ-ਸੰਗਤਿ ਰਾਹੀਂ ਹਰੀ ਨਾਲ ਲਗਨ ਲੱਗ ਗਈ, ਜਿਸ ਤੋਂ ਪੂਰਨ ਸੁਖ ਮਿਲਿਆ ।

¶ ਹਰੀ ਦੇ ਵਿਸਰਨ ਨਾਲ ਦੁੱਖ ਅਤੇ ਉਸ ਦਾ ਧਿਆਨ ਕਰਨ ਨਾਲ ਸੁਖ ਮਿਲਦਾ ਹੈ ।

[੧]ਬਰਸੁ ਮੇਘ ਜੀ ਤਿਲੁ ਬਿਲਮੁ[੨] ਨ ਲਾਉ ॥ ਬਰਸੁ ਪਿਆਰੇ [੩]ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥ ੧ ॥ ਰਹਾਉ ॥ ਹਮ ਤੇਰੀ ਧਰ[੪] ਸੁਆਮੀਆ ਮੇਰੇ [੫]ਤੂ ਕਿਉ ਮਨਹੁ ਬਿਸਾਰੇ ॥ ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ[੬] ॥ ੧ ॥ [੭]ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ[੮] ਆਇਓ ਕਿਰਪਾ ਧਾਰੇ ॥ ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ[੯] ॥ ੨ ॥ ੩ ॥ ੭ ॥ ਮਲਾਰ ਮਹਲਾ ੫* ॥ ਪ੍ਰੀਤਮ ਸਾਚਾ ਨਾਮੁ ਧਿਆਇ ॥ ਦੂਖ ਦਰਦ ਬਿਨਸੈ ਭਵ ਸਾਗਰੁ [੧੦]ਗੁਰ ਕੀ ਮੂਰਤਿ ਰਿਦੈ ਬਸਾਇ ॥ ੧ ॥ ਰਹਾਉ ॥ ਦੁਸਮਨ ਹਤੇ[੧੧] ਦੋਖੀ ਸਭਿ ਵਿਆਪੇ[੧੨] ਹਰਿ ਸਰਣਾਈ ਆਇਆ ॥ ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥ ੧ ॥ ਕਰਿ ਕਿਰਪਾ ਕਿਲਵਿਖ[੧੩] ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥ [੧੪]ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ[੧੫] ਦੂਖ ਨ ਥੀਆ[੧੬] ॥ ੨ ॥ ੪ ॥ ੮ ॥ ਮਲਾਰ ਮਹਲਾ ੫† ॥ ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ ॥ ਪ੍ਰੇਮ ਭਗਤਿ ਅਪਨੋ ਨਾਮੁ ਦੀਜੈ ਦਇਆਲ ਅਨੁਗ੍ਰਹੁ[੧੭] ਧਾਰੇ ॥ ੧ ॥ ਰਹਾਉ ॥ ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ ॥ ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ ॥ ੧ ॥ [੧੮]ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ ॥ ਨਾਮ ਅਧਾਰੁ[੪] ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ ॥ ੨ ॥ ੫ ॥ ੯ ॥ ਮਲਾਰ ਮਹਲਾ ੫‡ ॥ ਅਬ ਅਪਨੇ ਪ੍ਰੀਤਮ ਸਿਉ ਬਨਿ ਆਈ ॥ ਰਾਜਾ ਰਾਮੁ ਰਮਤ[੧੯] ਸੁਖੁ ਪਾਇਓ [੨੦]ਬਰਸੁ ਮੇਘ ਸੁਖਦਾਈ ॥ ੧ ॥ ਰਹਾਉ ॥ ਇਕੁ ਪਲੁ ਬਿਸਰਤ ਨਹੀ ਸੁਖ ਸਾਗਰੁ ਨਾਮੁ [੨੧]ਨਵੈ ਨਿਧਿ ਪਾਈ ॥ [੨੨]ਉਦੌਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ ॥ ੧ ॥ ਸੁਖ ਉਪਜੇ ਦੂਖ ਸਗਲ ਬਿਨਾਸੇ ਪਾਰਬ੍ਰਹਮ ਲਿਵ ਲਾਈ ॥ ਤਰਿਓ ਸੰਸਾਰੁ ਕਠਿਨ ਭੈ ਸਾਗਰੁ ਹਰਿ ਨਾਨਕ ਚਰਨ ਧਿਆਈ ॥ ੨ ॥ ੬ ॥ ੧੦ ॥ ਮਲਾਰ ਮਹਲਾ ੫§ ॥ ਘਨਿਹਰ[੨੩] ਬਰਸਿ ਸਗਲ ਜਗੁ ਛਾਇਆ ॥ ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥ ੧ ॥ ਰਹਾਉ ॥ ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥ ਸਾਧਸੰਗਿ ਜਨਮ ਮਰਨ ਨਿਵਾਰੇ[੨੪] ਬਹੁਰਿ ਨ ਕਤਹੂ ਧਾਇਆ ॥ ੧ ॥ ਮਨੁ ਤਨੁ [੨੫]ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥ ਅੰਗੀਕਾਰੁ[੨੬] ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥ ੨ ॥ ੭ ॥ ੧੧ ॥ ਮਲਾਰ ਮਹਲਾ ੫¶ ॥ ਬਿਛੁਰਤ ਕਿਉ ਜੀਵੇ ਓਇ ਜੀਵਨ ॥ ਚਿਤਹਿ

੧ ਘਰ ਵਿੱਚ ਖੁਸ਼ੀਆਂ ਹਨ ਤੇ ਮੈਂ ਸੁਖੀ ਹੋ ਗਈ ਹਾਂ ।

੨ ਮਨ ਲਾ ਕੇ, ਭਾਵ ਪ੍ਰੀਤ ਨਾਲ, ਥਾਵਾਂ ਸਾਫ਼ ਕੀਤੀਆਂ ਹਨ, ਭਾਵ ਮਨ ਦੇ ਭਾਵ ਸਾਫ ਕੀਤੇ ਹਨ ਤੇ ਸੰਤਾਂ ਤੋਂ ਜਾ ਪੁੱਛਦੀ ਹਾਂ ਕਿ ਮੇਰਾ ਪਤੀ ਕਿਥੇ ਹੈ ?

੩ ਹਰੀ-ਪ੍ਰਾਹੁਣਾ ।

੪ ਚਰਨੀਂ ।

੫ ਖੁਸ਼ੀ ਦਾ ਗੀਤ ।

੬ ਸੁਖਾਲੇ, ਸੁਖੀ ।

੭ ਰਾਜੇ ਤੋਂ ਕੀੜੀ ਤੱਕ ਤੇ ਕੀੜੀ ਤੋਂ ਦੇਵਤਿਆਂ ਦੇ ਪਤੀ ਇੰਦ੍ਰ ਤੱਕ, ਭਾਵ ਸਭ ਛੋਟੇ ਵੱਡੇ ਪਾਪਾਂ ਕਰ ਕੇ ਜੰਮਦੇ ਮਰਦੇ ਹਨ ।

੮ ਪੇਟ ।

੯ ਦਇਆ ਦਾ ਸਮੁੰਦਰ, ਹਰੀ ।

੧੦ ਹੋਰ ਨੂੰ ।

੧੧ ਚੋਰ ।

੧੨ ਕਿਧਰੇ ਟਿਕਣਾ ਨਹੀਂ ਮਿਲਦਾ ।

੧੩ ਮੂਰਖ । ਓਹ ਮੂਰਖ ਖੋਤੇ ਹਨ ।

੧੪ ਖੋਤੇ ।

੧੫ ਕਾਗ਼ਜ਼ ਦੀ ਬੇੜੀ ਵਿੱਚ ਸਮੁੰਦਰ ਨੂੰ ਕਿਵੇਂ ਲੰਘ ਸਕਦੇ ਹਨ ?

੧੬ ਬੇਅਰਥ ਕਹਿੰਦੇ ਹਨ ਕਿ ਅਸੀਂ ਤਰ ਰਹੇ ਹਾਂ।

੧੭ ਬ੍ਰਹਮਾ ।

੧੮ ਰਾਖਸ਼ ।

੧੯ ਸੜਦੇ ।

੨੦ ਹਟਾਵੋ, ਪਰੇ ਸੁਟੋ ।

੨੧ ਓਹ ਮੇਰੇ ਪ੍ਰਭੂ ਦੇ ਜੋ ਪਿਆਰੇ ਬੈਰਾਗੀ-ਤਿਆਗੀ ਸੰਤ (ਗੁਰੂ ਜੀ) ਹਨ, ਉਨ੍ਹਾਂ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ (ਇਥੇ ਗੁਰੂ ਦੀ ਇਕ ਹਸਤੀ ਵੱਲ ਇਸ਼ਾਰਾ ਹੈ, ਇਸੇ ਲਈ 'ਤਿਸੁ' ਆਇਆ ਹੈ, ਅੱਗੇ ਜਾ ਕੇ ਅਦਬ ਦੇ ਕਾਰਨ 'ਉਨ' ਭੀ ਵਰਤਿਆ ਹੈ)।

੨੨ ਮੈਂ ਗਿਆਨ ਵਿੱਚ ਜਾਗਿਆ ਹਾਂ ।

੨੩ ਪਿਆਰ ਵਿੱਚ ਰੰਗੀਜ ਕੇ ।

੨੪ ਵਰਣਨ (ਬਿਆਨ) ਨਹੀਂ ਕਰ ਸਕਦਾ ।

੨੫ ਧੂੜੀ ।

੨੬ ਚਰਨਾਂ ਦੀ ।

੨੭ ਵਸਦਾ ਹੈ ।

੨੮ ਢੀਠਤਾਈ । ਬਰਾਬਰੀ ਉਨ੍ਹਾਂ ਦੀ ਕਰਦੀ ਹਾਂ ਜੋ ਪਿਆਰੇ ਨਾਲ ਰੱਤੀਆਂ ਹੋਈਆਂ ਹਨ । ਇਹ ਮੇਰੀ ਹਉਮੈ ਦੀ ਢੀਠਤਾਈ ਹੈ ।

੨੯ ਤੱਕੀ ।

੩੦ ਅੱਖ ਦੇ ਫੋਰ ਜਿੰਨਾ ਸਮਾਂ ।

੩੧ ਸੁਖ ਨਾਲ ਰਾਤ ਬੀਤੀ, ਆਰਾਮ ਵਿੱਚ ਜ਼ਿੰਦਗੀ ਲੰਘੀ ।

* ਹਰੀ ਨੂੰ ਵਿਸਾਰਨ ਨਾਲ ਮਨੁੱਖ (ਭਾਵੇਂ ਛੋਟੇ ਹੋਣ ਭਾਵੇਂ ਵੱਡੇ) ਜੂਨਾਂ ਵਿੱਚ ਭਟਕਦੇ ਰਹਿੰਦੇ ਹਨ । ਵੱਡੇ-ਵੱਡੇ ਦੇਵਤੇ ਭੀ ਇਸ ਨੇਮ ਤੋਂ ਬਰੀ ਨਹੀਂ । ਬਚਾਉ ਕੇਵਲ ਹਰੀ ਦੀ ਸ਼ਰਨ ਵਿੱਚ ਹੈ ।

† ਹਰੀ ਦੇ ਮਿਲਣ ਲਈ ਉਸ ਦੇ ਪਿਆਰੇ ਗੁਰੂ-ਸੰਤ ਨਾਲ ਪਿਆਰ ਪਾਇਆ ਹੈ ।

‡ ਹਰੀ ਦੇ ਮਿਲਣ ਲਈ ਬੜੀ ਤਾਂਘ ਦੱਸ ਕੇ ਕਹਿੰਦੇ ਹਨ ਕਿ ਆਪਣੇ ਆਪ ਨੂੰ ਨਿਮਾਣੀ, ਔਗੁਣਹਾਰ ਸਮਝ ਕੇ ਗੁਰੂ ਦੇ ਦਰ ਢਹਿ ਪਈ, ਤਾਂ ਹਰੀ ਦੇ ਮੇਲ ਦਾ ਸੁਖ ਮਿਲਿਆ ।

§ ਗੁਰੂ ਜੀ ਅੱਗੇ ਸਰਬ-ਸੁਖ ਦਾਤੇ ਨਾਮ ਦੀ ਝੜੀ ਲਾ ਦੇਣ ਲਈ ਬੇਨਤੀ ਕਰਦੇ ਹਨ ।

[੧]ਗ੍ਰਿਹਿ ਮੰਗਲ ਸੁਹਲਾਵੀ ॥ ੧ ॥ ਰਹਾਉ ॥ [੨]ਮਨੂਆ ਲਾਇ ਸਵਾਰੇ ਥਾਨਾਂ
ਪੂਛਉ ਸੰਤਾ ਜਾਏ ॥ ਖੋਜਤ ਖੋਜਤ ਮੈ ਪਾਹੁਨ[੩] ਮਿਲਿਓ ਭਗਤਿ ਕਰਉ
ਨਿਵਿ ਪਾਏ[੪] ॥ ੨ ॥ ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ
ਮੰਗਲੁ[੫] ਗਾਇਆ ॥ ਮੀਤ ਸਾਜਨ ਮੇਰੇ ਭਏ ਸੁਹੇਲੇ[੬] ਪ੍ਰਭੁ ਪੂਰਾ ਗੁਰੂ
ਮਿਲਾਇਆ ॥ ੩ ॥ ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥
ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥ ੪ ॥ ੩ ॥
ਮਲਾਰ ਮਹਲਾ ੫* ॥ [੭]ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ[੮]
ਕਉ ਭਰਤੇ ॥ [੯]ਕ੍ਰਿਪਾ ਨਿਧਿ ਛੋਡਿ [੧੦]ਆਨ ਕਉ ਪੂਜਹਿ ਆਤਮ ਘਾਤੀ
ਹਰਤੇ[੧੧] ॥ ੧ ॥ ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥ ਅਨਿਕ ਬਾਰ ਭ੍ਰਮਹਿ
ਬਹੁ ਜੋਨੀ [੧੨]ਟੇਕ ਨ ਕਾਹੂ ਧਰਤੇ ॥ ੧ ॥ ਰਹਾਉ ॥ ਤਿਆਗਿ ਸੁਆਮੀ
[੧੦]ਆਨ ਕਉ ਚਿਤਵਤ ਮੂੜ ਮੁਗਧ ਖਲ[੧੩] ਖਰ[੧੪] ਤੇ ॥ [੧੫]ਕਾਗਰ
ਨਾਵ ਲੰਘਹਿ ਕਤ ਸਾਗਰੁ [੧੬]ਬ੍ਰਿਥਾ ਕਥਤ ਹਮ ਤਰਤੇ ॥ ੨ ॥
ਸਿਵ ਬਿਰੰਚਿ[੧੭] ਅਸੁਰ[੧੮] ਸੁਰ ਜੇਤੇ ਕਾਲ ਅਗਨਿ ਮਹਿ ਜਰਤੇ[੧੯] ॥
ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ[੨੦] ਪ੍ਰਭ ਕਰਤੇ ॥ ੩ ॥ ੪ ॥

ਰਾਗੁ ਮਲਾਰ ਮਹਲਾ ੫ ਦੁਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥

†[੨੧]ਪ੍ਰਭ ਮੇਰੇ ਓਇ ਬੈਰਾਗੀ ਤਿਆਗੀ ॥ ਹਉ ਇਕੁ ਖਿਨੁ ਤਿਸੁ ਬਿਨੁ ਰਹਿ
ਨ ਸਕਉ ਪ੍ਰੀਤਿ ਹਮਾਰੀ ਲਾਗੀ ॥ ੧ ॥ ਰਹਾਉ ॥ ਉਨ ਕੈ ਸੰਗਿ ਮੋਹਿ ਪ੍ਰਭੁ
ਚਿਤਿ ਆਵੈ ਸੰਤ ਪ੍ਰਸਾਦਿ [੨੨]ਮੋਹਿ ਜਾਗੀ ॥ ਸੁਨਿ ਉਪਦੇਸੁ ਭਏ ਮਨ ਨਿਰਮਲ
ਗੁਨ ਗਾਏ [੨੩]ਰੰਗਿ ਰਾਂਗੀ ॥ ੧ ॥ ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ
ਭਏ ਬਡਭਾਗੀਂ ॥ ਮਹਾ ਸੁਖੁ ਪਾਇਆ [੨੪]ਬਰਨਿ ਨ ਸਾਕਉ ਰੇਨੁ[੨੫] ਨਾਨਕ
ਜਨ ਪਾਗੀ[੨੬] ॥ ੨ ॥ ੧ ॥ ੫ ॥ ਮਲਾਰ ਮਹਲਾ ੫‡ ॥ ਮਾਈ ਮੋਹਿ ਪ੍ਰੀਤਮੁ
ਦੇਹੁ ਮਿਲਾਈ ॥ ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ[੨੭] ॥
੧ ॥ ਰਹਾਉ ॥ ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ
ਚਤੁਰਾਈ ॥ ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀਂ ਇਹ ਹਉਮੈ ਕੀ
ਢੀਠਾਈ[੨੮] ॥ ੧ ॥ ਭਈ ਨਿਮਾਣੀ ਸਰਨਿ ਇਕ ਤਾਕੀ[੨੯] ਗੁਰ ਸਤਿਗੁਰ
ਪੁਰਖ ਸੁਖਦਾਈ ॥ ਏਕ ਨਿਮਖ[੩੦] ਮਹਿ ਮੇਰਾ ਸਭੁ ਦੁਖੁ ਕਾਟਿਆ
ਨਾਨਕ [੩੧]ਸੁਖਿ ਰੈਨਿ ਬਿਹਾਈ ॥ ੨ ॥ ੨ ॥ ੬ ॥ ਮਲਾਰ ਮਹਲਾ ੫§ ॥

੧ ਸਖਾ, ਮਿੱਤਰ ।
੨ ਦੂਜੀ ।
੩ ਜੇ ਨਿਮਖ ਪਲ ਵੀ ਮੂੰਹ ਲੱਗੇ, ਭਾਵ ਦਰਸ਼ਨ ਦੇਵੇ ।
੪ ਕਿਸ ਦੀ ?
੫ ਉਪਦੇਸ਼ ਰੂਪ, ਬੱਦਲ ।
੬ ਪ੍ਰਾਹੁਣਾ ।
੭ ਹੇ ਕਿਰਪਾ ਦੇ ਸਮੁੰਦਰ ਮਾਲਕ ਜੀ ! ਮੈਂ ਆਜਜ਼ ਨੂੰ ਆਪਣੇ ਸਰਵ ਸੁਖ ਨਾਮ ਵਿੱਚ ਲੀਨ ਕਰ ਲਓ । ਦੇਖੋ ਪੰਨਾ ੧੧੨੯, ਫੁਟ ਨੋਟ* ।
੮ [ਵਜੰਜਨ] ਖਾਣ ਦੀਆਂ ਚੀਜ਼ਾਂ ।
੯ ਮਿੱਠੇ ।
੧੦ [ਪਾਕ-ਸ਼ਾਲਾ=ਪਕਾਉਣ ਦੀ ਥਾਂ] ਰਸੋਈ ।
੧੧ ਪਵਿੱਤ੍ਰਤਾ ।
੧੨ [ਵਿਦਾਰਣ ਕੀਤੇ] ਪਾੜੇ, ਨਾਸ ਕੀਤੇ ।
੧੩ ਹਰਸ਼ ਵਾਲੇ ਹੋਏ, ਪ੍ਰਸੰਨ ਹੋਏ ।
੧੪ ਪ੍ਰੇਮੀ। ਜਦ ਘਰ ਵਿੱਚ ਰੰਗੀਲਾ ਪ੍ਰੀਤਮ ਆਇਆ।
੧੫ ਸੰਤ-ਸੰਗਤ ਵਿੱਚ ਪੂਰੇ ਗੁਰੂ ਦਾ ਆਸਰਾ ਮਿਲਿਆ-ਇਹ ਤਦੇ ਹੋਇਆ ਕਿਉਂਕਿ ਹਰੀ ਦੇ ਧੁਰ ਹਜ਼ੂਰੋਂ ਮੇਰੇ ਮੱਥੇ ਉੱਤੇ ਲੇਖ ਲਿਖਿਆ ਹੋਇਆ ਸੀ ।
੧੬ ਦੁੱਧ ਦੇ ਆਸਰੇ ।
੧੭ ਮਾਤਾ ਸਾਰ ਲੈਂਦੀ ਹੈ ਤੇ ਮੁੱਖ ਵਿੱਚ ਭੋਜਨ ਦਿੰਦੀ ਹੈ ।
੧੮ ਪਰੋਸਦੀ ਹੈ ।
੧੯ ਰੱਜਦਾ ਹੈ ।
੨੦ ਵਾਰ ।
੨੧ ਹੋਰ ਥਾਂ ਨਹੀਂ ਜਿਥੇ ਓਹ ਜਾਣ ।
੨੨ ਵਿਚਾਰੇ ਦੀ ।
੨੩ ਹੱਥ । ਸੱਪ ਤੇ ਅੱਗ ਨੂੰ ਹੱਥ ਪਾਣੋਂ ਨਹੀਂ ਝਕਦਾ ।
੨੪ ਪਰ ਜਦ ਉਸ ਨੂੰ ਮਾਂ ਗਲੇ ਲਾ ਕੇ ਰੱਖਦੀ ਹੈ, ਤਾਂ ਉਹ ਨਿਸਚਿੰਤ ਹੋ ਕੇ ਖੇਡਦਾ ਰਹਿੰਦਾ ਹੈ (ਫੇਰ ਉਸ ਨੂੰ ਅੱਗ ਜਾਂ ਸੱਪ ਦਾ ਡਰ ਨਹੀਂ ਹੁੰਦਾ) ਦੇਖੋ ਪੰਨਾ ੧੧੧੨, ਨੋਟ ੩ ।
੨੫ ਜੋ ਕੁਝ ਦਿਲੋਂ ਚਾਹੁੰਦਾ ਹੈ, ਉਹ ਲੈ ਲੈਂਦਾ ਹੈ।
੨੬ ਮੇਰੇ ਦਿਲ ਵਿੱਚ ਸਦਾ ਤੇਰੇ ਚਰਨ ਵੱਸਦੇ ਰਹਿਣ।
੨੭ ਜੁੜ ਕੇ । ਸਾਰੀਆਂ ਵਿਧੀਆਂ (ਤਰੀਕੇ) ਮੇਲ ਕੇ ਉੱਦਮ ਕੀਤਾ ਅਤੇ ਸਾਰੇ ਫਿਕਰ ਛੱਡ ਦਿੱਤੇ।
੨੮ ਵਾਜੇ ਦੀ ਸੋਹਣੀ ਆਵਾਜ਼ ਸੁਣੀਦੀ ਹੈ, ਭਾਵ ਪੂਰਨ ਅਨੰਦ ਪ੍ਰਾਪਤ ਹੋਇਆ ਹੈ ।
੨੯ ਦਿਨ ਚੜ੍ਹ ਗਿਆ, ਭਾਵ ਗਿਆਨ ਹੋ ਗਿਆ ।

* ਆਪਣੇ ਆਪ ਨੂੰ ਇਸਤਰੀ ਅਤੇ ਹਰੀ ਨੂੰ ਭਰਤਾ ਖਿਆਲ ਕਰ ਕੇ ਉਸ ਅੱਗੇ ਬੇਨਤੀ ਕਰਦੇ ਹਨ ਕਿ ਦੇਖੋ ਮੈਂ ਤੁਹਾਡੇ ਲਈ ਤਿਆਰੀ ਕੀਤੀ ਹੈ, ਆਓ ਮੇਰਾ ਘਰ ਵਸਾਓ ।

† ਫਿਰ ਆਪਣੇ ਆਪ ਨੂੰ ਬਾਲਕ ਅਤੇ ਹਰੀ ਨੂੰ ਮਾਤਾ ਜਾਂ ਪਿਤਾ ਸਮਝ ਕੇ ਕਹਿੰਦੇ ਹਨ ਕਿ ਬਾਲਕ ਨੂੰ ਹਰ ਪਾਸਿਓਂ ਖ਼ਤਰੇ ਰਹਿੰਦੇ ਹਨ, ਪਰ ਜੇ ਉਹ ਮਾਤਾ ਦੀ ਗੋਦੀ ਵਿੱਚ ਰਹੇ ਤਾਂ ਕੋਈ ਖ਼ਤਰਾ ਉਸ ਦੇ ਨੇੜੇ ਨਹੀਂ ਆ ਸਕਦਾ । ਇਸੇ ਤਰ੍ਹਾਂ ਜਿਹੜਾ ਬਾਲਕ ਪਿਤਾ ਵੱਲ ਧਿਆਨ ਰੱਖੇ ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ ।

‡ ਫਿਰ ਪਤੀ ਪਤਨੀ ਦਾ ਦ੍ਰਿਸ਼ਟਾਂਤ ਲੈ ਕੇ ਦੱਸਦੇ ਹਨ ਕਿ ਜਿਵੇਂ ਪਤੀ ਦੇ ਆਉਣ ਦੀ ਉਮੇਦ ਉੱਤੇ ਪਤਨੀ ਘਰ ਬਾਰ ਸਵਾਰਦੀ ਹੈ, ਤਿਵੇਂ ਅਸਾਂ ਦਿਲ ਨੂੰ ਸਾਫ ਕੀਤਾ ਹੈ, ਤਾਂ ਕਿ ਹਰੀ ਆ ਕੇ ਸਾਡੇ ਅੰਦਰ ਵੱਸੇ ।

ਮੀਤੁ ਸਖਾਈ[1] ਹਮ ਹਰਿ ਸਿਉ ਪ੍ਰੀਤਿ ਲਾਗੀ ॥ ਹਰਿ ਹਮ ਗਾਵਹਿ ਹਰਿ ਹਮ ਬੋਲਹਿ ਅਉਰੁ ਦੁਤੀਆ[2] ਪ੍ਰੀਤਿ ਹਮ ਤਿਆਗੀ ॥ ੧ ॥ ਮਨਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ ॥ ਹਰਿ ਦੇਖੇ ਜੀਵਤ ਹੈ ਨਾਨਕੁ ਇਕ [3]ਨਿਮਖ ਪਲੋ ਮੁਖਿ ਲਾਗੀ ॥ ੨ ॥ ੨ ॥ ੯ ॥ ੯ ॥ ੧੩ ॥ ੯ ॥ ੩੧ ॥

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥

*ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥ ਤਾ ਕਉ ਕਹਹੁ ਪਰਵਾਹ [4]ਕਾਹੂ ਕੀ ਜਿਹ ਗੋਪਾਲ ਸਹਾਏ ॥ ੧ ॥ ਬਰਸੈ ਮੇਘੁ[5] ਸਖੀ ਘਰਿ ਪਾਹੁਨ[6] ਆਏ ॥ [7]ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥ ੧ ॥ ਰਹਾਉ ॥ ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ[8] ਮਿਸਟਾਏ[9] ॥ ਕਰੀ ਪਾਕਸਾਲ[10] ਸੋਚ[11] ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥ ੨ ॥ ਦੁਸਟ ਬਿਦਾਰੇ[12] ਸਾਜਨ ਰਹਸੇ[13] ਇਹਿ ਮੰਦਿਰ ਘਰ ਅਪਨਾਏ ॥ ਜਉ ਗ੍ਰਿਹਿ ਲਾਲੁ ਰੰਗੀਓ[14] ਆਇਆ ਤਉ ਮੈ ਸਭਿ ਸੁਖ ਪਾਏ ॥ ੩ ॥ [15]ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥ ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥ ੪ ॥ ੧ ॥ ਮਲਾਰ ਮਹਲਾ ੫† ॥ [16]ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ ॥ [17]ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ[18] ਤਬ ਓਹੁ ਤ੍ਰਿਪਤਿ ਅਘਾਈ[19] ॥ ੧ ॥ ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥ ਭੂਲਹਿ ਬਾਰਿਕ ਅਨਿਕ ਲਖ ਬਰੀਆ[20] [21]ਅਨ ਠਉਰ ਨਾਹੀ ਜਹ ਜਾਤਾ ॥ ੧ ॥ ਰਹਾਉ ॥ ਚੰਚਲ ਮਤਿ ਬਾਰਿਕ [22]ਬਪੁਰੇ ਕੀ ਸਰਪ ਅਗਨਿ ਕਰ[23] ਮੇਲੈ ॥ [24]ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥ ੨ ॥ ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥ ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ [25]ਮਨਿ ਬਾਂਛੈ ਸੋ ਲੈਸੀ ॥ ੩ ॥ ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ [26]ਮੋਹਿ੦ ਹ੍ਰਿਦੈ ਬਸਹਿ ਨਿਤ ਚਰਨਾ ॥ ੪ ॥ ੨ ॥ ਮਲਾਰ ਮਹਲਾ ੫‡ ॥ ਸਗਲ ਬਿਧੀ ਜੁਰਿ[27] ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥ ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥ ੧ ॥ [28]ਸੁਨੀਐ ਬਾਜੈ ਬਾਜ ਸੁਹਾਵੀ ॥ [29]ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ

੧ ਕਿਰਪਾ ਦੁਆਰਾ ।
੨ ਗੁਰੂ ਦੁਆਰਾ ।
੩ ਸ਼ਰਮਿੰਦੇ ਹੁੰਦੇ ਹਨ ।
੪ ਨੀਵੀਂ ।
੫ ਗੁਰੂ ਤੋਂ ਬਿਨਾਂ ਹੋਣ ਕਰ ਕੇ ।
੬ ਰੋਂਦੇ ਹਨ ।
੭ ਜੋ ਮਨ ਇੰਦ੍ਰਿਆਂ ਤੋਂ ਪਰੇ ਹੈ ।
੮ ਗੁਰੂ ਦੁਆਰਾ ਸੁਤੇ-ਸਿਧ ਹੀ ।
੯ ਸੁਖਾਂ ਦਾ ਘਰ ।
੧੦ ਦਿਲ ਵਿੱਚ ।
੧੧ ਜੀਭ ਨਾਲ ।
੧੨ ਲੋਹਾ ।
੧੩ ਬੇੜੀ ।
੧੪ ਜਹਾਜ਼ ।
੧੫ ਪਰਤਾਓ ਤਾਲ । ਇਥੇ ਗਾਉਣ ਵਿੱਚ ਮੁੜ-ਮੁੜ ਤਾਲ ਪਰਤਾਇਆ ਜਾਂਦਾ ਹੈ ।
੧੬ ਹੇ ਹਰੀ ! ਤੇਰੀ ਸਾਧ ਸੰਗਤ ਨੂੰ ਮਿਲ ਕੇ ਹਰੀ-ਜਨ ਸ੍ਰੀ ਰਾਮ ਦਾ ਨਾਂ ਉਚਾਰਦੇ ਹਨ ।
੧੭ ਇਕੱਠਾ ਕਰੋ ।
੧੮ ਬਬੀਹਾ । ਦੇਖੋ ਪੰਨਾ ੧੧੧੭, ਨੋਟ ੧੭ ।
੧੯ ਬੱਦਲ ।
੨੦ ਘਨਘੋਰ, ਆਵਾਜ਼ ।
੨੧ ਜਨੌਰ, ਮੱਛੀ ਤੇ ਪੰਛੀ ।
੨੨ ਸਿਫ਼ਤ, ਜਸ ।
੨੩ ਸ਼ੋਰ, ਰੌਲਾ ।
੨੪ ਰਸਤਾ ।
੨੫ ਚਰਨੀਂ ।

੦

* ਗੁਰੂ ਦੇ ਰਾਹੀਂ ਨਾਮ ਜਿਹੀ ਅਗੋਚਰ ਚੀਜ਼ ਮਿਲ ਜਾਂਦੀ ਹੈ, ਜਿਸ ਤੋਂ ਸਾਰੇ ਸੁਖ-ਅਨੰਦ ਮਿਲਦੇ ਹਨ।

† ਨਾ ਕੇਵਲ ਹਰੀ-ਜਨ ਹੀ ਹਰੀ ਨਾਮ ਉਚਾਰਦੇ ਹਨ, ਸਗੋਂ ਸਾਰੇ ਜੀਅ-ਜੰਤ, ਪਸ਼ੂ-ਪੰਛੀ ਹਰੀ ਨੂੰ ਯਾਦ ਕਰਦੇ ਹਨ ।

‡ ਅਸੀਂ ਤਾਂ ਹਰੀ ਨੂੰ ਹੀ ਗਾਵਾਂਗੇ, ਹਰੀ ਨੂੰ ਹੀ ਸਿਮਰਾਂਗੇ; ਕਿਉਂਕਿ ਇਸੇ ਵਿੱਚ ਸਾਡੀ ਜ਼ਿੰਦਗੀ ਹੈ।

ਤੁਧੁ ਆਪੇ ਆਪਿ ਉਪਾਇਆ ਸਭੁ ਜਗੁ ਤੁਧੁ ਆਪੇ ਵਸਿ ਕਰਿ ਲਇਆ ॥ ਜਨ ਨਾਨਕ ਕਉ ਪ੍ਰਭਿ ਕਿਰਪਾ ਧਾਰੀ ਬਿਖੁ ਡੁਬਦਾ ਕਾਢਿ ਲਇਆ ॥ ੪ ॥ ੬ ॥ ਮਲਾਰ ਮਹਲਾ ੪* ॥ ਗੁਰ ਪਰਸਾਦੀ[੧] ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥ ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥ ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥ ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥ ੧ ॥ ਪ੍ਰਾਣੀ ਗੁਰਮੁਖਿ[੨] ਨਾਮੁ ਧਿਆਈ ॥ ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥ ੧ ॥ ਰਹਾਉ ॥ ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ[੩] ॥ ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥ ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ[੪] ਲੋਭ ਲਹਰਿ ਦੁਖੁ ਪਾਈ ॥ [੫]ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ[੬] ॥ ੨ ॥ ਹਰਿ ਕਾ ਨਾਮੁ ਅਗੋਚਰੁ[੭] ਪਾਇਆ [੮]ਗੁਰਮੁਖਿ ਸਹਜਿ ਸੁਭਾਈ ॥ ਨਾਮੁ ਨਿਧਾਨੁ[੯] ਵਸਿਆ [੧੦]ਘਟ ਅੰਤਰਿ ਰਸਨਾ[੧੧] ਹਰਿ ਗੁਣ ਗਾਈ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥ ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥ ੩ ॥ ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥ ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥ ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥ ਹਮ ਲੋਹ[੧੨] ਗੁਰ ਨਾਵ[੧੩] ਬੋਹਿਥਾ[੧੪] ਨਾਨਕ ਪਾਰਿ ਲੰਘਾਈ ॥ ੪ ॥ ੭ ॥

ਮਲਾਰ ਮਹਲਾ ੪ ਪੜਤਾਲ[੧੫] ਘਰੁ ੩ ੴ ਸਤਿਗੁਰ ਪ੍ਰਸਾਦਿ ॥

†[੧੬]ਹਰਿ ਜਨ ਬੋਲਤ ਸ੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ ਤੋਰ ॥ ੧ ॥ ਰਹਾਉ ॥ ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ[੧੭] ਜਿਸੁ ਲਾਗਤ ਹੈ ਨਹੀ ਚੋਰ ॥ ੧ ॥ ਚਾਤ੍ਰਿਕ[੧੮] ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ[੧੯] ਕੀ ਘੋਰ[੨੦] ॥ ੨ ॥ ਜੋ ਬੋਲਤ ਹੈ [੨੧]ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ੩ ॥ ਨਾਨਕ ਜਨ ਹਰਿ ਕੀਰਤਿ[੨੨] ਗਾਈ ਛੂਟਿ ਗਇਓ ਜਮ ਕਾ ਸਭ ਸੋਰ[੨੩] ॥ ੪ ॥ ੧ ॥ ੮ ॥ ਮਲਾਰ ਮਹਲਾ ੪‡ ॥ ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥ ਹਰਿ ਕਾ ਪੰਥੁ[੨੪] ਕੋਊ ਬਤਾਵੈ ਹਉ ਤਾ ਕੈ ਪਾਇ[੨੫] ਲਾਗੀ ॥ ੧ ॥ ਰਹਾਉ ॥ ਹਰਿ ਹਮਾਰੋ

੧ ਸਮਝਾਉਂਦਾ ਹੈ, ਨਿਸਚੇ ਕਰਾਉਂਦਾ ਹੈ ।
੨ ਡਰਾਉਣਾ ਸਮੁੰਦਰ ਰੂਪ ।
੩ ਫੁੱਲ ਤੋੜਦੇ ਹਨ (ਪੂਜਾ ਲਈ) ।
੪ ਬੇਜਾਨ (ਪੱਥਰ ਆਦਿ) ਪੂਜਦੇ ਹਨ, ਸਮਾਧਾਂ ਦੀ ਪੂਜਾ ਕਰਦੇ ਹਨ, ਇਹੋ ਜਿਹੀ ਸਾਰੀ ਮਿਹਨਤ ਵਿਅਰਥ ਜਾਂਦੀ ਹੈ ।
੫ ਜਾਣੇ, ਸਮਝੇ !
੬ ਕਪੜੇ ।
੭ ਰੇਸ਼ਮੀ ਕਪੜੇ ।
੮ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ 'ਧਿ' ਨਹੀਂ ਹੈ।
੯ ਸ਼ਰਧਾ ਧਾਰ ਕੇ ਭੇਟਾ ਕਰੋ ।
੧੦ ਹਿਰਦੇ ਵਿੱਚ ।
੧੧ ਭਲੀ ਪ੍ਰਕਾਰ ।
੧੨ ਖਿੜਦਾ ਹੈ ।
੧੩ ਸਦਾ ਕੁਰਬਾਨ ਜਾਂਦਾ ਹਾਂ ।
੧੪ ਖਾਂਦੇ ਹਨ ।
੧੫ ਭਰਮ ।
੧੬ ਹੰਸ ।
੧੭ ਸਾੜਾ ।
੧੮ ਜੋ ਲੱਛਣ ਹਰੀ ਦਾ ਹੈ ਉਹੋ ਹਰੀ ਜਨਾਂ ਦਾ ਹੈ।
੧੯ ਹਰੀ ਜਨਾਂ ਵਿੱਚ ।
੨੦ ਆਪਣਾ ਆਪ ਰੱਖਦਾ ਹੈ ।
੨੧ ਇਕ ਨਜ਼ਰ ਨਾਲ ਦੇਖਣ ਵਾਲਾ ।
੨੨ ਜੋ ਨਿੰਦਾ ਉਸਤਤ ਤੋਂ ਨਿਰਲੇਪ ਹੈ ਤੇ ਹੋਰਨਾਂ ਨੂੰ ਨਿਰਲੇਪ ਕਰਦਾ ਹੈ ।
੨੩ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੨੪ ਹਰ ਰੋਜ਼ ।
੨੫ ਕਿਰਪਾ ਰਾਹੀਂ ।
੨੬ ਕਿਰਪਾ ।

* ਆਪਣੇ ਅੰਦਰ ਹਰੀ-ਰਸ ਦਾ ਸਵਾਦ ਪੈਦਾ ਕਰਨ ਲਈ ਗੁਰੂ ਦੀ ਸਿੱਖਿਆ ਧਾਰਨ ਕਰਨੀ ਚਾਹੀਦੀ ਹੈ, ਕਿਉਂਕਿ ਗੁਰੂ ਸਾਡੇ ਵਿਚੋਂ ਭਰਮ, ਹਉਮੈ ਤੇ ਈਰਖਾ ਆਦਿ ਔਗੁਣ ਕੱਢ ਕੇ ਆਪ ਹਰੀ ਜਿਹਾ ਹੋ ਕੇ ਵਰਤ ਦਿਖਾਂਦਾ ਹੈ । ਇਹੋ ਜਿਹੇ ਗੁਣਾਂ ਵਾਲਾ ਗੁਰੂ ਨਾਨਕ ਹੋਇਆ ਹੈ, ਜਿਸ ਦਾ ਧੰਨਵਾਦ ਕਰਨਾ ਚਾਹੀਦਾ ਹੈ ।

† ਗੁਰੂ ਦੀ ਸੰਗਤਿ ਦੇ ਰਾਹੀਂ ਅਗੰਮ ਅਗੋਚਰ ਹਰੀ ਦਾ ਨਾਮ ਮਿਲਦਾ ਹੈ ।

ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ[1] ॥ ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ ਹਰਿ ਭਉਜਲੁ[2] ਜਗਤੁ ਤਰਾਵੈ ॥ ੧ ॥ ਰਹਾਉ ॥ ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥ ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ ॥ ੨ ॥ ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ [3]ਫੂਲ ਤੋਰਾਵੈ ॥ [4]ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥ ੩ ॥ ਬ੍ਰਹਮੁ ਬਿੰਦੇ[5] ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥ ਤਿਸੁ ਗੁਰ ਕਉ ਛਾਦਨ[6] ਭੋਜਨ ਪਾਟ ਪਟੰਬਰ[7] ਬਹੁ ਬਿਧਿ[8] [9]ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥ ੪ ॥ ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥ ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥ ੫ ॥ ੪ ॥ ਮਲਾਰ ਮਹਲਾ ੪* ॥ ਜਿਨ੍ ਕੈ ਹੀਅਰੈ[10] ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ [11]ਭਲ ਭਾਂਤਿ ॥ ਤਿਨ੍ ਦੇਖੇ ਮੇਰਾ ਮਨੁ ਬਿਗਸੈ[12] ਹਉ ਤਿਨ ਕੈ [13]ਸਦ ਬਲਿ ਜਾਂਤ ॥ ੧ ॥ ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥ ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ[14] ॥ ੧ ॥ ਰਹਾਉ ॥ ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ[15] ॥ ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ[16] ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ[17] ॥ ੨ ॥ ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥ ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥ ੩ ॥ [18]ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ [19]ਜਨ ਮਹਿ [20]ਆਪੁ ਰਖਾਂਤਿ ॥ ਧਨੁ ਧੰਨੁ ਗੁਰੂ ਨਾਨਕੁ [21]ਸਮਦਰਸੀ [22]ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥ ੪ ॥ ੫ ॥ ਮਲਾਰ ਮਹਲਾ ੪† ॥ ਅਗਮੁ ਅਗੋਚਰੁ[23] ਨਾਮੁ ਹਰਿ ਊਤਮੁ ਹਰਿ ਕਿਰਪਾ ਤੇ ਜਪਿ ਲਇਆ ॥ ਸਤਸੰਗਤਿ ਸਾਧ ਪਾਈ ਵਡਭਾਗੀ ਸੰਗਿ ਸਾਧੂ ਪਾਰਿ ਪਇਆ ॥ ੧ ॥ ਮੇਰੈ ਮਨਿ ਅਨਦਿਨੁ[24] ਅਨਦੁ ਭਇਆ ॥ ਗੁਰ ਪਰਸਾਦਿ[25] ਨਾਮੁ ਹਰਿ ਜਪਿਆ ਮੇਰੇ ਮਨ ਕਾ ਭ੍ਰਮੁ ਭਉ ਗਇਆ ॥ ੧ ॥ ਰਹਾਉ ॥ ਜਿਨ ਹਰਿ ਗਾਇਆ ਜਿਨ ਹਰਿ ਜਪਿਆ ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ[26] ॥ ਤਿਨ ਕਾ ਦਰਸੁ ਦੇਖਿ ਸੁਖੁ ਪਾਇਆ ਦੁਖੁ ਹਉਮੈ ਰੋਗੁ ਗਇਆ ॥ ੨ ॥ ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ ॥ ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ ॥ ੩ ॥

੧ ਖਿੜਿਆ ।
੨ [ਬਨ ਜਿਸ ਦੀ ਮਾਲਾ ਹਨ] ਹਰੀ ।
੩ ਗਾਲ, ਬਦਨਾਮੀ । ਦੇਖੋ ਪੰਨਾ ੬੪੧, ਨੋਟ ੧੯।
੪ ਔਰਤ ਬੱਚਾ ਨਾ ਜਣੇ ।
੫ ਮਾਂ । ਮਾਂ ਨੂੰ ਵਿਧਵਾ ਕਰੋ, ਤਾਂ ਜੋ ਬੱਚਾ ਨਾ ਹੋਵੇ ।
੬ ਦਿਨ ਰਾਤ ।
੭ ਦਿਲ ਵਿੱਚ ।
੮ ਕੰਧ ।
੯ ਕਰੜੀ ।
੧੦ ਓਹ (ਨਦੀਆਂ) ਗੰਗਾ ਆਦਿ ਸਾਧੂ ਦੀ ਧੂੜੀ ਲਈ ਉਦਮ ਕਰਦੀਆਂ ਹਨ । ਭਾਵ ਇਹ ਨਦੀਆਂ ਪਵਿੱਤਰ ਗਿਣੀਆਂ ਜਾਂਦੀਆਂ ਹਨ ਪਰ ਗੁਰੂ ਸਾਧ ਦੇ ਚਰਨ ਇਨ੍ਹਾਂ ਤੋਂ ਭੀ ਵਧੇਰੇ ਪਵਿੱਤਰ ਹਨ, ਇਸ ਲਈ ਇਹ ਨਦੀਆਂ ਭੀ ਸਾਧੂ ਦੀ ਚਰਨ-ਧੂੜ ਲਈ ਤਰਸਦੀਆਂ ਹਨ ।
੧੧ ਇਹ ਵਾਕ ਨਦੀਆਂ ਕਹਿੰਦੀਆਂ ਹਨ । ਕਿਲਵਿਖ=ਪਾਪ ।
੧੨ ਇਸ਼ਨਾਨ । ਗੁਰੂ-ਤੀਰਥ ਉੱਤੇ ਨਹਾਉਣਾ ਅਠਸਠ ਤੀਰਥਾਂ ਦਾ ਇਸ਼ਨਾਨ ਹੈ ।
੧੩ [ਜਾਹ੍ਨਵੀ] ਗੰਗਾ ਨਦੀ । ਭਾਗੀਰਥ ਤਪੇ ਨੇ ਗੰਗਾ ਆਂਦੀ ਸੀ ।
੧੪ ਮਹੇਂ ਦੇ ਮਾਲਕ, ਮਹੇਸ਼, ਸ਼ਿਵ ਜੀ ਨੇ । ਇਹ ਹਿਮਾਲੀਆ ਪਰਬਤ ਦੀ ਧਾਰਾ ਵਿੱਚ ਇਕ ਮੰਦਰ ਹੈ, ਜਿਸ ਵਿੱਚ ਝੋਟੇ ਦੀ ਸ਼ਕਲ ਦੇ ਮਹਾਂਦੇਵ ਦੀ ਮੂਰਤੀ ਹੈ ।
੧੫ ਕਾਂਸ਼ੀ ਅਸਥਾਨ ਨੇ ਅਤੇ ਜਿਥੇ ਕ੍ਰਿਸ਼ਨ ਜੀ ਨੇ ਗਊਆਂ ਚਾਰੀਆਂ ਸਨ, ਸੋਭਾ ਪਾਈ ਹਰੀ ਜਨਾਂ ਨੂੰ ਮਿਲ ਕੇ । ਭਾਵ ਕਾਂਸ਼ੀ ਦੀ ਸੋਭਾ ਇਸ ਕਰ ਕੇ ਹੈ ਕਿ ਉਥੇ ਹਰੀ ਜਨਾਂ ਦੀ ਸੰਗਤ ਜੁੜਦੀ ਹੈ ।
੧੬ ਦੇਵੀ, ਦੇਵਤਿਆਂ ਨੇ । ਦੇਖੋ ਪੰਨਾ ੩੫੮, ਨੋਟ ੨੪ ।
੧੭ ਮੱਥੇ 'ਤੇ ।
੧੮ ਕੰਨੀਂ ।
੧੯ ਹਸਤੀ ਦਾ ਸਮੁੰਦਰ ।
੨੦ ਹੱਟੀ 'ਤੇ ਵਿਕੇ (ਗ਼ੁਲਾਮ ਹਾਂ) ਦੇਖੋ ਪੰਨਾ ੯੯੬, ਨੋਟ ੪ ।
੨੧ ਖੋਟੀ ਮਤ ਦੀ ਸਾਰੀ ਮੈਲ ਦੂਰ ਕਰਦਾ ਹੈ (ਹਰੀ ਜਨ) ।
੨੨ ਉਚਾਰੇ । ਰਜਦਾ ਤਦ ਹੈ ਜਦ ਹਰੀ ਦੇ ਗੁਣ ਉਚਾਰਦਾ ਹੈ ।
੨੩ ਮੱਛੀ ।
੨੪ ਜਾਂ । ਜਾਂ ਉਹ ਜਾਣਦਾ ਹੈ ਜਿਸ ਦੇ ਦਿਲ ਵਿੱਚ ਉਹ ਪ੍ਰੀਤੀ ਟਿਕਾਉਂਦਾ ਹੈ ।
੨੫ ਟਲਦੀ ਹੈ, ਦੂਰ ਹੁੰਦੀ ਹੈ ।
੨੬ ਸਿਰ 'ਤੇ ਹਰੀ ਦੀ ਹੁਕਮ-ਰੂਪੀ ਕਾਰ ।

* (ਕੇਵਲ ਇਥੇ ਹੀ, ਜਾਂ ਇਸੇ ਰਾਗ ਦੀ ਵਾਰ, ਪਉੜੀ ੧੧ ਦੇ ਦੂਜੇ ਸ਼ਲੋਕ ਵਿੱਚ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ 'ਮਲਾਰੁ' ਦੇ ਰਾਰੇ ਨਾਲ ਔਂਕੜ ਆਇਆ ਹੈ, ਹੋਰ ਕਿਧਰੇ ਨਹੀਂ।) ਤੀਰਥਾਂ ਦੀ ਮਹੱਤਤਾ ਭੀ ਆਪਣੇ ਵਿੱਚ ਕੁਝ ਨਹੀਂ । ਉਨ੍ਹਾਂ ਦੀ ਵਡਿਆਈ ਭੀ ਇਸੇ ਕਰ ਕੇ ਹੈ ਕਿ ਉਥੇ ਹਰੀ ਦੇ ਭਗਤਾਂ ਦੇ ਚਰਨ ਪੈਂਦੇ ਹਨ । ਮਸਲਨ, ਗੰਗਾ ਦੀ ਵਡਿਆਈ ਇਸ ਕਰ ਕੇ ਹੈ ਕਿ ਭਗੀਰਥ ਜਹੇ ਤਪਸਵੀ ਨੇ ਮਿਹਨਤ ਕਰ ਕੇ ਇਸ ਨੂੰ ਅਸਮਾਨ ਤੋਂ ਮੰਗਵਾਇਆ । ਕੇਦਾਰਾ ਦੀ ਮਹੱਤਤਾ ਮਹਾਂਦੇਵ ਕਰ ਕੇ ਹੈ। ਕਾਂਸ਼ੀ ਭੀ ਹਰੀ-ਜਨਾਂ ਦੇ ਜੋੜ-ਮੇਲ ਦਾ ਅਸਥਾਨ ਹੋਣ ਕਰ ਕੇ ਮਸ਼ਹੂਰ ਹੈ।

† ਹਰੀ-ਜਨ ਦੀ ਵਡਿਆਈ ਦੱਸਦੇ ਹਨ ।

‡ ਹਰੀ ਦੀ ਸੇਵਾ ਤੇ ਹਰੀ ਨਾਮ ਦੀ ਸਮਝ ਗੁਰੂ ਤੋਂ ਮਿਲਦੀ ਹੈ, ਇਸ ਲਈ ਗੁਰੂ ਦੀ ਸ਼ਰਨ ਲੈਣੀ ਚਾਹੀਦੀ ਹੈ, ਉਸੇ ਦੀ ਸੇਵਾ ਕਰਨੀ ਚਾਹੀਦੀ ਹੈ । ਹੋਰ ਦੇਵੀ ਦੇਵਤਿਆਂ ਦੀ ਪੂਜਾ ਬਿਅਰਥ ਹੈ, ਨਿਰਾ ਵਹਿਮ ਹੈ ।

ਬਿਗਸਿਓ[੧] ਜਨੁ ਹਰਿ ਭੇਟਿਓ ਬਨਵਾਰੀ[੨] ॥ ੧ ॥ ਰਹਾਉ ॥ ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ[੩] ॥ ਹਰਿ ਤਿਸ ਕੈ ਕੁਲਿ [੪]ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ[੫] ॥ ੨ ॥ ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ[੬] ਹਰਿ ਉਰਿ[੭] ਧਾਰੀ ॥ ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ[੫] ॥ ੩ ॥ ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ[੮] ਕਰਾਰੀ[੯] ॥ ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ[੨] ॥ ੪ ॥ ੧ ॥ ਮਲਾਰ ਮਹਲਾ ੪* ॥ ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ [੧੦]ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ [੧੧]ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ੧ ॥ ਤੀਰਥਿ ਅਠਸਠਿ ਮਜਨੁ[੧੨] ਨਾਈ ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥ ੧ ॥ ਰਹਾਉ ॥ [੧੩]ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ[੧੪] ॥ [੧੫]ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥ ੨ ॥ ਜਿਤਨੇ ਤੀਰਥ ਦੇਵੀ[੧੬] ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥ ੩ ॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ ਨਾਨਕ ਲਿਲਾਟਿ[੧੭] ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥ ੪ ॥ ੨ ॥ ਮਲਾਰ ਮਹਲਾ ੪† ॥ ਤਿਸੁ ਜਨ ਕਉ ਹਰਿ ਮੀਠ ਲਗਾਨਾ ਜਿਸੁ ਹਰਿ ਹਰਿ ਕ੍ਰਿਪਾ ਕਰੈ ॥ ਤਿਸ ਕੀ ਭੂਖ ਦੂਖ ਸਭਿ ਉਤਰੈ ਜੋ ਹਰਿ ਗੁਣ ਹਰਿ ਉਚਰੈ ॥ ੧ ॥ ਜਪਿ ਮਨ ਹਰਿ ਹਰਿ ਹਰਿ ਨਿਸਤਰੈ ॥ ਗੁਰ ਕੇ ਬਚਨ ਕਰਨ[੧੮] ਸੁਨਿ ਧਿਆਵੈ [੧੯]ਭਵ ਸਾਗਰੁ ਪਾਰਿ ਪਰੈ ॥ ੧ ॥ ਰਹਾਉ ॥ ਤਿਸੁ ਜਨ ਕੇ ਹਮ [੨੦]ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ ॥ ਹਰਿ ਜਨ ਕਉ ਮਿਲਿਆਂ ਸੁਖੁ ਪਾਈਐ [੨੧]ਸਭ ਦੁਰਮਤਿ ਮੈਲੁ ਹਰੈ ॥ ੨ ॥ ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ[੨੨] ॥ ਹਰਿ ਕਾ ਜਨੁ ਹਰਿ ਜਲ ਕਾ ਮੀਨਾ[੨੩] ਹਰਿ ਬਿਸਰਤ ਫੂਟਿ ਮਰੈ ॥ ੩ ॥ ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ[੨੪] ਜਾਨੈ ਜਿਸੁ ਮਨਿ ਧਰੈ ॥ ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ[੨੫] ॥ ੪ ॥ ੩ ॥ ਮਲਾਰ ਮਹਲਾ ੪‡ ॥ ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ [੨੬]ਸਿਰਿ ਕਾਰ ਲਿਖਾਵੈ ॥ ਹਰਿ ਜਨ ਕਉ ਹਰਿ ਦੀਨ੍ਹ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ ॥ ੧ ॥

੧ ਜੋ ਗੁਰੂ ਦੀ ਸਿੱਖਿਆ ਅਨੁਸਾਰ ਚਲਦੇ ਹਨ, ਓਹ ਜੀਉਂਦਿਆਂ ਹੀ ਮੁਕਤ ਹੋ ਜਾਂਦੇ ਹਨ ।

੨ ਹਰ ਰੋਜ਼ ।

੩ ਆਪਾ ਭਾਵ ।

੪ ਚਰਨੀਂ ।

੫ ਅਗਿਆਨਤਾ ਅਤੇ ਹਨੇਰਾ ਹੈ ।

੬ ਆਪ-ਹੁਦਰੇ ।

੭ ਮੂਰਖ ਤੇ ਅਸੱਭਜ ।

੮ ਜੋ ਗੁਰੂ ਦੀ ਮੰਨ ਕੇ ਚਲਦਾ ਹੈ ।

੯ ਲਾਲਚ ਵਿੱਚ ਨਹੀਂ ਲਪਟਦਾ ।

੧੦ ਸੁਤੇ ਸਿਧ ਹੀ ।

੧੧ ਜੀਭ ਨੂੰ ਰਸ ਵਾਲੀ ਬਣਾ ਕੇ ।

੧੨ ਕੂੜਾਂ ਵਿਚੋਂ ਕਿਸੇ ਇਕ ਨੂੰ ਬੁਝਾਉਂਦਾ ਹੈ ।

੧੩ ਜਿਸ ਦੇ ਭਾਗਾਂ ਵਿੱਚ ਹਰੀ ਦੇ ਧੁਰ ਹਜ਼ੂਰ ਮਿਲਣਾ ਲਿਖਿਆ ਹੈ ।

੧੪ ਨਿਰਾ ਜੀਭ ਦੁਆਰਾ ।

੧੫ ਸਿਮਰੀਏ ।

੧੬ ਤਰਲੇ ਲੈਂਦਾ ਹੈ ।

੧੭ ਸੁਭਾਵਕ ਹੀ, ਨਿਰਯਤਨ ਹੀ, ਖਾਸ-ਖਾਸ ਕਰਮਾਂ ਦੇ ਯਤਨ ਨਾਲ ਨਹੀਂ ।

੧੮ ਤਿੰਨਾਂ ਗੁਣਾਂ ਵਾਲੀ ਵੇਦ ਬਾਣੀ ਦਾ ਵਿਚਾਰ ਕਰਦਾ ਹੈ, ਤਾਂ ਉਸ ਨੂੰ ਪਤਾ ਲਗਦਾ ਹੈ ਕਿ ਤਿੰਨਾਂ ਗੁਣਾਂ ਵਾਲੀ ਮਾਇਆ ਨਿਰੀ ਮੈਲ ਹੈ, ਨਿਰਾ ਲੈਣ ਦੇਣ ਹੈ । ਇਸ ਨੂੰ ਮੰਨਣ ਵਾਲੇ ਆਵਾ-ਗਉਣ ਵਿੱਚ ਪੈ-ਪੈ ਕੇ ਖ਼ੁਆਰ ਹੁੰਦੇ ਰਹਿੰਦੇ ਹਨ । ਪਰ ਜਿਹੜੇ (ਵੇਦਾਂ ਦੇ ਉਲਟ) ਗੁਰੂ ਦੀ ਮੰਨ ਕੇ ਚਲਦੇ ਹਨ, ਉਹ ਤਿੰਨਾਂ ਗੁਣਾਂ ਤੋਂ ਅਗਾਹਾਂ ਵਾਲੀ 'ਸਹਜ' ਅਵਸਥਾ ਦਾ ਗੁਣ ਦਿਲ ਵਿੱਚ ਟਿਕਾਂਦੇ ਹਨ । ਇਹ ਖਿਆਲ ਕਿ ਵੇਦ ਤਿੰਨਾਂ ਗੁਣਾਂ ਦੀ ਉਧੇੜ-ਬੁਣ ਵਿੱਚ ਪਏ ਰਹਿੰਦੇ ਹਨ, ਹੋਰ ਕਈਆਂ ਥਾਵਾਂ 'ਤੇ ਆਇਆ ਹੈ। ਦੇਖੋ 'ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥" (ਗਉੜੀ ਮ: ੧, ਪੰਨਾ ੧੫੪) ।

੧੯ ਚੌਥੀ ਅਵਸਥਾ ਦਾ, ਸਹਜ ਦਾ ।

੨੦ ਉਸ ਦਾ ਹਰ ਕੋਈ ਆਦਰ ਕਰਦਾ ਹੈ ।

੨੧ ਠੰਢਾ, ਸ਼ਾਂਤ ।

੨੨ ਆਸ਼ਾ= ਉਮੈਦ, ਜੋ ਆਉਣ ਵਾਲੇ ਸਮੇਂ ਨਾਲ ਸੰਬੰਧ ਰਖਦੀ ਹੈ । ਮਨਸਾ= ਉਹ ਉਮੈਦ ਜਾਂ ਖ਼ਾਹਿਸ਼ ਜੋ ਵਰਤਮਾਨ ਸਮੇਂ ਨਾਲ ਸੰਬੰਧ ਰਖਦੀ ਹੈ ।

੨੩ ਤਾੜੀ (ਸਮਾਧੀ) ।

* ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਬਣਾਉਣ ਵਾਲਿਆਂ ਦਾ ਮਨਮੁਖਾਂ ਨਾਲ ਟਾਕਰਾ ਕਰ ਕੇ ਦੱਸਿਆ ਹੈ ਕਿ ਮਨਮੁਖ ਤਾਂ ਮਾਇਆ ਮੋਹ ਕਰਕੇ ਹਨੇਰੇ ਤੇ ਦੁੱਖ ਵਿੱਚ ਰਹਿੰਦੇ ਹਨ ਅਤੇ ਗੁਰਮੁਖ ਨਿਰਲੇਪ ਰਹਿ ਕੇ ਹਰੀ ਦੇ ਨਾਮ ਦਾ ਸੁਖ ਮਾਣਦੇ ਹਨ ।

† ਨਾਮ ਨਿਰਾ ਜੀਭ ਨਾਲ ਨਹੀਂ ਸਿਮਰਿਆ ਜਾਂਦਾ । ਇਸ ਦੇ ਨਾਲ ਗੁਰੂ ਦੀ ਸੇਵਾ ਲਾਜ਼ਮੀ ਹੈ । ਗੁਰੂ ਹੀ ਸਹੀ-ਤੌਰ 'ਤੇ ਨਾਮ ਵਾਲੀ ਉੱਚੀ ਅਵਸਥਾ ਤੱਕ ਪਹੁੰਚਾ ਸਕਦਾ ਹੈ । ਪੁਰਾਣੇ ਵੇਦ ਸ਼ਾਸਤਰ ਤਾਂ ਤਿੰਨਾਂ ਗੁਣਾਂ ਦੀ ਉਧੇੜ-ਬੁਣ ਵਿੱਚ ਹੀ ਪਾਈ ਰੱਖਦੇ ਹਨ ।

‡ ਸਰਬ-ਸੁਖਾਂ ਦਾ ਦੇਣ ਵਾਲਾ ਹਰੀ-ਨਾਮ ਸਾਡੇ ਅੰਦਰ ਵੱਸਦਾ ਹੈ, ਪਰ ਗੁਰੂ ਦੀ ਸਹਾਇਤਾ ਬਿਨਾਂ ਅੰਦਰੋਂ ਪ੍ਰਗਟ ਹੋ ਕੇ ਮਿਲਦਾ ਨਹੀਂ ।

ਨਾਮਿ ਸਮਾਹਾ ॥ ੪ ॥ ੨ ॥ ੧੧ ॥ ਮਲਾਰ ਮਹਲਾ ੩* ॥ [੧]ਜੀਵਤ ਮੁਕਤ ਗੁਰਮਤੀ ਲਾਗੇ ॥ ਹਰਿ ਕੀ ਭਗਤਿ ਅਨਦਿਨੁ[੨] ਸਦ ਜਾਗੇ ॥ ਸਤਿਗੁਰੁ ਸੇਵਹਿ ਆਪੁ[੩] ਗਵਾਇ ॥ ਹਉ ਤਿਨ ਜਨ ਕੇ ਸਦ ਲਾਗਉ ਪਾਇ[੪] ॥ ੧ ॥ ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥ ੧ ॥ ਰਹਾਉ ॥ ਮਾਇਆ ਮੋਹੁ [੫]ਅਗਿਆਨੁ ਗੁਬਾਰੁ ॥ ਮਨਮੁਖ[੬] ਮੋਹੇ [੭]ਮੁਗਧ ਗਵਾਰ ॥ ਅਨਦਿਨੁ ਧੰਧਾ ਕਰਤ ਵਿਹਾਇ ॥ ਮਰਿ ਮਰਿ ਜੰਮਹਿ ਮਿਲੈ ਸਜਾਇ ॥ ੨ ॥ ਗੁਰਮੁਖਿ[੮] ਰਾਮ ਨਾਮਿ ਲਿਵ ਲਾਈ ॥ ਕੂੜੈ [੯]ਲਾਲਚਿ ਨਾ ਲਪਟਾਈ ॥ ਜੋ ਕਿਛੁ ਹੋਵੈ [੧੦]ਸਹਜਿ ਸੁਭਾਇ ॥ ਹਰਿ ਰਸੁ ਪੀਵੈ [੧੧]ਰਸਨ ਰਸਾਇ ॥ ੩ ॥ [੧੨]ਕੋਟਿ ਮਧੇ ਕਿਸਹਿ ਬੁਝਾਈ ॥ ਆਪੇ ਬਖਸੇ ਦੇ ਵਡਿਆਈ ॥ [੧੩]ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥ ਨਾਨਕ ਹਰਿ ਹਰਿ ਨਾਮਿ ਸਮਾਈ ॥ ੪ ॥ ੩ ॥ ੧੨ ॥ ਮਲਾਰ ਮਹਲਾ ੩† ॥ ਰਸਨਾ[੧੪] ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥ ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਸਬਦੀ ਅਸਥਿਰੁ ਘਰਿ ਬਹੈ ॥ ੧ ॥ ਮੇਰੇ ਮਨ ਕਾਹੇ ਰੋਸੁ ਕਰੀਜੈ ॥ ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ[੨] ਹਿਰਦੈ ਰਵੀਜੈ[੧੫] ॥ ੧ ॥ ਰਹਾਉ ॥ ਬਾਬੀਹਾ ਖਿਨੁ ਖਿਨੁ ਬਿਲਲਾਇ[੧੬] ॥ ਬਿਨੁ ਪਿਰ ਦੇਖੇ ਨੀਂਦ ਨ ਪਾਇ ॥ ਇਹੁ ਵੇਛੋੜਾ ਸਹਿਆ ਨ ਜਾਇ ॥ ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ[੧੭] ॥ ੨ ॥ ਨਾਮਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥ ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ ਬਹੁ ਬਿਧਿ ਥਾਕਾ ਕਰਮ ਕਮਾਇ ॥ ੩ ॥ [੧੮]ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥ ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ[੧੯] ਗੁਣੁ ਉਰਿ ਧਾਰੁ ॥ ੪ ॥ ਗੁਰੁ ਮਾਨੈ [੨੦]ਮਾਨੈ ਸਭੁ ਕੋਇ ॥ ਗੁਰ ਬਚਨੀ ਮਨੁ ਸੀਤਲੁ[੨੧] ਹੋਇ ॥ ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥ ਨਾਨਕ ਗੁਰਮੁਖਿ ਵਿਰਲਾ ਕੋਇ ॥ ੫ ॥ ੪ ॥ ੧੩ ॥ ੯ ॥ ੧੩ ॥ ੨੨ ॥

ਰਾਗੁ ਮਲਾਰ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

‡ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥ ਸਭ [੨੨]ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥ ਨੈਨੀ ਹਰਿ ਹਰਿ ਲਾਗੀ ਤਾਰੀ[੨੩] ॥ ਸਤਿਗੁਰੁ ਦੇਖਿ ਮੇਰਾ ਮਨੁ

੧ ਮਹਿਕਦੀ ਹੈ, ਖਿਲਰਦੀ ਹੈ ।
੨ ਦਿਲ ਵਿੱਚ ਟਿਕਾਅ ਦੇ ।
੩ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਹਰੀ ਦਾ ।
੪ ਗ੍ਰਿਹਸਤੀ ।
੫ ਵਰਨ ਆਸ਼ਰਮ ਰਹਿਤ, ਬੇਜ਼ਾਤ ਹੈ ।
੬ ਮੈਂ ਮੇਰੀ ਦਾ ਭਾਵ ।
੭ ਭਾਰ ਚੁਕਦਾ ਹੈਂ (ਪੁਸਤਕਾਂ ਦਾ) । ਇਹ ਪੰਡਿਤ ਜਿਸ ਨੂੰ ਬਹਿਸ ਵਿੱਚ ਹਰਾ ਦਿੰਦਾ ਸੀ, ਉਸ ਦੀਆਂ ਪੁਸਤਕਾਂ ਜਿੱਤ ਵਿੱਚ ਲੈ ਕੇ ਊਠਾਂ ਜਾਂ ਘੋੜਿਆਂ ਉੱਤੇ ਲੱਦੀ ਫਿਰਦਾ ਸੀ ।
੮ ਕਿਰਪਾ ਨਾਲ ।
੯ 'ਪੰਡਿਤ' ਲਫ਼ਜ਼ ਦੀ ਬਣਾਵਟ ਤੋਂ ਹੀ ਪੰਡਿਤ ਦੀ ਰਹਿਣੀ ਬਾਬਤ ਸਿੱਖਿਆ ਦਿੰਦੇ ਹਨ, ਜਿਵੇਂ ਮੁੱਲਾਂ ਲਫ਼ਜ਼ ਨੂੰ ਕਬੀਰ ਜੀ ਵਰਤਦੇ ਹਨ : 'ਸੋ ਮੁਲਾਂ ਜੋ ਮਨ ਸਿਉ ਲਰੈ' (ਭੈਰਉ) । ਹੋਰ ਦੇਖੋ ਪੰਨਾ ੧੦੮੪, ਨੋਟ ੬, ਅਤੇ ਪੰਨਾ ੨੪, ਨੋਟ ੯ ਤੇ ੧੦ ।
੧੦ ਹਰ ਰੋਜ਼ ।
੧੧ ਬਿਆਨ ਕਰਦਾ ਹੈ, ਜਪਦਾ ਹੈ ।
੧੨ ਸਿੱਖਿਆ ।
੧੩ ਨਿਰਲੇਪ ।
੧੪ ਸ਼ਾਸਤ੍ਰਾਂ ਵੇਦਾਂ ਦੀ ਪਾਬੰਦੀ ਤੋਂ ਪਰੇ ਹੋ ਜਾਂਦੇ ਹਨ ।
੧੫ ਆਪ-ਹੁਦਰਾ ।
੧੬ ਮੁਥਾਜੀ ਦੂਰ ਹੁੰਦੀ ਹੈ ।
੧੭ ਗੁਰੂ ਦੁਆਰਾ ।
੧੮ ਮਨੁੱਖਾ ਜਨਮ ਜਿਹੀ ਅਮੋਲਕ ਚੀਜ਼ ਦੁਚਿਤੀ ਕਰ ਕੇ ਗਵਾ ਲਈ ।
੧੯ ਬਹੁਤੇ ਕਰਮਾਂ ਦੀ ਸ਼ਰਨ ਲੈਂਦਾ ਹੈ, ਇਸ ਲਈ ਗੁਰੂ ਨਹੀਂ ਪਾਇਆ ।
੨੦ ਹਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨ ਨਾਲ ।

* [ਇਹ ਸ਼ਬਦ ਇਕ ਪੰਡਿਤ ਬੇਣੀ ਨਾਮੇ ਪਰਥਾਇ ਹੈ, ਜੋ ਬੜਾ ਵਿਦਵਾਨ ਸੀ ਤੇ ਮੰਨੇ ਪ੍ਰਮੰਨੇ ਵਿਦਵਾਨਾਂ ਪਾਸ ਪਹੁੰਚ ਕੇ ਬਹਿਸਾਂ (ਸ਼ਾਸਤ੍ਰਾਰਥ) ਕਰਦਾ ਫਿਰਦਾ ਸੀ । ਇਸੇ ਸੰਬੰਧ ਵਿੱਚ ਉਹ ਇਕ ਵੇਰ ਗੁਰੂ ਅਮਰਦਾਸ ਜੀ ਪਾਸ ਸ੍ਰੀ ਗੋਇੰਦਵਾਲ ਭੀ ਆਇਆ]। ਇਸ ਸ਼ਬਦ ਵਿੱਚ ਗੁਰੂ ਜੀ ਪੰਡਿਤ ਪਾਸੋਂ ਮਨ ਬਾਬਤ ਸਵਾਲ ਪੁੱਛਦੇ ਹਨ, ਜਿਸ ਦੇ ਲਹਾਉ ਚੜ੍ਹਾਉ ਅਨੁਸਾਰ ਤਿੰਨਾਂ ਗੁਣਾਂ ਦੇ ਅਸਰ ਨੂੰ ਪ੍ਰਬਲ ਮੰਨਿਆ ਹੋਇਆ ਸੀ । ਇਸੇ ਅਸਰ ਹੇਠਾਂ ਮਨ ਕਦੀ ਮਮਤਾ ਵਿੱਚ ਪੈ ਕੇ ਚੰਚਲ ਹੋ ਜਾਂਦਾ ਹੈ, ਕਦੀ ਨਿਰਲੇਪ ਹੋ ਕੇ ਉੱਚੀ ਸੁਰਤ ਵਿੱਚ ਕੰਮ ਕਰਦਾ ਹੈ । ਜਦ ਪੰਡਤ ਉੱਤਰ ਨਹੀਂ ਦੇ ਸਕਦਾ, ਤਾਂ ਉਸ ਨੂੰ ਆਪ ਸਮਝਾਂਦੇ ਹਨ ਕਿ ਮਨ ਦੇ ਆਪਣੇ ਵੱਸ ਕੁਝ ਨਹੀਂ । ਹਰੀ ਦੇ ਹੁਕਮ ਅਨੁਸਾਰ ਇਸ ਦੀ ਬਣਾਵਟ ਬਣਦੀ ਹੈ ਇਸ ਲਈ ਤਿੰਨਾਂ ਗੁਣਾਂ ਦੇ ਝਮੇਲੇ ਵਿਚੋਂ ਨਿਕਲ ਕੇ ਹਰੀ ਦੇ ਹੁਕਮ ਅੱਗੇ ਸਿਰ ਨਿਵਾਣਾ ਚਾਹੀਦਾ ਹੈ। ਜਦ ਗੁਰੂ ਦੀ ਸਿੱਖਿਆ ਤੋਂ ਹੁਕਮ ਦੀ ਸਮਝ ਆ ਜਾਂਦੀ ਹੈ, ਤਾਂ ਮਨੁੱਖ ਅਡੋਲ ਨਿਰਬਾਣ ਹੋ ਕੇ ਹਰ ਇਕ ਵਿੱਚ ਹਰੀ ਦਾ ਵਾਸਾ ਦੇਖਦਾ ਹੈ ।

† ਗੁਰੂ ਦੀ ਨਾ ਮੰਨਣ ਨਾਲ ਮਨੁੱਖ ਜੂਨਾਂ ਵਿੱਚ ਭਟਕਦਾ ਰਹਿੰਦਾ ਹੈ । ਨਿਸਤਾਰਾ ਗੁਰੂ ਦੀ ਸੇਵਾ ਕਰ ਕੇ ਨਾਮ ਗ੍ਰਹਿਣ ਕਰਨ ਨਾਲ ਹੁੰਦਾ ਹੈ ।

ਬਾਸਨਾ ਬਹਕਾਰਿ[1] ॥ ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥੩॥ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ [2]ਉਰ ਧਾਰਿ ॥ ਨਾਨਕ ਸਤਿਗੁਰੁ ਪੂਰਾ ਪਾਇਆ ਮਨਿ ਜਪਿਆ ਨਾਮੁ ਮੁਰਾਰਿ[3] ॥ ੪ ॥ ੯ ॥

ਮਲਾਰ ਮਹਲਾ ੩ ਘਰੁ ੨ ੴ ਸਤਿਗੁਰ ਪ੍ਰਸਾਦਿ ॥

*ਇਹੁ ਮਨੁ ਗਿਰਹੀ[4] ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ[5] ਸਦਾ ਅਵਿਨਾਸੀ ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ[6] ਕਿਥਹੁ ਲਾਗੀ ॥ ੧ ॥ ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ [7]ਉਠਾਵਹਿ ਭਾਰੁ ॥ ੧ ॥ ਰਹਾਉ ॥ ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ[8] ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥ ੨ ॥ ਸੋ ਪੰਡਿਤੁ ਜੋ ਤਿਹਾਂ ਗੁਣਾ ਕੀ [9]ਪੰਡ ਉਤਾਰੈ ॥ ਅਨਦਿਨੁ[10] ਏਕੋ ਨਾਮੁ ਵਖਾਣੈ[11] ॥ ਸਤਿਗੁਰ ਕੀ ਓਹੁ ਦੀਖਿਆ[12] ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥ ਸਦਾ ਅਲਗੁ ਰਹੈ ਨਿਰਬਾਣੁ[13] ॥ ਸੋ ਪੰਡਿਤੁ ਦਰਗਹ ਪਰਵਾਣੁ ॥ ੩ ॥ ਸਭਨਾਂ ਮਹਿ ਏਕੋ ਏਕੁ ਵਖਾਣੈ ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥ ੪ ॥ ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥ ਅਨਦਿਨੁ ਹਰਿ ਗੁਣ ਗਾਵੈ ਸੋਇ ॥ [14]ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥ ੫ ॥੧ ॥੧੦ ॥

ਮਲਾਰ ਮਹਲਾ ੩† ॥ ਭ੍ਰਮਿ ਭ੍ਰਮਿ ਜੋਨਿ ਮਨਮੁਖ[15] ਭਰਮਾਈ ॥ ਜਮਕਾਲੁ ਮਾਰੇ ਨਿਤ ਪਤਿ ਗਵਾਈ ॥ ਸਤਿਗੁਰ ਸੇਵਾ ਜਮ ਕੀ [16]ਕਾਣਿ ਚੁਕਾਈ ॥ ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ ॥ ੧ ॥ ਪ੍ਰਾਣੀ ਗੁਰਮੁਖਿ[17] ਨਾਮੁ ਧਿਆਇ ॥ [18]ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥ ੧ ॥ ਰਹਾਉ ॥ ਕਰਿ ਕਿਰਪਾ ਗੁਰਮੁਖਿ[17] ਲਗੈ ਪਿਆਰੁ ॥ ਅੰਤਰਿ ਭਗਤਿ ਹਰਿ ਹਰਿ [2]ਉਰਿ ਧਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥ ਦਰਿ ਸਾਚੈ ਦਿਸੈ ਸਚਿਆਰੁ ॥ ੨ ॥ [19]ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥ ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥ ਹਉਮੈ ਮਮਤਾ ਬਹੁ ਮੋਹੁ ਵਧਾਇਆ ॥ [20]ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥ ੩ ॥ ਆਪੇ ਕਰਤਾ ਅਗਮ ਅਥਾਹਾ ॥ ਗੁਰ ਸਬਦੀ ਜਪੀਐ ਸਚੁ ਲਾਹਾ ॥ ਹਾਜਰੁ ਹਜੂਰਿ ਹਰਿ ਵੇਪਰਵਾਹਾ ॥ ਨਾਨਕ ਗੁਰਮੁਖਿ[17]

੧ ਹਰ ਰੋਜ਼, ਨਿਤ ।
੨ ਦਸੋਂ ਦਿਸ਼ਾਂ ਵਿੱਚ, ਹਰ ਪਾਸੇ ।
੩ ਗੁਰੂ ਦੇ ਰਾਹੀਂ । ੪ ਤੁਰਤ ।
੫ ਸੰਸਾਰ-ਸਾਗਰ ।
੬ ਸਰੀਰ ।
੭ ਜੋ ਹਰ ਇਕ ਵਿੱਚ ਵਸਦਾ ਹੈ ।
੮ ਜੋ ਦਿਸਦਾ ਨਹੀਂ ।
੯ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੧੦ ਪਰੇ ਤੋਂ ਪਰੇ ਹਰੀ ।
੧੧ ਉੱਚੀ ਤੋਂ ਉੱਚੀ ਅਡੋਲ ਅਵਸਥਾ ਵਿੱਚ ।
੧੨ ਕਿਰਪਾ ਨਾਲ ।
੧੩ ਸੱਚ ਹੀ ਉਸ ਦੀ ਕਰਨੀ ਹੋ ਜਾਂਦੀ ਹੈ ।
੧੪ ਮੁਕਤੀ ਵਾਲੀ ਸਮਝ ਤਦੇ ਹੀ ਮਿਲਦੀ ਹੈ ।
੧੫ ਕ੍ਰੋੜਾਂ ਵਿੱਚੋਂ ਕਿਸ ਨੂੰ ।
੧੬ ਇਹ ਬੁਧੀ ਗੁਰੂ ਦੇ ਉਪਦੇਸ਼ ਦੁਆਰਾ ਮਿਲਦੀ ਹੈ ।
੧੭ ਦੂਰ ਕਰਨ ਵਾਲਾ ।
੧੮ ਜੋ ਹਰੀ ਦੇ ਪਿਆਰ ਵਿੱਚ ਲੱਗੇ ਹਨ, ਓਹ ਸੰਸਾਰ ਦੀਆਂ ਖਿੱਚਾਂ ਵਲੋਂ ਉਪਰਾਮ ਰਹਿੰਦੇ ਹਨ ।
੧੯ ਗੁਰੂ ਦੁਆਰਾ ।
੨੦ ਫਿਰ ਤਾਂ ਰਹਿਣੀ (ਸੰਜਮ) ਸੱਚ ਵਾਲੀ ਹੋ ਜਾਂਦੀ ਹੈ ਅਤੇ ਕਰਨੀ ਕੀ ਹੋਂਦੀ ਹੈ ? ਹਰੀ ਦਾ ਜਸ !
੨੧ ਸੁਆਸ ।
੨੨ ਅਮਰ ਕਰਨ ਵਾਲੀ ਵਸਤੂ, ਭਾਵ ਨਾਮ । ਸਰੀਰ ਕੱਚਾ ਭਾਂਡਾ ਹੈ, ਜੋ ਸਵਾਸਾਂ ਕਰ ਕੇ ਵਜਦਾ ਹੈ (ਬੋਲਦਾ ਹੈ), ਨਹੀਂ ਤਾਂ ਮੁਰਦੇ ਦਾ ਮੁਰਦਾ ਹੈ । ਇਸ ਨੂੰ ਅਮਰ ਕਰਨ ਵਾਲੀ ਚੀਜ਼ ਨਾਮ-ਅੰਮ੍ਰਿਤ ਹੈ ਜੋ ਗੁਰੂ ਦੁਆਰਾ ਮਿਲਦਾ ਹੈ ।
੨੩ ਬਹੁਤ ਵੱਡੇ ਭਾਰ ਨਾਲ । ਦੇਖੋ ਪੰਨਾ ੧੦੨੫ ਨੋਟ ੩ ।
੨੪ ਸੱਪ ਦੀ ਵਿਹੁ ਉਤਾਰਨ ਵਾਲਾ ਮੰਤਰ ।
੨੫ ਨਦੀ, ਸੰਸਾਰ ਸਾਗਰ ।
੨੬ ਸਭ ਆਕਾਰਾਂ ਵਿੱਚ । ਸਾਰੀ ਸ੍ਰਿਸ਼ਟੀ ਵਿੱਚ ਤ੍ਰੈ-ਗੁਣੀ ਮਾਇਆ ਦਾ ਮੋਹ ਪਸਰ ਰਿਹਾ ਹੈ। ਦੇਖੋ ਪੰਨਾ ੧੧੧੯, ਫੁਟ ਨੋਟ ‡।
੨੭ ਸਹਜ ਅਵਸਥਾ ਜੋ ਤਿੰਨਾਂ ਗੁਣਾਂ ਵਾਲੀ ਅਵਸਥਾ ਤੋਂ ਉੱਚੀ ਹੁੰਦੀ ਹੈ ।
੨੮ ਹਰੀ ਦੀ ਮਿਹਰ ਦੀ ਨਜ਼ਰ ਨਾਲ ।

* ਗੁਰੂ ਦੇ ਸ਼ਬਦ ਰਾਹੀਂ ਭਰਮ ਤੇ ਭਉ ਦੂਰ ਹੋ ਕੇ ਮਤ ਨਿਰਮਲ ਹੁੰਦੀ ਹੈ ਤੇ ਹਰ ਥਾਂ ਹਰੀ ਦਾ ਵਾਸਾ ਦੇਖਣ ਦੀ ਸਮਝ ਆਉਂਦੀ ਹੈ ਅਤੇ ਹਉਮੈ ਦੂਰ ਹੋ ਕੇ ਆਪਣਾ ਆਪ ਹਰੀ ਦੇ ਹਵਾਲੇ ਕਰਨ ਦਾ ਹੌਂਸਲਾ ਪੈਂਦਾ ਹੈ । ਫਿਰ ਮਨੁੱਖ ਦੀ ਕਾਰ ਸੱਚ ਵਾਲੀ ਹੋ ਜਾਂਦੀ ਹੈ ਅਤੇ ਮਨ ਅਦਿੱਖ ਤੇ ਅਪਹੁੰਚ ਹਰੀ ਦੀ ਹਸਤੀ ਵਿੱਚ ਲੀਨ ਰਹਿੰਦਾ ਹੈ ।

† ਹਰੀ ਮਿਹਰ ਕਰਦਾ ਹੈ ਤਾਂ ਗੁਰੂ ਮਿਲਾ ਕੇ ਸਾਨੂੰ ਆਪਣੀ ਸਮਝ ਦਿੰਦਾ ਹੈ, ਜਿਸ ਦੁਆਰਾ ਸਾਡੀ ਰਹਿਣੀ ਸੱਚ ਵਾਲੀ ਅਤੇ ਕਰਨੀ ਜਸ ਵਾਲੀ ਹੋ ਜਾਂਦੀ ਹੈ ।

‡ ਸੰਸਾਰ ਵਿੱਚ ਮਾਇਆ ਦਾ ਮੋਹ ਪ੍ਰਬਲ ਹੈ, ਇਸ ਤੋਂ ਛੁਟਕਾਰਾ ਗੁਰ ਸ਼ਬਦ ਦੀ ਕਮਾਈ ਰਾਹੀਂ ਮਿਲਦਾ ਹੈ ।

ਅਨਦਿਨੁ[੧] ਲਾਗੈ ਸਦ ਹਰਿ ਸਿਉ ਧਿਆਨੁ ॥ ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥ ੨ ॥ ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ [੨]ਦਹ ਦਿਸ ਫਿਰਿ ਆਵੈ ॥ ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ ਤਾਂ ਇਹੁ ਮਨੁ ਗੁਰਮੁਖਿ[੩] ਤਤਕਾਲ[੪] ਵਸਿ ਆਵੈ ॥ ੩ ॥ ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ ॥ ਨਾਨਕ ਨਾਮੁ ਧਿਆਇ ਸਦਾ ਤੂ [੫]ਭਵ ਸਾਗਰੁ ਜਿਤੁ ਪਾਵਹਿ ਪਾਰਿ ॥ ੪ ॥ ੬ ॥ ਮਲਾਰ ਮਹਲਾ ੩* ॥ ਜੀਉ ਪਿੰਡੁ[੬] ਪ੍ਰਾਣ ਸਭਿ ਤਿਸ ਕੇ [੭]ਘਟਿ ਘਟਿ ਰਹਿਆ ਸਮਾਈ ॥ ਏਕਸੁ ਬਿਨੁ ਮੈ ਅਵਰੁ ਨ ਜਾਣਾ ਸਤਿਗੁਰਿ ਦੀਆ ਬੁਝਾਈ ॥ ੧ ॥ ਮਨ ਮੇਰੇ ਨਾਮਿ ਰਹਉ ਲਿਵ ਲਾਈ ॥ ਅਦਿਸਟੁ[੮] ਅਗੋਚਰੁ[੯] ਅਪਰੰਪਰੁ[੧੦] ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥ ੧ ॥ ਰਹਾਉ ॥ ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ[੧੧] ਰਹੇ ਸਮਾਈ ॥ ਗੁਰ ਪਰਸਾਦੀ[੧੨] ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥ ੨ ॥ ਗੁਰ ਬਚਨੀ [੧੩]ਸਚੁ ਕਾਰ ਕਮਾਵੈ [੧੪]ਗਤਿ ਮਤਿ ਤਬ ਹੀ ਪਾਈ ॥ [੧੫]ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥ ੩ ॥ ਜਹ ਜਹ ਦੇਖਾ ਤਹ ਏਕੋ ਸੋਈ [੧੬]ਇਹ ਗੁਰਮਤਿ ਬੁਧਿ ਪਾਈ ॥ ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ ਨਾਨਕ ਆਪੁ ਗਵਾਈ ॥ ੪ ॥ ੭ ॥ ਮਲਾਰ ਮਹਲਾ ੩† ॥ ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ[੧੭] ਸਬਦੇ ਪਾਇਆ ਜਾਈ ॥ [੧੮]ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ ॥ ੧ ॥ ਮਨ ਰੇ ਮਨ ਸਿਉ ਰਹਉ ਸਮਾਈ ॥ ਗੁਰਮੁਖਿ[੧੯] ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥੧ ॥ ਰਹਾਉ ॥ ਮੇਰਾ ਪ੍ਰਭੁ ਅਤਿ ਅਗਮ ਅਗੋਚਰੁ[੯] ਗੁਰਮਤਿ ਦੇਇ ਬੁਝਾਈ ॥ [੨੦]ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥ ੨ ॥ ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ ॥ ਦੇਹੀ ਕਾਚੀ ਪਉਣੁ[੨੧] ਵਜਾਏ ਗੁਰਮੁਖਿ[੧੯] ਅੰਮ੍ਰਿਤੁ[੨੨] ਪਾਈ ॥ ੩ ॥ ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ ॥ ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥ ੪ ॥ ੮ ॥ ਮਲਾਰ ਮਹਲਾ ੩‡ ॥ ਹਉਮੈ ਬਿਖੁ ਮਨੁ ਮੋਹਿਆ ਲਦਿਆ [੨੩]ਅਜਗਰ ਭਾਰੀ ॥ [੨੪]ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ॥ ੧ ॥ ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥ ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ[੩] ਤਰੁ ਹਰਿ ਤਾਰੀ[੨੫] ॥ ੧ ॥ ਰਹਾਉ ॥ ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ[੨੬] ॥ [੨੭]ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ[੨੮] ਪਾਰਿ ਉਤਾਰੀ ॥ ੨ ॥ ਚੰਦਨ ਗੰਧ ਸੁਗੰਧ ਹੈ ਬਹੁ

੧ ਰਜਦੇ ਹਨ ।
੨ ਹਰ ਰੋਜ਼, ਸਦਾ ।
੩ ਦੇਖੋ ਪੰਨਾ ੧੧੯੯, ਨੋਟ ੨੧ ।
੪ ਵਿੰਨ੍ਹਿਆਂ, ਸਮਝ ਵਾਲਾ ਬਣਾਇਆ ।
੫ ਸਮਝ ਵਿੱਚ ਨਾ ਆਉਣ ਵਾਲਾ । ਹਰੀ ਅਲਖ ਹੈ, ਪਰ ਗੁਰੂ ਦੇ ਰਾਹੀਂ ਉਹ ਅਕੱਥ ਭੀ ਕਹਿਆ ਜਾ ਸਕਦਾ ਹੈ ।
੬ [ਜਿਸ ਦੇ ਹੱਥ ਧਰਤੀ ਹੈ] ਹਰੀ ।
੭ ਮੁੜ ਕੇ ਫੇਰ । ੮ ਗੁਰੂ ਦੇ ਰਾਹੀਂ ।
੯ ਸੁਤੇ-ਸਿਧ ਹੀ, ਨਿਰਯਤਨ ਹੀ ।
੧੦ ਸਚੋ ਸੱਚ, ਸੱਚੀਂ-ਮੁਚੀਂ । ਜਿਸ ਨੇ ਅੰਦਰੋਂ ਹਉਮੈ ਦੂਰ ਕੀਤੀ ਹੈ, ਉਹ ਸੱਚੀਂ-ਮੁਚੀਂ ਸੱਚ (=ਸੱਚੇ ਹਰੀ) ਨਾਲ ਪਤੀਜ ਜਾਂਦਾ ਹੈ ।
੧੧ ਜਿਨ੍ਹਾਂ ਨੂੰ ਹਰੀ ਦੇ ਖਾਸ ਹਜ਼ੂਰੋਂ (ਨਾਮ ਮਿਲਣਾ) ਲਿਖਿਆ ਹੁੰਦਾ ਹੈ ।
੧੨ ਦੇਵਤਿਆਂ ਦੇ ਸੇਵਕ ।
੧੩ ਸ੍ਵਰਗ ਦੇ ਗਵੱਯੇ ।
੧੪ ਨਾਮ ਦੇ ਰਾਹੀਂ, ਸਿਮਰਨ ਦੁਆਰਾ ।
੧੫ ਦਿਲ ਵਿੱਚ ਟਿਕਾਅ ਕੇ ।
੧੬ ਯਾਦ ਕਰ ।
੧੭ ਆਪ-ਹੁਦਰੇ ਦਾ ਪਖੰਡ ਕਦੇ ਦੂਰ ਨਹੀਂ ਹੁੰਦਾ; ਉਹ ਹਰੀ ਨੂੰ ਵਿਸਾਰ ਕੇ ਹੋਰਨਾਂ ਦੇ ਪਿਆਰ ਵਿੱਚ ਦੁੱਖ ਪਾਂਦਾ ਰਹਿੰਦਾ ਹੈ ।
੧੮ ਮਨ ਕਰ ਕੇ ਜ਼ਹਿਰ ਰੂਪ ਮਾਇਆ ਵਿੱਚ ਲੱਗੇ ਰਹਿੰਦੇ ਹਨ ।
੧੯ (ਮਨਮੁਖ ਦੇ ਉਲਟ) ਉਹ ਮਨੁੱਖ ਜੋ ਗੁਰੂ ਦੀ ਮੰਨ ਕੇ ਚਲਦੇ ਹਨ ।
੨੦ ਸੁਰਤੀ ਓਸ ਦੀ ਸੇਵਾ ਵਿੱਚ ਲੱਗੀ ਰਹਿੰਦੀ ਹੈ।
੨੧ ਜਿਸ ਹਰੀ ਦਾ ਭੇਦ ਨਹੀਂ ਪਾਇਆ ਜਾਂਦਾ ।
੨੨ ਦੂਰ ਹੁੰਦਾ ਹੈ ।
੨੩ ਮੱਥੇ 'ਤੇ, ਭਾਗਾਂ ਵਿੱਚ ।
੨੪ ਤਰੀਕਾ । ਮਨ ਨੂੰ ਵੱਸ ਵਿੱਚ ਰੱਖਣ ਦਾ ਢੰਗ।

* ਗੁਰੂ ਦੇ ਸ਼ਬਦ ਰਾਹੀਂ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ, ਜਿਸ ਦੁਆਰਾ ਸਾਡਾ ਮਨ ਤੇ ਬਾਣੀ ਸ਼ੁੱਧ ਹੋ ਕੇ ਹਰੀ ਨਾਲ ਇਕ-ਮਿੱਕ ਹੋ ਜਾਈਦਾ ਹੈ ।

† ਗੁਰੂ ਤੋਂ ਹੀ ਹਰੀ ਦੀ ਹਜ਼ੂਰੀ ਪ੍ਰਾਪਤ ਹੁੰਦੀ ਹੈ । ਉਹ ਕਿਵੇਂ ? ਗੁਰੂ ਦਾ ਸ਼ਬਦ ਵਿਚਾਰਨ ਤੋਂ ਮਨ ਦੇ ਵੱਸ ਕਰਨ ਦੀ ਜਾਚ ਆਉਂਦੀ ਹੈ, ਫਿਰ ਮਨ ਸੰਸਾਰਕ ਖਿੱਚਾਂ ਤੋਂ ਨਿਰਲੇਪ (ਵੈਰਾਗੀ) ਹੋ ਕੇ ਹਰੀ ਵੱਲ ਖਿੱਚਿਆ ਜਾਂਦਾ ਹੈ । ਇਹ ਭੀ ਤਦੇ ਹੁੰਦਾ ਹੈ ਜੇ ਹਰੀ ਦੀ ਕਿਰਪਾ ਹੋਵੇ ।

ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ ਜੀਅ ਦਾਨੁ ਦੇਇ ਤ੍ਰਿਪਤਾਸੇ[੧] ਸਚੈ ਨਾਮਿ ਸਮਾਹੀ ॥ ਅਨਦਿਨੁ[੨] ਹਰਿ ਰਵਿਆ ਰਿਦ ਅੰਤਰਿ [੩]ਸਹਜਿ ਸਮਾਧਿ ਲਗਾਹੀ ॥ ੨ ॥ ਸਤਿਗੁਰ ਸਬਦੀ ਇਹੁ ਮਨੁ ਭੇਦਿਆ[੪] ਹਿਰਦੈ ਸਾਚੀ ਬਾਣੀ ॥ ਮੇਰਾ ਪ੍ਰਭੁ ਅਲਖੁ[੫] ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ ॥ ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ[੬] ॥ ੩ ॥ ਆਵਣ ਜਾਣਾ ਬਹੁੜਿ[੭] ਨ ਹੋਵੈ ਗੁਰਮੁਖਿ[੮] ਸਹਜਿ[੯] ਧਿਆਇਆ ॥ ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ ॥ ਸਾਚੇ ਹੀ [੧੦]ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ ॥ ੪ ॥ ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥ ਏਕੋੁ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥ ਨਾਨਕ ਨਾਮੁ ਪ੍ਰਭੂ ਤੇ ਪਾਈਐ [੧੧]ਜਿਨ ਕਉ ਧੁਰਿ ਲਿਖਿਆ ਹੋਈ ॥ ੫ ॥ ੪ ॥ ਮਲਾਰ ਮਹਲਾ ੩* ॥ ਗਣ[੧੨] ਗੰਧਰਬ[੧੩] ਨਾਮੇ[੧੪] ਸਭਿ ਉਧਰੇ ਗੁਰ ਕਾ ਸਬਦੁ ਵੀਚਾਰਿ ॥ ਹਉਮੈ ਮਾਰਿ ਸਦ ਮੰਨਿ ਵਸਾਇਆ ਹਰਿ ਰਾਖਿਆ [੧੫]ਉਰਿ ਧਾਰਿ ॥ ਜਿਸਹਿ ਬੁਝਾਏ ਸੋਈ ਬੂਝੈ ਜਿਸ ਨੋ ਆਪੇ ਲਏ ਮਿਲਾਇ ॥ ਅਨਦਿਨੁ[੨] ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥ ੧ ॥ ਮਨ ਮੇਰੇ ਖਿਨੁ ਖਿਨੁ ਨਾਮੁ ਸਮ੍ਾਲਿ[੧੬] ॥ ਗੁਰ ਕੀ ਦਾਤਿ ਸਬਦ ਸੁਖੁ ਅੰਤਰਿ ਸਦਾ ਨਿਬਹੈ ਤੇਰੈ ਨਾਲਿ ॥ ੧ ॥ ਰਹਾਉ ॥ [੧੭]ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ ॥ ਨਾਮੁ ਵਿਸਾਰਿ [੧੮]ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ ॥ ਇਹ ਵੇਲਾ ਫਿਰਿ ਹਥਿ ਨ ਆਵੈ ਅਨਦਿਨੁ ਸਦਾ ਪਛੁਤਾਏ ॥ ਮਰਿ ਮਰਿ ਜਨਮੈ ਕਦੇ ਨ ਬੂਝੈ ਵਿਸਟਾ ਮਾਹਿ ਸਮਾਏ ॥ ੨ ॥ ਗੁਰਮੁਖਿ[੧੯] ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥ ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ [੧੫]ਉਰਿ ਧਾਰਿ ॥ ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥ ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥ ੩ ॥ ਆਪੇ ਕਰੇ ਕਰਾਏ ਪ੍ਰਭੁ ਆਪੇ ਆਪੇ ਨਦਰਿ ਕਰੇਇ ॥ ਮਨੁ ਤਨੁ ਰਾਤਾ ਗੁਰ ਕੀ ਬਾਣੀ [੨੦]ਸੇਵਾ ਸੁਰਤਿ ਸਮੇਇ ॥ ਅੰਤਰਿ ਵਸਿਆ ਅਲਖ ਅਭੇਵਾ[੨੧] ਗੁਰਮੁਖਿ ਹੋਇ ਲਖਾਇ ॥ ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ ਭਾਵੈ ਤਿਵੈ ਚਲਾਇ ॥ ੪ ॥ ੫ ॥ ਮਲਾਰ ਮਹਲਾ ੩ ਦੁਤੁਕੇ † ॥ ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ ॥ ਗੁਰ ਸਬਦੀ ਚੂਕੈ[੨੨] ਅਭਿਮਾਨੁ ॥ ੧ ॥ ਜਿਨ ਕਉ ਲਿਲਾਟਿ[੨੩] ਲਿਖਿਆ ਧੁਰਿ ਨਾਮੁ ॥ ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥ ੧ ॥ ਰਹਾਉ ॥ ਮਨ ਕੀ ਬਿਧਿ[੨੪] ਸਤਿਗੁਰ ਤੇ ਜਾਣੈ

੧ ਝੱਗ ।

੨ ਬੁਲਬੁਲਾ, ਬੁੜਬੁੜੀ ।

੩ ਸੁਭਾਵਕ ਹੀ ।

੪ ਦੌੜ ਭੱਜ, ਭਟਕਣਾ । ਤ੍ਰੈਗੁਣਾਂ (ਅਰਥਾਤ ਮਾਇਆ) ਵਾਲੀ ਹਾਲਤ ਵਿੱਚ ਰਹਿਣਾ ਭਟਕਣਾ ਹੀ ਭਟਕਣਾ ਹੈ; ਇਸ ਵਿੱਚ ਨਾ ਹਰੀ ਦੀ ਭਗਤੀ ਹੁੰਦੀ ਹੈ, ਨਾ ਉਸ ਦਾ ਪ੍ਰੇਮ ।

੫ [ਲਹਿੰਦੀ] ਹੁੰਦਾ ਹੈ ।

੬ ਪਈ ਕਿਰਤ ਅਨੁਸਾਰ ਫਿਰਦੇ ਹਨ । ਦੇਖੋ ਪੰਨਾ ੭੪੫, ਨੋਟ ੯ ।

੭ ਸਤਿਗੁਰੂ ਦੇ ਮਿਲਣ ਨਾਲ ਮਨ ਆਪਤ ਤੋਂ ਮਰ ਜਾਂਦਾ ਹੈ, ਭਾਵ ਹਉਮੈ ਦੂਰ ਹੋ ਜਾਂਦੀ ਹੈ।

੮ ਤੁਰੀਆਵਸਥਾ, ਜੋ ਤਿੰਨਾਂ ਗੁਣਾਂ ਤੋਂ ਉਪਰ ਪੂਰਨ ਅਡੋਲਤਾ ਵਾਲੀ ਹੁੰਦੀ ਹੈ । ਇਸ ਨੂੰ ਸਹਿਜ-ਅਵਸਥਾ ਭੀ ਆਖਦੇ ਹਨ ।

੯ ਮਨ ਇੰਦ੍ਰਿਆਂ ਤੋਂ ਪਰ੍ਹੇ ।

੧੦ ਕਿਰਪਾ ਦੁਆਰਾ ।

੧੧ ਗੁਰੂ ਦੇ ਰਾਹੀਂ ।

੧੨ ਮਿਹਰ ਦੀ ਨਜ਼ਰ ।

੧੩ ਹਰ ਰੋਜ਼, ਨਿੱਤ ।

੧੪ ਸਮਰੱਥ ਹਸਤੀ ।

੧੫ ਆਪ ਹੁਦਰੇ ਜੋ ਗੁਰੂ ਦੀ ਮੰਨ ਕੇ ਨਹੀਂ ਟੁਰਦੇ।

੧੬ ਜਮਕਾਲ ਨੇ ਸਿਰ ਪਰਨੇ ਮਾਰੇ ਹਨ ।

੧੭ ਸਿਮਰਦੇ ਹੋਏ ।

੧੮ ਗੁਰੂ ਵਾਲੇ ਸ਼ਾਂਤ ਸੁਭਾਅ ਅਨੁਸਾਰ ।

੧੯ ਸੁਖਾਂ ਦਾ ਘਰ ।

੨੦ ਉੱਚੇ ਤੋਂ ਉੱਚਾ ਦਰਜਾ, ਮੁਕਤੀ ।

੨੧ ਇਹ ਗੱਲ ਯਾਦ ਰੱਖ, ਕਿ ਚਲਣਾ ਹੈ ।

* ਹੁਕਮੀ ਬੰਦੇ ਹਉਮੈ ਨੂੰ ਛੱਡ ਕੇ ਸੱਚ ਵਿੱਚ ਲਗਨ ਲਾ ਰਖਦੇ ਹਨ । ਉਹ ਗੁਰੂ ਦੀ ਸਿੱਖਿਆ ਉੱਤੇ ਚਲ ਕੇ ਤਿੰਨਾਂ ਗੁਣਾਂ ਵਾਲੀ ਮਾਇਕ ਹਾਲਤ ਤੋਂ ਉੱਚੇ ਹੋ ਕੇ ਪੂਰਨ ਅਡੋਲਤਾ ਵਿੱਚ ਰਹਿੰਦੇ ਹੋਏ ਹਰੀ ਨਾਲ ਮਿਲੇ ਰਹਿੰਦੇ ਹਨ ।

† ਹਰੀ ਦੀ ਮਿਹਰ ਹੋਵੇ ਤਾਂ ਗੁਰੂ ਮਿਲਦਾ ਹੈ, ਜਿਸ ਦੀ ਰਾਹੀਂ ਹਰੀ ਨਾਲ ਮੇਲਣ ਵਾਲਾ ਨਾਮ ਮਿਲਦਾ ਹੈ । ਗੁਰੂ ਨਾ ਮੰਨਣ ਵਾਲੇ ਹਉਮੈ ਵਿੱਚ ਪਏ ਹੋਏ ਹਰੀ ਤੋਂ ਸਦਾ ਵਿਛੜੇ ਰਹਿੰਦੇ ਹਨ ।

‡ ਸਤਿਗੁਰੂ ਨਾਮ ਦਾ ਦਾਤਾ ਹੈ । ਉਸ ਦੀ ਬਾਣੀ ਐਸੀ ਗੁਣਕਾਰੀ ਹੈ ਕਿ ਹਰੀ ਜਿਹੀ ਅਲਖ ਹਸਤੀ ਨੂੰ ਭੀ ਅਨੁਭਵ ਕਰਾ ਦਿੰਦੀ ਹੈ । ਉਹ ਕਿਵੇਂ ? ਮਨ ਨੂੰ ਮਨ ਨਾਲ ਮਿਲਾ ਕੇ, ਭਾਵ ਸਾਡੇ ਮਨ ਨੂੰ ਹਉਮੈ ਤੋਂ ਸਾਫ਼ ਕਰ ਕੇ ਸਾਡੀ ਆਤਮ-ਜੋਤਿ ਨੂੰ ਪ੍ਰਮਾਤਮ-ਜੋਤਿ ਨਾਲ ਇਕ-ਮਿਕ ਕਰ ਕੇ ।

ਫੇਨੁ[1] ਬੁਦਬੁਦਾ[2] ਤੈਸਾ ਇਹੁ ਸੰਸਾਰਾ ॥ ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥ ੪ ॥ ੧ ॥ ਮਲਾਰ ਮਹਲਾ ੩* ॥ ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥ ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥ ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ[3] ॥ ੧ ॥ ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥ ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥ ੧ ॥ ਰਹਾਉ ॥ ਤ੍ਰੈ ਗੁਣ ਸਭਾ ਧਾਤੁ[4] ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ ਸਾਹਿਬ ਭਾਵੈ ਸੋ ਥੀਐ[5] [6]ਪਇਐ ਕਿਰਤਿ ਫਿਰਾਹਿ ॥ ੨ ॥ [7]ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥ ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ [8]ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥ ੩ ॥ ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ[9] ਹੈ ਕੀਮਤਿ ਕਹਣੁ ਨ ਜਾਇ ॥ ਗੁਰ ਪਰਸਾਦੀ[10] ਬੁਝੀਐ ਸਬਦੇ ਕਾਰ ਕਮਾਇ ॥ ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥ ੪ ॥ ੨ ॥ ਮਲਾਰ ਮਹਲਾ ੩† ॥ ਗੁਰਮੁਖਿ[11] ਕੋਈ ਵਿਰਲਾ ਬੂਝੈ ਜਿਸ ਨੋ ਨਦਰਿ[12] ਕਰੇਇ ॥ ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ ॥ ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ[13] ਨਾਮੁ ਲਏਇ ॥ ੧ ॥ ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥ ਸਤਿਗੁਰੁ ਪੁਰਖੁ[14] ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥ ੧ ॥ ਰਹਾਉ ॥ ਮਨਮੁਖ[15] ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥ ਹਉਮੈ ਵਡਾ ਰੋਗੁ ਹੈ [16]ਸਿਰਿ ਮਾਰੇ ਜਮਕਾਲਿ ॥ ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ[17] ॥ ੨ ॥ ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ ॥ ਇਕਿ ਗੁਰਮੁਖਿ[11] ਆਪਿ ਮਿਲਾਇਆ ਬਖਸੇ ਭਗਤਿ ਭੰਡਾਰ ॥ ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥ ੩ ॥ ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ ॥ ਅਨਦਿਨੁ ਹਰਿ ਹਰਿ ਉਚਰੈ [18]ਗੁਰ ਕੈ ਸਹਜਿ ਸੁਭਾਇ ॥ ਨਾਨਕ ਨਾਮੁ ਨਿਧਾਨੁ[19] ਹੈ ਨਾਮੇ ਹੀ ਚਿਤੁ ਲਾਇ ॥ ੪ ॥ ੩ ॥ ਮਲਾਰ ਮਹਲਾ ੩‡ ॥ ਗੁਰੁ ਸਾਲਾਹੀ ਸਦਾ ਸੁਖਦਾਤਾ ਪ੍ਰਭੁ ਨਾਰਾਇਣੁ ਸੋਈ ॥ ਗੁਰ ਪਰਸਾਦਿ [20]ਪਰਮ ਪਦੁ ਪਾਇਆ ਵਡੀ ਵਡਿਆਈ ਹੋਈ ॥ ਅਨਦਿਨੁ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ ॥ ੧ ॥ ਮਨ ਰੇ ਗੁਰਮੁਖਿ[11] ਰਿਦੈ ਵੀਚਾਰਿ ॥ ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ [21]ਚਲਣੁ ਰਿਦੈ ਸਮ੍ਹਾਲਿ ॥ ੧ ॥ ਰਹਾਉ ॥ ਸਤਿਗੁਰੁ

੧ ਕੁਸ਼ਤਾ ਕਰਨ ਵਾਲਾ ਮਸਾਲਾ । ਨਾਮ ਮਸਾਲਾ ਹੈ ਜਿਸ ਦੇ ਕਾਰਨ ਦੁੱਖ ਮਰ ਕੇ ਸੁਖ ਵਿੱਚ ਬਦਲ ਦਵਾ ਰੂਪ ਹੋ ਜਾਵੇਗਾ ।

੨ ਜੇ ਤੂੰ ਰੋਜ਼-ਰੋਜ਼ ਐਸਾ ਦਾਰੂ ਲੈਂਦਾ ਰਹੇਂ, ਜੈਸਾ ਉਪਰ ਤਿਆਰ ਕੀਤਾ ਹੈ, ਤਾਂ ਤੇਰਾ ਸਰੀਰ ਨਾ ਛੁੱਟੇ ਅਤੇ ਅੰਤ ਸਮੇਂ ਇਹ ਦਾਰੂ ਕਾਲ ਨੂੰ ਭੀ ਥਾਂ ਮਾਰੇਗਾ । ਦੇਖੋ ਪੰਨਾ ੯੯੮, ਨੋਟ ੧੫ ।

੩ ਰਾਜ ਆਦਿ ਸਭ ਪਰਛਾਵੇਂ ਹਨ : ਸੂਰਜ ਦੇ ਰੱਥ ਚੜ੍ਹਿਆਂ ਸਾਰੇ ਥਾਂ ਦਿਸ ਪੈਂਦੇ ਹਨ; ਭਾਵ ਇਹ ਹੈ ਕਿ ਜਿਵੇਂ ਹਨੇਰੇ ਵਿੱਚ ਭੁਲੇਖਾ ਪਿਆ ਰਹਿੰਦਾ ਹੈ ਤੇ ਚਾਨਣ ਵਿੱਚ ਅਸਲੀਅਤ ਪਤਾ ਲਗਦੀ ਹੈ, ਤਿਵੇਂ ਗਿਆਨ ਦੇ ਪ੍ਰਕਾਸ਼ਨ ਨਾਲ ਰਾਜ ਆਦਿ ਪਰਛਾਵਿਆਂ ਦੀ ਸਮਝ ਆ ਜਾਂਦੀ ਹੈ ।

੪ ਸਰੀਰ, ਨਾਮਵਰੀ ਤੇ ਜਾਤ ਅੱਗੇ ਜਾ ਕੇ ਕੁਝ ਮੁਲ ਨਹੀਂ ਰਖਦੇ, ਕਿਉਂਕਿ ਉਥੇ ਦਿਨ ਹੈ, ਭਾਵ ਅਸਲੀਅਤ ਪ੍ਰਤੱਖ ਹੈ ਤੇ ਇਥੇ ਅਗਿਆਨਤਾ ਦੇ ਕਾਰਨ ਰਾਤ ਹੈ ।

੫ ਲੱਕੜਾਂ ।

੬ ਪਰਵਾਨਾ ।

੭ ਸੁਖਾਂ ਦਾ ਘਰ ।

੮ ਮਾਤਾ ਉਨ੍ਹਾਂ ਦੀ ਧੰਨ ਹੈ ।

੯ ਬੱਗੇ (ਚਿੱਟੇ) ਕਪੜੇ ।

੧੦ ਬਚਨ, ਸੋਹਣੀਆਂ ਗੱਲਾਂ ।

੧੧ ਹੇ ਭੈਣ ! ਤੂੰ ਇੰਨੀ ਸੁੰਦਰ ਤਾਂ ਹੈਂ ਪਰ ਕਦੀ ਆਪਣੇ ਮਾਲਕ ਨੂੰ ਵੀ ਵੇਖਿਆ ਹਈ ?

੧੨ ਹੇ ਸਮਰੱਥ ਹਰੀ ! ਤੇਰੇ ਤਾਣ ਨਾਲ ਮੈਂ ਉਡਾਂ।

੧੩ ਸੁੱਕੀ ਧਰਤੀ ਵਿੱਚ ।

੧੪ ਪਰਬਤ ਵਿੱਚ ।

੧੫ ਕੰਢੇ ਦਰਿਆਵਾਂ ਦੇ ।

੧੬ ਸੁਆਸ ਰੂਪ ।

੧੭ ਅਤਿ ਤ੍ਰਿਸ਼ਨਾ ਦੇ ਕਾਰਨ ਭਟਕਣ ਦੀ ਡੰਝ (ਪਿਆਸ) ਲੱਗੀ ਹੈ, ਜੇ ਤੂੰ ਮਿਹਰ ਕਰੇਂ ਤਾਂ ਧੀਰਜ ਬਝਦੀ ਹੈ ।

੧੮ ਹੇ ਭਾਈ !

੧੯ ਧਿਆਨ ਰੱਖਦਾ ਹੈ, ਖ਼ਬਰ ਲੈਂਦਾ ਰਹਿੰਦਾ ਹੈ ।

੨੦ ਲੱਭੀਦਾ ਹੈ ।

੨੧ ਭਾਵ ਮਾਇਆ ਵਾਲੀ ਬਿਰਤੀ ਪਰਮਾਤਮਾ ਵੱਲ ਝੁਕਦੀ ਹੈ ।

੨੨ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਦੀਆਂ ਫ਼ਜ਼ੂਲ ਗੱਲਾਂ ਕਰਦਾ ਰਹਿੰਦਾ ਹੈ ।

੨੩ ਤਿੰਨਾਂ ਗੁਣਾਂ ਵਾਲੀ । ਦੇਖੋ ਪੰਨਾ ੧੧੧੯, ਫੁੱਟ ਨੋਟ ‡ ।

੨੪ ਸੰਸਾ ।

੨੫ ਕਿਰਪਾ ਨਾਲ ।

੨੬ ਗਰੀਬ, ਨਿਮਾਣੇ ।

੨੭ ਵਿਚਾਰ ਰਹਿਤ, ਬੇਸਮਝ ।

੨੮ ਫ਼ਿਕਰ ।

੨੯ ਦਿਨ ਰਾਤ ਨਾਮ ਜਪਦਾ ਰਹਾਂ ।

* ਅੱਗੇ ਦੁਖੀ ਤੇ ਰੋਗੀ ਸਰੀਰ ਦਾ ਜ਼ਿਕਰ ਸੀ । ਹੁਣ ਅਰੋਗ ਤੇ ਸੋਹਣੇ ਸਰੀਰ ਦਾ ਜ਼ਿਕਰ ਕਰਦੇ ਹਨ ਅਤੇ ਦਸਦੇ ਹਨ ਕਿ ਸੁੰਦਰ ਸਰੀਰ ਹੋਇਆ ਤਾਂ ਕੀ ਹੋਇਆ ਜੇਕਰ ਉਸ ਵਿੱਚ ਹਰੀ ਦਾ ਵਾਸਾ ਨਹੀਂ ਅਤੇ ਨਿਤ ਤ੍ਰਿਸ਼ਨਾ ਦੀ ਧੁਖ-ਧੁਖੀ ਲੱਗੀ ਰਹਿੰਦੀ ਹੈ । ਇਸ ਵਿੱਚ ਸਰੀਰ ਦਾ ਦੋਸ਼ ਨਹੀਂ। ਇਹੋ ਸਰੀਰ ਤੇ ਇਸ ਦੀਆਂ ਸੰਸਾਰਕ ਉਡਾਰੀਆਂ ਬੇਸ਼ੱਕ ਕਾਇਮ ਰਹਿਣ, ਪਰ ਜੇ ਨਾਲ ਗੁਰ ਪੀਰ ਦੀ ਸਿੱਖਿਆ ਅਨੁਸਾਰ ਰਹਿਣੀ ਬਣਾਈਏ ਤਾਂ ਜ਼ਿੰਦਗੀ ਸੱਚ ਤੇ ਸੰਤੋਖ ਵਾਲੀ ਹੋ ਕੇ ਹਰੀ ਦੇ ਤਾਣ ਹਰ ਪਾਸੇ ਉਡਦੀ, ਭਾਵ ਤਰੱਕੀ ਕਰਦੀ ਹੈ ।

† ਹਰੀ ਸਭ ਕੁਝ ਆਪ ਹੈ । ਉਹ ਆਪੇ ਭਰਮ ਵਿੱਚ ਪਾ ਕੇ ਆਪਣੇ ਤੋਂ ਦੂਰ ਰਖਦਾ ਹੈ ਅਤੇ ਆਪੇ ਸੇਵਕ ਬਣਾ ਕੇ ਤੇ ਆਪਣੇ ਹੁਕਮ ਵਿੱਚ ਰੱਖ ਕੇ ਅੰਤ ਆਪਣੇ ਨਾਲ ਮੇਲ ਲੈਂਦਾ ਹੈ । ਜਦ ਆਪਣੇ ਆਪ ਤੋਂ ਵਿਛੋੜਦਾ ਹੈ ਤਾਂ ਮਨੁੱਖ ਮਾਇਆ ਦੇ ਅਸਰ ਹੇਠਾਂ ਆ ਕੇ ਇਕ ਹਰੀ ਦੀ ਉਪਾਸ਼ਨਾ ਛੱਡ ਕੇ ਦੇਵੀ ਦੇਵਤਿਆਂ ਦੀ ਪੂਜਾ ਵਿੱਚ ਲੱਗ ਪੈਂਦਾ ਹੈ । ਫਿਰ ਜਦ ਹਰੀ ਮਿਹਰ ਵਿੱਚ ਆ ਕੇ ਮਨੁੱਖ ਨੂੰ ਬਚਾਉਣ ਦੀ ਕਰਦਾ ਹੈ, ਤਾਂ ਉਸ ਨੂੰ ਗੁਰੂ ਦੇ ਸ਼ਬਦ ਰਾਹੀਂ ਇਕ ਹਰੀ ਦੀ ਉਪਾਸ਼ਨਾ ਸਿਖਾ ਕੇ ਹੁਕਮੀ ਬੰਦਾ ਬਣਨ ਦੀ ਰੁਚੀ ਦਿੰਦਾ ਹੈ ।

ਮਾਰਣ[੧] ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ [੨]ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥ ੧ ॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥ ੧ ॥ਰਹਾਉ ॥ [੩]ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥ [੪]ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥ ੨ ॥ ਸਾਦ ਕਰਿ ਸਮਧਾਂ[੫] ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥ ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥ ੩ ॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ[੬] ॥ ਜਿਨ ਕਉ ਲਿਖਿਆ ਏਹੁ ਨਿਧਾਨੁ[੭] ॥ ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ [੮]ਜਨਨੀ ਧੰਨੀ ਮਾਇ ॥ ੪ ॥ ੩ ॥ ੮ ॥ ਮਲਾਰ ਮਹਲਾ ੧* ॥ [੯]ਬਾਗੇ ਕਾਪੜ ਬੋਲੈ ਬੈਣ[੧੦] ॥ ਲੰਮਾ ਨਕੁ ਕਾਲੇ ਤੇਰੇ ਨੈਣ ॥ [੧੧]ਕਬਹੂੰ ਸਾਹਿਬੁ ਦੇਖਿਆ ਭੈਣ ॥੧ ॥ ਊਡਾਂ ਊਡਿ ਚੜਾਂ ਅਸਮਾਨਿ ॥ [੧੨]ਸਾਹਿਬ ਸੰਮ੍ਰਿਥ ਤੇਰੈ ਤਾਣਿ ॥ ਜਲਿ ਥਲਿ[੧੩] ਡੂੰਗਰਿ[੧੪] ਦੇਖਾਂ ਤੀਰ[੧੫] ॥ ਥਾਨ ਥਨੰਤਰਿ ਸਾਹਿਬੁ ਬੀਰ ॥ ੨ ॥ ਜਿਨਿ ਤਨੁ ਸਾਜਿ ਦੀਏ ਨਾਲਿ ਖੰਭ[੧੬] ॥ [੧੭]ਅਤਿ ਤ੍ਰਿਸਨਾ ਉਠਣੈ ਕੀ ਡੰਝ ॥ ਨਦਰਿ ਕਰੇ ਤਾਂ ਬੰਧਾਂ ਧੀਰ ॥ ਜਿਉ ਵੇਖਾਲੇ ਤਿਉ ਵੇਖਾਂ ਬੀਰ[੧੮] ॥ ੩ ॥ ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ ॥ ਪਉਣੈ ਪਾਣੀ ਅਗਨੀ ਕਾ ਸਨਬੰਧ ॥ ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ ਸਚਿ ਸਮਾਵੈ ਏਹੁ ਸਰੀਰੁ ॥ ੪ ॥ ੪ ॥ ੯ ॥

ਮਲਾਰ ਮਹਲਾ ੩ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥

†ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ ਕਰਿ ਕਰਿ ਕਰਤਾ ਆਪੇ ਵੇਖੈ[੧੯] ਜਿਤੁ ਭਾਵੈ ਤਿਤੁ ਲਾਏ ॥ ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥ ੧ ॥ ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ[੨੦] ॥ ਏਹਾ [੨੧]ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥ ੧ ॥ ਰਹਾਉ ॥ ਵੇਦ ਪੜੈ ਪੜਿ [੨੨]ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥ ਏਹ ਤ੍ਰਿਗੁਣ[੨੩] ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ[੨੪] ॥ ਗੁਰ ਪਰਸਾਦੀ[੨੫] ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥ ੨ ॥ ਹਮ ਦੀਨ[੨੬] ਮੂਰਖ ਅਵੀਚਾਰੀ[੨੭] ਤੁਮ ਚਿੰਤਾ[੨੮] ਕਰਹੁ ਹਮਾਰੀ ॥ ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥ ਏਕੁ ਨਿਧਾਨੁ[੭] ਦੇਹਿ ਤੂ ਅਪਣਾ [੨੯]ਅਹਿਨਿਸਿ ਨਾਮੁ ਵਖਾਣੀ ॥ ੩ ॥ ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥ ਜਿਉ ਜਲ ਊਪਰਿ

੧ ਚੰਡਾਲ ।
੨ ਮਨੁੱਖੀ-ਸਰੀਰ ਵਿੱਚ ਅਪਹੁੰਚ ਤੇ ਅਨੰਤ ਹਰੀ ਦਾ ਵਾਸਾ ਹੈ (ਚੌਥੇ ਅੰਕ ਵਿੱਚ ਕਾਇਆਂ ਮਹਲੁ ਨੂੰ ਹਰੀ ਦਾ ਘਰ-ਮੰਦਰ ਕਿਹਾ ਹੈ) ।
੩ ਕਿਰਿਆ । ਜਿਸ ਦੀ ਕਿਰਿਆ ਸ਼ਬਦ-ਰਤਨ ਹੈ, ਭਾਵ ਜੋ ਅਮੋਲਕ ਸ਼ਬਦ ਦੀ ਕਮਾਈ ਕਰਦਾ ਹੈ।
੪ ਇਕੋ ਜੇਹਾ ।
੫ ਦਿਨ ਰਾਤ, ਸਦਾ ।
੬ ਗੁਰੂ ਦੁਆਰਾ ਸਿੱਖਿਆ ਉਸੇ ਨੂੰ ਮਿਲਦੀ ਹੈ ।
੭ ਗੁਰੂ ਦੇ ਰਾਹੀਂ ।
੮ ਹਵਾ ਤੇ ਪਾਣੀ ਤੋਂ ਜਾਤ (ਉਤਪਤੀ) ਜਾਣਦਾ ਹੈ ਅਤੇ ਕਾਇਆਂ ਨੂੰ ਅਗਨੀ ਭੀ ਨਿਰਸੰਦੇਹ ਬਣਾਂਦੀ ਹੈ (ਭਾਵ ਪੰਡਿਤ ਇਹ ਤਾਂ ਜਾਣਦਾ ਹੈ ਕਿ ਸਰੀਰ ਪਵਣ ਪਾਣੀ ਅਗਨੀ ਆਦਿ ਤੱਤਾਂ ਤੋਂ ਬਣਦਾ ਹੈ), ਪਰ ਜੇ ਜੀਵਾਤਮਾ ਦੀ ਉਤਪਤੀ ਦੀ ਥਾਂ, ਭਾਵ ਹਰੀ ਨੂੰ ਜਾਣੇ ਤਾਂ ਉਸ ਦਾ ਨਾਉਂ ਸੁਰਤਾ ਪੰਡਿਤ (ਸਮਝਦਾਰ ਪੰਡਿਤ) ਹੋ ਸਕਦਾ ਹੈ ।
੯ ਨਿ-ਭਰਾਂਤਿ= ਬਿਨਾਂ ਭਰਮ, ਨਿਰਸੰਦੇਹ ।
੧੦ ਬਿਨਾਂ ਵੇਖਣ ਦੇ ਉਸ ਸੰਬੰਧੀ ਕੁਝ ਕਿਹਾ ਨਹੀਂ ਜਾ ਸਕਦਾ ।
੧੧ ਉਪਰ ਹੇਠਾਂ ਭਾਵ ਸਭ ਥਾਂ ਹਰੀ ਵਿਆਪਕ ਹੈ।
੧੨ ਪਾਤਾਲ ਵਿੱਚ ।
੧੩ (ਜੀਭ ਤੋਂ ਬਿਨਾਂ) ਹਿਰਦੇ ਵਿੱਚ ਹੀ ।
੧੪ ਕੋਈ ਕੀ ਜਾਣੇ ਕੈਸਾ ਉਹ ਨਾਮ ਹੈ ?
੧੫ ਮੂੰਹ ਦੀ ਕਥਨੀ ਬਿਲਕੁਲ ਰਹਿ ਜਾਵੇ, ਭਾਵ ਹਿਰਦੇ ਨਾਲ ਜਪੇ ।
੧੬ ਨਿਰਸੰਦੇਹ, ਉੱਕਾ । ੧੭ ਕਿਸੇ ਕੁਲ ਦਾ ।
੧੮ ਉਸ ਦੀ ਅਵਸਥਾ ਆਖੀ ਨਹੀਂ ਜਾ ਸਕਦੀ, ਉਹ ਬਹੁਤ ਚੰਗਾ ਹੈ ।
੧੯ ਛੋਟੀ ਜਾਤ ।
੨੦ ਉਹ ਮੇਰੇ ਸਰੀਰ ਦੇ ਚੰਮ ਦੇ ਜੋੜੇ ਪਾਵੇ, ਭਾਵ ਉਹ ਤਾਂ ਬਿਅੰਤ ਉੱਚਾ ਹੈ ।
੨੧ ਤਾਕਤ ਵਾਲਾ ਜਮਦੂਤ । ਇਥੇ ਕਈ ਤਰ੍ਹਾਂ ਦੇ ਦੁੱਖ ਗਿਣ ਰਹੇ ਹਨ ਤੇ ਵੈਦ ਨੂੰ ਪੁੱਛਦੇ ਹਨ ਕਿ ਤੂੰ ਕਿਹੜਾ ਦੁੱਖ ਸਮਝ ਕੇ ਦਾਰੂ ਲਾ ਰਿਹਾ ਹੈਂ ?
੨੨ ਹੇ ਭੋਲੇ ਵੈਦ ! ਦਾਰੂ ਨਾ ਲਾਉ, ਕਿਉਂ ਜੋ ਤੁਹਾਨੂੰ ਬੀਮਾਰੀ ਦਾ ਪਤਾ ਨਹੀਂ ਹੈ ।
੨੩ ਵੀਰ ! ਹੇ ਵੀਰ ! ਇਹ ਦਾਰੂ ਲਗਦਾ ਨਹੀਂ (ਅਸਰ ਨਹੀਂ ਕਰਦਾ) ਤੇ ਸਰੀਰ ਦਾ ਦੁੱਖ ਦਰਦ ਕਾਇਮ ਰਹਿੰਦਾ ਹੈ ।
੨੪ ਮਨੁੱਖ ਲਾਭਦਾਇਕ ਤਾਂ ਹੈ ਜੇ ਅੰਦਰ ਸੁਆਸ ਹੈ। ਜੇ ਸੁਆਸ ਨਿਕਲ ਜਾਏ ਤਾਂ ਸਰੀਰ ਢਲ ਜਾਂਦਾ ਹੈ ਤੇ ਤੇਰੀਆਂ ਦਵਾਈਆਂ ਨੂੰ ਪਿਛੋਂ ਕੋਈ ਖਾ ਨਹੀਂ ਸਕਦਾ (ਇਸ ਲਈ ਮੇਰੀ ਆਤਮਾ ਲਈ ਦਵਾਈ ਦੇ) ।
੨੫ ਆਤਮਾ ।
੨੬ ਤੱਤ । ਮਾਇਆ ਤੋਂ ਰਹਿਤ ਹਰੀ ਦਾ ਨਾਮ ਤੱਤ ਹੈ ।

* ਸਰੀਰ ਦੀ ਬਣਤਰ ਨੂੰ ਜਾਣ ਲੈਣਾ ਕੋਈ ਵੱਡੀ ਵਿਦਵਤਾ ਨਹੀਂ, ਅਸਲ ਵਿਦਵਤਾ ਹਰੀ ਦੀ ਹੋਂਦ ਨੂੰ ਜਾਣਨਾ ਹੈ । ਹਰੀ ਦੀ ਹੋਂਦ ਅਦਿੱਖ ਹੋਣ ਕਰ ਕੇ ਔਖੀ ਸਮਝੀ ਜਾਂਦੀ ਹੈ । ਉਸ ਦਾ ਪ੍ਰਵੇਸ਼ ਸਭ ਥਾਂ ਹੈ, ਪਰ ਉਹ ਲਫ਼ਜ਼ਾਂ ਦੁਆਰਾ ਬਿਆਨ ਨਹੀਂ ਹੋ ਸਕਦਾ, ਉਹ ਤਾਂ ਹਿਰਦੇ ਵਿੱਚ ਮਹਿਸੂਸ ਹੋਣ ਵਾਲੀ ਹਸਤੀ ਹੈ । ਉਸ ਨੂੰ ਉਚ ਨੀਚ ਜੋ ਭੀ ਜਪੇ ਮਾਣ ਯੋਗ ਹੈ ।

† ਸਰੀਰਕ ਰੋਗ ਬੁਝ ਲੈਣੇ ਕੋਈ ਉੱਚੀ ਹਕੀਮੀ ਨਹੀਂ । ਅਸਲ ਰੋਗ ਤਾਂ ਹਰੀ ਨੂੰ ਵਿਸਾਰਨਾ ਹੈ, ਜਿਸ ਤੋਂ ਕਈ ਰੋਗ ਉਠ ਖਲੋਂਦੇ ਹਨ । ਅਸਲ ਦਾਰੂ ਭੀ ਆਤਮਕ ਹੈ, ਭਾਵ ਹਰੀ ਦਾ ਨਾਮ ਜਿਸ ਦੇ ਸੇਵਨ ਨਾਲ ਸਭ ਰੋਗ ਦੂਰ ਹੋ ਜਾਂਦੇ ਹਨ ਅਤੇ ਆਤਮਾ ਸ਼ੁੱਧ ਹੋਣ ਨਾਲ ਸਰੀਰ ਭੀ ਸੋਨੇ ਵਰਗਾ ਸੋਹਣਾ ਤੇ ਅਰੋਗ ਹੋ ਜਾਂਦਾ ਹੈ ।

‡ ਦੁੱਖਾਂ ਪੀੜਾਂ ਦੀ ਨਵਿਰਤੀ ਲਈ ਲੋਕੀਂ ਕੁਸ਼ਤੇ ਆਦਿ ਅਕਸ਼ੀਰ ਦਵਾਈਆਂ ਵਰਤਦੇ ਹਨ, ਗੁਰੂ ਜੀ ਨਾਮ ਨੂੰ ਹੀ ਸਭ ਦਵਾਈਆਂ ਦੀ ਦਵਾ ਮੰਨਦੇ ਹਨ ਅਤੇ ਇਸ ਦੇ ਨਾਲ ਸੰਤੋਖ ਦਾਨ ਆਦਿ ਪਥ ਦਸਦੇ ਹਨ। ਲੋਕੀਂ ਦੁੱਖ ਅਪਦਾ ਦੀ ਨਿਵਿਰਤੀ ਲਈ ਹੋਮ ਜਗ ਭੀ ਕਰਾਇਆ ਕਰਦੇ ਹਨ । ਗੁਰੂ ਜੀ ਇਸ ਦੀ ਥਾਂ ਇਕ ਅਨੋਖਾ ਹਵਨ ਯਗ ਰਚਦੇ ਹਨ, ਜਿਸ ਵਿੱਚ ਸਵਾਦਾਂ ਨੂੰ ਲੱਕੜਾਂ, ਤ੍ਰਿਸ਼ਨਾ ਨੂੰ ਘਿਉ, ਤੇਲ ਤੇ ਕਾਮ ਕ੍ਰੋਧ ਨੂੰ ਅੱਗ ਬਣਾ ਕੇ ਇਨ੍ਹਾਂ ਸਾਰਿਆਂ ਦਾ ਮੇਲ ਕਰ ਕੇ ਇਕੱਠਿਆਂ ਨੂੰ ਇਸ ਯਗ ਵਿੱਚ ਫੂਕਣਾ ਦਸਦੇ ਹਨ । ਇਸ ਤਰ੍ਹਾਂ ਕਰਨ ਨਾਲ ਹਵਨ ਯਗ ਤੇ ਪੁਰਾਣਾਂ ਦੇ ਪਾਠ ਆਦਿ ਦਾ ਫਲ ਮਿਲ ਜਾਂਦਾ ਹੈ । ਫਿਰ ਮਨੁੱਖ ਰਜ਼ਾ ਦਾ ਬੰਦਾ ਹੋ ਜਾਂਦਾ ਹੈ; ਉਸ ਲਈ ਜੋ ਹਰੀ ਨੂੰ ਭਾਵੇ ਉਹੋ ਪ੍ਰਵਾਨ ਹੁੰਦਾ ਹੈ।

ਕਾਮੁ ਕ੍ਰੋਧੁ ਚੰਡਾਰ[੧] ॥ ੧ ॥ [੨]ਮਹਲ ਮਹਿ ਬੈਠੇ ਅਗਮ ਅਪਾਰ ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ॥ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ[੩] ॥ ੧ ॥ ਰਹਾਉ ॥ ਦੂਖ ਸੁਖ ਦੋਊ ਸਮ[੪] ਕਰਿ ਜਾਨੈ ਬੁਰਾ ਭਲਾ ਸੰਸਾਰ ॥ ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥ ੨ ॥ ਅਹਿਨਿਸਿ[੫] ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥ [੬]ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥ ੩ ॥ ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥ ਨਾਨਕ ਗੁਰਮੁਖਿ[੭] ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥ ੪ ॥ ੫ ॥

ਮਲਾਰ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥

*[੮]ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ[੯] ॥ ਜੰਮਹਿ ਜੀਅ ਜਾਣੈ ਜੇ ਥਾਉ ॥ ਸੁਰਤਾ ਪੰਡਿਤੁ ਤਾ ਕਾ ਨਾਉ ॥ ੧ ॥ ਗੁਣ ਗੋਬਿੰਦ ਨ ਜਾਣੀਅਹਿ ਮਾਇ ॥ [੧੦]ਅਣਡੀਠਾ ਕਿਛੁ ਕਹਣੁ ਨ ਜਾਇ ॥ ਕਿਆ ਕਰਿ ਆਖਿ ਵਖਾਣੀਐ ਮਾਇ ॥੧ ॥ ਰਹਾਉ ॥ [੧੧]ਊਪਰਿ ਦਰਿ ਅਸਮਾਨਿ ਪਇਆਲਿ[੧੨] ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥ ਬਿਨੁ ਜਿਹਵਾ ਜੋ ਜਪੈ ਹਿਆਇ[੧੩] ॥ [੧੪]ਕੋਈ ਜਾਣੈ ਕੈਸਾ ਨਾਉ ॥ ੨ ॥ [੧੫]ਕਥਨੀ ਬਦਨੀ ਰਹੈ ਨਿਭਰਾਂਤਿ[੧੬] ॥ ਸੋ ਬੂਝੈ ਹੋਵੈ ਜਿਸੁ ਦਾਤਿ ॥ ਅਹਿਨਿਸਿ[੫] ਅੰਤਰਿ ਰਹੈ ਲਿਵ ਲਾਇ ॥ ਸੋਈ ਪੁਰਖੁ ਜਿ ਸਚਿ ਸਮਾਇ ॥ ੩ ॥ ਜਾਤਿ ਕੁਲੀਨੁ[੧੭] ਸੇਵਕੁ ਜੇ ਹੋਇ ॥ [੧੮]ਤਾ ਕਾ ਕਹਣਾ ਕਹਹੁ ਨ ਕੋਇ ॥ ਵਿਚਿ ਸਨਾਤੀ[੧੯] ਸੇਵਕੁ ਹੋਇ ॥ ਨਾਨਕ [੨੦]ਪਣ੍ਹੀਆ ਪਹਿਰੈ ਸੋਇ ॥ ੪ ॥ ੧ ॥ ੬ ॥ ਮਲਾਰ ਮਹਲਾ ੧† ॥ ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ[੨੧] ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ [੨੨]ਵੈਦ ਨ ਭੋਲੇ ਦਾਰੂ ਲਾਇ ॥ ੧ ॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ[੨੩] ॥ ੧ ॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥ ੨ ॥ ਚੰਦਨ ਕਾ ਫਲੁ ਚੰਦਨ ਵਾਸੁ ॥ [੨੪]ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥ ੩ ॥ ਕੰਚਨ ਕਾਇਆ ਨਿਰਮਲ ਹੰਸੁ[੨੫] ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ[੨੬] ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥ ੪ ॥ ੨ ॥ ੭ ॥ ਮਲਾਰ ਮਹਲਾ ੧‡ ॥ ਦੁਖ ਮਹੁਰਾ

੧ ਸੁਰਤ ਸੱਚੀ ਹੋ ਕੇ ਨਾਮ ਵਿੱਚ ਨਹੀਂ ਲੱਗੀ ।

੨ ਪ੍ਰੇਮ ।

੩ ਸਮਝ ਕੇ ।

੪ ਦਿਲ ਅਤੇ ਮੂੰਹ ਵਿੱਚ ਮਾਇਆ ਹੀ ਮਾਇਆ ਵਸਦੀ ਹੈ, ਭਾਵ ਸੋਚਦੇ ਭੀ ਮਾਇਆ ਦੇ ਖਿਆਲ ਅਤੇ ਗੱਲਾਂ ਭੀ ਮਾਇਆ ਦੀਆਂ ਹੀ ਕਰਦੇ ਰਹਿੰਦੇ ਹਨ (ਇਹ ਪਾਠ ਸ੍ਰੀ ਕਰਤਾਰਪੁਰ ਵਾਲੀ ਬੀੜ ਦਾ ਹੈ । ਆਮ ਬੀੜਾਂ ਵਿੱਚ ਪਾਠ 'ਮਨਮੁਖਿ' ਹੈ)।

੫ ਬਹੁਤ ਵੱਡੇ ਭਾਰ ਨਾਲ । ਦੇਖੋ ਪੰਨਾ ੧੦੨੫, ਨੋਟ ੩ ।

੬ ਮਨ ਵਿੱਚ ਗੁਰੂ ਦਾ ਸ਼ਬਦ ਚੰਗਾ ਲੱਗਾ ਤਾਂ (ਜੀਵਨ) ਸੋਹਣਾ ਬਣ ਗਿਆ ।

੭ ਤਮੋ ਗੁਣ । ਤੀਰਥਾਂ ਤੇ ਕ੍ਰੋਧ ਨੂੰ ਦੂਰ ਕਰ ਕੇ ਨਹੀਂ ਨ੍ਹਾਤੇ ।

੮ ਦੂਰ ਕਰ ਕੇ ।

੯ ਜਿਥੋਂ ਆਇਆ ਓਥੇ, ਭਾਵ ਜਨਮ ਮਰਨ ਵਿੱਚ ਚੱਕਰ ਲਾਂਦਾ ਰਿਹਾ ।

੧੦ ਓਸੇ ਕਰ ਕੇ (ਭਾਵ ਗੰਦੀਆਂ ਖਾਹਸਾਂ ਕਰ ਕੇ) ਮੈਲੇ ਦੇ ਕੀੜੇ ਬਣੇ ਸਨ ਤੇ ਅੰਤ ਗਰਭ ਦੇ ਮੈਲੇ ਵਿੱਚ ਹੀ ਵਾਸਾ ਮਿਲਿਆ ।

੧੧ ਬਹੁਤ ।

੧੨ ਰੋਗਾਂ ਦੀ ਨਿਵਿਰਤੀ ਹੋ ਕੇ ਪੂਰਨ ਸੁਖ ।

੧੩ ਟਿਕਾਉ ਨਾਲ । ਬਿਰਤੀ ਸੇਵਾ ਵਿੱਚ ਲਾ ਕੇ ਮਨ ਦੇ ਟਿਕਾਉ ਨਾਲ ਗੁਣ ਗਾਵਾਂ ਅਤੇ ਗੁਰੂ ਦੁਆਰਾ ਗਿਆਨ ਨੂੰ ਵਿਚਾਰਾਂ ।

੧੪ ਵਿਚਾਰਵਾਨ ਤਰ ਨਿਕਲਦਾ ਹੈ ਤੇ ਝਗੜਾਲੂ ਨਾਸ ਹੁੰਦਾ ਹੈ ।

੧੫ ਨੀਵੀਂ ਮੱਤ ਵਾਲੇ, ਬੇਸਮਝ ।

੧੬ ਜਿਥੇ ਆਤਮਾ ਚੀਨਿਆ (ਸਮਝਿਆ) ਜਾਂਦਾ ਹੈ ਉਥੇ ਤੂੰ ਹਾਜ਼ਰ ਹੁੰਦਾ ਹੈਂ, ਹੇ ਤਾਰਣ ਯੋਗ !

੧੭ ਕਿਹੜੇ-ਕਿਹੜੇ ਗੁਣ ਆਖਾਂ ਤੂੰ ਬਿਅੰਤ ਜੋ ਹੋਇਆ!

੧੮ ਨਾ ਸਮਝ ਆਉਣ ਵਾਲਾ ।

੧੯ ਅਪਹੁੰਚ ।

੨੦ ਜਨਮ ਵਿੱਚ ਨਾ ਆਉਣ ਵਾਲਾ ।

੨੧ ਜੋ ਮਾਲਕ ਅਖਵਾਣ ਵਾਲੇ ਹਨ ਉਨ੍ਹਾਂ ਨੂੰ ਕਾਬੂ ਕਰਨ ਵਾਲਾ ।

੨੨ ਮੰਗਤੇ ।

੨੩ ਦਿਲ ਵਿੱਚ ਧਾਰਾਂ । ਭਗਤੀ ਤੋਂ ਸਖਣੇ ਨਾਨਕ ਨੂੰ ਉਸ ਦੇ ਦਰ 'ਤੇ ਦੇਖੋਗੇ, ਤਾਂ ਕਿ ਉਥੋਂ ਇਕ ਨਾਮ ਮਿਲੇ ਜਿਸ ਨੂੰ ਦਿਲ ਵਿੱਚ ਰੱਖਾਂ।

੨੪ ਜਿਸ ਇਸਤਰੀ ਨੇ ਆਪਣੇ ਪਤੀ ਦਾ ਸੁਆਦ ਨਹੀਂ ਜਾਣਿਆ ।

੨੫ [ਵਿਲੁਕ] ਵਿਆਕੁਲ ।

੨੬ ਮੂੰਹ ।

੨੭ ਕਰਮ-ਚੱਕਰ ਦੇ ਫਾਹ ਵਿੱਚ ।

੨੮ ਹੇ ਬੱਦਲ ! ਤੂੰ ਵੱਸ; ਹੇ ਗੁਰੂ ! ਤੂੰ ਉਪਦੇਸ਼ ਨਾਲ ਠੰਢ ਪਾ ।

੨੯ ਨਵੀਂ !

੩੦ ਹਰ ਰੋਜ਼ ।

੩੧ ਸੋਭਾ ਵਾਲੀ ਹੋਈ ।

੩੨ ਤੇਰੇ ।

੩੩ ਤ੍ਰੈ ਲੋਕ ।

੩੪ ਮਾਇਆ-ਰਹਿਤ ਹਰੀ ।

੩੫ ਮੁੜ ਕੇ ਸੰਸਾਰ ਵਿੱਚ ਫੇਰਾ ਨਹੀਂ ਪਾਉਣਾ ।

੩੬ ਖਿੜ ਗਈ ।

੩੭ ਕੁਲ ਰਹਿਤ ।

੩੮ ਆਸਰਾ ।

੩੯ ਮੁਖੀ ਗੁਰੂ ਨੇ ਆਪਣੇ ਨਾਲ ਮੇਲ ਕੇ ਹਰੀ ਨਾਲ ਮਿਲਾ ਦਿੱਤੀ ।

੪੦ ਪਰਾਈ ਇਸਤਰੀ ।

੪੧ ਮਾੜੀ ਬ੍ਰਿਤੀ ਆਦਿ ਔਗੁਣ ਛੱਡ ਦੇ ।

---

* ਗੁਰੂ ਦੇ ਸ਼ਬਦ ਰਾਹੀਂ ਹੀ ਪਾਪ ਵਾਲੀ ਬ੍ਰਿਤੀ ਦੂਰ ਹੁੰਦੀ ਤੇ ਸੱਚੀ ਸੁਰਤਿ ਜਾਗਦੀ ਹੈ, ਜਿਸ ਰਾਹੀਂ ਨਾਮ ਗ੍ਰਹਿਣ ਕਰ ਕੇ ਤੱਤ ਬੁੱਧੀ ਪ੍ਰਾਪਤ ਹੁੰਦੀ ਹੈ, ਜਿਸ ਦੁਆਰਾ ਜ਼ਿੰਦਗੀ ਸੰਵਰ ਜਾਂਦੀ ਹੈ ।

† ਗੁਰੂ ਤੋਂ ਬਿਨਾਂ ਮਨੁੱਖ ਭਰਮ ਵਿੱਚ ਭੁੱਲਾ ਰਹਿੰਦਾ ਹੈ ਅਤੇ ਹਰੀ-ਪ੍ਰੇਮ ਦਾ ਸੁਆਦ ਨਹੀਂ ਜਾਣਦਾ। ਪਰ ਜਦ ਗੁਰੂ ਦੀ ਮਿਹਰ ਨਾਲ ਹਰੀ-ਦਰਸ਼ਨ ਦੀ ਤਾਂਘ ਪੈਦਾ ਹੋ ਜਾਂਦੀ ਹੈ, ਤਾਂ ਮਨੁੱਖ ਦੇ ਅੰਦਰ ਇਕ ਨਿਰੰਕਾਰ ਦੇ ਮਿਲਣ ਦੀ ਲਗਨ ਲੱਗ ਜਾਂਦੀ ਹੈ, ਜਿਸ ਦੇ ਪੂਰਾ ਕਰਨ ਲਈ ਉਹ ਸੱਚ ਦਾ ਸ਼ਿੰਗਾਰ ਕਰਦਾ ਅਤੇ ਸਦਾ ਹਰੀ ਦਾ ਹੋ ਕੇ ਵਰਤਦਾ ਹੈ ।

‡ ਹਰੀ ਮਨੁੱਖ ਦੇ ਅੰਦਰ ਹੀ ਬੈਠਾ ਹੈ, ਪਰ ਉਸ ਦੀ ਹਾਜ਼ਰੀ ਦੀ ਖ਼ਬਰ ਗੁਰੂ ਦੇ ਸ਼ਬਦ ਕਮਾਣ ਤੋਂ ਮਿਲਦੀ ਹੈ । ਇਹ ਸ਼ਬਦ ਦੀ ਕਮਾਈ ਭੀ ਹਰੀ ਦੀ ਆਪਣੀ ਕਿਰਪਾ ਤੋਂ ਮਿਲਦੀ ਹੈ ।

੨ ॥ ਮਲਾਰ ਮਹਲਾ ੧* ॥ [੧]ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ
ਕਰਤ ਗਵਾਇਆ ॥ ਪਰ ਧਨ ਪਰ ਨਾਰੀ ਰਤੁ[੨] ਨਿੰਦਾ ਬਿਖੁ ਖਾਈ ਦੁਖੁ
ਪਾਇਆ ॥ ਸਬਦੁ ਚੀਨਿ[੩] ਭੈ ਕਪਟ ਨ ਛੂਟੇ [੪]ਮਨਿ ਮੁਖਿ ਮਾਇਆ ਮਾਇਆ ॥
[੫]ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥ ੧ ॥
[੬]ਮਨਿ ਭਾਵੈ ਸਬਦੁ ਸੁਹਾਇਆ ॥ ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨ੍ਹੇ ਗੁਰਿ ਰਾਖੇ
ਸਚੁ ਪਾਇਆ ॥ ੧ ॥ ਰਹਾਉ ॥ ਤੀਰਥਿ ਤੇਜੁ[੭] ਨਿਵਾਰਿ ਨ ਨ੍ਹਾਤੇ ਹਰਿ ਕਾ
ਨਾਮੁ ਨ ਭਾਇਆ ॥ ਰਤਨ ਪਦਾਰਥੁ ਪਰਹਰਿ[੮] ਤਿਆਗਿਆ [੯]ਜਤ ਕੋ ਤਤ
ਹੀ ਆਇਆ ॥ [੧੦]ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥
ਅਧਿਕ[੧੧] ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ[੧੨] ਨ ਪਾਇਆ ॥ ੨ ॥
ਸੇਵਾ ਸੁਰਤਿ ਰਹਸਿ[੧੩] ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥ [੧੪]ਖੋਜੀ
ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥ ਹਮ ਨੀਚ ਹੋਤੇ
[੧੫]ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥ [੧੬]ਆਤਮ ਚੀਨਿ ਤਹਾ ਤੂ
ਤਾਰਣ ਸਚੁ ਤਾਰੇ ਤਾਰਣਹਾਰਾ ॥ ੩ ॥ ਬੈਸਿ ਸੁਥਾਨਿ ਕਹਾਂ ਗੁਣ ਤੇਰੇ
[੧੭]ਕਿਆ ਕਿਆ ਕਥਉ ਅਪਾਰਾ ॥ ਅਲਖੁ[੧੮] ਨ ਲਖੀਐ ਅਗਮੁ[੧੯] ਅਜੋਨੀ[੨੦]
ਤੂੰ [੨੧]ਨਾਥਾਂ ਨਾਥਣਹਾਰਾ ॥ ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ[੨੨]
ਤੂ ਦਾਤਾਰਾ ॥ ਭਗਤਿਹੀਣੁ ਨਾਨਕੁ ਦਰਿ ਦੇਖਹੁ ਇਕੁ ਨਾਮੁ ਮਿਲੈ [੨੩]ਉਰਿ
ਧਾਰਾ ॥ ੪ ॥ ੩ ॥ ਮਲਾਰ ਮਹਲਾ ੧† ॥ [੨੪]ਜਿਨਿ ਧਨ ਪਿਰ ਕਾ ਸਾਦੁ ਨ
ਜਾਨਿਆ ਸਾ ਬਿਲਖ[੨੫] ਬਦਨ[੨੬] ਕੁਮਲਾਨੀ ॥ ਭਈ ਨਿਰਾਸੀ [੨੭]ਕਰਮ ਕੀ
ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥ ੧ ॥ [੨੮]ਬਰਸੁ ਘਨਾ ਮੇਰਾ ਪਿਰੁ ਘਰਿ
ਆਇਆ ॥ ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ
ਮਿਲਾਇਆ ॥ ੧ ॥ ਰਹਾਉ ॥ ਨਉਤਨ[੨੯] ਪ੍ਰੀਤਿ ਸਦਾ ਠਾਕੁਰ ਸਿਉ
ਅਨਦਿਨੁ[੩੦] ਭਗਤਿ ਸੁਹਾਵੀ ॥ ਮੁਕਤਿ ਭਏ ਗੁਰਿ ਦਰਸੁ ਦਿਖਾਇਆ
ਜੁਗਿ ਜੁਗਿ ਭਗਤਿ ਸੁਭਾਵੀ[੩੧] ॥ ੨ ॥ ਹਮ ਥਾਰੇ[੩੨] ਤ੍ਰਿਭਵਣ[੩੩] ਜਗੁ ਤੁਮਰਾ
ਤੂ ਮੇਰਾ ਹਉ ਤੇਰਾ ॥ ਸਤਿਗੁਰਿ ਮਿਲਿਐ ਨਿਰੰਜਨੁ[੩੪] ਪਾਇਆ
[੩੫]ਬਹੁਰਿ ਨ ਭਵਜਲਿ ਫੇਰਾ ॥੩॥ ਅਪੁਨੇ ਪਿਰ ਹਰਿ ਦੇਖਿ ਵਿਗਾਸੀ[੩੬]
ਤਉ ਧਨ ਸਾਚੁ ਸੀਗਾਰੋ ॥ ਅਕੁਲ[੩੭] ਨਿਰੰਜਨ ਸਿਉ ਸਚਿ ਸਾਚੀ
ਗੁਰਮਤਿ ਨਾਮੁ ਅਧਾਰੋ[੩੮] ॥ ੪ ॥ ਮੁਕਤਿ ਭਈ ਬੰਧਨ ਗੁਰਿ ਖੋਲ੍ਹੇ
ਸਬਦਿ ਸੁਰਤਿ ਪਤਿ ਪਾਈ ॥ ਨਾਨਕ ਰਾਮ ਨਾਮੁ ਰਿਦ ਅੰਤਰਿ [੩੯]ਗੁਰਮੁਖਿ
ਮੇਲਿ ਮਿਲਾਈ ॥ ੫ ॥ ੪ ॥ ਮਹਲਾ ੧ ਮਲਾਰ‡ ॥ [੪੦]ਪਰ ਦਾਰਾ ਪਰ
ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥ [੪੧]ਦੁਸਟ ਭਾਉ ਤਜਿ ਨਿੰਦ ਪਰਾਈ

੧ ਅਸਲੀ ਘਰ; ਹਰੀ ਦੀ ਹਜ਼ੂਰੀ ਵਿੱਚ ।
੨ ਤੈਨੂੰ ਕੀ ਦੇਂਦੇ ਹਨ ? ਭਾਵ ਕੁਝ ਨਹੀਂ ।
੩ ਮੰਗਣ ਤੋਂ ਰੁਕਦੇ ਨਹੀਂ ਹਨ ।
੪ ਜ਼ਿੰਦਗੀ । ਦੇਖੋ ਪੰਨਾ ੧੨੫੦, ਨੋਟ ੨ । ਹੋਰ ਦੇਖੋ ਪੰਨਾ ੯੬੫, ਨੋਟ ੧੨ ।
੫ ਗੁਰੂ ਦੀ ਮੰਨ ਕੇ ਚੱਲਣ ਵਾਲੇ ।
੬ ਦਿਨ ਰਾਤ ਨਾਮ ਜਪੋ, ਹੇ ਜੀਵ ! ਗੰਦੇ ਭੀ ਪਵਿੱਤਰ ਹੋ ਜਾਓਗੇ ।
੭ ਜੇਹੀ ਰੁੱਤ ਹੁੰਦੀ ਹੈ, ਤੇਹੋ ਜੇਹਾ ਸੁਖ ਕਾਇਆਂ ਨੂੰ ਮਿਲਦਾ ਹੈ ਤੇ ਉਸ ਦੇ ਅਸਰ ਤੋਂ ਮੁੜ ਕਾਇਆਂ ਬਣਦੀ ਹੈ, ਪਰ ਨਾਮ ਤੋਂ ਬਿਨਾਂ ਰੁੱਤ ਕਾਹਦੀ ?
੮ ਬੇਨਤੀ ।
੯ ਬੱਦਲ ਦੀ ਆਵਾਜ਼, ਭਾਵ ਗੁਰੂ ਦਾ ਉਪਦੇਸ਼। ਮਲ੍ਹਾਰ ਮੇਘ ਰਾਗ ਦੀ ਇਕ ਰਾਗਣੀ ਹੈ । ਇਹ ਬਰਖਾ ਰੁੱਤ ਨਾਲ ਸੰਬੰਧ ਰੱਖਦੀ ਹੈ । ਇਸੇ ਕਰਕੇ ਇਸ ਵਿੱਚ ਮੀਂਹ ਵਸਣ ਦਾ ਬਹੁਤ ਜ਼ਿਕਰ ਆਇਆ ਹੈ ।
੧੦ ਮੋਰ ਰੂਪ ਮਨ । 'ਮੇਰਾ' ਭੀ ਅਰਥ ਹੈ । ਦੋਵੇਂ ਅਰਥ 'ਕਠੇ ਲੈਣੇ ਹਨ ।
੧੧ ਮੇਰੀ ਜ਼ਬਾਨ ਉਸ ਦੇ ਪ੍ਰੇਮ ਵਿੱਚ ਰਤੀ ਗੁਣ ਗਾਂਵਦੀ ਹੈ ।
੧੨ ਹੇ ਬੱਦਲ ! ਵਸ ।
੧੩ ਹਿਰਦੇ ਵਿੱਚ ।
੧੪ ਉਹ, ਵਰ ਦੀ ਪਿਆਰੀ ਇਸਤਰੀ ਪੂਰਨ ਅਨੰਦ ਵਾਲੀ ਹੈ, ਜਿਸ ਦਾ ਮਨ ਗੁਰਬਾਣੀ ਦੁਆਰਾ ਮੰਨ ਗਿਆ, ਸੰਤੁਸ਼ਟ ਹੋ ਗਿਆ ਹੈ । ਦੇਖੋ ਪੰਨਾ ੧੧੧੨, ਨੋਟ ੩ ।
੧੫ ਚੰਗਾ ਲਗਦਾ ਹੈ ।
੧੬ ਪਕੜੀ ਹੈ ।
੧੭ ਗੁਰੂ ਦੇ ਰਾਹੀਂ ।
੧੮ ਠੀਕ ਤੌਰ 'ਤੇ ।

* ਲੋਕੀਂ ਖਾਣ ਪੀਣ ਵਿੱਚ ਲੱਗੇ ਹੋਏ ਹਰੀ ਨੂੰ ਵਿਸਾਰ ਬੈਠੇ ਹਨ । ਜੇ ਹਰੀ ਨੂੰ ਯਾਦ ਕਰਨ ਤਾਂ ਆਪਣਾ ਹੀ ਕੁਝ ਸਵਾਰਨਗੇ, ਹਰੀ ਨੂੰ ਤਾਂ ਕੁਝ ਨਹੀਂ ਦੇਣ ਲੱਗੇ । ਹਰੀ ਦੀ ਯਾਦ ਨਾਲ ਹੀ ਜੀਵਨ ਸਫਲ ਹੁੰਦਾ ਹੈ ।

† ਗੁਰੂ ਦੀ ਸ਼ਰਨ ਲੈਣ ਨਾਲ ਹਰੀ-ਵਰ ਪ੍ਰਾਪਤ ਹੁੰਦਾ ਹੈ, ਜਿਸ ਤੋਂ ਸਾਰੀ ਜ਼ਿੰਦਗੀ ਸਫ਼ਲ ਹੁੰਦੀ ਹੈ।

ਰਾਗੁ ਮਲਾਰ ਚਉਪਦੇ
ਮਹਲਾ ੧ ਘਰੁ ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥ ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥ ੧ ॥ ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ[1] ਜਾਵਹੁ ॥ ੧ ॥ ਰਹਾਉ ॥ ਤੁਧਨੋ ਸੇਵਹਿ [2]ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ [3]ਰਹਹਿ ਨਹੀ ॥ ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ[4] ਤੁਹੀ ॥ ੨ ॥ ਗੁਰਮੁਖਿ[5] ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥ [6]ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥ ੩ ॥ [7]ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥ ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥ ੪ ॥ ੧ ॥

ਮਲਾਰ ਮਹਲਾ ੧† ॥ ਕਰਉ ਬਿਨਉ[8] ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥ ਸੁਣਿ ਘਨਘੋਰ[9] ਸੀਤਲੁ [10]ਮਨੁ ਮੋਰਾ [11]ਲਾਲ ਰਤੀ ਗੁਣ ਗਾਵੈ ॥ ੧ ॥ [12]ਬਰਸੁ ਘਨਾ ਮੇਰਾ ਮਨੁ ਭੀਨਾ ॥ ਅੰਮ੍ਰਿਤ ਬੂੰਦ ਸੁਹਾਨੀ ਹੀਅਰੈ[13] ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥ ੧ ॥ ਰਹਾਉ ॥ [14]ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥ ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ[15] ॥ ੨ ॥ ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥ ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥ ੩ ॥ ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ[16] ॥ ਨਾਨਕ ਰਾਮ ਨਾਮੁ ਜਪਿ ਗੁਰਮੁਖਿ[17] ਧਨੁ ਸੋਹਾਗਣਿ ਸਚੁ ਸਹੀ[18] ॥ ੪ ॥

੧ ਮੈਂ ਗੁਣਾਂ ਦਾ ਖਿਚਿਆ ਹੋਇਆ ਸਾਰਿਆਂ ਦੀ ਜ਼ਿੰਦਗੀ ਹਾਂ, ਮੇਰੀ ਜ਼ਿੰਦਗੀ ਮੇਰੇ ਭਗਤ ਹਨ।
੨ ਜਿਸ ਦੇ ਦਿਲ ਵਿੱਚ ਇਹ ਗੱਲ ਜਿਤਨੀ-ਕੁ ਬੈਠ ਜਾਵੇ ਉਤਨਾ-ਕੁ ਉਸ ਦੇ ਦਿਲ ਵਿੱਚ ਪ੍ਰੇਮ ਦਾ ਚਾਨਣਾ ਹੁੰਦਾ ਹੈ ।
੩ [ਅਨਪਾਇਨੀ] ਨਾ ਹੋਵੇ ਅਪਾਯ (ਨਾਸ਼) ਜਿਸ ਦਾ; ਪੱਕੀ ।
੪ ਹੇ ਦੇਵ ! ਹੇ ਭਾਈ !
੫ ਨਿਸਫਲ, ਅਕਾਰਥ ।
੬ ਰਸਤੇ ਲੁੱਟ ਕੇ, ਭਾਵ ਡਾਕੇ ਮਾਰ ਕੇ ।
੭ ਬਿਗਾਨੇ ਘਰ ਲੁੱਟ ਕੇ ।
੮ ਜਿਸ ਕੰਮ ਕੀਤਿਆਂ ਪਰਲੋਕ ਵਿੱਚ ਅਪਜਸ ਹੋਵੇ, ਉਹੋ ਮੂਰਖਤਾਈ ਵਾਲੇ ਕੰਮ ਕੀਤੇ ।
੯ ਅਗਿਆਨਤਾ, ਮੂਰਖਤਾਈ ।
੧੦ ਬਾਰਸੀ, ਜ਼ਿਲਾ ਸ਼ੋਲਾਪੁਰ ਦਾ ਵਸਨੀਕ ਇਕ ਭਗਤ ।
੧੧ ਪਵਿੱਤਰ ।
੧੨ ਇਹ ਸ਼ਬਦ ਭਾਈ ਬੰਨੋ ਦੀ ਬੀੜ ਵਿੱਚ ਸਾਰੇ ਦਾ ਸਾਰਾ ਦਿੱਤਾ ਹੈ । ਪਰ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਹਿਲੀ ਤੁਕ ਹੀ ਦਿੱਤੀ ਹੈ। ਬਾਕੀਆਂ ਵਿੱਚ ਬੇਮੁਖ ਨੂੰ ਸੱਪ, ਹਾਥੀ, ਕਾਂ, ਗਦੋਂ, ਪੱਥਰ, ਕਾਲੀ ਕਮਲੀ ਨਾਲ ਤਸ਼ਬੀਹ ਦੇ ਕੇ ਸਦਾ ਲਈ ਅਮੋੜ ਤੇ ਅਭਿੱਗ ਸਾਬਤ ਕੀਤਾ ਹੋਇਆ ਹੈ ਅਤੇ ਸੁਧਾਰ ਦੀ ਕੋਈ ਆਸ ਨਹੀਂ ਦੱਸੀ ਹੋਈ, ਇਸ ਲਈ ਗੁਰੂ ਜੀ ਨੇ ਸੂਚਨਾ ਮਾਤਰ ਇਕ ਤੁਕ ਦੇ ਕੇ ਬਾਕੀ ਦੀਆਂ ਤੁਕਾਂ ਛੱਡ ਦਿੱਤੀਆਂ ਮਲੂਮ ਹੁੰਦੀਆਂ ਹਨ ।
੧੩ ਹਰੀ ਤੋਂ ਬੇਮੁਖਾਂ ਦਾ ।
੧੪ (ਇਹ ਉਹ ਮਸ਼ਹੂਰ ਨੇਤ੍ਰਹੀਨ ਸੂਰਦਾਸ ਨਹੀਂ ਜੋ ਵੈਸ਼ਨਵਾਂ ਦਾ ਮਹਾਤਮਾ ਭਗਤ ਹੋਇਆ ਹੈ।) ਇਹ ਭਗਤ ਮਦਨ ਮੋਹਨ ਨਾਮ ਦਾ ਬ੍ਰਾਹਮਣ ਹੋਇਆ ਹੈ ਜੋ ਸੰਮਤ ੧੫੮੬ ਵਿੱਚ ਪੈਦਾ ਹੋਇਆ । ਇਹ ਸੰਸਕ੍ਰਿਤ, ਹਿੰਦੀ, ਫ਼ਾਰਸੀ ਦਾ ਪੂਰਨ ਵਿਦਵਾਨ ਅਤੇ ਅਕਬਰ ਦੇ ਵੇਲੇ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਮ ਸੀ ਪਰ ਪਿਛੋਂ ਵੈਰਾਗਵਾਨ ਹੋ ਕੇ ਤਿਆਗੀ ਹੋ ਗਿਆ । ਇਸ ਦੀ ਸਮਾਧ ਕਾਂਸ਼ੀ ਵਿੱਚ ਹੈ ।
੧੫ [ਸਰਵਸ੍ਵ] ਸਾਰਾ ਧਨ ਪਦਾਰਥ ।
੧੬ ਦੇਖੋ ਪੰਨਾ ੧੧੯੪, ਨੋਟ ੧੩ ।
੧੭ [ਨਸ਼ੇ ਜਾਂ ਨੀਂਦ ਕਾਰਨ ਸਿਰ ਦਾ ਝੁਕ ਜਾਣਾ, ਅਨੰਦ ਵਿੱਚ ਨਿਵ ਜਾਣਾ] ਅਨੰਦ ਦਾ ਹੁਲਾਰਾ ਖੁਸ਼ੀ ਦਾ ਝੂਟਾ ।
੧੮ ਦੇਖ ਕੇ ।
੧੯ ਵਿਸ਼ੇ ਰਹਿਤ ।
੨੦ [ਵਦਨ] ਮੂੰਹ । ਹਰੀ ਦਾ ਸੁੰਦਰ ਮੁਖ ਅਲੋਕ (ਵੇਖ) ਕੇ ਹੋਰ ਕੰਮ ਨਾਲ ਵਾਸਤਾ ਨਹੀਂ ਰਹਿੰਦਾ।
੨੧ ਜਿਵੇਂ ਕੁਸ਼ਟੀ ਦੇ ਤਨ ਵਿੱਚ ਜੋਕ ਗੰਦਾ ਲਹੂ ਪੀ ਕੇ ਓਥੇ ਹੀ ਮਰ ਜਾਂਦੀ ਹੈ, ਤਿਵੇਂ ਇਹ ਲੋਕ ਹੋਰ ਕੰਮਾਂ ਵਿੱਚ ਹੀ ਮੁਕ ਜਾਂਦੇ ਹਨ । (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਜੋਂਕ ਹੈ।)
੨੨ ਇਹ ਫਲ ਪ੍ਰਲੋਕ ਦੇ ਤੌਰ 'ਤੇ ਦਿੱਤਾ ਹੈ ।
੨੩ ਪੁੱਤਰ ।
੨੪ ਇਸਤਰੀ ।
੨੫ ਸਭ ਫ਼ਨ ਦਾ ਮੋਹ ਲੱਗਾ ਹੈ; ਪਿਆਰ ਉਸ ਨਾਲ ਲੱਗਾ ਹੈ ਜੋ ਨਿਰਾ ਛਲ ਜਾਂ ਧੋਖਾ ਹੈ । ਫ਼ਨ (ਅ.) ਧੋਖਾ, ਛਲ ।
੨੬ ਬੇੜਾ ।
੨੭ [ਵਿਸ਼ਵਾਸ] ਇਤਬਾਰ ।
੨੮ ਸਰੀਰ ।
੨੯ ਠੋਕਰ ।
੩੦ ਮੰਗੋ ।

* ਪੁਰਾਣ ਆਦਿ ਦੀਆਂ ਕਥਾ ਕਹਾਣੀਆਂ ਸੁਣਨ ਨਾਲ ਧਾਰਮਕ ਜ਼ਿੰਦਗੀ ਨਹੀਂ ਬਣਦੀ, ਜਦ ਤੱਕ ਕਿ ਦ੍ਰਿੜ੍ਹ ਵਿਸ਼ਵਾਸ ਵਾਲੀ ਭਗਤੀ ਨਾ ਕਰੀਏ ਅਤੇ ਪਾਪਾਂ ਵਾਲੀ ਰਹਿਣੀ ਛੱਡ ਕੇ ਦਇਆ ਵਾਲੀ ਰਹਿਣੀ ਨਾ ਬਣਾਈਏ। ਇਹ ਰਹਿਣੀ ਸਾਧ ਸੰਗਤਿ ਰਾਹੀਂ ਹਰੀ ਜਸ ਨਾਲ ਬਣਦੀ ਹੈ ।

† ਬੇ-ਮੁਖਾਂ ਦੀ ਸੰਗਤ ਛੱਡ ਕੇ ਹਰੀ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਤਨ ਮਨ ਉਸ ਸੁੰਦਰ ਹਰੀ ਦੇ ਹਵਾਲੇ ਕਰ ਕੇ ਸਭ ਸੁਖ ਉਸੇ ਦੇ ਦਰਸ਼ਨਾਂ ਵਿਚੋਂ ਢੂੰਡਣਾ ਚਾਹੀਦਾ ਹੈ ।

‡ ਇਹ ਸਰੀਰ ਤੇ ਨਾਲ ਲਗਦੇ ਸਬੰਧੀ ਸਥਿਰ ਨਾ ਹੋਣ ਕਰ ਕੇ ਉਡਦੇ ਮਨ ਨੂੰ ਸਦੀਵੀ ਸਹਾਰਾ ਨਹੀਂ ਦੇ ਸਕਦੇ । ਇਕ ਹਰੀ ਹੀ ਮਨ ਨੂੰ ਪੂਰੀ ਤਸੱਲੀ ਦੇ ਸਕਦਾ ਹੈ । ਉਸੇ ਨੂੰ ਸਾਧ ਜਨਾਂ ਦੀ ਚਰਨ ਧੂੜ ਵਿਚੋਂ ਲਭੋ ।

ਸੋ ਪੈ ਜਬਾਬੁ ਨ ਹੋਇ ॥ ੧ ॥ [੧]ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥ ਨਾਮਦੇਵ ਜਾ ਕੇ [੨]ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨ ॥੩ ॥

ਸਾਰੰਗ ॥ ੴ ਸਤਿਗੁਰ ਪ੍ਰਸਾਦਿ ॥

*ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥ ਅਨਪਾਵਨੀ[੩] ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥ ੧ ॥ ਰਹਾਉ ॥ ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ[੪] ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ[੫] ਭਈ ਸਭ ਸੇਵਾ ॥ ੧ ॥ [੬]ਬਾਟ ਪਾਰਿ [੭]ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥ [੮]ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ[੯] ਸਾਧੀ ॥ ੨ ॥ ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ ਪਰਮਾਨੰਦ[੧੦] ਸਾਧਸੰਗਤਿ ਮਿਲਿ ਕਥਾ ਪੁਨੀਤ[੧੧] ਨ ਚਾਲੀ ॥ ੩ ॥ ੧ ॥ ੬ ॥

[੧੨]ਛਾਡਿ ਮਨ [੧੩]ਹਰਿ ਬਿਮੁਖਨ ਕੋ ਸੰਗੁ ॥

ਸਾਰੰਗ ਮਹਲਾ ੫ ਸੂਰਦਾਸ[੧੪] ॥ ੴ ਸਤਿਗੁਰ ਪ੍ਰਸਾਦਿ ॥

†ਹਰਿ ਕੇ ਸੰਗ ਬਸੇ ਹਰਿ ਲੋਕ ॥ ਤਨੁ ਮਨੁ ਅਰਪਿ ਸਰਬਸੁ[੧੫] ਸਭੁ ਅਰਪਿਓ [੧੬]ਅਨਦ ਸਹਜ ਧੁਨਿ ਝੋਕ[੧੭] ॥ ੧ ॥ ਰਹਾਉ ॥ ਦਰਸਨੁ ਪੇਖਿ[੧੮] ਭਏ ਨਿਰਬਿਖਈ[੧੯] ਪਾਏ ਹੈ ਸਗਲੇ ਥੋਕ ॥ ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ[੨੦] ਅਲੋਕ ॥ ੧ ॥ ਸਿਆਮ ਸੁੰਦਰ ਤਜਿ ਆਨ ਜੁ ਚਾਹਤ [੨੧]ਜਿਉ ਕੁਸਟੀ ਤਨਿ ਜੋਕ ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ [੨੨]ਦੀਨੋ ਇਹੁ ਪਰਲੋਕ ॥ ੨ ॥ ੧ ॥ ੮ ॥

ਸਾਰੰਗ ਕਬੀਰ ਜੀਉ ॥ ੴ ਸਤਿਗੁਰ ਪ੍ਰਸਾਦਿ ॥

‡ਹਰਿ ਬਿਨੁ ਕਉਨੁ ਸਹਾਈ ਮਨ ਕਾ ॥ ਮਾਤ ਪਿਤਾ ਭਾਈ ਸੁਤ[੨੩] ਬਨਿਤਾ[੨੪] [੨੫]ਹਿਤੁ ਲਾਗੋ ਸਭ ਫਨ ਕਾ ॥ ੧ ॥ ਰਹਾਉ ॥ ਆਗੇ ਕਉ ਕਿਛੁ ਤੁਲਹਾ[੨੬] ਬਾਂਧਹੁ ਕਿਆ ਭਰਵਾਸਾ ਧਨ ਕਾ ॥ ਕਹਾ ਬਿਸਾਸਾ[੨੭] ਇਸ ਭਾਂਡੇ[੨੮] ਕਾ ਇਤਨਕੁ ਲਾਗੈ ਠਨਕਾ[੨੯] ॥ ੧ ॥ ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ[੩੦] ਸਭ ਜਨ ਕਾ ॥ ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ੨ ॥ ੧ ॥ ੯ ॥

੧ ਮਿਲਦੇ ਹਨ ।
੨ [ਸੰ. ਵਨਿਤਾ] ਇਸਤਰੀ, ਵਹੁਟੀ ।
੩ ਧਨ ।
੪ ਸੰਗ, ਨਾਲ ।
੫ ਬਿਰਥਾ ਜਾ ਰਿਹਾ ਹੈ ।
੬ ਤੇਰੀ ਰਚਨਾ ਦੀ ਮਿਤ ਨਹੀਂ ਜਾਣੀ ਜਾਂਦੀ; ਰਾਜਾਸ੍ਰਮ=ਰਾਜ ਆਸ਼ਰਮ, ਰਾਜ ਮਹਿਲ । ਸੰਸਾਰ ਜੋ ਹਰੀ ਰਾਜੇ ਦਾ ਨਿਵਾਸ ਅਸਥਾਨ ਹੈ ।
੭ ਉਜੜ ।
੮ ਸੁੱਕੀ ਧਰਤੀ ।
੯ ਖੂਹ ।
੧੦ ਪਰਬਤ, ਪਹਾੜ ।
੧੧ ਚੜ੍ਹਾਂਦਾ ਹੈ, ਭਾਵ ਉੱਚਾ ਕਰਦਾ ਹੈ ।
੧੨ ਮਾੜਾ, ਮੂਰਖ ।
੧੩ ਮੂਰਖ ।
੧੪ ਨਾਰੀਆਂ ਤੋਂ ਹੀ ਪੁਰਸ਼ ਪੈਦਾ ਹੁੰਦੇ ਹਨ ਤੇ ਪੁਰਸ਼ਾਂ ਦੇ ਕਾਰਨ ਨਾਰੀਆਂ ਉਤਪੰਨ ਹੁੰਦੀਆਂ ਹਨ । ਦੇਖੋ ਪੰਨਾ ੮੭੯, ਨੋਟ ੬ ।
੧੫ ਦੇਖੋ ਪੰਨਾ ੧੧੬੩, ਨੋਟ ੨੪ ।
੧੬ ਠੱਗ ਬੂਟੀ ਜੋ ਧਨ ਲੁੱਟਣ ਲਈ ਡਾਕੂ ਲੋਕ ਰਾਹੀਆਂ ਨੂੰ ਖਵਾ ਕੇ ਬੇਹੋਸ਼ ਕਰ ਲੈਂਦੇ ਹਨ।
੧੭ ਮੱਛੀ ।
੧੮ ਕਾਲ ਰੂਪ ਜਾਲ ਦੀ ਉਸ ਨੂੰ ਸੋਝੀ ਨਹੀਂ ਹੁੰਦੀ।
੧੯ ਨਿਗਲਦੀ ਹੈ । ਜੀਭ ਦੇ ਸੁਆਦ ਕਰ ਕੇ (ਉਹ ਮੱਛੀ) ਨਿਗਲਦੀ ਹੈ ਲੋਹੇ ਨੂੰ (ਕੁੰਡੀ ਨੂੰ ਜੋ ਕਿਸੇ ਸੁਆਦੀ ਚੀਜ਼ ਨਾਲ ਲਪੇਟੀ ਹੁੰਦੀ ਹੈ) ।
੨੦ ਇਸੇ ਤਰ੍ਹਾਂ ਮਨੁੱਖ ਸੋਨੇ ਤੇ ਇਸਤਰੀ ਦੇ ਮੋਹ ਵਿੱਚ ਬੱਝਾ ਰਹਿੰਦਾ ਹੈ ।
੨੧ ਮਨੁੱਖ ਨੇ ਸ਼ਹਿਦ ਲੈ ਲਿਆ ਅਤੇ (ਮੱਖੀ ਦੇ) ਮੂੰਹ ਵਿੱਚ ਸੁਆਹ ਪਾਈ ਭਾਵ ਕੁਝ ਨਾ ਦਿੱਤਾ।
੨੨ ਦੁੱਧ ।
੨੩ ਗਵਾਲਾ ।
੨੪ ਉਦਮ, ਯਤਨ ।
੨੫ ਦਬਦਾ ਹੈ ਧਰਤੀ ਵਿੱਚ ।
੨੬ ਉਸ ਦੀ ਸ਼ਰਨ ਵਿੱਚ ।
੨੭ ਸ਼ਰਤ । ਹੇ ਹਰੀ ! ਮੇਰੇ ਨਾਲ ਸ਼ਰਤ ਲਾਵੋ। ਬੁਰਦ ਇਹ ਹੈ ਕਿ ਜੇ ਅਸੀਂ ਦਾਸ ਨਾ ਹੋਵੀਏ ਤਾਂ ਤੂੰ ਠਾਕਰ (ਮਾਲਕ) ਬਣ ਕੇ ਦੱਸ । ਲਾਡ ਨਾਲ ਇਹ ਕਹਿੰਦੇ ਹਨ । ਭਾਵ ਇਹ ਹੈ ਕਿ ਤੁਸੀਂ ਮੇਰੇ ਨਾਲੋਂ ਵੱਖਰੇ ਨਹੀਂ, ਮੇਰਾ ਤੁਹਾਡੇ ਨਾਲ ਖੇਲ ਮਿਥਿਆ ਗਿਆ ਹੈ । ਅਸੀਂ ਇਕੋ ਖੇਡ ਦੇ ਖਿਡਾਰੀ ਹਾਂ ।
੨੮ ਲਹਿਰ ।
੨੯ ਤੁਰ੍ਹੀ, ਸ਼ਹਨਾਈ ।
੩੦ ਘਟ ।
੩੧ ਜਿਸ ਦਾ ਪ੍ਰੇਮ ਹੋਰ ਨਾਲ ਨਾ ਹੋਵੇ । ਰੱਬ ਦੇ ਮੂੰਹ ਵਿੱਚ ਪਾ ਕੇ ਕਹਿੰਦੇ ਹਨ ਕਿ ਮੇਰੇ ਦਾਸ ਮੇਰਾ ਆਪਣਾ ਰੂਪ ਹਨ ।
੩੨ ਤ੍ਰੈ ਤਾਪ ਕੱਟੇ ਜਾਂਦੇ ਹਨ । ਦੇਖੋ ਪੰਨਾ ੧੧੨੩, ਨੋਟ ੪੦ ।
੩੩ ਛੋਹਣ ਨਾਲ ਗ੍ਰਿਹਸਤ ਰੂਪ ਖੂਹ ਤੋਂ ਆਜ਼ਾਦ ਹੋ ਜਾਈਦਾ ਹੈ ।
੩੪ ਰੱਬ ਕਹਿੰਦਾ ਹੈ ਕਿ ਮੇਰੀ ਬਧੀ ਨੂੰ ਭਗਤ ਛੁਡਾ ਸਕਦਾ ਹੈ ।
੩੫ ਜੇ ਇਕ ਮੌਕੇ 'ਤੇ ਮੈਨੂੰ ਫੜ ਕੇ ਬੰਨ੍ਹ ਲਵੇ ਤਾਂ ਮੈਂ ਉਜ਼ਰ ਨਹੀਂ ਕਰ ਸਕਦਾ ।

* ਹਰੀ ਦੀ ਅਮਿੱਤ ਵਡਿਆਈ ਦੱਸਦੇ ਹਨ ।
† ਮਾਇਆ-ਮੋਹ ਦਾ ਠੱਗਿਆ ਹੋਇਆ ਮਨੁੱਖ ਮੱਛੀ, ਮਖਿਆਰੀ, ਗਊ ਵਾਕੁਰ ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ ।
‡ ਪਰ ਜੇ ਮਨੁੱਖ ਆਪਣੇ ਮਾਲਕ ਹਰੀ ਨਾਲ ਮੋਹ ਪਾ ਲਵੇ ਤਾਂ ਰੱਬ ਉਸ ਦੇ ਸਾਰੇ ਕੰਮ ਪੂਰੇ ਕਰੇਗਾ।
§ ਹਰੀ ਦੇ ਮੂੰਹੋਂ ਭਗਤੀ ਦੀ ਵਡਿਆਈ ਦੱਸਦੇ ਹਨ ਕਿ ਹਰੀ ਆਪ ਭਗਤਾਂ ਦੇ ਪ੍ਰੇਮ ਦੇ ਵਸ ਹੁੰਦਾ ਹੈ।

ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ[੧] ॥੩॥ ਮਾਤ ਪਿਤਾ ਬਨਿਤਾ[੨] ਸੁਤ
ਸੰਪਤਿ[੩] ਅੰਤਿ ਨ ਚਲਤ ਸੰਗਾਤ[੪] ॥ ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ
[੫]ਅਕਾਰਥ ਜਾਤ ॥ ੪ ॥ ੧ ॥ *[੬]ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ
ਸੰਤਨ ਕੀ ਹਉ ਚੇਰੀ ॥ ੧ ॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ
ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋੁ ਊਜਰੁ[੭] ਊਜਰੁ ਹੋਇ ਸੁ ਬਸੈ ॥ ੧ ॥
ਜਲ ਤੇ ਥਲ[੮] ਕਰਿ ਥਲ ਤੇ ਕੂਆ[੯] ਕੂਪ ਤੇ ਮੇਰੁ[੧੦] ਕਰਾਵੈ ॥ ਧਰਤੀ
ਤੇ ਆਕਾਸਿ ਚਢਾਵੈ[੧੧] ਚਢੇ ਅਕਾਸਿ ਗਿਰਾਵੈ ॥ ੨ ॥ ਭੇਖਾਰੀ ਤੇ
ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ[੧੨] ਮੂਰਖ ਤੇ ਪੰਡਿਤੁ ਕਰਿਬੋ
ਪੰਡਿਤ ਤੇ ਮੁਗਧਾਰੀ[੧੩] ॥ ੩ ॥ [੧੪]ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ
ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥ ੪ ॥ ੨ ॥

ਸਾਰੰਗ ਬਾਣੀ ਨਾਮਦੇਉ[੧੫] ਜੀ ਕੀ ॥ ੴ ਸਤਿਗੁਰ ਪ੍ਰਸਾਦਿ ॥

†ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗਮੂਰੀ[੧੬] ਖਾਇ ॥੧॥
ਰਹਾਉ ॥ ਜੈਸੇ ਮੀਨੁ[੧੭] ਪਾਨੀ ਮਹਿ ਰਹੈ ॥ [੧੮]ਕਾਲ ਜਾਲ ਕੀ ਸੁਧਿ ਨਹੀ
ਲਹੈ ॥ ਜਿਹਬਾ ਸੁਆਦੀ ਲੀਲਿਤ[੧੯] ਲੋਹ ॥ [੨੦]ਐਸੇ ਕਨਿਕ ਕਾਮਨੀ ਬਾਧਿਓ
ਮੋਹ ॥ ੧ ॥ ਜਿਉ ਮਧੁ ਮਾਖੀ ਸੰਚੈ ਅਪਾਰ ॥ [੨੧]ਮਧੁ ਲੀਨੋ ਮੁਖਿ ਦੀਨੀ
ਛਾਰੁ ॥ ਗਊ ਬਾਛ ਕਉ ਸੰਚੈ ਖੀਰੁ[੨੨] ॥ ਗਲਾ ਬਾਂਧਿ ਦੁਹਿ ਲੇਇ ਅਹੀਰੁ[੨੩] ॥
੨ ॥ ਮਾਇਆ ਕਾਰਨਿ ਸ੍ਰਮੁ[੨੪] ਅਤਿ ਕਰੈ ॥ ਸੋ ਮਾਇਆ ਲੈ [੨੫]ਗਾਡੈ ਧਰੈ ॥
ਅਤਿ ਸੰਚੈ ਸਮਝੈ ਨਹੀ ਮੂੜ੍ ॥ ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥ ਕਹਤ
ਨਾਮਦੇਉ [੨੬]ਤਾ ਚੀ ਆਣਿ ॥ ਨਿਰਭੈ ਹੋਇ ਭਜੀਐ ਭਗਵਾਨ ॥ ੪ ॥ ੧ ॥
‡ਬਦਹੁ ਕੀ ਨ ਹੋਡ[੨੭] ਮਾਧਉ ਮੋ ਸਿਉ ॥ ਠਾਕੁਰ ਤੇ ਜਨੁ ਜਨ ਤੇ ਠਾਕੁਰੁ
ਖੇਲੁ ਪਰਿਓ ਹੈ ਤੋ ਸਿਉ ॥ ੧ ॥ ਰਹਾਉ ॥ ਆਪਨ ਦੇਉ ਦੇਹੁਰਾ ਆਪਨ
ਆਪ ਲਗਾਵੈ ਪੂਜਾ ॥ ਜਲ ਤੇ ਤਰੰਗ[੨੮] ਤਰੰਗ ਤੇ ਹੈ ਜਲੁ ਕਹਨ ਸੁਨਨ
ਕਉ ਦੂਜਾ ॥ ੧ ॥ ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ[੨੯] ॥
ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ[੩੦] ਤੂ ਪੂਰਾ ॥ ੨ ॥ ੨ ॥ §ਦਾਸ
ਅਨਿੰਨ[੩੧] ਮੇਰੋ ਨਿਜ ਰੂਪ ॥ ਦਰਸਨ ਨਿਮਖ [੩੨]ਤਾਪ ਤ੍ਰਈ ਮੋਚਨ [੩੩]ਪਰਸਤ
ਮੁਕਤਿ ਕਰਤ ਗ੍ਰਿਹ ਕੂਪ ॥ ੧ ॥ ਰਹਾਉ ॥ [੩੪]ਮੇਰੀ ਬਾਂਧੀ ਭਗਤੁ ਛਡਾਵੈ
ਬਾਂਧੈ ਭਗਤੁ ਨ ਛੂਟੈ ਮੋਹਿ ॥ [੩੫]ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ

੧ [ਅ.] ਦਲੀਲ, ਸ਼ੰਕਾ ।
੨ ਗੁਰੂ ਦਾ ਅਨੁਸਾਰੀ ਹੋਣ ਨਾਲ ।
੩ ਜੋਤ ਦੀ ਦਾਤ ਤੇ ਸਾਰੀ ਸੁੰਦਰਤਾ ਤੇਰੀ ਹੈ ।
੪ ਚਤੁਰਾਈ ।
੫ ਆਵਣ ਜਾਣ, ਜਨਮ ਮਰਨ ।
੬ ਆਸਰਾ ।
੭ ਪੂਰੇ ਗੁਰੂ ਨੇ । ਦੇਖੋ ਨੇਮ ੨੦ (ੳ) ।
੮ ਬਹੁਤ ।
੯ ਭੰਨ ਕੇ ਤਾਰ ਦੇ ।
੧੦ ਦੇਖੋ ਨੇਮ ੨੦ (ੳ) ।
੧੧ ਠੰਢੀ ।
੧੨ ਸਾਰੇ ਦੁੱਖ ਦੂਰ ਕਰੋ ।
੧੩ ਹਰੀ ਦਾ ਘਰ ਫਲ ਦੇਣ ਵਾਲਾ ਹੈ ।
੧੪ ਸੋਹਣੇ ਬੱਦਲ ਵਰ੍ਹ ਪਏ ।
੧੫ ਬਹੁਤਾ ।
੧੬ ਅਪਹੁੰਚ ਤੇ ਬੇਅੰਤ ਹਰੀ ਨੂੰ ਸਿਮਰਦਿਆਂ ।
੧੭ ਖੁਸ਼ ਹੋਇਆ ।
੧੮ ਨਥੀ ਹੋਈ ਹੈ । ਦੇਖੋ ਪੰਨਾ ੬, ਫੁਟ ਨੋਟ †।
੧੯ ਹੁਕਮ ਦੇ ਅਨੁਸਾਰ ।
੨੦ ਅਸਲ ਨਾਲ ਮੇਲ ਕੇ ਸੋਧੀ ਹੋਈ ਠੀਕ ਹੈ । ਦੇਖੋ ਪੰਨਾ ੯੧, ਫੁਟ ਨੋਟ ੦ ।
੨੧ ਦੇਖੋ ਪੰਨਾ ੧੧੨੩, ਨੋਟ ੮ ।
੨੨ ਹੇ ਮਨੁੱਖ ! ਕੀ ਥੋੜ੍ਹੀ ਜਹੀ ਗੱਲ ਪਿੱਛੇ ਹੰਕਾਰ ਕਰਦਾ ਹੈਂ ?
੨੩ ਦਸ ਮਣ ਅਨਾਜ ਤੇ ਚਾਰ ਟਕੇ ਪੱਲੇ ਹੋਣ ਕਰ ਕੇ ਇੰਨਾ ਆਕੜਿਆ ਫਿਰਦਾ ਹੈਂ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਚਾਰਿ' ਦੀ ਥਾਂ 'ਚਰਿ' ਅਤੇ 'ਗਾਂਠੀ' ਦੀ ਥਾਂ 'ਗਾਠੀ' ਹੈ)।
੨੪ ਗਰਾਉਂ, ਪਿੰਡ । ਜੇ ਏਦੂੰ ਵਧੇਰੇ ਵਡਿਆਈ ਮਿਲੀ ਤਾਂ ਏਹੋ ਕਿ ਸਉ ਪਿੰਡ ਜਾਂ ਦੋ ਲੱਖ ਟਕੇ ਦੀ ਜਗੀਰ ਮਿਲ ਗਈ ।
੨੫ [ਅ.] ਸ਼ਾਹੀ ਸਨਦ ਜਗੀਰ ।
੨੬ ਦਿਨ ।
੨੭ ਜੰਗਲ ਦੇ ਹਰੇ ਪੱਤੇ ।
੨੮ ਬਹੁਤੇ । ੨੯ ਰਾਜੇ ।
੩੦ ਤੁਰ ਗਏ ।
੩੧ ਕਾਇਮ ।
੩੨ ਜਪਦੇ ।

* ਸ਼ਲੋਕ : ਹਰੀ ਨੇ ਅਰਦਾਸ ਸੁਣ ਕੇ ਮਿਹਰ ਕੀਤੀ ਤੇ ਮੇਲ ਦੀ ਦਾਤ ਦਿੱਤੀ । ਪਉੜੀ : ਇਹ ਮੇਲ ਗੁਰ-ਸ਼ਬਦ ਦੇ ਰਾਹੀਂ ਹੋਇਆ, ਪਰ ਕਰਾਇਆ ਉਸ ਨੇ ਆਪ ਹੀ ਹੈ ।

† ਧਨ-ਦੌਲਤ ਜਾਂ ਸੰਬੰਧੀਆਂ ਉਤੇ ਗਰਬ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਚੀਜ਼ਾਂ ਥੋੜ੍ਹਾ ਚਿਰ ਰਹਿੰਦੀਆਂ ਹਨ, ਨਾਲ ਨਿਭਣ ਵਾਲੀ ਵਡਿਆਈ ਹਰੀ ਨਾਮ ਦੀ ਹੈ ।

ਨ ਚਲਈ ਨ ਹੁਜਤਿ[1] ਕਰਣੀ ਜਾਇ ॥ ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ ॥ ਗੁਰਮੁਖਿ[2] ਜਮ ਡੰਡੁ ਨ ਲਗਈ ਹਉਮੈ ਵਿਚਹੁ ਜਾਇ ॥ ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥ ੧ ॥ ਮਃ ੩ ॥ [3]ਦਾਤਿ ਜੋਤਿ ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ[4] ਹਉਮੈ ਮੇਰੀ ॥ ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ[5] ॥ ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥ ੨ ॥ ਪਉੜੀ ਮਃ ੫ ॥ ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ[6] ॥ [7]ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥ ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥ ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥ ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥ ੩੫ ॥ ਸਲੋਕ ਮਃ ੫* ॥ ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥ ਅੰਨੁ ਪਾਣੀ ਮੁਚੁ[8] ਉਪਾਇ ਦੁਖ ਦਾਲਦੁ [9]ਭੰਨਿ ਤਰੁ ॥ ਅਰਦਾਸਿ ਸੁਣੀ ਦਾਤਾਰਿ[10] ਹੋਈ ਸਿਸਟਿ ਠਰੁ[11] ॥ ਲੇਵਹੁ ਕੰਠਿ ਲਗਾਇ [12]ਅਪਦਾ ਸਭ ਹਰੁ ॥ ਨਾਨਕ ਨਾਮੁ ਧਿਆਇ [13]ਪ੍ਰਭ ਕਾ ਸਫਲੁ ਘਰੁ ॥ ੧ ॥ ਮਃ ੫ ॥ [14]ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ[10] ॥ ਰਿਜਕੁ ਉਪਾਇਓਨੁ ਅਗਲਾ[15] ਠਾਂਢਿ ਪਈ ਸੰਸਾਰਿ ॥ ਤਨੁ ਮਨੁ ਹਰਿਆ ਹੋਇਆ [16]ਸਿਮਰਤ ਅਗਮ ਅਪਾਰ ॥ ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ ॥ ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ ॥ ੨ ॥ ਪਉੜੀ ॥ ਵਡਾ ਆਪਿ ਅਗੰਮੁ ਹੈ ਵਡੀ ਵਡਿਆਈ ॥ ਗੁਰ ਸਬਦੀ ਵੇਖਿ ਵਿਗਸਿਆ[17] ਅੰਤਰਿ ਸਾਂਤਿ ਆਈ ॥ ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥ ਆਪਿ ਨਾਥੁ ਸਭ ਨਥੀਅਨੁ[18] ਸਭ ਹੁਕਮਿ ਚਲਾਈ ॥ ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ[19] ॥ ੩੬ ॥ ੧ ॥ ਸੁਧੁ[20] ॥

ਰਾਗੁ ਸਾਰੰਗ ਬਾਣੀ ਭਗਤਾਂ ਕੀ ॥ ਕਬੀਰ ਜੀ[21] ॥ ੧ੴ ਸਤਿਗੁਰ ਪ੍ਰਸਾਦਿ ॥ †[22]ਕਹਾ ਨਰ ਗਰਬਸਿ ਥੋਰੀ ਬਾਤ ॥ [23]ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥ ੧ ॥ ਰਹਾਉ ॥ ਬਹੁਤੁ ਪ੍ਰਤਾਪੁ ਗਾਂਉ[24] ਸਉ ਪਾਏ ਦੁਇ ਲਖ ਟਕਾ ਬਰਾਤ[25] ॥ ਦਿਵਸ[26] ਚਾਰਿ ਕੀ ਕਰਹੁ ਸਾਹਿਬੀ ਜੈਸੇ [27]ਬਨ ਹਰ ਪਾਤ ॥ ੧ ॥ ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥ ਰਾਵਨ ਹੂੰ ਤੇ ਅਧਿਕ[28] ਛਤ੍ਰਪਤਿ[29] ਖਿਨ ਮਹਿ ਗਏ ਬਿਲਾਤ[30] ॥ ੨ ॥ ਹਰਿ ਕੇ ਸੰਤ ਸਦਾ ਥਿਰੁ[31] ਪੂਜਹੁ ਜੋ ਹਰਿ ਨਾਮੁ ਜਪਾਤ[32] ॥ ਜਿਨ ਕਉ ਕ੍ਰਿਪਾ

੧ ਸ਼ਬਦ ਨੂੰ ਸਲਾਹਣਾ ਹੀ ਰਸ ਕਸ ਦਾ ਖਾਣਾ ਸਮਝੀਏ ਤਾਂ ਹਰੀ ਆਪੇ ਮਿਲਾ ਲੈਂਦਾ ਹੈ ।
੨ ਸ਼ਬਦ ਹੀ ਜ਼ਿੰਦਗੀ ਹੈ ।
੩ ਭੇਖਾਂ ਵਾਲੇ ।
੪ ਮਿਹਰ ਦੁਆਰਾ ।
੫ ਭਾਗਾਂ ਕਰ ਕੇ ।
੬ ਮੰਦਾ ਵਿਸ਼ਿਆਂ ਵਾਲਾ ਮੋਹ ਵਧਾਉਂਦੇ ਰਹਿੰਦੇ ਹਨ।
੭ ਕਿਵੇਂ ? ਕਿਸ ਤਰ੍ਹਾਂ ?
੮ ਸਰੀਰ, ਜ਼ਿੰਦਗੀ । ਸਾਰੀ ਜ਼ਿੰਦਗੀ ਸਦਾ ਸਲਾਮਤ ਹੋ ਜਾਂਦੀ ਹੈ, ਜੇਕਰ ਪੂਰੇ ਗੁਰੂ ਦੀ ਸੇਵਾ ਕਰੀਏ ।
੯ ਗੁਰੂ ਦੇ ਰਾਹੀਂ ।
੧੦ ਰਤਾ । ਇਹ ਉੱਕਾ ਨਹੀਂ ਪੁੱਜਦਾ ਕਿ ਉਹ ਵਿਸਰੇ (ਇਹੋ ਸ਼ਲੋਕ ਪੰਨਾ ੧੦੯੭ ਉਤੇ ਵਾਰ ਮਾਰੂ ਡਖਣੇ ਵਿੱਚ ਮ: ੫ ਦਾ ਕਰ ਕੇ ਦਿੱਤਾ ਹੈ) ।
੧੧ ਰੁਸੀਏ ।
੧੨ ਚਿੰਤਾ, ਫ਼ਿਕਰ ।
੧੩ ਇਕ-ਰਸ ਵਸਣ ਵਾਲਾ ਸਾਵਣ (ਨਾਮ ਜਪਣ ਦੀ ਠੰਢੀ ਅਵਸਥਾ) ।
੧੪ ਝੋਰਾ ।
੧੫ ਵਸਿਆ ।
੧੬ ਮੂਸਲਾਧਾਰ ।
੧੭ ਹਿਰਦਾ ਰੂਪ ।
੧੮ ਗੁਣ ਰੂਪ ਅੰਨ ।
੧੯ [ਸੰ. ਬਲਜ] ਅਨਾਜ ਦਾ ਢੇਰ ।
੨੦ ਕਬੂਲ ਕਰਦਾ ਹੈ ।
੨੧ ਹਰੀ ਦੀ ਸਿਫਤ ਸਲਾਹ ਵਿੱਚ ਅਨੰਦ ਹੈ ।
੨੨ ਰਜਦਾ ਹੈ ।
੨੩ ਪਿਆਰ ਨਾਲ ।
੨੪ ਵਧਦੀ ਰਹਿੰਦੀ ਹੈ ।
੨੫ ਤਰੁਠ ਕੇ, ਕ੍ਰਿਪਾਲੂ ਹੋ ਕੇ ।
੨੬ ਦਿਲ ਵਿੱਚ ਖੁਸ਼ੀ ਪੈਦਾ ਹੁੰਦੀ ਹੈ ।
੨੭ ਪੂਰਨ ਗਿਆਨ ਵਿੱਚ ਹੋ ਕੇ ।
੨੮ ਸੁਆਹ ।
੨੯ ਹੁਕਮ ।

* **ਸ਼ਲੋਕ** : ਪਰ ਜੇ ਗੁਰੂ ਦੇ ਅਨੁਸਾਰੀ ਹੋ ਕੇ ਨਾਮ ਦੀ ਪ੍ਰਾਪਤੀ ਕਰੀਏ ਤਾਂ ਸਭ ਤਰ੍ਹਾਂ ਦਾ ਮੋਹ, ਤ੍ਰਿਸ਼ਨਾ ਦੂਰ ਹੋ ਕੇ ਇਨ੍ਹਾਂ ਤੋਂ ਪੈਦਾ ਹੋਏ ਦੁੱਖਾਂ ਰੋਗਾਂ ਤੋਂ ਭੀ ਛੁਟਕਾਰਾ ਮਿਲ ਜਾਂਦਾ ਹੈ (੧) । ਜ਼ਿੰਦਗੀ ਦੀ ਅਸਲ ਰੂਹ ਸ਼ਬਦ ਹੈ । ਇਸ ਤੋਂ ਬਿਨਾਂ ਭਰਮ ਤੇ ਅਗਿਆਨਤਾ ਦਾ ਹਨੇਰਾ ਬਣਿਆ ਰਹਿੰਦਾ ਹੈ, ਜਿਸ ਵਿੱਚ ਬੜੇ-ਬੜੇ ਵਿਦਵਾਨ ਤੇ ਸਾਧ ਲੋਕ ਪਏ ਰਹਿੰਦੇ ਹਨ । ਛੁਟਕਾਰਾ ਗੁਰ-ਸ਼ਬਦ ਹੀ ਦੇ ਸਕਦਾ ਹੈ (੨) । **ਪਉੜੀ** : ਗੁਰੂ ਤੋਂ ਬਿਨਾਂ ਸਭ ਤਰ੍ਹਾਂ ਦੇ ਮੋਹ, ਪਿਆਰ ਜ਼ਿੰਦਗੀ ਨੂੰ ਅਸਥਿਰ ਬਣਾਂਦੇ ਹਨ । ਸਥਿਰਤਾ ਗੁਰੂ ਦੇ ਰਾਹੀਂ ਪ੍ਰਾਪਤ ਕੀਤੇ ਨਾਮ ਤੋਂ ਹੈ ।

† **ਸ਼ਲੋਕ** : ਮਾਇਆ ਮੋਹ ਕਰ ਕੇ ਬੁੱਧ ਮਾਰੀ ਜਾਂਦੀ ਹੈ ਅਤੇ ਗੁਰੂ ਦਾ ਖਿਆਲ ਹੀ ਨਹੀਂ ਰਹਿੰਦਾ ਅਤੇ ਨਾ ਹੀ ਸੱਚੇ ਹਰੀ ਨਾਲ ਪਿਆਰ ਪੈ ਸਕਦਾ ਹੈ । ਇਹ ਤਾਂ ਹਰੀ ਦੀ ਆਪਣੀ ਮਿਹਰ ਦੇ ਸਦਕੇ ਪ੍ਰਾਪਤ ਕੀਤੇ ਸ਼ਬਦ ਤੋਂ ਮਿਲਦਾ ਹੈ (੧) । ਹਰੀ ਨਾਲ ਵਿਗਾੜਨਾ ਠੀਕ ਨਹੀਂ (੨) । ਹਰੀ ਦੇ ਸਿਮਰਨ ਨਾਲ ਸੁਖ ਮਿਲਦਾ ਹੈ (੩) । **ਪਉੜੀ** : ਹਰੀ ਦਾ ਸਿਮਰਨ ਗੁਰੂ ਦੀ ਦਾਤ ਹੈ, ਜਿਸ ਨਾਲ ਪੂਰਨ ਗਿਆਨ ਹੋ ਕੇ ਹਰੀ ਨਾਲ ਲਿਵ ਜਾ ਲਗਦੀ ਹੈ ।

‡ **ਸ਼ਲੋਕ** : ਹਰੀ ਦੇ ਅੱਗੇ ਕੋਈ ਚਲਾਕੀ ਨਹੀਂ ਚਲਦੀ । ਉਸ ਅੱਗੇ ਨਿਵਣਾ ਹੀ ਬਣਦਾ ਹੈ ਅਸੀਂ ਕਿਸੇ ਗੱਲ ਦੇ ਸਮਰੱਥ ਨਹੀਂ । ਸਭ ਦਾਤ ਹਰੀ ਆਪਣੀ ਮਿਹਰ ਤੋਂ ਕਰਦਾ ਹੈ । **ਪਉੜੀ** : ਇਹ ਹਰੀ ਗੁਰੂ ਦੇ ਰਾਹੀਂ ਮਿਲਦਾ ਹੈ ।

ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੂਖੁ ਪਾਇਆ ॥ ੩੨ ॥ ਸਲੋਕ ਮਃ ੩* ॥ ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥ ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥ ਬਿਨੁ ਨਾਵੈ ਜਿ ਹੋਰੁ ਖਾਣਾ ਤਿਤੁ ਰੋਗੁ ਲਗੈ ਤਨਿ ਧਾਇ ॥ ਨਾਨਕ [੧]ਰਸ ਕਸ ਸਬਦੁ ਸਲਾਹਣਾ ਆਪੇ ਲਏ ਮਿਲਾਇ ॥ ੧ ॥ ਮਃ ੩ ॥ ਜੀਆ ਅੰਦਰਿ [੨]ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥ ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ ॥ ਪੰਡਿਤ ਮੋਨੀ ਪੜਿ ਪੜਿ ਥਕੇ ਭੇਖ[੩] ਥਕੇ ਤਨੁ ਧੋਇ ॥ ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥ ਨਾਨਕ ਨਦਰੀ[੪] ਪਾਈਐ ਕਰਮਿ[੫] ਪਰਾਪਤਿ ਹੋਇ ॥ ੨ ॥ ਪਉੜੀ ॥ ਇਸਤ੍ਰੀ ਪੁਰਖੈ ਅਤਿ ਨੇਹੁ ਬਹਿ [੬]ਮੰਦੁ ਪਕਾਇਆ ॥ ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥ ਕਿਉ[੭] ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥ ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ[੮] ਸਬਾਇਆ ॥ ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥ ੩੩ ॥ ਸਲੋਕ ਮਃ ੩† ॥ ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥ ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥ ਗੁਰਮੁਖਿ[੯] ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥ ੧ ॥ ਮਃ ੪ ॥ ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ[੧੦] ॥ ਤਿਸੁ ਸਿਉ ਕਿਉ ਮਨ ਰੂਸੀਐ[੧੧] ਜਿਸਹਿ ਹਮਾਰੀ ਚਿੰਦ[੧੨] ॥ ੨ ॥ ਮਃ ੪ ॥ ਸਾਵਣੁ ਆਇਆ [੧੩]ਝਿਮ ਝਿਮਾ ਹਰਿ ਗੁਰਮੁਖਿ ਨਾਮੁ ਧਿਆਇ ॥ ਦੁਖ ਭੁਖ ਕਾੜਾ[੧੪] ਸਭੁ ਚੁਕਾਇਸੀ ਮੀਹੁ ਵੁਠਾ[੧੫] ਛਹਬਰ[੧੬] ਲਾਇ ॥ ਸਭ ਧਰਤਿ[੧੭] ਭਈ ਹਰੀਆਵਲੀ ਅੰਨੁ[੧੮] ਜੰਮਿਆ ਬੋਹਲ[੧੯] ਲਾਇ ॥ ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ ਹਰਿ ਆਪੇ [੨੦]ਪਾਵੈ ਥਾਇ ॥ ਹਰਿ ਤਿਸਹਿ ਧਿਆਵਹੁ ਸੰਤ ਜਨਹੁ ਜੁ ਅੰਤੇ ਲਏ ਛਡਾਇ ॥ [੨੧]ਹਰਿ ਕੀਰਤਿ ਭਗਤਿ ਅਨੰਦੁ ਹੈ ਸਦਾ ਸੁਖੁ ਵਸੈ ਮਨਿ ਆਇ ॥ ਜਿਨ੍ਹਾ ਗੁਰਮੁਖਿ ਨਾਮੁ ਅਰਾਧਿਆ ਤਿਨਾ ਦੁਖ ਭੁਖ ਲਹਿ ਜਾਇ ॥ ਜਨ ਨਾਨਕੁ ਤ੍ਰਿਪਤੈ[੨੨] ਗਾਇ ਗੁਣ ਹਰਿ ਦਰਸਨੁ ਦੇਹੁ ਸੁਭਾਇ[੨੩] ॥ ੩ ॥ ਪਉੜੀ ॥ ਗੁਰ ਪੂਰੇ ਕੀ ਦਾਤਿ ਨਿਤ ਦੇਵੈ [੨੪]ਚੜੈ ਸਵਾਈਆ ॥ ਤੁਸਿ[੨੫] ਦੇਵੈ ਆਪਿ ਦਇਆਲੁ ਨ ਛਪੈ ਛਪਾਈਆ ॥ [੨੬]ਹਿਰਦੈ ਕਵਲੁ ਪ੍ਰਗਾਸੁ ਉਨਮਨਿ[੨੭] ਲਿਵ ਲਾਈਆ ॥ ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ[੨੮] ਪਾਈਆ ॥ ਨਾਨਕ ਅਪੜਿ ਕੋਇ ਨ ਸਕਈ ਪੂਰੇ ਸਤਿਗੁਰ ਕੀ ਵਡਿਆਈਆ ॥ ੩੪ ॥ ਸਲੋਕ ਮਃ ੩ ‡ ॥ ਅਮਰੁ[੨੯] ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ

੧ ਝਗੜੇ ਬਿਆਨ ਕਰਦੇ ਹਨ ।
੨ ਸੁਆਦ ਵਿੱਚ । ਮਾਇਆ-ਮੋਹ ਦੇ ਸੁਆਦ ਵਿੱਚ ।
੩ ਇਕ ਹਰੀ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿੱਚ ।
੪ ਉਸ ਨੂੰ ਨਹੀਂ ਸੇਂਵਦੇ ।
੫ ਅਪੜਾ (ਦਿੰਦਾ) ਹੈ ।
੬ ਪਹਿਲੋਂ ਦਾ, ਧੁਰ ਹਜ਼ੂਰੋਂ ।
੭ ਹਰ ਰੋਜ਼, ਨਿੱਤ ।
੮ ਜੋ ਗੁਰੂ ਦੇ ਚਰਨੀਂ ਪੈਂਦੇ ਹਨ ।
੯ ਸੌਖੇ ਹੀ ।
੧੦ ਬਹੁਤਾ ।
੧੧ ਆਪ-ਹੁਦਰਿਆਂ ਨੇ ।
੧੨ ਗ੍ਰਿਹਸਤ ।
੧੩ ਧੁਰੋਂ, ਆਪਣੇ ਹਜ਼ੂਰੋਂ ।
੧੪ ਅਮਾਨਤ । ਜਦ ਗੁਰੂ ਰਾਮਦਾਸ ਜੀ ਨੂੰ ਗੱਦੀ ਦੇਂਦੇ ਹਨ, ਤਾਂ ਇਹ ਸ਼ਬਦ ਉਚਾਰਿਆ ।
੧੫ ਗੁਰੂ ਵਿੱਚ ।
੧੬ ਮੋਤੀ ।
੧੭ ਅੱਧੀ ਕੌਡੀ ਵੀ ।
੧੮ ਪਾਸੋਂ ।
੧੯ ਦੇਖੋ ਪੰਨਾ ੧੧੨੯, ਫੁਟ ਨੋਟ * ।
੨੦ ਠੰਢਾ ।
੨੧ ਹੰਕਾਰ ।
੨੨ ਆਪਣਾ ਆਪ ।
੨੩ ਪ੍ਰਸੰਨ ਹੋਏ । ੨੪ ਸਾਰੇ ।
੨੫ ਦੂਰ ਕੀਤੇ ।
੨੬ ਦਿਲ਼ ਵਿੱਚ ਧਾਰ ਕੇ ।
੨੭ [ਫ਼ਾ.] ਚੁਗਲੀ, ਨਿੰਦਾ ।
੨੮ ਇਸਤਰੀ ।
੨੯ ਖੁਸ਼ ਹੁੰਦਾ ਹੈ ।
੩੦ ਲਿਆ ਕੇ ਉਨ੍ਹਾਂ ਦੇ ਮੂੰਹ ਵਿੱਚ ਪਾਂਦਾ ਹੈ ।

* **ਸ਼ਲੋਕ** : ਮਾਇਆ ਮੋਹ ਵੱਡਿਆਂ-ਵੱਡਿਆਂ ਸਿਆਣਿਆਂ ਨੂੰ ਆਪ-ਹੁਦਰਾ ਬਣਾ ਕੇ ਨਿਕੰਮਾ ਕਰ ਸੁਟਦਾ ਹੈ । ਚੰਗੇ ਭਾਗ ਹੋਣ ਤਾਂ ਗੁਰੂ ਮਿਲਦਾ ਅਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ । **ਪਉੜੀ** : ਆਪ-ਹੁਦਰੇ ਲੋਕ ਸੰਸਾਰ ਦੇ ਲਾਲਚ ਦੀ ਆਸਾ ਵਿੱਚ ਰਹਿ ਕੇ ਦੁੱਖ ਪਾਂਦੇ ਹਨ ਤੇ ਹੁਕਮੀ ਬੰਦੇ ਸੰਸਾਰ ਦੇ ਕੰਮਾਂ ਵਿੱਚ ਵਿਚਰਦੇ ਆਸਾ ਵਿੱਚ ਬੰਧਾਇਮਾਨ ਨਹੀਂ ਹੁੰਦੇ ਅਤੇ ਅਲੇਪ ਰਹਿ ਕੇ ਹਰੀ ਨਾਲ ਜੁੜੇ ਰਹਿੰਦੇ ਹਨ ।

† **ਸ਼ਲੋਕ** : ਗੁਰਬਾਣੀ ਦੀ ਦਾਤ ਬਹੁਤ ਵੱਡੀ ਹੈ, ਇਸ ਨੂੰ ਸਤਿਗੁਰੂ ਹੀ ਝਲ ਸਕਦਾ ਹੈ । ਇਸ ਤੋਂ ਬਿਨਾਂ ਮਨੁੱਖ ਆਪਣੇ ਅੰਦਰ ਹਰੀ ਦਾ ਵਾਸਾ ਹੁੰਦਿਆਂ ਉਸ ਦੀ ਪਛਾਣ ਨਹੀਂ ਕਰ ਸਕਦਾ । ਹਰੀ ਦੀ ਮਿਹਰ ਹੋਵੇ ਤਾਂ ਗੁਰੂ ਤੇ ਉਸ ਦੀ ਬਾਣੀ ਮਿਲਦੀ ਹੈ । ਜਿਸ ਮਨੁੱਖ ਨੂੰ ਜਨਮ ਸੰਵਾਰਨ ਵਾਲੀ ਬਾਣੀ ਮਿਲ ਜਾਏ ਉਸ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ । **ਪਉੜੀ** : ਨਾਮ ਤੋਂ ਬਿਨਾਂ ਜ਼ਿੰਦਗੀ ਮੋਹ ਮਾਇਆ ਵਾਲੀ ਬਣੀ ਰਹਿੰਦੀ ਹੈ, ਜਿਸ ਨਾਲ ਵੈਰ-ਵਿਰੋਧ ਪੈਦਾ ਹੋ ਕੇ ਦੁੱਖ ਮਿਲਦਾ ਰਹਿੰਦਾ ਹੈ ।

ਸਲੋਕ ਮਃ ੩* ॥ ਪੜਿ ਪੜਿ ਪੰਡਿਤ[੧] ਵਾਦੁ ਵਖਾਣਦੇ ਮਾਇਆ ਮੋਹ ਸੁਆਇ[੨] ॥ [੩]ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ ਜਿਨਿ੍ ਕੀਤੇ [੪]ਤਿਸੈ ਨ ਸੇਵਨ੍ੀ ਦੇਦਾ ਰਿਜਕੁ ਸਮਾਇ[੫] ॥ ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥ ਜਿਨ ਕਉ ਪੂਰਬਿ[੬] ਲਿਖਿਆ ਸਤਿਗੁਰੁ ਮਿਲਿਆ ਤਿਨ ਆਇ ॥ ਅਨਦਿਨੁ[੭] ਨਾਮੁ ਧਿਆਇਦੇ ਨਾਨਕ ਸਚਿ ਸਮਾਇ ॥ ੧ ॥ ਮਃ ੩ ॥ ਸਚੁ ਵਣਜਹਿ ਸਚੁ ਸੇਵਦੇ [੮]ਜਿ ਗੁਰਮੁਖਿ ਪੈਰੀ ਪਾਹਿ ॥ ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ[੯] ਸਚਿ ਸਮਾਹਿ ॥ ੨ ॥ ਪਉੜੀ ॥ ਆਸਾ ਵਿਚਿ ਅਤਿ ਦੁਖੁ ਘਣਾ[੧੦] ਮਨਮੁਖਿ[੧੧] ਚਿਤੁ ਲਾਇਆ ॥ ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥ ਵਿਚੇ ਗਿਰਹ[੧੨] ਉਦਾਸ ਅਲਿਪਤ ਲਿਵ ਲਾਇਆ ॥ ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥ ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ[੧੩] ਲਏ ਮਿਲਾਇਆ ॥ ੩੧ ॥ ਸਲੋਕ ਮਃ ੩† ॥ ਪਰਾਈ ਅਮਾਣ[੧੪] ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥ ਗੁਰ ਕਾ ਸਬਦੁ [੧੫]ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥ ਅੰਨੇ੍ ਵਸਿ ਮਾਣਕੁ[੧੬] ਪਇਆ ਘਰਿ ਘਰਿ ਵੇਚਣ ਜਾਇ ॥ ਓਨਾ ਪਰਖ ਨ ਆਵਈ ਅਢੁ[੧੭] ਨ ਪਲੈ ਪਾਇ ॥ ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ[੧੮] ਲਇਓ ਪਰਖਾਇ ॥ ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ[੧੯] ਪਲੈ ਪਾਇ ॥ ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥ ਸਬਦੁ ਸੀਤਲੁ[੨੦] ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥ ਵਸਤੁ ਪਰਾਈ ਆਪਿ ਗਰਬੁ[੨੧] ਕਰੇ ਮੂਰਖੁ ਆਪੁ[੨੨] ਗਣਾਏ ॥ ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥ ੧ ॥ ਮਃ ੩ ॥ ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ[੨੩] ਸਜਣ ਸੰਤ ਪਿਆਰੇ ॥ ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ ਜਿ ਆਪਿ ਮੇਲੇ ਕਰਤਾਰੇ ॥ ਅੰਤਰਿ ਸਬਦੁ ਰਵਿਆ ਗੁਰੁ ਪਾਇਆ ਸਗਲੇ[੨੪] ਦੂਖ ਨਿਵਾਰੇ[੨੫] ॥ ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ [੨੬]ਉਰ ਧਾਰੇ ॥ ਮਨਮੁਖੁ ਤਿਨ ਕੀ ਬਖੀਲੀ[੨੭] ਕਿ ਕਰੇ ਜਿ ਸਚੈ ਸਬਦਿ ਸਵਾਰੇ ॥ ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ ॥ ਨਾਨਕ ਗੁਰਮੁਖਿ ਸੇ ਸੁਹੇਲੇ ਭਏ ਮੁਖ ਊਜਲ ਦਰਬਾਰੇ ॥ ੨ ॥ ਪਉੜੀ ॥ ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ ॥ ਪੁਤ੍ਰੁ ਕਲਤ੍ਰੁ[੨੮] ਨਿਤ ਵੇਖੈ ਵਿਗਸੈ[੨੯] ਮੋਹਿ ਮਾਇਆ ॥ ਦੇਸਿ ਪਰਦੇਸਿ ਧਨੁ ਚੋਰਾਇ [੩੦]ਆਣਿ ਮੁਹਿ ਪਾਇਆ ॥ ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ ॥ ਨਾਨਕ ਵਿਣੁ

੧ ਨਦੀ, ਸੰਸਾਰ-ਸਾਗਰ ।
੨ ਬਚ ਗਏ ।
੩ ਠਗਮੂਰੀ । ਦੇਖੋ ਪੰਨਾ ੧੨੧੩, ਨੋਟ ੧੫ ।
੪ ਹਰੀ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿੱਚ।
੫ ਕਿਰਪਾ ਨਾਲ ।
੬ ਹਰ ਰੋਜ਼, ਨਿਤ ।
੭ ਮਾਇਆ ਮੋਹ ਦੁਆਰਾ ਹਰੀ ਦੇ ਨਾਮ, ਸੱਚ ਤੇ ਮੌਤ ਨੂੰ ਵਿਸਾਰਿਆ ਹੈ ।
੮ ਸਹਾਰਦਾ ਹੈ ।
੯ ਕਰਮ । ਜਿਸ ਦੇ ਭਾਗਾਂ ਵਿੱਚ ਪਹਿਲਾਂ ਤੋਂ ਹੀ ਐਸਾ ਕਰਨਾ ਲਿਖਿਆ ਹੈ ।
੧੦ ਡੰਨ ਦੀ ਥਾਂ ਜਮ ਕਾਲ ਭੇਟਾ ਦਿੰਦਾ ਹੈ, ਭਾਵ ਆਦਰ ਕਰਦਾ ਹੈ ।
੧੧ ਹਰੀ-ਮਹਲ ।
੧੨ ਜਗਤ ਵਿੱਚ ।
੧੩ ਦੇਖੋ ਪੰਨਾ ੧੧੩੭, ਨੋਟ ੨੧ ।
੧੪ ਸ੍ਰੇਸ਼ਟ ਸੁਖ ।
੧੫ 'ਸਚੁ ਪੁਰਾਣਾ ਹੋਵੈ ਨਾਹੀ' -ਮ: ੧, ਵਾਰ ਰਾਮਕਲੀ ਮ: ੩, ਪੰਨਾ ੯੫੫ ।
੧੬ ਮੁੜ ।
੧੭ ਦੋਵੇਂ ਮਰਨ ਜੀਵਨ ਬਣੇ ਰਹਿੰਦੇ ਹਨ ।
੧੮ ਮੰਗਤਾ ਆਦਮੀ ।
੧੯ ਪ੍ਰੇਮ ਨਾਲ ।
੨੦ ਦਰਸ਼ਨ ਨਾਲ ਹੀ ਰਜੇਵਾਂ ਹੁੰਦਾ ਹੈ ।
੨੧ ਗੁਰੂ ਦੁਆਰਾ ।
੨੨ ਬਖਸ਼ਿਸ਼ ਦੁਆਰਾ ਭਾਗਾਂ ਵਿੱਚ ਹੁੰਦਾ ਹੈ ।
੨੩ ਠੱਗੀ ।
੨੪ ਚੁਰਾ ਕੇ ਆਂਦੀ ।
੨੫ ਸੁਆਸ ਗਿਣਦਾ ਹੈ ।
੨੬ ਉਮਰ ਘਟਦੀ ਹੈ ਪਰੇਤ ਰੂਪ ਮਨੁੱਖ ਦੀ ।

* **ਸ਼ਲੋਕ** : ਗੁਰੂ ਦੇ ਮੰਨਣ ਤੋਂ ਬਿਨਾਂ ਮਾਇਆ ਮੋਹ ਤੇ ਦ੍ਵੈਤ ਭਾਵ ਬਣਿਆ ਰਹਿੰਦਾ ਹੈ । ਮਾਇਆ ਮੋਹ ਕਰ ਕੇ ਹਰੀ ਨਾਮ ਤੇ ਸੱਚ ਆਦਿ ਗੁਣ ਪ੍ਰਾਪਤ ਨਹੀਂ ਹੁੰਦੇ ਅਤੇ ਜਨਮ ਧੰਧੇ ਪਿਟਣ ਵਿੱਚ ਵਿਅਰਥ ਪਿਆ ਲੰਘਦਾ ਹੈ । **ਪਉੜੀ** : ਜੇ ਗੁਰੂ ਦੇ ਰਾਹੀਂ ਨਾਮ ਦੀ ਕਮਾਈ ਕਰੀਏ, ਤਾਂ ਮੌਤ ਦਾ ਡਰ ਦੂਰ ਹੋ ਕੇ ਹਰ ਤਰ੍ਹਾਂ ਦਾ ਸੁਖ ਮਿਲਦਾ ਹੈ ।

† **ਸ਼ਲੋਕ** : ਗੁਰੂ ਦੇ ਹੁਕਮ ਅਨੁਸਾਰ ਜੀਵਨ ਬਣਾਈਏ ਤਾਂ ਹੀ ਸੁਖ ਹੁੰਦਾ ਹੈ । ਸੱਚ ਤੇ ਨਾਮ ਦੀ ਪ੍ਰਾਪਤੀ ਹੋ ਕੇ ਜਨਮ ਮਰਨ ਕੱਟਣ ਹੁੰਦਾ ਹੈ । **ਪਉੜੀ** : ਅਸਾਂ ਹਰੀ ਦਰਸ਼ਨ ਦੀ ਤਾਂਘ ਕੀਤੀ ਤਾਂ ਗੁਰੂ ਨੇ ਹਰੀ ਨਾਲ ਹੀ ਦਿਖਾ ਦਿੱਤਾ ।

‡ **ਸ਼ਲੋਕ** : ਜੋ ਗੁਰੂ ਦੀ ਮੰਨ ਕੇ ਨਹੀਂ ਚਲਦੇ, ਉਹ ਵਿਕਾਰਾਂ ਵਿੱਚ ਪਏ ਹੋਏ ਜਨਮ ਵਿਅਰਥ ਗੁਆਂਦੇ ਹਨ । ਗੁਰੂ ਦੀ ਮੰਨ ਕੇ ਭੀ ਓਹੀ ਚਲਦੇ ਹਨ, ਜਿਨ੍ਹਾਂ ਉੱਤੇ ਹਰੀ ਦੀ ਕਿਰਪਾ ਹੋਵੇ । **ਪਉੜੀ**: ਲੋਕੀਂ ਸੰਸਾਰੀ ਜੀਵਨ ਨੂੰ ਬਹੁਤ ਕੁਝ ਮੰਨ ਕੇ ਬੜੇ-ਬੜੇ ਪਸਾਰੇ ਰਚ ਲੈਂਦੇ ਹਨ, ਜਿਨ੍ਹਾਂ ਨੂੰ ਕਾਇਮ ਰੱਖਣ ਲਈ ਠੱਗੀਆਂ ਕਰਨੀਆਂ ਪੈਂਦੀਆਂ ਹਨ । ਬਚਾਉ ਕੇਵਲ ਹਰੀ ਗੁਰੂ ਦੀ ਸ਼ਰਨ ਲੈਣ ਵਿੱਚ ਹੈ ।

ਕਿਉ ਤਰੀਐ ਤਾਰੀ[੧] ॥ ਨਾਨਕ ਗੁਰਿ ਰਾਖੇ ਸੇ ਉਬਰੇ[੨] ਹਰਿ ਨਾਮਿ ਉਧਾਰੀ ॥ ੨੭ ॥ ਸਲੋਕ ਮਃ ੩* ॥ ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ ਮੋਹ ਠਗਉਲੀ[੩] ਪਾਈਅਨੁ ਬਹੁ [੪]ਦੂਜੈ ਭਾਇ ਵਿਕਾਰ ॥ ਇਕਿ ਗੁਰ ਪਰਸਾਦੀ[੫] ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥ ਨਾਨਕ ਅਨਦਿਨੁ[੬] ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥ ੧ ॥ ਮਃ ੩ ॥ [੭]ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥ ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ[੮] ॥ ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ ਪੂਰਬਿ ਲਿਖਿਆ ਕਰਾਮੁ[੯] ॥ ੨ ॥ ਪਉੜੀ ॥ ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥ ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥ [੧੦]ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥ ਪੂਰੇ ਗੁਰ ਤੇ ਮਹਲੁ[੧੧] ਪਾਇਆ ਪਤਿ ਪਰਗਟੁ ਲੋਈ[੧੨] ॥ ਨਾਨਕ [੧੩]ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥ ੨੮ ॥ ਸਲੋਕ ਮਃ ੩† ॥ ਗੁਰ ਕਾ ਕਹਿਆ ਜੇ ਕਰੇ ਸੁਖੀ ਹੂ [੧੪]ਸੁਖੁ ਸਾਰੁ ॥ ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥ ੧ ॥ ਮਃ ੩ ॥ [੧੫]ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ ਬਹੁੜਿ[੧੬] ਨ ਆਵਣੁ ਹੋਇ ॥ ਨਾਨਕ ਨਾਮਿ ਵਿਸਾਰਿਐ [੧੭]ਆਵਣ ਜਾਣਾ ਦੋਇ ॥ ੨ ॥ ਪਉੜੀ ॥ [੧੮]ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ[੧੯] ॥ ਹਰਿ ਦਰਸਨ ਕੀ ਪਿਆਸ ਹੈ [੨੦]ਦਰਸਨਿ ਤ੍ਰਿਪਤਾਇ ॥ ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ ॥ ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ ॥ ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ ॥ ੨੯ ॥ ਸਲੋਕ ਮਃ ੩‡ ॥ ਮਨਮੁਖ ਬੋਲਿ ਨ ਜਾਣਨੀ੍ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥ ਆਪੇ ਸ੍ਰਿਸਟਿ ਉਪਾਇਅਨੁ ਆਪਿ ਕਰੇ ਬੀਚਾਰੁ ॥ ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥ ੧ ॥ ਮਃ ੩ ॥ ਹਰਿ ਗੁਰਮੁਖਿ[੨੧] ਤਿਨੀ੍ ਅਰਾਧਿਆ ਜਿਨ੍ [੨੨]ਕਰਮਿ ਪਰਾਪਤਿ ਹੋਇ ॥ ਨਾਨਕ ਹਉ ਬਲਿਹਾਰੀ ਤਿਨ੍ ਕਉ ਜਿਨ੍ ਹਰਿ ਮਨਿ ਵਸਿਆ ਸੋਇ ॥ ੨ ॥ ਪਉੜੀ ॥ ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥ ਨਿਤ ਜੀਵਣ ਕਉ ਚਿਤੁ ਗੜ੍ ਮੰਡਪ ਸਵਾਰਿਆ ॥ ਵਲਵੰਚ[੨੩] ਕਰਿ ਉਪਾਵ ਮਾਇਆ [੨੪]ਹਿਰਿ ਆਣਿਆ ॥ ਜਮਕਾਲੁ [੨੫]ਨਿਹਾਲੇ ਸਾਸ [੨੬]ਆਵ ਘਟੈ ਬੇਤਾਲਿਆ ॥ ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥ ੩੦ ॥

੧ ਮਾਇਆਧਾਰੀ ।
੨ ਸਫੈਦ, ਚਿੱਟੇ ।
੩ ਹੰਕਾਰ ਵਿੱਚ ।
੪ ਪੂਰਨ ਸੁਖ ਵਿੱਚ । ਦੇਖੋ ਪੰਨਾ ੧੧੧੨, ਨੋਟ ੩।
੫ ਜਿਨ੍ਹਾਂ ਮਨ ਨੂੰ ਭੰਨ ਘੜਿਆ ਹੈ ਉਹਨਾਂ ਨੂੰ ਹਰੀ ਨੇ ਗਲੇ ਲਾਇਆ ਹੈ ।
੬ ਜਿਨ੍ਹਾਂ ਨੇ ਹਰੀ ਦੀ ਰਜ਼ਾ ਅਨੁਸਾਰ ਮਿਲਣਾ ਸੀ ਉਹ ਇਸ ਜੀਵਨ ਵਿੱਚ ਆਣ ਮਿਲੇ ਹਨ । ਦੇਖੋ ਪੰਨਾ ੬੪੫, ਨੋਟ ੨੭ ।
੭ ਨਾਮ ਵਲੋਂ ਚੋਰ ਹੁੰਦੇ ਹੋਏ ਆਪ ਲੁੱਟੇ ਗਏ ਹਨ ਅਤੇ ਸੰਸਾਰਕ ਧੰਧੇ ਵਿੱਚ ਇਉਂ ਪਏ ਹਨ, ਜਿਵੇਂ ਮੈਲੇ ਵਿੱਚ ਕੀੜੇ ਪਏ ਹੁੰਦੇ ਹਨ।
੮ ਕਾਇਮ ।
੯ ਗੁਰੂ ਦੁਆਰੇ । ੧੦ ਸਫ਼ਲਾ ।
੧੧ ਅਮਰ ਪਦਵੀ ।
੧੨ ਬਿਨਾਂ ।
੧੩ ਆਪਣੇ ਅਸਲੀ ਘਰ, ਭਾਵ ਹਰੀ ਦੀ ਹਜ਼ੂਰੀ ਵਿੱਚ ।
੧੪ ਮੁੜ ਕੇ ਜਨਮ ਨਹੀਂ ਧਾਰਦੇ ।
੧੫ ਹਰੀ ਵਿੱਚ ਪ੍ਰੇਮ ਨਾਲ ਰਚੇ ਮਿਚੇ ਹੋਏ ਹਨ।
੧੬ ਖਾਂਦਿਆਂ ਪੀਂਦਿਆਂ, ਭਾਵ ਸਦਾ ।
੧੭ ਗੁਰੂ ਦੇ ਰਾਹੀਂ ਇਸ ਦਾ ਗਿਆਨ ਹੁੰਦਾ ਹੈ ।
੧੮ ਨਾਲ ।
੧੯ ਜਗਤ ਦੀਆਂ ਲਹਿਰਾਂ ਵਿੱਚ, ਇਕਾਗਰਤਾ-ਹੀਨ।
੨੦ ਦਿਲ ਵਿੱਚ ਧਾਰ ਕੇ ।
੨੧ ਆਪਾ ਭਾਵ ।
੨੨ ਕਿਰਪਾ ਨਾਲ ।
੨੩ ਆਪ-ਹੁਦਰਾ ।
੨੪ ਨਿਕੰਮਾ ਗਲਿਆ ਸੜਿਆ ਲੋਹਾ ।
੨੫ ਕਠਿਨ ਰਸਤਾ ।

* **ਸ਼ਲੋਕ** : ਗੁਰੂ ਦੇ ਸ਼ਬਦ ਵਿੱਚ ਧਿਆਨ ਜੋੜਨ ਨਾਲ ਸਭ ਦੁਚਿੱਤੀ ਦੂਰ ਹੋ ਕੇ ਹਰੀ ਦੇ ਪਾਸੇ ਧਿਆਨ ਲੱਗ ਜਾਂਦਾ ਹੈ । ਦੂਜੇ ਪਾਸੇ ਸੰਸਾਰਕ ਲਾਲਚ ਕਰਨ ਨਾਲ ਜ਼ਿੰਦਗੀ ਗੰਦੀ ਹੋ ਜਾਂਦੀ ਹੈ । **ਪਉੜੀ**: ਨਾਮ ਸਲਾਹੁਣ ਨਾਲ ਜਨਮ ਸਫਲ ਹੁੰਦਾ ਹੈ ।

† **ਸ਼ਲੋਕ** : ਨਾਮ ਨੂੰ ਛੱਡ ਕੇ ਹੋਰ ਕਰਮ ਕਰਨ ਨਾਲ ਜਨਮ ਵਿਅਰਥ ਜਾਂਦਾ ਹੈ । **ਪਉੜੀ** : ਪਰ ਜੇ ਪ੍ਰੇਮ ਨਾਲ ਹਰੀ-ਨਾਮ ਦਾ ਸਿਮਰਨ ਕਰੀਏ ਤਾਂ ਜਨਮ ਮਰਨ ਮੁਕਾਅ ਕੇ ਹਰੀ ਦੀ ਹਜ਼ੂਰੀ ਵਿੱਚ ਵਾਸਾ ਮਿਲਦਾ ਹੈ ।

‡ **ਸ਼ਲੋਕ** : ਹਉਮੈ ਛੱਡ ਕੇ ਮਨ ਦੀ ਪੂਰੀ ਇਕਾਗਰਤਾ ਨਾਲ ਸੇਵਾ ਕਰੀਏ ਤਾਂ ਨਾਮ ਨਾਲ ਪਿਆਰ ਹੋ ਸਕਦਾ ਹੈ । ਨਾਲ ਹੀ ਹਰੀ ਦੇ ਭਾਣੇ ਵਿੱਚ ਰਹਿਣਾ ਜ਼ਰੂਰੀ ਹੈ । **ਪਉੜੀ** : ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰੀਏ ਤਾਂ ਹਰੀ ਦਾ ਰਸਤਾ ਠੀਕ ਲਭਦਾ ਹੈ, ਨਹੀਂ ਤਾਂ ਆਪ-ਹੁਦਰਾ ਹੋ ਕੇ ਮਨੁੱਖ ਤਾਂ ਗਿਣਤੀਆਂ ਵਿੱਚ ਪਿਆ ਰਹਿੰਦਾ ਅਤੇ ਹੰਕਾਰ ਨਾਲ ਪਾਪ ਪਿਆ ਕਰਦਾ ਹੈ ।

ਪਹਿਰਹਿ ਧਰ ਮਾਈ[1] ॥ ਲਾਲ ਸੁਪੇਦ[2] ਦੁਲੀਚਿਆ ਬਹੁ ਸਭਾ ਬਣਾਈ ॥ ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ[3] ॥ ਨਾਨਕ ਨਾਮੁ ਨ ਚੇਤਿਓ ਅੰਤਿ ਲਏ ਛਡਾਈ ॥ ੨੪ ॥ ਸਲੋਕ ਮਃ ੩* ॥ [4]ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥ ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥ [5]ਸੇ ਕੰਠਿ ਲਾਏ ਜਿ ਭੰਨਿ ਘੜਾਇ ॥ ਨਾਨਕ [6]ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ ॥ ੧ ॥ ਮਃ ੩ ॥ ਜਿਨ੍ੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥ [7]ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥ ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥ ੨ ॥ ਪਉੜੀ ॥ ਨਾਮੁ ਸਲਾਹਨਿ ਨਾਮੁ ਮੰਨਿ ਅਸਥਿਰੁ[8] ਜਗਿ ਸੋਈ ॥ ਹਿਰਦੈ ਹਰਿ ਹਰਿ ਚਿਤਵੈ ਦੂਜਾ ਨਹੀ ਕੋਈ ॥ ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ ॥ ਗੁਰਮੁਖਿ[9] ਜਨਮੁ ਸਕਾਰਥਾ[10] ਨਿਰਮਲੁ ਮਲੁ ਖੋਈ ॥ ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ[11] ਹੋਈ ॥ ੨੫ ॥ ਸਲੋਕੁ ਮਃ ੩† ॥ ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥ ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ੀ ਉਪਰਿ ਚੋਰ ॥ ੧ ॥ ਮਃ ੫ ॥ ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥ ਨਾਨਕ ਨਾਮ ਵਿਹੂਣਿਆ[12] ਤਿਨ੍ ਤਨ ਖਾਵਹਿ ਕਾਉ ॥ ੨ ॥ ਪਉੜੀ ॥ ਨਾਮੁ ਸਲਾਹਨਿ ਭਾਉ ਕਰਿ [13]ਨਿਜ ਮਹਲੀ ਵਾਸਾ ॥ ਓਇ [14]ਬਾਹੁੜਿ ਜੋਨਿ ਨ ਆਵਨੀ ਫਿਰਿ ਹੋਹਿ ਨ ਬਿਨਾਸਾ ॥ [15]ਹਰਿ ਸੇਤੀ ਰੰਗਿ ਰਵਿ ਰਹੇ ਸਭ [16]ਸਾਸ ਗਿਰਾਸਾ ॥ ਹਰਿ ਕਾ ਰੰਗੁ ਕਦੇ ਨ ਉਤਰੈ [17]ਗੁਰਮੁਖਿ ਪਰਗਾਸਾ ॥ ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ ਪਾਸਾ[18] ॥ ੨੬ ॥ ਸਲੋਕ ਮਃ ੩‡ ॥ ਜਿਚਰੁ ਇਹੁ ਮਨੁ [19]ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥ ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥ ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ[20] ॥ ੧ ॥ ਮਃ ੩ ॥ ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥ ਆਪੇ ਬਖਸੇ ਮੇਲਿ ਲਏ ਆਪਤੁ[21] ਗਵਾਵੈ ॥ ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥ ਨਾਨਕ ਗੁਰ ਪਰਸਾਦੀ[22] ਸੋ ਬੁਝਸੀ ਜਿਸੁ ਆਪਿ ਬੁਝਾਵੈ ॥ ੨ ॥ ਪਉੜੀ ॥ ਸਭੁ ਕੋ ਲੇਖੇ ਵਿਚਿ ਹੈ ਮਨਮੁਖੁ[23] ਅਹੰਕਾਰੀ ॥ ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥ ਪਾਪ ਬਿਕਾਰ ਮਨੂਰ[24] ਸਭਿ ਲਦੇ ਬਹੁ ਭਾਰੀ ॥ [25]ਮਾਰਗੁ ਬਿਖਮੁ ਡਰਾਵਣਾ

੧ ਬਹੁਤ ਕੌੜੇ ।
੨ ਭਾਵ ਨਾ ਜੋਗੀ, ਨਾ ਗਿਆਨੀ ਤੇ ਨਾ ਰਾਗੀ।
੩ ਗੀਤ ਰਸ, ਰਾਗ ।
੪ ਕਸੈਲਾ ਆਦਿ ਰਸ, ਭਾਵ ਚੰਗਾ ਮੰਦਾ ।
੫ ਸਾਰ, ਖ਼ਬਰ ।
੬ ਇੱਕ ਊੜਾ ਵੀ ਪੜ੍ਹਨਾ ਨਹੀਂ ਆਂਵਦਾ ।
੭ ਨਿਰੇ ਗਧੇ ਹਨ ।
੮ ਗੁਰੂ ਦੀ ਮੰਨ ਕੇ ਚਲਣ ਵਾਲੇ ਲਈ ।
੯ ਧਨੁ । ਧਨ ਆਦਿ ਸਭ ਪਵਿੱਤਰ ਹਨ ।
੧੦ ਗੁਰੂ ਦੇ ਅਨੁਸਾਰੀਆਂ ਨੂੰ ਹਰੀ ਜੋ ਦਿਸ ਪਿਆ ਹੈ, ਇਸ ਲਈ ਓਹ ਮਾਇਆ ਨੂੰ ਪਸੰਦ ਹੀ ਨਹੀਂ ਕਰ ਸਕਦੇ, ਸੁੱਟ ਦਿੰਦੇ ਹਨ ।
੧੧ ਗ੍ਰਿਹਸਤ ਵਿੱਚ ਰਹਿੰਦਿਆਂ ਵੀ ਓਹ ਪੂਰਨ ਅਡੋਲ ਅਵਸਥਾ ਵਿੱਚ ਟਿਕ ਲਾਈ ਰਖਦੇ ਹਨ।
੧੨ ਗਿਣਤੀਆਂ (ਲੇਖੇ) ਗਿਣਨ ਨਾਲ, ਕਿ ਮੈਂ ਇਹ ਕੀਤਾ ਹੈ, ਮਨੁਖ ਦੀ ਘਾਲ ਸਫਲ ਨਹੀਂ ਹੁੰਦੀ।
੧੩ ਕਦਮ ।
੧੪ [ਮੁਲੂਕ=ਮਿਲਕ ਦਾ ਬਹੁ ਵਚਨ] ਬਾਦਸ਼ਾਹ ।
੧੫ ਚੂਨੇ ਦੀ ਪਕੜ ਵਾਲੀਆਂ ਉਸਾਰੀਆਂ, ਚੂਨੇਗਚ ਇਮਾਰਤਾਂ ।
੧੬ ਘੋੜੀ ਦੀ ਪੂਛ ਵਿੱਚ ਪਾਣ ਵਾਲਾ ਰੱਸਾ, ਦੁਮਚੀ। ਦੁਮਚੀ ਸੋਨੇ ਦੀ ਤੇ ਤੋਰ ਘੋੜੇ ਦੀ ਹਵਾ ਵਾਂਗ ਤੇਜ਼ ।
੧੭ ਵਿਸ਼ਟਾ ।
੧੮ ਇਕ ਹਰੀ ਨੂੰ ਛੱਡ ਹੋਰ ਪਾਸੇ ਪਿਆਰ ਪਾਣ ਨਾਲ ।
੧੯ ਦੇਖੋ ਪੰਨਾ ੧੧੧੯, ਫੁਟ ਨੋਟ ‡।
੨੦ ਪੇਟ ।
੨੧ ਸੁਤੇ-ਸਿਧ ਹੀ ਹਠ ਨਾਲ ਨਹੀਂ, ਕੁਦਰਤੀ ਤੌਰ ’ਤੇ, ਸੁਭਾਵਕ ਹੀ ।
੨੨ ਜੀਭ ਨਾਲ ਸਿਮਰੋ ।
੨੩ ਕਾਇਆ ਗੜ੍ਹ ਵਿੱਚ ਬਹੁਤ ਸ਼ਿੰਗਾਰ ਬਣਾਏ ਹਨ ।
੨੪ ਰੰਗ-ਬਿਰੰਗੀ ।
੨੫ [ਅੰ. ਕਤੀਫ਼ਤ ਦਾ ਬਹੁ-ਵਚਨ ਕਤਾਇਫ਼] ਰੇਸ਼ਮੀ ਕੱਪੜੇ, ਪੁਸ਼ਾਕਾਂ ।

* **ਸ਼ਲੋਕ** : ਗੁਰੂ ਦੇ ਸ਼ਬਦ ਅਨੁਸਾਰ ਜ਼ਿੰਦਗੀ ਬਣਾਨ ਵਾਲਾ ਮਨੁੱਖ ਗ੍ਰਿਹਸਤ ਵਿੱਚ ਰਹਿੰਦਾ ਹੋਇਆ ਭੀ ਅਡੋਲ ਵਿਚਰਦਾ ਹੈ । ਉਹ ਗਿਣਤੀ ਮਿਣਤੀ ਵਿੱਚ ਨਹੀਂ ਪੈਂਦਾ, ਕਿਉਂਕਿ ਇਉਂ ਕਰਨ ਨਾਲ ਨਾ ਗੁਰੂ ਪਿਆਰਾ ਲਗਦਾ ਹੈ, ਨਾ ਉਸ ਦੀ ਬਾਣੀ । ਉਹ ਤਾਂ ਮਨ ਦੀ ਜ਼ਿਦ ਪਿੱਛੇ ਲੱਗਾ ਹੋਇਆ ਪਿਛਾਂਹ ਹੀ ਪਿਛਾਂਹ ਜਾਂਦਾ ਹੈ । ਗੁਰਮੁਖ ਤਾਂ ਆਪਣਾ ਆਪ ਗੁਰੂ ਤੇ ਸੁਟ ਕੇ ਹਰੀ ਦੇ ਧਿਆਨ ਵਿੱਚ ਜੁੜਿਆ ਰਹਿੰਦਾ ਹੈ । **ਪਉੜੀ** : ਜੇ ਦੇਣਹਾਰ ਦਾਤਾਰ ਯਾਦ ਨਹੀਂ ਰਹਿੰਦਾ ਤਾਂ ਵੱਡੀਆਂ-ਵੱਡੀਆਂ ਪਦਵੀਆਂ ’ਤੇ ਖੁਸ਼ੀ ਦੇ ਸਮਿਆਨ ਸੁਖ ਦੇਣ ਦੀ ਥਾਂ ਦੁੱਖ ਦਾ ਕਾਰਣ ਬਣ ਜਾਂਦੇ ਹਨ ।

† **ਸ਼ਲੋਕ** : ਹਰੀ ਨੂੰ ਵਿਸਾਰ ਕੇ ਵਿਦਿਆ ਤੇ ਭੇਖ ਧਾਰਨ ਕਰਨਾ ਫ਼ਜ਼ੂਲ ਹੈ (੧) । ਵਡਿਆਈ ਤੇ ਐਸ਼੍ਵਰਜ ਰੱਬ ਦੀਆਂ ਦਿੱਤੀਆਂ ਚੀਜ਼ਾਂ ਹਨ, ਜੋ ਉਹ ਪਲ ਵਿੱਚ ਖੋਹ ਸਕਦਾ ਹੈ । ਇਸ ਲਈ ਉਸ ਦੇ ਭਾਣੇ ਵਿੱਚ ਰਹਿ ਕੇ ਉਸ ਦਾਤਾਰ ਦੇ ਗੁਣ ਗਾਣ ਵਿੱਚ ਸੁਖ ਦੇਖਣਾ ਚਾਹੀਦਾ ਹੈ (੨) । **ਪਉੜੀ** : ਐਸ਼੍ਵਰਜ ਤੇ ਸੁਖ ਦੇ ਸਮਿਆਨ ਨਿਰੇ ਦੁੱਖ ਦੇ ਕਾਰਨ ਹਨ, ਜੇਕਰ ਮਨੁੱਖ ਇਨ੍ਹਾਂ ਨੂੰ ਹਰੀ-ਨਾਮ ਨੂੰ ਵਿਸਾਰ ਕੇ ਮਾਨਣਾ ਚਾਹੇ ।

[1]ਖਰੇ ਕਰੂਪ ॥ ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ [2]ਇਕਨਾ ਨਾਦ ਨ ਬੇਦ ਨ [3]ਗੀਅ ਰਸੁ [4]ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ[5] [6]ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ [7]ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥ ੨ ॥ ਪਉੜੀ ॥ ਗੁਰਮੁਖਿ[8] ਸਭ ਪਵਿਤੁ ਹੈ ਧਨੁ ਸੰਪੈ[9] ਮਾਇਆ ॥ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥ ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ [10]ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥ ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥ ੨੨ ॥ ਸਲੋਕ ਮਃ ੪* ॥ ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ ॥ [11]ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥ ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥ ੧ ॥ ਮਃ ੪ ॥ [12]ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥ ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥ ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥ ਜੇ ਇਕ ਵਿਖ[13] ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ ॥ ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥ ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥ ਨਾਨਕ ਤਿਨ੍ਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥ ੨ ॥ ਪਉੜੀ ॥ ਖਾਨ ਮਲੂਕ[14] ਕਹਾਇਦੇ ਕੋ ਰਹਣੁ ਨ ਪਾਈ ॥ ਗੜ੍ ਮੰਦਰ ਗਚ ਗੀਰੀਆ[15] ਕਿਛੁ ਸਾਥਿ ਨ ਜਾਈ ॥ ਸੋਇਨ ਸਾਖਤਿ[16] ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ ॥ ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ[17] ਵਧਾਈ ॥ ਨਾਨਕ ਜੋ ਦੇਵੈ ਤਿਸਹਿ ਨ ਜਾਣਨ੍ਹਿ ਮਨਮੁਖਿ ਦੁਖੁ ਪਾਈ ॥ ੨੩ ॥ ਸਲੋਕ ਮਃ ੩† ॥ ਪੜ੍ਹਿ ਪੜ੍ਹਿ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥ [18]ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥ ਮੂਰਖ ਅੰਧੇ [19]ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥ ਅੰਦਰਿ ਕਪਟੁ ਉਦਰੁ[20] ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥ ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥ ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥ ੧ ॥ ਮਃ ੩ ॥ ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ ॥ ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ॥ ਗੁਰਮੁਖਿ[8] ਹੋਵੈ ਸੁ ਭਾਣਾ ਮੰਨੇ ਸਹਜੇ[21] ਹਰਿ ਰਸੁ ਪੀਜੈ ॥ ਨਾਨਕ ਸੁਖਦਾਤਾ ਸਦਾ ਸਲਾਹਿਹੁ [22]ਰਸਨਾ ਰਾਮੁ ਰਵੀਜੈ ॥ ੨ ॥ ਪਉੜੀ ॥ [23]ਗੜਿ ਕਾਇਆ ਸੀਗਾਰ ਬਹੁ ਭਾਂਤਿ ਬਣਾਈ ॥ [24]ਰੰਗ ਪਰੰਗ ਕਤੀਫਿਆ[25]

੧ [ਫਾ. ਪੋਤਹ=ਖਜ਼ਾਨਾ] ਖਜ਼ਾਨੇ ਵਿੱਚ ।
੨ ਜਿਹੜੇ ਨਾਲ-ਨਾਲ ਖੇਤੀ ਉਜਾੜਦੇ ਰਹਿਣ ਗਾਹ ਪਾਣ ਵੇਲੇ ਉਨ੍ਹਾਂ ਦੇ ਖਲਵਾੜੇ ਵਿੱਚ ਕੁਝ ਨਹੀਂ ਹੋਵੇਗਾ, ਭਾਵ ਨਾਮ ਸਿਮਰਨ ਤੋਂ ਜੋ ਲਾਭ ਹੋਣਾ ਸੀ, ਉਹ ਤਾਂ ਨਾਮ ਵੇਚਣ ਕਰ ਕੇ ਨਾਲ਼ੋ-ਨਾਲ ਨਸ਼ਟ ਹੁੰਦਾ ਗਿਆ । ਅੰਤ ਕਰਮਾਂ ਦਾ ਲੇਖਾ ਕਰਨ ਵੇਲੇ ਉਨ੍ਹਾਂ ਦੀ ਬਾਕੀ ਕੁਝ ਰਹੇਗੀ ਨਹੀਂ ।
੩ ਸੱਚ ਤੇ ਸ਼ਰਮ (ਉਦਮ) ਤੋਂ ਬਿਨਾਂ ਰੱਬ ਦੇ ਹਜ਼ੂਰ ਉਨ੍ਹਾਂ ਦੀ ਕਦਰ ਨਹੀਂ ਹੋਵੇਗੀ ।
੪ ਫ਼ਜ਼ੂਲ ਝਗੜਿਆਂ ਵਿੱਚ ।
੫ ਲੋੜ ਇਸ ਗੱਲ ਦੀ ਹੈ ਕਿ ਜੇਹਾ ਅਮਲ ਕਰੇ ਤੇਹਾ ਆਪਣੇ ਆਪ ਨੂੰ ਕਹਾਏ ।
੬ ਸੂਰਤ ਸੁੰਦਰ ਉਹ ਹੈ ਕਿ ਗੁਣਾਂ ਰੂਪ ਅੰਗ ਹੋਣ ਤੇ ਅਵਗੁਣ ਰੂਪ ਝਿੰਙ (ਅੰਗ-ਹੀਣ ਹੋਣਾ) ਨਾ ਹੋਵਣ ।
੭ ਅਸਲ ਮਾਨਯੋਗ ਮੂਰਤ (ਹਸਤੀ) ਉਹ ਹੈ ਜੋ ਹਰੀ ਨੂੰ ਐਸਾ ਪ੍ਰਸੰਨ ਕਰ ਲਵੇ ਕਿ ਜੋ ਇੱਛੇ ਉਹੋ ਉਸ ਨੂੰ ਮਿਲੇ । ਦੇਖੋ ਪੰਨਾ ੬੬੧, ਨੋਟ ੨੭ ।
੮ ਜਿਸ ਨੂੰ ਮਿਲਣਾ ਹਰੀ ਵਲੋਂ ਲਿਖਿਆ ਹੈ, ਉਸੇ ਨੂੰ ਲਭਦਾ ਹੈ ।
੯ ਵੇਖਦਾ ਨਹੀਂ ਦੁੱਖ ਦੇਣ ਦੇ ਖਿਆਲ ਨਾਲ ।
੧੦ ਕਿਉਂਕਿ ਉਸ ਦੇ ਦਿਲ ਵਿੱਚ ਗੁਰੂ-ਗਿਆਨ ਦੀ ਜੋਤ ਜਗ ਰਹੀ ਹੁੰਦੀ ਹੈ ।
੧੧ ਮੁੜ ਕੇ ਆਵਾਗੌਣ ਵਿੱਚ ਪੈ-ਪੈ ਨਹੀਂ ਖਰਾਬ ਹੋਂਦਾ । ੧੨ ਸੱਚ ਨੂੰ ਨੇਮ ਬਣਾਵੇ ।
੧੩ [ਉਤ-ਚਰਣ] ਚੰਗੀ ਤਰ੍ਹਾਂ ਚਰੇ (ਖਾ ਜਾਵੇ) ।
੧੪ ਦਸ ਇੰਦਰੇ ਰੋਕੇ ।
੧੫ ਪੰਜ ਕਾਮਾਦਿਕਾਂ ਨੂੰ ਵੱਸ ਕਰੇ ।
੧੬ ਇਹੋ ਜੇਹਾ ਵਰਤ ਜੇ ਰੱਖਿਆ ਜਾਵੇ, ਤਾਂ ਫਿਰ ਹੋਰ ਸਿੱਖਿਆ ਦੀ ਕੀ ਲੋੜ ਹੈ ?
੧੭ ਰੰਕ, ਕੰਗਾਲ ।
੧੮ ਮਾਇਆ ਦੀ ਜ਼ਹਿਰ ਇਕੱਠੀ ਕਰਦੇ ਹਨ ।
੧੯ ਮਾਇਆ ਨਾਲ ਪ੍ਰੀਤੀ ।
੨੦ ਲੋਕਾਂ ਦਾ ਮਾਲ ਧਨ ।
੨੧ ਪੁੱਤਰ ਤੇ ਇਸਤਰੀ ਉੱਤੇ ਵੀ ਇਤਬਾਰ ਨਹੀਂ ਕਰਦੇ ਮਾਇਆ ਨਾਲ ਇਤਨੀ ਪ੍ਰੀਤੀ ਲਾਈ ਹੁੰਦੀ ਏ । ਮਾਇਆ ਨਾਲ ਪਿਆਰ ਕਰਨ ਵਾਲੇ ਨੂੰ ਘਰ ਵਾਲੇ ਵੀ ਚੋਰ ਹੀ ਦਿਸਦੇ ਹਨ।
੨੨ ਠੱਗ ਜਾਂਦੀ ਹੈ ।
੨੩ ਰੋਟੀ ਲਈ ਘਰ ਨੂੰ ਹੀ ਮਸੀਤ ਬਣਾ ਲੈਂਦੇ ਹਨ ਕਿ ਏਥੇ ਹੀ ਚੜ੍ਹਾਵਾ ਆ ਚੜ੍ਹੇ ।
੨੪ ਫ਼ਕੀਰੀ । ੨੫ ਪੈਰੀਂ ।
੨੬ ਮਨ ਤੋਂ ਅੰਨ੍ਹੇ ਖੂਹ, ਭਾਵ ਬਹੁਤ ਅਗਿਆਨੀ। ਦੇਖੋ ਇਹੀ ਸ਼ਲੋਕ ਪੰਨਾ ੧੪੧੧ ਉੱਤੇ ।
੨੭ ਆਪਣੇ ਕੀਤੇ ਉਪਦੇਸ਼ ਦੀ ਲਾਜ ਨਹੀਂ ਪਾਲਦੇ।
੨੮ ਹਿਰਦਾ-ਕਮਲ ਪੁੱਠਾ ਹੋਣ ਕਰ ਕੇ, ਭਾਵ ਧਰਮ ਵਲੋਂ ਉਲਟਿਆਂ ਹੋਣ ਕਰ ਕੇ ।

* **ਸ਼ਲੋਕ** : ਪੜ੍ਹਿਆਂ ਅਕਲਵਾਨਾਂ, ਮੁਲਾਣਿਆਂ ਤੇ ਪੰਡਿਤਾਂ ਦੀ ਜ਼ਿੰਦਗੀ ਉਤੇ ਨਜ਼ਰ ਮਾਰਦੇ ਹਨ, ਜਿਹੜੇ ਪੈਸੇ ਲੈਣ ਖ਼ਾਤਰ ਲੋਕਾਂ ਨੂੰ ਤਵੀਤ ਤੇ ਜੰਤ੍ਰ-ਮੰਤ੍ਰ ਲਿਖ ਕੇ ਦਿੰਦੇ ਸਨ । ਉਨ੍ਹਾਂ ਨੂੰ ਵਿਦਵਾਨ ਹੋਣ ਦਾ ਅਸਲ ਭਾਵ ਦੱਸਦੇ ਹਨ ਕਿ ਵਿਦਿਆ ਉਹ ਹੈ ਜਿਹੜੀ ਰੱਬ ਵੱਲ ਲਿਜਾਵੇ, ਹਰ ਗੱਲ ਨੂੰ ਸਮਝ ਕੇ ਚਲਣ ਅਤੇ ਮੁਲਕ ਵਿੱਚੋਂ ਭੁੱਖ-ਨੰਗ ਨੂੰ ਦੂਰ ਕਰਨ ਦੇ ਆਹਰ ਸਿਖਾਵੇ । ਜਿਹੜੀ ਵਿਦਿਆ ਇਨ੍ਹਾਂ ਗੱਲਾਂ ਤੋਂ ਛੁਟ ਕੁਝ ਹੋਰ ਸਿਖਾਵੇ, ਉਹ ਨਿਰੀ ਸ਼ੈਤਾਨੀ ਪਾਸੇ ਦੀ ਸਿੱਖਿਆ ਹੈ (੧) । ਵਿਖਾਵਾ ਛੱਡ ਕੇ ਸੋਹਣੇ-ਸੋਹਣੇ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ, ਤਾਕਿ ਉੱਚੀ ਸ਼ਖਸੀਅਤ ਬਣਾ ਕੇ ਹਰੀ ਨੂੰ ਪ੍ਰਸੰਨ ਕਰ ਸਕੀਏ (੨) । **ਪਉੜੀ** : ਇਹ ਹਰੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਗੁਰ-ਸ਼ਬਦ ਦੀ ਕਮਾਈ ਦੀ ਲੋੜ ਹੈ ।

† **ਸ਼ਲੋਕ** : ਵਰਤ, ਤੀਰਥ ਇਸ਼ਨਾਨ, ਦੇਵ-ਪੂਜਾ, ਮਾਲਾ, ਧੋਤੀ, ਚੌਕਾ, ਤਿਲਕ ਆਦਿ ਬਾਹਰਲੇ ਕਰਮਾਂ ਦੀ ਥਾਂ ਸਦਾਚਾਰੀ ਗੁਣ ਪ੍ਰਾਪਤ ਕਰਨੇ ਚਾਹੀਦੇ ਹਨ । ਥਿਤਾਂ ਵਾਰਾਂ ਦੀ ਪੂਜਾ ਵਰਤ ਦੀ ਥਾਂ ਭੀ ਅਮਲੀ ਤੌਰ 'ਤੇ ਨੇਕੀ ਕਰਨੀ ਚਾਹੀਏ । **ਪਉੜੀ** : ਮਾਇਆ ਦਾ ਲੋਭ ਮਨੁੱਖ ਤੋਂ ਚੋਰੀ ਕਰਵਾਂਦਾ ਹੈ । ਲੋਭੀ ਮਨੁੱਖ ਆਪਣੇ ਘਰਦਿਆਂ ਉੱਤੇ ਭੀ ਇਤਬਾਰ ਨਹੀਂ ਕਰਦਾ, ਪਰ ਅੰਤ ਮਾਇਆ ਭੀ ਨਾਲ ਨਹੀਂ ਨਿਭਦੀ ਤੇ ਧੋਖਾ ਦੇ ਜਾਂਦੀ ਹੈ ।

‡ **ਸ਼ਲੋਕ** : ਲੋਭੀ ਆਦਮੀ ਫ਼ਕੀਰ ਭੀ ਬਣ ਜਾਏ, ਤਾਂ ਭੀ ਕਿਸੇ ਕੰਮ ਜੋਗਾ ਨਹੀਂ । ਅਜੇਹੇ ਟੁਕਰ-ਬਟੋਰਾਂ ਤੋਂ ਦੂਰ ਰਹਿਣਾ ਚਾਹੀਏ । ਆਪ ਕਮਾ ਕੇ ਖਾਣਾ ਤੇ ਵੰਡ ਛਕਣਾ ਇਸ ਫ਼ਕੀਰੀ ਕੋਲੋਂ ਚੰਗਾ ਹੈ (੧) । ਕਈ ਅੰਦਰੋਂ ਅੰਨ੍ਹੇ ਹੋਣ ਕਰ ਕੇ ਕੋਈ ਗੁਣ ਨਹੀਂ ਰਖਦੇ ਤੇ ਨਾ ਹੀ ਆਪਣੇ ਕਥਨਾਂ ਦੀ ਲਾਜ ਪਾਲਦੇ ਹਨ । ਏਹੋ ਜਿਹੇ ਨਿਰੇ ਮੂਰਖ ਹਨ (੨) । **ਪਉੜੀ** : ਪਰ ਜੇ ਮਨੁੱਖ ਗੁਰੂ ਦਾ ਅਨੁਸਾਰੀ ਹੋ ਜਾਵੇ ਤਾਂ ਮਾਇਆ ਦਾ ਇਕੱਤ੍ਰ ਕਰਨਾ ਭੀ ਮਾੜਾ ਨਹੀਂ ਰਹਿੰਦਾ, ਕਿਉਂਕਿ ਉਸ ਨੇ ਤਾਂ ਮਾਇਆ ਨੂੰ ਹਰੀ ਦੇ ਪਾਸੇ ਲਾਣਾ ਹੈ ।

ਨਾਉ ਪਾਈਐ ਮਿਲਿ ਨਾਮੁ ਧਿਆਇਆ ॥ ਜਿਨ੍ਹ ਕੈ ਪੋਤੈ[੧] ਪੁੰਨੁ ਹੈ ਤਿਨ੍ਹੀ
ਦਰਸਨੁ ਪਾਇਆ ॥ ੧੯ ॥ ਸਲੋਕ ਮਃ ੧* ॥ ਧ੍ਰਿਗੁ ਤਿਨਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ ॥ [੨]ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ
ਥਾਉ ॥ [੩]ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ ਅਕਲਿ ਏਹ ਨ
ਆਖੀਐ ਅਕਲਿ ਗਵਾਈਐ ਬਾਦਿ[੪] ॥ ਅਕਲੀ ਸਾਹਿਬੁ ਸੇਵੀਐ ਅਕਲੀ
ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ
ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ ੧ ॥ ਮਃ ੨ ॥ [੫]ਜੈਸਾ ਕਰੈ ਕਹਾਵੈ
ਤੈਸਾ ਐਸੀ ਬਨੀ ਜਰੂਰਤਿ ॥ [੬]ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ
ਸੁਰਤਿ ॥ [੭]ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ ॥ ੨ ॥
ਪਉੜੀ ॥ ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ [੮]ਜਿਸੁ
ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥ ਸਤਿਗੁਰ ਕੈ ਭਾਣੈ ਜੋ ਚਲੈ
ਹਰਿ ਸੇਤੀ ਰਲਿਆ ॥ ਜਮਕਾਲੁ [੯]ਜੋਹਿ ਨ ਸਕਈ [੧੦]ਘਟਿ ਚਾਨਣੁ ਬਲਿਆ
॥ ਨਾਨਕ ਬਖਸਿ ਮਿਲਾਇਅਨੁ [੧੧]ਫਿਰਿ ਗਰਭਿ ਨ ਗਲਿਆ ॥ ੨੦ ॥
ਸਲੋਕ ਮਃ ੧† ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ
ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ
ਨਾਨਕਾ ਵਿਰਲਾ ਤ ਕੋਈ ਕੋਇ ॥ ੧ ॥ ਮਹਲਾ ੩ ॥ ਨਉਮੀ [੧੨]ਨੇਮੁ ਸਚੁ
ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ[੧੩] ॥ ਦਸਮੀ [੧੪]ਦਸੇ ਦੁਆਰ ਜੇ
ਠਾਕੈ ਏਕਾਦਸੀ ਏਕੁ ਕਰਿ ਜਾਣੈ ॥ ਦੁਆਦਸੀ [੧੫]ਪੰਚ ਵਸਗਤਿ ਕਰਿ
ਰਾਖੈ ਤਉ ਨਾਨਕ ਮਨੁ ਮਾਨੈ ॥ [੧੬]ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ
ਸਿਖ ਕਿਆ ਦੀਜੈ ॥ ੨ ॥ ਪਉੜੀ ॥ ਭੂਪਤਿ ਰਾਜੇ ਰੰਗ[੧੭] ਰਾਇ [੧੮]ਸੰਚਹਿ
ਬਿਖੁ ਮਾਇਆ ॥ ਕਰਿ ਕਰਿ ਹੇਤੁ[੧੯] ਵਧਾਇਦੇ [੨੦]ਪਰ ਦਰਬੁ ਚੁਰਾਇਆ ॥
[੨੧]ਪੁਤ੍ਰ ਕਲਤ੍ਰ ਨ ਵਿਸਹਹਿ ਬਹੁ ਪ੍ਰੀਤਿ ਲਗਾਇਆ ॥ ਵੇਖਦਿਆ ਹੀ
ਮਾਇਆ [੨੨]ਧੁਹਿ ਗਈ ਪਛੁਤਹਿ ਪਛੁਤਾਇਆ ॥ ਜਮ ਦਰਿ ਬਧੇ ਮਾਰੀਅਹਿ
ਨਾਨਕ ਹਰਿ ਭਾਇਆ ॥ ੨੧ ॥ ਸਲੋਕ ਮਃ ੧‡ ॥ ਗਿਆਨ ਵਿਹੂਣਾ
ਗਾਵੈ ਗੀਤ ॥ [੨੩]ਭੁਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ[੨੪] ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ[੨੫] ॥ ਘਾਲਿ ਖਾਇ ਕਿਛੁ ਹਥਹੁ
ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ ੧ ॥ ਮਃ ੧ ॥ [੨੬]ਮਨਹੁ ਜਿ ਅੰਧੇ
ਕੂਪ [੨੭]ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ [੨੮]ਊਂਧੈ ਕਵਲਿ ਦਿਸਨ੍ਹਿ

੧ ਜੇ ਨਿੰਮ ਵਿੱਚ ਅੰਮ੍ਰਿਤ ਰਸ ਪਾਈਏ ਤਾਂ ਭੀ ਕੌੜੀ ਹੀ ਰਹਿੰਦੀ ਹੈ ।

੨ ਮੰਤਰ ਨਾਲ ਜੇ ਸੱਪ ਤੇ ਵਿਸਾਹ ਭਾਵ ਇਤਬਾਰ ਕਰ ਲਈਏ ਤੇ ਦੁਧ ਪਿਆਈਏ, ਫਿਰ ਭੀ ਉਹ ਸੁਭਾਵ ਨਹੀਂ ਛੱਡਦਾ ।

੩ ਆਪ-ਹੁਦਰਾ ਅਭਿੱਗ ਅਰਥਾਤ ਕੋਰੇ ਦਾ ਕੋਰਾ ਹੀ ਰਹਿੰਦਾ ਹੈ, ਜਿਵੇਂ ਪੱਥਰ ਨੂੰ ਨੁਵਾਲੀਏ ਤਾਂ ਸੁੱਕਾ ਹੀ ਰਹਿੰਦਾ ਹੈ ।

੪ ਮ੍ਰਿਤ ਨੇ ।

੫ ਮਹੂਰਤ ।

੬ ਸਾਮਾਨ ਬੰਨ੍ਹ ਤਿਆਰ ਬੈਠੇ ਹਨ ।

੭ [ਫ਼ਾ.] ਘੋੜੇ ਦੀ ਪੂਛ ਵਿੱਚ ਪਾਣ ਵਾਲਾ ਚਮੜੇ ਦਾ ਰੱਸਾ ਜਿਸ ਦੇ ਪਾਣ ਨਾਲ ਘੋੜਾ ਤੁਰਨ ਲਈ ਤਿਆਰ ਹੁੰਦਾ ਹੈ; ਭਾਵ ਇਕਨਾ ਦੀ ਤਿਆਰੀ ਹੋ ਗਈ ਹੈ ।

੮ ਸੰਭਾਲ (ਮਾਲ-ਅਸਬਾਬ ਦੀ) ।

੯ ਧੌਂਸੇ ।

੧੦ ਸੁੰਦਰ ।

੧੧ ਪਹਿਲੇ ਮਿੱਟੀ ਸੀ ਤੇ ਫਿਰ ਮਿੱਟੀ ਹੋ ਗਈ (ਤੁਕ ਦਾ ਅੰਤਲਾ ਅੱਖਰ ਕਈ ਵੇਰ ਲਗ-ਰਹਿਤ ਆਉਂਦਾ ਹੈ, ਜਿਵੇਂ ਇਥੇ 'ਛਾਰ' ਆਇਆ ਹੈ) ।

੧੨ ਸਰੀਰ-ਰੂਪ ਕਿਲ੍ਹਾ ।

੧੩ ਅੰਦਰ ਮਨ ਚੋਰ ਬਿਠਾ ਰੱਖਿਆ ਸੀ ।

੧੪ ਹੇ ਜੀਵ ! ਇਹ ਸਭ ਕੁਝ ਨਿਰਾ ਧੋਖਾ ਹੀ ਧੋਖਾ ਸੀ (ਲੈ ਹੁਣ ਢੇਰੀ ਢਹਿ ਪਈ ਊ, ਕੁਝ ਸਥਿਰ ਚੀਜ਼ ਹੋਂਦੀ ਤਾਂ ਰਹਿੰਦੀ) ।

੧੫ ਚੁਰਾਉਂਦੇ ਹਨ ।

੧੬ ਲੁਕਾ ਰੱਖਿਆ, ਮੂੰਹੋਂ ਨਾ ਕੱਢਿਆ, ਵਿਸਾਰਿਆ ਦੇਖੋ ਪੰਨਾ ੪੪੩, ਨੋਟ ੧੯ ।

੧੭ ਪਏ ਹੋਏ ਸੁਭਾਵ ਦੇ ਅਨੁਸਾਰ ਕੰਮ ਕਰਦੇ ਹਨ। ਦੇਖੋ ਪੰਨਾ ੭੪੫, ਨੋਟ ੯ ।

੧੮ ਗੁਰੂ ਦੁਆਰਾ ਆਪਣਾ ਆਪ, ਆਪਣੇ ਗੁਣਾਂ ਔਗੁਣਾਂ ਨੂੰ ਸਿੰਞਾਣ ਕੇ ਰੱਖੀਏ ।

੧੯ ਸੌਖਾ, ਸਫਲਾ ।

੨੦ ਫੁਟ ਪਿਆ ਹੈ (ਨਾਮ ਉਨ੍ਹਾਂ ਦੇ ਅੰਦਰ) ।

੨੧ ਮਨ ਇੰਦ੍ਰਿਆਂ ਦੇ ਰੋਕਣ ਦੀ ਕ੍ਰਿਆ ।

੨੨ ਹੋਰ । ਮਾਇਆਧਾਰੀ ਇਉਂ ਹੀ ਕਹਿੰਦਾ ਹੈ ਕਿ ਮੈਂ ਹੋਰ ਧਨ ਲੈਣ ਲਈ ਜਾਵਾਂ, ਪਰ ਨਾਨਕ ਤਾਂ ਆਪਣੇ ਆਪ ਨੂੰ ਉਸ ਦਿਨ ਕੰਗਾਲ ਸਮਝਦਾ ਹੈ, ਜਦੋਂ ਉਸ ਨੂੰ ਨਾਮ ਵਿਸਰ ਜਾਵੇ।

੨੩ ਸੂਰਜ ਦੇ ਚੜ੍ਹਨ ਤੋਂ ਲੈ ਕੇ ਉਸ ਦੇ ਵਿਛੜਨ (ਡੁੱਬਣ) ਤੱਕ, ਭਾਵ ਸਾਰਾ ਦਿਨ ਆਰਜਾ (ਉਮਰ) ਘਟਦੀ ਰਹਿੰਦੀ ਹੈ, ਭਾਵ ਬੇਅਰਥ ਗੁਜ਼ਰਦੀ ਰਹਿੰਦੀ ਹੈ ।

੨੪ ਜਿੱਤਦਾ ।

੨੫ ਹੰਕਾਰ ਨਾਲ । ਹਉਮੈ ਅੰਦਰ ਵਿਚਰਦਾ ਸਮਝਾਣ ਨਾਲ ਰੁਕਦਾ ਨਹੀਂ ਹੈ ।

੨੬ ਸੁਆਸ ।

੨੭ ਸੁਖਾਂ ਦਾ ਘਰ ।

੨੮ ਗੁਰੂ ਦੀ ਮਿਹਰ ਨਾਲ ਦਿਲ ਵਿੱਚ ਗਿਆਨ ਦਾ ਚਾਨਣਾ ਹੋ ਪਿਆ ।

੨੯ ਗੁਰੂ-ਪਾਰਸ ਨਾਲ ਛੁਹਾਈਏ ਤਾਂ ਸੋਨਾ ਬਣ ਜਾਂਦਾ ਹੈ ।

* **ਸ਼ਲੋਕ** : ਨਿਰਾ ਸਰੀਰਕ ਜੀਵਨ ਖੋਖਲਾ ਜੀਵਨ ਹੈ । ਇਸ ਨੇ ਤਾਂ ਮਿੱਟੀ ਵਾਕੁਰ ਢਹਿ ਢੇਰੀ ਹੋ ਜਾਣਾ ਹੈ, ਕਿਉਂਕਿ ਐਸੇ ਜੀਵਨ ਵਿੱਚ ਕੋਈ ਸਥਿਰ ਚੀਜ਼ ਨਹੀਂ । **ਪਉੜੀ** : ਸਥਿਰ ਜ਼ਿੰਦਗੀ ਤਾਂ ਨਾਮ ਨਾਲ ਹੀ ਹੋ ਸਕਦੀ ਹੈ, ਪਰ ਆਪ-ਹੁਦਰੇ ਮਨੁੱਖ ਨਾਮ ਨੂੰ ਛੱਡ ਕੇ ਨਿੰਦਾ, ਚੋਰੀ ਆਦਿ ਔਗੁਣਾਂ ਵਿੱਚ ਪਏ ਰਹਿੰਦੇ ਹਨ । ਇਨ੍ਹਾਂ ਔਗੁਣਾਂ ਨਾਲ ਤਾਂ ਸਰੀਰਕ ਜੀਵਨ ਭੀ ਦੁੱਖ ਅਤੇ ਨਿਲੱਜਤਾ ਵਿੱਚ ਲੰਘਦਾ ਹੈ । ਵਾਹਿਗੁਰੂ ਐਸੇ ਮਨੁੱਖਾਂ ਦੀ ਸੰਗਤ ਤੋਂ ਬਚਾਏ ।

† **ਸ਼ਲੋਕ** : ਗੁਰਮੁਖਾਂ ਦੀ ਜ਼ਿੰਦਗੀ ਮਾਲਕ ਦੇ ਹੁਕਮ ਵਿੱਚ ਰਹਿ ਕੇ ਨਾਮ ਸਿਮਰਨ ਵਿੱਚ ਗੁਜ਼ਰਦੀ ਹੈ । ਓਹ ਇਸ ਨਾਮ ਦੇ ਮਿਲਾਏ ਹੋਏ ਸਦਾ ਮਿਲੇ ਰਹਿੰਦੇ ਹਨ । **ਪਉੜੀ** : ਹਰੀ ਨਾਲ ਮਿਲੇ ਹੋਏ ਗੁਰਮੁਖਾਂ ਦੀ ਅਵਸਥਾ ਦੱਸਦੇ ਹਨ ਕਿ ਓਹ ਸ਼ੁੱਧ ਹਿਰਦੇ ਨਾਲ ਹਰੀ ਦੀ ਸੇਵਾ ਕਰਦੇ ਰਹਿੰਦੇ ਹਨ ਅਤੇ ਉਸ ਦੇ ਦਰ 'ਤੇ ਗੁਣ ਗਾਉਂਦੇ ਸੋਹਣੇ ਲੱਗਦੇ ਹਨ ।

‡ **ਸ਼ਲੋਕ** : ਅਸਲ ਕੰਗਾਲ ਉਹ ਹੈ ਜੋ ਹਰੀ-ਨਾਮ ਤੋਂ ਸੱਖਣਾ ਹੈ । ਲੋਕੀਂ ਹੰਕਾਰ ਵਿੱਚ ਆਕੜੇ ਹੋਏ ਆਪਣਾ ਹਾਣ-ਲਾਭ ਨਹੀਂ ਪਛਾਣਦੇ ਅਤੇ ਜਨਮ ਵਿਅਰਥ ਪਏ ਗੁਆਂਦੇ ਹਨ ।
ਪਉੜੀ : ਹਰੀ ਨਾਮ ਦਾ ਧਨ ਸਤਿ-ਸੰਗਤ ਤੋਂ ਮਿਲਦਾ ਹੈ, ਜਿਸ ਨਾਲ ਜ਼ਿੰਦਗੀ ਲੋਹੇ ਤੋਂ ਸੋਨਾ ਬਣ ਜਾਂਦੀ ਹੈ ।

[੧]ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥ [੨]ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥ [੩]ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥ ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥ ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥ ੧੬ ॥ ਸਲੋਕ ਮਃ ੧* ॥ ਮਰਣਿ[੪] ਨ ਮੂਰਤੁ[੫] ਪੁਛਿਆ ਪੁਛੀ ਥਿਤਿ ਨ ਵਾਰੁ ॥ ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ [੬]ਬਧੇ ਭਾਰ ॥ ਇਕਨ੍ਹਾ ਹੋਈ ਸਾਖਤੀ[੭] ਇਕਨ੍ਹਾ ਹੋਈ ਸਾਰ[੮] ॥ ਲਸਕਰ ਸਣੈ ਦਮਾਮਿਆ[੯] ਛੁਟੇ ਬੰਕ[੧੦] ਦੁਆਰ ॥ ਨਾਨਕ [੧੧]ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ ॥ ੧ ॥ ਮਃ ੧ ॥ ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ[੧੨] ॥ [੧੩]ਭੀਤਰਿ ਚੋਰੁ ਬਹਾਲਿਆ [੧੪]ਖੋਟੁ ਵੇ ਜੀਆ ਖੋਟੁ ॥ ੨ ॥ ਪਉੜੀ ॥ ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥ ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥ ਭਲਕੇ ਉਠਿ ਨਿਤ ਪਰ ਦਰਬੁ ਹਿਰਹਿ[੧੫] ਹਰਿ ਨਾਮੁ ਚੁਰਾਇਆ[੧੬] ॥ ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥ ਨਾਨਕ [੧੭]ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ ॥ ੧੭ ॥ ਸਲੋਕ ਮਃ ੪† ॥ ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥ ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥ [੧੮]ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥ ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ[੧੯] ਆਇਆ ਸੋਇ ॥ ੧ ॥ ਮਃ ੪ ॥ ਸਭਨਾ ਦਾਤਾ ਆਪਿ ਹੈ ਆਪੇ ਮੇਲਣਹਾਰੁ ॥ ਨਾਨਕ ਸਬਦਿ ਮਿਲੇ ਨ ਵਿਛੁੜਹਿ ਜਿਨਾ ਸੇਵਿਆ ਹਰਿ ਦਾਤਾਰੁ ॥ ੨ ॥ ਪਉੜੀ ॥ ਗੁਰਮੁਖਿ ਹਿਰਦੈ ਸਾਂਤਿ ਹੈ ਨਾਉ [੨੦]ਉਗਵਿ ਆਇਆ ॥ ਜਪ ਤਪ ਤੀਰਥ ਸੰਜਮ[੨੧] ਕਰੇ ਮੇਰੇ ਪ੍ਰਭ ਭਾਇਆ ॥ ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥ ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥ ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥ ੧੮ ॥ ਸਲੋਕ ਮਃ ੧‡ ॥ ਧਨਵੰਤਾ ਇਵ ਹੀ ਕਹੈ ਅਵਰੀ[੨੨] ਧਨ ਕਉ ਜਾਉ ॥ ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ ॥ ੧ ॥ ਮਃ ੧ ॥ [੨੩]ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥ ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ[੨੪] ॥ ਸਭੁ ਕੋ ਭਰਿਆ ਫੂਕਿ[੨੫] ਆਖਣਿ ਕਹਣਿ ਨ ਥੰਮ੍ਹੀਐ ॥ ਨਾਨਕ ਵੇਖੈ ਆਪਿ ਫੂਕ[੨੬] ਕਢਾਏ ਢਹਿ ਪਵੈ ॥ ੨ ॥ ਪਉੜੀ ॥ ਸਤਸੰਗਤਿ ਨਾਮੁ ਨਿਧਾਨੁ[੨੭] ਹੈ ਜਿਥਹੁ ਹਰਿ ਪਾਇਆ ॥ [੨੮]ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥ ਲੋਹਾ ਪਾਰਸਿ[੨੯] ਭੇਟੀਐ ਕੰਚਨੁ ਹੋਇ ਆਇਆ ॥ ਨਾਨਕ ਸਤਿਗੁਰਿ ਮਿਲਿਐ

੧ ਨਸ ਗਈਆਂ ਹਨ ।
੨ [ਅਖਾਜ] ਨਾ ਖਾਣ ਜੋਗ, ਹਰਾਮ ।
੩ ਸ਼ਰਮ (ਉਦਮ) ਵੀ ਆਪਣਾ ਡੇਰਾ ਚੁੱਕ ਲੈ ਗਿਆ ਹੈ ਤੇ ਪਤ ਵੀ ਉੱਦਮ ਨਾਲ ਹੀ ਉੱਠ ਗਈ ਹੈ ।
੪ ਹਨੇਰਾ (ਅਗਿਆਨਤਾ ਦੇ ਕਾਰਨ) ।
੫ ਜੋਗੀਆਂ ਦਾ ਚੋਗਾ, ਖ਼ਫ਼ਨੀ ।
੬ ਭਟਕਦਾ ਰਹਿੰਦਾ ਹੈ ਮੂਰਖ ।
੭ ਲੱਖਾਂ ਵਰ੍ਹੇ ਜੀਵਣ ਹੋਵੇ ।
੮ ਭਾਵ ਬਹੁਤ ਖੁਸ਼ੀਆਂ ਤੇ ਚਾਉ ਹੋਣ ।
੯ ਇਨ੍ਹਾਂ ਤੋਂ ਵਿਛੜ ਕੇ ਵਿਛੋੜਾ ਰੂਪ ਵਿਸ (ਦੁੱਖ) ਹੁੰਦਾ ਹੈ ਤੇ ਸਾਰੀਆਂ ਖੁਸ਼ੀਆਂ ਇਕ ਘੜੀ ਵਿੱਚ ਚਲੀਆਂ ਜਾਂਦੀਆਂ ਹਨ ।
੧੦ ਭਾਵ ਆਖਰ ਦੁੱਖ ਹੀ ਆਉਂਦਾ ਹੈ ।
੧੧ ਭਾਵ ਕੌੜਾ ਭੁਲਦਾ ਨਹੀਂ ।
੧੨ ਅੰਤ ਵਿੱਚ ਭੋਗਾਂ ਕਰ ਕੇ ਜੀਵ ਖਰਾਬ ਹੁੰਦੇ ਹਨ।
੧੩ ਐਵੇਂ ਝਖ ਮਾਰਨ ਤੁਲ ਹੈ ਤੇ ਵਾਧੂ ਝਗੜਾ ਹੈ।
੧੪ ਫਿਰ ਵੀ ਵਿਸ਼ਿਆਂ ਵੱਲ ਝੱਖਾਂ ਮਾਰਨ ਜਾਂਦੇ ਹਨ।
੧੫ ਕੱਪੜੇ ਤੇ ਲੱਕੜ ਆਦਿਕ ਦੇ ਕਈ ਸਾਮਾਨ (ਕੁਰਸੀਆਂ ਆਦਿ) ।
੧੬ ਮਕਾਨ ਚੂਨੇ-ਗਚ ਐਸੇ ਕੀਤੇ ਹਨ ਕਿ ਚਿੱਟੇ ਹੀ ਚਿੱਟੇ ਹੋ ਗਏ ।
੧੭ ਸੁਆਦਾਂ ਤੇ ਸੁਖਾਂ ਨਾਲ ਮਨ ਨੂੰ ਖਿਡਾਉਂਦੇ ਰਹੇ।
੧੮ ਤਦ ਮਾਲਕ ਪਾਸੋਂ ਉਲ੍ਹਾਮਾ ਲਿਆ ।
੧੯ ਵਿਸ਼ੇ ਵਿਕਾਰ, ਜੋ ਅੰਤ ਕੌੜੇ ਹਨ, ਮਿੱਠੇ ਸਮਝ ਕੇ ਖਾਧੇ ।
੨੦ ਹਰੀ ਨਾਮ ਰੂਪ ਮਿੱਠਾ ।
੨੧ ਪੱਲੇ । ਦੇਖੋ ਪੰਨਾ ੪੬੬, ਨੋਟ ੧੦ । ਜੇ ਮੁੜ ਕੇ ਮਿੱਠਾ ਨਾਮ ਸੇਵੇ ਤਾਂ, ਹੇ ਮਾਂ ! ਵਿਸ਼ਿਆਂ ਦੀ ਕੁੜੱਤਨ ਦੂਰ ਹੋ ਜਾਂਦੀ ਹੈ ।
੨੨ ਗੁਰੂ ਦੁਆਰੇ ।
੨੩ ਭਾਗਾਂ ਵਿੱਚ ।
੨੪ ਜੋ ਵੇਦਾਂ ਨੇ ਲਿਆਂਦੀ (ਸੰਸਾਰ ਵਿੱਚ) । ਵੇਦਾਂ ਦੀਆਂ ਦੱਸੀਆਂ ਕਥਾ-ਕਹਾਣੀਆਂ ਵਿੱਚ ਤਾਂ ਪੁੰਨ-ਪਾਪ ਨੂੰ ਵਿਚਾਰਿਆ ਹੁੰਦਾ ਹੈ ਤੇ ਦੱਸਿਆ ਹੁੰਦਾ ਹੈ ਕਿ ਕਿਵੇਂ ਮਨੁੱਖ ਦਿੱਤਾ ਲੈਂਦੇ ਤੇ ਲੀਤਾ ਦੇਂਦੇ ਹਨ ਤੇ ਕਰਮਾਂ ਅਨੁਸਾਰ ਨਰਕ ਸੁਰਗ ਵਿੱਚ ਵਾਸਾ ਮਿਲਦਾ ਹੈ । ਨਾਲੇ ਇਨ੍ਹਾਂ ਦੇ ਪੜ੍ਹਨ ਨਾਲ ਲੋਕੀਂ ਉੱਚੀਆਂ ਤੇ ਨੀਵੀਆਂ ਜਾਤਾਂ ਅਤੇ ਕਿਸਮਾਂ ਦੇ ਭਰਮ ਵਿੱਚ ਭਟਕਦੇ ਰਹਿੰਦੇ ਹਨ (ਇਨ੍ਹਾਂ ਗੱਲਾਂ ਤੋਂ ਕੋਈ ਉੱਚੀ ਗੱਲ ਨਹੀਂ ਦੱਸੀ ਹੁੰਦੀ) ਦੇਖੋ ਪੰਨਾ ੯੨੦, ਨੋਟ ੧੮ ।
੨੫ ਦੂਜੇ ਪਾਸੇ ਗੁਰੂ ਦੀ ਅੰਮ੍ਰਿਤ ਬਾਣੀ ਹੀ ਹੈ ਜੋ ਅਸਲੀ ਗੱਲ ਦਸਦੀ ਹੈ, ਕਿਉਂਕਿ ਇਹ ਬਾਣੀ ਗਿਆਨ ਧਿਆਨ ਦੀ ਹਾਲਤ ਵਿੱਚ ਆਈ ਹੈ (ਇਥੇ ਦਾ ਲਫ਼ਜ਼ 'ਆਈ' ਦਸਦਾ ਹੈ ਕਿ ਉਤੇ ਪਾਠ 'ਆਣੀ' ਵੱਖਰਾ ਕਰ ਕੇ ਲੈਣਾ ਹੈ) ।
੨੬ ਸੁਰਤਿਆਂ ਨੇ ਬਖ਼ਸ਼ਿਸ਼ ਦੁਆਰਾ ਧਿਆਈ ।
੨੭ ਪਹਿਲਾਂ ।
੨੮ ਬੀਜ। ਪਾਪ-ਪੁੰਨ ਨਰਕ-ਸੁਰਗ ਦਾ ਕਾਰਨ ਹਨ।
੨੯ ਵੇਦ ਤਾਂ ਨਿਰਾ ਵਪਾਰੀ ਹੈ, ਅਸਲ ਚੀਜ਼ ਗਿਆਨ ਹੈ, ਜਿਸ ਨੂੰ ਵੇਦ ਆਪਣੀ ਪੂੰਜੀ ਬਣਾ ਕੇ ਵਰਤਦਾ ਹੈ । ਭਾਵ ਵੇਦ ਦੇ ਪਾਸ ਆਪਣਾ ਕੁਝ ਨਹੀਂ । ਹਰੀ-ਗਿਆਨ ਹੀ ਇਸ ਵਿੱਚ ਮੂਲ ਵਸਤੂ ਹੈ ਜੋ ਮਨੁੱਖ ਨੂੰ ਹਰੀ ਦੀ ਮਿਹਰ ਕਰ ਕੇ ਮਿਲਦੀ ਹੈ ('ਵੇਦੁ' ਦੇ ਅੰਤ ਔਂਕੜ ਹੋਣ ਕਰ ਕੇ ਅਰਥ 'ਵੇਦ ਦਾ' ਨਹੀਂ ਹੋ ਸਕਦਾ । 'ਵੇਦੁ' ਕਰਤਾ ਕਾਰਕ ਵਿੱਚ ਹੈ। ਦੇਖੋ ਨੇਮ ੪) ।

* **ਸ਼ਲੋਕ** : ਸੰਸਾਰਕ ਭੋਗ ਅਤੇ ਖੁਸ਼ੀ ਦੇ ਸਮਿਆਨ ਮਿੱਠੇ ਲਗਦੇ ਹਨ, ਪਰ ਅੰਤ ਕੌੜੇ ਸਾਬਤ ਹੁੰਦੇ ਹਨ । ਇਹ ਕੁੜੱਤਨ ਦੂਰ ਤਦ ਹੋ ਸਕਦੀ ਹੈ ਕਿ ਮਿੱਠੇ ਨਾਮ ਦਾ ਸੇਵਨ ਕਰੀਏ । ਇਹ ਨਾਮ ਹਰੀ ਦੀ ਮਿਹਰ ਨਾਲ ਗੁਰੂ ਤੋਂ ਮਿਲਦਾ ਹੈ । **ਪਉੜੀ** : ਜੋ ਕੁਝ ਮਨੁੱਖ ਆਪਣੇ ਅੰਦਰ ਭਰਦਾ ਰਹਿੰਦਾ ਹੈ, ਉਹੋ ਉਸ ਦੇ ਪੇਸ਼ ਆਉਂਦਾ ਹੈ । ਕੂੜ ਤੇ ਲਾਲਚ ਕਰਨ ਨਾਲ ਜੂਨਾਂ ਵਿੱਚ ਭਉਣਾ ਪੈਂਦਾ ਹੈ ।

† **ਸ਼ਲੋਕ** : ਵੇਦਾਂ ਤੋਂ ਠੀਕ ਅਗਵਾਈ ਨਹੀਂ ਮਿਲ ਸਕਦੀ, ਕਿਉਂਕਿ ਓਹ ਤਾਂ ਕਰਮ-ਕਾਂਡ ਵਿੱਚ ਹੀ ਰਹਿੰਦੇ ਹਨ ਅਤੇ ਮਨੁੱਖਾਂ ਨੂੰ ਉੱਚੀਆਂ ਨੀਵੀਆਂ ਜ਼ਾਤਾਂ ਦੇ ਭਰਮ ਵਿੱਚ ਪਾ ਰੱਖਦੇ ਹਨ । ਅਸਲ ਗਿਆਨ ਤੇ ਲਿਵ ਵਾਲੀਆਂ ਗੱਲਾਂ ਕੇਵਲ ਸਤਿਗੁਰੂ ਦੀ ਬਾਣੀ ਹੀ ਦਸਦੀ ਹੈ । ਵੇਦ ਤਾਂ ਮਨੁੱਖ ਨੂੰ ਨਿਰੀ ਕਰਮ-ਫ਼ਿਲਾਸਫ਼ੀ ਦੇ ਪਿੱਛੇ ਪਾ ਦਿੰਦੇ ਹਨ । ਅਸਲ ਚੀਜ਼ ਗਿਆਨ ਹੈ ਜੋ ਸਾਨੂੰ ਕਰਮਾਂ ਦੀਆਂ ਗਿਣਤੀਆਂ ਮਿਣਤੀਆਂ ਅਤੇ ਉਨ੍ਹਾਂ ਦੇ ਫਲ, ਨਰਕ-ਸੁਰਗ ਤੋਂ ਕੱਢ ਕੇ ਹਰੀ ਨੂੰ ਵੱਡਾ ਕਰ ਕੇ ਦਸਦਾ ਅਤੇ ਉਸ ਦੇ ਸੱਚੇ ਨਾਮ ਵਿੱਚ ਲੀਨ ਕਰਾਉਂਦਾ ਹੈ । ਵੇਦ ਵੀ ਆਪਣੇ ਅੰਦਰ ਕੋਈ ਅਸਲੀ ਗੁਣ ਨਹੀਂ ਰੱਖਦਾ । ਇਸ ਨੂੰ ਭੀ 'ਗਿਆਨ' ਦਾ ਆਸਰਾ ਲੈਣ ਦੀ ਲੋੜ ਹੈ । ਤਾਂ ਤੇ 'ਗਿਆਨ' ਦਾ ਆਸਰਾ ਹੀ ਕਿਉਂ ਨਾ ਲਈਏ, ਜੋ ਹਰੀ ਦੀ ਬਖ਼ਸ਼ਿਸ਼ ਤੋਂ ਮਿਲਦਾ ਹੈ । **ਪਉੜੀ** : ਮਨੁੱਖ ਨੂੰ ਸਾਧ ਸੰਗਤ ਦੇ ਰਾਹੀਂ ਹਰੀ ਦਾ ਹੁਕਮੀ ਬੰਦਾ ਤੇ ਮਿਹਰ ਦਾ ਪਾਤਰ ਬਣਨ ਦੀ ਲੋੜ ਹੈ; ਆਪ-ਹੁਦਰਾ ਹੋਣ ਨਾਲ ਕੁਝ ਨਹੀਂ ਬਣਨਾ, ਭਾਵੇਂ ਉੱਤੋਂ-ਉੱਤੋਂ ਕਿਤਨੇ ਕਰਮ-ਕਾਂਡ ਪਿਆ ਕਰੇ।

ਸੁਚ ਭੰਨੀ[੧] ਖਾਣਾ ਖਾਜੁ ਅਹਾਜੁ[੨] ॥ [੩]ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥ ੨ ॥ ਪਉੜੀ ॥ ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ[੪] ॥ ਖਿੰਥਾ[੫] ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ ॥ ਸਾਹਿਬ ਸਬਦੁ ਨ ਊਚਰੈ ਮਾਇਆ ਮੋਹ ਪਸਾਰੀ ॥ ਅੰਤਰਿ ਲਾਲਚੁ ਭਰਮੁ ਹੈ [੬]ਭਰਮੈ ਗਾਵਾਰੀ ॥ ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥ ੧੪ ॥ ਸਲੋਕ ਮਃ ੧* ॥ ਲਖ ਸਿਉ ਪ੍ਰੀਤਿ ਹੋਵੈ [੭]ਲਖ ਜੀਵਣੁ [੮]ਕਿਆ ਖੁਸੀਆ ਕਿਆ ਚਾਉ ॥ [੯]ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ ॥ ਜੇ ਸਉ ਵਰ੍ਹਿਆ ਮਿਠਾ ਖਾਜੈ ਭੀ [੧੦]ਫਿਰਿ ਕਉੜਾ ਖਾਇ ॥ ਮਿਠਾ ਖਾਧਾ ਚਿਤਿ ਨ ਆਵੈ [੧੧]ਕਉੜਤਣੁ ਧਾਇ ਜਾਇ ॥ ਮਿਠਾ ਕਉੜਾ ਦੋਵੈ ਰੋਗ ॥ ਨਾਨਕ [੧੨]ਅੰਤਿ ਵਿਗੁਤੇ ਭੋਗ ॥ [੧੩]ਝਖਿ ਝਖਿ ਝਖਣਾ ਝਗੜਾ ਝਾਖ ॥ ਝਖਿ ਝਖਿ ਜਾਹਿ [੧੪]ਝਖਹਿ ਤਿਨ੍ ਪਾਸਿ ॥ ੧ ॥ ਮਃ ੧ ॥ [੧੫]ਕਾਪੜੁ ਕਾਠੁ ਰੰਗਾਇਆ ਰਾਂਗਿ ॥ [੧੬]ਘਰ ਗਚ ਕੀਤੇ ਬਾਗੇ ਬਾਗ ॥ [੧੭]ਸਾਦ ਸਹਜ ਕਰਿ ਮਨੁ ਖੇਲਾਇਆ ॥ [੧੮]ਤੈ ਸਹ ਪਾਸਹੁ ਕਹਣੁ ਕਹਾਇਆ ॥ [੧੯]ਮਿਠਾ ਕਰਿ ਕੈ ਕਉੜਾ ਖਾਇਆ ॥ ਤਿਨਿ ਕਉੜੈ ਤਨਿ ਰੋਗੁ ਜਮਾਇਆ ॥ ਜੇ ਫਿਰਿ ਮਿਠਾ[੨੦] ਪੇੜੈ[੨੧] ਪਾਇ ॥ ਤਉ ਕਉੜਤਣੁ ਚੂਕਸਿ ਮਾਇ ॥ ਨਾਨਕ ਗੁਰਮੁਖਿ[੨੨] ਪਾਵੈ ਸੋਇ ॥ ਜਿਸ ਨੋ ਪ੍ਰਾਪਤਿ[੨੩] ਲਿਖਿਆ ਹੋਇ ॥ ੨ ॥ ਪਉੜੀ ॥। ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥ ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥ ੧੫ ॥ ਸਲੋਕ ਮਃ ੨† ॥ ਕਥਾ ਕਹਾਣੀ [੨੪]ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥ [੨੫]ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ [੨੬]ਸੁਰਤੀਂ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ[੨੭] ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥ ੧ ॥ ਮਃ ੧ ॥ ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ[੨੮] ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥ [੨੯]ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥ ੨ ॥ ਪਉੜੀ ॥

੧ ਭੈ ਤੋਂ ਬਿਨਾਂ ਹੈ ਤੇ ਸ੍ਰੇਸ਼ਟ ਹੈ ।
੨ ਪੋਲੀ ।
੩ ਬਖ਼ਸ਼ਿਸ਼ ਦਵਾਰਾ ।
੪ ਸਹਜ-ਅਵਸਥਾ ਵਿੱਚ ਹੋ ਕੇ, ਭਾਵ ਪੂਰਨ ਅਡੋਲਤਾ ਵਾਲੀ ਹਾਲਤ ਵਿੱਚ ਹੋ ਕੇ, ਸੁਖ ਮਿਲਦਾ ਹੈ ।
੫ ਗੁਰੂ ਦੁਆਰਾ ।
੬ ਮੈਂ ਅੰਨ੍ਹਾ (ਅਗਿਆਨੀ) ਹਾਂ, ਪਰ ਨਾਂ ਸੁਜਾਖਾ ਰੱਖ ਲਿਆ ਹੈ । 'ਮਨਿ ਅੰਧਾ ਨਾਉ ਸੁਜਾਣੁ' (ਵਾਰ ਆਸਾ) ।
੭ ਜੋ ਕੁਝ ਆਖਣ ਹੁੰਦਾ ਹੈ, ਉਹ ਸਾਰਾ ਸ਼ਬਦਾਂ ਦੁਆਰਾ ਹੀ ਹੁੰਦਾ ਹੈ ਅਤੇ ਆਖਿਆ ਭੀ ਆਪੋ ਆਪਣੇ ਸੁਭਾਵ ਦੇ ਅਨੁਸਾਰ ਹੁੰਦਾ ਹੈ । ਪਰ ਬਹੁਤਾ ਆਖਣਾ ਇਹੋ ਬਣਦਾ ਹੈ ਕਿ ਸਭ ਉਸੇ ਦੀ ਵਡਿਆਈ ਹੈ ।
੮ ਜਦੋਂ ਜੀਵ ਦੀ ਹਸਤੀ ਨਹੀਂ ਸੀ ਤਾਂ ਕਿਹੜੀ ਕਮਾਈ ਕਰਦਾ ਸੀ ਤੇ ਜਦੋਂ ਜੰਮਿਆ ਫਿਰ ਕਿਹੜੀ ਕਾਰ ਕਰ ਸਕਦਾ ਹੈ ? ਭਾਵ ਇਸ ਦੇ ਵਸ ਕੁਝ ਨਹੀਂ ।
੯ ਭਾਵੇਂ ਚੁੱਪ ਕਰ ਰਹੀਏ ਤੇ ਭਾਵੇਂ ਮੰਗੀਏ, ਉਹ ਮਰਜ਼ੀ ਨਾਲ ਦਾਤ ਕਰਦਾ ਹੈ ।
੧੦ ਸ੍ਰਿਸ਼ਟੀ । ਸਾਰੀ ਸ੍ਰਿਸ਼ਟੀ ਫਿਰ ਕੇ ਦੇਖ ਲੈ, ਤੈਨੂੰ ਇਹੋ ਪਤਾ ਲਗੇਗਾ ਕਿ ਦਾਤਾ ਇਕੋ ਹੈ, ਹੋਰ ਸਾਰੇ ਉਸ ਤੋਂ ਮੰਗਣ ਵਾਲੇ ਹਨ ।
੧੧ ਇਤਨਾ ਕੁਝ ਹੀ ਪਤਾ ਲਗਦਾ ਹੈ ਕਿ ਦਾਤਾ ਉਹੀ ਹੈ ਜੋ ਅਟੱਲ ਹੈ ।
੧੨ ਸੁਖ ਵਿੱਚ ਸੌਂਦਾ ਹੈ ।
੧੩ ਉਹ ਭੀ ਉਨ੍ਹਾਂ ਤੋਂ ਮੰਨਣ ਹੁੰਦਾ ਹੈ, ਜਿਨ੍ਹਾਂ ਨੂੰ ਹਰੀ ਦਿੰਦਾ ਹੈ ।
੧੪ ਪੁਕਾਰਦਾ ਰਹਿੰਦਾ ਹੈ ਪਰ ਜਾਣਦਾ ਕੁਝ ਨਹੀਂ।
੧੫ ਫਿਰ ਟਾਹਰਾਂ ਨਹੀਂ ਮਾਰਦਾ (ਗਿਆਨ-ਅਵਸਥਾ ਵਿੱਚ ਬੋਲਣ ਦੀ ਲੋੜ ਨਹੀਂ ਰਹਿੰਦੀ) ।
੧੬ ਬਲ ਵਾਲਾ ।
੧੭ ਸੱਚੇ ਨਾਮ ਕਰ ਕੇ ।
੧੮ ਮਾਇਆ ਤੋਂ ਰਹਿਤ (ਹਰੀ ਦਾ ਨਾਮ) ।
੧੯ ਵਿਆਪਕ । ੨੦ ਬਖ਼ਸ਼ਿਸ਼ ।
੨੧ ਕਲਜੁਗੀ ਲੁਕਾਈ ਕੁਤੇ-ਮੂੰਹੀ ਹੋਈ-ਹੋਈ ਹੈ । ਭਾਵ ਲੋਕਾਂ ਵਿੱਚ ਕੁੱਤੇ ਵਰਗਾ ਲਾਲਚ ਵਰਤ ਰਿਹਾ ਹੈ ।
੨੨ ਵੱਢੀ ਆਦਿਕ ਹਰਾਮ ਚੀਜ਼ ।
੨੩ ਮੁੱਕ ਗਿਆ ।
੨੪ ਸੋਅ, ਮਸ਼ਹੂਰੀ ।
੨੫ ਮੱਥੇ 'ਤੇ ਲਿਖਿਆ ਲੇਖ ਹੀ ਉਘੜਦਾ ਹੈ ।
੨੬ ਮਨੁੱਖ ਸ਼ਿਕਾਰੀ (ਜ਼ਾਲਮ) ਹੋ ਰਹੇ ਹਨ ਤੇ ਇਸਤਰੀਆਂ (ਸੁਚੇਤ ਹੋ ਕੇ ਇਸ ਜ਼ੁਲਮ ਨੂੰ ਰੋਕਣ ਦੀ ਥਾਂ) ਮੂਰਖ ਹੋ ਕੇ ਵਰਤਦੀਆਂ ਹਨ।

* **ਸ਼ਲੋਕ** : ਤੇਰੀ ਸਿਫ਼ਤ ਤੇਰੇ ਅੱਗੇ ਹੀ ਕਰਨੀ ਹੋਈ, ਪਰ ਤੂੰ ਏਡਾ ਵੱਡਾ ਹੈਂ ਤੇ ਮੈਂ ਇਤਨਾ ਬੇਸਮਝ ਹਾਂ ਕਿ ਪੂਰੀ-ਪੂਰੀ ਸਿਫ਼ਤ ਕਰਨੀ ਅਸੰਭਵ ਹੈ । ਫਿਰ ਜੋ ਕੁਝ ਅਸਾਂ ਆਖਣਾ ਹੋਇਆ ਉਹ ਮਨੁੱਖੀ ਬੋਲੀ ਰਾਹੀਂ ਅਤੇ ਆਪਣੇ-ਆਪਣੇ ਸੁਭਾਉ ਅਨੁਸਾਰ ਆਖਣਾ ਹੋਇਆ । ਅਸੀਂ ਪੂਰੀ ਸਿਫ਼ਤ ਕਿਵੇਂ ਕਰ ਸਕਦੇ ਹਾਂ ? ਇਸ ਲਈ ਬਹੁਤਾ ਕੀ ਆਖਣਾ ਹੋਇਆ, ਇਹੋ ਕਿ ਸਭ ਹਰੀ ਦੀ ਵਡਿਆਈ ਹੈ । ਮਨੁੱਖ ਆਪ ਕੁਝ ਕਰਨ ਜੋਗਾ ਨਹੀਂ, ਹਰੀ ਹੀ ਸਭ ਕੁਝ ਕਰਦਾ ਹੈ, ਉਹੋ ਅਸਲ ਦਾਤਾ ਹੈ । **ਪਉੜੀ** : ਨਾਮ ਮੰਨਣ ਨਾਲ ਸਭ ਸਮਰੱਥਾ ਮਿਲਦੀ ਹੈ । ਇਹ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ ।

† **ਸ਼ਲੋਕ** : ਜਦ ਤੱਕ ਮਨੁੱਖ ਅਬੁਝ ਰਹਿੰਦਾ ਹੈ, ਤਦ ਤੱਕ ਪੜ੍ਹਦਾ ਹੋਇਆ ਭੀ ਐਵੇਂ ਪਿਆ ਬੋਲਦਾ ਹੈ, ਪਰ ਜਦ ਸਮਝ ਪੈਂਦੀ ਸੁ, ਤਾਂ ਚੁੱਪ ਹੋ ਜਾਂਦਾ ਹੈ । ਸਮਝ ਉਸ ਨੂੰ ਇਹ ਆਉਂਦੀ ਹੈ ਕਿ ਮੈਂ ਕੁਝ ਨਹੀਂ, ਹਰੀ ਹੀ ਸਭ ਕੁਝ ਹੈ । **ਪਉੜੀ** : ਅਤੇ ਉਹ ਹਰੀ ਨਾਮ ਦੇ ਰੂਪ ਵਿੱਚ ਸਾਰੇ ਵਿਆਪਕ ਤੇ ਸਾਡੇ ਨਾਲ ਹੈ । ਗੁਰੂ ਸਾਡੇ ਅੰਦਰ ਵਸਦਾ ਵਿਖਾਲ ਦਿੰਦਾ ਹੈ ।

‡ **ਸ਼ਲੋਕ** : ਲੋਕਾਂ ਦਾ ਸੁਭਾਉ ਕੁੱਤਿਆਂ ਵਾਕੁਰ ਭੁੱਖਾ, ਬਕਵਾਸੀ ਤੇ ਕਮੀਨਾ ਹੋ ਗਿਆ ਹੈ । ਜਿਥੇ ਮਰਦ ਜ਼ਾਲਮ ਹੋ ਗਏ ਹਨ, ਤੀਵੀਆਂ, ਜੋ ਸੰਸਾਰ ਵਿੱਚ ਨਰਮਾਈ ਤੇ ਜ਼ਬਤ ਦੀਆਂ ਰਖਵਾਲੀਆਂ ਸਨ, ਨਿਰੀਆਂ ਮਿੱਟੀ ਦੀਆਂ ਮਾਧੋ ਬਣ ਕੇ ਸ਼ਰਮ ਤੇ ਇੱਜ਼ਤ ਗਵਾ ਰਹੀਆਂ ਹਨ । **ਪਉੜੀ** : ਧਰਮੀ ਲੋਕ ਵੀ ਨਿਰੀ ਬਾਹਰਲੀ ਪੋਚਾ-ਪਾਚੀ ਵਿੱਚ ਰੁਝੇ ਹੋਏ ਭਰਮ ਤੇ ਲਾਲਚ ਦਾ ਸ਼ਿਕਾਰ ਹੋ ਰਹੇ ਹਨ।

ਅਗੈ ਸਚਾ ਸਚਿ ਨਾਇ ਨਿਰਭਉ [੧]ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ[੨] ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ[੩] ਬੰਦਗੀ ਨਦਰਿ ਲੰਘਾਏ ਪਾਰਿ ॥ ੨ ॥ ਪਉੜੀ ॥ ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥ ਨਾਇ ਮੰਨਿਐ ਨਾਮੁ ਊਪਜੈ [੪]ਸਹਜੇ ਸੁਖੁ ਪਾਇਆ ॥ ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥ ਨਾਨਕ ਨਾਮੁ ਰਤੰਨੁ ਹੈ ਗੁਰਮੁਖਿ[੫] ਹਰਿ ਧਿਆਇਆ ॥ ੧੧ ॥ ਸਲੋਕ ਮਃ ੧* ॥ ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ ॥ ਤੁਧੁ ਅਗੈ ਤੁਧੈ ਸਾਲਾਹੀ [੬]ਮੈ ਅੰਧੇ ਨਾਉ ਸੁਜਾਖਾ ॥ [੭]ਜੇਤਾ ਆਖਣੁ ਸਾਹੀ ਸਬਦੀ ਭਾਖਿਆ ਭਾਇ ਸੁਭਾਈ ॥ ਨਾਨਕ ਬਹੁਤਾ ਏਹੋ ਆਖਣੁ ਸਭ ਤੇਰੀ ਵਡਿਆਈ ॥ ੧ ॥ ਮਃ ੧ ॥ [੮]ਜਾਂ ਨ ਸਿਆ ਕਿਆ ਚਾਕਰੀ ਜਾਂ ਜੰਮੇ ਕਿਆ ਕਾਰ ॥ ਸਭਿ ਕਾਰਣ ਕਰਤਾ ਕਰੇ ਦੇਖੈ ਵਾਰੋ ਵਾਰ ॥ [੯]ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ ॥ ਇਕੁ ਦਾਤਾ ਸਭਿ ਮੰਗਤੇ ਫਿਰਿ ਦੇਖਹਿ ਆਕਾਰੁ[੧੦] ॥ ਨਾਨਕ [੧੧]ਏਵੈ ਜਾਣੀਐ ਜੀਵੈ ਦੇਵਣਹਾਰੁ ॥ ੨ ॥ ਪਉੜੀ ॥ ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥ ਨਾਇ ਮੰਨਿਐ ਗੁਣ ਉਚਰੈ ਨਾਮੇ [੧੨]ਸੁਖਿ ਸੋਈ ॥ ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥ ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ ॥ ਨਾਨਕ ਪੂਰੇ ਗੁਰ ਤੇ ਨਾਉ ਮੰਨੀਐ [੧੩]ਜਿਨ ਦੇਵੈ ਸੋਈ ॥ ੧੨ ॥ ਸਲੋਕ ਮਃ ੧† ॥ ਸਾਸਤ੍ਰ ਬੇਦ ਪੁਰਾਣ ਪੜ੍ਹੰਤਾ ॥ [੧੪]ਪੂਕਾਰੰਤਾ ਅਜਾਣੰਤਾ ॥ ਜਾਂ ਬੂਝੈ ਤਾਂ ਸੂਝੈ ਸੋਈ ॥ ਨਾਨਕੁ ਆਖੈ [੧੫]ਕੂਕ ਨ ਹੋਈ ॥ ੧ ॥ ਮਃ ੧ ॥ ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ ॥ ਆਪੇ ਸਕਤਾ[੧੬] ਆਪੇ ਸੁਰਤਾ ਸਕਤੀ ਜਗਤੁ ਪਰੋਵਹਿ ॥ ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ॥ ਨਾਨਕ ਸਚਾ [੧੭]ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥ ੨ ॥ ਪਉੜੀ ॥ ਨਾਮੁ ਨਿਰੰਜਨ[੧੮] ਅਲਖੁ ਹੈ ਕਿਉ ਲਖਿਆ ਜਾਈ ॥ ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥ ਨਾਮੁ ਨਿਰੰਜਨ ਵਰਤਦਾ ਰਵਿਆ[੧੯] ਸਭ ਠਾਂਈ ॥ ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥ ਨਾਨਕ ਨਦਰੀ ਕਰਮੁ[੨੦] ਹੋਇ ਗੁਰ ਮਿਲੀਐ ਭਾਈ ॥ ੧੩ ॥ ਸਲੋਕ ਮਃ ੧‡ ॥ [੨੧]ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ[੨੨] ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ[੨੩] ਧਰਮੁ ਬੀਚਾਰੁ ॥ ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ[੨੪] ॥ [੨੫]ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥੧॥ ॥ ਮਃ ੧ ॥ [੨੬]ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ ਸੀਲੁ ਸੰਜਮੁ

੧ ਠਾਕੁਰ ਦੀ ਮੂਰਤੀ ਭੁੱਖਿਆਂ ਨੂੰ ਖਾਣ ਨੂੰ ਨਹੀਂ ਦਿੰਦੀ ਤੇ ਮਰਨ ਤੋਂ ਬਚਾਅ ਨਹੀਂ ਸਕਦੀ ।
੨ ਸਭਾ ਵਿੱਚ ।
੩ ਹੁਕਮ, ਹਕੂਮਤਾਂ ।
੪ ਖਾਣੇ ।
੫ ਇਨ੍ਹਾਂ ਸਭਨਾਂ ਨੂੰ ਹੁਕਮ ਵਿੱਚ ਚਲਾਂਦਾ ਹੈ ਤੇ ਜੀਵਾਂ ਦੇ ਕਰਮਾਂ ਅਨੁਸਾਰ ਕਲਮ ਵਗਦੀ ਹੈ। ਹਰੀ ਸਭ ਨੂੰ ਆਪਣੇ ਹੁਕਮ ਅਨੁਸਾਰ ਚਲਾਂਦਾ ਹੈ, ਪਰ ਇਹ ਹੁਕਮ ਅੰਨ੍ਹੇਵਾਹ ਨਹੀਂ ਚਲਦਾ, ਜੀਵਾਂ ਦੇ ਕਰਮਾਂ ਨੂੰ ਵੇਖ ਕੇ ਚਲਦਾ ਹੈ । ਕਈਆਂ (ਬੁਧ ਆਦਿ) ਮਤਾਂ ਅਨੁਸਾਰ ਕਰਮਾਂ ਦਾ ਫਲ ਸੁਤੇ ਹੀ ਮਿਲ ਜਾਂਦਾ ਹੈ ਪਰ ਗੁਰਮਤਿ ਵਿੱਚ ਕਰਮਾਂ ਨੂੰ ਆਪਣੇ ਆਪ ਹੀ ਫਲ ਦੇਣ ਦੇ ਸਮਰੱਥ ਨਹੀਂ ਮੰਨਿਆ । ਕਰਮਾਂ ਨੂੰ ਜਾਚ ਕੇ ਉਨ੍ਹਾਂ ਦਾ ਫਲ ਦੇਣਾ ਹਰੀ ਦੇ ਹੁਕਮ ਦੇ ਵਸ ਮੰਨਿਆ ਹੈ ।
੬ ਕਚਹਿਰੀ ।
੭ ਸੰਸਾਰ-ਸਾਗਰ । ੮ ਰਸਤਾ ।
੯ ਪ੍ਰਕਾਸ਼, ਚਾਨਣ ।
੧੦ ਸਿਰ ਪਰਨੇ ਫਿਰੇ (ਯਾਤ੍ਰਾ ਲਈ) ਤੇ ਇਕ ਪੈਰ ਭਾਰ ਜਪ ਕਰੇ ।
੧੧ ਪਵਨ ਵਤ ਚੰਚਲ ਮਨ ਨੂੰ ।
੧੨ ਧੌਣ ।
੧੩ ਕਿਸ ਉੱਤੇ ਉਹ ਟੇਕ ਰਖਦਾ ਹੈ ? ਭਾਵ ਇਹ ਆਸਰੇ ਤੁੱਛ ਹਨ ।
੧੪ ਆਸਰਾ ।
੧੫ ਭਾਵ ਇਹ ਨਹੀਂ ਕਿਹਾ ਜਾਂਦਾ ਕਿ ਕਿਸ 'ਤੇ ਤਰੁੱਠ ਕੇ ਦਾਤ ਦਿੰਦਾ ਹੈ ।
੧੬ ਆਪਣਾ ਆਪ ਜਤਾਂਦਾ ਹੈ ।
੧੭ ਜੇ ਇਹ ਕਹਾਂ ਕਿ ਹਰੀ ਹੈ ।
੧੮ ਮੂੰਹ ਨਾਲ ।
੧੯ ਜੇ ਮੈਨੂੰ ਇਨੀ ਤਾਕਤ ਦੇਵੇਂ ਕਿ ਨਾ ਮੈਂ ਆਖਦਾ ਥੱਕਾਂ ਤੇ ਨਾ ਕਿਸੇ ਤੋਂ ਰੋਕਿਆਂ ਰੁਕਾਂ, ਤਾਂ ਵੀ ਤੈਨੂੰ ਬਹੁਤ ਘਟ ਬਿਆਨ ਕਰ ਸਕੀਦਾ ਹੈ; ਕਿਉਂਕਿ ਤੂੰ ਕਥਨ ਰਹਿਤ ਹੈਂ । ਜੋ ਕਹਿੰਦਾ ਹੈ ਕਿ ਮੈਂ ਥੋੜ੍ਹੇ ਤੋਂ ਕੁਝ ਵਧੀਕ ਆਖਿਆ ਹੈ ਉਹ ਦੋਸ਼ ਕਰ ਰਿਹਾ ਹੈ ।
੨੦ ਥੋੜ੍ਹੇ ਤੋਂ ਥੋੜ੍ਹੇ, ਰਤਾ ਭਰ ।
੨੧ ਸਾਰਾ ।
੨੨ ਜਿਨ੍ਹਾਂ ਨੇ ਜੀਭ (ਨਾਮ ਨਾਲ) ਰਸ ਵਾਲੀ ਬਣਾਈ।
੨੩ ਦਿਨ ।
੨੪ ਸਕੀਦੀ ।
੨੫ ਗਵਾਰਾ ਵਿਚਾਰਿਆਂ ਨੇ ਤਿਨਕਾ ਭਰ ਵੀ ਉਸ ਦਾ ਅੰਤ ਨਹੀਂ ਪਾਇਆ ।

* **ਸ਼ਲੋਕ** : ਔਖੇ-ਔਖੇ ਸਰੀਰਕ ਸਾਧਨ ਕਰਨ ਨਾਲ ਭੀ ਮਨ ਨੂੰ ਕੋਈ ਆਸਰਾ ਨਹੀਂ ਮਿਲ ਸਕਦਾ। ਜੀਭ ਨਾਲ ਭੀ ਕਿਤਨਾ ਪਏ ਆਖੀਏ, ਫਿਰ ਭੀ ਉਸ ਦਾ ਪੂਰਾ ਬਿਆਨ ਨਹੀਂ ਹੋ ਸਕਦਾ । **ਪਉੜੀ:** ਨਾਮ ਮੰਨਣ ਨਾਲ ਹੀ ਸਭ ਦੁੱਖ, ਭੁੱਖ ਦੂਰ ਹੋ ਕੇ ਮੁਕਤੀ ਮਿਲਦੀ ਹੈ ਤੇ ਸੰਗੀ-ਸਾਥੀ ਤਰਦੇ ਹਨ। ਨਾਮ ਦਾ ਮੰਨਣਾ ਗੁਰੂ ਤੋਂ ਹੀ ਮਿਲ ਸਕਦਾ ਹੈ ।

† **ਸ਼ਲੋਕ** : ਹਰੀ ਦੇ ਹੁਕਮ ਤੋਂ ਹੋਈ ਰਚਨਾ ਦੇਸ਼-ਕਾਲ ਵਾਲੀ ਇਤਨੀ ਵੱਡੀ ਹੈ ਕਿ ਇਸ ਦਾ ਬਿਆਨ ਨਹੀਂ ਹੋ ਸਕਦਾ । ਇਸ ਤੋਂ ਪਤਾ ਲਗਦਾ ਹੈ ਕਿ ਹਰੀ ਦੇ ਹੁਕਮ ਦਾ ਅੰਤ ਕੋਈ ਨਹੀਂ, ਭਾਵੇਂ ਕਿਤਨੀ ਭਾਲ ਪਏ ਕਰੀਏ ਤੇ ਕਿਤਨੇ ਪਏ ਪੜ੍ਹੀਏ ਜਾਂ ਵਿਚਾਰੀਏ, ਅਸਲ ਤੇ ਸਹੀ ਗੱਲ ਤਾਂ ਇਹੋ ਹੈ ਕਿ ਹਰੀ ਸੱਚਾ ਤੇ ਨਿਰਭਉ ਹੈ ਅਤੇ ਪਾਰ ਉਤਾਰਾ ਉਸ ਦੀ ਮਿਹਰ ਤੋਂ ਹੀ ਮਿਲਦਾ ਹੈ । **ਪਉੜੀ** : ਨਾਮ ਮੰਨਣ ਤੋਂ ਹੀ ਹਉਮੈ ਦੂਰ ਹੋ ਕੇ, ਮਤ ਉਜਲ ਹੋ ਕੇ ਇਹ ਗੱਲ ਸਮਝ ਆਉਂਦੀ ਹੈ ।

[੧]ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ[੨] ॥ ੧ ॥
ਮਹਲਾ ੧ ॥ ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥ ਸਭੇ ਕਰਣੇ ਤਪ
ਸਭਿ ਸਭੇ ਗੀਤ ਗਿਆਨ ॥ ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥
ਸਭਿ ਪਾਤਿਸਾਹੀਆ ਅਮਰ[੩] ਸਭਿ ਸਭਿ ਖੁਸੀਆ ਸਭਿ ਖਾਨ[੪] ॥ ਸਭੇ ਮਾਣਸ
ਦੇਵ ਸਭਿ ਸਭੇ ਜੋਗ ਧਿਆਨ ॥ ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥
[੫]ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ ਨਾਨਕ ਸਚਾ ਸਚਿ ਨਾਇ
ਸਚੁ ਸਭਾ ਦੀਬਾਨੁ[੬] ॥ ੨ ॥ ਪਉੜੀ ॥ ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ
ਹੋਈ ॥ ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥ ਨਾਇ ਮੰਨਿਐ
ਭਵਜਲੁ[੭] ਲੰਘੀਐ ਫਿਰਿ ਬਿਘਨੁ ਨ ਹੋਈ ॥ ਨਾਇ ਮੰਨਿਐ ਪੰਥੁ[੮] ਪਰਗਟਾ
ਨਾਮੇ ਸਭ ਲੋਈ[੯] ॥ ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ
ਸੋਈ ॥ ੯ ॥ ਸਲੋਕ ਮਃ ੧* ॥ ਪੁਰੀਆ ਖੰਡਾ [੧੦]ਸਿਰਿ ਕਰੇ ਇਕ ਪੈਰਿ
ਧਿਆਏ ॥ ਪਉਣੁ[੧੧] ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ[੧੨] ਤਲੈ ਦੇਇ ॥ [੧੩]ਕਿਸੁ
ਊਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ[੧੪] ਕਰੇਇ ॥ [੧੫]ਕਿਸ ਨੋ ਕਹੀਐ ਨਾਨਕਾ
ਕਿਸ ਨੋ ਕਰਤਾ ਦੇਇ ॥ ਹੁਕਮਿ ਰਹਾਏ ਆਪਣੈ ਮੂਰਖੁ [੧੬]ਆਪੁ ਗਣੇਇ ॥
੧ ॥ ਮਃ ੧ ॥ [੧੭]ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥ ਆਖੂੰ[੧੮]
ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ ॥ [੧੯]ਨਾ ਹਉ ਥਕਾਂ ਨ ਠਾਕੀਆ
ਏਵਡ ਰਖਹਿ ਜੋਤਿ ॥ ਨਾਨਕ [੨੦]ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥
੨ ॥ ਪਉੜੀ ॥ ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ[੨੧] ॥ ਨਾਇ
ਮੰਨਿਐ ਸੰਗਤਿ ਉਧਰੈ [੨੨]ਜਿਨ ਰਿਦੈ ਵਸਾਇਆ ॥ ਨਾਇ ਮੰਨਿਐ ਸੁਣਿ
ਉਧਰੇ [੨੩]ਜਿਨ ਰਸਨ ਰਸਾਇਆ ॥ ਨਾਇ ਮੰਨਿਐ ਦੂਖ ਭੁਖ ਗਈ ਜਿਨ
ਨਾਮਿ ਚਿਤੁ ਲਾਇਆ ॥ ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ
ਮਿਲਾਇਆ ॥ ੧੦ ॥ ਸਲੋਕ ਮਃ ੧† ॥ ਸਭੇ ਰਾਤੀ ਸਭਿ ਦਿਹ[੨੩] ਸਭਿ ਥਿਤੀ
ਸਭਿ ਵਾਰ ॥ ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥ ਸਭੇ ਪਾਣੀ
ਪਉਣ ਸਭਿ ਸਭਿ ਅਗਨੀ ਪਾਤਾਲ ॥ ਸਭੇ ਪੁਰੀਆ ਖੰਡ ਸਭਿ ਸਭਿ ਲੋਅ
ਲੋਅ ਆਕਾਰ ॥ ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ[੨੪] ਕਾਰ ॥ ਆਖਹਿ
ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥ [੨੫]ਤ੍ਰਿਣੁ ਨ ਪਾਇਓ ਬਪੁੜੀ
ਨਾਨਕੁ ਕਹੈ ਗਵਾਰ ॥ ੧ ॥ ਮਃ ੧ ॥ ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ
ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ
ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥

੧ ਰਜੀਦਾ ਹੈ ।
੨ ਨਾਮ ਸੁਣਨ ਨਾਲ ਨਾਮਵਰੀ (ਮਸ਼ਹੂਰੀ) ਮਿਲਦੀ ਹੈ ।
੩ ਗੁਰੂ ਦੁਆਰਾ ।
੪ ਰਾਗਾਂ ਵਿੱਚ ਗਾਉਣ ਵਿੱਚ (ਜਿਵੇਂ ਮੁਸਲਮਾਨ ਮੰਨਦੇ ਹਨ) ।
੫ ਚੰਦ ਸੂਰਜ ਦੇ ਕਾਰਨ ਪਏ ਰੁਤਾਂ ਦੇ ਭੇਦਾਂ (ਫਰਕਾਂ) ਵਿੱਚ ।
੬ ਅੰਨ ਆਦਿ ਵਿੱਚ ।
੭ ਇਸ਼ਨਾਨ ਵਿੱਚ (ਜਿਵੇਂ ਜੈਨੀ ਲੋਕ ਮੰਨਦੇ ਹਨ)।
੮ ਰੱਬ ਵੱਲੋਂ ਮੂੰਹ ਫੇਰਨ ਨਾਲ, ਮਨਮੁਖ ਹੋਣ ਨਾਲ ।
੯ ਸਿਆਣੇ ਪੰਡਤ ਦੀ ਚੁਲੀ ਇਹ ਹੈ ਕਿ ਉਹ ਵਿਚਾਰ ਕਰੇ ਅਤੇ ਜੋਗੀ ਦੀ ਚੁਲੀ ਇਹ ਹੈ ਕਿ ਕਾਮ ਤੋਂ ਬਚਿਆ ਰਹੇ ।
੧੦ ਗ੍ਰਿਹਸਥੀ ਦੀ ਚੁਲੀ ਇਹ ਹੈ ਕਿ ਪੁੰਨ ਦਾਨ ਕਰੇ ।
੧੧ ਇਨਸਾਫ਼ ।
੧੨ ਪਾਣੀ ਨਾਲ ਚਿਤ ਨਹੀਂ ਧੋਪਦਾ, ਭਾਵੇਂ ਮੂੰਹ ਰਾਹੀਂ ਪੀਤਿਆਂ ਪਿਆਸ ਲਹਿ ਜਾਂਦੀ ਹੈ ।
੧੩ ਪਾਣੀ ਸਾਰੀ ਰਚਨਾ ਦਾ ਮੂਲ ਹੈ ਤੇ ਅੰਤ ਪਾਣੀ ਹੀ ਸਾਰੀ ਰਚਨਾ ਨੂੰ ਖਾ ਜਾਏਗਾ । ਭਾਵ ਇਹ ਹੈ ਕਿ ਪਾਣੀ ਤਾਂ ਤੁਹਾਡੇ ਖਿਆਲ ਨਾਲ ਭੀ ਅਪਵਿਤ੍ਰ ਹੈ, ਕਿਉਂ ਜੋ ਸੰਸਾਰ ਦੀ ਇਸ ਤੋਂ ਉਤਪਤੀ ਤੇ ਪਰਲੈ ਹੈ ਤੇ ਇਨ੍ਹਾਂ ਸਮਿਆਂ 'ਤੇ ਤੁਸੀਂ ਸੂਤਕ ਗਿਣਦੇ ਹੋ । ਫਿਰ ਪਾਣੀ ਸੁੱਚਾ ਕਿਵੇਂ ਕਰ ਸਕਦਾ ਹੈ ?
੧੪ ਰਿਧਿ ਸਿਧ ਕਰਾਮਾਤੀ ਤਾਕਤਾਂ ।
੧੫ ਦੇਖੋ ਪੰ: ੧੧੨੯, ਫੁਟ ਨੋਟ * ।
੧੬ ਇੱਛਤ । ੧੭ ਮਾਇਆ ।
੧੮ ਮਨ ਦੀ ਉੱਚੀ ਤੋਂ ਉੱਚੀ ਅਵਸਥਾ ਜਿਥੇ ਪੂਰਨ ਅਡੋਲਤਾ ਤੇ ਸ਼ਾਂਤੀ ਹੁੰਦੀ ਹੈ ।
੧੯ ਜੀਵ ਦੁੱਖ ਦੀਆਂ ਅੱਗਾਂ ਨਾਲ ਮਾਰੀਦੇ ਹਨ ਪਰ ਫਿਰ ਦਾਰੂ ਭੀ ਦੁੱਖ ਹੀ ਹੁੰਦਾ ਹੈ । "ਦੁਖੁ ਦਾਰੂ ਸੁਖੁ ਰੋਗੁ ਭਇਆ" (ਵਾਰ ਆਸਾ)
੨੦ ਸੁਆਹ ।
੨੧ ਦਸ ਗੁਣੀ ਸੁਆਹ ਹੋਰ ਪਾਂਦਾ ਹੈ ।
੨੨ ਪਵਿਤ੍ਰਤਾ ।
੨੩ ਪੰਡਿਤ ਆਪਣੇ ਘਰ ਠਾਕੁਰ ਦੀ ਮੂਰਤੀ ਸਮੇਤ ਸਾਰੇ ਦੇਵਤਿਆਂ (ਗਣੇਸ਼, ਗਰੜ ਆਦਿ) ਦੇ ਰਖਦਾ ਹੈ ।
੨੪ ਇਸ਼ਨਾਨ ਕਰਾ ਕੇ ।
੨੫ ਕੇਸਰ ।
੨੬ ਮਨੁੱਖਾਂ ਤੋਂ, ਲੋਕਾਂ ਤੋਂ । ਭਾਵ ਜੇ ਰੱਬ ਘਰ ਵਿੱਚ ਰਖਦਾ ਹੈ, ਤਾਂ ਫਿਰ ਮਨੁੱਖਾਂ ਤੋਂ ਕਿਉਂ ਮੰਗਦਾ ਹੈ ।

* **ਸ਼ਲੋਕ** : ਜੂਠ ਕਿਸੇ ਮਾਦੀ ਚੀਜ਼ ਵਿੱਚ ਕਿਸੇ ਕਰਮ ਵਿੱਚ ਨਹੀਂ, ਇਹ ਤਾਂ ਮਨਮੁਖਤਾ ਵਾਲੇ ਦਿਲ ਵਿੱਚ ਪੈਦਾ ਹੁੰਦੀ ਹੈ ਅਤੇ ਸੁੱਚ ਨਿਰੇ ਪਾਣੀ ਨਾਲ ਸਰੀਰ ਨੂੰ ਧੋਣ ਨਾਲ ਨਹੀਂ ਹੋ ਸਕਦੀ । ਅੰਦਰ ਗੁਣ ਪੈਦਾ ਕਰਨ ਨਾਲ ਹਿਰਦਾ ਸ਼ੁੱਧ ਹੋਂਦਾ ਹੈ । **ਪਉੜੀ** : ਨਾਮ ਸੁਣਨ ਨਾਲ ਮਨ ਦੀਆਂ ਤਾਕਤਾਂ ਬਣਦੀਆਂ ਅਤੇ ਪੂਰਨ ਅਡੋਲਤਾ ਮਿਲਦੀ ਹੈ ।

† **ਸ਼ਲੋਕ** : ਮਨ ਤਦ ਤੱਕ ਦੁੱਖ ਵਿੱਚ ਸੜਦਾ ਰਹਿੰਦਾ ਹੈ, ਜਦ ਤੱਕ ਕਿ ਸਿਫ਼ਤ ਸਲਾਹ ਵਿੱਚ ਨਹੀਂ ਪੈਂਦਾ । ਸਾਰੇ ਕਰਮ ਜਿਹੜੇ ਮਨ ਦੀ ਲਗਨ ਤੋਂ ਬਿਨਾਂ ਕੀਤੇ ਜਾਂਦੇ ਹਨ, ਸੁਆਹ ਵਤ ਹਨ । **ਪਉੜੀ** : ਇਕ ਨਾਮ ਜਪਣਾ ਹੀ ਅਜੇਹਾ ਕਰਮ ਹੈ ਜਿਸ ਨਾਲ ਪਾਪ ਅਤੇ ਮੌਤ ਦੇ ਡਰ ਦਾ ਹਨੇਰਾ ਦੂਰ ਹੋ ਕੇ ਅੰਦਰ ਚਾਨਣਾ ਪੈਦਾ ਹੁੰਦਾ ਹੈ ਅਤੇ ਸੱਚ ਦਾ ਵਾਸਾ ਹੁੰਦਾ ਹੈ ।

‡ **ਸ਼ਲੋਕ** : ਦਿਲ ਦੀ ਭਗਤੀ ਛੱਡ ਕੇ ਮੂਰਤੀ ਪੂਜਾ ਕਰਨੀ ਵਿਅਰਥ ਹੈ । ਹਰੀ ਦੇ ਨਾਮ ਦੇ ਆਸਰੇ ਉਸ ਦੇ ਹੁਕਮ ਵਿੱਚ ਰਹਿਣ ਨਾਲ ਸਭ ਧਰਮ ਕਰਮ ਜਪ ਤਪ ਹੋ ਜਾਂਦੇ ਹਨ । **ਪਉੜੀ** : ਨਾਮ ਦੀ ਮਾਨਤਾ ਪੂਜਾ ਕਰਨ ਨਾਲ ਦੋਹਾਂ ਜਹਾਨਾਂ ਦੇ ਫਲ ਮਿਲ ਜਾਂਦੇ ਹਨ ।

ਸੁਣਿਐ ਮਨੁ ਤ੍ਰਿਪਤੀਐ[੧] ਸਭ ਦੁਖ ਗਵਾਈ ॥ [੨]ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥ ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥ ਗੁਰਮੁਖਿ[੩] ਨਾਮੁ ਧਿਆਈਐ ਨਾਨਕ ਲਿਵ ਲਾਈ ॥ ੬ ॥ ਸਲੋਕ ਮਹਲਾ ੧* ॥ ਜੂਠਿ ਨ ਰਾਗੀਂ[੪] ਜੂਠਿ ਨ ਵੇਦੀਂ ॥ ਜੂਠਿ ਨ [੫]ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ[੬] ਜੂਠਿ ਨ ਨਾਈ[੭] ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ [੮]ਮੁਹਿ ਫੇਰਿਐ ਮੁਹੁ ਜੂਠਾ ਹੋਇ ॥ ੧ ॥ ਮਹਲਾ ੧ ॥ ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ ॥ [੯]ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥ ਬ੍ਰਹਮਣ ਚੁਲੀ ਸੰਤੋਖ ਕੀ [੧੦]ਗਿਰਹੀ ਕਾ ਸਤੁ ਦਾਨੁ ॥ ਰਾਜੇ ਚੁਲੀ ਨਿਆਵ[੧੧] ਕੀ ਪੜਿਆ ਸਚੁ ਧਿਆਨੁ ॥ [੧੨]ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥ [੧੩]ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥ ੨ ॥ ਪਉੜੀ ॥ ਨਾਇ ਸੁਣਿਐ ਸਭ [੧੪]ਸਿਧਿ ਹੈ ਰਿਧਿ ਪਿਛੈ ਆਵੈ ॥ ਨਾਇ ਸੁਣਿਐ ਨਉ ਨਿਧਿ[੧੫] ਮਿਲੈ ਮਨ ਚਿੰਦਿਆ[੧੬] ਪਾਵੈ ॥ ਨਾਇ ਸੁਣਿਐ ਸੰਤੋਖੁ ਹੋਇ ਕਵਲਾ[੧੭] ਚਰਨ ਧਿਆਵੈ ॥ ਨਾਇ ਸੁਣਿਐ ਸਹਜੁ[੧੮] ਊਪਜੈ ਸਹਜੇ ਸੁਖੁ ਪਾਵੈ ॥ ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥ ੭ ॥ ਸਲੋਕ ਮਹਲਾ ੧† ॥ ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥ ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥ ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥ ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥ [੧੯]ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥ ੧ ॥ ਮਹਲਾ ੧ ॥ ਨਾਨਕ ਦੁਨੀਆ ਭਸੁ[੨੦] ਰੰਗੁ ਭਸੂ ਹੂ ਭਸੁ ਖੇਹ ॥ ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ ॥ ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ॥ ਅਗੈ ਲੇਖੈ ਮੰਗਿਐ ਹੋਰ [੨੧]ਦਸੂਣੀ ਪਾਇ ॥ ੨ ॥ ਪਉੜੀ ॥ ਨਾਇ ਸੁਣਿਐ ਸੁਚਿ[੨੨] ਸੰਜਮੋ ਜਮੁ ਨੇੜਿ ਨ ਆਵੈ ॥ ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥ ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥ ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥ ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ[੩] ਧਿਆਵੈ ॥ ੮ ॥ ਸਲੋਕ ਮਹਲਾ ੧‡ ॥ [੨੩]ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ[੨੪] ॥ ਕੁੰਗੂ[੨੫] ਚੰਨਣੁ ਫੁਲ ਚੜਾਏ ॥ ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ[੨੬] ਮੰਗਿ ਮੰਗਿ ਪੈਨ੍ਹੈ ਖਾਇ ॥ ਅੰਧੀ ਕੰਮੀ ਅੰਧ ਸਜਾਇ ॥

੧ ਕਰਨਹਾਰ ਕੇਵਲ ਕਰਤਾਰ (ਹਰੀ) ਹੀ ਹੈ, ਜਿਸ ਨੇ ਸ੍ਰਿਸ਼ਟੀ ਰਚੀ ਹੈ ।
੨ ਆਸਰਾ ।
੩ ਸਦਾ ਕਾਇਮ ।
੪ ਸੁਖਾਂ ਦਾ ਘਰ ।
੫ ਮਾਇਆ ਤੋਂ ਰਹਿਤ, ਪਵਿੱਤਰ ।
੬ ਮੁਖੀ ਗੁਰੂ ਦੀ ਬਾਣੀ ਨਾਮ ਹੈ; ਇਹੋ ਨਾਮ ਮੈਂ ਦਿਲ ਵਿੱਚ ਧਾਰਨ ਕਰਦਾ ਹਾਂ ।
੭ ਮਨ ਜੋ ਪੰਛੀ ਵਾਂਗ ਉਡਾਰੂ ਹੈ ।
੮ ਉਸ ਅੱਗੇ ਬੋਲਿਆ ਨਹੀਂ ਜਾਂਦਾ, ਭਾਵ ਕੋਈ ਚਾਰਾ ਨਹੀਂ ।
੯ ਚਿੱਠੀ, ਹੁਕਮ । ਜਿਸ ਦਾ ਹੁਕਮ ਅਟੱਲ ਹੈ (ਕੋਈ ਨਹੀਂ ਮੋੜ ਸਕਦਾ), ਅਸਲ ਮਾਲਕ ਉਹੋ ਗਿਣਿਆ ਜਾ ਸਕਦਾ ਹੈ ।
੧੦ ਜਿਸ ਦੇ ਹੁਕਮ ਅੰਦਰ ਸਭ ਨੇ ਚਲਨਾ ਹੈ ।
੧੧ ਸਿਪਹ-ਸਾਲਾਰ । ਉਹੋ ਸਰਦਾਰ ਮਲਕ ਅਤੇ ਫ਼ੌਜੀ ਹਾਕਮ ਗਿਣਿਆ ਜਾ ਸਕਦਾ ਹੈ ।
੧੨ ਰਸਤੇ । ਉਠ ਕੇ ਰਸਤੇ ਪੈਂਦੇ ਹਨ । ਭਾਵ ਜੋ ਉਹ ਚਾਹੁੰਦਾ ਹੈ, ਕਰਦੇ ਹਨ, ਕੋਈ ਉਜ਼ਰ ਨਹੀਂ ਕਰ ਸਕਦੇ । ਦੇਖੋ ਪੰਨਾ ੫੧, ਨੋਟ ੧੭ ।
੧੩ [ਫ਼ਾ. ਪੋਤਹਦਾਰ] ਖ਼ਜ਼ਾਨਚੀ ।
੧੪ ਜਿਨ੍ਹਾਂ ਭੰਡਾਰਿਆਂ, ਭਾਵ ਹਿਰਦਿਆਂ ਵਿੱਚੋਂ ਗੁਣ ਨਿਕਲਦੇ ਹਨ ।
੧੫ ਬਖ਼ਸ਼ਿਸ਼ ਦੀ ਨਜ਼ਰ ਉਨ੍ਹਾਂ ਉਤੇ ਹੀ ਹੁੰਦੀ ਹੈ ਜਿਹੜੇ ਨਾਮ ਦਾ ਝੰਡਾ ਲੈ ਕੇ ਚਲਦੇ ਹਨ । ਭਾਵ ਨਾਮ ਦੇ ਅਸਰ ਹੇਠਾਂ ਸਾਰੇ ਕੰਮ ਕਰਦੇ ਹਨ, ਜ਼ਿੰਦਗੀ ਬਿਤਾਉਂਦੇ ਹਨ ।
੧੬ ਦਿਲ ਜਾਂ ਅੰਦਰਲੀ ਲਗਨ ਜੇ ਪਿਛਲੇ ਛਾਬੇ ਪਾਈਏ ਤਾਂ ਪੂਰਾ ਤੁਲ ਸਕੀਦਾ ਹੈਂ; ਭਾਵ ਹੋਰ ਕਰਮ-ਕਾਂਡ ਨਾਲ ਤੁਲ ਨਹੀਂ ਸਕੀਦਾ ।
੧੭ ਬਚਨ । ਭਾਵ ਸਿਫ਼ਤ-ਸਲਾਹ ਨੂੰ ਹੋਰ ਕੁਝ ਨਹੀਂ ਅੱਪੜ ਸਕਦਾ, ਜਿਹੜਾ ਕਿ ਪੂਰੇ ਹਰੀ ਨੂੰ ਪੂਰਨ ਤੌਰ 'ਤੇ ਮਿਲਾ ਦਿੰਦਾ ਹੈ ।
੧੮ ਸਿਫਤ-ਸਲਾਹ ਆਖਣਾ ਵੱਡਾ ਹੈ ਤੇ ਇਸ ਦਾ ਤੋਲ ਭਾਰਾ ਹੈ ।
੧੯ ਸਿਫ਼ਤ-ਸਲਾਹ ਦਾ ਤੋਲ ਵੱਡਾ ਹੈ, ਧਰਤੀ ਪਾਣੀ ਆਦਿ ਵਾਂਗ ਵਜ਼ਨੀ ਹੈ ।
੨੦ ਕਰਮ-ਕਾਂਡ ਤੋਲੇ ਮਾਸੇ ਵਾਂਗ ਹੌਲੇ ਮੁੱਲ ਦੇ ਹਨ ।
੨੧ ਪਰ ਸੁਨਿਆਰਾ (ਕਰਮ-ਕਾਂਡੀ) ਪੁੱਛਿਆਂ ਘਰ ਪੂਰਾ ਕਰ ਦਿੰਦਾ ਹੈ; ਭਾਵ ਪੁੰਨ ਆਦਿ ਕੰਮਾਂ ਨੂੰ ਬੜਾ ਵੱਡਾ ਸਮਝੀ ਬੈਠਾ ਹੈ ।
੨੨ ਧਾਵਨਾ, ਦੌੜ-ਭੱਜ ।
੨੩ ਆਖ-ਆਖ ਕੇ ਆਪਣਾ ਆਪ ਜ਼ਾਹਿਰ ਕਰਦੇ ਹਨ ।
੨੪ ਨਿਰਾ ਆਖ-ਆਖ ਕੇ ਅਨੁਭਵ ਨਹੀਂ ਹੁੰਦਾ ।
੨੫ ਬਚਨ ।
੨੬ ਸਿੱਧੇ-ਪੁੱਠੇ ਹੋ ਕੇ ।
੨੭ ਜੇ ਉਸ ਦਾ ਕੋਈ ਸਰੂਪ ਹੋਵੇ ਤਾਂ ਕੁਝ ਦਿਸੇ।
੨੮ ਔਖੇ ਸੌਖੇ ਯਾ ਘਟ (ਥਾਂ) ਆਪ ਹੀ ਥਾਪਦਾ ਹੈ ।
੨੯ ਟਿਕਾਉ ਹੁੰਦਾ ਹੈ ।

* **ਸ਼ਲੋਕ** : ਅਸਲ ਮਾਲਕ ਉਹ ਹੈ ਜਿਸ ਦਾ ਹੁਕਮ ਸਭ ਦੇ ਉਤੇ ਹੈ । ਉਸੇ ਦੀ ਸਿਫ਼ਤ ਕਰਨੀ ਚਾਹੀਏ । ਇਹ ਸਿਫ਼ਤ ਜਿਨ੍ਹਾਂ ਨੂੰ ਮਿਲਦੀ ਹੈ, ਓਹੀ ਹਰੀ ਦੇ ਭੰਡਾਰੀ ਹਨ । ਜਿਨ੍ਹਾਂ ਦੇ ਭੰਡਾਰ ਵਿੱਚੋਂ ਹੀ ਹੋਰ ਭੀ ਵਰਸਾਉਂਦੇ ਹਨ । **ਪਉੜੀ** : ਹਰੀ ਦੇ ਗੁਰਮੁਖ (ਅਨੁਸਾਰੀ) ਓਹੀ ਹਨ, ਜਿਹੜੇ ਇਸ ਸਿਫ਼ਤ ਰੂਪੀ ਨਾਮ ਨੂੰ ਆਧਾਰ ਬਣਾ ਕੇ ਸਦਾ ਮਨ ਵਿੱਚ ਵਸਾਉਂਦੇ ਹਨ ।

† **ਸ਼ਬਦ** : ਕਰਮ-ਕਾਂਡ ਕਰਨ ਨਾਲ ਪੂਰੀ ਨਹੀਂ ਪੈਂਦੀ; ਦਿਲ ਦੀ ਲਗਨ ਚਾਹੀਦੀ ਹੈ, ਜਿਸ ਲਈ ਹਰੀ ਨਾਲ ਮੇਲਣ ਵਾਲੇ ਸ਼ਬਦ ਦੀ ਕਮਾਈ ਲੋੜੀਂਦੀ ਹੈ । ਇਹ ਕਮਾਈ ਨਿਰੀ ਅੱਖਰੀਂ ਉਚਾਰਨ ਜਾਂ ਸੁਣਨ ਨਾਲ ਨਹੀਂ ਹੁੰਦੀ, ਭਾਵੇਂ ਸਰੀਰ ਨੂੰ ਸਿੱਧੇ-ਪੁੱਠੇ ਕਰ-ਕਰ ਕੇ ਕਿਤਨੇ ਮੰਤਰ ਪਏ ਰਟੀਏ। ਉਹ ਅਦਿੱਖ ਹਰੀ ਅੱਖਰਾਂ ਵਿੱਚ ਕਿਵੇਂ ਆ ਸਕਦਾ ਹੈ, ਜਦ ਉਸ ਦਾ ਕੋਈ ਰੂਪ, ਰੇਖ ਨਹੀਂ । ਉਹ ਤਾਂ ਦਿਲਾਂ ਅੰਦਰ ਵਸਦਾ ਹੈ । **ਪਉੜੀ** : ਇਸ ਲਈ ਗੁਰੂ ਦੇ ਦੱਸੇ ਤਰੀਕੇ ਨਾਲ ਮਨ ਦੀ ਲਗਨ ਦੁਆਰਾ ਉਸ ਦਾ ਨਾਮ ਸਿਮਰਨਾ ਚਾਹੀਦਾ ਹੈ, ਇਸ ਨਾਲ ਪੂਰੀ ਨਿਸ਼ਾ ਹੋ ਸਕਦੀ ਹੈ ।

ਬਾਹਰਾ ਦੂਜਾ ਦਾਤਾ ਨਾਹਿ ॥ [੧]ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥ ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ[੨] ॥ ਨਾਨਕ ਆਪਿ ਸਦੀਵ[੩] ਹੈ ਪੂਰਾ ਜਿਸੁ ਭੰਡਾਰੁ ॥ ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੨ ॥ ਪਉੜੀ ॥ ਹਰਿ ਕਾ ਨਾਮੁ ਨਿਧਾਨੁ[੪] ਹੈ ਸੇਵਿਐ ਸੁਖੁ ਪਾਈ ॥ ਨਾਮੁ ਨਿਰੰਜਨੁ[੫] ਉਚਰਾਂ ਪਤਿ ਸਿਉ ਘਰਿ ਜਾਂਈ ॥ [੬]ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ [੭]ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥ ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥ ੪ ॥ ਸਲੋਕ ਮਹਲਾ ੨* ॥ [੮]ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ ਚੀਰੀ[੯] ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥ [੧੦]ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ[੧੧] ॥ ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥ ਜਿਨਾ ਚੀਰੀ ਚਲਣਾ ਹਥਿ ਤਿਨ੍ਾ ਕਿਛੁ ਨਾਹਿ ॥ ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ[੧੨] ਪਾਹਿ ॥ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ ੧ ॥ ਮਹਲਾ ੨ ॥ ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ[੧੩] ॥ ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ ॥ [੧੪]ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ [੧੫]ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ ਨੀਸਾਣੁ ॥ ੨ ॥ ਪਉੜੀ ॥ ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥ ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥ ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥ ੫ ॥ ਸਲੋਕ ਮਹਲਾ ੧† ॥ ਨਾਨਕ [੧੬]ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ[੧੭] ਜੇ ਪੂਰੇ ਪੂਰਾ ਕਰਿ ਮਿਲੈ ॥ [੧੮]ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ [੧੯]ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥ [੨੦]ਤੋਲਾ ਮਾਸਾ ਰਤਕ ਪਾਇ ॥ ਨਾਨਕ [੨੧]ਪੁਛਿਆ ਦੇਇ ਪੁਜਾਇ ॥ ਮੂਰਖ ਅੰਧਿਆ ਅੰਧੀ ਧਾਤੁ[੨੨] ॥ [੨੩]ਕਹਿ ਕਹਿ ਕਹਣੁ ਕਹਾਇਨਿ ਆਪੁ ॥ ੧ ॥ ਮਹਲਾ ੧ ॥ ਆਖਣਿ ਅਉਖਾ ਸੁਨਣਿ ਅਉਖਾ [੨੪]ਆਖਿ ਨ ਜਾਪੀ ਆਖਿ ॥ ਇਕਿ ਆਖਿ ਆਖਹਿ ਸਬਦੁ[੨੫] ਭਾਖਹਿ [੨੬]ਅਰਧ ਉਰਧ ਦਿਨੁ ਰਾਤਿ ॥ [੨੭]ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥ ਸਭਿ ਕਾਰਣ ਕਰਤਾ ਕਰੇ [੨੮]ਘਟ ਅਉਘਟ ਘਟ ਥਾਪਿ ॥ ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥ ੨ ॥ ਪਉੜੀ ॥ ਨਾਇ ਸੁਣਿਐ ਮਨੁ ਰਹਸੀਐ[੨੯] ਨਾਮੇ ਸਾਂਤਿ ਆਈ ॥ ਨਾਇ

੧ ਬਹੁਤਾ ।
੨ ਜਗਤ ਵਿੱਚ ਅਡੰਬਰ ਰਚਦੇ ਹਨ ।
੩ ਪਤਾ ਨਹੀਂ ਅੱਗੇ ਕਿਹੜੇ ਕੰਮ ਲਾ ਦੇਵੇਗਾ ।
੪ ਭਾਂਤ-ਭਾਂਤ ਦੇ ਸਰੀਰ ਬਣਾ ਕੇ ।
੫ ਉਖੇੜਦਾ, ਪੁਟਦਾ, ਨਾਸ਼ ਕਰਦਾ ਹੈ ।
੬ ਮੰਗਤੇ ।
੭ ਦੇਖੋ ਪੰਨਾ ੧੫, ਫੁਟ ਨੋਟ * ਵਾਲਾ ਸ਼ਬਦ ।
੮ ਕਿਸ ਲਈ (ਲੰਮੇ-ਲੰਮੇ) ਦਾਹਵੇ ਕਰੀਏ ?
੯ ਅਸਲ ਮੱਤ ਜੋ ਪਰਵਾਣ ਹੈ ਉਹ ਇਹੋ ਹੈ ।
੧੦ ਨਿਆਉਂ । ੧੧ ਮਾਇਆ ।
੧੨ ਅੰਦਰ ਇਲਾਹੀ ਜੋਤ ਜਗਾ ਦਿੱਤੀ ।
੧੩ [ਫਾ. ਪੋਤਹ] ਖ਼ਜ਼ਾਨੇ ਵਿੱਚ ।
੧੪ ਉਨ੍ਹਾਂ ਨੂੰ ਸਮਰਥ ਗੁਰੂ ਮਿਲਾ ਦਿੱਤਾ ।
੧੫ ਸੁਤੇ-ਸਿਧ ਹੀ ।
੧੬ ਸ਼ਾਹ (ਹਰੀ) ਤੋਂ ਵਣਜਾਰੇ (ਜੀਵ) ਤੁਰ ਪਏ ਤੇ ਉਸ ਨੇ ਨਾਲ ਇਤਬਾਰੀ ਰੁੱਕਾ ਲਿਖ ਦਿੱਤਾ।
੧੭ ਆਪਣੀ ਆਪਣੀ ਰੁਚੀ ਅਨੁਸਾਰ ਚੰਗੀ ਜਾਂ ਮੰਦੀ ਵਸਤ ਖਰੀਦੀ ।
੧੮ ਵਣਜਾਰਿਆਂ ਨੇ ।
੧੯ ਲਾਹਾ ਲੈਣ ਵਾਲੇ ਤੇ ਮੂਲ ਗਵਾਣ ਵਾਲੇ ਦੋਹਾਂ ਵਿੱਚੋਂ ਕਿਸ ਨੂੰ ਸ਼ਾਬਾਸ਼ ਕਹੀਏ ? ਦੋਹਾਂ ਵਿੱਚੋਂ ਥੋੜ੍ਹਾ ਤਾਂ ਕਿਸੇ ਨਹੀਂ ਮੰਗਿਆ (ਇਕ ਨੇ ਨਾਮ ਤੇ ਦੂਜੇ ਨੇ ਮਾਇਆ ਘਟ ਨਹੀਂ ਮੰਗੀ) ।
੨੦ ਜਿਹੜੇ ਆਪਣੇ ਜੀਵਨ-ਮਨੋਰਥ ਦੀ ਰਾਸ ਗੁਆ ਕੇ ਨਹੀਂ ਆਏ, ਬਲਕਿ ਪੂਰੀ ਦੀ ਪੂਰੀ ਬਚਾ ਕੇ ਲਿਆਏ ਹਨ ।
੨੧ ਮਨੁੱਖਾਂ ਦੀ ਆਮ ਅਵਸਥਾ ਦਾ ਜ਼ਿਕਰ ਹੈ ਕਿ ਕਿਵੇਂ ਕਈ ਵੇਰ ਮਰਦੇ ਜੰਮਦੇ ਹਨ, ਜੀਵਾਤਮਾ ਤੇ ਸਰੀਰ ਦਾ ਸੰਬੰਧ ਬਣਿਆ ਰਹਿੰਦਾ ਹੈ ।
੨੨ ਕੀਤੇ ਕੰਮਾਂ ਦੀ ਲਿਖਤ ਅਨੁਸਾਰ ।
੨੩ ਆਪ-ਹੁਦਰੇ ਹੋਣ ਨਾਲ ਆਤਮਕ ਮੌਤ ਹੋ ਜਾਂਦੀ ਹੈ ਅਤੇ ਗੁਰੂ ਦੀ ਮੰਨ ਕੇ ਚੱਲਣ ਨਾਲ ਜੀਵਨ ਸਫਲ ਕਰੀਦਾ ਹੈ ।
੨੪ ਦੂਜੇ ਭਾਵ ਦਾ; ਹਰੀ ਨੂੰ ਛੱਡ ਕੇ ਹੋਰ ਪਾਸੇ ਦਾ ।
੨੫ ਬੋਲਦੇ ਹਨ ।
੨੬ ਇਸਤ੍ਰੀ ।
੨੭ ਕਿਰਪਾ ਨਾਲ ।
੨੮ ਪਿਆਰ ਨਾਲ ।
੨੯ ਧੁਰ ਤੋਂ ।
੩੦ ਜੀਵ ।
੩੧ ਕਰਨ ਵਾਲਾ, ਹਰੀ ।

* **ਸ਼ਲੋਕ** : ਮਨੁੱਖ ਸੰਸਾਰ ਵਿੱਚ ਰੱਬ ਦੇ ਹੁਕਮ ਦੀ ਕਾਰ ਕਰਨ ਲਈ ਇਉਂ ਆਉਂਦੇ ਹਨ, ਜਿਵੇਂ ਵਣਜਾਰੇ ਇਕ ਸ਼ਾਹੂਕਾਰ ਪਾਸੋਂ ਰਾਸ-ਮੂੜੀ ਲੈ ਕੇ ਵਣਜ ਕਰਨ ਲਈ ਆਉਂਦੇ ਹਨ । ਜਿਵੇਂ ਵਣਜਾਰਿਆਂ ਪਾਸ ਆਪਣੇ ਸ਼ਾਹ ਦੀ ਲਿਖਤ ਹੁੰਦੀ ਹੈ, ਜਿਸ ਅਨੁਸਾਰ ਉਨ੍ਹਾਂ ਦੀ ਸਾਖ ਮੰਨੀ ਜਾਂਦੀ ਅਤੇ ਸੌਦਾ ਸੰਭਾਲਣ ਲਈ ਮਿਲਦਾ ਹੈ, ਤਿਵੇਂ ਮਨੁੱਖਾਂ ਪਾਸ ਹਰੀ ਦਾ ਹੁਕਮ ਹੁੰਦਾ ਹੈ ਅਤੇ ਉਸ ਦੇ ਦਿੱਤੇ ਇੰਦਰੇ ਤੇ ਭਾਵ ਹੁੰਦੇ ਹਨ ਜਿਨ੍ਹਾਂ ਨੂੰ ਉਸ ਹੁਕਮ ਅਨੁਸਾਰ ਵਰਤ ਕੇ ਆਪਣਾ ਜੀਵਨ ਮਨੋਰਥ ਪੂਰਾ ਕਰਨਾ ਹੁੰਦਾ ਹੈ । ਮਨੁੱਖ ਉਸ ਹੁਕਮ ਦੇ ਅਨੁਸਾਰੀ ਜਾਂ ਆਪ-ਹੁਦਰੇ ਹੋ ਕੇ ਮਿਲਦੇ ਜਾਂ ਵਿਛੜਦੇ ਰਹਿੰਦੇ ਹਨ । **ਪਉੜੀ** : ਜਿਹੜੇ ਗੁਰੂ ਨੂੰ ਛੱਡ ਕੇ ਆਪਣੇ ਮਨ ਪਿੱਛੇ ਲਗਦੇ ਹਨ, ਉਹ ਪਾਪ ਵਿੱਚ ਪੈ ਕੇ ਜਨਮ ਗੁਆ ਲੈਂਦੇ ਹਨ ।

† **ਸ਼ਲੋਕ** : ਹਰ ਇਕ ਦੇ ਮਨ ਦੇ ਅੰਦਰ ਹੀ ਹਰੀ ਨੇ ਆਪਣਾ ਅੰਮ੍ਰਿਤ ਰੂਪੀ ਨਾਮ ਪਾ ਦਿੱਤਾ ਹੈ, ਪਰ ਇਸ ਅੰਮ੍ਰਿਤ ਦੀ ਸੋਝੀ ਉਸ ਨੂੰ ਹੁੰਦੀ ਹੈ, ਜਿਸ ਨੂੰ ਹਰੀ ਦੀ ਧੁਰੋਂ ਕਿਰਪਾ ਹੋਵੇ ਤੇ ਉਸ ਅਨੁਸਾਰ ਗੁਰੂ ਮਿਲ ਜਾਵੇ । ਗੁਰੂ ਇਹ ਸਮਝਾਉਂਦਾ ਹੈ ਕਿ ਮਨੁੱਖ ਦੀ ਅਧੀਨਗੀ ਜਾਂ ਉਪਾਸਨਾ ਛੱਡ ਕੇ ਇਕ ਸਰਵ-ਵਿਆਪੀ ਹਰੀ ਦੀ ਅਰਾਧਨਾ ਕਰਨੀ ਚਾਹੀਦੀ ਹੈ । **ਪਉੜੀ** : ਇਹ ਅਰਾਧਨਾ ਹਰੀ ਦਾ ਨਾਮ ਜਪਣਾ ਹੈ ਜੋ ਗੁਰਮੁਖ ਮਨ ਵਿੱਚ ਵਸਾਉਂਦਾ ਤੇ ਉਚਰਦਾ ਹੈ ।

ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥ ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥ ਕਿਸੈ ਥੋੜਾ ਕਿਸੈ ਅਗਲਾ[੧] ਖਾਲੀ ਕੋਈ ਨਾਹਿ ॥ ਆਵਹਿ ਨੰਗੇ ਜਾਹਿ ਨੰਗੇ [੨]ਵਿਚੇ ਕਰਹਿ ਵਿਥਾਰ ॥ ਨਾਨਕ ਹੁਕਮੁ ਨ ਜਾਣੀਐ [੩]ਅਗੈ ਕਾਈ ਕਾਰ ॥ ੧ ॥ ਮਹਲਾ ੧ ॥ [੪]ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ ਆਪੇ ਥਾਪਿ ਉਥਾਪੈ[੫] ਆਪੇ ਏਤੇ ਵੇਸ ਕਰਾਵੈ ॥ ਜੇਤੇ ਜੀਅ ਫਿਰਹਿ ਅਉਧੂਤੀ[੬] ਆਪੇ ਭਿਖਿਆ ਪਾਵੈ ॥ [੭]ਲੇਖੈ ਬੋਲਣੁ ਲੇਖੈ ਚਲਣੁ [੮]ਕਾਇਤੁ ਕੀਚਹਿ ਦਾਵੇ ॥ [੯]ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ[੧੦] ਜੇ ਕੋ ਕਹੈ ਕਹਾਏ ॥ ੨ ॥ ਪਉੜੀ ॥ ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥ ਸਕਤਿ[੧੧] ਗਈ ਭ੍ਰਮੁ ਕਟਿਆ [੧੨]ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ[੧੩] ਪੁੰਨੁ ਹੈ [੧੪]ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ[੧੫] ਮਿਲਿ ਰਹੇ ਹਰਿ ਨਾਮਿ ਸਮਾਇਆ ॥ ੨ ॥ ਸਲੋਕ ਮਹਲਾ ੨* ॥ [੧੬]ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥ ਲਿਖੇ ਉਪਰਿ ਹੁਕਮੁ ਹੋਇ [੧੭]ਲਈਐ ਵਸਤੁ ਸਮ੍ਹਾਲਿ ॥ ਵਸਤੁ ਲਈ ਵਣਜਾਰਈ[੧੮] ਵਖਰੁ ਬਧਾ ਪਾਇ ॥ ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥ [੧੯]ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ [੨੦]ਜਿ ਸਾਬਤੁ ਲਾਏ ਰਾਸਿ ॥ ੧ ॥ ਮਹਲਾ ੧ ॥ [੨੧]ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ ॥ ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥ ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥ ਸਭੁ ਕਰਣਾ [੨੨]ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ॥ [੨੩]ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥ ੨ ॥ ਪਉੜੀ ॥ ਮਨਮੁਖਿ ਦੂਜਾ[੨੪] ਭਰਮੁ ਹੈ ਦੂਜੈ ਲੋਭਾਇਆ ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ[੨੫] ॥ ਪੁਤ੍ਰ ਕਲਤ੍ਰ[੨੬] ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥ ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥ ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥ ੩ ॥ ਸਲੋਕ ਮਹਲਾ ੨† ॥ ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ[੨੭] ॥ ਤਿਨ੍ਹੀ ਪੀਤਾ [੨੮]ਰੰਗ ਸਿਉ ਜਿਨ੍ਹ ਕਉ ਲਿਖਿਆ ਆਦਿ[੨੯] ॥ ੧ ॥ ਮਹਲਾ ੨ ॥ ਕੀਤਾ[੩੦] ਕਿਆ ਸਾਲਾਹੀਐ ਕਰੇ[੩੧] ਸੋਇ ਸਾਲਾਹਿ ॥ ਨਾਨਕ ਏਕੀ

੧ ਵੇਲਾ ਸਮਾਂ । ਇਸਤ੍ਰੀ-ਲਿੰਗ ਹੈ, ਜਿਵੇਂ 'ਸੰਤ ਟਹਿਲ ਕੀ ਬੇਲਾ' (ਸੋਹਿਲਾ) ।
੨ ਧਨ ਪਦਾਰਥ ।
੩ ਦਿਲ ਜਾਨ ਵਾਰ ਦਿਆਂ, ਮੈਨੂੰ ਖ਼ਬਰ ਦੱਸੋ ।
੪ ਕਿਥੇ ? ਮੋਹਨ (ਹਰੀ) ਦਾ ਪਰਵੇਸ਼ ਕਿਥੇ ਹੈ ? ਭਾਵ ਉਹ ਕਿਥੇ ਵਸਦਾ ਹੈ ?
੫ [ਬ੍ਰਹਮੇਵ] ਕੇਵਲ ਬ੍ਰਹਮ ਹੀ । ਉਹ ਕੇਵਲ ਬ੍ਰਹਮ ਸੁਖਦਾਈ ਹੋ ਕੇ ਅੰਗ-ਅੰਗ ਵਿੱਚ ਤੇ ਸਭ ਥਾਵਾਂ (ਦੇਸ਼ਾਂ) ਵਿੱਚ ਵਿਆਪਕ ਹੈ ।
੬ ਹਰ ਹਸਤੀ ਨਾਲ ਜੁੜਿਆ ਹੋਇਆ (ਫਿਰ ਭੀ ਨਿਰਬੰਧ ਹੈ) ।
੭ ਸੰਤਾਂ ਦੇ ਸੰਗ ਵਿੱਚ ਉਸ ਦੇ ਚਰਨ ਵੱਸਦੇ ਹਨ । ੮ ਚਾਨਣਾ ।
੯ ਉਤਸ਼ਾਹ । ੧੦ ਵਸਿਆ ।
੧੧ ਸਹਜ ਅਵਸਥਾ ਹੋਈ ਹੈ, ਪੂਰਨ ਸ਼ਾਂਤੀ ਤੇ ਅਡੋਲਤਾ ਵਾਲੀ ਹਾਲਤ ਬਣੀ ਹੈ ।
੧੨ ਮਨ ਨੂੰ ਮਾਇਆ ਦਾ ਪਾਹੂ (ਜੰਦਰਾ) ਲੱਗਾ ਹੈ ਤੇ ਗੁਰੂ ਇਸ ਜੰਦਰੇ ਨੂੰ ਖੋਲ੍ਹਣ ਲਈ ਕੁੰਜੀ ਹੈ (ਜੇ ਅਰਥ 'ਗੁਰੂ' ਦੇ ਪਾਸ ਹੁੰਦੇ ਤਾਂ 'ਗੁਰੁ' ਦੇ ਅੰਤ ਔਂਕੜ ਨਾ ਹੁੰਦਾ । ਦੇਖੋ ਨੇਮ ੫) ।
੧੩ (ਪਸ਼ੂਆਂ ਦੇ ਪੈਰਾਂ ਨੂੰ ਮਾਰਨ ਵਾਲਾ) ਜੰਦਰਾ, ਤਾਲਾ । ੧੪ ਮਨ ਦਾ ਬੂਹਾ ਨਹੀਂ ਖੁਲ੍ਹਦਾ ।
੧੫ ਇਨ੍ਹਾਂ ਢੰਗਾਂ ਨਾਲ ਹਰੀ ਭਿੱਜਦਾ (ਪ੍ਰਸੰਨ) ਨਹੀਂ ਹੁੰਦਾ । ਨਾਦੀ ਬੇਦਿ=ਨਾਦ ਕਰਨ ਨਾਲ ਤੇ ਵੇਦ ਪੜ੍ਹਨ ਨਾਲ। ਦੇਖੋ ਪੰਨਾ ੬੫੪, ਨੋਟ ੨੯ ।
੧੬ ਨਿਤ ।
੧੭ ਰੂਪ ਨਾਲ, ਮਾਲ-ਧਨ ਨਾਲ, ਮੌਜਾਂ ਕਰਨ ਨਾਲ ਨਹੀਂ ਰਾਜ਼ੀ ਹੁੰਦਾ ।
੧੮ ਅਫੁਰ ਸਮਾਧੀ ਅੰਦਰ ।
੧੯ ਜੰਗ ਵਿੱਚ । ੨੦ ਸੂਰਮੇ ।
੨੧ ਮਿੱਟੀ ਵਿੱਚ ਰੁਬੜਨ (ਲਿਬੜਨ) ਨਾਲ ।
੨੨ ਮਨ ਦੀ ਅਵਸਥਾ ਅਨੁਸਾਰ ਲੇਖਾ ਲਿਖਿਆ ਜਾਂਦਾ ਹੈ, ਭਾਵ ਸਾਡੇ ਚੰਗੇ-ਮੰਦੇ ਹੋਣ ਦੀ ਪਰਖ, ਖ਼ਾਸ-ਖ਼ਾਸ ਕਰਮ ਕਰਨ ਤੋਂ ਨਹੀਂ ਬਲਕਿ ਮਨ ਦੀ ਨੀਅਤ ਜਾਂ ਭਾਵਨੀ ਤੋਂ ਕੀਤੀ ਜਾਵੇਗੀ ।
੨੩ ਨੌਂ ਵਿਆਕਰਣ, ਛੇ ਸ਼ਾਸਤ੍ਰ, ਛੇ ਵੇਦਾਂਗ (ਵੇਦਾਂ ਦੇ ਅੰਗ) ।
੨੪ ਅਠਾਰਾਂ ਪਰਵਾਂ ਵਾਲਾ ਭਾਰਤ, ਮਹਾਂਭਾਰਤ ਗ੍ਰੰਥ।
੨੫ ਉਸ (ਪੰਡਤ) ਨੇ (ਜੋ ਉਤਲੀਆਂ ਪੁਸਤਕਾਂ ਪੜ੍ਹਦਾ ਹੈ) ।
੨੬ ਬਿਨਾਂ ।
੨੭ ਕਮਲ ਦੀ ਨਾਭੀ ਵਿੱਚ ਵਸਦੇ ਹੋਏ ਬ੍ਰਹਮੇ ਨੇ।
੨੮ ਗੁਰੂ ਦੁਆਰਾ ।
੨੯ ਮਾਇਆ-ਰਹਿਤ ਹਰੀ । ੩੦ ਸਾਰਾ ।
੩੧ ਉਸ ਨੇ ਆਪ ਹੀ ਤਿੰਨ ਗੁਣ (ਰਜੋ, ਸਤੋ, ਤਮੋ) ਬਣਾਏ ਅਤੇ (ਉਨ੍ਹਾਂ ਦੇ ਰਾਹੀਂ) ਮਾਇਆ ਦਾ ਮੋਹ ਖਿਲਾਰਿਆ । ਦੇਖੋ ਪੰਨਾ ੧੧੧੯, ਫੁਟ ਨੋਟ ‡ । ੩੨ ਗੁਰੂ ਦੀ ਕ੍ਰਿਪਾ ਨਾਲ ਬਚ ਗਏ । ੩੩ ਵੱਖੋ ਵੱਖ ।

* ਮਹਮਾ ਤੇ ਹਸਨਾ ਦੋ ਰਾਜਪੂਤ ਕਾਂਗੜਾ ਤੇ ਧੌਲ ਦੇ ਰਹਿਣ ਵਾਲੇ ਸਰਦਾਰ ਸਨ । ਹਸਨੇ ਨੇ ਧੋਖੇ ਨਾਲ ਮਹਮੇ ਨੂੰ ਅਕਬਰ ਬਾਦਸ਼ਾਹ ਪਾਸ ਕੈਦ ਕਰਾ ਦਿੱਤਾ । ਮਹਮੇ ਨੇ ਆਪਣੀ ਬਹਾਦਰੀ ਨਾਲ ਬਾਦਸ਼ਾਹ ਨੂੰ ਖ਼ੁਸ਼ ਕਰ ਲਿਆ ਅਤੇ ਬਾਦਸ਼ਾਹ ਪਾਸੋਂ ਫ਼ੌਜ ਲੈ ਕੇ ਹਸਨੇ ’ਤੇ ਆ ਪਿਆ । ਆਪੋ ਵਿੱਚ ਢੇਰ ਚਿਰ ਲੜਾਈ ਹੁੰਦੀ ਰਹੀ । ਅੰਤ ਮਹਮੇ ਦੀ ਫਤ੍ਹੇ ਹੋਈ । ਢਾਢੀਆਂ ਨੇ ਇਸ ਭੇੜ ਦੀ ਵਾਰ ਜੋੜੀ, ਜਿਸ ਦੀ ਧਾਰਨਾ ’ਤੇ ਇਹ ਵਾਰ ਗਾਉਣੀ ਲਿਖੀ ਹੈ । ਨਮੂਨਾ ਉਸ ਵਾਰ ਦਾ :-

ਮਹਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ ।
ਹਸਨੇ ਬੇਈਮਾਨਗੀ ਨਾਲ ਮਹਮੇ ਥੱਟੀ ।
ਭੇੜ ਦੁਹਾਂ ਦਾ ਮਚਿਆ ਸਰ ਵਗੇ ਸਫੱਟੀ ।
ਮਹਮੇ ਪਾਈ ਫਤ੍ਹੇ ਰਣ ਗਲ ਹਸਨੇ ਘੱਟੀ ।
ਬੰਨ੍ਹ ਹਸਨੇ ਨੂੰ ਛਡਿਆ ਜਸ ਮਹਮੇ ਖੱਟੀ ।

† ਸ਼ਲੋਕ : ਮਨ ਮਾਇਆ ਦੇ ਅਸਰ ਨਾਲ ਮੁੰਦਿਆ ਰਹਿੰਦਾ ਹੈ, ਖੁਲ੍ਹਦਾ ਗੁਰੂ ਦੇ ਹੱਥੋਂ ਹੈ । ਗੁਰੂ ਮਨ ਨੂੰ ਖੋਲ੍ਹਣ ਲਈ (ਆਤਮਕ ਸੁਰਤਿ ਜਗਾਉਣ ਲਈ) ਇਹ ਗੱਲ ਸਮਝਾਂਦਾ ਹੈ ਕਿ ਅਸਲ ਚੀਜ਼ ਮਨ ਦੀ ਭਾਵਨੀ ਹੈ, ਬਾਹਰਲੇ ਕਰਮ ਨਹੀਂ । ਇਸ ਭਾਵਨੀ ਨੂੰ ਪ੍ਰੇਰਨ ਲਈ ਨਾਮ ਹੀ ਸਾਧਨ ਹੈ, ਜੋ ਗੁਰੂ ਤੋਂ ਮਿਲਦਾ ਹੈ । ਪਉੜੀ : ਹਰੀ ਹੀ ਸਭ ਦਾ ਮੂਲ ਹੈ, ਮਨ ਨੂੰ ਤਿੰਨਾਂ ਗੁਣਾਂ ਵਿੱਚ ਭਰਮਾਉਂਦਾ ਜਾਂ ਆਪਣੇ ਭਾਣੇ ਵਿੱਚ ਲਾ ਕੇ ਸਵਾਰਦਾ ਹੈ ।

‡ ਸ਼ਲੋਕ : ਜਦ ਹਰੀ ਆਪ ਹੀ ਸਭ ਦਾ ਮੂਲ ਹੈ, ਤਾਂ ਚੰਗਾ ਜਾਂ ਮੰਦਾ ਕਿਸ ਨੂੰ ਕਹੀਏ ? ਮਨੁੱਖ ਦੀ ਬਣਤਰ; ਉਸ ਦੀ ਜ਼ਬਾਨ ਤੇ ਕਰਮ ਸਭ ਹਰੀ ਦੇ ਹੁਕਮ ਦੇ ਦਾਇਰੇ ਵਿੱਚ ਹੋਂਦੇ ਹਨ । ਮਨੁੱਖ ਨੂੰ ਚਾਹੀਦਾ ਹੈ ਕਿ ਆਪਣੀ ਕਰਨੀ ਉਸ ਹੁਕਮ ਦੇ ਅਨੁਸਾਰ ਬਣਾ ਲਵੇ । **ਪਉੜੀ** : ਮਨੁੱਖ ਮਾਇਆ ਦੇ ਅਸਰ ਤੋਂ ਬਚ ਕੇ ਹਰੀ ਦੇ ਹੁਕਮ ਦੇ ਅਸਰ ਹੇਠਾਂ ਤਦ ਕੰਮ ਕਰ ਸਕਦਾ ਹੈ ਜੇ ਉਹ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਵੇ ।

ਬੇਲਾ[੧] ਆਈ ॥ [੨]ਅਰਥੁ ਦਰਬੁ ਸਭੁ ਜੋ ਕਿਛੁ ਦੀਸੈ ਸੰਗਿ ਨ ਕਛਹੂ ਜਾਈ ॥ ਕਹੁ ਨਾਨਕ ਹਰਿ ਹਰਿ ਆਰਾਧਹੁ ਕਵਨ ਉਪਮਾ ਦੇਉ ਕਵਨ ਬਡਾਈ ॥ ੨ ॥ ਪੂਛਉ ਸੰਤ ਮੇਰੋ ਠਾਕੁਰੁ ਕੈਸਾ ॥ [੩]ਹੀਉ ਅਰਾਪਉਂ ਦੇਹੁ ਸਦੇਸਾ ॥ ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ[੪] ਮੋਹਨ ਪਰਵੇਸਾ ॥ ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ[੫] ਥਾਨ ਥਾਨੰਤਰ ਦੇਸਾ ॥ ਬੰਧਨ ਤੇ ਮੁਕਤਾ [੬]ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ ॥ ਦੇਖਿ ਚਰਿਤ ਨਾਨਕ ਮਨੁ ਮੋਹਿਓ ਪੂਛੈ ਦੀਨੁ ਮੇਰੋ ਠਾਕੁਰੁ ਕੈਸਾ ॥ ੩ ॥ ਕਰਿ ਕਿਰਪਾ ਅਪੁਨੇ ਪਹਿ ਆਇਆ ॥ ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥ [੭]ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥ ਭਇਆ ਪ੍ਰਗਾਸੁ[੮] ਰਿਦੈ ਉਲਾਸੁ[੯] ਪ੍ਰਭੁ ਲੋੜੀਦਾ ਪਾਇਆ ॥ ਦੁਖੁ ਨਾਠਾ ਸੁਖੁ ਘਰ ਮਹਿ ਵੂਠਾ[੧੦] ਮਹਾ ਅਨੰਦ ਸਹਜਾਇਆ[੧੧] ॥ ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ॥ ੪ ॥ ੧ ॥

ਸਾਰੰਗ ਕੀ ਵਾਰ ਮਹਲਾ ੪

*ਰਾਇ ਮਹਮੇ ਹਸਨੇ ਕੀ ਧੁਨਿ   ੴ ਸਤਿਗੁਰ ਪ੍ਰਸਾਦਿ ॥

†ਸਲੋਕ ਮਹਲਾ ੨ ॥ [੧੨]ਗੁਰੁ ਕੁੰਜੀ ਪਾਹੂ ਨਿਵਲੁ[੧੩] ਮਨੁ ਕੋਠਾ ਤਨੁ ਛਤਿ ॥ ਨਾਨਕ ਗੁਰ ਬਿਨੁ [੧੪]ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥ ੧ ॥ ਮਹਲਾ ੧ ॥ [੧੫]ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ[੧੬] ॥ [੧੭]ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥ ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ[੧੮] ॥ ਨ ਭੀਜੈ ਭੇੜਿ[੧੯] ਮਰਹਿ ਭਿੜਿ ਸੂਰ[੨੦] ॥ ਨ ਭੀਜੈ ਕੇਤੇ ਹੋਵਹਿ ਧੂੜ[੨੧] ॥ [੨੨]ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥ ੨ ॥ ਮਹਲਾ ੧ ॥ [੨੩]ਨਵ ਛਿਅ ਖਟ ਕਾ ਕਰੇ ਬੀਚਾਰੁ ॥ ਨਿਸਿ ਦਿਨ ਉਚਰੈ [੨੪]ਭਾਰ ਅਠਾਰ ॥ ਤਿਨਿ[੨੫] ਭੀ ਅੰਤੁ ਨ ਪਾਇਆ ਤੋਹਿ ॥ ਨਾਮ ਬਿਹੂਣ[੨੬] ਮੁਕਤਿ ਕਿਉ ਹੋਇ ॥ [੨੭]ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ ਗੁਰਮੁਖਿ[੨੮] ਨਾਨਕ ਨਾਮੁ ਪਛਾਣਿਆ ॥ ੩ ॥ ਪਉੜੀ ॥ ਆਪੇ ਆਪਿ ਨਿਰੰਜਨਾ[੨੯] ਜਿਨਿ ਆਪੁ ਉਪਾਇਆ ॥ ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ[੩੦] ॥ [੩੧]ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥ [੩੨]ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥ ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥ ੧ ॥ ਸਲੋਕ ਮਹਲਾ ੨‡ ॥ ਆਪਿ ਉਪਾਏ ਨਾਨਕਾ ਆਪੇ ਰਖੈ ਵੇਕ[੩੩] ॥

(੧੨੩੬)

੧ ਅੱਗ ।	੨੧ ਵਿਆਪਕ ।
੨ ਦਹੀਂ ।	੨੨ ਸੁੰਦਰ ਰਾਗ ਗਾਉਂਦੇ ਹਨ ।
੩ ਦੁੱਧ । ਕਈ ਰਤਨਾਂ ਦੇ ਅਤੇ ਕਈ ਦਹੀਂ ਤੇ ਦੁੱਧ ਦੇ ਸਮੁੰਦਰ ਮੰਨੇ ਹੋਏ ਹਨ ।	੨੩ ਉਥੇ ਕਈ ਗੁਪਤ ਸ਼ਕਤੀਆਂ ਚਿਤ੍ਰ ਗੁਪਤ ਵਰਗੀਆਂ ਮੌਜੂਦ ਹਨ ।
੩ ਸੂਰਜ, ਚੰਨ ਤੇ ਤਾਰੇ ।	੨੪ ਪ੍ਰੇਮ ਨਾਲ ।
੫ ਧਰਤੀਆਂ ।	੨੫ ਦੇਖੋ ਪੰਨਾ ੧੧੩੭, ਨੋਟ ੨੧ ।
੬ ਸਭ ਕਾਮਨਾ ਪੂਰੀ ਕਰਨ ਵਾਲੀ (ਧੇਨੁ) ਗਾਂ ।	੨੬ ਦੁੱਖਾਂ ਤੋਂ ਉਤਲੀ ਅਵਸਥਾ ਵਿੱਚ ।
੭ ਸੁਰਗ ਦਾ ਇਕ ਬ੍ਰਿਛ ਜੋ ਸਭ ਫਲ ਦਿੰਦਾ ਹੈ।	੨੭ ਹੇ ਮਿਹਰ ਦੇ ਭੰਡਾਰ, ਦਿਆਲੂ ! ਜਿਸ ਜਿਸ ਨੇ ਤੈਨੂੰ ਜਪਿਆ ਓਹ ਨਿਹਾਲ ਹੋ ਗਏ । ਏਥੇ 'ਜਿਨਿ' ਇਕ ਵਚਨ ਹੈ ਅਤੇ 'ਤੇ' ਬਹੁ-ਵਚਨ ਹੈ । ਅਰਥ ਕਰਨ ਲੱਗਿਆਂ 'ਜਿਸ ਜਿਸ ਨੇ' ਕਹਾਂਗੇ । ਦੇਖੋ 'ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ' (ਬਾਰਹਮਾਹ ਮਾਂਝ, ੧੩੬)
੮ ਜਿਨ੍ਹਾਂ ਦੇ ਮੁੱਖ ਵਿੱਚ ਬੀਨ ਹੈ, ਭਾਵ ਕ੍ਰਿਸ਼ਨ ਨਾਰਦ ਆਦਿ ।	
੯ ਕਈ ਤਰ੍ਹਾਂ ਨਾਲ ਵਖਿਆਨ ਹੋ ਰਹੇ ਹਨ ।	
੧੦ ਸੁਣਨ ਵਾਲੇ ਸੁਣਦੇ ਹਨ ਸੁਖਾਂ ਦੇ ਭੰਡਾਰ ਹਰੀ (ਦਾ ਜਸ) ।	
੧੧ ਧਰਮ-ਰਾਜ ।	੨੮ ਅਨਭੈ ਪਦ ਦਾ ਭਾਵ ਨਿਰਭੈਤਾ ਦੇਣ ਵਾਲਾ ।
੧੨ ਕੁਬੇਰ, ਧਨ ਦਾ ਦੇਵਤਾ ।	੨੯ ਹਰ ਇਕ ਦਿਲ ਨੂੰ ਭਰ ਰਿਹਾ ਹੈ, ਫਿਰ ਭੀ ਅਲਿਪਤ ਰਹਿੰਦਾ ਹੈ ।
੧੩ ਵਰੁਣ ਦੇਵਤਾ, ਸਮੁੰਦਰ ਦਾ ਦੇਵਤਾ ।	
੧੪ ਸੋਨੇ ਦੇ ਸੁਮੇਰ ਪਰਬਤ ।	੩੦ ਵਿਸਥਾਰ । ੩੧ ਲਹਿਰਾਂ ।
੧੫ ਸ਼ੇਸ਼ਨਾਗ ਜੋ ਰੋਜ਼ ਇਕ ਨਵਾਂ ਨਾਮ ਹਰੀ ਦਾ ਲੈਂਦਾ ਹੈ ।	੩੨ ਘਟ ਘਟ ਵਿੱਚ ।
	੩੩ ਹੋਰ ਕੋਈ ਦੂਜਾ ਨਹੀਂ ਹੋਇਆ ।
੧੬ ਨਵਾਂ ।	੩੪ ਹਰੀ ਕਈ ਰੰਗਾਂ ਵਾਲਾ ਇਕ ਰੰਗ ਹੋ ਰਿਹਾ ਹੈ ।
੧੭ ਉਨ੍ਹਾਂ ਤੋਂ ।	
੧੮ ਆਪ ਹੀ ਅਦਿੱਖ (ਨਿਰਗੁਣ ਰੂਪ) ਹੈ ਅਤੇ ਆਪ ਹੀ ਦਿਸਣ ਵਾਲਾ (ਸਰਗੁਣ ਰੂਪ) ਹੈ ।	੩੫ ਮੱਛੀ ।
	੩੬ ਜਦੋਂ ਖਿੱਚ ਲੈਂਦਾ ਹੈ ਤਾਂ ਭਸਮ ਹੋ ਜਾਈਦਾ ਹੈ।
੧੯ ਨਾਸ ।	
੨੦ ਪੈਦਾਇਸ਼ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਉਪਾਤਿ' ਹੈ)।	੩੭ ਘੜੀ ਅੱਧੀ ਘੜੀ ਨੂੰ ਮੌਤ ਦਾ ਵੇਲਾ ਆਵਣ ਵਾਲਾ ਹੈ ।

* ਹਰੀ ਦਾ ਅਗਮ-ਅਗਾਧ ਰੂਪ ਦੱਸ ਕੇ ਹੁਣ "ਘਟ ਘਟਿ ਪੂਰਨੁ" ਰੂਪ ਦੱਸਦੇ ਹਨ ।

ਅਨਿਕ ਪਵਨ ਪਾਵਕ[੧] ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ[੨] ਖੀਰ[੩] ॥ ਅਨਿਕ [੪]ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥ ੪ ॥ ਅਨਿਕ ਬਸੁਧਾ[੫] ਅਨਿਕ ਕਾਮਧੇਨ[੬] ॥ ਅਨਿਕ ਪਾਰਜਾਤ[੭] ਅਨਿਕ [੮]ਮੁਖਿ ਬੇਨ ॥ ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥੫ ॥ ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ [੯]ਅਨਿਕ ਜੁਗਤਿ ਹੋਵਤ ਬਖਿਆਨ ॥ ਅਨਿਕ [੧੦]ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥ ੬ ॥ ਅਨਿਕ ਧਰਮ[੧੧] ਅਨਿਕ ਕੁਮੇਰ[੧੨] ॥ ਅਨਿਕ ਬਰਨ[੧੩] ਅਨਿਕ [੧੪]ਕਨਿਕ ਸੁਮੇਰ ॥ ਅਨਿਕ ਸੇਖ[੧੫] ਨਵਤਨ[੧੬] ਨਾਮੁ ਲੇਹਿ ॥ ਪਾਰਬ੍ਰਹਮ ਕਾ ਅੰਤੁ ਨ ਤੇਹਿ[੧੭] ॥ ੭ ॥ ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥ ਅਨਿਕ ਬਨਾ ਅਨਿਕ ਫਲ ਮੂਲ ॥ [੧੮]ਆਪਹਿ ਸੂਖਮ ਆਪਹਿ ਅਸਥੂਲ ॥ ੮ ॥ ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥ ਅਨਿਕ ਪਰਲਉ[੧੯] ਅਨਿਕ ਉਤਪਾਤਿ[੨੦] ॥ ਅਨਿਕ ਜੀਅ ਜਾ ਕੇ ਗ੍ਰਿਹ ਮਾਹਿ ॥ ਰਮਤ[੨੧] ਰਾਮ ਪੂਰਨ ਸ੍ਰਬ ਠਾਂਇ ॥ ੯ ॥ ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥ ਅਨਿਕ [੨੨]ਧੁਨਿਤ ਲਲਿਤ ਸੰਗੀਤ ॥ [੨੩]ਅਨਿਕ ਗੁਪਤ ਪ੍ਰਗਟੇ ਤਹ ਚੀਤ ॥ ੧੦ ॥ ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ[੨੪] ॥ ਅਨਿਕ [੨੫]ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥ ੧੧ ॥ ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ[੨੬] ॥ ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥ [੨੭]ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥ ੧੨ ॥ ੧ ॥ ੨ ॥ ੨ ॥ ੩ ॥ ੭ ॥

ਸਾਰਗ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

*ਸਭ ਦੇਖੀਐ [੨੮]ਅਨਭੈ ਕਾ ਦਾਤਾ ॥ [੨੯]ਘਟਿ ਘਟਿ ਪੂਰਨ ਹੈ ਅਲਿਪਾਤਾ ॥ ਘਟਿ ਘਟਿ ਪੂਰਨੁ ਕਰਿ ਬਿਸਥੀਰਨੁ[੩੦] ਜਲ ਤਰੰਗ[੩੧] ਜਿਉ ਰਚਨੁ ਕੀਆ ॥ ਹਭਿ ਰਸ ਮਾਣੇ ਭੋਗ ਘਟਾਣੇ[੩੨] [੩੩]ਆਨ ਨ ਬੀਆ ਕੋ ਥੀਆ ॥ [੩੪]ਹਰਿ ਰੰਗੀ ਇਕ ਰੰਗੀ ਠਾਕੁਰੁ ਸੰਤਸੰਗਿ ਪ੍ਰਭੁ ਜਾਤਾ ॥ ਨਾਨਕ ਦਰਸਿ ਲੀਨਾ ਜਿਉ ਜਲ ਮੀਨਾ[੩੫] ਸਭ ਦੇਖੀਐ ਅਨਭੈ ਕਾ ਦਾਤਾ ॥ ੧ ॥ ਕਉਨ ਉਪਮਾ ਦੇਉ ਕਵਨ ਵਡਾਈ ॥ ਪੂਰਨ ਪੂਰਿ ਰਹਿਓ ਸ੍ਰਬ ਠਾਈ ॥ ਪੂਰਨ ਮਨਮੋਹਨ ਘਟ ਘਟ ਸੋਹਨ [੩੬]ਜਬ ਖਿੰਚੈ ਤਬ ਛਾਈ ॥ ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ [੩੭]ਘਰੀ ਮੁਹਤਕ

੧ ਮੁਖੀ ਗੁਰੂ ਹੈ । ਉੱਤੇ ਕਿਹਾ ਸੀ ਕਿ ਗੁਰੂ ਦੇ ਰਾਹੀਂ ਸਮਝ ਆਉਂਦੀ ਹੈ । ਇਥੇ ਦਸਦੇ ਹਨ ਕਿ ਗੁਰੂ ਭੀ ਹਰੀ ਆਪ ਹੀ ਹੈ ।

੨ ਕਬੂਲ ਹੋਏ ।

੩ [ਸੰ. ਵਿਸ਼ਠਿਤ=ਸਥਿਤ, ਕਾਇਮ] ਬੈਠਾ । ਤੂੰ ਸਰਬ ਸਮਰੱਥ ਰਚਨਾ ਰਚ ਕੇ ਫਿਰ ਆਪਣੇ ਆਪ ਵਿੱਚ ਸਮਾਅ ਲੈਣ ਵਾਲਾ ਸਾਰਿਆਂ ਉੱਤੇ ਸ਼ਾਹਨਸ਼ਾਹ ਹੋ ਕੇ ਬੈਠਾ ਹੈਂ ।

੪ ਰਾਜੇ । ਇਹ ਰਾਜੇ ਰਾਉ ਕੰਗਾਲ ਹੋ ਜਾਂਦੇ ਹਨ । ਇਹ ਝੂਠ ਵਿੱਚ ਦਾਹਵਾ ਬੰਨ੍ਹਦੇ ਹਨ।

੫ ਉਸ ਦਾ ਜਸ ਸਾਰੇ ਲੋਕ ਗਾਉਂਦੇ ਹਨ ।

੬ ਕਹਿੰਦਾ ਹਾਂ ਜਿੰਨੀ ਮੈਨੂੰ ਤਾਕਤ ਹੈ । ਪਾਹੂਚਾ= ਪਹੁੰਚ, ਸਮਰੱਥਾ ।

੭ ਭਾਵ ਸਵਾਸਾਂ ਦਵਾਰਾ ।

੮ ਅੱਗ ਲੱਕੜ ਵਿੱਚ ਬੰਨ੍ਹੀ ਹੈ ।

੯ ਪਾਣੀ ਤੇ ਧਰਤੀ ਇਕ ਥਾਂ ਰੱਖੇ ਹਨ ਤੇ ਫਿਰ ਵੱਖੋ-ਵੱਖ ਭੀ ਹਨ (ਭਾਵ ਪਾਣੀ ਧਰਤੀ ਨੂੰ ਗਰਕ ਨਹੀਂ ਕਰਦਾ) ।

੧੦ ਹਰੀ ਰਾਜਨ ਦੀ ।

੧੧ ਚਾਉ, ਉਮੰਗ । ਹਰ ਇਕ ਨੂੰ ਤੇਰੇ ਲਈ ਜੋਸ਼ ਹੈ ।

੧੨ ਪੁਚਾਇਆ, ਮੁਹੱਈਆ ਕੀਤਾ । ਜੀਵ ਸਾਰੇ ਬਣਾਏ ਪਿਛੋਂ ਸੁ, ਤੇ ਉਨ੍ਹਾਂ ਦੀ ਰੋਜ਼ੀ ਅੱਗੇ ਹੀ ਬਣਾ ਰੱਖੀ ਸੁ ।

੧੩ ਕਿਸ ਦਿੱਤੀ ਹੈ ਸਲਾਹ ਉਹਨੂੰ ? ਭਾਵ ਕਿਸੇ ਸਲਾਹ ਨਹੀਂ ਦਿੱਤੀ ।

੧੪ ਅਸੀਂ ਅਨੇਕ ਜਤਨ ਕਰ ਕੇ ਵਿਖਾਵੇ ਕਰਦੇ ਹਾਂ, ਪਰ ਅਸਲੀਅਤ ਦੀ ਸਮਝ ਸੱਚੀ ਸਿੱਖਿਆ ਦੁਆਰਾ ਹੀ ਪੈਂਦੀ ਹੈ ।

੧੫ ਨਿਆਦਰੀ ।

੧੬ ਓਹ ਤੂੰ (ਹੇ ਹਰੀ !) ਤਬਾਹ ਕਰ ਦਿਤੇ ।

੧੭ ਦੂਰ ਕੀਤੇ ।

੧੮ ਸੰਸਾਰ-ਸਾਗਰ ਹਸਤੀ ਦਾ ਸਮੁੰਦਰ ।

੧੯ [ਨੰਨ੍ਹੇ] ਨਿੱਕੇ ਜਹੇ ।

੨੦ ਤਾਕਤ ਕੀ ਹੈ ਕਿ ਤੇਰਾ ਵਿਚਾਰ ਕਰ ਸਕੀਏ। ਦੇਖੋ ਪੰਨਾ ੩, ਨੋਟ ੧੯ ।

੨੧ ਠੰਢਾ ।

੨੨ ਆਸਰਾ ।

੨੩ ਅਥਾਹ ।

੨੪ ਬਿਅੰਤ ਹਰੀ ਦੇ ।

੨੫ ਚਾਨਣਾ ।

੨੬ ਸੁਰਮਾ ।

੨੭ ਅੰਦਾਜ਼ਾ, ਹਦ-ਬੰਨਾ ।

੨੮ ਬਿਅੰਤ, ਬੇਹੱਦ ।

੨੯ ਖੁਸ਼ੀ ।

੩੦ ਉਚਾਰਦੇ ਹਨ ।

੩੧ ਸ਼ਿਵ ਜੀ ।

੩੨ [ਸੰ. ਅੰਸ਼] ਓਹ ਅਵਤਾਰ ਜਿਨ੍ਹਾਂ ਵਿੱਚ ਹਰੀ ਦੀ ਦੇਵ ਸ਼ਕਤੀ ਦਾ ਕੁਝ ਹਿੱਸਾ (ਅੰਸ਼) ਉਤਰਿਆ ਹੋਵੇ । ਦੇਖੋ ਪੰਨਾ ੫੧੬, ਨੋਟ ੩੦।

੩੩ ਖੜੇ ਹਨ ।

* ਸੰਸਾਰੀ ਰਾਜਿਆਂ ਦੇ ਮੁਕਾਬਲੇ ਵਿੱਚ ਹਰੀ ਦਾ ਪ੍ਰਤਾਪ ਬਿਆਨ ਕਰਦੇ ਹਨ । ਉਹ ਸਦਾ ਕਾਇਮ ਰਹਿੰਦਾ ਹੈ ਤੇ ਸਾਰਾ ਸੰਸਾਰ ਉਸ ਨੂੰ ਮੰਨਦਾ ਹੈ (੧) । ਉਸ ਦੀ ਉਪਮਾ, ਸਭ ਤੋਂ ਉੱਚੀ ਹੈ (੨)। ਇਹ ਰਾਜੇ ਤਾਂ ਥੋੜ੍ਹੇ ਜਹੇ ਲੋਕਾਂ ਨੂੰ ਮੇਲ ਕੇ ਨਹੀਂ ਰੱਖ ਸਕਦੇ, ਪਰ ਹਰੀ ਰਾਜਾ ਵਿਰੋਧੀ ਤੱਤਾਂ ਨੂੰ ਭੀ ਇਕੱਠਾ ਰੱਖ ਸਕਦਾ ਹੈ (੩) । ਉਸ ਦੀ ਪਰਜਾ ਦੇ ਹਰ ਇਕ ਅੰਗ ਵਿੱਚ ਉਸ ਲਈ ਚਾਉ ਭਰਿਆ ਰਹਿੰਦਾ ਹੈ, ਕਿਉਂਕਿ ਉਹ ਸਭ ਦੀ ਪ੍ਰਤਿਪਾਲਨਾ ਕਰਦਾ ਹੈ (੪) । ਉਸ ਨੂੰ ਕਿਸੇ ਦੇ ਸਲਾਹ-ਮਸ਼ਵਰੇ ਦੀ ਲੋੜ ਨਹੀਂ (੫) । ਉਸ ਦੇ ਭਗਤ ਵਡਿਆਈ ਪਾਉਂਦੇ ਹਨ; ਅਤੇ ਵਿਰੋਧੀ ਨਾਸ ਹੁੰਦੇ ਹਨ (੬) । ਭਗਤਾਂ ਦੇ ਔਗੁਣ ਕੱਟੇ ਜਾਂਦੇ ਹਨ ਤੇ ਓਹ ਮੁਕਤੀ ਦੇ ਹਕਦਾਰ ਹੁੰਦੇ ਹਨ (੭) । ਅਸਾਡੇ ਮੁਕਾਬਲੇ 'ਤੇ ਉਹ ਬਹੁਤ ਵੱਡਾ ਹੈ, ਪਰ ਉਸ ਦੇ ਪਠਾਏ ਗੁਰੂ ਦੇ ਦਰਸ਼ਨ ਹੋ ਜਾਣ ਤੇ ਉਸ ਤੋਂ ਨਾਮ ਦਾ ਆਸਰਾ ਮਿਲ ਜਾਏ ਤਾਂ ਮਨ ਤਨ ਵਿੱਚ ਠੰਢ ਵਰਤ ਜਾਂਦੀ ਹੈ (੮) ।

† ਗੁਰੂ ਦੇ ਮਿਲਣ ਨਾਲ ਹਰੀ ਦਾ ਅਗਮ ਅਗਾਧ ਰੂਪ ਪ੍ਰਗਟ ਹੋ ਜਾਂਦਾ ਹੈ । ਉਸ ਦੀ ਵਡਿਆਈ ਦਾ ਵਿਸਥਾਰ ਬਹੁਤ ਵੱਡਾ ਹੈ । ਉਸ ਦੇ ਹਜ਼ੂਰ ਉੱਚੇ ਤੋਂ ਉੱਚੇ ਅਖਵਾਣ ਵਾਲੇ ਦੇਵੀ ਦੇਵਤੇ ਉਸ ਦੀ ਦੱਸੀ ਕਾਰ ਕਰ ਰਹੇ ਹਨ । ਉਥੇ ਕਈ ਕੁਦਰਤ ਦੀਆਂ ਤਾਕਤਾਂ ਗੁਪਤ ਤੇ ਪ੍ਰਗਟ ਹਸਤੀਆਂ ਮਿਲਦੀਆਂ ਹਨ । ਇਤਨਾ ਵੱਡਾ ਹਰੀ ਹਰ ਇਕ ਦੇ ਦਿਲ ਵਿੱਚ ਵੱਸ ਕੇ ਅੰਗ-ਸੰਗ ਹੋ ਸਕਦਾ ਹੈ । ਜੇਕਰ ਨਾਮ ਜਪ ਕੇ ਉਸ ਦੀ ਸੋਝੀ ਪ੍ਰਾਪਤ ਕਰੀਏ ।

ਆਪੇ ਗੁਰਮੁਖਿ[੧] ਆਪੇ ਦੇਵੈ ਆਪੇ ਕਰਿ ਕਰਿ ਵੇਖੈ ॥ ਨਾਨਕ ਸੇ ਜਨ [੨]ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ ॥ ੮ ॥ ੩ ॥

ਸਾਰਗ ਮਹਲਾ ੫ ਅਸਟਪਦੀਆ ਘਰੁ ੧ ੴ ਸਤਿਗੁਰ ਪ੍ਰਸਾਦਿ ॥

*ਗੁਸਾਈਂ ਪਰਤਾਪੁ ਤੁਹਾਰੋ ਡੀਠਾ ॥ ਕਰਨ ਕਰਾਵਨ ਉਪਾਇ ਸਮਾਵਨ ਸਗਲ ਛਤ੍ਰਪਤਿ ਬੀਠਾ[੩] ॥ ੧ ॥ ਰਹਾਉ ॥ ਰਾਣਾ ਰਾਉ[੪] ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ ॥ ਹਮਰਾ ਰਾਜਨੁ ਸਦਾ ਸਲਾਮਤਿ [੫]ਤਾ ਕੋ ਸਗਲ ਘਟਾ ਜਸੁ ਗਾਇਓ ॥ ੧ ॥ ਉਪਮਾ ਸੁਨਹੁ ਰਾਜਨ ਕੀ ਸੰਤਹੁ [੬]ਕਹਤ ਜੇਤ ਪਾਹੂਚਾ ॥ ਬੇਸੁਮਾਰ ਵਡ ਸਾਹ ਦਾਤਾਰਾ ਊਚੇ ਹੀ ਤੇ ਊਚਾ ॥ ੨ ॥ ਪਵਨਿ[੭] ਪਰੋਇਓ ਸਗਲ ਅਕਾਰਾ [੮]ਪਾਵਕ ਕਾਸਟ ਸੰਗੇ ॥ [੯]ਨੀਰੁ ਧਰਣਿ ਕਰਿ ਰਾਖੇ ਏਕਤ ਕੋਇ ਨ ਕਿਸ ਹੀ ਸੰਗੇ ॥ ੩ ॥ ਘਟਿ ਘਟਿ ਕਥਾ ਰਾਜਨ[੧੦] ਕੀ ਚਾਲੈ ਘਰਿ ਘਰਿ ਤੁਝਹਿ ਉਮਾਹਾ[੧੧] ॥ ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ[੧੨] ॥ ੪ ॥ ਜੋ ਕਿਛੁ ਕਰਣਾ ਸੁ ਆਪੇ ਕਰਣਾ [੧੩]ਮਸਲਤਿ ਕਾਹੂ ਦੀਨ੍ਹੀ ॥ [੧੪]ਅਨਿਕ ਜਤਨ ਕਰਿ ਕਰਹ ਦਿਖਾਏ ਸਾਚੀ ਸਾਖੀ ਚੀਨ੍ਹੀ ॥ ੫ ॥ ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ ॥ ਜਿਨਿ ਜਿਨਿ ਕਰੀ ਅਵਗਿਆ[੧੫] ਜਨ ਕੀ [੧੬]ਤੇ ਤੈਂ ਦੀਏ ਰੁੜ੍ਹਾਈ ॥ ੬ ॥ ਮੁਕਤਿ ਭਏ ਸਾਧਸੰਗਤਿ ਕਰਿ ਤਿਨ ਕੇ ਅਵਗਨ ਸਭਿ ਪਰਹਰਿਆ[੧੭] ॥ ਤਿਨ ਕਉ ਦੇਖਿ ਭਏ ਕਿਰਪਾਲਾ ਤਿਨ [੧੮]ਭਵ ਸਾਗਰੁ ਤਰਿਆ ॥ ੭ ॥ ਹਮ ਨਾਨ੍ਹੇ[੧੯] ਨੀਚ ਤੁਮ੍ਹੇ ਬਡ ਸਾਹਿਬ [੨੦]ਕੁਦਰਤਿ ਕਉਣ ਬੀਚਾਰਾ ॥ ਮਨੁ ਤਨੁ ਸੀਤਲੁ[੨੧] ਗੁਰ ਦਰਸ ਦੇਖੇ ਨਾਨਕ ਨਾਮੁ ਅਧਾਰਾ[੨੨] ॥ ੮ ॥ ੧ ॥

ਸਾਰਗ ਮਹਲਾ ੫ ਅਸਟਪਦੀ ਘਰੁ ੬ ੴ ਸਤਿਗੁਰ ਪ੍ਰਸਾਦਿ ॥

†ਅਗਮ ਅਗਾਧਿ[੨੩] ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥ ੧ ॥ ਰਹਾਉ ॥ ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ[੨੪] ॥ ਮਨ ਭੀਤਰਿ ਹੋਵੈ ਪਰਗਾਸੁ[੨੫] ॥ ਗਿਆਨ ਅੰਜਨੁ[੨੬] ਅਗਿਆਨ ਬਿਨਾਸੁ ॥ ੧ ॥ ਮਿਤਿ[੨੭] ਨਾਹੀ ਜਾ ਕਾ ਬਿਸਥਾਰੁ ॥ ਸੋਭਾ ਤਾ ਕੀ [੨੮]ਅਪਰ ਅਪਾਰ ॥ ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥ ਸੋਗ ਹਰਖ[੨੯] ਦੁਹਹੂ ਮਹਿ ਨਾਹਿ ॥ ੨ ॥ ਅਨਿਕ ਬ੍ਰਹਮੇ ਜਾ ਕੇ ਬੇਦ [੩੦]ਧੁਨਿ ਕਰਹਿ ॥ ਅਨਿਕ ਮਹੇਸ[੩੧] ਬੈਸਿ ਧਿਆਨੁ ਧਰਹਿ ॥ ਅਨਿਕ ਪੁਰਖ [੩੨]ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ[੩੩] ਦਰਬਾਰ ॥ ੩ ॥

੧ ਪਾਪ ।
੨ ਡਰ ਦੂਰ ਕਰਨ ਵਾਲਾ, ਹਰੀ ।
੩ ਗੁਰੂ ਦੁਆਰਾ ।
੪ ਕ੍ਰੋੜਾਂ ਜਨਮ ਜਨਮਾਤ੍ਰਾਂ ਦੇ ਪਾਪ ।
੫ ਦਿਲ ਵਿੱਚ ।
੬ ਓਹ ਅਡੋਲ ਤੇ ਸ਼ਾਂਤ ਅਵਸਥਾ ਵਿੱਚ ਟਿਕਦੇ ਹਨ ।
੭ [ਫ਼ਾ. ਚੂੰ-ਲਾਲਹ=ਲਾਲਾ ਦੇ ਫੁੱਲ ਵਰਗੇ ਗੂੜ੍ਹੇ ਲਾਲ] ਗੂੜ੍ਹੇ ਲਾਲ ਰੰਗ ਵਾਲੇ ।
੮ ਸੁਤੇ-ਸਿਧ ਹੀ ।
੯ ਜੀਭ ।
੧੦ ਸ਼ੁੱਧ ਹਰੀ ਨੂੰ ।
੧੧ ਰੱਜ ਗਿਆ ।
੧੨ ਕਿਰਪਾ ਦੁਆਰਾ ।
੧੩ ਮਾਦੀ ਹਾਲਤਾਂ ਤੋਂ ਰਹਿਤ ਹਰੀ ।
੧੪ ਦੂਰ ਕਰ ਕੇ ।
੧੫ ਆਪਾ ਭਾਵ ਹਉਮੈ ।
੧੬ ਦੇਖੋ ਪੰ: ੧੧੯੪, ਨੋਟ ੧੩ ।
੧੭ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।
੧੮ ਸ਼ਬਦ ਦੁਆਰਾ ਹਉਮੈ ਮਾਰ ਦੇਵੇ ।
੧੯ ਹਰ ਰੋਜ਼ ।
੨੦ ਡੂੰਘੇ ਸੁਭਾਅ ਵਾਲਾ ਅਤੇ ਗੁਣਾਂ ਕਰ ਕੇ ਡੂੰਘਾ।
੨੧ ਕਈ ਤਰ੍ਹਾਂ ਦੇ ਕਰਮ ਕਾਂਡ ਕਰਦੇ ਹਨ ਦ੍ਵੈਤ ਭਾਵ ਵਿੱਚ ਲੱਗੇ ਹੋਏ ।
੨੨ ਬਉਰੇ (ਪਾਗਲ) ਹੋਏ ਹੋਏ ।
੨੩ ਇਸ਼ਨਾਨ ਕਰੇ ।
੨੪ ਦ੍ਵੈਤ ਭਾਵ ਵਿੱਚ ਭਉਂ-ਭਉਂ ਕੇ ।
੨੫ ਕੀ ਇਕੱਠਾ ਕਰਾਂ ਤੇ ਕੀ ਤਿਆਗਾਂ ?
੨੬ [ਵਿਧਾਤ੍ਰਿ] ਰਚਨਹਾਰ (ਕਰਮਾਂ ਦਾ) ।
੨੭ ਅਸਚਰਜ ਰੂਪ ਸੰਸਾਰ ਨੂੰ ।
੨੮ ਆਉਣ ਜਾਣ ਵਾਲਾ, ਅਨਿਸਥਿਰ ।
੨੯ ਮਨ ਨੂੰ ਵਿਕਾਰਾਂ ਵਲੋਂ ਰੋਕਣਾ ।
੩੦ ਰਹਿ ਜਾਂਦਾ, ਮੁੱਕ ਜਾਂਦਾ ।
੩੧ ਆਸਰਾ ।
੩੨ ਆਪ ਹੁਦਰੇ ਦ੍ਵੈਤ ਭਾਵ ਕਰਕੇ ਭਰਮ ਵਿੱਚ ਭੁੱਲੇ ਫਿਰਦੇ ਹਨ ।

* ਹਰੀ ਕਰਮ-ਕਾਂਡ ਦੇ ਰਾਹੀਂ ਨਹੀਂ ਮਿਲਦਾ । ਉਹ ਤਾਂ ਸ਼ਬਦ ਦੀ ਕਮਾਈ ਦੁਆਰਾ ਮਿਲਦਾ ਹੈ (੧) । ਪਹਿਲਾਂ ਨਾਮ ਦਾ ਸਿਮਰਨ ਮਨੁੱਖ ਨੂੰ ਪਵਿੱਤਰ ਕਰਦਾ ਹੈ (੨) । ਇਸ ਤੋਂ ਬਿਨਾਂ ਨਿਰਾ ਮਿਥੀਆਂ ਹੋਈਆਂ ਚੀਜ਼ਾਂ ਦਾ ਗ੍ਰਹਿਣ ਜਾਂ ਤਿਆਗ ਕੁਝ ਨਹੀਂ ਸਵਾਰਦਾ (੩) । ਹਰੀ ਦੀ ਕਿਰਪਾ ਹੋਵੇ ਤਾਂ ਗੁਰੂ ਦੇ ਰਾਹੀਂ ਨਾਮ ਦਾ ਰਸਤਾ ਫੜੀਦਾ ਹੈ (੪) । ਨਹੀਂ ਤਾਂ ਮਨੁੱਖ ਆਵਾ ਗਉਣ ਸੰਸਾਰ ਦੀ ਚੇਸ਼ਟਾ ਵਿੱਚ ਲੱਗਾ ਰਹਿੰਦਾ ਹੈ (੫) । ਜਿਨ੍ਹਾਂ ਨੂੰ ਗੁਰੂ ਤੋਂ ਸਮਝ ਆ ਜਾਂਦੀ ਹੈ ਓਹ ਜਨਮ ਨੂੰ ਵਿਗਾੜਨ ਵਾਲੇ ਪਾਸੇ ਨਹੀਂ ਪੈਂਦੇ ਅਤੇ ਸੱਚ ਸੰਜਮ ਦੀ ਕਮਾਈ ਕਰ ਕੇ ਆਵਾ ਗਉਣ ਮੁਕਾ ਲੈਂਦੇ ਹਨ (੬) । ਬਾਕੀ ਆਪ ਹੁਦਰੇ ਤਾਂ ਭੁਲੇਖੇ ਵਿੱਚ ਹੀ ਪਏ ਰਹਿੰਦੇ ਹਨ (੭) । ਇਹ ਸਾਰਾ ਸੁਧਾਰ ਹਰੀ ਆਪ ਹੀ ਕਰਾਏ ਤਾਂ ਹੁੰਦਾ ਹੈ (੮) ।

ਜਨਮ ਜਨਮ ਕੇ ਕਿਲਵਿਖ[੧] [੨]ਭਉ ਭੰਜਨ ਗੁਰਮੁਖਿ[੩] ਏਕੋ ਡੀਠਾ॥ ੧॥ ਰਹਾਉ ॥ [੪]ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ॥ ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ॥ ੧॥ ਪ੍ਰੇਮ ਪਦਾਰਥੁ ਜਿਨ ਘਟਿ[੫] ਵਸਿਆ [੬]ਸਹਜੇ ਰਹੇ ਸਮਾਈ॥ ਸਬਦਿ ਰਤੇ ਸੇ ਰੰਗਿ ਚਲੂਲੇ[੭] ਰਾਤੇ [੮]ਸਹਜਿ ਸੁਭਾਈ॥ ੨॥ ਰਸਨਾ[੯] ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ॥ ਰਾਮ ਨਾਮੁ ਨਿਹਕੇਵਲੁ[੧੦] ਜਾਣਿਆ ਮਨੁ ਤ੍ਰਿਪਤਿਆ[੧੧] ਸਾਂਤਿ ਆਈ॥ ੩॥ ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ॥ ਗੁਰ ਪਰਸਾਦਿ[੧੨] ਨਿਰੰਜਨੁ[੧੩] ਪਾਇਆ ਸਾਚੈ ਸਬਦਿ ਵੀਚਾਰੀ॥ ੪॥ ਆਵਾ ਗਉਣੁ ਨਿਵਾਰਿ[੧੪] ਸਚਿ ਰਾਤੇ ਸਾਚ ਸਬਦੁ ਮਨਿ ਭਾਇਆ॥ ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ[੧੫] ਗਵਾਇਆ॥ ੫॥ ਸਾਚੈ ਸਬਦਿ [੧੬]ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ॥ ਅਗਮ ਅਗੋਚਰੁ[੧੭] ਨਾਮੁ ਨਿਰੰਜਨੁ ਗੁਰਮੁਖਿ[੩] ਮੰਨਿ ਵਸਾਈ॥ ੬॥ ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ॥ [੧੮]ਸਬਦਿ ਮਰੈ ਤਾ ਸਭੁ ਕਿਛੁ ਸੂਝੈ [੧੯]ਅਨਦਿਨੁ ਏਕੋ ਜਾਣੈ॥ ੭॥ ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ॥ ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ॥ ੮॥ ੨॥ ਸਾਰਗ ਮਹਲਾ ੩* ॥ ਮਨ ਮੇਰੇ ਹਰਿ ਕੀ ਅਕਥ ਕਹਾਣੀ॥ ਹਰਿ ਨਦਰਿ ਕਰੇ ਸੋਈ ਜਨੁ ਪਾਏ ਗੁਰਮੁਖਿ[੩] ਵਿਰਲੈ ਜਾਣੀ॥ ੧॥ ਰਹਾਉ॥ ਹਰਿ [੨੦]ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ॥ [੨੧]ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ[੨੨] ॥ ੧॥ ਹਰਿ ਨਾਮਿ ਨਾਵੈ[੨੩] ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ॥ ਨਾਮ ਬਿਨਾ ਸਭੁ ਜਗੁ ਹੈ ਮੈਲਾ [੨੪]ਦੂਜੈ ਭਰਮਿ ਪਤਿ ਖੋਈ॥ ੨॥ [੨੫]ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ॥ ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਨਾਮੇ ਹੋਇ ਸਖਾਈ॥ ੩॥ ਸਚਾ ਸਚੁ ਦਾਤਾ ਕਰਮ ਬਿਧਾਤਾ[੨੬] ਜਿਸੁ ਭਾਵੈ ਤਿਸੁ ਨਾਇ ਲਾਏ॥ ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ॥ ੪॥ ਦੇਖਿ ਬਿਸਮਾਦੁ[੨੭] ਇਹੁ ਮਨੁ ਨਹੀ ਚੇਤੇ ਆਵਾ ਗਉਣੁ[੨੮] ਸੰਸਾਰਾ॥ ਸਤਿਗੁਰੁ ਸੇਵੇ ਸੋਈ ਬੂਝੈ ਪਾਏ ਮੋਖ ਦੁਆਰਾ॥ ੫॥ ਜਿਨ੍ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰਿ ਬੂਝ ਬੁਝਾਈ॥ ਸਚੁ ਸੰਜਮੁ[੨੯] ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ[੩੦] ॥ ੬॥ ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ[੩] ਸਾਚੁ ਅਧਾਰਾ[੩੧] ॥ [੩੨]ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ ॥ ੭॥

੧ ਨਾ ਭਰੇ ਹੋਏ, ਖਾਲੀ ।
੨ ਨਕਾ-ਨੱਕ ਭਰੇ ਹੋਏ ਤਲਾਅ ।
੩ ਵੇਖਿਆ ਹੈ ।
੪ ਸ਼ੁੱਧ ਹਰੀ । ਦਿਲੀ ਪ੍ਰੇਮ ਨਾਲ ਸ਼ੁੱਧ ਹਰੀ ਦੇ ਨਾਮ ਵਿੱਚ ਰੰਗੇ ਗਏ ਹਨ, ਜੋ ਸਦਾ ਤੋਂ ਦਿਆਲੂ ਚਲਾ ਆਇਆ ਹੈ ।
੫ ਹਰੀ ਮੋਹਨ ਨੇ । ਦੇਖੋ ਨੇਮ ੨੦ (ੳ) ।
੬ ਪਾਪ ।
੭ ਅਨੁਰਾਗੀ, ਪ੍ਰੇਮੀ ।
੮ ਡੂੰਘੇ ਸੁਭਾਅ ਵਾਲਾ ।
੯ ਰਤਨਾਂ ਦੀ ਖਾਣ ।
੧੦ ਹੋਰ ਕਿਸੇ ਦੀ ਪੂਜਾ ਨਹੀਂ ।
੧੧ ਗੁਰ-ਸ਼ਬਦ ਨੂੰ ਵਿਚਾਰ ਕੇ ਭਰਮ ਤੇ ਭੈ ਦੂਰ ਕਰਨ ਵਾਲੇ ਹਰੀ ਨੂੰ ਹੀ ਪਛਾਣਿਆਂ ਅਤੇ ਹੋਰ ਕਿਸੇ ਨੂੰ ਨਾ ਪਛਾਣਿਆਂ ।
੧੨ ਸਮਝਿਆ ।
੧੩ ਬਹੁਤੇ ।
੧੪ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ, ਹਰੀ।
੧੫ ਜਿਸ ਦਾ ਕੋਈ ਮਾਲਕ ਨਹੀਂ, ਜੋ ਸੁਤੰਤਰ ਹੈ।
੧੬ ਦੇਖੋ ਪੰਨਾ ੫੧੪, ਨੋਟ ੧ ।
੧੭ ਕਿਰਪਾ ਨਾਲ ।
੧੮ ਜੋ ਉਹ ਕਹਾਉਂਦਾ ਹੈ ਉਹੋ ਕਹਿੰਦਾ ਹਾਂ ।
੧੯ ਸ਼ਬਦ ਦੁਆਰਾ ਹਰੀ ਜੋ ਭਉ ਤੋੜਨ ਵਾਲਾ ਤੇ ਕਾਲ ਨੂੰ ਮੇਟਨ ਵਾਲਾ ਹੈ ਉਸ ਦੇ ਨਾਲ ਲਿਵ ਲਾਈ ਹੈ ।
੨੦ ਗੁਰੂ ਦੁਆਰਾ ।
੨੧ ਸੁਤੇ-ਸਿਧ ਹੀ, ਸੁਭਾਵਕ ਹੀ ।
੨੨ ਨਿਰਲੇਪ, ਪਵਿੱਤਰ ।
੨੩ ਪੁਸ਼ਾਕ ।
੨੪ ਆਪਣੇ ਅਸਲੀ ਘਰ, ਭਾਵ ਹਰੀ ਦੀ ਹਾਜ਼ਰੀ ਵਿੱਚ ਰਹਿੰਦੇ ਹਨ ।
੨੫ ਆਪ ਹੁਦਰਾ, ਜੋ ਗੁਰੂ ਦੀ ਮੰਨ ਕੇ ਨਹੀਂ ਚਲਦਾ ।
੨੬ ਦੂਰ ਕੀਤੇ । ਮਨ ਦੀਆਂ ਲਹਿਰਾਂ ਸ਼ਬਦ ਦੁਆਰਾ ਬੰਦ ਕੀਤੀਆਂ, ਭਾਵ ਮਨ ਵਿੱਚ ਉਠਦੇ ਤਰ੍ਹਾਂ-ਤਰ੍ਹਾਂ ਦੇ ਖਿਆਲ, ਜੋ ਮਨ ਨੂੰ ਡੁਲਾਉਂਦੇ ਰਹਿੰਦੇ ਸਨ, ਸ਼ਾਂਤੀ ਵਿੱਚ ਆ ਗਏ ਅਤੇ ਜੀਭ (ਜੋ ਉਨ੍ਹਾਂ ਖਿਆਲਾਂ ਨੂੰ ਜ਼ਾਹਰ ਕਰਦੀ ਸੀ) ਸ਼ਾਂਤ ਸੁਭਾਅ ਵਾਲੀ ਹੋ ਗਈ ।
੨੭ ਆਪਣੇ ਗੁਰੂ ਨਾਲ ਸਦਾ ਮਿਲ ਕੇ ਰਹੀਏ ਜਿਹੜਾ ਗੁਰੂ ਹਰੀ ਦੇ ਨਾਲ ਲਗਨ ਲਾਈ ਰਖਦਾ ਹੈ ।
੨੮ ਹਰੀ ਐਸਾ ਸਮੁੰਦਰ ਹੈ, ਜਿਸ ਦਾ ਨਾਮ ਰੂਪ ਜਲ ਸਦਾ ਸਾਫ਼ ਰਹਿੰਦਾ ਹੈ । ਜੋ ਇਸ ਜਲ ਵਿੱਚ ਨ੍ਹਾਉਂਦਾ ਹੈ, ਉਹ ਸ਼ਾਂਤ ਸੁਭਾਅ ਵਾਲਾ ਹੋ ਜਾਂਦਾ ਹੈ ।
੨੯ ਪ੍ਰੇਮ ਵਿੱਚ ਰੰਗੇ ਗਏ ।
੩੦ ਵਿਆਪਕ ।
੩੧ ਹਰੀ ।
੩੨ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।
੩੩ [ਸੰ. ਦ੍ਵਿਵਿਧ] ਦ੍ਵੈਤ ਭਾਵ ਵਾਲੀ ਆਪਣੇ ਹਰੀ-ਪਤੀ ਦੀ ਹਜ਼ੂਰੀ ਨਹੀਂ ਪ੍ਰਾਪਤ ਕਰ ਸਕਦੀ ਅਤੇ ਇਸ ਜਗਤ ਵਿੱਚ ਝੂਠੀ ਪੈਂਦੀ ਹੈ, ਕਿਉਂਕਿ ਉਹ ਚੰਗੇ ਮੰਦੇ ਦੀ ਪਛਾਣ ਨਹੀਂ ਕਰ ਸਕਦੀ ।
੩੪ ਬਿਆਨ ਕਰ ਕੇ, ਉਚਾਰ ਕੇ ।

* ਹਰੀ ਦੇ ਭਗਤ ਉਸ ਦੇ ਨਾਮ ਵਿੱਚ ਲਿਵ ਲਾਂਦੇ ਹਨ, ਕਿਉਂਕਿ ਇਸ ਨਾਲ ਮੌਤ ਦਾ ਡਰ ਦੂਰ ਹੁੰਦਾ ਹੈ (੧) । ਨਾਮ ਹੀ ਉਨ੍ਹਾਂ ਲਈ ਰੋਟੀ ਕੱਪੜਾ ਅਤੇ ਹਰ ਤਰ੍ਹਾਂ ਦੀ ਵਡਿਆਈ ਹੁੰਦੀ ਹੈ (੨)। ਮਨਮੁਖ ਉਸ ਅਕਥਨੀ ਨਾਮ ਨੂੰ ਨਹੀਂ ਜਪਦੇ, ਇਸ ਲਈ ਉਨ੍ਹਾਂ ਦਾ ਮਨ ਡੋਲਦਾ ਰਹਿੰਦਾ ਹੈ (੩)। ਪਰ ਉਹ ਭੀ ਜਦ ਗੁਰੂ ਦੀ ਮੱਤ ਲੈਣ ਤਾਂ ਉਨ੍ਹਾਂ ਦੇ ਮਨ ਦੀਆਂ ਨਿੱਤ ਉਠਦੀਆਂ ਲਹਿਰਾਂ ਬੰਦ ਹੋ ਕੇ ਅਡੋਲਤਾ ਮਿਲਦੀ ਹੈ (੪) । ਇਸ ਲਈ ਨਿਰਮਲ ਕਰਨ ਵਾਲੇ ਸ਼ਬਦ ਦੇ ਰਾਹੀਂ ਮਨ ਨੂੰ ਮਾਰਨਾ ਚਾਹੀਦਾ ਹੈ (੫) । ਉਹ ਕਿਸ ਤਰ੍ਹਾਂ ? ਸ਼ਬਦ ਨੂੰ ਵਿਚਾਰਨ ਨਾਲ ਹਰੀ ਦੇ ਪ੍ਰੇਮ ਵਿੱਚ ਰੰਗੀਜ ਜਾਈਦਾ ਹੈ, ਜਿਸ ਨਾਲ ਹਉਮੈ ਤੇ ਤ੍ਰਿਸ਼ਨਾ ਮਰ ਜਾਂਦੀ ਹੈ ਅਤੇ ਅੰਦਰ ਇਕ ਹਰੀ ਦਾ ਵਾਸਾ ਮਹਿਸੂਸ ਕਰਨ ਲੱਗ ਪਈਦਾ ਹੈ (੬) । ਇਹ ਕੰਮ ਓਹੀ ਸੇਵਕ ਕਰਦੇ ਹਨ, ਜੋ ਹਰੀ ਨੂੰ ਭਾਉਂਦੇ ਹਨ, ਨਹੀਂ ਤਾਂ ਦ੍ਵੈਤ ਭਾਵ ਵਾਲੇ ਤਾਂ ਵਿਛੜੇ ਰਹਿੰਦੇ ਹਨ (੭) । ਹਰੀ ਆਪ ਹੀ ਮੇਲੇ ਤਾਂ ਮਿਲੀਦਾ ਹੈ (੮) ।

† ਭੇਖ ਜਾਂ ਪੰਡਤਾਈ ਕਿਸੇ ਕੰਮ ਦੀ ਨਹੀਂ । ਗੁਰੂ ਦੇ ਸ਼ਬਦ ਰਾਹੀਂ ਇਕ ਹਰੀ ਦਾ ਨਾਮ ਜਪਣਾ ਸਭ ਪਾਪ ਦੂਰ ਕਰਦਾ ਤੇ ਆਵਾ-ਗਉਣ ਨਿਵਾਰ ਕੇ ਹਰੀ ਨਾਲ ਮੇਲ ਦਿੰਦਾ ਹੈ ।

ਮੇਲਿ ਲਏ ਬਡਭਾਗੀ ॥ ੨ ॥ ਅਭਰਤ[੧] ਸਿੰਚਿ ਭਏ[੨] ਸੁਭਰ ਸਰ ਗੁਰਮਤਿ ਸਾਚੁ ਨਿਹਾਲਾ[੩] ॥ ਮਨ ਰਤਿ ਨਾਮਿ ਰਤੇ ਨਿਹਕੇਵਲ[੪] ਆਦਿ ਜੁਗਾਦਿ ਦਇਆਲਾ ॥੩॥ ਮੋਹਨਿ[੫] ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵ ਲਾਗੀ ॥ ਸਾਚੁ ਬੀਚਾਰਿ ਕਿਲਵਿਖ[੬] ਦੁਖ ਕਾਟੇ ਮਨੁ ਨਿਰਮਲੁ ਅਨਰਾਗੀ[੭] ॥ ੪ ॥ [੮]ਗਹਿਰ ਗੰਭੀਰ ਸਾਗਰ ਰਤਨਾਗਰ[੯] [੧੦]ਅਵਰ ਨਹੀ ਅਨ ਪੂਜਾ ॥ [੧੧]ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥ ੫ ॥ ਮਨੂਆ ਮਾਰਿ ਨਿਰਮਲ ਪਦੁ ਚੀਨਿਆ[੧੨] ਹਰਿ ਰਸ ਰਤੇ ਅਧਿਕਾਈ[੧੩] ॥ ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥ ੬ ॥ ਅਗਮ ਅਗੋਚਰੁ[੧੪] ਅਨਾਥੁ[੧੫] ਅਜੋਨੀ ਗੁਰਮਤਿ ਏਕੋ ਜਾਨਿਆ ॥ ਸੁਭਰ ਭਰੇ ਨਾਹੀ ਚਿਤੁ ਡੋਲੈ [੧੬]ਮਨ ਹੀ ਤੇ ਮਨੁ ਮਾਨਿਆ ॥ ੭ ॥ ਗੁਰ ਪਰਸਾਦੀ[੧੭] ਅਕਥਉ ਕਥੀਐ[੧੮] ਕਹਉ ਕਹਾਵੈ ਸੋਈ ॥ ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ ॥ ੮ ॥ ੨ ॥

ਸਾਰਗ ਮਹਲਾ ੩ ਅਸਟਪਦੀਆ ਘਰੁ ੧ ੴ ਸਤਿਗੁਰ ਪ੍ਰਸਾਦਿ ॥

*ਮਨ ਮੇਰੇ ਹਰਿ ਕੈ ਨਾਮਿ ਵਡਾਈ ॥ ਹਰਿ ਬਿਨੁ ਅਵਰੁ ਨ ਜਾਣਾ ਕੋਈ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥ ੧ ॥ ਰਹਾਉ ॥ [੧੯]ਸਬਦਿ ਭਉ ਭੰਜਨੁ ਜਮਕਾਲ ਨਿਖੰਜਨੁ ਹਰਿ ਸੇਤੀ ਲਿਵ ਲਾਈ ॥ ਹਰਿ ਸੁਖਦਾਤਾ ਗੁਰਮੁਖਿ[੨੦] ਜਾਤਾ [੨੧]ਸਹਜੇ ਰਹਿਆ ਸਮਾਈ ॥ ੧ ॥ ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ[੨੨] ਪੈਨ੍ਣੁ[੨੩] ਭਗਤਿ ਬਡਾਈ ॥ [੨੪]ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥ ੨ ॥ ਮਨਮੁਖ[੨੫] ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥ ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥ ੩ ॥ ਮਨ ਕੇ ਤਰੰਗ ਸਬਦਿ ਨਿਵਾਰੇ[੨੬] ਰਸਨਾ ਸਹਜਿ ਸੁਭਾਈ ॥ [੨੭]ਸਤਿਗੁਰ ਮਿਲਿ ਰਹੀਐ ਸਦ ਅਪੁਨੇ ਜਿਨਿ ਹਰਿ ਸੇਤੀ ਲਿਵ ਲਾਈ ॥ ੪ ॥ ਮਨੁ ਸਬਦਿ ਮਰੈ ਤਾ ਮੁਕਤੋ ਹੋਵੈ ਹਰਿ ਚਰਣੀ ਚਿਤੁ ਲਾਈ ॥ [੨੮]ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ ॥੫॥ ਸਬਦੁ ਵੀਚਾਰਿ ਸਦਾ [੨੯]ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥ ਅੰਤਰਿ ਨਿਹਕੇਵਲੁ[੪] ਹਰਿ ਰਵਿਆ[੩੦] ਸਭੁ ਆਤਮਰਾਮੁ[੩੧] ਮੁਰਾਰੀ[੩੨] ॥ ੬ ॥ ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥ [੩੩]ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥ ੭ ॥ ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥ ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ[੩੪] ॥ ੮ ॥ ੧ ॥ ਸਾਰਗ ਮਹਲਾ ੩† ॥ ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥

੧ ਵਿਸ਼ਜ-ਆਸ਼ਕਤ ਵਿਸ਼ੇ-ਪਰਾਇਣ, ਵਿਸ਼ਿਆਂ ਵਿੱਚ ਲੀਨ । ਦੇਖੋ ਪੰਨਾ ੬੩੨, ਨੋਟ ੨੦ ।

੨ ਰਾਤ ਦਿਨ ।

੩ ਕੀਤਾ ਉਹ ਕੁਝ ਜੋ ਆਪਣੇ ਆਪ ਨੂੰ ਚੰਗਾ ਲੱਗਾ ।

੪ ਕੰਨਾਂ ਨਾਲ ।

੫ ਪਰਾਈ ਇਸਤ੍ਰੀ ਨਾਲ ।

੬ ਆਪਣੀ ਕਰਨੀ ਦਾ ਮੈਂ ਕੀ ਦੱਸਾਂ ਕਿ ਕਿਵੇਂ ਮੈਂ ਜਨਮ ਗਵਾਂਦਾ ਰਿਹਾ ਹਾਂ ?

੭ ਜੈ ਹੋ ਜਗਦੀਸ਼; ਜੈ ਹੋਵੇ, ਹੇ ਜਗਤ ਦੇ ਮਾਲਕ!

੮ ਮੰਗਦਾ ਹਾਂ ।

੯ ਇਸਤ੍ਰੀ ।

੧੦ ਤਕਦੀ ਹਾਂ ਸਾਰੀ ਰਾਤ ।

੧੧ [ਲੱਛਮੀ ਦਾ ਆਸਰਾ, ਵਿਸ਼ਨੂੰ] ਵਾਹਿਗੁਰੂ ।

੧੨ [ਹਿਸਾਬ, ਗੱਟੀਆਂ ਗਿਣਨਾ] ਚਿੰਤਾ, ਫ਼ਿਕਰ ।

੧੩ ਚਾਲ ਚਲੋ, ਹੇ ਮਨ !

੧੪ ਅਨੰਦਤ ।

੧੫ ਪੂਰਨ ਅਡੋਲਤਾ ਵਾਲੀ ਹਾਲਤ ਵਿੱਚ ਹੋ ਕੇ ਨਿਰਭਉ ਹੋ ਗਏ ਹਾਂ ।

੧੬ ਲਗਨ ।

੧੭ (ਇਹ ਲਗਨ) ਨਾ ਘਟਦੀ ਹੈ, ਨਾ ਇਹਦਾ ਮੁੱਲ ਪੈਂਦਾ ਹੈ ।

੧੮ ਸਖੀ ! ਹੇ ਸਖੀ ! ਸੁਣ; ਹਰੀ ਮੇਰੇ ਪ੍ਰਾਣ ਪ੍ਰੀਤਮ ਹੋ ਗਏ ਹਨ ।

੧੯ ਕਾਮਾਦਿਕ ਦੂਤ ਜ਼ਹਿਰ ਖਾ ਮੋਏ ਹਨ, ਭਾਵ ਖ਼ਤਮ ਹੋ ਗਏ ਹਨ ।

੨੦ ਜਿੰਨੀ ਪ੍ਰੀਤ ਪੈਦਾ ਹੋਈ ਉਤਨੀ ਰਹੀ, ਭਾਵ ਘਟੀ ਨਹੀਂ ਹੈ ।

੨੧ ਰੰਗੀ ਗਈ ਪਿਆਰ ਵਿੱਚ ।

੨੨ ਦੇਖੋ ਪੰਨਾ ੧੧੯੯, ਨੋਟ ੨੧ ।

੨੩ ਆਪਣੇ ਅਸਲੀ ਘਰ (ਭਾਵ ਹਰੀ ਦੀ ਹਜ਼ੂਰੀ) ਵਿੱਚ ਧਿਆਨ ਲਾਇਆ ।

੨੪ ਸ਼ੁਧ ਰਸ ਵਾਲਾ ਨਾਮ । ਉੱਚੇ ਰਸ ਵਾਲਾ ਨਾਮ ਮਿੱਠਾ ਲੱਗਾ, ਜਿਹਦੇ ਨਾਲ ਆਪਣੇ ਅੰਦਰ ਹੀ ਅਸਲੀਅਤ ਰੂਪ ਮਾਲਕ ਮਿਲ ਪਿਆ ਹੈ।

੨੫ ਜਿਥੇ ਤੂੰ ਮਨ ਨੂੰ ਰਖਿਆ ਉਥੇ ਹੀ ਹੈ, ਭਾਵ ਟਿਕ ਗਿਆ ਹੈ ।

੨੬ ਸਨਕ ਸਨੰਦਨ ਆਦਿ ਬ੍ਰਹਮਾ ਦੇ ਪੁੱਤਰ ਅਤੇ ਬ੍ਰਹਮਾ, ਇੰਦਰ ਆਦਿ ਦੇਵਤੇ ਹਰੀ ਦੀ ਭਗਤੀ ਵਿੱਚ ਲੱਗੇ ਜਿਸ ਨਾਲ ਉਨ੍ਹਾਂ ਦਾ ਹਰੀ ਨਾਲ ਮੇਲ ਹੋਇਆ ।

੨੭ ਮੇਰਾ ਮਨ ਹਰੀ ਬਿਨਾਂ ਕਿਵੇਂ ਧੀਰਜ ਫੜੇ, ਜੋ ਹਰੀ ਕ੍ਰੋੜਾਂ ਯੁਗਾਂ ਦੇ ਦੁੱਖ ਦੂਰ ਕਰਨ ਵਾਲਾ ਅਤੇ ਸੱਚ ਸਮਝਾ ਕੇ ਫ਼ੈਸਲੇ ਕਰਨ ਵਾਲਾ ਹੈ।

੨੮ ਚਾਰ ਜੁਗਾਂ ਦਾ ਸਮਾਂ ।

੨੯ ਦੂਰ ਕਰ ਕੇ । ਕ੍ਰੋਧ ਦੂਰ ਹੋ ਕੇ ਮੈਂ ਮੇਰੀ ਦੇ ਭਾਵ ਸੜ ਗਏ ਅਤੇ ਉਨ੍ਹਾਂ ਦੀ ਥਾਂ ਸਦਾ ਨਵਾਂ ਨਰੋਆ ਰਹਿਣ ਵਾਲਾ ਪਿਆਰ ਮਿਲ ਗਿਆ ।

੩੦ ਹੋਰ ਡਰ, ਰੱਬ ਤੋਂ ਬਿਨਾਂ ਹੋਰਨਾਂ ਦੇ ਡਰ ।

੩੧ ਨਿਰਮਲ । ਪਾਪ ਰਹਿਤ ਹਰੀ ਆਪਣੇ ਅੰਗ-ਸੰਗ ਮਹਿਸੂਸ ਕੀਤਾ ।

੩੨ ਡਰ ਦੂਰ ਕਰਨ ਵਾਲਾ ।

੩੩ ਪਿਆਸ ਦੂਰ ਕੀਤੀ ।

* ਹਰੀ ਲਈ ਦਿਲ ਵਿੱਚ ਸਦੀਵੀ ਤਾਂਘ ਦਸਦੇ ਹਨ । ਇਸ ਤਾਂਘ ਤੋਂ ਬਿਨਾਂ ਆਪਣੇ ਅੰਦਰ ਇਕ ਪੀੜ ਤੇ ਖਾਲੀਪਨ ਦੇਖਦੇ ਹਨ । ਇਸ ਦੇ ਹੋਣ ਨਾਲ ਮਨ ਵਿੱਚ ਇਕ ਰਸ ਵਾਲਾ ਟਿਕਾਉ ਮਹਿਸੂਸ ਕ਼ਰਦੇ ਹਨ ।

† ਹਰੀ ਲਈ ਤਾਂਘ ਅੰਦਰੋਂ ਕ੍ਰੋਧ ਤੇ ਹਉਮੈ ਆਦਿ ਦੂਰ ਕਰ ਕੇ ਇਕ ਨਵ ਰੰਗੀ ਪ੍ਰੇਮ ਭਰ ਦਿੰਦੀ ਹੈ, ਜਿਸ ਨਾਲ ਮਨ ਚੰਚਲਤਾ ਛੱਡ ਕੇ ਇਕ ਐਸਾ ਰਜੇਵਾਂ ਮਹਿਸੂਸ ਕਰਦਾ ਹੈ ਕਿ ਜਿਵੇਂ ਰਸ ਨਾਲ ਨਕਾ-ਨਕ ਭਰ ਗਿਆ ਹੁੰਦਾ ਹੈ । ਫਿਰ ਨਾ ਕੋਈ ਦੁੱਖ ਪੋਂਹਦਾ ਹੈ, ਨਾ ਪਾਪ ਅਤੇ ਭਰਮ ਭਉ ਦਾ ਨਾਸ ਹੋ ਕੇ ਇਕ ਹਰੀ ਦੀ ਪੂਜਾ ਵਿੱਚ ਦਿਲ ਲੱਗਾ ਰਹਿੰਦਾ ਹੈ ।

ਬਿਖਿਆਸਕਤ[੧] ਰਹਿਓ [੨]ਨਿਸਿ ਬਾਸੁਰ [੩]ਕੀਨੋ ਅਪਨੋ ਭਾਇਓ ॥ ੧ ॥ ਰਹਾਉ ॥ ਗੁਰ ਉਪਦੇਸੁ ਸੁਨਿਓ ਨਹਿ ਕਾਨਨਿ[੪] [੫]ਪਰ ਦਾਰਾ ਲਪਟਾਇਓ ॥ ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥ ੧ ॥ [੬]ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥ ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥ ੨ ॥ ੪ ॥ ੩ ॥ ੧੩ ॥ ੧੩੯ ॥ ੪ ॥ ੧੫੯ ॥

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥
*ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥ ਜੈ ਜਗਦੀਸ[੭] ਤੇਰਾ ਜਸੁ ਜਾਚਉ[੮] ਮੈ ਹਰਿ ਬਿਨੁ ਰਹਨੁ ਨ ਜਾਈ ॥ ੧ ॥ ਰਹਾਉ ॥ ਹਰਿ ਕੀ ਪਿਆਸ ਪਿਆਸੀ ਕਾਮਨਿ[੯] [੧੦]ਦੇਖਉ ਰੈਨਿ ਸਬਾਈ ॥ ਸ੍ਰੀਧਰ[੧੧] ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ ॥ ੧ ॥ ਗਣਤ[੧੨] ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ ॥ ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ ॥ ੨ ॥ ਐਸੀ [੧੩]ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ ॥ ਬਿਸਮ[੧੪] ਭਏ ਗੁਣ ਗਾਇ ਮਨੋਹਰ [੧੫]ਨਿਰਭਉ ਸਹਜਿ ਸਮਾਈ ॥ ੩ ॥ ਹਿਰਦੈ ਨਾਮੁ ਸਦਾ ਧੁਨਿ[੧੬] ਨਿਹਚਲ [੧੭]ਘਟੈ ਨ ਕੀਮਤਿ ਪਾਈ ॥ ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥ ੪ ॥ ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ[੧੮] [੧੯]ਦੂਤ ਮੁਏ ਬਿਖੁ ਖਾਈ ॥ [੨੦]ਜਬ ਕੀ ਉਪਜੀ ਤਬ ਕੀ ਤੈਸੀ [੨੧]ਰੰਗੁਲ ਭਈ ਮਨਿ ਭਾਈ ॥ ੫ ॥ [੨੨]ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥ ਗੁਰ ਕੈ ਸਬਦਿ ਰਤਾ ਬੈਰਾਗੀ [੨੩]ਨਿਜ ਘਰਿ ਤਾੜੀ ਲਾਈ ॥ ੬ ॥ [੨੪]ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥ [੨੫]ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥ ੭ ॥ [੨੬]ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥ ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥ ੮ ॥ ੧ ॥ ਸਾਰਗ ਮਹਲਾ ੧† ॥ [੨੭]ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥ ਕੋਟਿ ਕਲਪ[੨੮] ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ ॥ ੧ ॥ ਰਹਾਉ ॥ ਕ੍ਰੋਧੁ ਨਿਵਾਰਿ[੨੯] ਜਲੇ ਹਉ ਮਮਤਾ ਪ੍ਰੇਮੁ ਸਦਾ ਨਉ ਰੰਗੀ ॥ [੩੦]ਅਨ ਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ[੩੧] ਸੰਗੀ ॥ ੧ ॥ ਚੰਚਲ ਮਤਿ ਤਿਆਗਿ [੩੨]ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ॥ ਹਰਿ ਰਸੁ ਚਾਖਿ [੩੩]ਤ੍ਰਿਖਾ ਨਿਵਾਰੀ ਹਰਿ

੧ ਕੀੜੇ, ਹਾਥੀ, ਪੱਥਰਾਂ ਦੇ (ਵਿੱਚ ਵਸਦੇ) ਜੀਵ ਤੂੰ ਇਨ੍ਹਾਂ ਸਾਰਿਆਂ ਦੇ ਅੰਦਰ ਵਸਦਾ ਤੇ ਸਭ ਨੂੰ ਪਾਲਦਾ ਹੈਂ । ਹਸਤਿ= ਹਾਥੀ । ਪਾਖਾਣ= ਪੱਥਰਾਂ ਦੇ ।

੨ ਤੂੰ ਦੂਰ ਨਹੀਂ, ਬਲਕਿ ਸਭ ਵਿੱਚ ਵਿਆਪਕ ਹੈਂ, ਸਾਮ੍ਹਣੇ ਹੈਂ, ਨਾਲ ਹੈਂ ।

੩ ਰਸਾਂ ਦੇ ਘਰ ।

੪ ਵਰਨਾਂ ਵਿੱਚ ਤੇਰਾ ਵਰਨ ਨਹੀਂ ਹੈ ਤੇ ਕੁਲਾਂ ਵਿੱਚ ਕੁਲ ਨਹੀਂ ਹੈ ।

੫ ਮਾਇਆ ਕੇਲ ਕਰਦੀ ਹੈ ਤੇ ਵਿਸ਼ਿਆਂ ਦਾ ਮੇਲ ਕਰਾਂਦੀ ਹੈ ਤੇ ਚੰਦ ਸੂਰਜ ਆਦਿ ਦੇਵਤੇ ਮੋਹੇ ਸੁ । ਜਿਸ ਦੀਆਂ ਝਾਂਜਰਾਂ ਦੀ ਛਣਕਾਰ ਨਾਲ ਵਿਕਾਰ ਪੈਦਾ ਹੁੰਦੇ ਹਨ ।

੬ [ਦ੍ਵੰ-ਦ੍ਵਾਲ] ਸ਼ੋਰ ਪਾਉਣ ਵਾਲੇ, ਝਗੜਾਲੂ (ਕਾਮਾਦਿ ਵਿਕਾਰ) ।

੭ [ਸੰ. ਨੂਪੁਰ] ਝਾਂਜਰਾਂ ।

੮ ਛਣਕਾਰ ।

੯ ਅਨੇਕ ।

੧੦ ਹਾਵ ਭਾਵ ।

੧੧ ਠਗਦੀ ।

੧੨ ਤਿੰਨ ਭਵਨ ਇਸ ਵਿੱਚ ਫਸੇ ਹਨ ਤੇ ਮਾੜੇ ਮੋਟੇ ਕਰਮ ਕਰਨ ਨਾਲ ਇਸ ਦੇ ਅਸਰਾਂ ਤੋਂ ਬਚਿਆ ਨਹੀਂ ਜਾ ਸਕਦਾ ।

੧੩ ਧੰਧਿਆਂ ਵਿੱਚ ਰਚੇ ਹੋਏ ਇਸ ਵਿੱਚ ਮਸਤ ਹਨ ਤੇ ਇਉਂ ਧੱਕੇ ਖਾਂਦੇ ਹਨ ਜਿਵੇਂ ਮਹਾਂ ਸਾਗਰ ਵਿੱਚ ਹੁਝਕੇ ਲਗਦੇ ਹਨ ।

੧੪ ਹੁਝਕੇ, ਧੱਕੇ । ਦੇਖੋ ਪੰਨਾ ੯੧, ਨੋਟ ੧੬ ।

੧੫ ਉਧਾਰੇ । ਦੇਖੋ ਪੰਨਾ ੯੨੭, ਨੋਟ ੧ ।

੧੬ ਡਿੱਗਿਆਂ ਹੋਇਆਂ ਨੂੰ ਪਵਿੱਤਰ ਕਰਨ ਵਾਲਾ।

੧੭ ਕਿਸ ਦੀ ?

੧੮ ਇਸਤਰੀ ।

੧੯ ਕੌਣ ਕਿਸੇ ਦਾ ਹੈ ?

੨੦ ਧਰਤੀ ।

੨੧ ਪ੍ਰਭੁਤਾ, ਐਸ਼੍ਵਰਜ ।

੨੨ ਸਾਰੀ ।

੨੩ ਆਪਣੀ ।

੨੪ ਕਿਸ ਲਈ ਉਸ ਵਿੱਚ ਫਸਿਆ ਹੈਂ ?

੨੫ ਦੁੱਖ ਦੂਰ ਕਰਨ ਵਾਲਾ ।

੨੬ ਪਿਆਰ ਨਹੀਂ ਵਧਾਂਦਾ ।

੨੭ ਰਾਤ ਦਾ ।

੨੮ ਵਿਹੁ ਰੂਪ ਮਾਇਆ ।

੨੯ ਇਸ ।

੩੦ ਬੱਦਲ ਦੀ ਛਾਂ ।

੩੧ ਪਕੜੋ ।

੩੨ ਮਾਇਆ ਦੀ ਮਸਤੀ ਵਿੱਚ, ਵਿਸ਼ਿਆਂ ਦੇ ਸਵਾਦ ਵਿੱਚ ਲੱਗਾ ਰਿਹਾ ।

੩੩ ਆਪਣੇ ਆਪ ਨੂੰ ।

੩੪ ਮਨ ਕਰ ਕੇ, ਦਿਲ ਲਾ ਕੇ ।

* ਸਨਮੁਖ ਹੋ ਕੇ ਗੁਣ ਗਾਂਦੇ ਹਨ ।

† ਮਾਇਆ ਦੀ ਪ੍ਰਬਲਤਾ ਦੱਸ ਕੇ ਕਹਿੰਦੇ ਹਨ ਕਿ ਐਸੀ ਬਲਵਾਨ ਮਾਇਆ ਭੀ ਹਰੀ ਦੇ ਭਗਤਾਂ ਨੂੰ ਨਹੀਂ ਵਿਗਾੜ ਸਕਦੀ ।

‡ ਇਸ ਅਤੇ ਅਗਲੇ ਦੋ ਸ਼ਬਦਾਂ ਦਾ ਸਮੁੱਚਾ ਭਾਵ ਹਰੀ ਨੂੰ ਛੱਡ ਕੇ ਧਨ ਸੰਪਤ ਜਾਂ ਸੰਬੰਧੀਆਂ ਵਿੱਚ ਦਿਲ ਨਹੀਂ ਲਾਣਾ ਚਾਹੀਦਾ, ਕਿਉਂਕਿ ਇਹ ਚੀਜ਼ਾਂ ਤਾਂ ਅਨਿਸਥਿਰ ਹਨ ਅਤੇ ਇਨ੍ਹਾਂ ਦੀ ਸਹਾਇਤਾ ਸਦੀਵੀ ਨਹੀਂ ਹੋ ਸਕਦੀ । ਦੂਜੇ ਪਾਸੇ ਹਰੀ ਹਰ ਵੇਲੇ ਸਾਡੇ ਦੁੱਖ ਕਟਦਾ ਤੇ ਸੁਖ ਦਿੰਦਾ ਰਹਿੰਦਾ ਹੈ।

§ ਆਪਣੇ ਆਪ ਨੂੰ ਹਰੀ ਦੇ ਸਾਹਮਣੇ ਬਹੁਤ ਨੀਵਾਂ ਕਰ ਕੇ ਦਸਦੇ ਹਨ ਅਤੇ ਰੱਖਿਆ ਲਈ ਅਰਦਾਸ ਕਰਦੇ ਹਨ ।

ਉਪਦੇਸਿਆ ਨਾਨਕ ਸੇਵਿ ਏਕ ਹਰੀ ॥ ੨ ॥ ੮ ॥ ੧੩੭ ॥ ਸਾਰਗ ਮਹਲਾ ੫* ॥ ਲਾਲ ਲਾਲ ਮੋਹਨ ਗੋਪਾਲ ਤੂ ॥ [੧]ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ ॥ ੧ ॥ ਰਹਾਉ ॥ [੨]ਨਹ ਦੂਰਿ ਪੂਰਿ ਹਜੂਰਿ ਸੰਗੇ ॥ ਸੁੰਦਰ ਰਸਾਲ[੩] ਤੂ ॥ ੧ ॥ [੪]ਨਹ ਬਰਨ ਬਰਨ ਨਹ ਕੁਲਹ ਕੁਲ ॥ ਨਾਨਕ ਪ੍ਰਭ ਕਿਰਪਾਲ ਤੂ ॥ ੨ ॥ ੯ ॥ ੧੩੮ ॥ ਸਾਰਗ ਮਃ ੫† ॥ [੫]ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥ ਉਪਜਤਾ ਬਿਕਾਰ ਦੂੰਦਰ[੬] ਨਉਪਰੀ[੭] [੮]ਝੁਨੰਤਕਾਰ ਸੁੰਦਰ ਅਨਿਗ[੯] ਭਾਉ[੧੦] ਕਰਤ ਫਿਰਤ ਬਿਨੁ ਗੋਪਾਲ ਧੋਹੇ[੧੧] ॥ ਰਹਾਉ ॥ [੧੨]ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ [੧੩]ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ[੧੪] ॥ ੧ ॥ ਉਧਰੇ[੧੫] ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ [੧੬]ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ ॥ ੨ ॥ ੧੦ ॥ ੧੩੯ ॥ ੩ ॥ ੧੩ ॥ ੧੫੫ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਸਾਰੰਗ ਮਹਲਾ ੯ ॥

‡ਹਰਿ ਬਿਨੁ ਤੇਰੋ ਕੋ ਨ ਸਹਾਈ ॥ [੧੭]ਕਾਂ ਕੀ ਮਾਤ ਪਿਤਾ ਸੁਤ ਬਨਿਤਾ[੧੮] [੧੯]ਕੋ ਕਾਹੂ ਕੋ ਭਾਈ ॥ ੧ ॥ ਰਹਾਉ ॥ ਧਨੁ ਧਰਨੀ[੨੦] ਅਰੁ ਸੰਪਤਿ[੨੧] ਸਗਰੀ[੨੨] ਜੋ ਮਾਨਿਓ ਅਪਨਾਈ[੨੩] ॥ ਤਨ ਛੂਟੈ ਕਛੁ ਸੰਗਿ ਨ ਚਾਲੈ [੨੪]ਕਹਾ ਤਾਹਿ ਲਪਟਾਈ ॥ ੧ ॥ ਦੀਨ ਦਇਆਲ ਸਦਾ [੨੫]ਦੁਖ ਭੰਜਨ ਤਾ ਸਿਉ [੨੬]ਰੁਚਿ ਨ ਬਢਾਈ ॥ ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ[੨੭] ॥ ੨ ॥ ੧ ॥ ਸਾਰੰਗ ਮਹਲਾ ੯ ॥ ਕਹਾ ਮਨ ਬਿਖਿਆ[੨੮] ਸਿਉ ਲਪਟਾਹੀ ॥ ਯਾ[੨੯] ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥ ੧ ॥ ਰਹਾਉ ॥ ਕਾਂ ਕੋ ਤਨੁ ਧਨੁ ਸੰਪਤਿ[੨੧] ਕਾਂ ਕੀ ਕਾ ਸਿਉ ਨੇਹੁ ਲਗਾਹੀ ॥ ਜੋ ਦੀਸੈ ਸੋ ਸਗਲ ਬਿਨਾਸੈ ਜਿਉ [੩੦]ਬਾਦਰ ਕੀ ਛਾਹੀ ॥ ੧ ॥ ਤਜਿ ਅਭਿਮਾਨੁ ਸਰਣਿ ਸੰਤਨ ਗਹੁ[੩੧] ਮੁਕਤਿ ਹੋਹਿ ਛਿਨ ਮਾਹੀ ॥ ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥ ੨ ॥ ੨ ॥ ਸਾਰੰਗ ਮਹਲਾ ੯ ॥ ਕਹਾ ਨਰ ਅਪਨੋ ਜਨਮੁ ਗਵਾਵੈ ॥ [੩੨]ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥ ੧ ॥ ਰਹਾਉ ॥ ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ ੧ ॥ ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ[੩੩] ਬੰਧਾਵੈ ॥ ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥ ੨ ॥ ੩ ॥ ਸਾਰੰਗ ਮਹਲਾ ੯§ ॥ [੩੪]ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥

੧ ਸਿਮਰਨ ।
੨ ਪਰਾਲਭਧ, ਭਾਗ ।
੩ ਹਰ ਥਾਂ ਮਾਲਕ ਹੀ ਭਰਪੂਰ ਦਿੱਸਿਆ, ਜਿਸ ਕਰ ਕੇ ਕੋਈ ਵੈਰੀ ਨਹੀਂ ਜਾਪਦਾ ।
੪ ਵੈਰੀ ।
੫ ਕੰਨੀਂ ।
੬ ਪਾਪ ।
੭ [ਪੁਨਹ-ਆਚਰਣ ਪਿੱਛੋਂ ਕੀਤੇ ਕਰਮ] ਪਾਪਾਂ ਦੀ ਨਵਿਰਤੀ ਵਾਸਤੇ ਕੀਤੇ ਪ੍ਰਾਸਚਿਤ ਕਰਮ-ਜਾਪ ਹੋਮ ਆਦਿ ।
੮ ਆਦਤਾਂ । ਹੋਰ ਆਦਤਾਂ ਵਿਸਾਰ ਦਿੱਤੀਆਂ ।
੯ ਪਵਿਤ੍ਰ ਤੋਂ ਮਹਾਂ ਪਵਿਤ੍ਰ ।
੧੦ ਪਾਪ ਤੇ ਦੋਸ਼ ਸਾੜ ਦਿੱਤੇ ।
੧੧ ਰਹਿਣੀ ਰਹਿਣੇ ਵਾਲੇ, ਅਮਲ ਕਰਨ ਵਾਲੇ ਜੂਨਾਂ ਵਿੱਚ ਪੈਣ ਤੋਂ ਬਚ ਜਾਂਦੇ ਹਨ ।
੧੨ ਸਾਰ=ਤਤ, ਅਸਲ ਚੀਜ਼ । ਭੂਤ=ਰੂਪ । ਸਾਰਭੂਤ=ਸਿਧਾਂਤ, ਨਿਚੋੜ । ਰਾਮ ਰਾਮ ਕਰਨਾ (ਸਭ ਧਰਮਾਂ ਦਾ) ਨਿਚੋੜ ਜਾਂ ਤਤ ਕਰ ਕੇ ਜਾਤਾ ਹੈ । ਦੇਖੋ ਪੰਨਾ ੨੯੯, ਨੋਟ ੩ ।
੧੩ ਕੰਮ ।
੧੪ ਮੰਗ । ਹਰੀ ਦੇ ਭਗਤ ਦੀ ਚਰਨ ਧੂੜ ਮੰਗ, ਉਹ ਮਾਲਕ ਆਪ ਦੇਵੇਗਾ ।
੧੫ ਸੁਖ ।
੧੬ ਡਰ (ਇਸਤਰੀ ਲਿੰਗ ਹੈ) ।
੧੭ ਅੰਦਰ ਦੀਆਂ ਬੁੱਝਣ ਵਾਲਾ ।
੧੮ ਸਾਰੇ ਸੰਸਾਰ ਦੇ ਤਾਪ ਦੂਰ ਕਰਨ ਵਾਲਾ ।
੧੯ ਬੇੜੀ ।
੨੦ ਪਾਰ ਕਰਨ ਵਾਲਾ ਮੁਕਤੀ-ਦਾਤਾ ।
੨੧ ਗੁਰੂ ਦੇ ਦਰਸ਼ਨ ਕਰਨ ਨਾਲ ਪਿਆਰੇ ਹਰੀ ਦੇ ਗੁਣ ਗਾਉਣ ਲੱਗ ਪੈਂਦਾ ਹਾਂ ।
੨੨ ਕਾਮਾਦਿਕ ਤੋਂ ।
੨੩ ਇਕ ਮਨ ।
੨੪ ਪਕੜਾਂ, ਗ੍ਰਹਿਣ ਕਰਾਂ; ਧਾਰਨ ਕਰਾਂ ।
੨੫ ਦ੍ਰਿਸ਼ਟਮਾਨ ਪਦਾਰਥ, ਦਿੱਸਣ ਵਾਲੀਆਂ ਮਾਇਕ ਚੀਜ਼ਾਂ ।
੨੬ ਗੁਣਾਂ ਦਾ ਭੰਡਾਰ, ਹਰੀ ।
੨੭ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ।
੨੮ ਕਠਿਨ ਗਾਰ੍ਹ (ਗੜ੍ਹੀ) ਭਰਮਾਂ ਦੀ ।
੨੯ ਦਰਸ਼ਨ ।
੩੦ ਹਿਰਦੇ ਵਿੱਚ ।
੩੧ ਦੇਖ ਕੇ ।
੩੨ ਹਰੀ-ਪਤੀ ਦਾ ਮਹਿਲ ।
੩੩ ਕੰਮ ਧੰਧੇ ।
੩੪ ਗਲੇ ਨਾਲ ।
੩੫ ਐਸੀ ਹਾਲਤ ਹੋ ਗਈ ਹੈ ।
੩੬ ਦਿਆਲ ਹੀ ਜਾਣਦਾ ਹੈ ।
੩੭ ਮਾਤਾ ਪਿਤਾ ।
੩੮ ਵੇਚਿਆ ਹੈ ।
੩੯ [ਕ੍ਰਿਤ ਕ੍ਰਿਤਜ] ਕ੍ਰਿਤਾਰਥ, ਨਿਹਾਲ ।

* ਹਰੀ ਸਿਮਰਨ ਸਭ ਤੋਂ ਉੱਤਮ ਸਾਧਨ ਹੈ ਪਾਪ ਦੂਰ ਕਰਨ ਤੇ ਪਵਿੱਤਰ ਹੋਣ ਦਾ । ਇਹੋ ਸਭ ਧਰਮਾਂ ਦਾ ਨਿਚੋੜ ਹੈ ।

† ਨਾਮ ਦੀ ਓਟ ਲੈਣ ਨਾਲ ਸਾਡੇ ਤਾਪ ਦੂਰ ਹੁੰਦੇ, ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਅਤੇ ਮੌਤ ਦਾ ਡਰ ਦੂਰ ਹੋ ਕੇ ਮੁਕਤੀ ਮਿਲਦੀ ਹੈ ।

‡ ਗੁਰੂ ਦੀ ਸੰਗਤ ਤੋਂ ਹਰੀ ਦੇ ਗੁਣ ਗਾਣਾ ਸਿਖੀਦਾ ਹੈ, ਜਿਸ ਤੋਂ ਭਰਮ ਮੋਹ ਟੁਟਦਾ ਹੈ ਅਤੇ ਇਕ ਹਰੀ ਨਾਲ ਪ੍ਰੀਤੀ ਲਗਦੀ ਹੈ ।

§ ਸਾਰੇ ਕੰਮ-ਧੰਧੇ ਛੱਡ ਕੇ ਸਾਧ-ਸੰਗਤ ਦੀ ਸੇਵਾ ਕਰ ਕੇ ਹਰੀ ਮਿਲਦਾ ਹੈ ।

¶ ਸੰਸਾਰ ਦੇ ਸਾਰੇ ਸਨਬੰਧੀਆਂ ਦਾ ਮੋਹ ਛੱਡ ਕੇ ਇਕ ਹਰੀ ਦੀ ਸੇਵਾ ਪੂਜਾ ਵਿੱਚ ਲੱਗੇ ਹਾਂ ।

ਜਾਪਿ ਰਮਤ[੧] ਰਾਮ ਸਹਾਈ ॥ ੧ ॥ ਰਹਾਉ ॥ ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ ਲਬਧਿ[੨] ਅਪਨੀ ਪਾਈ ॥ ੧ ॥ ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ [੩]ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ[੪] ॥ ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥ ੨ ॥ ੩ ॥ ੧੩੨ ॥ ਸਾਰਗ ਮਹਲਾ ੫* ॥ ਹਰਿ ਹਰੇ ਹਰਿ ਮੁਖਹੁ ਬੋਲਿ ਹਰਿ ਹਰੇ ਮਨਿ ਧਾਰੇ ॥ ੧ ॥ ਰਹਾਉ ॥ ਸ੍ਰਵਨ[੫] ਸੁਨਨ ਭਗਤਿ ਕਰਨ ਅਨਿਕ ਪਾਤਿਕ[੬] [੭]ਪੁਨਹਚਰਨ ॥ ਸਰਨ ਪਰਨ ਸਾਧੂ ਆਨ ਬਾਨਿ[੮] ਬਿਸਾਰੇ ॥ ੧ ॥ ਹਰਿ ਚਰਨ ਪ੍ਰੀਤਿ ਨੀਤ ਨੀਤਿ [੯]ਪਾਵਨਾ ਮਹਿ ਮਹਾ ਪੁਨੀਤ ॥ ਸੇਵਕ ਭੈ ਦੂਰਿ ਕਰਨ [੧੦]ਕਲਿਮਲ ਦੋਖ ਜਾਰੇ ॥ ਕਹਤ ਮੁਕਤ ਸੁਨਤ ਮੁਕਤ [੧੧]ਰਹਤ ਜਨਮ ਰਹਤੇ ॥ ਰਾਮ ਰਾਮ [੧੨]ਸਾਰ ਭੂਤ ਨਾਨਕ ਤਤੁ ਬੀਚਾਰੇ ॥ ੨ ॥ ੪ ॥ ੧੩੩ ॥ ਸਾਰਗ ਮਹਲਾ ੫† ॥ ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ[੧੩] ॥ ੧ ॥ ਰਹਾਉ ॥ ਪ੍ਰੀਤਿ ਲਾਇ ਹਰਿ ਧਿਆਇ ਗੁਨ ਗੋੁਬਿੰਦ ਸਦਾ ਗਾਇ ॥ ਹਰਿ ਜਨ ਕੀ ਰੇਨ [੧੪]ਬਾਂਛੁ ਦੈਨਹਾਰ ਸੁਆਮੀ ॥ ੧ ॥ ਸਰਬ ਕੁਸਲ[੧੫] ਸੁਖ ਬਿਸ੍ਰਾਮ ਆਨਦਾ ਆਨੰਦ ਨਾਮ ਜਮ ਕੀ ਕਛੁ ਨਾਹਿ ਤ੍ਰਾਸ[੧੬] ਸਿਮਰਿ ਅੰਤਰਜਾਮੀ[੧੭] ॥ ਏਕ ਸਰਨ ਗੋਬਿੰਦ ਚਰਨ[੧੮] ਸੰਸਾਰ ਸਗਲ ਤਾਪ ਹਰਨ ॥ ਨਾਵ[੧੯] ਰੂਪ ਸਾਧਸੰਗ ਨਾਨਕ ਪਾਰਗਰਾਮੀ[੨੦] ॥ ੨ ॥ ੫ ॥ ੧੩੪ ॥ ਸਾਰਗ ਮਹਲਾ ੫‡ ॥ [੨੧]ਗੁਨ ਲਾਲ ਗਾਵਉ ਗੁਰ ਦੇਖੇ ॥ [੨੨]ਪੰਚਾ ਤੇ ਏਕੁ[੨੩] ਛੂਟਾ ਜਉ ਸਾਧਸੰਗਿ ਪਗ ਰਉ[੨੪] ॥ ੧ ॥ ਰਹਾਉ ॥ ਦ੍ਰਿਸਟਉ[੨੫] ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥ ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧਸੰਗਿ ਸੋਹਾ ॥ ੧ ॥ ਪਾਇਓ ਹੈ [੨੬]ਗੁਣ ਨਿਧਾਨੁ [੨੭]ਸਗਲ ਆਸ ਪੂਰੀ ॥ ਨਾਨਕ ਮਨਿ ਅਨੰਦ ਭਏ ਗੁਰਿ [੨੮]ਬਿਖਮ ਗਾਰ੍ਹ ਤੋਰੀ ॥ ੨ ॥ ੬ ॥ ੧੩੫ ॥ ਸਾਰਗ ਮਹਲਾ ੫§ ॥ ਮਨਿ ਬਿਰਾਗੈਗੀ ॥ ਖੋਜਤੀ ਦਰਸਾਰ[੨੯] ॥ ੧ ॥ ਰਹਾਉ ॥ ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ[੩੦] ਧਿਆਇਓ ॥ ਆਨੰਦ ਰੂਪੀ [੩੧]ਪੇਖਿ ਕੈ ਹਉ ਮਹਲੁ[੩੨] ਪਾਵਉਗੀ ॥ ੧ ॥ ਕਾਮ ਕਰੀ[੩੩] ਸਭ ਤਿਆਗਿ ਕੈ ਹਉ ਸਰਣਿ ਪਰਉਗੀ ॥ ਨਾਨਕ ਸੁਆਮੀ ਗਰਿ[੩੪] ਮਿਲੇ ਹਉ ਗੁਰ ਮਨਾਵਉਗੀ ॥ ੨ ॥ ੭ ॥ ੧੩੬ ॥ ਸਾਰਗ ਮਹਲਾ ੫¶ ॥ [੩੫]ਐਸੀ ਹੋਇ ਪਰੀ ॥ [੩੬]ਜਾਨਤੇ ਦਇਆਰ ॥ ੧ ॥ ਰਹਾਉ ॥ [੩੭]ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ[੩੮] ॥ ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥ ੧ ॥ ਲੋਕ ਕੁਟੰਬ ਤੇ ਟੂਟੀਐ ਪ੍ਰਭ [੩੯]ਕਿਰਤਿ ਕਿਰਤਿ ਕਰੀ ॥ ਗੁਰਿ ਮੋ ਕਉ

੧ ਅੰਦਰ ਦੀਆਂ ਜਾਣਨ ਵਾਲਾ ।
੨ ਸਨਮਾਨੇ ਗਏ, ਆਦਰ ਦਿੱਤੇ ਗਏ ।
੩ ਹੋਰ ਕਰਮ ।
੪ ਕਾਲ ਸੰਸਾਰ ਨੂੰ ਖਾਂਦਾ ਹੈ ।
੫ ਬੇਖ਼ਬਰੀ । ਉਮਰ ਬੇਖ਼ਬਰੀ ਵਿੱਚ ਬੀਤ ਗਈ।
੬ ਪੇਟ ਵਿੱਚ । ਨਰਕ ਰੂਪ ਪੇਟ ਵਿੱਚ ਸੜਦਾ ਫਿਰਿਆ ਅਤੇ (ਅੰਤ) ਜਮ ਨੇ ਉਸ ਦੀ ਖ਼ਬਰ ਲਈ ।
੭ ਹੋਰਨਾਂ ਨਾਲ ਧੋਖਾ ।
੮ (ਹੋਰਨਾਂ ਕੰਮਾਂ ਵੱਲੋਂ) ਹੱਥ ਝਾੜ ਕੇ ਪਾਪਾਂ ਵਿੱਚ ਲੱਗ ਜਾਂਦਾ ਹੈ, ਭਾਵ ਹੱਥ ਧੋ ਕੇ ਪਾਪਾਂ ਪਿੱਛੇ ਪੈ ਜਾਂਦਾ ਹੈ ।
੯ ਅਗਿਆਨਤਾ ।
੧੦ ਠੱਗ ਬੂਟੀ । ਦੇਖੋ ਪੰਨਾ ੧੨੧੩, ਨੋਟ ੧੫ ।
੧੧ ਲੁੱਟਿਆ ਗਿਆ ।
੧੨ ਹਾਥੀ ਵਾਂਗ । ਆਪਣੀ ਮਤ ਦੇ ਹੰਕਾਰ ਵਿੱਚ ਮੱਤਾ ਰਿਹਾ ਤੇ ਹਰੀ ਨੂੰ ਨਾ ਪਛਾਣਿਆ ਜੋ ਅੰਦਰ ਗੁਪਤ ਹੋ ਕੇ ਵਰਤ ਰਿਹਾ ਹੈ ।
੧੩ ਪ੍ਰਭੂ ਨੇ ਸੰਤ ਬਚਾਅ ਲਏ ਆਪਣੇ ਪਵਿੱਤਰ ਚਰਨਾਂ ਦੇ ਆਸਰੇ ।
੧੪ ਹੱਥ ਜੋੜ ਕੇ ।
੧੫ ਦੇਖੋ ਪੰਨਾ ੧੧੫੩, ਨੋਟ ੧ ।
੧੬ ਕਿਉਂ ਕਰਦੀ ਹੈਂ ਵਿਕਾਰ ?
੧੭ ਹਰੀ-ਪਤੀ ਦਾ ਮਹਲ ।
੧੮ ਜਿਥੇ ਹਰੀ-ਪਤੀ ਨਾਲ ਮੌਜਾਂ ਤੇ ਲਾਡ ਮਾਣਦੀ ਹੋਵੇਂਗੀ ।
੧੯ ਖੇਲ, ਕਲੋਲ, ਲਾਡ ।
੨੦ ਸੰਸਾਰ ਸੁਫਨਾ ਹੈ; ਇਸ ਦਾ ਖਿਲਾਰਾ ਝੂਠਾ ਹੈ ।
੨੧ ਮਿਥਿਆ, ਝੂਠਾ ।
੨੨ ਹੇ ਸਖੀ ! ਮਾਇਆ ਦੇ ਮੋਹ ਵਿੱਚ ਕਿਉਂ ਮੋਹੀ ਗਈ ਹੈਂ ? ਪਿਆਰੇ ਦੀ ਪ੍ਰੀਤੀ ਦਿਲ ਵਿੱਚ ਇਕੱਠੀ ਕਰ ।
੨੩ ਉਹ ਸਾਰੇ ਦਾ ਸਾਰਾ ਪ੍ਰੀਤ-ਪਿਆਰ ਹੈ, ਭਾਵ ਪਰੇਮ ਪੁੰਜ ਹੈ ।
੨੪ ਦਿਆਲੂ ।
੨੫ ਕਿਸ ਲਈ ਹੋਰ ਹੋਰ ਵਿੱਚ ਫਸਦੀ ਹੈਂ ?
੨੬ ਲਗੀਏ । ਹਰੀ ਸੰਗਤਿ ਨਾਲ ਲੱਗੇ ਰਹੀਏ ।
੨੭ ਹੁਣ ਜਮ ਦਾ ਮੇਲ ਚੁਕ ਗਿਆ, ਭਾਵ ਮੌਤ ਦਾ ਡਰ ਨਹੀਂ ਪੋਹੇਗਾ ।
੨੮ ਦਾਤ, ਦਾਨ ।
੨੯ ਜ਼ਿਮੀ ਮਣਸ ਦਿੱਤੀ ।
੩੦ ਸੁਚ । ਤਰ੍ਹਾਂ-ਤਰ੍ਹਾਂ ਦੀ ਸੁਚਮ ਤੇ ਪਵਿੱਤਰਤਾ ਕੀਤੀ ।
੩੧ ਉਚਾਰੇ । ਜੀਭ ਨਾਲ ਉਚਾਰੇ, ਮੂੰਹ-ਜ਼ਬਾਨੀ ਰਟੇ ।
੩੨ ਅਠਾਰਾਂ ਪੁਰਾਣ ਤੇ ਛੇ ਸ਼ਾਸਤ੍ਰ ਕੰਨੀਂ ਸੁਣੇ ਦੇਖੋ ਪੰਨਾ ੧੧੩੦, ਨੋਟ ੯ ।
੩੩ ਗੋਬਿੰਦ ਦੇ ਨਾਮ ਉਚਾਰਨ ਕਰਨ ਦੇ ਬਰਾਬਰ ਨਹੀਂ ।
੩੪ ਸੰਧਿਆ ਕਰਨੀ ।
੩੫ ਕੁੰਟ ਦੀ ਕਿਰਿਆ ਭਾਵ ਤੀਰਥ ਯਾਤਰਾ ਬਿਨਾਂ ਕੁਝ ਖਾਣ-ਪੀਣ ਦੇ ਕਰਨੀ ।
੩੬ [ਪਾਕਸਾਲ] ਰਸੋਈ । ਅਛੋਹ ਹੋ ਕੇ ਰਸੋਈ ਕਰਨੀ ।
੩੭ ਇਕ ਯੋਗ ਕ੍ਰਿਆ ਹੈ, ਜਿਸ ਵਿੱਚ ਦੋਵੇਂ ਮੋਢੇ ਨੀਵੇਂ ਕਰ ਕੇ ਸਿੱਧੇ ਬੈਠ ਕੇ ਸੁਆਸਾਂ ਦੇ ਬਲ ਨਾਲ ਪੇਟ ਨੂੰ ਹੇਠ ਉਤੇ ਸੱਜੇ-ਖੱਬੇ ਚਲਾਉਣਾ, ਜਿਸ ਨਾਲ ਅੰਦਰੋਂ ਆਂਦਰਾਂ ਸਾਫ਼ ਹੋ ਜਾਂਦੀਆਂ ਹਨ ।
੩੮ ਅੱਖੀਂ ਦੇਖਾਂ ।
੩੯ ਮਿੱਠਾ ।

* ਹਰੀ ਭਜਨ ਤੋਂ ਬਿਨਾਂ ਹੋਰ ਤਰ੍ਹਾਂ ਦੇ ਕਰਮ ਸਾਰੇ ਵਿਅਰਥ ਹਨ । ਉਨ੍ਹਾਂ ਨਾਲ ਮਨੁੱਖ ਦਾ ਆਵਾਗਉਣ ਬਣਿਆ ਰਹਿੰਦਾ ਹੈ ਕਿਉਂਕਿ ਮਾਇਆ ਦੇ ਮੋਹ ਦੇ ਅਸਰ ਹੇਠਾਂ ਮਨੁੱਖ ਆਪਣੇ ਨਾਲ ਵਸਦੇ ਹਰੀ ਨੂੰ ਨਹੀਂ ਪਛਾਣਦਾ ਅਤੇ ਤਰ੍ਹਾਂ-ਤਰ੍ਹਾਂ ਦੇ ਪਾਪ ਕਰਦਾ ਰਹਿੰਦਾ ਹੈ । ਹਰੀ ਕਿਰਪਾ ਕਰੇ ਤਾਂ ਆਪਣੇ ਚਰਨਾਂ ਦਾ ਪਿਆਰ ਦੇ ਕੇ ਬਚਾਅ ਲੈਂਦਾ ਹੈ ।

† ਮਨੁੱਖ ਨੂੰ ਸਮਝਾਂਦੇ ਹਨ ਕਿ ਸੰਸਾਰ ਦੇ ਮੋਹ ਵਿੱਚ ਕਿਉਂ ਪੈਂਦਾ ਹੈਂ । ਇਹ ਸੰਸਾਰ ਤਾਂ ਸੁਫਨੇ ਵਾਂਗ ਝੂਠਾ ਹੈ । ਪ੍ਰੇਮ ਰੂਪ ਹਰੀ ਹਰ ਵਕਤ ਦਿਆਲੂ ਹੈ । ਉਸ ਨੂੰ ਛੱਡ ਕੇ ਕਿਸੇ ਹੋਰ ਵਿੱਚ ਕਿਉਂ ਮੋਹ ਕਰੀਏ ? ਉਸੇ ਨੂੰ ਪਿਆਰੀਏ । ਕਿਵੇਂ ? ਉਸ ਦੇ ਸਤਿ-ਸੰਗ ਵਿੱਚ ਜੁੜੀਏ, ਜਿਥੋਂ ਹਰੀ ਦਾ ਮੇਲ ਪ੍ਰਾਪਤ ਹੁੰਦਾ ਹੈ ਅਤੇ ਮੌਤ ਦਾ ਡਰ ਹਟਦਾ ਹੈ ।

‡ ਕੋਈ ਧਾਰਮਕ ਕ੍ਰਿਆ ਨਾਮ ਜਪਣ ਦੇ ਬਰਾਬਰ ਨਹੀਂ ।

§ ਸਤ-ਸੰਗ ਰਾਹੀਂ ਨਾਮ ਜਪਣ ਨਾਲ ਪਾਪ ਦੂਰ ਹੁੰਦੇ, ਭਰਮ ਮੋਹ ਕਟੀਂਦੇ ਅਤੇ ਹਰ ਥਾਂ ਹਰੀ ਵਸਦਾ ਦਿੱਸਦਾ ਹੈ, ਜਿਸ ਕਰ ਕੇ ਕੋਈ ਵੈਰੀ ਨਹੀਂ ਭਾਸਦਾ ।

ਕਹਾਵਨ ਅੰਤਰਜਾਮੀ[੧] ਜਾਨੈ ॥ ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ ਮਾਨੇ[੨] ॥ ੨ ॥ ੧੦੫ ॥ ੧੨੮ ॥

ਸਾਰੰਗ ਮਹਲਾ ੫ ਚਉਪਦੇ ਘਰੁ ੫ ੴ ਸਤਿਗੁਰ ਪ੍ਰਸਾਦਿ ॥

*ਹਰਿ ਭਜਿ [੩]ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ [੪]ਕਾਲ ਗ੍ਰਸ ਸੰਸਾਰ ॥ ੧ ॥ ਰਹਾਉ ॥ ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ[੫] ॥ ਨਰਕ ਉਦਰਿ[੬] ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥ ੧ ॥ ਪਰ ਦ੍ਰੋਹ[੭] ਕਰਤ ਬਿਕਾਰ ਨਿੰਦਾ [੮]ਪਾਪ ਰਤ ਕਰ ਝਾਰ ॥ ਬਿਨਾ ਸਤਿਗੁਰ ਬੂਝ ਨਾਹੀ ਤਮ[੯] ਮੋਹ ਮਹਾਂ ਅੰਧਾਰ ॥ ੨ ॥ ਬਿਖੁ ਠਗਉਰੀ[੧੦] ਖਾਇ ਮੂਠੋ[੧੧] ਚਿਤਿ ਨ ਸਿਰਜਨਹਾਰ ॥ ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ[੧੨] ਮਤਿ ਅਹੰਕਾਰ ॥ ੩ ॥ ਕਰਿ ਕ੍ਰਿਪਾ [੧੩]ਪ੍ਰਭ ਸੰਤ ਰਾਖੇ ਚਰਨ ਕਮਲ ਅਧਾਰ ॥ [੧੪]ਕਰ ਜੋਰਿ ਨਾਨਕੁ ਸਰਨਿ ਆਇਓ ਗੋਪਾਲ ਪੁਰਖ ਅਪਾਰ ॥ ੪ ॥ ੧ ॥ ੧੨੯ ॥

ਸਾਰਗ ਮਹਲਾ ੫ ਘਰੁ ੬ ਪੜਤਾਲ[੧੫] ੴ ਸਤਿਗੁਰ ਪ੍ਰਸਾਦਿ ॥

†ਸੁਭ ਬਚਨ ਬੋਲਿ ਗੁਨ ਅਮੋਲ ॥ [੧੬]ਕਿੰਕਰੀ ਬਿਕਾਰ ॥ ਦੇਖੁ ਰੀ ਬੀਚਾਰ ॥ ਗੁਰ ਸਬਦੁ ਧਿਆਇ ਮਹਲੁ[੧੭] ਪਾਇ ॥ [੧੮]ਹਰਿ ਸੰਗਿ ਰੰਗ ਕਰਤੀ ਮਹਾ ਕੇਲ[੧੯] ॥੧॥ ਰਹਾਉ ॥ [੨੦]ਸੁਪਨ ਰੀ ਸੰਸਾਰੁ ॥ ਮਿਥਨੀ[੨੧] ਬਿਸਥਾਰੁ ॥ [੨੨]ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥ ੧ ॥ [੨੩]ਸਰਬ ਰੀ ਪ੍ਰੀਤਿ ਪਿਆਰੁ ॥ ਪ੍ਰਭੁ ਸਦਾ ਰੀ ਦਇਆਰੁ[੨੪] ॥ [੨੫]ਕਾਂਏਂ ਆਨ ਆਨ ਰੁਚੀਐ ॥ ਹਰਿ ਸੰਗਿ ਸੰਗਿ ਖਚੀਐ[੨੬] ॥ ਜਉ ਸਾਧਸੰਗ ਪਾਏ ॥ ਕਹੁ ਨਾਨਕ ਹਰਿ ਧਿਆਏ ॥ [੨੭]ਅਬ ਰਹੇ ਜਮਹਿ ਮੇਲ ॥ ੨ ॥ ੧ ॥ ੧੩੦ ॥ ਸਾਰਗ ਮਹਲਾ ੫‡ ॥ ਕੰਚਨਾ ਬਹੁ ਦਤ[੨੮] ਕਰਾ ॥ [੨੯]ਭੂਮਿ ਦਾਨੁ ਅਰਪਿ ਧਰਾ ॥ ਮਨ ਅਨਿਕ ਸੋਚ[੩੦] ਪਵਿਤ੍ਰ ਕਰਤ ॥ ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥ ੧ ॥ ਰਹਾਉ ॥ ਚਾਰਿ ਬੇਦ ਜਿਹਵ ਭਨੇ[੩੧] ॥ [੩੨]ਦਸ ਅਸਟ ਖਸਟ ਸ੍ਰਵਨ ਸੁਨੇ ॥ [੩੩]ਨਹੀ ਤੁਲਿ ਗੋਬਿਦ ਨਾਮ ਧੁਨੇ ॥ ਮਨ ਚਰਨ ਕਮਲ ਲਾਗੇ ॥ ੧ ॥ ਬਰਤ ਸੰਧਿ[੩੪] ਸੋਚ ਚਾਰ ॥ [੩੫]ਕ੍ਰਿਆ ਕੁੰਟਿ ਨਿਰਾਹਾਰ ॥ ਅਪਰਸ ਕਰਤ ਪਾਕਸਾਰ[੩੬] ॥ [੩੭]ਨਿਵਲੀ ਕਰਮ ਬਹੁ ਬਿਸਥਾਰ ॥ ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥ ਰਾਮ ਦਇਆਰ[੨੪] ਸੁਨਿ ਦੀਨ ਬੇਨਤੀ ॥ ਦੇਹੁ ਦਰਸੁ [੩੮]ਨੈਨ ਪੇਖਉ ਜਨ ਨਾਨਕ ਨਾਮ ਮਿਸਟ[੩੯] ਲਾਗੇ ॥ ੨ ॥ ੨ ॥ ੧੩੧ ॥ ਸਾਰਗ ਮਹਲਾ ੫§ ॥ ਰਾਮ ਰਾਮ ਰਾਮ

(੧੨੨੮)

੧ ਦੂਜੀ ।	੨੩ ਸਿਮਰਨ ।
੨ ਉਜਾੜ ।	੨੪ ਸੱਚ ਨੂੰ ਢੂੰਡ ਕੇ । ਜੋਇ [ਫ਼ਾ.] ਢੂੰਡ ਕੇ ।
੩ [ਸੰ.] ਜੰਗਲ । ਗੁਰੂ ਸੰਤ ਨੇ ਉਜਾੜ ਜੰਗਲ ਵਿਚੋਂ ਕੱਢ ਲਏ ਅਤੇ ਰਸਤਾ ਦੱਸ ਦਿੱਤਾ ।	੨੫ ਸ੍ਰੇਸ਼ਟ ਹਰੀ ਦਾ ਨਾਮ ਜਪਣ ਵਾਲੇ ਦੀ ਮਤ ਚੰਗੀ ਹੁੰਦੀ ਹੈ ।
੪ ਹਰੀ ਰੂਪ ਰਤਨ ਲਭ ਪਿਆ ।	੨੬ ਹੋਰ ਵਿੱਚ ।
੫ ਅੜਿਆ, ਫਸਿਆ, ਉਲਝਿਆ ।	੨੭ ਉਨ੍ਹਾਂ ਦਾ ਖਿਲਾਰਾ (ਵਡਿਆਈ ਦਾ ਸਮਿਆਨ) ਸਭ ਝੂਠਾ ਹੁੰਦਾ ਹੈ ।
੬ ਖੁਮਾਰੀ ਵਿੱਚ, ਮਸਤੀ ਵਿੱਚ ।	੨੮ [ਫ਼ਾ. ਖ਼੍ਵਾਰ] ਖੁਆਰ, ਨਾਸ ।
੭ ਮਨ ਵਿੱਚ ਸੋਹਣੇ ਦੀ ਤਾਂਘ ਹੈ, ਉਸੇ ਦੇ ਦਰਸ਼ਨਾਂ ਦੀ ਲਗਨ ਹੈ ।	੨੯ [ਸੰ. ਚਰਣ-ਅਰਵਿੰਦ] ਚਰਨ ਕਮਲ ।
੮ ਕੋਈ ਤੋੜ ਨਹੀਂ ਸਕਦਾ ।	੩੦ ਮੁੜ ਕੇ ਜਨਮ ਮਰਨ ਨਹੀਂ ਹੁੰਦਾ ।
੯ ਪੁੱਤਰ ।	੩੧ ਕਿਰਪਾ ।
੧੦ ਰਿਸ਼ਤੇਦਾਰ, ਸੰਬੰਧੀ ।	੩੨ ਕੇਵਲ ਨਾਮ ਦੇ ਆਸਰੇ ।
੧੧ [ਸੰ. ਸਰਵਸ੍ਵ] ਸਾਰਾ ਮਾਲ ਧਨ । ਹਰੀ ਹੀ ਮੇਰਾ ਸਾਰਾ ਮਾਲ ਧਨ ਹੈ ।	੩੩ ਰਾਤ ।
	੩੪ ਹਰੀ ਦੇ ਹਜ਼ੂਰ ਸੁਰਖਰੂ ਹੋਇਆ ।
੧੨ ਹੱਡੀਆਂ ।	੩੫ ਆਦਰ ਦਿੱਤੀ ਹੋਈ ।
੧੩ ਦੀਨਾਂ ਦਾ ਦੁੱਖ ਕੱਟਣ ਵਾਲਾ ।	੩੬ ਗੁਰੂ ਦੁਆਰਾ ਪੂਰਨ ਗਿਆਨ ਵਾਲੀ ਹੋਈ ।
੧੪ ਪਿਛਲੇ ਕਰਮਾਂ ਦੇ ਬਲ ਦੇ ਆਧਾਰ 'ਤੇ ।	੩੭ ਬਹੁਤ ।
੧੫ ਮਿਹਰ ਦੇ ਭੰਡਾਰ ਤੇ ਸਮੁੰਦਰ ਦੀ ।	੩੮ ਜਦ ਮਾਲਕ ਦੇ ਦਰਸ਼ਨਾਂ ਦਾ ਧਿਆਨ ਕਰਨ ਵਾਲੀ ਹੋਈ ।
੧੬ ਹੋਰ ਦੀ ਮੁਥਾਜੀ ਜਾਂ ਇਹਸਾਨ ।	
੧੭ ਚੰਗੀ । ਰਾਮ-ਨਾਮ ਉਚਾਰਨ ਕਰਨ ਵਾਲੀ ਬਾਣੀ ਚੰਗੀ ਹੈ ।	੩੯ ਨੇੜੇ ਰਹਿਣ ਵਾਲੀ ।
	੪੦ ਹਰ ਪਾਸੇ ਮਸ਼ਹੂਰ ਹੋਈ ਹੋਈ ।
੧੮ ਮਾਲਕ ਦੇ ਸੋਹਣੇ ਪਵਿੱਤਰ ਚਰਨਾਂ ਦਾ ਧਿਆਨ ਕਰਨ ਨਾਲ ਮਨੁੱਖ ਸਾਧੂ ਅਖਵਾਣ ਜੋਗਾ ਹੋ ਜਾਂਦਾ ਹੈ ।	੪੧ ਪਿਆਰੇ ਦੇ ਪ੍ਰੇਮ ਦੇ ਰੰਗ ਵਿੱਚ ਰੱਤੀ ਹੋਈ।
	੪੨ ਈਸ਼੍ਵਰ । ਹੇ ਹਰੀ ! ਤੇਰੇ ਚਰਨਾਂ ਦਾ ਆਸਰਾ ਹੈ ।
੧੯ ਹਰੀ ਦੇ ਦਰਸ਼ਨਾਂ ਦਾ ਧਿਆਨ ਕਰਨ ਵਾਲਾ ਪਾਪ ਧੋ ਕੇ ਦੂਰ ਕਰ ਲੈਂਦਾ ਹੈ । ਕਲਮਲਾ= ਪਾਪ ।	੪੩ [ਤੁਮ ਹੀ] ਤੂੰ ਹੀ ।
	੪੪ ਹੇ ਜਗਤ ਦੇ ਮਾਲਕ !
	੪੫ ਏਥੇ ਓਥੇ, ਸਭ ਥਾਂ ।
੨੦ ਅੰਗੂਰ । ਵਿਕਾਰਾਂ ਦੇ ਫੁੱਟੇ ਅੰਗੂਰ ।	੪੬ ਪਰ੍ਹੇ ਤੋਂ ਪਰ੍ਹੇ ।
੨੧ ਗੁਆ ਦਿੱਤੇ ਹਨ ।	੪੭ ਲਖਦਾ ਹੈ, ਬੁਝਦਾ ਹੈ ।
੨੨ ਧੁਰ ਤੋਂ, ਪਹਿਲਾਂ ਤੋਂ ।	੪੮ ਬੋਲਣ ਦੇ ।

* ਹਰੀ ਦੀ ਪ੍ਰੀਤਿ ਬਿਨਾਂ ਜੀਵਨ ਨਿਕੰਮਾ ਹੈ, ਪ੍ਰੀਤਿ ਹੋਵੇ ਤਾਂ ਹੋਰ ਹਰ ਇਕ ਦੀ ਮੁਥਾਜੀ ਮੁੱਕ ਜਾਂਦੀ ਹੈ ।

† ਹਰੀ ਦੇ ਗੁਣ ਗਾਉਣ ਨਾਲ ਪਾਪ ਦੂਰ ਹੁੰਦੇ ਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ ।

‡ ਹਰੀ ਨਾਮ ਦੇ ਸਿਮਰਨ ਨਾਲ ਪਾਪ ਦੂਰ ਹੋ ਕੇ ਜਨਮ ਮਰਨ ਤੋਂ ਛੁਟਕਾਰਾ ਮਿਲਦਾ ਅਤੇ ਹਰੀ ਦੇ ਹਜ਼ੂਰ ਸੁਰਖਰੂ ਹੋਈਦਾ ਹੈ ।

§ ਹਰੀ-ਪਤੀ ਦੇ ਗੁਣ ਗਾ ਕੇ ਜੀਵ-ਇਸਤਰੀ ਪੂਰਨ ਗਿਆਨਵਾਨ, ਸਰਬ-ਸੁਖਵੰਤੀ ਆਪਣੇ ਪਤੀ ਦੀ ਨਿਕਟ-ਵਰਤੀ ਅਤੇ ਹਰ ਪਾਸੇ ਮਸ਼ਹੂਰ ਹੋ ਜਾਂਦੀ ਹੈ ।

¶ ਅੰਤ ਵਿੱਚ ਸਨਮੁੱਖ ਹੋ ਕੇ ਗੁਣ ਗਾਉਂਦੇ ਹਨ ।

੧ ॥ ਰਹਾਉ ॥ ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥
ਸੰਤਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੂਤੀਆ[੧] ਆਸ ॥ ੧ ॥ ਮਹਾ
ਉਦਿਆਨ[੨] ਅਟਵੀ[੩] ਤੇ ਕਾਢੇ ਮਾਰਗੁ ਸੰਤ ਕਹਿਓ ॥ ਦੇਖਤ ਦਰਸੁ ਪਾਪ
ਸਭਿ ਨਾਸੇ [੪]ਹਰਿ ਨਾਨਕ ਰਤਨੁ ਲਹਿਓ ॥ ੨ ॥ ੧੦੦ ॥ ੧੨੩ ॥ ਸਾਰਗ
ਮਹਲਾ ੫* ॥ ਮਾਈ ਰੀ ਅਰਿਓ[੫] ਪ੍ਰੇਮ ਕੀ ਖੋਰਿ[੬] ॥ [੭]ਦਰਸਨ ਰੁਚਿਤ
ਪਿਆਸ ਮਨਿ ਸੁੰਦਰ [੮]ਸਕਤ ਨ ਕੋਈ ਤੋਰਿ ॥ ੧ ॥ ਰਹਾਉ ॥ ਪ੍ਰਾਨ ਮਾਨ
ਪਤਿ ਪਿਤ ਸੁਤ[੯] ਬੰਧਪ[੧੦] ਹਰਿ ਸਰਬਸੁ[੧੧] ਧਨ ਮੋਰ ॥ ਧ੍ਰਿਗੁ ਸਰੀਰੁ ਅਸਤ[੧੨]
ਬਿਸਟਾ ਕ੍ਰਿਮ ਬਿਨੁ ਹਰਿ ਜਾਨਤ ਹੋਰ ॥ ੧ ॥ ਭਇਓ ਕ੍ਰਿਪਾਲ [੧੩]ਦੀਨ ਦੁਖ
ਭੰਜਨੁ [੧੪]ਪਰਾ ਪੂਰਬਲਾ ਜੋਰ ॥ ਨਾਨਕ ਸਰਣਿ [੧੫]ਕ੍ਰਿਪਾ ਨਿਧਿ ਸਾਗਰ
ਬਿਨਸਿਓ [੧੬]ਆਨ ਨਿਹੋਰ ॥ ੨ ॥ ੧੦੧ ॥ ੧੨੪ ॥ ਸਾਰਗ ਮਹਲਾ ੫† ॥
ਨੀਕੀ[੧੭] ਰਾਮ ਕੀ ਧੁਨਿ ਸੋਇ ॥ [੧੮]ਚਰਨ ਕਮਲ ਅਨੂਪ ਸੁਆਮੀ ਜਪਤ
ਸਾਧੂ ਹੋਇ ॥ ੧ ॥ ਰਹਾਉ ॥ [੧੯]ਚਿਤਵਤਾ ਗੋਪਾਲ ਦਰਸਨ ਕਲਮਲਾ ਕਢੁ
ਧੋਇ ॥ ਜਨਮ ਮਰਨ ਬਿਕਾਰ ਅੰਕੁਰ[੨੦] ਹਰਿ ਕਾਟਿ [੨੧]ਛਾਡੇ ਖੋਇ ॥
੧ ॥ [੨੨]ਪਰਾ ਪੂਰਬਿ ਜਿਸਹਿ ਲਿਖਿਆ ਬਿਰਲਾ ਪਾਏ ਕੋਇ ॥ ਰਵਣ[੨੩] ਗੁਣ
ਗੋਪਾਲ ਕਰਤੇ ਨਾਨਕਾ [੨੪]ਸਚੁ ਜੋਇ ॥ ੨ ॥ ੧੦੨ ॥ ੧੨੫ ॥ ਸਾਰਗ
ਮਹਲਾ ੫‡ ॥ ਹਰਿ ਕੇ ਨਾਮ ਕੀ ਮਤਿ ਸਾਰ[੨੫] ॥ ਹਰਿ ਬਿਸਾਰਿ ਜੁ ਆਨ[੨੬]
ਰਾਚਹਿ [੨੭]ਮਿਥਨ ਸਭ ਬਿਸਥਾਰ ॥ ੧ ॥ ਰਹਾਉ ॥ ਸਾਧਸੰਗਮਿ ਭਜੁ ਸੁਆਮੀ
ਪਾਪ ਹੋਵਤ ਖਾਰ[੨੮] ॥ ਚਰਨਾਰਬਿੰਦ[੨੯] ਬਸਾਇ ਹਿਰਦੈ [੩੦]ਬਹੁਰਿ ਜਨਮ ਨ
ਮਾਰ ॥ ੧ ॥ ਕਰਿ ਅਨੁਗ੍ਰਹੁ[੩੧] ਰਾਖਿ ਲੀਨੇ [੩੨]ਏਕ ਨਾਮ ਅਧਾਰ ॥ ਦਿਨ
ਰੈਨਿ[੩੩] ਸਿਮਰਤ ਸਦਾ ਨਾਨਕ [੩੪]ਮੁਖ ਊਜਲ ਦਰਬਾਰਿ ॥ ੨ ॥ ੧੦੩ ॥
੧੨੬ ॥ ਸਾਰਗ ਮਹਲਾ ੫§ ॥ ਮਾਨੀ[੩੫] ਤੂੰ ਰਾਮ ਕੈ ਦਰਿ ਮਾਨੀ ॥
ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥ ੧ ॥ ਰਹਾਉ ॥
ਧਾਰਿ ਅਨੁਗ੍ਰਹੁ[੩੧] ਅਪੁਨੀ ਕਰਿ ਲੀਨੀ [੩੬]ਗੁਰਮੁਖਿ ਪੂਰ ਗਿਆਨੀ ॥ ਸਰਬ
ਸੂਖ ਆਨੰਦ ਘਨੇਰੇ[੩੭] [੩੮]ਠਾਕੁਰ ਦਰਸ ਧਿਆਨੀ ॥ ੧ ॥ [੩੯]ਨਿਕਟਿ ਵਰਤਨਿ
ਸਾ ਸਦਾ ਸੁਹਾਗਨਿ [੪੦]ਦਹ ਦਿਸ ਸਾਈ ਜਾਨੀ ॥ [੪੧]ਪ੍ਰਿਅ ਰੰਗ ਰੰਗਿ ਰਤੀ
ਨਾਰਾਇਨ ਨਾਨਕ ਤਿਸੁ ਕੁਰਬਾਨੀ ॥ ੨ ॥ ੧੦੪ ॥ ੧੨੭ ॥ ਸਾਰਗ
ਮਹਲਾ ੫¶ ॥ ਤੁਅ ਚਰਨ ਆਸਰੋ ਈਸ[੪੨] ॥ ਤੁਮਹਿ[੪੩] ਪਛਾਨੂ ਸਾਕੁ
ਤੁਮਹਿ ਸੰਗਿ ਰਾਖਨਹਾਰ ਤੁਮੈ ਜਗਦੀਸ[੪੪] ॥ ਰਹਾਉ ॥ ਤੂ ਹਮਰੋ ਹਮ
ਤੁਮਰੇ ਕਹੀਐ [੪੫]ਇਤ ਉਤ ਤੁਮ ਹੀ ਰਾਖੇ ॥ ਤੂ ਬੇਅੰਤੁ ਅਪਰੰਪਰੁ[੪੬]
ਸੁਆਮੀ ਗੁਰ ਕਿਰਪਾ ਕੋਈ ਲਾਖੈ[੪੭] ॥ ੧ ॥ ਬਿਨੁ ਬਕਨੇ[੪੮] ਬਿਨੁ ਕਹਨ

੧ ਆਸਰਾ ।
੨ ਮੁੜ ਕੇ ਜੂਨਾਂ ਵਿੱਚ ਨਹੀਂ ਭੌਂਦਾ ।
੩ ਪੂਰਨ ਤੌਰ 'ਤੇ ।
੪ ਹੋਰ ।
੫ ਦਵੈਤ ਭਾਵ ਸਾਰਾ ਸਾੜ ਦਿੱਤਾ ਹੈ ।
੬ ਵਿਹੁ ਰੂਪ ਮਾਇਆ ਦੇ ਅੰਨ੍ਹੇ ਖੂਹ ਵਿੱਚ ਪੈਣਾ ਹੈ ।
੭ ਕਿਰਪਾ ਦੁਆਰਾ ।
੮ ਰੌਲਾ । ਸ਼ੋਰ । ਹਉਂ ਦਾ ਸ਼ੋਰ, ਮਨਿ ਸੋਰ, ਹਉਮੈ ਦੀ ਫੂੰ-ਫਾਂ ।
੯ ਪ੍ਰੇਮ ਵਿੱਚ ।
੧੦ ਖਿੜਿਆ । ਜੰਗਲ ਰੂਪ ਮਨ ਤਨ ਖਿੜ ਪਿਆ। ਜੂਹ= ਘਾਹ ਵਾਲੀ ਥਾਂ ।
੧੧ ਸ੍ਰੇਸ਼ਟ ।
੧੨ ਏਥੇ ਓਥੇ, ਭਾਵ ਕਿਤੇ ਵੀ ।
੧੩ ਭਾਗਾਂ ਨਾਲ ਗੁਰੂ-ਚਰਨਾਂ ਦਾ ਜਹਾਜ਼ ਮਿਲ ਗਿਆ, ਜਿਸ ਦੁਆਰਾ ਸੰਸਾਰ-ਸਾਗਰ ਤੋਂ ਪਾਰ ਹੋ ਗਏ ।
੧੪ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰਲੇ ਪੁਲਾੜ ਵਿੱਚ । ਵਿਆਪਕ ਹੈ ਸਭਨਾਂ ਦਾ ਮਾਲਕ ਬਿਅੰਤ ਹਰੀ।
੧੫ ਖਾਰੇ, ਬੇ-ਸਵਾਦੇ ।
੧੬ [ਸੰ. ਕਾਰੁਣਜ-ਪ੍ਰਲਾਪ] ਦੁੱਖ ਦੇ ਕੀਰਨੇ,ਵਿਰਲਾਪ, ਤਰਲੇ । ਤਾਹੀਂ ਤਰਲੇ ਕੱਢਦਾ ਹੈ, ਕਿਉਂਕਿ ਅਤੀ ਮਾੜੇ ਮੋਹ ਦੀ ਮਸਤੀ ਦਾ ਮੱਤਾ ਹੋਇਆ ਹਰੀ-ਸਿਮਰਨ ਨਹੀਂ ਕਰਦਾ ।
੧੭ ਸੜ ਗਏ ।
੧੮ ਦੇਖੋ ਪੰਨਾ ੧੨੦੧, ਫੁਟ ਨੋਟ * ।
੧੯ ਅਠਾਰਾਂ ਸਿੱਧੀਆਂ । ਦੇਖੋ ਪੰਨਾ ੮੧੨, ਫੁਟ ਨੋਟ †।
੨੦ ਹਰੀ ਦੇ ਸੇਵਕ ਦੀ ਚਰਨ-ਧੂੜਿ ਮੰਗਦਾ ਹੈ ।
੨੧ ਚਾਹਵਾਨ ।
੨੨ ਅੱਖਾਂ ਨਾਲ ।
੨੩ ਲਖੀ, ਸਮਝੀ ।
੨੪ ਵਿੰਨ੍ਹਿਆ ।
੨੫ [ਸੰ. ਸਰਵਸ੍ਵ] ਹਰ ਤਰ੍ਹਾਂ ਦਾ ਮਾਲ ਧਨ । ਹਰੀ ਦੀ ਪ੍ਰੀਤਿ ਹੀ ਸਭ ਕੁਝ ਸਮਝ ਕੇ ਹਿਰਦੇ ਅੰਦਰ ਰੱਖੀ ।
੨੬ ਉਚਾਰੀ । ਵੇਦ ਆਦਿਕ ਵਿੱਚ ਸਾਧੂ-ਜਨਾਂ ਨੇ ਇਹ ਗੱਲ ਹੀ ਆਪਣੀ ਜ਼ਬਾਨੀ ਆਖੀ ਹੈ ਕਿ ਨਾਮ ਜਪ ਕੇ ਹੀ ਤਰੀਦਾ ਹੈ, ਹੋਰ ਦੂਜੀ ਗੱਲ ਬਿਅਰਥ ਸਮਝੋ । ਦੇਖੋ ਪੰਨਾ ੧੨੧੯, ਨੋਟ ੩ ।
੨੭ ਸਿੱਖਿਆ, ਗੱਲ ।
੨੮ ਮਾਇਆ ਨੂੰ ਮੱਖੀ ਦੇ ਦ੍ਰਿਸ਼ਟਾਂਤ ਨਾਲ ਸਮਝਾਇਆ ਹੈ ।
੨੯ ਅਤੀ ਜ਼ਹਿਰੀਲਾ (ਪਰ ਸਵਾਦੀ) ਰਸ ਚਖਦੀ ਹੈਂ ।
੩੦ ਪੱਖ, ਤਰਫ਼ ।
੩੧ ਸੁਰਤੀ ਵਿੱਚ ਸ਼ਬਦ ਨੂੰ ਟਿਕਾਅ ਕੇ ਸੱਚ ਸਰੂਪ ਹਰੀ ਨੂੰ ਸਾਖਿਆਤ ਵੇਖਦਾ ਹੈ ।
੩੨ ਗ੍ਰਿਹਸਤ ਵਿੱਚ ਹੀ ਨਿਰਲੇਪ ਰਹਿੰਦੇ ਹਨ ।

* ਜਦ ਇਕ ਹਰੀ ਵਿੱਚ ਲਗਨ ਲੱਗ ਜਾਂਦੀ ਹੈ ਤਾਂ ਹੋਰ ਕਿਸੇ ਪਾਸੇ ਵੱਲ ਧਿਆਨ ਨਹੀਂ ਜਾਂਦਾ ਅਤੇ ਸੰਸਾਰ ਦੀਆਂ ਮਾੜੀਆਂ ਖਿੱਚਾਂ ਕੁਝ ਧੂਹ ਨਹੀਂ ਪਾਉਂਦੀਆਂ ।

† ਦੁੱਖ, ਤਦ ਤੱਕ ਹੈ ਜਦ ਤਕ ਹਰੀ ਵਿਸਰਿਆ ਰਹਿੰਦਾ ਹੈ । ਜਦ ਯਾਦ ਆਵੇ ਤਾਂ ਕੋਈ ਦੁੱਖ ਨਹੀਂ ਰਹਿੰਦਾ, ਸਗੋਂ ਸਾਰੇ ਪਦਾਰਥਾਂ ਦੇ ਸੁਖਾਂ ਜਿੰਨਾ ਇਕੋ ਸੁਖ ਮਿਲ ਜਾਂਦਾ ਹੈ ।

‡ ਧਾਰਮਕ ਪੁਸਤਕਾਂ ਵਿੱਚ ਭੀ ਹਰੀ ਨਾਮ ਨੂੰ ਮੁਕਤੀ ਦਾ ਅਸਲ ਸਾਧਨ ਮੰਨਿਆਂ ਹੈ, ਇਸ ਲਈ ਹਰੀ-ਜਨ ਦਿਲੋਂ ਮਨੋਂ ਹੋ ਕੇ ਇਸੇ ਦਾ ਅਭਿਆਸ ਕਰਦੇ ਹਨ ।

§ ਮਾਇਆ ਵਾਲੀ ਬਿਰਤੀ ਮਨੁੱਖ ਨੂੰ ਹਮੇਸ਼ਾਂ ਮਾੜੇ ਪਾਸੇ ਲੈ ਜਾਂਦੀ ਹੈ, ਪਰ ਹਰੀ ਦੇ ਸੰਤ ਤਾਂ ਹਰੀ ਨੂੰ ਪ੍ਰਤੱਖ ਜਾਣ ਕੇ ਉਸ ਦੇ ਗੁਣ ਗਾਉਣ ਵਿੱਚ ਲੱਗੇ ਰਹਿੰਦੇ ਹਨ, ਇਸ ਲਈ ਮਾਇਆ ਦਾ ਅਸਰ ਉਨ੍ਹਾਂ ਉੱਤੇ ਨਹੀਂ ਹੁੰਦਾ ।

¶ ਗੁਰੂ ਦੀ ਸੰਗਤ ਵਿੱਚ ਹਰੀ ਦੇ ਗੁਣ ਗਾ-ਗਾ ਕੇ ਹਰੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ ਅਤੇ ਗ੍ਰਿਹਸਤ ਵਿੱਚ ਰਹਿੰਦਿਆਂ ਹੋਇਆਂ ਮਾਇਆ ਤੋਂ ਨਿਰਲੇਪ ਹੋ ਕੇ ਹਰੀ ਦਾ ਮੇਲ ਪ੍ਰਾਪਤ ਹੋਇਆ।

ਅਧਾਰੁ[੧] ਨਾਨਕ ਜਨ ਕੀਆ [੨]ਬਹੁਰਿ ਨ ਜੋਨਿ ਭ੍ਰਮਾਦ ॥ ੨ ॥ ੯੪ ॥ ੧੧੭ ॥ ਸਾਰਗ ਮਹਲਾ ੫* ॥ ਮਾਈ ਰੀ ਮਾਤੀ ਚਰਣ ਸਮੂਹ[੩] ॥ ਏਕਸੁ ਬਿਨੁ ਹਉ ਆਨ[੪] ਨ ਜਾਨਉ [੫]ਦੂਤੀਆ ਭਾਉ ਸਭ ਲੂਹ ॥ ੧ ॥ ਰਹਾਉ ॥ ਤਿਆਗਿ ਗੁੋਪਾਲ ਅਵਰ ਜੋ ਕਰਣਾ ਤੇ [੬]ਬਿਖਿਆ ਕੇ ਖੂਹ ॥ ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥ ੧ ॥ ਸੰਤ ਪ੍ਰਸਾਦਿ[੭] ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ[੮] ॥ ਰਾਮ ਰੰਗਿ[੯] ਰਾਤੇ ਦਾਸ ਨਾਨਕ ਮਉਲਿਓ[੧੦] ਮਨੁ ਤਨੁ ਜੂਹ ॥ ੨ ॥ ੯੫ ॥ ੧੧੮ ॥ ਸਾਰਗ ਮਹਲਾ ੫† ॥ ਬਿਨਸੇ ਕਾਚ ਕੇ ਬਿਉਹਾਰ ॥ ਰਾਮ ਭਜੁ ਮਿਲਿ ਸਾਧਸੰਗਤਿ ਇਹੈ ਜਗ ਮਹਿ ਸਾਰ[੧੧] ॥ ੧ ॥ ਰਹਾਉ ॥ [੧੨]ਈਤ ਊਤ ਨ ਡੋਲਿ ਕਤਹੂ ਨਾਮੁ ਹਿਰਦੈ ਧਾਰਿ ॥ [੧੩]ਗੁਰ ਚਰਨ ਬੋਹਿਥ ਮਿਲਿਓ ਭਾਗੀ ਉਤਰਿਓ ਸੰਸਾਰ ॥ ੧ ॥ [੧੪]ਜਲਿ ਥਲਿ ਮਹੀਅਲਿ ਪੂਰਿ ਰਹਿਓ ਸਰਬ ਨਾਥ ਅਪਾਰ ॥ ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭਿ ਖਾਰ[੧੫] ॥ ੨ ॥ ੯੬ ॥ ੧੧੯ ॥ ਸਾਰਗ ਮਹਲਾ ੫‡ ॥ ਤਾ ਤੇ [੧੬]ਕਰਣ ਪਲਾਹ ਕਰੇ ॥ ਮਹਾ ਬਿਕਾਰ ਮੋਹ ਮਦ ਮਾਤੌ ਸਿਮਰਤ ਨਾਹਿ ਹਰੇ ॥ ੧ ॥ ਰਹਾਉ ॥ ਸਾਧਸੰਗਿ ਜਪਤੇ ਨਾਰਾਇਣ ਤਿਨ ਕੇ ਦੋਖ ਜਰੇ[੧੭] ॥ ਸਫਲ ਦੇਹ ਧੰਨਿ ਓਇ ਜਨਮੇ ਪ੍ਰਭ ਕੈ ਸੰਗਿ ਰਲੇ ॥੧ ॥ [੧੮]ਚਾਰਿ ਪਦਾਰਥ [੧੯]ਅਸਟ ਦਸਾ ਸਿਧਿ ਸਭ ਊਪਰਿ ਸਾਧ ਭਲੇ ॥ ਨਾਨਕ ਦਾਸ [੨੦]ਧੂਰਿ ਜਨ ਬਾਂਛੈ ਉਧਰਹਿ ਲਾਗਿ ਪਲੇ ॥ ੨ ॥ ੯੭ ॥ ੧੨੦ ॥ ਸਾਰਗ ਮਹਲਾ ੫§ ॥ ਹਰਿ ਕੇ ਨਾਮ ਕੇ ਜਨ ਕਾਂਖੀ[੨੧] ॥ ਮਨਿ ਤਨਿ ਬਚਨਿ ਏਹੀ ਸੁਖੁ ਚਾਹਤ ਪ੍ਰਭ ਦਰਸੁ ਦੇਖਹਿ ਕਬ ਆਖੀ[੨੨] ॥ ੧ ॥ ਰਹਾਉ ॥ ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ[੨੩] ॥ ਚਰਨ ਕਮਲ ਪ੍ਰੀਤਿ ਮਨੁ ਬੇਧਿਆ[੨੪] ਕਰਿ ਸਰਬਸੁ[੨੫] ਅੰਤਰਿ ਰਾਖੀ ॥ ੧ ॥ ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ[੨੬] ॥ ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ[੨੭] ॥ ੨ ॥ ੯੮ ॥ ੧੨੧ ॥ ਸਾਰਗ ਮਹਲਾ ੫¶ ॥ ਮਾਖੀ[੨੮] ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ [੨੯]ਮਹਾ ਬਿਖਿਆ ਮਦ ਚਾਖੀ ॥ ੧ ॥ ਰਹਾਉ ॥ ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ[੨੨] ॥ ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ[੩੦] ॥ ੧ ॥ ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ[੨੩] ॥ ਨਾਨਕ ਦਾਸੁ ਹਰਿ ਕੀਰਤਨਿ ਰਾਤਾ [੩੧]ਸਬਦੁ ਸੁਰਤਿ ਸਚੁ ਸਾਖੀ ॥ ੨ ॥ ੯੯ ॥ ੧੨੨ ॥ ਸਾਰਗ ਮਹਲਾ ੫:: ॥ ਮਾਈ ਰੀ ਕਾਟੀ ਜਮ ਕੀ ਫਾਸ ॥ ਹਰਿ ਹਰਿ ਜਪਤ ਸਰਬ ਸੁਖ ਪਾਏ [੩੨]ਬੀਚੇ ਗ੍ਰਸਤ ਉਦਾਸ ॥

੧ ਦੂਰ ਕੀਤੇ ।
੨ ਗੁਰੂ ਦੁਆਰਾ ਜਨਮ ਦਾ ਉੱਤਮ ਮਨੋਰਥ ਹਾਸਲ ਕੀਤਾ ।
੩ ਮੁੜ ਕੇ, ਫੇਰ ।
੪ ਮੁੜ-ਮੁੜ ਨਮਸਕਾਰ ਕਰਦਾ ਹੈ ।
੫ ਧਰਮ-ਪੁਸਤਕ, ਜਿਸ ਵਿੱਚ ਹਰੀ ਦੀ ਸਿਫ਼ਤ ਸਲਾਹ ਲਿਖੀ ਹੋਵੇ, ਹਰੀ ਦੇ ਵਸਣ ਦੀ ਥਾਂ ਹੈ, ਭਾਵ ਐਸੀ ਪੁਸਤਕ ਵਿੱਚ ਹਰੀ ਆਪ ਵਸਦਾ ਹੈ ।
੬ ਜਿਨ੍ਹਾਂ ਨੇ ਧਰਮ ਦੀ ਸਾਧਨਾ ਕਰ ਕੇ ਪ੍ਰਾਪਤੀ ਹਾਸਲ ਕੀਤੀ ਹੈ, ਓਹ 'ਸਿਧ' ਹਨ ਅਤੇ ਜਿਹੜੇ ਅਜੇ ਸਾਧਨਾ ਕਰ ਰਹੇ ਹਨ, ਓਹ 'ਸਾਧਿਕ' ਹਨ ।
੭ ਵਿਰਲੇ ਨੂੰ ਧਿਆਨ ਲੱਗਦਾ ਹੈ ।
੮ ਭੈ ਦੇ ਨਾਸ ਕਰਨ ਵਾਲਾ ।
੯ ਵਸਿਆ । ਆਤਮਕ ਅਨੰਦ ਦੀ ਵਰਖਾ ਹੋਈ ਹੈ ।
੧੦ ਪਿਆਰ ।
੧੧ ਜਲ ਦਾ ਸਮੁੰਦਰ, ਸਰਵ-ਵਿਆਪੀ ਹਰੀ ।
੧੨ ਕੋਈ ਥਾਂ ਖਾਲੀ ਨਹੀਂ ।
੧੩ ਮਿਹਰ ਦਾ ਖ਼ਜ਼ਾਨਾ, ਹਰੀ ਜੋ ਹਰ ਥਾਂ ਪੂਰ ਰਿਹਾ ਹੈ ਸਭਨਾਂ ਨੂੰ ਜੀਅ-ਦਾਨ ਦੇਂਦਾ ਹੈ; ਭਾਵ ਹਰ ਇਕ ਵਿੱਚ ਜੀਵਨ ਰੌ ਚਲਾਂਦਾ ਹੈ।
੧੪ ਸਾਧ-ਸੰਗ ।
੧੫ ਜੀਵਨ ਦਾ ਆਸਰਾ ਹੈਂ ।
੧੬ ਹੱਥ । ਤੂੰ ਮੇਰੇ ਮੱਥੇ 'ਤੇ ਆਪਣੀ ਮਿਹਰ ਦਾ ਹੱਥ ਰੱਖਿਆ, ਤਾਂ ਮੈਂ ਸਾਧ-ਸੰਗ ਦੁਆਰਾ ਤੇਰੇ ਗੁਣ ਗਾਏ ।
੧੭ ਪਿਆਰ ਨਾਲ ।
੧੮ ਦਿਆਲੂ । ਜਦ ਗੁਰੂ ਜੀ ਦਿਆਲੂ ਹੋਏ ਤਾਂ ਸਾਰੇ ਸੁਖਾਂ ਦੇ ਭੰਡਾਰ-ਹਰੀ ਨੂੰ ਪਾ ਲਿਆ ।
੧੯ ਵਪਾਰ ਲਈ ਲਦਿਆ ਮਾਲ । ਭਾਵ ਨਾਮ ਦੇ ਵਿਹਾਰ ਵਿੱਚ ਕਾਮਯਾਬ ਹੋਏ ਹਾਂ । ਇਸ ਵਿੱਚ ਲਾਹਾ ਕੀ ਖੱਟਿਆ ਹੈ ? ਸਰਬ-ਸੁਖਾਂ ਦੇ ਭੰਡਾਰ ਹਰੀ-ਗੁਣ ਗਾਏ ਹਨ ਅਤੇ ਜ਼ਹਿਰ ਰੂਪ ਮਾਇਆ ਵਿੱਚ ਨਿਰਲੇਪ ਰਹੇ ਹਾਂ ।
੨੦ ਨਿਰਲੇਪ । ੨੧ ਪ੍ਰੇਮ ।
੨੨ ਅਸਚਰਜ ।
੨੩ ਦੇਖੋ ਪੰਨਾ ੧੧੩੭, ਨੋਟ ੨੧ ।
੨੪ ਸੰਬੰਧੀ ।
੨੫ [ਸੰ. ਆਹਲਾਦ] ਅਨੰਦ ।
੨੬ [ਸੰ. ਪ੍ਰ-ਮਾਦ] ਬਹੁਤ ਮਸਤੀ, ਕਮਲਾ-ਪਨ ਭਾਵ ਭੁਲੇਖਾ ।
੨੭ ਖਾਧੇ ਗਏ, ਮੁੱਕ ਗਏ ।

* ਹਰੀ ਦਾ ਵਾਸਾ ਧਰਮ ਪੁਸਤਕ (ਗੁਰਬਾਣੀ) ਅਤੇ ਸਾਧ-ਸੰਗਤ ਵਿਚੋਂ ਮਿਲ ਸਕਦਾ ਹੈ ।

† ਹਰੀ ਦਾ ਵਾਸਾ ਨਾ ਕੇਵਲ ਬਾਣੀ ਅਤੇ ਸਤ-ਸੰਗ ਵਿਚੋਂ ਮਿਲਦਾ ਹੈ, ਸਗੋਂ ਉਸ ਦੇ ਖੁਲ੍ਹੇ ਦੀਦਾਰੇ ਹਰ ਥਾਂ 'ਤੇ ਹਰ ਦਿਲ ਵਿਚੋਂ ਭੀ ਹੋ ਸਕਦੇ ਹਨ ਜੇਕਰ ਦੇਖਣ ਵਾਲੀਆਂ ਅੱਖਾਂ ਹੋਣ ।

‡ ਇਹ ਦਿਬ-ਦ੍ਰਿਸ਼ਟਿ ਹਰੀ ਦੀ ਆਪਣੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ ।

§ ਹਰੀ-ਕਿਰਪਾ ਨਾਲ ਸਾਧ-ਸੰਗ ਮਿਲਦਾ ਹੈ ਤੇ ਉਸ ਰਾਹੀਂ ਹਰੀ-ਗੁਣ ਗਾ ਕੇ ਮਾਇਆ ਵਿੱਚ ਵੀ ਨਿਰਲੇਪ ਰਹੀਦਾ ਹੈ ।

¶ ਫਿਰ ਜਦ ਹਰੀ ਦੇ ਦਰਸ਼ਨ ਹੁੰਦੇ ਹਨ ਤਾਂ ਐਸਾ ਸੁਆਦ ਆਉਂਦਾ ਹੈ ਕਿ ਉਸ ਦੇ ਮੁਕਾਬਲੇ 'ਤੇ ਹੋਰ ਸਭ ਸੁਆਦ ਤੇ ਮਸਤੀਆਂ ਭੁੱਲ ਜਾਂਦੀਆਂ ਹਨ ਤੇ ਕੋਈ ਭਰਮ ਜਾਂ ਡਰ ਨਹੀਂ ਰਹਿੰਦਾ ।

ਪਰਹਰੀਆ[੧] ਕਾਢੇ ਸਾਧੂ ਕੈ ਸੰਗਿ ਮਾਰਿ ॥ [੨]ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ[੩] ਨ ਜੂਐ ਹਾਰਿ ॥ ੧ ॥ ਆਠ ਪਹਰ ਪ੍ਰਭ ਕੇ ਗੁਣ ਗਾਵਹ ਪੂਰਨ ਸਬਦਿ ਬੀਚਾਰਿ ॥ ਨਾਨਕ ਦਾਸਨਿ ਦਾਸੁ ਜਨੁ ਤੇਰਾ [੪]ਪੁਨਹ ਪੁਨਹ ਨਮਸਕਾਰਿ ॥ ੨ ॥ ੮੯ ॥ ੧੧੨ ॥ ਸਾਰਗ ਮਹਲਾ ੫* ॥ [੫]ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ੧ ॥ ਰਹਾਉ ॥ [੬]ਸਾਧਿਕ ਸਿਧ ਸਗਲ ਮੁਨਿ ਲੋਚਹਿ [੭]ਬਿਰਲੇ ਲਾਗੈ ਧਿਆਨੁ ॥ ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥ ੧ ॥ ਜਾ ਕੈ ਰਿਦੈ ਵਸੈ [੮]ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥ ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥ ੨ ॥ ੯੦ ॥ ੧੧੩ ॥ ਸਾਰਗ ਮਹਲਾ ੫† ॥ ਵੂਠਾ[੯] ਸਰਬ ਥਾਈ ਮੇਹੁ ॥ ਅਨਦ ਮੰਗਲ ਗਾਉ ਹਰਿ ਜਸੁ ਪੂਰਨ ਪ੍ਰਗਟਿਓ ਨੇਹੁ[੧੦] ॥ ੧ ॥ ਰਹਾਉ ॥ ਚਾਰਿ ਕੁੰਟ ਦਹ ਦਿਸਿ [੧੧]ਜਲ ਨਿਧਿ [੧੨]ਊਨ ਥਾਉ ਨ ਕੇਹੁ ॥ [੧੩]ਕ੍ਰਿਪਾ ਨਿਧਿ ਗੋਬਿੰਦ ਪੂਰਨ ਜੀਅ ਦਾਨੁ ਸਭ ਦੇਹੁ ॥੧ ॥ ਸਤਿ ਸਤਿ ਹਰਿ ਸਤਿ ਸੁਆਮੀ ਸਤਿ [੧੪]ਸਾਧਸੰਗੇਹੁ ॥ ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥ ੨ ॥ ੯੧ ॥ ੧੧੪ ॥ ਸਾਰਗ ਮਹਲਾ ੫‡ ॥ ਗੋਬਿਦ ਜੀਉ ਤੂ ਮੇਰੇ [੧੫]ਪ੍ਰਾਨ ਅਧਾਰ ॥ ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ ॥ ੧ ॥ ਰਹਾਉ ॥ ਕਰੁ[੧੬] ਮਸਤਕਿ ਧਾਰਿਓ ਮੇਰੈ ਮਾਥੈ ਸਾਧਸੰਗਿ ਗੁਣ ਗਾਏ ॥ ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ[੧੭] ਰਾਮ ਨਾਮ ਧਿਆਏ ॥ ੧ ॥ ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ॥ ਗੁਰ ਨਾਨਕ ਜਬ ਭਏ ਦਇਆਰਾ[੧੮] ਸਰਬ ਸੁਖਾ ਨਿਧਿ ਪਾਂਹੀ ॥ ੨ ॥ ੯੨ ॥ ੧੧੫ ॥ ਸਾਰਗ ਮਹਲਾ ੫§ ॥ ਨਿਬਹੀ ਨਾਮ ਕੀ ਸਚੁ ਖੇਪ[੧੯] ॥ ਲਾਭੁ ਹਰਿ ਗੁਣ ਗਾਇ ਨਿਧਿ ਧਨੁ ਬਿਖੈ ਮਾਹਿ ਅਲੇਪ[੨੦] ॥ ੧ ॥ ਰਹਾਉ ॥ ਜੀਅ ਜੰਤ ਸਗਲ ਸੰਤੋਖੇ ਆਪਨਾ ਪ੍ਰਭੁ ਧਿਆਇ ॥ ਰਤਨ ਜਨਮੁ ਅਪਾਰ ਜੀਤਿਓ ਬਹੁੜਿ[੩] ਜੋਨਿ ਨ ਪਾਇ ॥੧ ॥ ਭਏ ਕ੍ਰਿਪਾਲ ਦਇਆਲ ਗੋਬਿਦ ਭਇਆ ਸਾਧੂ ਸੰਗੁ ॥ ਹਰਿ ਚਰਨ ਰਾਸਿ ਨਾਨਕ ਪਾਈ ਲਗਾ ਪ੍ਰਭ ਸਿਉ ਰੰਗੁ[੨੧] ॥ ੨ ॥ ੯੩ ॥ ੧੧੬ ॥ ਸਾਰਗ ਮਹਲਾ ੫¶ ॥ ਮਾਈ ਰੀ ਪੇਖਿ ਰਹੀ ਬਿਸਮਾਦ[੨੨] ॥ [੨੩]ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ ੧ ॥ ਰਹਾਉ ॥ ਮਾਤ ਪਿਤਾ ਬੰਧਪ[੨੪] ਹੈ ਸੋਈ ਮਨਿ ਹਰਿ ਕੋ ਅਹਿਲਾਦ[੨੫] ॥ ਸਾਧਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ[੨੬] ॥ ੧ ॥ ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ[੨੭] ॥ ਏਕੁ

੧ (ਇਹ ਤ੍ਰਿਸ਼ਨਾ) ਕਿਸੇ ਤਰ੍ਹਾਂ ਨਹੀਂ ਭਰਦੀ ਤੇ ਅੰਤ ਜੀਵ ਨੂੰ ਹਾਰ ਪੈਂਦੀ ਹੈ ।
੨ ਮਨ ਦੀ ਅਡੋਲਤਾ ।
੩ ਕਾਮ ਕ੍ਰੋਧ ਦਾ ਸੜਿਆ ਐਸਾ ਹੈ ਕਿ ਆਪਣੇ ਪਰਾਏ ਦੀ ਪਛਾਣ ਨਹੀਂ ਸੁ ।
੪ ਤੂੰ ਕਿਸ ਦੀ ਮਤ ਲਈ ਹੈ ? ਕਿਸ ਦੇ ਆਖੇ ਲੱਗਿਆ ਹੈਂ ?
੫ ਸਰੀਰ ।
੬ ਸੌਂਦਿਆਂ ।
੭ ਦੁਖੀ, ਵਿਆਕੁਲ । ਨਾਮ ਸੁਣਨ ਵੇਲੇ ਔਖਾ ਹੁੰਦਾ ਹੈਂ ।
੮ ਜਦੋਂ ਮਾਤਾ ਦੇ ਪੇਟ ਵਿੱਚ ਸੈਂ, ਤਦ ਤਾਂ ਤਰਲੇ ਲੈਂਦਾ ਤੇ ਦੀਨ ਹੁੰਦਾ ਸੈਂ । ਦੇਖੋ ਪੰਨਾ ੯੩ ਉੱਤੇ 'ਰੇ ਨਰ ਗਰਭ ਕੁੰਡਲ' ਵਾਲਾ ਸ਼ਬਦ ।
੯ ਮਾਇਆ ਦੀ ਮਸਤੀ ਵਿੱਚ ।
੧੦ ਭਰਮਦਾ ਹੈ, ਭਟਕਦਾ ਹੈ ।
੧੧ ਹਰੀ-ਪਦ ਨੂੰ ਸਮਝਣ ਵਿੱਚ ।
੧੨ ਪਕੜੀ ਹੈ ।
੧੩ ਦੇਖ ਕੇ ।
੧੪ ਵਹਿ ਗਈ ਹੈ, ਰੁੜ੍ਹ ਗਈ ।
੧੫ ਅਥਾਹ ।
੧੬ ਖਿੜਿਆ ਹੈ ।
੧੭ ਸਭ ਵਿੱਚ ।
੧੮ ਮਹਿਸੂਸ ਕੀਤਾ ਹੈ, ਪ੍ਰਤੱਖ ਕੀਤਾ ਹੈ ।
੧੯ ਜਮ ਦੀ ਭੀੜ ਵਿੱਚ ਨਹੀਂ ਫਸਦਾ । ਦੇਖੋ ਪੰਨਾ ੯੫੩, ਨੋਟ ੧੮ ।
੨੦ ਮਤਵਾਲਾ, ਮਸਤ ।
੨੧ ਰੰਗੀਜ ਕੇ ਮਸਤ ਹੈ ।
੨੨ ਕਾਲਾ ।
੨੩ ਮਿਲਿਆ ।
੨੪ ਹੱਥ ।
੨੫ [ਸੰ. ਸਰਵਸ੍ਵ= ਸਾਰਾ ਮਾਲ ਧਨ] ਸਭ ਕੁਝ । ਦੇਖੋ ਪੰਨਾ ੬੨੮, ਨੋਟ ੨੦ ।
੨੬ ਰਸ ਵਾਲਾ ਬੈਰਾਗੀ ਹੋਇਆ ਹੈ ।
੨੭ ਹੋਰ ਨੂੰ ਸਿਮਰ ਕੇ ।
੨੮ ਜੂਨੋ ਜੂਨ ਪਏ ਫਿਰਦੇ ਹਨ, ਇਕ ਜਨਮ ਤੋਂ ਦੂਸਰੇ ਜਨਮ ਵਿੱਚ ਪਏ ਪੈਂਦੇ ਹਨ ।
੨੯ ਕਿਰਪਾ ਨਾਲ ।
੩੦ ਕੁਹਾੜੇ ਨਾਲ । ਹਰੀ ਨੇ ਸਾਡੇ ਵਿਚੋਂ ਵਲਛਲ ਕੁਹਾੜੀ ਨਾਲ ਵੱਢ ਕੇ ਕੱਟ ਸੁਟਿਆ ।
੩੧ ਚੋਟ ਨਾਲ । ਰਾਮ-ਨਾਮ ਦੀ ਚੋਟ ਨਾਲ ਵਹਿਮ ਦੇ ਜੰਗਲਾਂ ਦੇ ਜੰਗਲ ਕੱਟੇ ਗਏ ।

* ਮੁੜ ਕੇ ਫਿਰ ਹਰੀ-ਮਿਲਾਪ ਲਈ ਤਾਂਘ ਕਰਨ ਦੇ ਲਾਭ ਦੱਸਦੇ ਹਨ; ਦੁਰਮਤ ਦੂਰ ਹੁੰਦੀ ਹੈ, ਸਦਾ ਖੁਸ਼ੀ ਚੜ੍ਹੀ ਰਹਿੰਦੀ ਅਤੇ ਮੌਤ ਦਾ ਖਿਆਲ ਨਹੀਂ ਸਤਾਉਂਦਾ ।

† ਹੋਰ ਲਾਭ ਇਹ ਹੁੰਦਾ ਹੈ, ਕਿ ਜ਼ਿੰਦਗੀ ਨਿਰਮਲ ਹੁੰਦੀ ਤੇ ਪਾਰ-ਨਿਸਤਾਰਾ ਹੁੰਦਾ ਹੈ ।

‡ ਨਾਮ ਨੂੰ ਵਿਸਾਰਨ ਨਾਲ ਬੁਰਾ ਹਾਲ ਹੁੰਦਾ ਹੈ, ਪਰ ਹਰੀ ਦੀ ਓਟ ਲੈਣ ਵਾਲਾ ਇਸ ਜਗ ਨੂੰ ਜਿੱਤਦਾ ਤੇ ਅੱਗੋਂ ਲਈ ਆਵਾਗੌਣ ਮਿਟਾ ਲੈਂਦਾ ਹੈ ।

§ ਹਰੀ-ਨਾਮ ਜਪਣ ਨਾਲ ਅੰਦਰ ਦੇ ਭਰਮ ਤੇ ਪਾਪ ਦੂਰ ਹੋ ਜਾਂਦੇ ਹਨ ।

ਤ੍ਰਿਸਨਾ ਚਲਤ ਬਹੁ ਪਰਕਾਰਿ ॥ [1]ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥ ੧ ॥ ਰਹਾਉ ॥ ਸਾਂਤਿ ਸੂਖ ਨ ਸਹਜੁ[2] ਉਪਜੈ ਇਹੈ ਇਸੁ ਬਿਉਹਾਰਿ ॥ [3]ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥ ੧ ॥ ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥ ਚਰਨ ਕਮਲ ਸਰਣਾਇ ਨਾਨਕ ਸਦ ਸਦਾ ਬਲਿਹਾਰਿ ॥ ੨ ॥ ੮੪ ॥ ੧੦੭ ॥ ਸਾਰਗ ਮਹਲਾ ੫ ॥ ਰੇ ਪਾਪੀ [4]ਤੈ ਕਵਨ ਕੀ ਮਤਿ ਲੀਨ ॥ ਨਿਮਖ ਘਰੀ ਨ ਸਿਮਰਿ ਸੁਆਮੀ ਜੀਉ ਪਿੰਡੁ[5] ਜਿਨਿ ਦੀਨ ॥ ੧ ॥ ਰਹਾਉ ॥ ਖਾਤ ਪੀਵਤ ਸਵੰਤ[6] ਸੁਖੀਆ ਨਾਮੁ ਸਿਮਰਤ ਖੀਨ[7] ॥ [8]ਗਰਭ ਉਦਰ ਬਿਲਲਾਟ ਕਰਤਾ ਤਹਾਂ ਹੋਵਤ ਦੀਨ ॥ ੧ ॥ ਮਹਾ [9]ਮਾਦ ਬਿਕਾਰ ਬਾਧਾ ਅਨਿਕ ਜੋਨਿ ਭ੍ਰਮੀਨ[10] ॥ ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ ਸੁਖੁ ਨਾਨਕ [11]ਹਰਿ ਪਦ ਚੀਨ੍ ॥ ੨ ॥ ੮੫ ॥ ੧੦੮ ॥ ਸਾਰਗ ਮਹਲਾ ੫* ॥ ਮਾਈ ਰੀ ਚਰਨਹ ਓਟ ਗਹੀ[12] ॥ ਦਰਸਨੁ ਪੇਖਿ[13] ਮੇਰਾ ਮਨੁ ਮੋਹਿਓ ਦੁਰਮਤਿ [14]ਜਾਤ ਬਹੀ ॥ ੧ ॥ ਰਹਾਉ ॥ ਅਗਹ[15] ਅਗਾਧਿ ਊਚ ਅਬਿਨਾਸੀ ਕੀਮਤਿ ਜਾਤ ਨ ਕਹੀ ॥ ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ[16] ਪੂਰਿ ਰਹਿਓ [17]ਸ੍ਰਬ ਮਹੀ ॥ ੧ ॥ ਦੀਨ ਦਇਆਲ ਪ੍ਰੀਤਮ ਮਨਮੋਹਨ ਮਿਲਿ ਸਾਧਹ [18]ਕੀਨੋ ਸਹੀ ॥ ਸਿਮਰਿ ਸਿਮਰਿ ਜੀਵਤ ਹਰਿ ਨਾਨਕ [19]ਜਮ ਕੀ ਭੀਰ ਨ ਫਹੀ ॥ ੨ ॥ ੮੬ ॥ ੧੦੯ ॥ ਸਾਰਗ ਮਹਲਾ ੫† ॥ ਮਾਈ ਰੀ ਮਨੁ ਮੇਰੋ ਮਤਵਾਰੋ[20] ॥ ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ [21]ਰਪਿਓ ਖੁਮਾਰੋ ॥ ੧ ॥ ਰਹਾਉ ॥ ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ[22] ॥ ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ[23] ਪੁਰਖੁ ਅਪਾਰੋ ॥ ੧ ॥ ਕਰੁ[24] ਗਹਿ ਲੀਨੇ ਸਰਬਸੁ[25] ਦੀਨੇ ਦੀਪਕ ਭਇਓ ਉਜਾਰੋ ॥ ਨਾਨਕ ਨਾਮਿ [26]ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ ॥ ੨ ॥ ੮੭ ॥ ੧੧੦ ॥ ਸਾਰਗ ਮਹਲਾ ੫‡ ॥ ਮਾਈ ਰੀ [27]ਆਨ ਸਿਮਰਿ ਮਰਿ ਜਾਂਹਿ ॥ ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥ ੧ ॥ ਰਹਾਉ ॥ ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥ ਅਨਿਕ ਸਜਾਂਈ ਗਣਤ ਨ ਆਵੈ [28]ਗਰਭੈ ਗਰਭਿ ਭ੍ਰਮਾਹਿ ॥ ੧ ॥ ਸੇ ਧਨਵੰਤੇ ਸੇ ਪਤਿਵੰਤੇ ਹਰਿ ਕੀ ਸਰਣਿ ਸਮਾਹਿ ॥ ਗੁਰ ਪ੍ਰਸਾਦਿ [29]ਨਾਨਕ ਜਗੁ ਜੀਤਿਓ ਬਹੁਰਿ ਨ ਆਵਹਿ ਜਾਂਹਿ ॥ ੨ ॥ ੮੮ ॥ ੧੧੧ ॥ ਸਾਰਗ ਮਹਲਾ ੫§ ॥ ਹਰਿ ਕਾਟੀ ਕੁਟਿਲਤਾ ਕੁਠਾਰਿ[30] ॥ ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ[31] ॥ ੧ ॥ ਰਹਾਉ ॥ ਕਾਮ ਕ੍ਰੋਧ ਨਿੰਦਾ

੧ [ਰਵਾਲ] ਧੂੜੀ ।
੨ ਮੰਗਦਾ ਹੈ ।
੩ ਆਸਰਾ ।
੪ ਦੇਖੋ ਪੰਨਾ ੧੨੧੩, ਨੋਟ ੧੫ । ਹਰੀ ਨੇ ਵਿਸ਼ੇ ਦੀ ਨਸ਼ੀਲੀ ਬੂਟੀ ਪਿਲਾ ਕੇ ਭੁਲਾਇਆ ਹੈ ।
੫ ਟਿਕਾਉ । ਕਰੋੜਾਂ ਜਨਮ ਕਈ ਤਰ੍ਹਾਂ ਨਾਲ ਭੌਂਦਾ ਰਿਹਾ ਅਤੇ ਟਿਕਾਣਾ ਕਿਧਰੇ ਮਿਲਿਆ ਹੀ ਨਾ ।
੬ ਜਿਹੜਾ ਮਨ ਦੀ ਅਡੋਲਤਾ ਨਾਲ ਪੂਰੇ ਸਤਿਗੁਰੂ ਨੂੰ ਨਹੀਂ ਮਿਲਿਆ ਉਹ ਮਾਦਾਪ੍ਰਸਤ ਮੁੜ-ਮੁੜ ਜੰਮਦਾ ਮਰਦਾ ਹੈ ।
੭ ਸੰਸਾਰ-ਸਾਗਰ ।
੮ ਸਿਮਰਨ ।
੯ ਗੁਣਾਨੁਵਾਦ, ਗੁਣਾਂ ਦਾ ਉਚਾਰਨਾ, ਤਾਰੀਫ਼ ।
੧੦ [ਸੰ. ਅਚ੍ਯੁਤ, ਨਾ ਹਿਲਣ ਵਾਲਾ] ਅਟੱਲ ।
੧੧ [ਮਦ] ਮਸਤੀ ।
੧੨ ਦੇਖੋ ਪੰਨਾ ੧੧੧੨, ਨੋਟ ੩ ।
੧੩ ਦੇਖੋ ਪੰਨਾ ੧੧੩੭, ਨੋਟ ੨੧ ।
੧੪ ਮੁੜ ਕੇ, ਫੇਰ ।
੧੫ ਝਗੜੇ ।
੧੬ ਸਨਕ ਆਦਿ ਬ੍ਰਹਮਾ ਦੇ ਪੁੱਤਰ ।
੧੭ ਸੁਕਦੇਵ, ਇਕ ਰਿਸ਼ੀ ।
੧੮ ਇਕ ਉਘਾ ਭਗਤ ।
੧੯ ਅੰਮ੍ਰਿਤ ।
੨੦ ਅਸਚਰਜ ਰੂਪ (ਹਰੀ) ।
੨੧ ਕਿਲ੍ਹੇ, ਵਲਗਣਾਂ ।
੨੨ ਰਾਤ ।
੨੩ ਰੋਗਾਂ ਦੀ ।
੨੪ ਪੋਟਲੀ, ਪੰਡ ।
੨੫ ਝਾਟਾ, ਕੇਸ (ਪਕੜੇ) ।
੨੬ ਊਠ ।
੨੭ ਗਧਾ । ਇਨ੍ਹਾਂ ਜੂਨਾਂ ਵਿੱਚ ਪੈਂਦਾ ਗਿਆ ।
੨੮ ਸੱਟ, ਧੱਕਾ ।
੨੯ ਵਿਹੁ, ਜ਼ਹਿਰ ।
੩੦ ਗੱਫੇ ।
੩੧ ਕੰਨ ।
੩੨ ਤੇਰੇ ਸੁਆਸ ਤਤ (ਤਤਕਾਲ, ਛੇਤੀ) ਘਟ ਜਾਂਦੇ ਹਨ ।
੩੩ ਗਰੀਬਾਂ ਨੂੰ ਦੁੱਖ ਦੇ ਕੇ ਜੋ ਪੇਟ ਭਰਦੇ ਹਨ ।
੩੪ ਹਟ ਗਈ, ਸਾਥ ਛੱਡ ਜਾਂਦੀ ਹੈ ।
੩੫ ਪਾਪ । ੩੬ ਛੱਡ ।
੩੭ [ਸੱਟ ਮਾਰਨ ਤੋਂ ਜੋ ਆਵਾਜ਼ ਨਿਕਲਦੀ ਹੈ, ਪਟਾਕ] ਚੋਟ, ਸੱਟ ।
੩੮ ਨਿੰਦਕ ਨੇ ਆਪਣੇ ਆਪ ਨੂੰ ਆਪ ਕਟਾਰੀ ਮਾਰੀ ਹੈ ।
੩੯ ਜ਼ਖ਼ਮੀ ।
੪੦ ਅਧਵਾਟਿਓਂ ਹੀ । ਦੇਖੋ ਪੰ. ੨੯੦, ਨੋਟ ੧੧।
੪੧ ਮੌਤ ।
੪੨ ਕਿਤੇ ਵੀ ਢੋਈ ਨਹੀਂ ਮਿਲਦੀ ।
੪੩ ਭੋਗਦਾ ਹੈ ।
੪੪ ਭਟਕਦਾ ਰਹਿੰਦਾ ਹੈ ।

* ਨਾਮ ਸਿਮਰਨ ਬਿਨਾਂ ਹਿਰਦਾ ਸ਼ੁੱਧ ਨਹੀਂ ਹੁੰਦਾ ਅਤੇ ਆਵਾਗਉਣ ਬਣਿਆ ਰਹਿੰਦਾ ਹੈ ।

† ਰਾਮ ਦੀ ਸਿਫ਼ਤ ਕਰਨ ਦਾ ਜੋ ਸੁਆਦ ਹੈ; ਉਸ ਦੇ ਨਾਲ ਦਾ ਕੋਈ ਹੋਰ ਸੁਆਦ ਨਹੀਂ ਇਸੇ ਲਈ ਵੱਡੇ-ਵੱਡੇ ਰਿਸ਼ੀ ਤੇ ਭਗਤ ਗੁਣ ਗਾਂਦੇ ਆਏ ਹਨ ।

‡ ਦੂਜੇ ਪਾਸੇ ਪਾਪ ਕਰਨ ਨਾਲ ਇਹ ਅਮੁਕ ਧਾਉਣੀ ਬਣੀ ਰਹਿੰਦੀ ਹੈ, ਜਿਸ ਵਿੱਚ ਦੁੱਖ ਤੇ ਰੋਗ ਵਾਪਰਦੇ ਹਨ ਤੇ ਜੂਨਾਂ ਕੱਟਣ ਤੋਂ ਵਿਹਲ ਨਹੀਂ ਲੱਭਦੀ ।

§ ਇਸ ਅਤੇ ਅਗਲਿਆਂ ਤਿੰਨਾਂ ਸ਼ਬਦਾਂ ਵਿੱਚ ਵੀ ਪਾਪੀਆਂ ਦੀ ਜ਼ਿੰਦਗੀ ਦਾ ਬੁਰਾ ਹਾਲ ਹੋਂਦਾ ਦੱਸਦੇ ਹਨ ।

ਸੰਤਹ ਕੀ ਰਾਵਾਰ[੧] ॥ ਨਾਨਕ ਦਾਸੁ ਦਰਸੁ ਪ੍ਰਭ ਜਾਚੈ[੨] ਮਨ ਤਨ ਕੋ ਆਧਾਰ[੩] ॥ ੨ ॥ ੭੮ ॥ ੧੦੧ ॥ ਸਾਰਗ ਮਹਲਾ ੫* ॥ ਮੈਲਾ ਹਰਿ ਕੇ ਨਾਮ ਬਿਨੁ ਜੀਉ ॥ ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ[੪] ਪੀਉ ॥ ੧ ॥ ਰਹਾਉ ॥ ਕੋਟਿ ਜਨਮ ਭ੍ਰਮਤੌ ਬਹੁ ਭਾਂਤੀ ਥਿਤਿ[੫] ਨਹੀ ਕਤਹੂ ਪਾਈ ॥ [੬]ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥੧॥ ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ ਤੁਮ ਪ੍ਰਭ ਅਗਮ ਅਪਾਰ ॥ ਨਾਨਕ ਦਾਸ ਤੇਰੀ ਸਰਣਾਈ ਭਵਜਲੁ[੭] ਉਤਰਿਓ ਪਾਰ ॥ ੨ ॥ ੭੯ ॥ ੧੦੨ ॥ ਸਾਰਗ ਮਹਲਾ ੫† ॥ ਰਮਣ[੮] ਕਉ ਰਾਮ ਕੇ [੯]ਗੁਣ ਬਾਦ ॥ ਸਾਧਸੰਗਿ ਧਿਆਈਐ ਪਰਮੇਸਰੁ ਅੰਮ੍ਰਿਤ ਜਾ ਕੇ ਸੁਆਦ ॥ ੧ ॥ ਰਹਾਉ ॥ ਸਿਮਰਤ ਏਕੁ ਅਚੁਤ[੧੦] ਅਬਿਨਾਸੀ ਬਿਨਸੇ ਮਾਇਆ ਮਾਦ[੧੧] ॥ [੧੨]ਸਹਜ ਅਨਦ [੧੩]ਅਨਹਦ ਧੁਨਿ ਬਾਣੀ ਬਹੁਰਿ[੧੪] ਨ ਭਏ ਬਿਖਾਦ[੧੫] ॥ ੧ ॥ ਸਨਕਾਦਿਕ[੧੬] ਬ੍ਰਹਮਾਦਿਕ ਗਾਵਤ ਗਾਵਤ ਸੁਕ[੧੭] ਪ੍ਰਹਿਲਾਦ[੧੮] ॥ ਪੀਵਤ ਅਮਿਉ[੧੯] ਮਨੋਹਰ ਹਰਿ ਰਸੁ ਜਪਿ ਨਾਨਕ ਹਰਿ ਬਿਸਮਾਦ[੨੦] ॥ ੨ ॥ ੮੦ ॥ ੧੦੩ ॥ ਸਾਰਗ ਮਹਲਾ ੫‡ ॥ ਕੀਨੇ੍ ਪਾਪ ਕੇ ਬਹੁ ਕੋਟ[੨੧] ॥ ਦਿਨਸੁ ਰੈਨੀ[੨੨] ਥਕਤ ਨਾਹੀ ਕਤਹਿ ਨਾਹੀ ਛੋਟ ॥ ੧ ॥ ਰਹਾਉ ॥ ਮਹਾ ਬਜਰ ਬਿਖ ਬਿਆਧੀ[੨੩] ਸਿਰਿ ਉਠਾਈ ਪੋਟ[੨੪] ॥ ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ[੨੫] ॥ ੧ ॥ ਪਸੁ ਪਰੇਤ ਉਸਟ[੨੬] ਗਰਧਭ[੨੭] ਅਨਿਕ ਜੋਨੀ ਲੇਟ ॥ ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ[੨੮] ॥ ੨ ॥ ੮੧ ॥ ੧੦੪ ॥ ਸਾਰਗ ਮਹਲਾ ੫§ ॥ ਅੰਧੇ ਖਾਵਹਿ[੨੯] ਬਿਸੂ ਕੇ ਗਟਾਕ[੩੦] ॥ ਨੈਨ ਸ੍ਰਵਨ[੩੧] ਸਰੀਰੁ ਸਭੁ ਹੁਟਿਓ[੩੨] ਸਾਸੁ ਗਇਓ ਤਤ ਘਾਟ ॥ ੧ ॥ ਰਹਾਉ ॥ [੩੩]ਅਨਾਥ ਰਞਾਣਿ ਉਦਰੁ ਲੇ ਪੋਖਹਿ ਮਾਇਆ [੩੪]ਗਈਆ ਹਾਟਿ ॥ ਕਿਲਬਿਖ[੩੫] ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ[੩੬] ॥ ੧ ॥ ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ[੩੭] ॥ ਨਾਨਕ [੩੮]ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ[੩੯] ॥ ੨ ॥ ੮੨ ॥ ੧੦੫ ॥ ਸਾਰਗ ਮਹਲਾ ੫ ॥ ਟੂਟੀ ਨਿੰਦਕ ਕੀ ਅਧ ਬੀਚ[੪੦] ॥ ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ[੪੧] ॥ ੧ ॥ ਰਹਾਉ ॥ ਉਸ ਕਾ ਕਹਿਆ ਕੋਇ ਨ ਸੁਣਈ [੪੨]ਕਹੀ ਨ ਬੈਸਣੁ ਪਾਵੈ ॥ ਈਹਾਂ ਦੁਖੁ ਆਗੈ ਨਰਕੁ ਭੁੰਚੈ[੪੩] ਬਹੁ ਜੋਨੀ ਭਰਮਾਵੈ[੪੪] ॥ ੧ ॥ ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ ॥ ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥ ੨ ॥ ੮੩ ॥ ੧੦੬ ॥ ਸਾਰਗ ਮਹਲਾ ੫ ॥

੧ ਸੁਖ ਸਾਂਦ ।
੨ ਸੁਖ ਸਾਂਦ ।
੩ ਰਾਜਾ । ਹਰੀ ਰਾਜਾ ।
੪ ਜਿਹੜਾ ਮਨੁੱਖ ਪ੍ਰਭੂ ਦਾ ਨਿਜ ਭਗਤ ਜਾਂ ਦਾਸ ਹੈ ਉਸ ਦੀ ਸਿਫਤ ਸੁਣ ਕੇ ਮੈਂ ਜੀਉਂਦਾ ਹਾਂ। ਨਿਜ ਭਗਤੁ= ਖ਼ਾਸ ਆਪਣਾ ਭਗਤ ।
੫ ਸੋਭਾ ।
੬ ਦੇਖਣ ਨੂੰ ।
੭ ਭਾਗਾਂ ਨਾਲ ।
੮ ਵੇਖਾਂ । ਗੁਰੂ ਦੀ ਕਿਰਪਾ ਨਾਲ ਅੱਖਾਂ ਨਾਲ ਦੇਖਾਂ ।
੯ ਵਾਹਿਗੁਰੂ । ਦੇਖੋ ਪੰਨਾ ੧੧੯੬, ਨੋਟ ੪ ।
੧੦ ਹੋਰ ਦੂਜੀ ਥਾਂ ਕੋਈ ਨਹੀਂ ।
੧੧ ਮੁੜ ਕੇ ਜੂਨਾਂ ਵਿੱਚ ਨਹੀਂ ਧਾਉਣਾ ਪੈਂਦਾ ।
੧੨ ਸ੍ਰੇਸ਼ਟ, ਅਸਲ ।
੧੩ ਸੁਆਹ ।
੧੪ ਗਿਰਹਿ= ਗ੍ਰਿਹਸਥ ਵਿੱਚ । ਜੀਵ ਗ੍ਰਿਹਸਥ ਦੇ ਅੰਨ੍ਹੇ ਖੂਹ ਵਿੱਚ ਜੋ ਹਨੇਰੇ ਨਰਕ ਵਾਕੁਰ ਹੈ, ਡਿਗਦਾ ਹੈ ।
੧੫ ਫਿਰਦਿਆਂ-ਫਿਰਦਿਆਂ ।
੧੬ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ।
੧੭ ਭਗਤੀ ਨੂੰ ਪਿਆਰ ਕਰਨ ਵਾਲਾ, ਹਰੀ ।
੧੮ ਹੱਥ ।
੧੯ ਪਸਰਿਆ ਹੈ ।
੨੦ ਤਿੰਨ ਵਡੇ ਰੋਗ ਜੋ ਮਨੁੱਖ ਜ਼ਾਤੀ ਨੂੰ ਚੰਬੜਦੇ ਹਨ । ਦੇਖੋ ਪੰਨਾ ੧੧੨੩, ਨੋਟ ੪੦ ।
੨੧ ਅੰਦਰ ਦੇ ਦੁੱਖ ।
੨੨ [ਸੰ. ਅਚ੍ਯੁਤ] ਅਹਿੱਲ, ਅਟੱਲ ।
੨੩ ਰੱਜਦੇ ਹਨ ।
੨੪ ਈਰਖਾ, ਸਾੜਾ ।
੨੫ ਖਪ (ਮੁੱਕ) ਜਾਂਦੇ ਹਨ ।
੨੬ ਵਿਆਕੁਲ, ਲਾਚਾਰ ।
੨੭ ਕੁੱਤੀ-ਆਸ । ਇਸ ਸੁਆਹ ਵਤ ਮਾਇਆ ਵਿੱਚ ਲੱਗਿਆਂ ਕੁੱਤੀ-ਆਸਾ ਰੱਜਦੀ ਨਹੀਂ ।
੨੮ ਠੱਗੀ, ਛਲ । ਦੇਖੋ ਪੰ: ੧੨੧੩, ਨੋਟ ੧੫ ।
੨੯ [ਸੰ. ਕਿੰਕਰ= ਦਾਸ, ਦੂਤ] ਜਮ ਦੂਤ ।
੩੦ ਹੇ ਦੀਨਾਂ ਦੇ ਦੁੱਖ ਕੱਟਣ ਵਾਲੇ !

* ਜੋ ਹਰੀ ਦਾ ਆਸਰਾ ਤੱਕਦੇ ਹਨ, ਉਨ੍ਹਾਂ ਨੂੰ ਕੋਈ ਦੁੱਖ ਨਹੀਂ ਪੋਹ ਸਕਦਾ ।

† ਹਰੀ ਨੂੰ ਸਭ ਕੁਝ ਅਰਪ ਕੇ ਉਸ ਦੇ ਗੁਣ ਗਾਉਣ ਨਾਲ ਅਸਲ ਜ਼ਿੰਦਗੀ ਬਣਦੀ ਹੈ ਤੇ ਆਵਾਗਉਣ ਕੱਟਣ ਹੁੰਦਾ ਹੈ ।

‡ ਨਾਮ ਜਪਣ ਵਿੱਚ ਹੀ ਸੁਖ ਹੈ, ਹੋਰਨੀਂ ਕੰਮੀਂ ਤਾਂ ਦੁੱਖ ਹੀ ਦੁੱਖ ਵਾਪਰਦਾ ਹੈ ।

§ ਹਰੀ ਦੇ ਗੁਣ ਗਾਉਣ ਨਾਲ ਸਭ ਦੁੱਖ ਤੇ ਪਾਪ ਦੂਰ ਹੁੰਦੇ ਹਨ ।

¶ ਮਾਇਆ ਦੇ ਸਵਾਦਾਂ ਵਿੱਚ ਲੱਗਣ ਨਾਲ ਕਦੀ ਰਜੇਵਾਂ ਨਹੀਂ ਹੁੰਦਾ ।

ਆਗੈ ਕੁਸਲ[੧] ਪਾਛੈ ਖੇਮ[੨] ਸੂਖਾ ਸਿਮਰਤ ਨਾਮੁ ਸੁਆਮੀ ॥ ੧ ॥ ਰਹਾਉ ॥
ਸਾਜਨ ਮੀਤ ਸਖਾ ਹਰਿ ਮੇਰੈ ਗੁਨ ਗੁੋਪਾਲ ਹਰਿ ਰਾਇਆ[੩] ॥ ਬਿਸਰਿ ਨ
ਜਾਈ ਨਿਮਖ ਹਿਰਦੈ ਤੇ ਪੂਰੈ ਗੁਰੂ ਮਿਲਾਇਆ ॥ ੧ ॥ ਕਰਿ ਕਿਰਪਾ ਰਾਖੇ
ਦਾਸ ਅਪਨੇ ਜੀਅ ਜੰਤ ਵਸਿ ਜਾ ਕੈ ॥ ਏਕਾ ਲਿਵ ਪੂਰਨ ਪਰਮੇਸੁਰ ਭਉ
ਨਹੀ ਨਾਨਕ ਤਾ ਕੈ ॥ ੨ ॥ ੭੩ ॥ ੯੬ ॥ ਸਾਰਗ ਮਹਲਾ ੫* ॥ ਜਾ ਕੈ
ਰਾਮ ਕੋ ਬਲੁ ਹੋਇ ॥ ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ ॥
੧ ॥ ਰਹਾਉ ॥ [੪]ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ
[੫]ਸੋਇ ॥ ਉਦਮੁ ਕਰਉ ਦਰਸਨੁ [੬]ਪੇਖਨ ਕੌ ਕਰਮਿ[੭] ਪਰਾਪਤਿ ਹੋਇ ॥ ੧ ॥
ਗੁਰ ਪਰਸਾਦੀ ਦ੍ਰਿਸਟਿ ਨਿਹਾਰਉ[੮] ਦੂਸਰ ਨਾਹੀ ਕੋਇ ॥ ਦਾਨੁ ਦੇਹਿ ਨਾਨਕ
ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥ ੨ ॥ ੭੪ ॥ ੯੭ ॥ ਸਾਰਗ ਮਹਲਾ
੫† ॥ ਜੀਵਤੁ ਰਾਮ ਕੇ ਗੁਣ ਗਾਇ ॥ ਕਰਹੁ ਕ੍ਰਿਪਾ ਗੋਪਾਲ ਬੀਠੁਲੇ[੯] ਬਿਸਰਿ
ਨ ਕਬ ਹੀ ਜਾਇ ॥ ੧ ॥ ਰਹਾਉ ॥ ਮਨੁ ਤਨੁ ਧਨੁ ਸਭੁ ਤੁਮਰਾ
ਸੁਆਮੀ [੧੦]ਆਨ ਨ ਦੂਜੀ ਜਾਇ ॥ ਜਿਉ ਤੂ ਰਾਖਹਿ ਤਿਵ ਹੀ ਰਹਣਾ ਤੁਮ੍ਰਾ
ਪੈਨੈ੍ ਖਾਇ ॥ ੧ ॥ ਸਾਧਸੰਗਤਿ ਕੈ ਬਲਿ ਬਲਿ ਜਾਈ [੧੧]ਬਹੁੜਿ ਨ ਜਨਮਾ
ਧਾਇ ॥ ਨਾਨਕ ਦਾਸ ਤੇਰੀ ਸਰਣਾਈ ਜਿਉ ਭਾਵੈ ਤਿਵੈ ਚਲਾਇ ॥ ੨ ॥
੭੫ ॥ ੯੮ ॥ ਸਾਰਗ ਮਹਲਾ ੫‡ ॥ ਮਨ ਰੇ ਨਾਮ ਕੋ ਸੁਖ ਸਾਰ[੧੨] ॥ ਆਨ
ਕਾਮ ਬਿਕਾਰ ਮਾਇਆ ਸਗਲ ਦੀਸਹਿ ਛਾਰ[੧੩] ॥ ੧ ॥ ਰਹਾਉ ॥ [੧੪]ਗ੍ਰਿਹਿ
ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ
[੧੫]ਹਾਰਿਓ ਭ੍ਰਮਤ ਬਾਰੰ ਬਾਰ ॥ ੧ ॥ [੧੬]ਪਤਿਤ ਪਾਵਨ [੧੭]ਭਗਤਿ ਬਛਲ ਦੀਨ
ਕਿਰਪਾ ਧਾਰ ॥ ਕਰ[੧੮] ਜੋੜਿ ਨਾਨਕੁ ਦਾਨੁ ਮਾਂਗੈ ਸਾਧਸੰਗਿ ਉਧਾਰ ॥ ੨ ॥
੭੬ ॥ ੯੯ ॥ ਸਾਰਗ ਮਹਲਾ ੫§ ॥ ਬਿਰਾਜਿਤ[੧੯] ਰਾਮ ਕੋ ਪਰਤਾਪ ॥
[੨੦]ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ ॥ ੧ ॥ ਰਹਾਉ ॥
ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ[੨੧] ॥ ਗੁਣ ਗਾਵਤ
ਅਚੁਤ[੨੨] ਅਬਿਨਾਸੀ ਮਨ ਤਨ ਆਤਮ ਧ੍ਰਾਪ[੨੩] ॥ ੧ ॥ ਕਾਮ ਕ੍ਰੋਧ ਲੋਭ ਮਦ
ਮਤਸਰ[੨੪] ਸਾਧੂ ਕੈ ਸੰਗਿ ਖਾਪ[੨੫] ॥ ਭਗਤਿ ਵਛਲ ਭੈ ਕਾਟਨਹਾਰੇ ਨਾਨਕ
ਕੇ ਮਾਈ ਬਾਪ ॥ ੨ ॥ ੭੭ ॥ ੧੦੦ ॥ ਸਾਰਗ ਮਹਲਾ ੫¶ ॥ ਆਤੁਰੁ[੨੬]
ਨਾਮ ਬਿਨੁ ਸੰਸਾਰ ॥ ਤ੍ਰਿਪਤਿ ਨ ਹੋਵਤ [੨੭]ਕੂਕਰੀ ਆਸਾ ਇਤੁ ਲਾਗੋ
ਬਿਖਿਆ ਛਾਰ ॥ ੧ ॥ ਰਹਾਉ ॥ ਪਾਇ ਠਗਉਰੀ[੨੮] ਆਪਿ ਭੁਲਾਇਓ
ਜਨਮਤ ਬਾਰੋ ਬਾਰ ॥ ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ [੨੯]ਜਮਕੰਕਰ
ਕਰਤ ਖੁਆਰ ॥ ੧ ॥ ਹੋਹੁ ਕ੍ਰਿਪਾਲ [੩੦]ਦੀਨ ਦੁਖ ਭੰਜਨ ਤੇਰਿਆ

੧ ਜ਼ਿੰਦਗੀ ।
੨ ਵਿਸ਼ੇ ਵਾਲੇ ਰਸਾਂ ਦੀ ਥਾਂ ।
੩ ਕੱਠਾ ਕਰਨਾ ।
੪ ਲਾਲ । ੫ ਮਸਤ ।
੬ ਮੱਛੀ ।
੭ ਫਸੀ ਪਈ ਹੈ ।
੮ ਦੇਖੋ ਪੰਨਾ ੧੧੧੭, ਨੋਟ ੧੭ ।
੯ ਹੁੰਦੇ ਹਨ । ੧੦ ਭੂਤਨੇ ।
੧੧ ਹੋਰ ਕਿਸੇ ਦੀ ਸੇਵਾ ।
੧੨ ਬੇਅਰਥ ਸਮਾਂ ਗਵਾਂਦਾ ਹੈ ।
੧੩ ਮਾਰਦਾ ਹੈ ।
੧੪ ਸੁਖਾਂ ਦਾ ਖਜ਼ਾਨਾ ।
੧੫ ਗਿੜੇ, ਰੀਝੇ । ੧੬ ਕੰਨੀਂ ।
੧੭ ਕਰਣੀ ।
੧੮ ਆਸਰਾ ।
੧੯ ਜੀਭ ਦੁਆਰਾ ।
੨੦ [ਲਛਮੀ ਦਾ ਆਸਰਾ, ਵਿਸ਼ਨੂੰ] ਵਾਹਿਗੁਰੂ ।
੨੧ ਭਿਆਨਕ ਦੁੱਖ ਮਿਲਦੇ ਹਨ ।
੨੨ (ਅਤੇ ਉਸ ਦੀ ਥਾਂ) ਕਈ ਤਰ੍ਹਾਂ ਦੇ ਭੇਖਾਂ ਵਿੱਚ ਪ੍ਰੀਤ ਜੋੜੀ ਹੋਈ ਹੈ, ਉਹ ਪ੍ਰੀਤੀ ਛੇਤੀ ਟੁੱਟ ਜਾਂਦੀ ਹੈ ।
੨੩ ਦੇਰੀ ।
੨੪ ਫੋੜੀ । ਫੁੱਟੀ ਗਾਗਰ ਵਿੱਚ ਜਲ ਨਹੀਂ ਠਹਿਰਦਾ।
੨੫ ਖੁਮਾਰੀ ਵਿੱਚ । ਦੇਖੋ ਪੰਨਾ ੯੭੯, ਨੋਟ ੧੮। ਮਨ ਪ੍ਰੇਮ-ਰਸ ਦੀ ਖੁਮਾਰੀ ਵਿੱਚ ਮਸਤ ਰਹੇ।
੨੬ ਦੂਜਾ ।
੨੭ ਉਸ । ਮੈਂ ਉਸ ਸਮੇਂ ਨੂੰ ਲੋਚਦਾ ਹਾਂ ਜਦੋਂ ਸੰਤਾਂ ਦੀ ਸੰਗਤ ਵਿੱਚ ਇਕੱਤ੍ਰ ਹੋ ਕੇ ਹਰੀ ਦੇ ਗੁਣ ਗਾਏ ਜਾਵਨ ।
੨੮ ਇੰਦ੍ਰਿਆਂ ਦੇ ਰੋਕਣ ਦੀ ਕ੍ਰਿਆ ।
੨੯ ਇਹ ਸਾਧਨ, ਲਾਭ ਵਿੱਚ, ਨਾਮ ਜਪਣ ਦੇ ਮੁਕਾਬਲੇ 'ਤੇ ਕੁਝ ਭੀ ਨਹੀਂ ।
੩੦ ਵਿੰਨ੍ਹਿਆ ਹੋਇਆ ਹੈ ।
੩੧ ਅੰਦਰ ਦੀਆਂ ਬੁਝਣ ਵਾਲਾ

* ਹਰੀ-ਨਾਮ ਜਪਣਾ ਅਸਲ ਜੀਵਨ ਹੈ, ਇਸ ਤੋਂ ਬਿਨਾਂ ਹਰੀ ਦੇ ਸੇਵਕ ਜੀ ਨਹੀਂ ਸਕਦੇ ।

† ਹਰੀ-ਨਾਮ ਤੋਂ ਬਿਨਾਂ ਮਨੁੱਖ ਮਨੁੱਖ ਨਹੀਂ, ਨਿਰੀ ਭੂਤਨੇ ਵਾਲੀ ਜ਼ਿੰਦਗੀ ਬਤੀਤ ਕਰਦਾ ਹੈ ।

‡ ਜਿਹੜੇ ਹਰੀ-ਨਾਮ ਵਿੱਚ ਰੱਤੇ ਰਹਿੰਦੇ ਹਨ, ਉਨ੍ਹਾਂ ਨੂੰ ਮਾਇਆ ਦਾ ਅਸਰ ਨਹੀਂ ਪੋਂਹਦਾ ਕਿਉਂਕਿ ਓਹ ਤਾਂ ਹਰ ਵੇਲੇ ਸਿਮਰਨ ਕੀਰਤਨ ਵਿੱਚ ਰੁਝੇ ਰਹਿੰਦੇ ਹਨ ਅਤੇ ਦਿਲ ਹਰੀ-ਪੂਜਾ ਵਿੱਚ ਲੱਗਾ ਰਹਿੰਦਾ ਹੈ ।

§ ਹਰੀ-ਨਾਮ ਤੋਂ ਬਿਨਾਂ ਰਹਿਣ ਵਾਲੇ ਦੀ ਬੁੱਧ ਮਾਰੀ ਜਾਂਦੀ ਹੈ ਅਤੇ ਜ਼ਿੰਦਗੀ ਤਬਾਹ ਹੁੰਦੀ ਹੈ ।

¶ ਸਿਮਰਨ ਤੋਂ ਬਿਨਾਂ ਹੋਰ ਸਾਰੇ ਸਾਧਨ ਬਿਅਰਥ ਹਨ ।

:: ਹਰੀ-ਸਿਮਰਨ ਨਾਲ ਇਥੇ ਉਥੇ ਹਰ ਥਾਂ ਸੁਖ ਅਨੰਦ ਰਹਿੰਦਾ ਹੈ ।

ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ ॥ ੨ ॥ ੬੭ ॥ ੯੦ ॥ ਸਾਰਗ ਮਹਲਾ ੫* ॥ ਹਰਿ ਹਰਿ ਸੰਤ ਜਨਾ ਕੀ ਜੀਵਨਿ[੧] ॥ [੨]ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ ॥ ੧ ॥ ਰਹਾਉ ॥ ਸੰਚਨਿ[੩] ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥ ਹਰਿ ਰੰਗ ਰਾਂਗ ਭਏ ਮਨ ਲਾਲਾ[੪] ਰਾਮ ਨਾਮ ਰਸ ਖੀਵਨਿ[੫] ॥ ੧ ॥ ਜਿਉ ਮੀਨਾ[੬] ਜਲ ਸਿਉ ਉਰਝਾਨੋ[੭] ਰਾਮ ਨਾਮ ਸੰਗਿ ਲੀਵਨਿ ॥ ਨਾਨਕ ਸੰਤ ਚਾਤ੍ਰਿਕ[੮] ਕੀ ਨਿਆਈ ਹਰਿ ਬੂੰਦ ਪਾਨ ਸੁਖ ਥੀਵਨਿ[੯] ॥ ੨ ॥ ੬੮ ॥ ੯੧ ॥ ਸਾਰਗ ਮਹਲਾ ੫† ॥ ਹਰਿ ਕੇ ਨਾਮਹੀਨ ਬੇਤਾਲ[੧੦] ॥ ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ ॥ ੧ ॥ ਰਹਾਉ ॥ ਬਿਨੁ ਪ੍ਰਭ ਸੇਵ ਕਰਤ [੧੧]ਅਨ ਸੇਵਾ [੧੨]ਬਿਰਥਾ ਕਾਟੈ ਕਾਲ ॥ ਜਬ ਜਮੁ ਆਇ ਸੰਘਾਰੈ[੧੩] ਪ੍ਰਾਨੀ ਤਬ ਤੁਮਰੋ ਕਉਨੁ ਹਵਾਲ ॥੧॥ ਰਾਖਿ ਲੇਹੁ ਦਾਸ ਅਪੁਨੇ ਕਉ ਸਦਾ ਸਦਾ ਕਿਰਪਾਲ ॥ [੧੪]ਸੁਖ ਨਿਧਾਨ ਨਾਨਕ ਪ੍ਰਭੁ ਮੇਰਾ ਸਾਧਸੰਗਿ ਧਨ ਮਾਲ ॥ ੨ ॥ ੬੯ ॥ ੯੨ ॥ ਸਾਰਗ ਮਹਲਾ ੫‡ ॥ ਮਨਿ ਤਨਿ ਰਾਮ ਕੋ ਬਿਉਹਾਰੁ ॥ ਪ੍ਰੇਮ ਭਗਤਿ ਗੁਨ ਗਾਵਨ ਗੀਧੇ[੧੫] ਪੋਹਤ ਨਹ ਸੰਸਾਰੁ ॥ ੧ ॥ ਰਹਾਉ ॥ ਸ੍ਰਵਣੀ[੧੬] ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ[੧੭] ॥ ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ[੧੮] ॥ ੧ ॥ ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ ਕਿਰਪਾ ਅਪਨੀ ਧਾਰੁ ॥ ਨਾਮੁ ਨਿਧਾਨੁ ਉਚਰਉ ਨਿਤ ਰਸਨਾ[੧੯] ਨਾਨਕ ਸਦ ਬਲਿਹਾਰੁ ॥ ੨ ॥ ੭੦ ॥ ੯੩ ॥ ਸਾਰਗ ਮਹਲਾ ੫§ ॥ ਹਰਿ ਕੇ ਨਾਮਹੀਨ ਮਤਿ ਥੋਰੀ ॥ ਸਿਮਰਤ ਨਾਹਿ ਸਿਰੀਧਰ[੨੦] ਠਾਕੁਰ [੨੧]ਮਿਲਤ ਅੰਧ ਦੁਖ ਘੋਰੀ ॥ ੧ ॥ ਰਹਾਉ ॥ ਹਰਿ ਕੇ ਨਾਮ ਸਿਉ ਪ੍ਰੀਤਿ ਨ ਲਾਗੀ [੨੨]ਅਨਿਕ ਭੇਖ ਬਹੁ ਜੋਰੀ ॥ ਤੂਟਤ ਬਾਰ[੨੩] ਨ ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ[੨੪] ॥ ੧ ॥ ਕਰਿ ਕਿਰਪਾ ਭਗਤਿ ਰਸੁ ਦੀਜੈ ਮਨੁ ਖਚਿਤ ਪ੍ਰੇਮ ਰਸ ਖੋਰੀ[੨੫] ॥ ਨਾਨਕ ਦਾਸ ਤੇਰੀ ਸਰਣਾਈ ਪ੍ਰਭ ਬਿਨੁ ਆਨ[੨੬] ਨ ਹੋਰੀ ॥ ੨ ॥ ੭੧ ॥ ੯੪ ॥ ਸਾਰਗ ਮਹਲਾ ੫¶ ॥ ਚਿਤਵਉ ਵਾ[੨੭] ਅਉਸਰ ਮਨ ਮਾਹਿ ॥ ਹੋਇ ਇਕਤ੍ਰ ਮਿਲਹੁ ਸੰਤ ਸਾਜਨ ਗੁਣ ਗੋਬਿੰਦ ਨਿਤ ਗਾਹਿ ॥ ੧ ॥ ਰਹਾਉ ॥ ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ ॥ ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ ॥ ੧ ॥ ਜਪ ਤਪ ਸੰਜਮ[੨੮] ਕਰਮ ਸੁਖ ਸਾਧਨ [੨੯]ਤੁਲਿ ਨ ਕਛੂਐ ਲਾਹਿ ॥ ਚਰਨ ਕਮਲ ਨਾਨਕ ਮਨੁ ਬੇਧਿਓ[੩੦] ਚਰਨਹ ਸੰਗਿ ਸਮਾਹਿ ॥ ੨ ॥ ੭੨ ॥ ੯੫ ॥ ਸਾਰਗ ਮਹਲਾ ੫:: ॥ ਮੇਰਾ ਪ੍ਰਭੁ ਸੰਗੇ ਅੰਤਰਜਾਮੀ[੩੧] ॥

੧ ਪੂਰੇ ਹੋ ਜਾਂਦੇ ਹਨ, ਭਾਵ ਮੁਕ ਜਾਂਦੇ ਹਨ ।
੨ ਅਸਲ ਗੱਲ ਇਹ ਲੱਭੀ ਹੈ ਕਿ ਭਗਤੀ ਹੀ ਪੂਰੀ ਤਰ੍ਹਾਂ ਉੱਤਮ ਹੈ, ਸਭ ਪਾਸਿਓਂ ਪੂਰੇ ਤੌਰ 'ਤੇ ਚੰਗੀ ਹੈ ।
੩ ਅਪੂਰਨ, ਅਧੂਰੀ ।
੪ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ, ਹਰੀ।
੫ ਹਦ, ਅੰਦਾਜ਼ਾ ।
੬ ਸਾਰੇ ਦਿਲਾਂ ਦਾ ਆਸਰਾ ।
੭ ਵਿਆਪਕ ਹੈ ।
੮ ਨੇੜੇ ।
੯ ਪਵਿੱਤਰ, ਸੁਅੱਛ ।
੧੦ ਪੂਰੀਆਂ ਹੋ ਗਈਆਂ ।
੧੧ ਤਾਂ ਜੀਵਨ ਗਿਣੋ ਜੇ ਹਰੀ ਨੂੰ ਵੇਖਿਆ ਹੋਵੇ।
੧੨ ਫੋੜ, ਤੋੜ ।
੧੩ ਬਿਨਾਂ ਸਰਧਾ ਦੇ ਕੀ ਸਿੱਖ ਸਕਦਾ ਹਾਂ ?
੧੪ ਕਾਲਖ ।
੧੫ ਪੂੰਜੀ, ਪ੍ਰਾਪਤ ਕੀਤਾ ਹੋਇਆ । ਜਿਨ੍ਹਾਂ ਨੂੰ ਸਾਰੇ ਸੁਖ ਦੇਣ ਵਾਲਾ ਮਾਲਕ ਪ੍ਰਾਪਤ ਹੈ ਉਹ ਹੋਰ ਕੋਈ ਭੇਖ ਨਹੀਂ ਮੰਗਦੇ, ਕਿਸੇ ਹੋਰ ਨੂੰ ਨਹੀਂ ਮੰਨਦੇ ।
੧੬ ਉਸ ਦੀਆਂ ਅਰਥ (ਲੋੜਾਂ) ਵਿਸ਼ੇਸ ਕਰ ਕੇ ਪੂਰਨ ਹੁੰਦੀਆਂ ਹਨ ।
੧੭ ਪਾਪ ।
੧੮ ਸੜ ਜਾਂਦੇ ਹਨ ।
੧੯ ਨਾਮ ਹੀ ਕਰੋੜਾਂ ਇਸ਼ਨਾਨ, ਦਾਨ ਆਦਿਕ ਹੈ।
੨੦ ਹੋਰ ਜ਼ੰਜਾਲਾਂ ਦਾ ਬਿਰਥਾ ਉੱਦਮ ਕਰਦਾ ਹੈ ।
੨੧ ਦੁੱਖ, ਮੁਸੀਬਤ ।
੨੨ [ਸੰ. ਛਲੀਆ, ਠੱਗ] ਇਕ ਭੇਖ ਜਿਸ ਦੇ ਸਾਧੂ, ਲੋਕਾਂ ਦੀ ਨਜ਼ਰ ਤੋਂ ਬਚਣ ਲਈ ਜਾਣ ਬੁਝ ਕੇ ਵਿਚੋਂ ਹੋਰ ਤੇ ਉੱਤੋਂ ਹੋਰ ਕਰਮ ਕਰ ਦੇ ਦਸਦੇ ਹਨ, ਇਨ੍ਹਾਂ ਦੇ ਇਸ ਤਰੀਕੇ ਵੱਲ ਰਹਾਉ ਤੋਂ ਬਾਅਦ ਵਾਲੇ ਅੰਕ ਵਿੱਚ ਇਸ਼ਾਰਾ ਹੈ । ਦੇਖੋ ਪੰਨਾ ੯੫੨, ਨੋਟ ੩੮ । ਅਸਲ ਧੂਰਤ ਉਹ ਹੈ ਜੋ ਧੁਰ ਰਤ ਹੈ, ਭਾਵ ਧੁਰ (ਆਦਿ ਪੁਰਖ ਹਰੀ) ਨਾਲ ਲਗਦਾ ਹੈ ।
੨੩ ਧੂੜੀ ਧਾਰਨ ਕਰਨ ਵਾਲਾ, ਜੋਗੀ ।
੨੪ ਬਸਤ੍ਰ ਧਾਰਨ ਵਾਲਾ, ਕਾਪੜੀਆ ।
੨੫ ਮਗਨ ਰਹਿੰਦਾ ਹੈ ।
੨੬ ਠੱਗੀ (ਧੂਰਤ ਲੋਕਾਂ ਦੇ ਤਰੀਕੇ ਵੱਲ ਇਸ਼ਾਰਾ ਕਰਦੇ ਹਨ) ।
੨੭ ਉਹ ਧੂਰਤ ਨਹੀਂ ਹੈ, ਮੂਰਖ ਹੈ ।
੨੮ ਆਪਣੇ ਅਸਲ ਲਾਭ ਵਾਲੀ ਗੱਲ ।
੨੯ ਘਾਟੇ ਵਾਲੀ ।
੩੦ ਸੁੰਦਰ ਹਰੀ ।

* ਗੁਰੂ ਤੇ ਪਾਰਬ੍ਰਹਮ ਦੀ ਉਸਤਤਿ ਕਰਦੇ ਹਨ ।

† ਜਿਨ੍ਹਾਂ ਨੂੰ ਸਰਬ-ਫਲ ਦਾਤਾ ਹਰੀ ਪ੍ਰਾਪਤ ਹੋਵੇ, ਉਹ ਕਿਸੇ ਹੋਰ ਨੂੰ ਮੰਨਣਾ ਭਰਮ ਖਿਆਲ ਕਰਦੇ ਹਨ ।

‡ ਹਰੀ-ਸਿਮਰਨ ਵਿੱਚ ਧਾਰਮਕ ਕ੍ਰਿਆ, ਗਿਆਨ, ਧਿਆਨ, ਦਾਨ, ਇਸ਼ਨਾਨ ਆ ਜਾਂਦੇ ਹਨ; ਇਸ ਲਈ ਇਸ ਨੂੰ ਛੱਡ ਕੇ ਹੋਰ ਕੋਈ ਸਾਧਨਾ ਕਰਨੀ ਵਿਅਰਥ ਮਿਹਨਤ ਹੈ ।

§ ਭੇਖਾਂ ਦੀ ਨਿਖੇਧੀ ਕਰ ਰਹੇ ਹਨ ਅਤੇ ਇਨ੍ਹਾਂ ਭੇਖਾਂ ਦੇ ਨਾਵਾਂ ਦੇ ਦੂਸਰੇ ਅਰਥ ਕੱਢ ਕੇ ਦੱਸ ਰਹੇ ਹਨ ਕਿ ਅਸਲ ਭੇਖ ਕਿਸ ਨੂੰ ਕਹੀਦਾ ਹੈ ਤੇ ਕਿਹੜੇ ਗੁਣਾਂ ਦੇ ਹੋਣ ਨਾਲ ਮਨੁੱਖ ਬਣੀਦਾ ਹੈ ।

ਪੂਰਨ[੧] ਪਾਈਐ ਸੁਖ ਬਿਸ੍ਰਾਮ ॥ ੧ ॥ ਸੋਧਤ ਸੋਧਤ [੨]ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥ ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ[੩] ॥ ੨ ॥ ੬੨ ॥ ੮੫ ॥ ਸਾਰਗ ਮਹਲਾ ੫* ॥ ਸਾਚੇ ਸਤਿਗੁਰੂ ਦਾਤਾਰਾ ॥ ਦਰਸਨੁ ਦੇਖਿ ਸਗਲ ਦੁਖ ਨਾਸਹਿ ਚਰਨ ਕਮਲ ਬਲਿਹਾਰਾ ॥ ੧ ॥ ਰਹਾਉ ॥ ਸਤਿ ਪਰਮੇਸਰੁ ਸਤਿ ਸਾਧ ਜਨ ਨਿਹਚਲੁ ਹਰਿ ਕਾ ਨਾਉ ॥ ਭਗਤਿ ਭਾਵਨੀ ਪਾਰਬ੍ਰਹਮ ਕੀ ਅਬਿਨਾਸੀ ਗੁਣ ਗਾਉ ॥ ੧ ॥ ਅਗਮੁ ਅਗੋਚਰੁ[੪] ਮਿਤਿ[੫] ਨਹੀ ਪਾਈਐ [੬]ਸਗਲ ਘਟਾ ਆਧਾਰੁ ॥ ਨਾਨਕ ਵਾਹੁ ਵਾਹੁ ਕਹੁ ਤਾ ਕਉ ਜਾ ਕਾ ਅੰਤੁ ਨ ਪਾਰੁ ॥ ੨ ॥ ੬੩ ॥ ੮੬ ॥ ਸਾਰਗ ਮਹਲਾ ੫* ॥ ਗੁਰ ਕੇ ਚਰਨ ਬਸੇ ਮਨ ਮੇਰੈ ॥ [੭]ਪੂਰਿ ਰਹਿਓ ਠਾਕੁਰੁ ਸਭ ਥਾਈ ਨਿਕਟਿ[੮] ਬਸੈ ਸਭ ਨੇਰੈ ॥ ੧ ॥ ਰਹਾਉ ॥ ਬੰਧਨ ਤੋਰਿ ਰਾਮ ਲਿਵ ਲਾਈ ਸੰਤਸੰਗਿ ਬਨਿ ਆਈ ॥ ਜਨਮੁ ਪਦਾਰਥੁ ਭਇਓ ਪੁਨੀਤਾ[੯] ਇਛਾ ਸਗਲ ਪੁਜਾਈ[੧੦] ॥ ੧ ॥ ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ ਸੋ ਹਰਿ ਕਾ ਜਸੁ ਗਾਵੈ ॥ ਆਠ ਪਹਰ ਗੋਬਿੰਦ ਗੁਨ ਗਾਵੈ ਜਨੁ ਨਾਨਕੁ ਸਦ ਬਲਿ ਜਾਵੈ ॥ ੨ ॥ ੬੪ ॥ ੮੭ ॥ ਸਾਰਗ ਮਹਲਾ ੫† ॥ [੧੧]ਜੀਵਨੁ ਤਉ ਗਨੀਐ ਹਰਿ ਪੇਖਾ ॥ ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ ਫੋਰਿ[੧੨] ਭਰਮ ਕੀ ਰੇਖਾ ॥ ੧ ॥ ਰਹਾਉ ॥ ਕਹਤ ਸੁਨਤ ਕਿਛੁ ਸਾਂਤਿ ਨ ਉਪਜਤ [੧੩]ਬਿਨੁ ਬਿਸਾਸ ਕਿਆ ਸੇਖਾਂ ॥ ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ[੧੪] ॥ ੧ ॥ ਜਾ ਕੈ ਰਾਸਿ[੧੫] ਸਰਬ ਸੁਖ ਸੁਆਮੀ ਆਨ ਨ ਮਾਨਤ ਭੇਖਾ ॥ ਨਾਨਕ ਦਰਸ ਮਗਨ ਮਨੁ ਮੋਹਿਓ [੧੬]ਪੂਰਨ ਅਰਥ ਬਿਸੇਖਾ ॥ ੨ ॥ ੬੫ ॥ ੮੮ ॥ ਸਾਰਗ ਮਹਲਾ ੫‡ ॥ ਸਿਮਰਨ ਰਾਮ ਕੋ ਇਕੁ ਨਾਮ ॥ ਕਲਮਲ[੧੭] [੧੮]ਦਗਧ ਹੋਹਿ ਖਿਨ ਅੰਤਰਿ [੧੯]ਕੋਟਿ ਦਾਨ ਇਸਨਾਨ ॥ ੧ ॥ ਰਹਾਉ ॥ [੨੦]ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ ॥ ਜਨਮ ਮਰਨ ਸੰਕਟ[੨੧] ਤੇ ਛੂਟੈ ਜਗਦੀਸ ਭਜਨ ਸੁਖ ਧਿਆਨ ॥ ੧ ॥ ਤੇਰੀ ਸਰਨਿ ਪੂਰਨ ਸੁਖ ਸਾਗਰ ਕਰਿ ਕਿਰਪਾ ਦੇਵਹੁ ਦਾਨ ॥ ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ ਬਿਨਸਿ ਜਾਇ ਅਭਿਮਾਨ ॥ ੨ ॥ ੬੬ ॥ ੮੯ ॥ ਸਾਰਗ ਮਹਲਾ ੫§ ॥ ਧੂਰਤੁ[੨੨] ਸੋਈ ਜਿ ਧੁਰ ਕਉ ਲਾਗੈ ॥ ਸੋਈ ਧੁਰੰਧਰੁ[੨੩] ਸੋਈ ਬਸੁੰਧਰੁ[੨੪] ਹਰਿ ਏਕ ਪ੍ਰੇਮ ਰਸ ਪਾਗੈ[੨੫] ॥ ੧ ॥ ਰਹਾਉ ॥ ਬਲਬੰਚ[੨੬] ਕਰੈ ਨ ਜਾਨੈ ਲਾਭੈ ਸੋ [੨੭]ਧੂਰਤੁ ਨਹੀ ਮੂੜ੍ਹਾ ॥ ਸੁਆਰਥੁ[੨੮] ਤਿਆਗਿ ਅਸਾਰਥਿ[੨੯] ਰਚਿਓ ਨਹ ਸਿਮਰੈ [੩੦]ਪ੍ਰਭੂ ਰੂੜਾ ॥ ੧ ॥ ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ ॥ ਸਾਧਸੰਗਿ ਜਿਨਿ

੧ ਉਨ੍ਹਾਂ ਨਾਲ ਸਾਂਝ ਕਰੋ, ਭਿਆਲੀ ਪਾਓ ।
੨ ਵੇਖਦਾ ਹੈ ।
੩ ਇਕੱਠਾ ਕਰੋ ।
੪ ਮੈਂ ।
੫ ਕਿਸ ਮੂਲ (ਰਕਤ ਬੂੰਦ) ਤੋਂ ਤੂੰ ਮੈਨੂੰ ਮਨੁੱਖ ਬਣਾ ਦਿੱਤਾ ਹੈ ।
੬ ਸਭ ਕੁਝ ।
੭ ਸਾਰਿਆਂ ਦੇ ਪਾਲਣਹਾਰੇ !
੮ ਸਾਰੇ ਦਿਲਾਂ ਦੇ ਆਸਰੇ ।
੯ ਉਚਿਆਈ ਤੇ ਡੂੰਘਾਈ ।
੧੦ ਬੇੜੀ । ਸਾਧਾਂ ਦੀ ਸੰਗਤ ਰੂਪ ਬੇੜੀ ।
੧੧ ਜੋ ਸੰਸਾਰ-ਸਾਗਰ ਤੋਂ ਪਾਰ ਕਰ ਦੇਵੇ ।
੧੨ ਮਨ, ਵਚਨ ਤੇ ਕਰਮ ਦੁਆਰਾ, ਖਿਆਲਾਂ, ਲਫ਼ਜ਼ਾਂ ਅਤੇ ਅਮਲਾਂ ਦੇ ਰਾਹੀਂ ।
੧੩ ਤਮਾਸ਼ੇ । ਉਹ ਸੱਚੇ ਹਰੀ ਦੇ ਐਸੇ ਪੂਰਨ ਗਿਆਨ ਵਿੱਚ ਲੀਨ ਹੋ ਜਾਂਦਾ ਹੈ ਕਿ ਜਿਸ ਵਿੱਚ ਅਕਹਿ ਰਸ ਵਾਲੇ ਅਨੰਦ ਤੇ ਖੁਸ਼ੀਆਂ ਹੁੰਦੀਆਂ ਹਨ ।
੧੪ ਨਿਰਦੁਖ ਅਵਸਥਾ ਦੇਣ ਵਾਲੇ ਹਰੀ ਵਿੱਚ ।
੧੫ ਪਕੜੀ । ਜਦੋਂ ਤੋਂ ਸ਼ਰਨ ਪਕੜੀ ਹੈ ।
੧੬ ਪੂਰਨ ਟਿਕਾਉ ਤੇ ਅਨੰਦ ।
੧੭ ਚਾਨਣਾ ।
੧੮ [ਸੰ. ਵਜਥਾ] ਪੀੜਾ, ਦੁੱਖ ।
੧੯ ਹੋਰ ।
੨੦ ਠੀਕ, ਅਸਲ । ੨੧ ਹੈ ।
੨੨ ਸਮਾਅ ਗਈ । ਹਰੀ ਦੀ ਪਰਮਾਤਮ-ਜੋਤਿ ਵਿੱਚ ਮੇਰੀ ਆਤਮ-ਜੋਤਿ ਰਲ ਗਈ ।
੨੩ ਹੇ ਜੀਭ !
੨੪ ਹੋਰ ਸੁਆਦ ।
੨੫ ਨਾਮ ਦਾ ਸੁਆਦ ।
੨੬ ਮੁੜ ਕੇ, ਫੇਰ ।
੨੭ ਇਹੋ ਬੈਕੁੰਠ ਹੈ ਕਿ ਹਰੀ ਦੇ ਚਰਨ ਧਿਆਵਾਂ।
੨੮ ਕੰਨੀਂ ।
੨੯ ਕਿਰਪਾ ।
੩੦ ਜਨਮ ਮਰਨ ਪੂਰੇ ਹੋ ਜਾਂਦੇ ਹਨ, ਭਾਵ ਮੁਕ ਜਾਂਦੇ ਹਨ ।

* ਹਰੀ ਨਾਮ ਦਾ ਵਿਹਾਰ ਸਭ ਤੋਂ ਉੱਤਮ ਹੈ ।

† ਸਨਮੁਖ ਹੋ ਕੇ ਹਰੀ ਅੱਗੇ ਆਪਣੀ ਨਿਰਬਲਤਾ ਤੇ ਹਰੀ ਦੀ ਸਮਰੱਥਾ ਦੱਸਦੇ ਹਨ ।

‡ ਇਕ ਹਰੀ ਦੀ ਸ਼ਰਨ ਲੈਣ ਵਾਲਾ ਕੋਈ ਵਡਭਾਗੀ ਹੀ ਹੁੰਦਾ ਹੈ । ਉਸ ਦੀ ਖੁਸ਼ੀ ਦਾ ਕੋਈ ਅੰਤ ਨਹੀਂ ।

§ ਸਾਨੂੰ ਗੁਰੂ ਦੀ ਕਿਰਪਾ ਨਾਲ ਭਰਮ ਦੂਰ ਹੋ ਕੇ ਐਸੀ ਨਾਮ-ਵਸਤੂ ਮਿਲ ਗਈ ਹੈ ਕਿ ਸਭ ਦੁੱਖ ਦੂਰ ਹੋ ਕੇ ਪੂਰਨ ਅਡੋਲਤਾ ਤੇ ਸ਼ਾਂਤੀ ਵਰਤ ਗਈ ਹੈ ।

¶ ਨਾਮ ਦਾ ਸਵਾਦ ਸਭ ਤੋਂ ਚੰਗਾ ਹੈ, ਇਸੇ ਵਿੱਚ ਲਗਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਜ਼ਿੰਦਗੀ ਦੋਸ਼-ਰਹਿਤ ਹੁੰਦੀ ਤੇ ਆਵਾ-ਗੌਣ ਕੱਟਿਆ ਜਾਂਦਾ ਹੈ ।

:: ਹਰੀ ਦੇ ਧਿਆਉਣ ਨਾਲ ਜਨਮ ਮਰਨ ਮੁੱਕਦਾ ਅਤੇ ਮੁਕਤੀ ਤੇ ਬੈਕੁੰਠ ਵਿਚੇ ਆ ਜਾਂਦੇ ਹਨ ।

ਮਹਲਾ ੫☼ ॥ ਧਨਵੰਤ ਨਾਮ ਕੇ ਵਣਜਾਰੇ ॥ [੧]ਸਾਂਝੀ ਕਰਹੁ ਨਾਮ ਧਨੁ
ਖਾਟਹੁ ਗੁਰ ਕਾ ਸਬਦੁ ਵੀਚਾਰੇ ॥ ੧ ॥ ਰਹਾਉ ॥ ਛੋਡਹੁ ਕਪਟੁ ਹੋਇ ਨਿਰਵੈਰਾ
ਸੋ ਪ੍ਰਭੁ ਸੰਗਿ ਨਿਹਾਰੇ[੨] ॥ ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ[੩] ਕਬਹੂ ਨ
ਆਵਹੁ ਹਾਰੇ ॥ ੧ ॥ ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ
ਭੰਡਾਰੇ ॥ ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥ ੨ ॥
੫੭ ॥ ੮੦ ॥ ਸਾਰਗ ਮਹਲਾ ੫† ॥ ਪ੍ਰਭ ਜੀ ਮੋਹਿ[੪] ਕਵਨੁ ਅਨਾਥੁ
ਬਿਚਾਰਾ ॥ [੫]ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ ॥ ੧ ॥
ਰਹਾਉ ॥ ਜੀਅ ਪ੍ਰਾਣ [੬]ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ ॥ ਸਭ
ਕੇ ਪ੍ਰੀਤਮ [੭]ਸ੍ਰਬ ਪ੍ਰਤਿਪਾਲਕ [੮]ਸਰਬ ਘਟਾਂ ਆਧਾਰਾ ॥ ੧ ॥ ਕੋਇ ਨ ਜਾਣੈ
ਤੁਮਰੀ [੯]ਗਤਿ ਮਿਤਿ ਆਪਹਿ ਏਕ ਪਸਾਰਾ ॥ ਸਾਧ ਨਾਵ[੧੦] ਬੈਠਾਵਹੁ ਨਾਨਕ
[੧੧]ਭਵ ਸਾਗਰੁ ਪਾਰਿ ਉਤਾਰਾ ॥ ੨ ॥ ੫੮ ॥ ੮੧ ॥ ਸਾਰਗ ਮਹਲਾ ੫‡ ॥
ਆਵੈ ਰਾਮ ਸਰਣਿ ਵਡਭਾਗੀ ॥ ਏਕਸ ਬਿਨੁ ਕਿਛੁ ਹੋਰੁ ਨ ਜਾਣੈ ਅਵਰਿ
ਉਪਾਵ ਤਿਆਗੀ ॥ ੧ ॥ ਰਹਾਉ ॥ [੧੨]ਮਨ ਬਚ ਕ੍ਰਮ ਆਰਾਧੈ ਹਰਿ ਹਰਿ
ਸਾਧਸੰਗਿ ਸੁਖੁ ਪਾਇਆ ॥ ਅਨਦ ਬਿਨੋਦ[੧੩] ਅਕਥ ਕਥਾ ਰਸੁ ਸਾਚੈ ਸਹਜਿ
ਸਮਾਇਆ ॥ ੧ ॥ ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥
ਸਾਧਸੰਗਿ ਨਾਨਕ ਨਿਸਤਰੀਐ ਜੋ ਰਾਤੇ [੧੪]ਪ੍ਰਭ ਨਿਰਬਾਣੀ ॥ ੨ ॥ ੫੯ ॥
੮੨ ॥ ਸਾਰਗ ਮਹਲਾ ੫§ ॥ ਜਾ ਤੇ ਸਾਧੂ ਸਰਣਿ ਗਹੀ[੧੫] ॥ ਸਾਂਤਿ ਸਹਜੁ[੧੬]
ਮਨਿ ਭਇਓ ਪ੍ਰਗਾਸਾ[੧੭] ਬਿਰਥਾ[੧੮] ਕਛੁ ਨ ਰਹੀ ॥ ੧ ॥ ਰਹਾਉ ॥ ਹੋਹੁ
ਕ੍ਰਿਪਾਲ ਨਾਮੁ ਦੇਹੁ ਅਪੁਨਾ ਬਿਨਤੀ ਏਹ ਕਹੀ ॥ ਆਨ[੧੯] ਬਿਉਹਾਰ ਬਿਸਰੇ
ਪ੍ਰਭ ਸਿਮਰਤ ਪਾਇਓ ਲਾਭੁ ਸਹੀ[੨੦] ॥ ੧ ॥ ਜਹ ਤੇ ਉਪਜਿਓ ਤਹੀ
ਸਮਾਨੋ ਸਾਈ ਬਸਤੁ ਅਹੀ[੨੧] ॥ ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ
ਜੋਤਿ ਸਮਹੀ[੨੨] ॥ ੨ ॥ ੬੦ ॥ ੮੩ ॥ ਸਾਰਗ ਮਹਲਾ ੫¶ ॥ ਰਸਨਾ[੨੩] ਰਾਮ
ਕੋ ਜਸੁ ਗਾਉ ॥ [੨੪]ਆਨ ਸੁਆਦ ਬਿਸਾਰਿ ਸਗਲੇ ਭਲੋ [੨੫]ਨਾਮ ਸੁਆਉ ॥
੧ ॥ ਰਹਾਉ ॥ ਚਰਨ ਕਮਲ ਬਸਾਇ ਹਿਰਦੈ ਏਕ ਸਿਉ ਲਿਵ
ਲਾਉ ॥ ਸਾਧਸੰਗਤਿ ਹੋਹਿ ਨਿਰਮਲੁ ਬਹੁੜਿ[੨੬] ਜੋਨਿ ਨ ਆਉ ॥ ੧ ॥
ਜੀਉ ਪ੍ਰਾਨ ਅਧਾਰੁ ਤੇਰਾ ਤੂ ਨਿਥਾਵੇ ਥਾਉ ॥ ਸਾਸਿ ਸਾਸਿ ਸਮ੍ਹਾਲਿ ਹਰਿ
ਹਰਿ ਨਾਨਕ ਸਦ ਬਲਿ ਜਾਉ ॥ ੨ ॥ ੬੧ ॥ ੮੪ ॥ ਸਾਰਗ ਮਹਲਾ ੫:: ॥
[੨੭]ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥ ਮੁਕਤਿ ਪਦਾਰਥੁ ਸਾਧੂ
ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥ ੧ ॥ ਰਹਾਉ ॥ ਊਤਮ ਕਥਾ
ਸੁਣੀਜੈ ਸ੍ਰਵਣੀ[੨੮] ਮਇਆ[੨੯] ਕਰਹੁ ਭਗਵਾਨ ॥ [੩੦]ਆਵਤ ਜਾਤ ਦੋਊ ਪਖ

੧ ਮਾਇਆ ਦੇ ਹਨੇਰੇ ਖੂਹ ਵਿਚੋਂ ।

੨ ਸੀਤਲ, ਠੰਢੀ ।

੩ ਵੇਦ ਆਦਿਕ ਨੂੰ ਖੋਜ ਕੇ ਸਾਧੂ ਜਨਾਂ ਇਹ ਗੱਲ ਲੱਭੀ ਹੈ ।

੪ ਬ੍ਰਹਮਾ ।

੫ ਤਾਮਸ ਵਿੱਚ ।

੬ ਦੂਰ ਹੋਇਆ ।

੭ ਪੁਰਾਣੇ ਜਾਂ ਨਵੇਂ ਜ਼ਮਾਨੇ ਵਿੱਚ । ਪੁਰਾਣੇ ਜ਼ਮਾਨੇ ਵਿੱਚ ਜਾਂ ਹੁਣ ਜੋ ਕੋਈ ਭੀ ਕਦੇ ਤਰਿਆ ਹੈ ਹਰੀ-ਦੇਵ ਦੀ ਭਗਤੀ ਭਾਵ ਨਾਲ ਹੀ ਤਰਿਆ ਹੈ, ਅਰਥਾਤ ਇਹ ਗ਼ਲਤ ਹੈ ਕਿ ਕਦੀ ਰੱਬ ਗਿਆਨ ਨਾਲ ਮਿਲਦਾ ਹੈ, ਕਦੀ ਤਪ ਨਾਲ, ਕਦੀ ਭਗਤੀ ਨਾਲ । ਜੇ ਮਿਲਦਾ ਹੈ ਜਾਂ ਕਦੀ ਅੱਗੇ ਭੀ ਮਿਲਿਆ ਹੈ ਤਾਂ ਕੇਵਲ ਭਗਤੀ ਨਾਲ । ਰਸਤਾ ਇਕ ਹੈ, ਦੋ ਨਹੀਂ; ਦੇਖੋ ਪੰਨਾ ੧੧੯੮, ਨੋਟ ੨੯ ।

੮ ਹੇ ਜੀਭ !

੯ ਕੱਠਾ ਕਰੋ ।

੧੦ ਵਿਭੂਤਿ=ਐਸ਼੍ਵਰਜ, ਮਾਲ ਦੌਲਤ । ਹੋਰ ਸਭ ਪ੍ਰਭਤਾ ਝੂਠੀ ਕਰ ਕੇ ਸਮਝੋ ।

੧੧ ਲਾਭ ਜ਼ਿੰਦਗੀ ਦਾ ।

੧੨ ਭੋਜਨ ।

੧੩ ਮੈਥੋਂ ਕੋਈ ਚਜ ਦੀ ਕਾਰ ਨਹੀਂ ਹੋ ਸਕਦੀ; ਸੰਤਾਂ ਨੂੰ ਮਿਲ ਕੇ ਗੋਪਾਲ ਦੀ ਸ਼ਰਨ ਪੈਣਾ ਇਹੋ ਇਕ ਆਸਰਾ ਲਿਆ ਹੈ ।

੧੪ ਕਲੰਕ, ਦੋਸ਼ । ਇਸ ਤਨ ਵਿੱਚ ਕਾਮ ਆਦਿ ਪੰਜ ਦੋਸ਼ ਵਿਕਾਰ ਰੂਪ ਹਨ ।

੧੫ ਸਾਡੀ ਕਰਣੀ ਵਿਸ਼ੇ ਤੇ ਰੋਗਾਂ ਨੂੰ ਪੈਦਾ ਕਰਨ ਵਾਲੀ ਹੈ ।

੧੬ ਆਸਾਂ ਬਹੁਤ ਹਨ, ਪਰ ਦਿਨ ਗੇਣਵੇਂ ਹਨ ਤੇ ਜਰਣੀ (ਬੁਢੇਪਾ) ਬਲ ਨੂੰ ਖਾਈ ਜਾ ਰਿਹਾ ਹੈ।

੧੭ ਹੇ ਸਾਰੇ ਦੋਸ਼ ਤੇ ਭੈ ਦੂਰ ਕਰਨ ਵਾਲੇ ।

੧੮ ਮੈਂ ਦਾਸ ਮਨ-ਮੰਗੀ ਮੁਰਾਦ ਇਹ ਚਾਹੁੰਦਾ ਹਾਂ ਕਿ ਆਪ ਦੇ ਚਰਨਾਂ ਨੂੰ ਦੇਖ-ਦੇਖ ਜੀਉਂਦਾ ਰਹਾਂ ।

੧੯ ਦਿਨ ਰਾਤ ਖੁਸ਼ੀ ਦੇ ਵਾਜੇ ਵਜਦੇ ਰਹਿਣਗੇ ।

੨੦ ਕਲੇਸ਼ ।

੨੧ ਮਰਯਾਦਾ, ਹੱਦ ਬੰਨਾ ।

੨੨ ਵਰਣਨ ਨਹੀਂ ਕਰ ਸਕਦਾ ।

੨੩ ਅਸਚਰਜ । ਸਿਰਫ ਦੇਖ-ਦੇਖ ਕੇ ਹੀ ਹੈਰਾਨ ਪਿਆ ਹੁੰਦਾ ਹੈ ।

੨੪ ਹੋਰ ਲਾਲਚਾਂ ਵਿੱਚ ।

੨੫ ਹੇ ਮੂਰਖ ।

੨੬ ਉਦਮ ਤਾਕਤ ਆਦਿ ਜੇ ਦੇਵੇਂ ਤਾਂ ਨਾਮ ਜਪਾਂ।

* ਹਰੀ-ਨਾਮ ਤੋਂ ਬਿਨਾਂ ਹਰੀ ਦੇ ਮਿਲਣ ਦਾ ਕੋਈ ਹੋਰ ਰਸਤਾ ਨਹੀਂ । ਅੱਗੇ ਭੀ ਤੇ ਹੁਣ ਭੀ ਇਕ ਭਗਤੀ ਹੀ ਸਾਧਨ ਹੈ ।

† ਹਰੀ ਨਾਮ ਤੁਲ ਕੋਈ ਮਾਲ ਧਨ ਜਾਂ ਵਡਿਆਈ ਨਹੀਂ ।

‡ ਸਾਡਾ ਸਾਰਾ ਜੀਵਨ ਔਗਣਾਂ ਨਾਲ ਭਰਿਆ ਹੋਇਆ ਹੈ, ਇਸ ਨੂੰ ਸੁਅੱਛ ਕਰ ਕੇ ਗੁਣਕਾਰੀ ਬਣਾਉਣ ਦੀ ਸਮਰੱਥਾ ਕੇਵਲ ਵਾਹਿਗੁਰੂ ਨੂੰ ਹੀ ਹੈ । ਉਸੇ ਦੀ ਸ਼ਰਨ ਲੈਣੀ ਚਾਹੀਏ ।

§ ਹਰੀ ਦੇ ਨਾਮ ਦਾ ਸ੍ਵਾਦ ਅਕਹਿ ਹੈ । ਇਸ ਦੇ ਮੁਕਾਬਲੇ 'ਤੇ ਹੋਰ ਸਾਰੇ ਰਸ ਤੁੱਛ ਹਨ ।

¶ ਮਨੁੱਖਾ ਜਨਮ ਦਾ ਮਨੋਰਥ ਹੀ ਨਾਮ ਜਪਣਾ, ਜੋ ਹਰੀ ਦੀ ਮਿਹਰ ਹੋਵੇ ਤਾਂ ਜਪਿਆ ਜਾਂਦਾ ਹੈ ।

[੧]ਅੰਧ ਕੂਪ ਤੇ ਮਾਇਆ ॥ ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥ ਸਾਰਗ ਮਹਲਾ ੫* ॥ ਹਰਿ ਕੇ ਨਾਮ ਕੀ ਗਤਿ ਠਾਂਢੀ[੨] ॥ [੩]ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥ ੧ ॥ ਰਹਾਉ ॥ ਸਿਵ ਬਿਰੰਚ[੪] ਅਰੁ ਇੰਦ੍ਰ ਲੋਕ ਤਾ ਮਹਿ[੫] ਜਲਤੌ ਫਿਰਿਆ ॥ ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ[੬] ॥ ੧ ॥ ਜੋ ਜੋ ਤਰਿਓ [੭]ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥ ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ ॥ ੨ ॥ ੫੨ ॥ ੭੫ ॥ ਸਾਰਗ ਮਹਲਾ ੫† ॥ ਜਿਹਵੇ[੮] ਅੰਮ੍ਰਿਤ ਗੁਣ ਹਰਿ ਗਾਉ ॥ ਹਰਿ ਹਰਿ ਬੋਲਿ ਕਥਾ ਸੁਨਿ ਹਰਿ ਕੀ ਉਚਰਹੁ ਪ੍ਰਭ ਕੋ ਨਾਉ ॥ ੧ ॥ ਰਹਾਉ ॥ ਰਾਮ ਨਾਮੁ ਰਤਨ ਧਨੁ ਸੰਚਹੁ[੯] ਮਨਿ ਤਨਿ ਲਾਵਹੁ ਭਾਉ ॥ ਆਨ ਬਿਭੂਤ[੧੦] ਮਿਥਿਆ ਕਰਿ ਮਾਨਹੁ ਸਾਚਾ ਇਹੈ ਸੁਆਉ[੧੧] ॥ ੧ ॥ ਜੀਅ ਪ੍ਰਾਨ ਮੁਕਤਿ ਕੋ ਦਾਤਾ ਏਕਸ ਸਿਉ ਲਿਵ ਲਾਉ ॥ ਕਹੁ ਨਾਨਕ ਤਾ ਕੀ ਸਰਣਾਈ ਦੇਤ ਸਗਲ ਅਪਿਆਉ[੧੨] ॥ ੨ ॥ ੫੩ ॥ ੭੬ ॥ ਸਾਰਗ ਮਹਲਾ ੫‡ ॥ [੧੩]ਹੋਤੀ ਨਹੀ ਕਵਨ ਕਛੁ ਕਰਣੀ ॥ ਇਹੈ ਓਟ ਪਾਈ ਮਿਲਿ ਸੰਤਹ ਗੋਪਾਲ ਏਕ ਕੀ ਸਰਣੀ ॥ ੧ ॥ ਰਹਾਉ ॥ ਪੰਚ ਦੋਖ ਛਿਦ੍ਰ[੧੪] ਇਆ ਤਨ ਮਹਿ [੧੫]ਬਿਖੈ ਬ੍ਿਆਧਿ ਕੀ ਕਰਣੀ ॥ [੧੬]ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ ॥ ੧ ॥ ਅਨਾਥਹ ਨਾਥ ਦਇਆਲ ਸੁਖ ਸਾਗਰ [੧੭]ਸਰਬ ਦੋਖ ਭੈ ਹਰਣੀ ॥ [੧੮]ਮਨਿ ਬਾਂਛਤ ਚਿਤਵਤ ਨਾਨਕ ਦਾਸ ਪੇਖਿ ਜੀਵਾ ਪ੍ਰਭ ਚਰਣੀ ॥ ੨ ॥ ੫੪ ॥ ੭੭ ॥ ਸਾਰਗ ਮਹਲਾ ੫§ ॥ ਫੀਕੇ ਹਰਿ ਕੇ ਨਾਮ ਬਿਨੁ ਸਾਦ ॥ ਅੰਮ੍ਰਿਤ ਰਸੁ ਕੀਰਤਨੁ ਹਰਿ ਗਾਈਐ [੧੯]ਅਹਿਨਿਸਿ ਪੂਰਨ ਨਾਦ ॥ ੧ ॥ ਰਹਾਉ ॥ ਸਿਮਰਤ ਸਾਂਤਿ ਮਹਾ ਸੁਖੁ ਪਾਈਐ ਮਿਟਿ ਜਾਹਿ ਸਗਲ ਬਿਖਾਦ[੨੦] ॥ ਹਰਿ ਹਰਿ ਲਾਭੁ ਸਾਧਸੰਗਿ ਪਾਈਐ ਘਰਿ ਲੈ ਆਵਹੁ ਲਾਦਿ ॥ ੧ ॥ ਸਭ ਤੇ ਊਚ ਊਚ ਤੇ ਊਚੋ ਅੰਤੁ ਨਹੀ ਮਰਜਾਦ[੨੧] ॥ [੨੨]ਬਰਨਿ ਨ ਸਾਕਉ ਨਾਨਕ ਮਹਿਮਾ ਪੇਖਿ ਰਹੇ ਬਿਸਮਾਦ[੨੩] ॥ ੨ ॥ ੫੫ ॥ ੭੮ ॥ ਸਾਰਗ ਮਹਲਾ ੫¶ ॥ ਆਇਓ ਸੁਨਨ ਪੜਨ ਕਉ ਬਾਣੀ ॥ ਨਾਮੁ ਵਿਸਾਰਿ ਲਗਹਿ [੨੪]ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥ ੧ ॥ ਰਹਾਉ ॥ ਸਮਝੁ ਅਚੇਤ [੨੫]ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ ॥ ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ ॥ ੧ ॥ [੨੬]ਉਦਮੁ ਸਕਤਿ ਸਿਆਣਪ ਤੁਮ੍ਰੀ ਦੇਹਿ ਤ ਨਾਮੁ ਵਖਾਣੀ ॥ ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ ॥ ੨ ॥ ੫੬ ॥ ੭੯ ॥ ਸਾਰਗ

੧ ਵੇਖ ਕੇ ।
੨ ਇਕ-ਸਮਾਨ ।
੩ ਉਸ ਦਾ ਸਾਰਾ ਬੋਲਣਾ ਜਾਪ ਹੀ ਹੁੰਦਾ ਹੈ; ਜੋ ਬੋਲਦਾ ਹੈ ਉਹ ਹਰੀ ਜਾਪ ਹੀ ਹੈ ।
੪ ਆਤਮ ਮੰਡਲ ਦਾ ਸੰਗੀਤ ਸੁਣ ਕੇ ਸਾੜ ਮਿਟ ਗਈ, ਠੰਢੇ ਹੋ ਕੇ ਰੱਜ ਗਏ । ਦੇਖੋ ਪੰਨਾ ੧੧੩੭, ਨੋਟ ੨੧ ।
੫ ਅਸਚਰਜ ਤੋਂ ਅਸਚਰਜ ਹੋ ਰਿਹਾ ਹੈ ।
੬ ਪੂਰਨ ਨਾਦ ਪੂਰੇ ਹਨ, ਭਾਵ ਪੂਰਨ ਖਿੜਾਉ ਪ੍ਰਾਪਤ ਹੋਇਆ ਹੈ ।
੭ ਇਸ਼ਨਾਨ ।
੮ ਪਾਪ ।
੯ ਡਰ (ਇਸਤ੍ਰੀ ਲਿੰਗ ਇਕ ਵਚਨ ਹੈ) ।
੧੦ ਪਿਆਰ ।
੧੧ ਜੀਭ ਦੁਆਰਾ ।
੧੨ ਹਰੀ ਵਿੱਚ ਪ੍ਰੇਮ ।
੧੩ [ਜਿਸ ਦੇ ਪੇਟ ਦਵਾਲੇ ਰੱਸੀ ਹੈ, ਕ੍ਰਿਸ਼ਨ] ਵਾਹਿਗੁਰੂ ।
੧੪ ਵਾਹਿਗੁਰੂ ਜਪਦਾ ਹੀ ਸੋਹਣਾ ਲਗਦਾ ਹੈ ।
੧੫ ਚਰਨ ਧੂੜੀ ।
੧੬ ਕੱਟ ਦਿੱਤੇ ।
੧੭ ਹੋਰ ।
੧੮ ਜੀਵਨ ਦਾ ਆਸਰਾ ।
੧੯ ਜੋ ਇਕੋ ਅਦ੍ਵੈਤ ਬ੍ਰਹਮ ਹੈ ।
੨੦ ਦਇਆ ਸਰੂਪ ।
੨੧ ਹੋਰ ਕਿਸ ਪਾਸੇ ਜਾਂਦੇ ਹੋ ?
੨੨ ਮਨ ਇੱਛਤ, ਮਨ ਮੰਗੇ ।
੨੩ ਬਿਨਾਂ ਦੱਸਿਆਂ ।
੨੪ [ਵਜਥਾ=ਪੀੜ, ਦਰਦ] ਦਿਲ ਦਾ ਹਾਲ ।
੨੫ ਦੇਖੋ ਪੰਨਾ ੧੧੧੨, ਨੋਟ ੩ ।

* ਗੁਰੂ ਦਾ ਧੰਨਵਾਦ ਕਰਦੇ ਹਨ, ਜਿਸ ਨੇ ਭਰਮ ਤੇ ਪਾਪ ਕੱਟ ਕੇ ਹਰੀ-ਨਾਮ ਦੀ ਪ੍ਰਾਪਤੀ ਜੋਗਾ ਬਣਾ ਦਿੱਤਾ ।

† ਹਰੀ-ਨਾਮ ਜਪਣ ਨਾਲ ਜ਼ਿੰਦਗੀ ਸੌਰਦੀ, ਸਭ ਦੁੱਖ ਦੂਰ ਹੁੰਦੇ ਤੇ ਅੰਤ ਗਤੀ ਮਿਲਦੀ ਹੈ ।

‡ ਗੁਰੂ ਦਾ ਫਿਰ ਧੰਨਵਾਦ ਕਰਦੇ ਹਨ, ਜਿਸ ਨੇ ਨਾਮ ਦੀ ਖ਼ੂਬੀ ਜ਼ਾਹਰ ਕੀਤੀ ਅਤੇ ਦੁੱਖ ਭਉ ਕੱਟ ਕੇ ਸਭ ਤੋਂ ਉੱਚੇ ਇਕੋ ਇਕ ਹਰੀ ਨਾਲ ਸੰਬੰਧ ਬਣਾ ਦਿੱਤਾ ।

§ ਇਕ ਅਦ੍ਵੈਤ ਬ੍ਰਹਮ ਦੀ ਅਰਾਧਨਾ ਵੱਲ ਪ੍ਰੇਰਦੇ ਹਨ ।

¶ ਇਕ ਅਰਾਧਨਾ ਦਾ ਨਮੂਨਾ ਦੱਸਦੇ ਹਨ ।

੧ [ਅਖਿਲ=ਸਾਰਾ] ਸਾਰੀ ਧਰਤੀ ਊਂਡੀ (ਝੁਕੀ) ਹੋਈ ਹੈ ਜਲ-ਰੂਪ ਭਾਰ ਨਾਲ । ਪਰਬਤ ਉੱਚਾ ਹੈ ਤੇ ਖਾਈ ਪਤਾਲ ਤੱਕ ਹੈ (ਬਹੁਤ ਡੂੰਘੀ ਹੈ) । ਇਥੇ ਰਸਤੇ ਦੀਆਂ ਤਿੰਨ ਮੁਸ਼ਕਲਾਂ ਦਿੱਤੀਆਂ ਹਨ; ਠਾਠਾਂ ਮਾਰਦਾ ਸਮੁੰਦਰ, ਪਹਾੜ ਦੀ ਉਚਾਈ ਅਤੇ ਖਾਈ ਦੀ ਡੂੰਘਾਈ । ਅੱਗੇ ਤੀਜੇ ਅੰਕ ਵਿੱਚ ਇਨ੍ਹਾਂ ਹੀ ਤਿੰਨਾਂ ਮੁਸ਼ਕਲਾਂ ਦਾ ਜ਼ਿਕਰ ਹੈ; 'ਨਾ ਜਲੁ ਡੂੰਗਰੁ ਨ ਊਚੀ ਧਾਰ', 'ਰਾਹੁ ਬੁਰਾ ਭੀਹਾਵਲਾ ਸਰ ਡੂੰਗਰ ਅਸਗਾਹ' (ਓਅੰਕਾਰ, ਪੰਨਾ ੯੩੬) ।

੨ (ਇਨ੍ਹਾਂ ਦੋਹਾਂ ਤੁਕਾਂ ਵਿੱਚ ਉੱਤੇ ਦੱਸੀਆਂ ਮੁਸ਼ਕਲਾਂ ਦਾ ਹੱਲ ਹੈ) । ਗੁਰ-ਸ਼ਬਦ ਦੁਆਰਾ ਸਾਗਰ ਆਰਾਮ ਵਾਲਾ ਹੋ ਜਾਂਦਾ ਹੈ ਤੇ ਹੰਕਾਰ ਦੂਰ ਕੀਤਿਆਂ ਰਸਤਾ ਖੁਲ੍ਹਾ ਹੋ ਜਾਂਦਾ ਹੈ (ਇਸ ਦਾ ਉਚਾਣ-ਨਿਚਾਣ ਦੂਰ ਹੋ ਜਾਂਦਾ ਹੈ) ।

੩ ਖੁਲ੍ਹਾ । ੪ ਚਾਨਣ ।

੫ ਆਸਰੇ ।

੬ ਗੁਰੂ ਦੇ ਭੈ ਨਾਲ ਤੇ ਉਸ ਦੇ ਦੱਸੇ ਭੇਤ ਨਾਲ।

੭ ਰਸਤਾ । ੮ ਆਸਰੇ ।

੯ ਸੁੰਦਰ । ਸੁੰਦਰ ਬਾਣੀ ਦੁਆਰਾ ਨਾਮ ਸਮ੍ਹਾਲਦਾ ਹੈ ।

੧੦ ਜੇ ਤੈਨੂੰ ਭਾਵੇ ਤਾਂ ਤੇਰਾ ਦਰ ਪਛਾਣ ਲੈਂਦਾ ਹੈ। 'ਪਿਰਾਣਿ' ਲਈ ਦੇਖੋ ਪੰਨਾ ੧੦੯੦; ਨੋਟ ੨੪।

੧੧ ਉਨ੍ਹਾਂ ਲਈ ਫਿਰ ਰਸਤੇ ਦੀਆਂ ਔਕੜਾਂ ਜਲ ਆਦਿਕ ਲੰਘਣ ਦੀ ਲੋੜ ਨਹੀਂ, ਓਹ ਆਪਣੇ ਟਿਕਾਣੇ 'ਤੇ ਅਸਥਿਰ ਹੋ ਜਾਂਦੇ ਹਨ, ਉਨ੍ਹਾਂ ਨੂੰ ਫਿਰ ਰਸਤਾ ਚਲਣਾ ਹੀ ਨਹੀਂ ਪੈਂਦਾ, ਆਵਾਗੌਣ ਦਾ ਪੈਂਡਾ ਮੁੱਕ ਗਿਆ ਹੁੰਦਾ ਹੈ ।

੧੨ ਹੋਰ ਨੂੰ ।

੧੩ ਅਗਿਆਨਤਾ ਰੂਪ ਉਥਾਰੇ ਰੋਗ ਵਿੱਚ ।

੧੪ [ਕਾਰੁਣਜ ਪ੍ਰਲਾਪ] ਕੀਰਨੇ, ਵਿਰਲਾਪ, ਤਰਲੇ।

੧੫ ਰੋਂਦਾ ਹੈ ।

੧੬ [ਪੰਕਜ=ਕਮਲ ਜਿਸ ਦੀ ਸ਼ਕਲ ਅੱਖ ਵਾਂਗ ਹੈ, ਜਿਸ ਤੋਂ ਭਾਵ ਅੱਖ ਦਾ ਫੋਰ ਹੈ] ਅੱਖ ਦੇ ਫੋਰ ਵਿੱਚ । ਦੇਖੋ ਪੰਨਾ ੬੮੬, ਨੋਟ ੧੯।

੧੭ ਮੂਰਖ ਤੇ ਅਨਾੜੀ ।

੧੮ ਮੁਕਤੀ ਮਿਲ ਜਾਂਦੀ ਹੈ ।

੧੯ ਗੁਰ-ਸ਼ਬਦ ਰੂਪ ਬੱਦਲ ਵਰ੍ਹਦਾ ਹੈ, ਤਾਂ ਮਨੁੱਖੀ ਹਿਰਦਾ ਰੂਪ ਧਰਤੀ ਸੋਹਣੀ ਹੋ ਜਾਂਦੀ ਹੈ ਅਤੇ ਹਰ ਥਾਂ ਹਰੀ ਦੀ ਜੋਤ ਸਮਾਈ ਦਿਸਦੀ ਹੈ ।

੨੦ ਮਨਮੁਖ ਦੀ ਇਹ ਨਿਸ਼ਾਨੀ ਹੈ ਕਿ ਉਸ ਦੀ ਬੁੱਧੀ ਐਸੀ ਖੋਟੀ ਹੁੰਦੀ ਹੈ ਕਿ ਉਹ ਕੱਲਰ ਵਿੱਚ ਹੀ ਬੀ ਸੁੱਟੀ ਜਾਂਦਾ ਹੈ ।

੨੧ ਪਤਾਲਾਂ ਵਿੱਚ ਵੀ ।

੨੨ [ਸੰ. ਅਵਜਯ ਆਲਯ] ਜਿਸ ਦਾ ਘਰ ਥਿਰ ਹੈ, ਵਾਹਿਗੁਰੂ ।

੨੩ ਜੰਮਣ ।

੨੪ ਖੜਾ ਹੈ । ਜੰਮਣ-ਮਰਨ, ਭੁੱਖ-ਨੀਂਦਰ ਤੇ ਕਾਲ ਸਿਰ 'ਤੇ ਖੜੇ ਹਨ ।

੨੫ ਰਸਾਂ ਦੇ ਘਰ ਹਰੀ ਦੀ ।

੨੬ ਤੂੰ ਤਾਂ ਕੰਢੇ 'ਤੇ ਭਾਵ ਲਾਂਭੇ ਬੈਠੀ ਹੈਂ । ਗੁਰ-ਸ਼ਬਦ ਦੁਆਰਾ ਪਛਾਣ ਸਕਦੀ ਹੈਂ ।

੨੭ [ਸੰ. ਆਡਿ] ਇਕ ਬਗਲੇ ਦੀ ਕਿਸਮ ਦਾ ਪੰਛੀ ਜੋ ਜਲ ਦੇ ਕੰਢੇ ਰਹਿੰਦਾ ਹੈ । ਹੇ ਜੀਵ ਰੂਪ ਆੜਿ !

੨੮ ਨਾ ਲਖੇ ਜਾਣ ਵਾਲੇ ਹਰੀ ਨੂੰ ਦਿਲ ਅੰਦਰ ਸੰਭਾਲਣਾ ਨਹੀਂ ਜਾਣਦੀ ।

੨੯ ਆਪਣੀ ਇਕ ਜਿੰਦ ਪਾਲਣ ਖ਼ਾਤਰ ਕਈ ਜੀਵ ਖਾਂਦੀ ਹੈਂ ।

੩੦ ਡੁੱਬੀ ।

੩੧ ਬਹੁਤ ਤਪਾਣਾ । ਸਾਰੇ ਜੀਵਾਂ ਨੂੰ ਤੂੰ ਬਹੁਤ ਤਪਾਇਆ ਹੈ ।

੩੨ ਸਵਾਦ ਲਾ-ਲਾ ਕੇ ਚੋਗ ਚੁਗਦੀ ਹੈਂ, ਹੇ ਅਮੋੜ!

* ਜੀਵਨ ਦਾ ਰਸਤਾ ਔਖਾ ਹੈ; ਭੁੱਖ, ਨੀਂਦਰ ਅਤੇ ਮੌਤ ਦਾ ਖਿਆਲ ਮਨੁੱਖ ਨੂੰ ਅੰਨ੍ਹਾ ਕਰ ਰੱਖਦਾ ਹੈ, ਜਿਸ ਕਰ ਕੇ ਉਹ ਰਸਤਾ ਪਛਾਣਦਾ ਹੀ ਨਹੀਂ (੧)। ਪਰ ਗੁਰ-ਸ਼ਬਦ ਦੇ ਚਾਨਣੇ ਨਾਲ ਰਸਤਾ ਦਿਸ ਪੈਂਦਾ ਹੈ (੨) ਅਤੇ ਐਸਾ ਤਾਣ ਮਿਲ ਜਾਂਦਾ ਹੈ ਕਿ ਮਨੁੱਖ ਦੁੱਖ-ਸੁਖ ਦੀ ਹਰ ਹਾਲਤ ਵਿੱਚ ਟਿਕਾਉ ਨਾਲ ਵਰਤਦਾ ਹੈ (੩) । ਇਹ ਸਮਝ ਤੇ ਤਾਣ ਕੇਵਲ ਗੁਰੂ ਤੋਂ ਮਿਲਦਾ ਹੈ; ਇਸ ਮਦਦ ਤੋਂ ਬਿਨਾਂ ਮਨੁੱਖ ਅਗਿਆਨਤਾ ਦੇ ਉਥਾਰੇ ਹੇਠਾਂ ਦੱਬਿਆ ਪਿਆ ਬਿਲਲਾਂਦਾ ਹੈ । ਪਰ ਜੇ ਗੁਰੂ ਦਾ ਸ਼ਬਦ ਪਛਾਣੇ ਤਾਂ ਇਸ ਦਬਾਉ ਹੇਠੋਂ ਨਿਕਲ ਕੇ ਆਜ਼ਾਦ ਵਿਚਰ ਸਕਦਾ ਹੈ (੪) । ਪਰ ਮੂਰਖ ਲੋਕ ਕਿਥੋਂ ਸਮਝਣ? ਕੇਵਲ ਗੁਰੂ ਦੇ ਅਨੁਸਾਰੀ ਹੀ ਇਸ ਮਦਦ ਤੋਂ ਫਾਇਦਾ ਉਠਾਂਦੇ ਹਨ (੫)। ਨਿਗੁਰੇ ਤਾਂ ਵਿਅਰਥ ਜਤਨਾਂ ਵਿੱਚ ਲੱਗੇ ਰਹਿੰਦੇ ਹਨ (੬) । ਉਨ੍ਹਾਂ ਵਿਚਾਰਿਆਂ ਦੇ ਭੀ ਕੀ ਵੱਸ ਹੈ (੭) । ਹਰੀ ਦੀ ਮਿਹਰ ਹੋਵੇ ਤਾਂ ਨਾਮ ਵਾਲਾ ਪਾਸਾ ਸੁੱਝਦਾ ਹੈ (੮) ।

† ਇਕ ਲੋਭੀ ਪੰਛੀ ਦੀ ਮਿਸਾਲ ਲੈ ਕੇ ਮਨੁੱਖ ਨੂੰ ਸਮਝਾਂਦੇ ਹਨ ਕਿ ਡੋਬਣ ਵਾਲੇ ਵਿਸ਼ੇ ਦਾ ਖਿਆਲ ਛੱਡ ਅਤੇ ਬਚਾਉਣ ਵਾਲੇ ਨਾਮ ਦਾ ਧਿਆਨ ਕਰ ।

ਫਾਥੀ ਛੂਟਹਿ ਗੁਣ ਗਿਆਨ ਬੀਚਾਰਿ ॥ ੫ ॥ ਸਤਿਗੁਰੁ ਸੇਵਿ ਤੂਟੈ ਜਮਕਾਲੁ ॥ ਹਿਰਦੈ ਸਾਚਾ ਸਬਦੁ ਸਮ੍ਹਾਲੁ ॥ ੬ ॥ ਗੁਰਮਤਿ ਸਾਚੀ ਸਬਦੁ ਹੈ ਸਾਰੁ[੧] ॥ ਹਰਿ ਕਾ ਨਾਮੁ ਰਖੈ ਉਰਿ[੨] ਧਾਰਿ ॥ ੭ ॥ ਸੇ ਦੂਖ ਆਗੈ ਜਿ ਭੋਗ ਬਿਲਾਸੇ ॥ ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ ॥ ੮ ॥ ੨ ॥ ੫ ॥

ਮਲਾਰ ਮਹਲਾ ੩ ਅਸਟਪਦੀਆ ਘਰੁ ੧ ॥ ੴ ਸਤਿਗੁਰ ਪ੍ਰਸਾਦਿ ॥

*ਕਰਮੁ[੩] ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ ਸਤਿਗੁਰੁ ਮਿਲਿਐ ਕੰਚਨੁ[੪] ਹੋਈਐ ਜਾਂ ਹਰਿ ਕੀ ਹੋਇ ਰਜਾਇ ॥ ੧ ॥ ਮਨ ਮੇਰੇ ਹਰਿ ਹਰਿ ਨਾਮਿ ਚਿਤੁ ਲਾਇ ॥ ਸਤਿਗੁਰ ਤੇ ਹਰਿ ਪਾਈਐ ਸਾਚਾ ਹਰਿ ਸਿਉ ਰਹੈ ਸਮਾਇ ॥ ੧ ॥ ਰਹਾਉ ॥ ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥ ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥ ੨ ॥ [੫]ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥ ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ[੬] ਗਵਾਇ ॥ ੩ ॥ ਗੁਰ ਪਰਸਾਦੀ [੭]ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥ ਅਚਰੁ[੮] ਚਰੈ [੯]ਬਿਬੇਕ ਬੁਧਿ ਪਾਏ [੧੦]ਪੁਰਖੈ ਪੁਰਖੁ ਮਿਲਾਇ ॥ ੪ ॥ [੧੧]ਧਾਤੁਰ ਬਾਜੀ ਸੰਸਾਰੁ ਅਚੇਤੁ[੧੨] ਹੈ ਚਲੈ ਮੂਲੁ ਗਵਾਇ ॥ ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥ ੫ ॥ ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ ਵੇਖਹੁ ਰਿਦੈ ਬੀਚਾਰਿ ॥ ਵਡਭਾਗੀ ਗੁਰੁ ਪਾਇਆ ਭਵਜਲੁ[੧੩] ਉਤਰੇ ਪਾਰਿ ॥ ੬ ॥ ਹਰਿ ਨਾਮਾਂ ਹਰਿ ਟੇਕ ਹੈ ਹਰਿ ਹਰਿ ਨਾਮੁ ਅਧਾਰੁ[੧੪] ॥ ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ [੧੫]ਪਾਵਉ ਮੋਖ ਦੁਆਰੁ ॥ ੭ ॥ ਮਸਤਕਿ [੧੬]ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ ॥ ਨਾਨਕ ਸੇ ਜਨ ਪੂਰਨ ਹੋਏ ਜਿਨ ਹਰਿ ਭਾਣਾ ਭਾਇ ॥ ੮ ॥ ੧ ॥ ਮਲਾਰ ਮਹਲਾ ੩† ॥ [੧੭]ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥ ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥ ਸਤਿਗੁਰ ਭੇਟੇ[੧੮] ਮੁਕਤਿ ਹੋਇ ਪਾਏ ਮੋਖ ਦੁਆਰੁ ॥ ੧ ॥ ਮਨ ਰੇ ਸਤਿਗੁਰੁ ਸੇਵਿ ਸਮਾਇ ॥ ਵਡੈ ਭਾਗਿ ਗੁਰੁ ਪੂਰਾ ਪਾਇਆ ਹਰਿ ਹਰਿ ਨਾਮੁ ਧਿਆਇ ॥ ੧ ॥ ਰਹਾਉ ॥ ਹਰਿ ਆਪਣੈ ਭਾਣੈ ਸ੍ਰਿਸਟਿ ਉਪਾਈ ਹਰਿ ਆਪੇ ਦੇਇ ਅਧਾਰੁ ॥ ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ ਹਰਿ ਸਿਉ ਲਾਗਾ ਪਿਆਰੁ ॥ ਹਰਿ ਕੈ ਭਾਣੈ ਸਤਿਗੁਰੁ

੧ ਸ੍ਰੇਸ਼ਟ । ਜਿਸ ਨੇ ਸੱਚੀ ਗੁਰਮਤਿ ਤੇ ਸ੍ਰੇਸ਼ਟ ਸ਼ਬਦ ਧਾਰਨ ਕੀਤਾ ਹੈ ਉਹ ਹਰੀ ਦਾ ਨਾਮ ਦਿਲ ਵਿੱਚ ਵਸਾਂਦੀ ਹੈ ।

੨ ਦਿਲ ਵਿੱਚ ।

੩ ਬਖ਼ਸ਼ਿਸ਼ ।

੪ ਸੋਨਾ, ਸ਼ੁੱਧ ।

੫ ਗੁਰੂ ਦੀ ਕਿਰਪਾ ਨਾਲ ਜੋ ਜੀਵਤ ਭਾਵ ਤੋਂ ਮਰ ਜਾਏ, ਭਾਵ ਹਉਮੈ ਛੱਡੇ ਅਤੇ ਇਉਂ ਮਰ ਕੇ ਗੁਰ-ਸ਼ਬਦ ਦੀ ਕਮਾਈ ਦਵਾਰਾ ਮੁੜ ਨਵੀਂ ਜ਼ਿੰਦਗੀ ਹਾਸਲ ਕਰੇ ।

੬ ਆਪਾ-ਭਾਵ, ਹਉਮੈ ।

੭ ਰੱਬ ਦੇ ਘਰ ਵਿੱਚ ਵਾਸਾ ਲੈਂਦਾ ਹੈ ਤੇ ਸ਼ਕਤੀ (ਮਾਇਆ) ਨੂੰ ਗਵਾ ਦਿੰਦਾ ਹੈ ।

੮ ਨਾ ਖਾਧੇ ਜਾਣ ਵਾਲੇ ਕਾਮਾਦਿਕ ।

੯ ਵਿਚਾਰ ਵਾਲੀ ਸਮਝ ।

੧੦ ਗੁਰੂ-ਪੁਰਖ ਦੁਆਰਾ ਹਰੀ-ਪੁਰਖ ਨੂੰ ਮਿਲੇ । ਪੁਰਖ=ਸਮਰੱਥ ਹਸਤੀ ।

੧੧ ਧਾਉਣ ਵਾਲੀ ਨਾਸਵੰਤ ਖੇਡ ਹੈ ।

੧੨ ਮੂਰਖ ।

੧੩ ਸੰਸਾਰ-ਸਾਗਰ ।

੧੪ ਆਸਰਾ ।

੧੫ ਤਾਂਕਿ ਮੁਕਤੀ ਪਾ ਲਵਾਂ ।

੧੬ ਮੱਥੇ 'ਤੇ ਧੁਰ ਤੋਂ ਮਾਲਕ ਨੇ ਜੋ ਹੁਕਮ ਲਿਖਿਆ।

੧੭ ਸੰਸਾਰ ਵੇਦਾਂ ਦੀ ਬਾਣੀ ਦੇ ਅੰਦਰ-ਅੰਦਰ ਚਲਦਾ ਹੈ, ਇਸ ਲਈ ਤਿੰਨਾਂ ਗੁਣਾਂ ਦਾ ਹੀ ਵਿਚਾਰ ਕਰਦਾ ਰਹਿੰਦਾ ਹੈ (ਅਗਾਹਾਂ ਲੰਘ ਕੇ ਚੌਥੇ ਪਦ ਦੀ ਗੱਲ ਨਹੀਂ ਕਰਦਾ, ਜੋ ਕੇਵਲ ਗੁਰੂ ਦੇ ਦਿੱਤੇ ਨਾਮ ਤੋਂ ਹੀ ਸਮਝੀ ਜਾ ਸਕਦੀ ਹੈ) । ਦੇਖੋ ਪੰਨਾ ੧੨੬੨, ਨੋਟ ੧੮ ।

੧੮ ਮਿਲੇ ।

* ਹਰੀ ਦਾ ਮੇਲ ਗੁਰੂ ਦੇ ਰਾਹੀਂ ਹੋ ਸਕਦਾ ਹੈ ਜੋ ਖੋਟੀ ਬੁੱਧ ਹਟਾ ਕੇ ਵਿਚਾਰ ਵਾਲੀ ਬੁਧ ਦੇਂਦਾ ਹੈ ਜਿਸ ਨਾਲ ਮਨੁੱਖ ਚਲਾਇਮਾਨ ਸੰਸਾਰ ਦੇ ਮਾਇਕ ਰਸਾਂ ਵਲੋਂ ਹਟ ਕੇ ਤੱਤ-ਵਸਤੂ ਨਾਮ ਵਿੱਚ ਦਿਲ ਲਾਂਦਾ ਹੈ।

† ਗੁਰੂ ਨੂੰ ਨਾ ਮੰਨਣ ਵਾਲਾ ਸੰਸਾਰ ਵੇਦਾਂ ਦੀ ਸਿੱਖਿਆ ਉੱਤੇ ਚਲਦਾ ਹੈ, ਜਿਨ੍ਹਾਂ ਵਿੱਚ ਕੇਵਲ ਤਿੰਨਾਂ ਗੁਣਾਂ ਵਾਲੀ ਹਾਲਤ ਦਾ ਹੀ ਜ਼ਿਕਰ ਹੁੰਦਾ ਰਹਿੰਦਾ ਹੈ । ਸਹਿਜ ਅਵਸਥਾ ਜਾਂ ਅਸਲ ਮੁਕਤੀ ਵਾਲੀ ਅਵਸਥਾ ਦਾ ਖਿਆਲ ਤਾਂ ਗੁਰੂ ਹੀ ਦੱਸ ਸਕਦਾ ਹੈ, ਜੋ ਨਾਮ ਦੀ ਪ੍ਰਾਪਤੀ ਤੋਂ ਮਿਲਦਾ ਹੈ । ਗੁਰੂ ਭੀ ਹਰੀ ਦੀ ਮਿਹਰ ਨਾਲ ਮਿਲਦਾ ਹੈ ।

ਭੇਟਿਆ ਸਭੁ ਜਨਮੁ ਸਵਾਰਣਹਾਰੁ ॥ ੨ ॥ ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ[੧] ਬੂਝੈ ਕੋਇ ॥ [੨]ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥ ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ ॥ ੩ ॥ ਸਾਚਾ ਸਾਹਿਬੁ ਮਾਹਰੋ[੩] ਸਤਿਗੁਰਿ ਦੀਆ ਦਿਖਾਇ ॥ ਅੰਮ੍ਰਿਤੁ ਵਰਸੈ ਮਨੁ ਸੰਤੋਖੀਐ ਸਚਿ[੪] ਰਹੈ ਲਿਵ ਲਾਇ ॥ ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ ॥ ੪ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ[੫] ॥ ਹਰਿ ਕਿਰਪਾ ਤੇ ਸਤਿਗੁਰੁ ਪਾਈਐ [੬]ਭੇਟੈ ਸਹਜਿ ਸੁਭਾਇ ॥ ਮਨਮੁਖ[੭] ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ ॥ ੫ ॥ ਤ੍ਰੈ ਗੁਣ ਸਭਾ ਧਾਤੁ[੮] ਹੈ ਪੜਿ ਪੜਿ ਕਰਹਿ ਵੀਚਾਰੁ ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥ ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥ ੬ ॥ ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ ਹਰਿ ਨਾਮੁ ਚਿਤਿ ਨ ਆਵਈ [੯]ਨਹ ਨਿਜ ਘਰਿ ਹੋਵੈ ਵਾਸੁ ॥ ਜਮਕਾਲੁ ਸਿਰਹੁ ਨ ਉਤਰੈ[੧੦] ਅੰਤਰਿ ਕਪਟ ਵਿਣਾਸੁ ॥ ੭ ॥ ਹਰਿ ਨਾਵੈ ਨੋ ਸਭੁ ਕੋ ਪਰਤਾਪਦਾ[੧੧] ਵਿਣੁ ਭਾਗਾਂ ਪਾਇਆ ਨ ਜਾਇ ॥ ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ ॥ ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ ॥ ੮ ॥ ੨ ॥

ਮਲਾਰ ਮਹਲਾ ੩ ਅਸਟਪਦੀ ਘਰੁ ੨ ॥ ੴ ਸਤਿਗੁਰ ਪ੍ਰਸਾਦਿ ॥

*ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥ ਦੂਖੁ ਪਲ੍ਹਰਿ[੧੨] ਹਰਿ ਨਾਮੁ ਵਸਾਏ ॥ [੧੩]ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥ ੧ ॥ ਮਨ ਮੇਰੇ [੧੪]ਹਰਿ ਹਰਿ ਸੇਵਿ ਨਿਧਾਨੁ ॥ ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ [੧੫]ਲਾਗੈ ਸਹਜਿ ਧਿਆਨੁ ॥੧ ॥ ਰਹਾਉ ॥ ਬਿਨੁ ਪਿਰ ਕਾਮਣਿ[੧੬] ਕਰੇ ਸੀਗਾਰੁ ॥ ਦੁਹਚਾਰਣੀ[੧੭] ਕਹੀਐ ਨਿਤ ਹੋਇ ਖੁਆਰੁ ॥ ਮਨਮੁਖ ਕਾ ਇਹੁ ਬਾਦਿ[੧੮] ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥ ੨ ॥ ਗੁਰਮੁਖਿ[੧] ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ [੧੯]ਉਰ ਧਾਰਿ ॥ ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ ॥ ੩ ॥ ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥ ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥ ੪ ॥ ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥ [੨੦]ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥ ੫ ॥

੧ ਗੁਰੂ ਦੀ ਮੰਨ ਕੇ ਚੱਲਣ ਵਾਲਾ ।

੨ ਸਿਫ਼ਤ-ਸਲਾਹ ।

੩ [ਮਹਰ, ਚੌਧਰੀ] ਪ੍ਰਧਾਨ, ਸਰਦਾਰ, ਮਾਲਕ ।

੪ ਸੱਚੇ (ਵਾਹਿਗੁਰੂ) ਵਿੱਚ ।

੫ ਪਰਤਾਵਾ ਕਰ ਕੇ, ਨਿਰਣਾ ਕਰ ਕੇ ।

੬ ਸੁਤੇ-ਸਿਧ ਹੀ ਮਿਲ ਪੈਂਦਾ ਹੈ ।

੭ ਗੁਰਮੁਖਾਂ ਤੋਂ ਉਲਟ, ਆਪ-ਹੁਦਰੇ ।

੮ ਮਾਇਆ । ਤ੍ਰੈ ਗੁਣਾਂ ਦਾ ਖਿਆਲ ਸਾਰਾ ਮਾਇਆ ਵਾਲਾ ਹੈ, ਜਿਸ ਨੂੰ ਲੋਕੀਂ (ਵੇਦ ਆਦਿ) ਪੁਸਤਕਾਂ ਪੜ੍ਹ-ਪੜ੍ਹ ਕੇ ਵਿਚਾਰਦੇ ਹਨ। ਦੇਖੋ ਪੰਨਾ ੧੧੧੯, ਫੁਟ ਨੋਟ ‡ ।

੯ ਨਾ ਹੀ ਆਪਣੇ ਅਸਲੀ ਘਰ (ਹਰੀ ਦੀ ਹਜ਼ੂਰੀ) ਵਿੱਚ ਵਾਸਾ ਮਿਲਦਾ ਹੈ ।

੧੦ ਅੰਦਰ ਧੋਖਾ ਹੋਣ ਕਰ ਕੇ ਨਾਸ ਨੂੰ ਪ੍ਰਾਪਤ ਹੁੰਦੇ ਹਨ ।

੧੧ ਚਾਹੁੰਦਾ, ਤਾਂਘਦਾ । 'ਸਭੁ ਨਾਵੈ ਨੋ ਪਰਤਾਪਦਾ॥' (ਸ੍ਰੀ ਰਾਗ ਮ: ੧ ਪੰਨਾ ੭੧) ।

੧੨ ਪਲ੍ਹਰਿ=ਪਰਹਰਿ, ਦੂਰ ਕਰ ਕੇ: "ਚੋਰੀ ਚੋਰ ਨਾ ਪਲਰਹਿੰ ਦੁਖ ਸਹਨਿ ਗਰਠੇ।" (ਭਾਈ ਗੁਰਦਾਸ ਵਾਰ ੨੭/੨)

੧੩ ਸੱਚੀ ਗਤੀ ਮਿਲਦੀ ਹੈ, ਸੱਚੇ ਵਿੱਚ ਚਿਤ ਲਾਉਣ ਨਾਲ, ਜਿਸ ਦੀ ਖ਼ਬਰ ਸੱਚੀ ਬਾਣੀ ਸ਼ਬਦ ਦੁਆਰਾ ਸੁਣਾਂਦੀ ਹੈ ।

੧੪ ਹਰੀ । ਹਰੀ (ਨਾਮ) ਦੀ ਪੂਜਾ ਕਰ, ਜੋ ਸੁਖਾਂ ਦਾ ਘਰ ਹੈ ।

੧੫ ਹਰ ਰੋਜ਼ । ਜਿਸ ਨਾਲ ਲਗਾਤਾਰ ਸਹਜ ਅਵਸਥਾ ਵਿੱਚ ਧਿਆਨ ਲੱਗਾ ਰਹਿੰਦਾ ਹੈ, ਭਾਵ ਮਨ ਪੂਰਨ ਅਡੋਲਤਾ ਵਿੱਚ ਟਿਕ ਜਾਂਦਾ ਹੈ ।

੧੬ ਇਸਤਰੀ ।

੧੭ ਮਾੜੇ ਆਚਾਰ ਵਾਲੀ । ੧੮ ਫ਼ਜ਼ੂਲ, ਬੁਰਾ ।

੧੯ ਦਿਲ ਵਿੱਚ ਟਿਕਾਅ ਕੇ ।

੨੦ ਸਮਝ ਵਾਲੀ ਮਤ ਹੋਵੇ ਤਾਂ ਹਿਰਦਾ ਰੂਪ ਕਮਲ ਖਿੜ ਜਾਂਦਾ ਹੈ । ਉਸ ਹਿਰਦੇ ਵਿੱਚ ਨਾਮ ਹੋਣ ਕਰ ਕੇ ਨਾਮ ਵਿੱਚ ਵਾਸਾ ਮਿਲਦਾ ਹੈ ।

* ਫ਼ਜ਼ੂਲ ਸ਼ਿੰਗਾਰ ਕਰਨ ਵਾਲੀ ਇਸਤਰੀ ਦੀ ਉਦਾਹਰਣ ਲੈ ਕੇ ਦਸਦੇ ਹਨ ਕਿ ਨਾਮ ਬਿਨਾਂ ਸਾਰੇ ਕਰਮ ਵਿਅਰਥ ਹਨ ।

[੧]ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥ ਕਹਿ ਕਹਿ ਕਹਣੁ ਆਪੁ[੨] ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥ ੬ ॥ ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ[੩] ਨਾਮਿ ਰਹੇ ਲਿਵ ਲਾਏ ॥ ਸਦ ਹੀ ਨਾਮੁ[੪] ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥ ੭ ॥ ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥ ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥ ੮ ॥ ੧ ॥ ੩ ॥ ੫ ॥ ੮ ॥

ਰਾਗੁ ਮਲਾਰ ਛੰਤ ਮਹਲਾ ੫ ॥ ੴ ਸਤਿਗੁਰ ਪ੍ਰਸਾਦਿ ॥

*ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ ॥ ਅਪਨੇ ਜਨ ਸੰਗਿ ਰਾਤੇ ॥ ਜਨ ਸੰਗਿ ਰਾਤੇ [੫]ਦਿਨਸੁ ਰਾਤੇ ਇਕ ਨਿਮਖ[੬] ਮਨਹੁ ਨ ਵੀਸਰੈ ॥ ਗੋਪਾਲ ਗੁਣ ਨਿਧਿ[੭] ਸਦਾ ਸੰਗੇ ਸਰਬ ਗੁਣ ਜਗਦੀਸਰੈ[੮] ॥ ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ ॥ ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ [੯]ਕਿਨੈ ਕੋਟਿ ਮਧੇ ਜਾਤੇ ॥ ੧ ॥ ਪ੍ਰੀਤਮ ਤੇਰੀ ਗਤਿ ਅਗਮ ਅਪਾਰੇ ॥ ਮਹਾ ਪਤਿਤ ਤੁਮ੍ ਤਾਰੇ ॥ [੧੦]ਪਤਿਤ ਪਾਵਨ [੧੧]ਭਗਤਿ ਵਛਲ [੧੨]ਕ੍ਰਿਪਾ ਸਿੰਧੁ ਸੁਆਮੀਆ ॥ ਸੰਤਸੰਗੇ ਭਜੁ ਨਿਸੰਗੇ ਰੰਉ[੧੩] ਸਦਾ ਅੰਤਰਜਾਮੀਆ ॥ ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ ॥ ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਾਰੇ[੧੪] ॥ ੨ ॥ ਹਰਿ ਚਰਨ ਕਮਲ ਮਨੁ ਲੀਨਾ ॥ ਪ੍ਰਭ ਜਲ ਜਨ ਤੇਰੇ ਮੀਨਾ[੧੫] ॥ ਜਲ ਮੀਨ ਪ੍ਰਭ ਜੀਉ ਏਕ ਤੂਹੈ ਭਿੰਨ ਆਨ[੧੬] ਨ ਜਾਨੀਐ ॥ [੧੭]ਗਹਿ ਭੁਜਾ ਲੇਵਹੁ ਨਾਮੁ ਦੇਵਹੁ [੧੮]ਤਉ ਪ੍ਰਸਾਦੀ ਮਾਨੀਐ ॥ ਭਜੁ ਸਾਧਸੰਗੇ ਏਕ ਰੰਗੇ [੧੯]ਕ੍ਰਿਪਾਲ ਗੋਬਿਦ ਦੀਨਾ ॥ ਅਨਾਥ ਨੀਚ ਸਰਣਾਇ ਨਾਨਕ ਕਰਿ ਮਇਆ[੨੦] ਅਪੁਨਾ ਕੀਨਾ ॥ ੩ ॥ [੨੧]ਆਪਸ ਕਉ ਆਪੁ ਮਿਲਾਇਆ ॥ [੨੨]ਭ੍ਰਮ ਭੰਜਨ ਹਰਿ ਰਾਇਆ[੨੩] ॥ ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ[੭] ਪਿਆਰਿਆ ॥ ਮਹਾ ਮੰਗਲ[੨੪] ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ[੨੫] ॥ ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ[੨੬] ਲਿਖਿਆ ਪਾਇਆ ॥ ਬਿਨਵੰਤਿ ਨਾਨਕ ਸਰਨਿ ਤਿਨ ਕੀ ਜਿਨ੍ੀ ਹਰਿ ਹਰਿ ਧਿਆਇਆ ॥ ੪ ॥ ੧ ॥

ਵਾਰ ਮਲਾਰ ਕੀ ਮਹਲਾ ੧

†ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥ ੴ ਸਤਿਗੁਰ ਪ੍ਰਸਾਦਿ ॥

‡ਸਲੋਕ ਮਹਲਾ ੩ ॥ ਗੁਰਿ ਮਿਲਿਐ ਮਨੁ ਰਹਸੀਐ[੨੭] ਜਿਉ ਵੁਠੈ[੨੮] ਧਰਣਿ[੨੯]

੧ ਸਭ ਲੋਕ ਹਉਮੈ ਵਿੱਚ ਭਗਤੀ ਕਰਦੇ ਹਨ ।
੨ ਆਪਣਾ ਆਪ ।
੩ ਹਰ ਰੋਜ਼ ।
੪ ਸਰਗੁਣ ਰੂਪ ਹਰੀ ਦੇਖੋ ਪੰਨਾ ੨੮੪, ਨੋਟ ੧੯।
੫ ਦਿਨ ਰਾਤ ।
੬ ਅੱਖ ਦੇ ਫੋਰ ਜਿੰਨਾ ਸਮਾਂ ।
੭ ਗੁਣਾਂ ਦਾ ਭੰਡਾਰ ।
੮ ਜਗਤ ਦੇ ਈਸ਼ਰ, ਹਰੀ ਵਿੱਚ ।
੯ ਕ੍ਰੋੜਾਂ ਵਿਚੋਂ ਕਿਸੇ ਨੇ ਜਾਣਿਆ ਹੈ ।
੧੦ ਡਿੱਗਿਆਂ ਹੋਇਆਂ (ਭਾਵ ਪਾਪੀਆਂ) ਨੂੰ ਪਵਿੱਤਰ ਕਰਨ ਵਾਲਾ ।
੧੧ ਭਗਤੀ ਭਾਵ ਨੂੰ ਪਿਆਰ ਕਰਨ ਵਾਲਾ ।
੧੨ ਕ੍ਰਿਪਾ ਦਾ ਸਮੁੰਦਰ ।
੧੩ ਸਿਮਰਾਂ ।
੧੪ ਸੰਭਾਲ ।
੧੫ ਮੱਛੀਆਂ ।
੧੬ ਹੋਰ । ਹੇ ਪ੍ਰਭੂ ! ਪਾਣੀ ਤੇ ਮੱਛੀ ਇਕ ਤੂਹੀ ਹੈਂ, ਤੈਥੋਂ ਵੱਖਰਾ ਹੋਰ ਕੁਝ ਨਹੀਂ ਜਾਣੀਦਾ ।
੧੭ ਬਾਂਹ ਫੜ ਲਓ ।
੧੮ ਤੇਰੀ ਕ੍ਰਿਪਾ ਦੁਆਰਾ ਮਾਣ ਪਾਈਦਾ ਹੈ ।
੧੯ ਦੀਨਾਂ ਉੱਤੇ ਕਿਰਪਾ ਕਰਨ ਵਾਲਾ ਗੋਪਾਲ ।
੨੦ ਕਿਰਪਾ ।
੨੧ ਆਪਣੇ ਆਪ ਨੂੰ ਆਪ ਮਿਲਾ ਦਿੱਤਾ, ਭਾਵ ਮਿਲਣ ਵਾਲਾ ਭੀ ਆਪ ਹੈ ਤੇ ਜਿਸ ਨੂੰ ਮਿਲਣਾ ਹੈ ਉਹ ਭੀ ਆਪ ਹੈ । ਮਨੁੱਖ ਕੁਝ ਨਹੀਂ; ਉਸ ਵਿੱਚ ਮਿਲਣ ਵਾਲੀ ਸ਼ਕਤੀ ਰੱਬ ਦੀ ਆਪਣੀ ਹੈ।
੨੨ ਵਹਿਮ ਤੋੜਨ ਵਾਲਾ ।
੨੩ ਰਾਜਾ ।
੨੪ ਸੁਖ, ਖੁਸ਼ੀਆਂ ।
੨੫ ਯਾਦ ਕੀਤੇ ।
੨੬ ਪਹਿਲੋਂ ਦਾ, ਧੁਰ ਦਾ ।
੨੭ ਖਿੜਦਾ ਹੈ ।
੨੮ ਵੱਸਣ ਨਾਲ ।
੨੯ ਧਰਤੀ । ਜਿਵੇਂ ਮੀਂਹ ਵੱਸਣ ਨਾਲ ਧਰਤੀ ਸ਼ਿੰਗਾਰੀ ਜਾਂਦੀ ਹੈ । ਨੋਟ : ਮਲਾਰ ਮੇਘ ਰਾਗ ਦੀ ਇਕ ਰਾਗਣੀ ਹੋਣ ਕਰ ਕੇ ਬਰਖਾ ਰੁੱਤ ਵਿੱਚ ਗਾਈ ਜਾਂਦੀ ਹੈ । ਇਸੇ ਲਈ ਇਸ ਵਿੱਚ ਬਰਖਾ ਦਾ ਬਹੁਤ ਜ਼ਿਕਰ ਆਇਆ ਹੈ ।

* ਹਰੀ ਦੀ ਸਿਫ਼ਤ ਕਰਦੇ ਹਨ ।

† (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ ਹੈ "ਰਾਣੇ ਕੈਲਾਸ਼ ਕੀ ਧੁਨਿ ਤਥਾ ਮਾਲਦੇ" ।) ਕੈਲਾਸ਼ ਦੇਉ ਤੇ ਮਾਲ ਦੇਉ ਦੋ ਸਕੇ ਭਰਾ ਜਹਾਂਗੀਰ ਪਾਤਸ਼ਾਹ ਦੇ ਬਾਜ-ਗੁਜ਼ਾਰ ਜੰਮੂ ਕਸ਼ਮੀਰ ਦੇ ਰਾਜੇ ਸਨ । ਉਨ੍ਹਾਂ ਵੱਲੋਂ ਪਾਤਸ਼ਾਹ ਨੂੰ ਖ਼ਤਰਾ ਰਹਿੰਦਾ ਸੀ, ਇਸ ਲਈ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਪਾਤਸ਼ਾਹ ਨੇ ਕਿਸੇ ਨੂੰ ਵਿੱਚ ਭੇਤੀ ਪਾ ਕੇ ਭਰਾਵਾਂ ਨੂੰ ਆਪਸ ਵਿੱਚ ਲੜਾ ਦਿੱਤਾ । ਘਮਸਾਨ ਦਾ ਜੰਗ ਹੋਇਆ, ਜਿਸ ਵਿੱਚ ਮਾਲ ਦੇਉ ਦੀ ਜਿੱਤ ਹੋਈ ਤੇ ਕੈਲਾਸ਼ ਦੇਉ ਕੈਦ ਹੋ ਗਿਆ। ਪਰ ਮਾਲਦੇਵ ਨੇ ਹਾਰੇ ਹੋਏ ਭਰਾ ਨਾਲ ਉਵੇਂ ਸਲੂਕ ਕੀਤਾ । ਜਿਵੇਂ ਸਿਕੰਦਰ ਨੇ ਪੋਰਸ ਨਾਲ; ਭਾਵ ਉਸ ਨੂੰ ਅੱਧਾ ਰਾਜ-ਭਾਗ ਵਾਪਸ ਦੇ ਦਿੱਤਾ । ਢਾਡੀਆਂ ਨੇ ਇਸ ਜੰਗ ਦੀ ਵਾਰ ਪੰਜਾਬੀ ਵਿੱਚ ਆਖੀ, ਜਿਸ ਦੀ ਧਾਰਨਾ 'ਤੇ ਇਹ ਵਾਰ ਗਾਉਣੀ ਲਿਖੀ ਹੈ ।

ਨਮੂਨਾ ਵਾਰ ਦੀ ਪਉੜੀ ਦਾ :-

ਧਰਤ ਘੋੜਾ, ਪਰਬਤ ਪਲਾਣ, ਸਿਰ ਟੱਟਰ ਅੰਬਰ । ਨੌਂ ਸੈ ਨਦੀ ਨੜਿੰਨਵੇਂ ਰਾਣਾ ਜਲ ਕੰਬਰ। ਢੁੱਕਾ ਰਾਏ ਅਮੀਰ ਦੇਵ ਕਰ ਮੇਘ ਅਡੰਬਰ । ਆਣਿਤ ਖੰਡਾ ਰਾਣਿਆ ਕੈਲਾਸ਼ੇ ਅੰਦਰ । ਬਿਜਲੀ ਜਿਉਂ ਚਮਕਾਣੀਆਂ ਤੇਗਾਂ ਵਿੱਚ ਅੰਬਰ । ਮਾਲ ਦੇਉ ਕੈਲਾਸ਼ ਨੂੰ ਬਧਾ ਕਰ ਸੰਬਰ । ਫਿਰ ਅਧਾ ਧਨ ਮਾਲ ਦੇ ਛਡਿਆ ਗੜ੍ਹ ਅੰਦਰ । ਮਾਲ ਦੇਉ ਜਸ ਖਟਿਆ ਵਾਂਗ ਸ਼ਾਹ ਸਿਕੰਦਰ ।

‡ **ਸਮੁੱਚਾ ਭਾਵ :- ਸ਼ਲੋਕ** : ਗੁਰਮੁਖ ਲੋਕ ਗੁਰੂ ਨੂੰ ਮੰਨ ਕੇ ਸੁਖੀ ਹੁੰਦੇ ਹਨ ਅਤੇ ਮਨਮੁਖ ਵਿਛੜੇ ਰਹਿ ਕੇ ਦੁਖੀ ਹੁੰਦੇ ਹਨ । ਗੁਰਮੁਖਾਂ ਨੂੰ ਸਭ ਸ੍ਰਿਸ਼ਟੀ ਦੀ ਅਸਲੀਅਤ (ਹਰੀ ਨੂੰ) ਪਛਾਣ ਕੇ ਉਸ ਨਾਲ ਮਿਲੇ ਰਹਿਣ ਦੀ ਜਾਚ ਆ ਜਾਂਦੀ ਹੈ (੧) । ਹਰੀ ਇਕ ਹੈ ਅਤੇ ਉਸ ਸੱਚੇ ਵੱਲ ਲਿਜਾਣ ਵਾਲਾ ਰਸਤਾ (ਭਾਵ ਨਾਮ-ਸਿਮਰਨ) ਭੀ ਇਕ ਹੈ, ਜੋ ਗੁਰੂ ਤੋਂ ਲੱਭਦਾ ਹੈ (੨) । **ਪਉੜੀ** : ਸਾਰੀ ਸ੍ਰਿਸ਼ਟੀ ਵਿੱਚ ਮੂਲ ਰੂਪ ਇਕੋ ਹਰੀ ਦੀ ਹਸਤੀ ਹੈ । ਹੋਰ ਸਭ ਆਵਣ-ਜਾਵਣੀ ਹੈ ।

ਸੀਗਾਰੁ ॥ ਸਭ ਦਿਸੈ ਹਰੀਆਵਲੀ ਸਰ ਭਰੇ [੧]ਸੁਭਰ ਤਾਲ ॥ [੨]ਅੰਦਰੁ ਰਚੈ
ਸਚ ਰੰਗਿ ਜਿਉ ਮੰਜੀਠੈ ਲਾਲੁ ॥ [੩]ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ
ਨਿਹਾਲੁ ॥ [੪]ਮਨਮੁਖ ਦੂਜੀ ਤਰਫ ਹੈ ਵੇਖਹੁ [੫]ਨਦਰਿ ਨਿਹਾਲਿ ॥ ਫਾਹੀ ਫਾਥੇ
ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥ ਖੁਧਿਆ[੬] ਤ੍ਰਿਸਨਾ ਨਿੰਦਾ ਬੁਰੀ ਕਾਮੁ
ਕ੍ਰੋਧੁ ਵਿਕਰਾਲੁ[੭] ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ
ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ [੮]ਆਲ ਜੰਜਾਲੁ ॥ [੯]ਮੂਲੁ ਰਹੈ ਗੁਰੁ
ਸੇਵਿਐ ਗੁਰ ਪਉੜੀ ਬੋਹਿਥੁ ॥ ਨਾਨਕ [੧੦]ਲਗੀ ਤਤੁ ਲੈ ਤੂੰ ਸਚਾ ਮਨਿ
ਸਚੁ ॥ ੧ ॥ ਮਹਲਾ ੧ ॥ ਹੇਕੋ ਪਾਧਰੁ[੧੧] ਹੇਕੁ ਦਰੁ [੧੨]ਗੁਰ ਪਉੜੀ ਨਿਜ
ਥਾਨੁ ॥ ਰੂੜਉ[੧੩] ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥ ੨ ॥ ਪਉੜੀ ॥
ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ[੧੪] ਧਰਤਿ ਵਿਛੋੜਿ
ਚੰਦੋਆ[੧੫] ਤਾਣਿਆ ॥ ਵਿਣੁ ਥੰਮ੍ਾ ਗਗਨੁ[੧੬] ਰਹਾਇ [੧੭]ਸਬਦੁ ਨੀਸਾਣਿਆ ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ
ਵਿਡਾਣਿਆ[੧੮] ॥ [੧੯]ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ
ਅਵਰੁ ਨ ਕੋਇ [੨੦]ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ
ਆਵਣ ਜਾਣਿਆ ॥ ੧ ॥ ਸਲੋਕ ਮਃ ੧* ॥ ਨਾਨਕ ਸਾਵਣਿ ਜੇ ਵਸੈ [੨੧]ਚਹੁ
ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧ ॥
ਮਃ ੧ ॥ ਨਾਨਕ ਸਾਵਣਿ ਜੇ ਵਸੈ [੨੨]ਚਹੁ ਵੇਛੋੜਾ ਹੋਇ ॥ ਗਾਈ ਪੁਤਾ
ਨਿਰਧਨਾ ਪੰਥੀ ਚਾਕਰੁ ਹੋਇ ॥ ੨ ॥ ਪਉੜੀ ॥ ਤੂ ਸਚਾ ਸਚਿਆਰੁ ਜਿਨਿ
ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ[੨੩] ਛਪਾਇਆ ॥ ਬ੍ਰਹਮੈ ਵਡਾ
ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ[੨੪] ॥
ਨਾ ਤਿਸੁ ਰੂਪੁ ਨ ਰੇਖ [੨੫]ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ [੨੬]ਰਜਾ
ਧਾਇਆ ॥ [੨੭]ਗੁਰ ਮਹਿ ਆਪੁ ਸਮੋਇ ਸਬਦੁ[੨੮] ਵਰਤਾਇਆ ॥ [੨੯]ਸਚੇ ਹੀ
ਪਤੀਆਇ ਸਚਿ ਸਮਾਇਆ ॥ ੨ ॥ ਸਲੋਕ ਮਃ ੧† ॥ ਵੈਦੁ ਬੁਲਾਇਆ
ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ[੩੦] ਕਲੇਜੇ
ਮਾਹਿ ॥੧ ॥ ਮਃ ੨ ॥ ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ ਐਸਾ
ਦਾਰੂ ਲੋੜਿ ਲਹੁ ਜਿਤੁ [੩੧]ਵੰਞੈ ਰੋਗਾ ਘਾਣਿ ॥ ਜਿਤੁ ਦਾਰੂ ਰੋਗ ਉਠਿਅਹਿ[੩੨]
ਤਨਿ ਸੁਖੁ ਵਸੈ ਆਇ ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥
੨ ॥ ਪਉੜੀ ॥ ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ [੩੩]ਬ੍ਰਹਮੇ
ਦਿਤੇ ਬੇਦ ਪੂਜਾ ਲਾਇਆ ॥ [੩੪]ਦਸ ਅਵਤਾਰੀ ਰਾਮੁ ਰਾਜਾ ਆਇਆ ॥
ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥ ਈਸ ਮਹੇਸੁਰੁ ਸੇਵ ਤਿਨੀ੍ ਅੰਤੁ ਨ

੧ ਨਕਾ-ਨੱਕ ਭਰੇ ਤਲਾਅ ।

੨ ਅੰਦਰਾ (ਭਾਵ ਦਿਲ) ਸੱਚ ਦੇ ਪਿਆਰ ਵਿੱਚ ਰਚ ਜਾਂਦਾ ਹੈ ਅਤੇ ਮਜੀਠ ਵਾਂਗੂ ਲਾਲ ਹੋ ਜਾਂਦਾ ਹੈ। ਦੇਖੋ ਪੰਨਾ ੭੨੯, ਨੋਟ ੧੫ ।

੩ ਹਿਰਦਾ ਰੂਪ ਕੰਵਲ ਖਿੜਦਾ ਹੈ ।

੪ ਨੀਝ ਲਾ ਕੇ ਦੇਖ ਲੌ ਆਪ-ਹੁਦਰਾ ਉੱਪਰ ਦੱਸੇ ਪਾਸੇ ਨਹੀਂ ਜਾਂਦਾ, ਉਲਟੇ ਪਾਸੇ ਜਾਂਦਾ ਹੈ।

੫ ਨਜ਼ਰ ਨਾਲ ਵੇਖ ਕੇ ।

੬ ਭੁੱਖ । ਭੁੱਖ ਤੇਹ (ਭਾਵ ਲੋਭ ਮੋਹ) ਨਿੰਦਾ ਬੁਰੀਆਂ ਚੀਜ਼ਾਂ ਹਨ ਅਤੇ ਕਾਮ, ਕ੍ਰੋਧ ਡਰਾਉਣੇ ਹਨ। ਪਰ ਮਨਮੁਖ ਆਪਣੀਆਂ ਸਾਧਾਰਨ ਅੱਖਾਂ ਨਾਲ ਇਹ ਔਗੁਣ ਨਹੀਂ ਦੇਖ ਸਕਦਾ ਕਿਉਂਕਿ ਉਹ ਗੁਰ-ਸ਼ਬਦ ਨੂੰ ਨਹੀਂ ਵਿਚਾਰਦਾ, ਜੇ ਗੁਰੂ ਦੀ ਮਤਿ ਲਵੇ ਤਾਂ 'ਇਨੀ ਨੇਤ੍ਰੀ ਜਗਤੁ ਨਿਹਾਲਿਆ', ਭਾਵ ਇਨ੍ਹਾਂ ਸਾਧਾਰਨ ਅੱਖਾਂ ਨਾਲ ਹੀ ਜਗਤ ਦੀ ਅਸਲੀਅਤ ਪਛਾਣ ਲੈਂਦਾ ਹੈ ।

੭ ਡਰਾਉਣਾ ।

੮ ਘਰ ਦੇ ਜੰਜਾਲ ।

੯ ਜੜ੍ਹ ਪੱਕੀ ਹੋ ਜਾਂਦੀ ਹੈ । ਦੇਖੋ ਪੰਨਾ ੬੪੧, ਨੋਟ ੧੧ ।

੧੦ ਜੋ ਉਸ ਵੱਲ ਲੱਗੀ ਹੈ, ਉਹ ਹਰੀ ਤੱਤ ਨੂੰ ਲੈਂਦੀ ਹੈ ।

੧੧ ਰਸਤਾ ।

੧੨ ਸ੍ਵੈ-ਸਰੂਪ ਨੂੰ ਅਪੜਨ ਲਈ ਗੁਰੂ ਪੌੜੀ ਹੈ ।

੧੩ ਸੁੰਦਰ ।

੧੪ ਆਕਾਸ਼ ।

੧੫ ਆਕਾਸ਼ ਦੀ ਚਾਨਣੀ ।

੧੬ ਅਸਮਾਨ ।

੧੭ ਸ਼ਬਦ (ਹੁਕਮ) ਨੂੰ ਪ੍ਰਗਟ ਕਰ ਕੇ, ਭਾਵ ਹੁਕਮ ਨਾਲ ।

੧੮ ਅਸਚਰਜ ।

੧੯ ਤੀਰਥਾਂ ਉੱਤੇ, ਜਿਥੇ ਧਰਮ ਦੀਆਂ ਵਿਚਾਰਾਂ ਹੁੰਦੀਆਂ ਹਨ, ਪੁਰਬਾਂ ਦਾ ਨ੍ਹਾਉਣਾ ਬਣਾਇਆ।

੨੦ ਕੀ ਆਖ ਕੇ ਬਿਆਨ ਕਰੀਏ ?

੨੧ ਇਨ੍ਹਾਂ ਚੌਹਾਂ ਨੂੰ ਖੁਸ਼ੀਆਂ ਹੁੰਦੀਆਂ ਹਨ: ਨਾਗਾਂ, ਹਿਰਨਾਂ, ਮੱਛੀਆਂ ਤੇ ਭੋਗੀਆਂ ਨੂੰ, ਜਿਨ੍ਹਾਂ ਦੇ ਘਰ ਮਾਇਆ ਹੋਵੇ ।

੨੨ ਇਨ੍ਹਾਂ ਚੌਹਾਂ ਨੂੰ ਸੁਖ ਤੋਂ ਵਿਛੋੜਾ ਹੁੰਦਾ ਹੈ (੧) ਗਾਵਾਂ ਦੇ ਪੁੱਤਾਂ (ਵੱਛਿਆਂ) ਨੂੰ ਜਿਨ੍ਹਾਂ ਦੀਆਂ ਮਾਵਾਂ ਬਾਹਰ ਚਰਨ ਤੁਰ ਜਾਂਦੀਆਂ ਹਨ; (੨) ਗਰੀਬਾਂ ਨੂੰ ਜਿਨ੍ਹਾਂ ਨੂੰ ਮੀਂਹ ਹੋਣ ਕਰ ਕੇ ਮਜ਼ੂਰੀ ਨਹੀਂ ਲੱਭਦੀ; (੩) ਰਾਹੀਆਂ ਨੂੰ ਜਿਨ੍ਹਾਂ ਦਾ ਰਸਤਾ ਪਾਣੀ ਕਰ ਕੇ ਰੁਕ ਜਾਂਦਾ ਹੈ; (੪) ਨੌਕਰਾਂ ਨੂੰ ਜਿਨ੍ਹਾਂ ਨੂੰ ਮੀਂਹ ਦੀ ਘਚਲ-ਘਚਲ ਵਿੱਚ ਵੀ ਕੰਮ ਕਰਨਾ ਪੈਂਦਾ ਹੈ ।

੨੩ ਬ੍ਰਹਮਾ ਕੰਵਲ ਵਿਚੋਂ ਪੈਦਾ ਹੋਇਆ ਮੰਨਿਆਂ ਗਿਆ ਹੈ; ਇਸ ਲਈ ਕੰਵਲ ਤੋਂ ਭਾਵ ਹੈ ਸਭ ਦਾ ਮੁੱਢ।

੨੪ ਪੈਦਾ ਕੀਤਾ ।

੨੫ ਨਾ ਸਾਰਿਆਂ ਵਰਨਾਂ ਵਿਚੋਂ ਉਸ ਦਾ ਕੋਈ ਵਰਨ ਹੈ ।

੨੬ ਰੱਜਿਆ ਹੋਇਆ ਪਿਆ ਭੱਜਦਾ ਹੈ ਆਪਣੇ ਕੰਮ ਉੱਤੇ ।

੨੭ ਹਰੀ ਨੇ ਆਪਣਾ ਆਪ ਗੁਰੂ ਵਿੱਚ ਸਮਾਇਆ ਹੈ।

੨੮ ਹੁਕਮ ।

੨੯ ਸੱਚੇ ਹਰੀ ਦੁਆਰਾ ਗੁਰੂ ਪਤੀਜਦਾ ਹੈ ਤੇ ਸੱਚ ਵਿੱਚ ਸਮਾਇਆ ਹੈ ।

੩੦ ਦੁੱਖ ।

੩੧ ਦੂਰ ਹੋਣ ਰੋਗਾਂ ਦੇ ਸਮੂਹ ।

੩੨ ਉਠ ਜਾਣ; ਭਾਵ ਦੂਰ ਹੋਣ ।

੩੩ ਬ੍ਰਹਮੇ ਨੂੰ ਹਰੀ ਨੇ ਵੇਦ ਦਿੱਤੇ ਤੇ ਪੂਜਾ ਦੇ ਕੰਮ ਵਿੱਚ ਲਾ ਦਿੱਤਾ ।

੩੪ ਦਸਾਂ ਅਵਤਾਰਾਂ ਵਿੱਚ ਵਰਤਦਾ ਇਕ ਰਾਮ ਚੰਦਰ (ਵਿਸ਼ਨੂੰ) ਵੀ ਹੋਇਆ ਹੈ, ਜਿਸ ਨੇ ਭੱਜ ਕੇ ਸਾਰੇ ਦੈਂਤਾਂ ਨੂੰ ਸੰਘਾਰਿਆ । ਇਹ ਸਭ ਕੁਝ ਹਰੀ ਦੇ ਹੁਕਮ ਵਿੱਚ ਹੋਇਆ । ਈਸ਼ ਮਹੇਸ਼ਰ ਆਦਿ ਜੋ ਯਾਰ੍ਹਾਂ ਕਿਸਮ ਦੇ ਸ਼ਿਵ (ਰੁਦ੍ਰ) ਹਨ, ਉਨ੍ਹਾਂ ਭੀ ਉਹਦ ਅੰਤ ਨਹੀਂ ਪਾਇਆ ।

* **ਸ਼ਲੋਕ** : ਗੁਰੂ ਤਾਂ ਉਪਦੇਸ਼ ਰੂਪ ਮੀਂਹ ਵਰਸਾਈ ਜਾਂਦਾ ਹੈ, ਪਰ ਕਈ ਤਾਂ ਇਸ ਉਪਦੇਸ਼ ਦੁਆਰਾ ਖੁਸ਼ ਹੋ ਕੇ ਆਣ ਮਿਲਦੇ ਹਨ, ਉਹ ਗੁਰਮੁਖਿ ਹਨ ਅਤੇ ਕਈ ਦੁਖੀ ਹੋ ਕੇ ਪਰੇ ਹਟ ਜਾਂਦੇ ਹਨ, ਉਹ ਮਨਮੁਖ ਹਨ । **ਪਉੜੀ** : ਸੱਚੀ ਸ਼ਾਂਤੀ (ਪਤਿਆਉਣਾ) ਗੁਰਮੁਖਿ ਹੋਣ, ਭਾਵ ਗੁਰੂ ਅਤੇ ਉਸ ਦੇ ਸ਼ਬਦ ਨੂੰ ਮੰਨਣ ਵਿੱਚ ਹੈ, ਕਿਉਂਕਿ ਹਰੀ ਆਪ ਤਾਂ ਅਗੰਮ ਹਸਤੀ ਹੈ, ਜਿਸ ਨੂੰ ਵੱਡੇ-ਵੱਡੇ ਅਵਤਾਰ ਨਹੀਂ ਪਾ ਸਕੇ । ਜੇਕਰ ਮਿਲ ਸਕਦੇ ਹਾਂ ਤਾਂ ਉਸ ਦੇ ਰੂਪ ਨੂੰ, ਜਿਸ ਦੇ ਅੰਦਰ ਉਸ ਨੇ ਆਪਣਾ ਆਪ ਰੱਖਿਆ ਹੈ ।

† ਇਹ ਪਹਿਲਾ ਸ਼ਲੋਕ ਗੁਰੂ ਨਾਨਕ ਸਾਹਿਬ ਨੇ ਇਕ ਵੇਰ ਬਚਪਨ ਵਿੱਚ ਉਚਾਰਿਆ, ਜਦ ਗੁਰੂ ਜੀ ਹਰੀ ਦੇ ਪ੍ਰੇਮ ਵਿੱਚ ਅਤਿ ਵਿਆਕੁਲ ਹੋ ਕੇ ਦੁਨੀਆਂ ਨੂੰ ਬਿਮਾਰ ਦਿਸਣ ਲੱਗ ਪਏ ਸਨ । ਉਸ ਵੇਲੇ ਜਿਹੜਾ ਹਕੀਮ ਬੁਲਾਇਆ ਗਿਆ, ਉਸ ਪ੍ਰਤੀ ਉਪਦੇਸ਼ ਹੈ । ਸਮੁੱਚਾ ਭਾਵ : **ਸ਼ਲੋਕ** ; ਕਈ ਆਪੇ ਆਗੂ ਬਣੇ ਰਹਿੰਦੇ ਹਨ ਅਤੇ ਲੋਕਾਂ ਨੂੰ ਉਪਦੇਸ਼ ਦੇ ਕੇ ਆਪਣੇ ਵੱਲ ਪਏ ਖਿੱਚਦੇ ਹਨ । **ਪਉੜੀ** : ਪਰ ਅਸਲ ਵਿੱਚ ਤਾਂ ਵੱਡੇ-ਵੱਡੇ ਅਵਤਾਰਾਂ ਨੂੰ ਭੀ ਹਰੀ ਦਾ ਭੇਦ ਨਹੀਂ ਲੱਭਾ ਅਤੇ ਨਾ ਉਹ ਸੱਚੀ ਕੀਮਤ ਪਾ ਸਕੇ ਹਨ, ਭਾਵ ਉਨ੍ਹਾਂ ਨੂੰ ਸੱਚ ਦੀ ਪੂਰੀ ਪਰਖ ਨਹੀਂ ਸੀ ਕਿ ਪ੍ਰਮਾਤਮਾ ਸਰੀਰਕ ਦੁਨੀਆਂ ਵਿੱਚ ਹੁਕਮ ਰੂਪ ਵਿਚਰਦਾ ਹੋਇਆ ਕਿਸੇ ਇਕ ਮਨੁੱਖ ਦਾ ਰੂਪ ਨਹੀਂ ਧਾਰ ਸਕਦਾ, ਆਦਿ । ਉਹ ਤਾਂ ਹਰ ਇਕ ਦੇ ਅੰਦਰ ਤਖ਼ਤ ਰਚਾ ਕੇ ਧਰਮ ਰਾਜ (ਕੀਮਤਾਂ ਪਾਉਣ ਵਾਲਾ ਜੱਜ) ਹੋ ਕੇ ਬੈਠਾ ਕਰਮ ਕਰਾ ਰਿਹਾ ਹੈ। 'ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ।' (ਮ: ੩ ਵਾਰ ਮਾਰੂ, ਪੰਨਾ ੧੦੯੨)

ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥ ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ[੧] ਕਰਾਏ ਕਰਮ ਧੁਰਹੁ ਫੁਰਮਾਇਆ ॥ ੩ ॥ ਸਲੋਕ ਮਃ ੨* ॥ ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥ ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ ॥ ੧ ॥ ਮਃ ੨ ॥ ਸਾਵਣੁ ਆਇਆ ਹੇ ਸਖੀ ਜਲਹਰੁ[੨] ਬਰਸਨਹਾਰੁ ॥ ਨਾਨਕ [੩]ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ ॥ ੨ ॥ ਪਉੜੀ ॥ ਆਪੇ ਛਿੰਝ ਪਵਾਇ [੪]ਮਲਾਖਾੜਾ ਰਚਿਆ ॥ ਲਥੇ ਭੜਥੂ[੫] ਪਾਇ ਗੁਰਮੁਖਿ ਮਚਿਆ[੬] ॥ ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥ ਆਪਿ ਭਿੜੈ[੭] ਮਾਰੇ ਆਪਿ ਆਪਿ ਕਾਰਜੁ ਰਚਿਆ ॥ ਸਭਨਾ ਖਸਮੁ ਏਕੁ ਹੈ ਗੁਰਮੁਖਿ[੮] ਜਾਣੀਐ ॥ ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ[੯] ॥ ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ[੧੦] ॥ ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥ ੪ ॥ ਸਲੋਕ ਮਃ ੩† ॥ [੧੧]ਊਂਨਵਿ ਊਂਨਵਿ ਆਇਆ [੧੨]ਅਵਰਿ ਕਰੇਂਦਾ ਵੰਨ ॥ ਕਿਆ ਜਾਣਾ ਤਿਸੁ ਸਾਹ ਸਿਉ [੧੩]ਕੇਵ ਰਹਸੀ ਰੰਗੁ ॥ ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ ॥ ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥ ੧ ॥ ਮਃ ੩ ॥ [੧੧]ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ[੧੪] ॥ ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ[੧੫] ॥੨॥ ਪਉੜੀ ॥ [੧੬]ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ[੧੭] ਘਤਿਆ ॥ [੧੮]ਪਰਵਿਰਤਿ ਨਿਰਵਿਰਤਿ ਹਾਠਾ[੧੯] ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ[੨੦] ॥ ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥ ਗੁਰਮਤੀ ਸਬਦਿ ਸੂਰ[੨੧] ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥ ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ[੨੨] ॥ ੫ ॥ ਸਲੋਕ ਮਃ ੩‡ ॥ [੧੧]ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ[੨੩] ॥ ੧ ॥ ਮਃ ੩ ॥ ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥ ਜਿਨਿ ਏਹੁ ਮੇਘੁ ਪਠਾਇਆ[੨੪] ਤਿਸੁ ਰਾਖਹੁ ਮਨ ਮਾਂਹਿ ॥ ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥ ਨਾਨਕ [੨੫]ਨਦਰੀ ਬਾਹਰੀ ਸਭ [੨੬]ਕਰਣ ਪਲਾਹ ਕਰੇਇ ॥ ੨ ॥ ਪਉੜੀ ॥ ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ[੨੭] ॥ ਆਡਾਣੇ[੨੮] ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥ ਆਪੇ ਜਗਤੁ ਉਪਾਇ ਕੈ

੧ ਮੁਨਸਿਫ਼ ਹੋ ਕੇ ਆਪ ਹਰੀ ।
੨ [ਜਲਧਰ] ਬੱਦਲ ।
੩ ਸੁਖ ਨਾਲ ਪਈਆਂ ਸੌਣ ।
੪ ਮਲ+ਅਖਾੜਾ, ਮੱਲਾਂ ਦਾ ਅਖਾੜਾ, ਪਹਿਲਵਾਨਾਂ ਦਾ ਅਖਾੜਾ, ਜੀਵਾਂ ਦਾ ਜਗਤ ।
੫ ਰੌਲਾ ।
੬ ਪ੍ਰਸੰਨ ਹੋਏ । ਗੁਰੂ ਦੇ ਅਨੁਸਾਰੀ ਖ਼ੁਸ਼ ਹੋਏ ।
੭ ਘੋਲ ਕਰਦਾ ਹੈ ।
੮ ਗੁਰੂ ਦੁਆਰਾ ।
੯ ਦਵਾਤ ਤੋਂ ।
੧੦ ਬਿਆਨ ਕੀਤੇ ਜਾਂਦੇ ਹਨ ।
੧੧ ਝੁਕ ਝੁਕ ਕੇ ਆਇਆ ਹੈ ।
੧੨ ਹੋਰ ਹੋਰ ਰੰਗ ਕਰਦਾ, ਤਰ੍ਹਾਂ-ਤਰ੍ਹਾਂ ਦੇ ਰੰਗ ਵਟਾਂਦਾ ।
੧੩ ਕਿਵੇਂ ਮੇਰੀ ਪ੍ਰੀਤ ਉਸ ਹਰੀ ਨਾਲ ਰਹੇਗੀ ?
੧੪ [ਨਿਸ ਪੰਕ, ਚਿੱਕੜ ਬਿਨਾਂ] ਸਾਫ ।
੧੫ ਤੋਟ ।
੧੬ ਸੰਸਾਰੀ ਤੇ ਤਿਆਗ ਵਾਲੇ ਪਾਸੇ ਬਣਾ ਕੇ ਹਰੀ ਆਪ ਉਨ੍ਹਾਂ ਵਿੱਚ ਸਾਂਝਾ ਵਰਤਦਾ ਹੈ (ਇਸ ਲਈ ਇਨ੍ਹਾਂ ਵਿੱਚ ਝਗੜਾ ਤਾਂ ਨਹੀਂ ਹੋਣਾ ਚਾਹੀਦਾ), ਪਰ ਵੇਦ ਬਾਣੀ ਦੇ ਖ਼ਿਆਲ ਚਲਾ ਕੇ ਇਨ੍ਹਾਂ ਦੇ ਵਿਚਕਾਹੇ ਝਗੜਾ ਪਾ ਦਿੱਤਾ ਹੈ ।
੧੭ ਝਗੜਾ ।
੧੮ ਸੰਸਾਰੀ ਤੇ ਤਿਆਗੀ ਦੋਵੇਂ ਧਿਰਾਂ ।
੧੯ ਤਰਫਾਂ, ਪਾਸੇ ।
੨੦ ਰਹਿਬਰ, ਵਕੀਲ ।
੨੧ ਸੂਰਮੇ ।
੨੨ ਵਾਰਨੇ, ਸਦਕੇ ।
੨੩ ਰੰਗ ਰਲੀਆਂ । ੨੪ ਭੇਜਿਆ ।
੨੫ ਜੋ ਹਰੀ ਦੀ ਮਿਹਰ ਤੋਂ ਵਾਂਝੇ ਹਨ, ਓਹ ਸਾਰੇ ਵਿਰਲਾਪ ਕਰਦੇ ਰਹਿੰਦੇ ਹਨ ।
੨੬ [ਕਾਰੁਣਜ ਪ੍ਰਲਾਪ] ਤਰਲੇ, ਕੀਰਨੇ ।
੨੭ ਦੇਰ ।
੨੮ ਤਣੇ ਹੋਏ ।

* **ਸ਼ਲੋਕ** : ਮਨਮੁਖ ਝੂਰਦੇ ਹਨ, ਕਿਉਂਕਿ ਉਨ੍ਹਾਂ ਦਾ ਪਿਆਰ ਹਰੀ ਨਾਲ ਨਹੀਂ ਹੁੰਦਾ ਅਤੇ ਗੁਰਮੁਖ ਹਰੀ ਦੇ ਪਿਆਰ ਨਾਲ ਰਸੇ ਹੋਣ ਕਰ ਕੇ ਸੁਖੀ ਰਹਿੰਦੇ ਹਨ । **ਪਉੜੀ** : ਗੁਰਮੁਖ ਲੋਕ ਜ਼ਿੰਦਗੀ ਦੇ ਘੋਲ ਵਿੱਚ ਚਾਉ ਨਾਲ ਲੜਦੇ ਹਨ, ਕਿਉਂਕਿ ਉਨ੍ਹਾਂ ਨੂੰ ਨਿਸਚਾ ਹੁੰਦਾ ਹੈ ਕਿ ਅਸੀਂ ਸੱਚ ਲਈ ਲੜ ਰਹੇ ਹਾਂ ਅਤੇ ਹਰੀ ਸਾਡੇ ਅੰਗ-ਸੰਗ ਹੈ, ਜਿਸ ਦੀ ਦਿੱਤੀ ਤਾਕਤ ਨਾਲ ਆਪ-ਹੁਦਰਿਆਂ ਨੂੰ, ਜੋ ਨਾ ਤਜਰਬੇਕਾਰ ਮੂਰਖ ਹੁੰਦੇ ਹਨ, ਮਾਰ ਪਛਾੜਦੇ ਹਨ ।

† **ਸ਼ਲੋਕ** : ਹਰੀ ਨਾਲ ਉਨ੍ਹਾਂ ਦਾ ਪ੍ਰੇਮ ਨਿਭਦਾ ਹੈ ਜੋ ਗੁਰਮੁਖ ਹੋ ਕੇ ਚਲਦੀਆਂ ਹਨ । ਜਿਨ੍ਹਾਂ ਦੇ ਪ੍ਰੇਮ ਵਿਚ ਕਸਰ ਹੈ, ਉਹ ਮਨਮੁਖ ਹਨ । **ਪਉੜੀ** : ਸੰਸਾਰੀਪੁਣਾ ਤੇ ਤਿਆਗ ਦੋ ਰਸਤੇ ਹਨ, ਜਿਨ੍ਹਾਂ ਨੂੰ ਗੁਰਮੁਖ ਲੋਕ ਤਾਂ ਹਰੀ ਨੂੰ ਵਿੱਚ ਪਾ ਕੇ ਮੇਲ ਲੈਂਦੇ ਹਨ, ਭਾਵ ਸੰਸਾਰ ਵਿੱਚ ਤਿਆਗ ਦੇ ਸੂਰਮੇ ਬਣ ਕੇ ਕਾਮ ਕ੍ਰੋਧ ਨੂੰ ਮਾਰਦੇ ਹਨ ਅਤੇ ਤਿਆਗ ਵਿੱਚ ਸੰਸਾਰੀ-ਪੁਣਾ ਚਲਾ ਦਸਦੇ ਹਨ, ਪਰ ਮਨਮੁਖ ਵੇਦਾਂ ਦੇ ਪਿੱਛੇ ਲੱਗ ਕੇ ਇਸ ਵਿਰੋਧ ਨੂੰ ਕਾਇਮ ਰੱਖਦੇ ਹਨ ਅਤੇ ਯਾ ਤਾਂ ਸਭ ਕੁਝ ਛੱਡਣਾ ਚੰਗਾ ਸਮਝਦੇ ਹਨ ਜਾਂ ਗ੍ਰਿਹਸਤ ਵਿੱਚ ਲੀਨ ਰਹਿਣਾ । ਇਹ ਕੱਚਪੁਣਾ ਹੈ, ਜਿਸ ਤੋਂ ਗੁਰਮਤ ਬਾਣੀ ਹੀ ਬਚਾਅ ਸਕਦੀ ਹੈ ।

‡ **ਸ਼ਲੋਕ** : ਜਿਨ੍ਹਾਂ ਆਗੂਆਂ (ਖਡੂਰ ਦੇ ਜੋਗੀ ਵਾਂਗ) ਦੇ ਢਹੇ ਚੜ੍ਹ ਕੇ ਲੋਕੀਂ ਹਰੀ ਨੂੰ ਵਿਸਾਰ ਦਿੰਦੇ ਸਨ, ਉਨ੍ਹਾਂ ਵੱਲ ਇਸ਼ਾਰਾ ਕਰ ਕੇ ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਆਗੂਆਂ ਦੇ ਕੁਝ ਵੱਸ ਨਹੀਂ ਹੁੰਦਾ; ਹੋਂਦਾ ਤਾਂ ਹਰੀ ਦਾ ਕਰਾਇਆ ਹੀ ਹੈ । **ਪਉੜੀ** : ਉਸੇ ਨੂੰ ਯਾਦ ਕਰਨਾ ਚਾਹੀਦਾ ਹੈ, ਉਸ ਗੁਰੂ ਦੇ ਉਪਦੇਸ਼ ਅਨੁਸਾਰ ਜੋ ਹਰੀ ਦੀ ਸਿਫਤ ਦੇ ਭੰਡਾਰ ਬਖ਼ਸ਼ਦਾ ਹੈ ।

ਕੁਦਰਤਿ ਕਰੇ ਵੀਚਾਰ ॥ ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥ ਓਥੈ ਹਥੁ ਨ
ਅਪੜੈ ਕੂਕ ਨ ਸੁਣੀਐ ਪੁਕਾਰ ॥ ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ
ਅੰਤੀ ਵਾਰ ॥ ਏਨਾ ਜੰਤਾ ਨੋ ਹੋਰ ਸੇਵਾ ਨਹੀ [੧]ਸਤਿਗੁਰੁ ਸਿਰਿ ਕਰਤਾਰ ॥
੬ ॥ ਸਲੋਕ ਮਃ ੩* ॥ ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ
ਕੋਇ ॥ ਅਪਣੀ ਕਿਰਪਾ ਕਰਿ ਕੈ ਵਸਸੀ [੨]ਵਣੁ ਤ੍ਰਿਣੁ ਹਰਿਆ ਹੋਇ ॥ ਗੁਰ
ਪਰਸਾਦੀ[੩] ਪਾਈਐ ਵਿਰਲਾ ਬੂਝੈ ਕੋਇ ॥ ਬਹਦਿਆ ਉਠਦਿਆ ਨਿਤ
ਧਿਆਈਐ ਸਦਾ ਸਦਾ ਸੁਖੁ ਹੋਇ ॥ ਨਾਨਕ ਅੰਮ੍ਰਿਤੁ ਸਦ ਹੀ ਵਰਸਦਾ
ਗੁਰਮੁਖਿ[੪] ਦੇਵੈ ਹਰਿ ਸੋਇ ॥ ੧ ॥ ਮਃ ੩ ॥ ਕਲਮਲਿ[੫] ਹੋਈ ਮੇਦਨੀ[੬]
ਅਰਦਾਸਿ ਕਰੇ ਲਿਵ ਲਾਇ ॥ ਸਚੈ ਸੁਣਿਆ ਕੰਨੁ ਦੇ ਧੀਰਕ[੭] ਦੇਵੈ [੮]ਸਹਜਿ
ਸੁਭਾਇ ॥ ਇੰਦ੍ਰੈ ਨੋ ਫੁਰਮਾਇਆ [੯]ਵੁਠਾ ਛਹਬਰ ਲਾਇ ॥ ਅਨੁ ਧਨੁ ਉਪਜੈ
ਬਹੁ ਘਣਾ[੧੦] ਕੀਮਤਿ ਕਹਣੁ ਨ ਜਾਇ ॥ ਨਾਨਕ ਨਾਮੁ ਸਲਾਹਿ ਤੂ ਸਭਨਾ
ਜੀਆ ਦੇਦਾ ਰਿਜਕੁ ਸੰਬਾਹਿ[੧੧] ॥ ਜਿਤੁ ਖਾਧੈ ਸੁਖੁ ਊਪਜੈ ਫਿਰਿ ਦੂਖੁ ਨ
ਲਾਗੈ ਆਇ ॥ ੨ ॥ ਪਉੜੀ ॥ ਹਰਿ ਜੀਉ ਸਚਾ ਸਚੁ ਤੂ [੧੨]ਸਚੇ ਲੈਹਿ
ਮਿਲਾਇ ॥ [੧੩]ਦੂਜੈ ਦੂਜੀ ਤਰਫ ਹੈ ਕੂੜਿ ਮਿਲੈ ਨ ਮਿਲਿਆ ਜਾਇ ॥ ਆਪੇ
ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ ॥ ਮੋਹੁ ਸੋਗੁ ਵਿਜੋਗੁ ਹੈ
ਪੂਰਬਿ[੧੪] ਲਿਖਿਆ ਕਮਾਇ ॥ ਹਉ ਬਲਿਹਾਰੀ ਤਿਨ ਕਉ ਜੋ ਹਰਿ
ਚਰਣੀ ਰਹੇ ਲਿਵ ਲਾਇ ॥ ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ
ਬਣਤ ਬਣਾਇ ॥ ਸੇ ਸੁਖੀਏ ਸਦਾ ਸੋਹਣੇ ਜਿਨ੍ਹ ਵਿਚਹੁ ਆਪੁ[੧੫] ਗਵਾਇ ॥
ਤਿਨ੍ਹ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ[੧੬] ਸਮਾਇ ॥ ੭ ॥ ਸਲੋਕ
ਮਃ ੩† ॥ ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥ ਤਿਸੈ
ਸਰੇਵਿਹੁ[੧੭] ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥ ਗੁਰਮੁਖਿ[੪] ਹਰਿ ਪ੍ਰਭੁ
ਮਨਿ ਵਸੈ ਤਾਂ ਸਦਾ ਸਦਾ ਸੁਖੁ ਹੋਇ ॥ [੧੮]ਸਹਸਾ ਮੂਲਿ ਨ ਹੋਵਈ ਸਭ
ਚਿੰਤਾ ਵਿਚਹੁ ਜਾਇ ॥ ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ
ਕਿਛੂ ਨ ਜਾਇ ॥ ਸਚਾ ਸਾਹਿਬੁ ਮਨਿ ਵਸੈ ਤਾਂ ਮਨਿ ਚਿੰਦਿਆ[੧੯]
ਫਲੁ ਪਾਇ ॥ ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ[੨੦]
ਪਾਇ ॥ ੧ ॥ ਮਃ ੩ ॥ ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ ॥
ਗੁਰਮੁਖਿ[੪] ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ [੨੧]ਉਰਿ ਧਾਰਿ ॥ ਹਰਿ
ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ ॥ ਅੰਮ੍ਰਿਤੁ ਹਰਿ ਕਾ
ਨਾਮੁ ਹੈ ਵਰਸੈ ਕਿਰਪਾ ਧਾਰਿ ॥ ਨਾਨਕ ਗੁਰਮੁਖਿ[੪] ਨਦਰੀ ਆਇਆ ਹਰਿ

੧ ਉਨ੍ਹਾਂ ਦੇ ਸਿਰ 'ਤੇ ਕਰਤਾਰ ਦਾ ਭੇਜਿਆ ਸਤਿਗੁਰੂ ਹੈ, ਭਾਵ ਸਤਿਗੁਰੂ ਰੱਖਿਆ ਲਈ ਖੜਾ ਹੈ ।
੨ ਜੰਗਲ ਅਤੇ ਉਸ ਵਿੱਚ ਦਾ ਘਾਹ ।
੩ ਕਿਰਪਾ ਰਾਹੀਂ ।
੪ ਗੁਰੂ ਦੁਆਰਾ ।
੫ ਦੁੱਖ ਨਾਲ ਮਲੀ ਹੋਈ, ਵਿਆਕੁਲ ।
੬ ਸ੍ਰਿਸ਼ਟੀ ।
੭ ਧੀਰਜ, ਤਸੱਲੀ ।
੮ ਸੁੱਤੇ-ਸਿਧ ।
੯ ਵਸਿਆ ਮੂਸਲਾਧਾਰ ।
੧੦ ਬਹੁਤ ।
੧੧ ਅਪੜਾ ਕੇ ।
੧੨ ਜੋ ਸੱਚੇ ਹਨ, ਉਨ੍ਹਾਂ ਨੂੰ ਤੂੰ ਮੇਲ ਲੈਂਦਾ ਹੈਂ ।
੧੩ ਜਿਹੜੇ ਦ੍ਵੈਤ ਭਾਵ ਵਿੱਚ ਲੱਗੇ ਹਨ, ਉਨ੍ਹਾਂ ਦਾ ਪਾਸਾ ਸੱਚ ਤੋਂ ਪਰੇ ਦੂਜੀ ਤਰਫ਼ ਹੈ, ਭਾਵ ਝੂਠ ਵੱਲ ਹੈ ਅਤੇ ਝੂਠ ਨਾਲ ਉਹ ਨਹੀਂ ਮਿਲ ਸਕਦਾ (ਕਿਉਂਕਿ ਹੋਇਆ ਜੁ ਉਹ 'ਸੱਚਾ') ।
੧੪ ਪਹਿਲੋਂ ਦਾ ।
੧੫ ਆਪਾ ਭਾਵ, ਹਉਮੈ ।
੧੬ ਅੰਗਾਂ ਨਾਲ, ਗੋਦੀ ਵਿੱਚ ।
੧੭ ਸੇਵੋ, ਪੂਜੋ ।
੧੮ ਏਹ ਦੋ ਤੁਕਾਂ ਪੰਨਾ ੮੫੭ ਉੱਤੇ ੯ਵੀਂ ਪਉੜੀ ਦੇ ਪਹਿਲੇ ਸ਼ਲੋਕ ਵਿੱਚ ਵੀ ਆਉਂਦੀਆਂ ਹਨ।
੧੯ ਚਿਤਵਿਆ, ਮੰਗਿਆ ।
੨੦ ਲੇਖੇ ਵਿੱਚ । ਜਿਨ੍ਹਾਂ ਨੂੰ ਆਪਣੇ ਲੇਖੇ ਵਿੱਚ ਲਿਖ ਲੈਂਦਾ ਹੈ, ਭਾਵ ਜਿਨ੍ਹਾਂ ਨੂੰ ਆਪਣਾ ਬਣਾ ਲੈਂਦਾ ਹੈ ।
੨੧ ਦਿਲ ਵਿੱਚ ਟਿਕਾਅ ਕੇ ।

* ਸ਼ਲੋਕ : ਹਰੀ ਨੂੰ ਚਾਹੁੰਦਾ ਸਭ ਕੋਈ ਹੈ, ਪਰ ਮਿਲਦਾ ਉਸ ਨੂੰ ਹੈ ਜਿਸ ਨੂੰ ਉਹ ਆਪ ਕਿਰਪਾ ਕਰ ਕੇ ਗੁਰੂ ਮਿਲਾ ਦੇਵੇ । ਪਉੜੀ : ਹਰੀ ਸੱਚੇ ਨੂੰ ਉਹ ਹੀ ਮਿਲ ਸਕਦੇ ਹਨ, ਜੋ ਝੂਠ ਦੀਆਂ ਖਿੱਚਾਂ ਵਾਲੇ ਜਗਤ ਵਿੱਚ ਰਹਿੰਦਿਆਂ ਹੋਇਆਂ ਸੱਚ ਨਾਲ ਲਿਪਟੇ ਰਹਿਣ, ਕਿਉਂਕਿ ਹਰੀ ਆਪ ਜੁ ਸੱਚਾ ਹੈ ।

† ਸ਼ਲੋਕ : ਸਭ ਤੋਂ ਵੱਡਾ ਮਾਲਕ ਹਰੀ ਗੁਰੂ ਰਾਹੀਂ ਮਨ ਵਿੱਚ ਆ ਵਸਦਾ ਹੈ, ਜਿਸ ਤੋਂ ਸਭ ਸੁਖ ਮਿਲਦੇ ਹਨ । ਪਉੜੀ : ਹਰੀ ਅਤੁਲ ਵਡਿਆਈ ਵਾਲਾ ਹੈ, ਪਰ ਗੁਰੂ ਦੇ ਸ਼ਬਦ ਰਾਹੀਂ ਵਣਾਂ ਵਿੱਚ ਵਸਦਾ ਦਿਸ ਪੈਂਦਾ ਹੈ ।

ਆਤਮਰਾਮੁ[1] ਮੁਰਾਰਿ[2] ॥ ੨ ॥ ਪਉੜੀ ॥ ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ ॥ ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ ॥ ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ ॥ ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥ ਜਗਤੁ ਮੁਸੈ[3] ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥ ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥ ਗੁਰਮਤੀ ਜਾਗੇ ਤਿਨੑੀ ਘਰੁ ਰਖਿਆ ਦੂਤਾ ਕਾ [4]ਕਿਛੁ ਨ ਵਸਾਇ ॥੮ ॥ ਸਲੋਕ ਮਃ ੩* ॥ ਬਾਬੀਹਾ[5] [6]ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥ ਨਾਨਕ ਹੁਕਮਿ ਮੰਨਿਐ ਤਿਖ ਉਤਰੈ [7]ਚੜੈ ਚਵਗਲਿ ਵੰਨੁ ॥ ੧ ॥ ਮਃ ੩ ॥ ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥ [8]ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥ [9]ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥ ਇਤ ਜਾਲ ਵਰਸਦੈ [10]ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥ ਨਾਨਕ ਗੁਰਮੁਖਿ[11] ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥ ੨ ॥ ਪਉੜੀ ॥ ਨਾਥ ਜਤੀ ਸਿਧ[12] ਪੀਰ ਕਿਨੈ ਅੰਤੁ ਨ ਪਾਇਆ ॥ ਗੁਰਮੁਖਿ[13] ਨਾਮੁ ਧਿਆਇ ਤੁਝੈ ਸਮਾਇਆ ॥ ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ ॥ ਜਲਾ ਬਿੰਬੁ[14] ਅਸਰਾਲੁ[15] ਤਿਨੈ ਵਰਤਾਇਆ ॥ ਨੀਲੁ[16] ਅਨੀਲੁ[17] ਅਗੰਮੁ ਸਰਜੀਤੁ[18] ਸਬਾਇਆ ॥ [19]ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥ ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥ ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥ ੯ ॥ ਸਲੋਕ ਮਃ ੩† ॥ ਇਹੁ ਜਲੁ ਸਭ ਤੈ[20] ਵਰਸਦਾ ਵਰਸੈ [21]ਭਾਇ ਸੁਭਾਇ ॥ ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ[22] ਰਹੇ ਸਮਾਇ ॥ ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥ ੧ ॥ ਮਃ ੩ ॥ ਭਿੰਨੀ ਰੈਣਿ ਚਮਕਿਆ ਵੁਠਾ[23] ਛਹਬਰ ਲਾਇ ॥ ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥ ਜਿਤੁ ਖਾਧੈ ਮਨੁ ਤ੍ਰਿਪਤੀਐ [24]ਜੀਆਂ ਜੁਗਤਿ ਸਮਾਇ ॥ ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥ ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥ ਨਾਨਕ ਜਿਨ ਕਉ ਨਦਰਿ ਕਰੇ ਤਾਂ ਇਹੁ ਧਨੁ ਪਲੈ ਪਾਇ ॥ ੨ ॥ ਪਉੜੀ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ ॥ ਜੋ ਤਿਸੁ ਭਾਵੈ ਸੋ ਥੀਐ[25] ਹੁਕਮੁ ਕਰੇ ਗਾਵਾਰੁ ॥ ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥ ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ[26] ॥ ਸਭ

੧ ਵਾਹਿਗੁਰੂ ।
੨ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।
੩ ਠੱਗਿਆ ਜਾ ਰਿਹਾ ਹੈ ।
੪ ਕੁਝ ਵਸ ਨਹੀਂ ਚਲਦਾ ।
੫ ਜੀਵ ਰੂਪ ਪਪੀਹਾ ।
੬ ਨਾ ਤਰਲੇ ਕੱਢ, ਨਾ ਪਿਆ ਵਿਲ੍ਹਕ ।
੭ ਚੌਗੁਣਾਂ ਰੰਗ ਚੜ੍ਹਦਾ ਹੈ ।
੮ ਹਰੀ ਰੂਪ ਜਲ ਦੀ ਤੈਨੂੰ ਸਾਰ ਨਹੀਂ, ਤਾਹੀਓਂ ਤੂੰ ਚੀਕਦਾ ਪੁਕਾਰਦਾ ਹੈਂ ।
੯ ਪਾਣੀ ਵਿੱਚ ਤੇ ਸੁੱਕੀ ਧਰਤੀ ਵਿੱਚ ।
੧੦ ਜੋ ਤਿਹਾਏ ਮਰਦੇ ਹਨ ।
੧੧ ਗੁਰੂ ਦੁਆਰਾ ।
੧੨ ਜੋਗੀਆਂ ਦੇ ਗੁਰੂ ।
੧੩ ਗੁਰੂ ਦੀ ਮੰਨ ਕੇ ਚੱਲਣ ਵਾਲਾ ।
੧੪ ਪਾਣੀ ।
੧੫ ਡਰਾਉਣਾ । ਭਿਆਨਕ ਜਲ ਹੀ ਜਲ ਓਥੇ ਸੀ ਜਦੋਂ ਕਿ ਛੱਤੀ ਜੁਗ ਅਫੁਰ ਸਮਾਧੀ ਵਿੱਚ ਟਿਕਿਆ ਰਿਹਾ ।
੧੬ [ਵੱਡੀ ਗਿਣਤੀ] ਬਹੁਤ ਵੱਡਾ ।
੧੭ [ਗਿਣਤੀ ਰਹਿਤ] ਬੇਅੰਤ ।
੧੮ ਸਿਰਜਣਹਾਰ ।
੧੯ ਭੁੱਖ ਤੇਹ ਆਦਿਕ ਉਸ ਨੇ ਹੀ ਪੈਦਾ ਕੀਤੀ ਹੈ।
੨੦ ਸਭ ਥਾਂ ।
੨੧ ਚੰਗੇ ਭਾਵ ਨਾਲ ।
੨੨ ਗੁਰੂ ਦੇ ਰਾਹੀਂ ਹਰੀ ਵਿੱਚ ਲੀਨ ਰਹਿੰਦੇ ਹਨ।
੨੩ ਵੱਸਿਆ ।
੨੪ ਜੀਵਾਂ ਦੀ ਜ਼ਿੰਦਗੀ ਦੀ ਜੁਗਤੀ ਜਿਸ (ਪਾਣੀ) ਵਿੱਚ ਸਮਾਈ ਹੋਈ ਹੈ ।
੨੫ ਹੁੰਦਾ ਹੈ ।
੨੬ ਆਸਰਾ ।

* **ਸ਼ਲੋਕ :** ਜੀਵ ਨੂੰ ਸਮਝਾਂਦੇ ਹਨ ਕਿ ਤ੍ਰਿਸ਼ਨਾ ਛੱਡ ਕੇ ਹਰੀ ਦੇ ਹੁਕਮ ਵਿੱਚ ਰਹੋ, ਇਸੇ ਵਿੱਚ ਸੁਖ ਹੈ । ਜਦ ਸਰਬ ਸੁਖ ਦਾਤਾ ਤੇਰੇ ਕੋਲ ਵੱਸਦਾ ਹੈ, ਤਾਂ ਤੈਨੂੰ ਕਿਸ ਚੀਜ਼ ਦੀ ਲੋੜ ਰਹਿ ਜਾਂਦੀ ਹੈ ? **ਪਉੜੀ :** ਵੱਡੇ-ਵੱਡੇ ਧਾਰਮਕ ਆਗੂ ਇਹ ਗੱਲ ਨਹੀਂ ਸਮਝਦੇ ਕਿ ਭੁੱਖ ਤ੍ਰਿਸ਼ਨਾ ਭੀ ਤਾਂ ਹਰੀ ਨੇ ਆਪ ਪੈਦਾ ਕੀਤੀ ਹੈ, ਇਹ ਕੋਈ ਬਾਹਰੋਂ ਕਿਧਰੋਂ ਨਹੀਂ ਆ ਪਈ । ਇਸ ਦਾ ਸਬੂਤ ਇਹ ਹੈ ਕਿ ਕੋਈ ਵਕਤ ਸੀ ਜਦੋਂ ਕੇਵਲ ਹਰੀ ਹੀ ਸੀ ਅਤੇ ਹੋਰ ਕੁਝ ਨਹੀਂ ਸੀ । ਫਿਰ ਜਦ ਹਰੀ ਨੇ ਸ੍ਰਿਸ਼ਟੀ ਬਣਾਈ ਤਾਂ ਉਸ ਦੇ ਨਾਲ ਭੁੱਖ ਤੇਹ ਭੀ ਪੈਦਾ ਹੋ ਗਈ । ਇਸ ਤੋਂ ਸਿੱਧ ਹੈ ਕਿ ਇਹ ਭਾਵ ਪਿਛੋਂ ਪੈਦਾ ਹੋਏ, ਹਰੀ ਦੇ ਹੁਕਮ ਨਾਲ । ਇਨ੍ਹਾਂ ਤੋਂ ਬਚਾਉ ਭੀ ਉਹ ਆਪ ਹੀ ਆਪਣੇ ਹੁਕਮ ਰਾਹੀਂ ਕਰ ਸਕਦਾ ਹੈ ।

† **ਸ਼ਲੋਕ :** ਹਰੀ ਦੀ ਮਿਹਰ ਤਾਂ ਹਰ ਇਕ ਲਈ ਹਾਜ਼ਰ ਹੈ, ਪਰ ਲੈਂਦੇ ਕੇਵਲ ਓਹੀ ਹਨ ਜੋ ਗੁਰੂ ਦੇ ਅਨੁਸਾਰੀ ਬਣਦੇ ਹਨ । ਹਰੀ ਦੀ ਬਖ਼ਸ਼ਿਸ਼ ਤੋਂ ਮਿਲਦਾ ਸਭ ਕੁਝ ਹੈ, ਪਰ ਗੁਰਮੁਖ ਲੋਕ ਸਭ ਤੋਂ ਚੰਗੀ ਬਖ਼ਸ਼ਿਸ਼ ਹਰੀ ਨਾਮ ਹੀ ਮੰਗਦੇ ਹਨ । **ਪਉੜੀ :** ਹਰੀ ਸਭ ਕੁਝ ਆਪ ਹੀ ਦਿੰਦਾ ਹੈ।

ਮਹਿ ਏਕੁ ਵਰਤਦਾ [੧]ਸਿਰਿ ਸਿਰਿ ਕਰੇ ਬੀਚਾਰੁ ॥ ਗੁਰਮੁਖਿ[੨] ਆਪੁ[੩] ਵੀਚਾਰੀਐ ਲਗੈ ਸਚਿ ਪਿਆਰੁ ॥ ਨਾਨਕ ਕਿਸ ਨੋ ਆਖੀਐ ਆਪੇ ਦੇਵਣਹਾਰੁ ॥ ੧੦ ॥ ਸਲੋਕ ਮਃ ੩✲ ॥ ਬਾਬੀਹਾ ਏਹੁ ਜਗਤੁ[੪] ਹੈ ਮਤ ਕੋ ਭਰਮਿ ਭੁਲਾਇ ॥ ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ ॥ ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ[੫] ਜਾਇ ॥ ਨਾਨਕ ਗੁਰਮੁਖਿ[੨] ਜਿਨ੍ਹ ਪੀਆ ਤਿਨ੍ਹ ਬਹੁੜਿ[੬] ਨ ਲਾਗੀ ਆਇ ॥ ੧ ॥ ਮਃ ੩ ॥ ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥ ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ[੭] ॥ [੮]ਵੁਠੈ ਜੀਆ ਜੁਗਤਿ ਹੋਇ ਧਰਣੀ[੯] ਨੋ ਸੀਗਾਰੁ ਹੋਇ ॥ ਨਾਨਕ [੧੦]ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥ ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥ ੨ ॥ ਪਉੜੀ ॥ ਸਚਾ ਵੇਪਰਵਾਹੁ ਇਕੋ ਤੂ ਧਣੀ[੧੧] ॥ ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ[੧੨] ॥ ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ[੧੩] ॥ ਆਵਾ ਗਉਣੁ ਰਚਾਇ ਉਪਾਈ ਮੇਦਨੀ[੧੪] ॥ ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥ ਜੇ ਹਉਮੈ ਵਿਚਹੁ ਜਾਇ ਤ [੧੫]ਕੇਹੀ ਗਣਤ ਗਣੀ ॥ ਮਨਮੁਖ ਮੋਹਿ ਗੁਬਾਰਿ [੧੬]ਜਿਉ ਭੁਲਾ ਮੰਝਿ ਵਣੀ ॥ ਕਟੇ ਪਾਪ ਅਸੰਖ ਨਾਵੈ ਇਕ ਕਣੀ ॥ ੧੧ ॥ ਸਲੋਕ ਮਃ ੩† ॥ [੧੭]ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ॥ ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥ ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥ [੧੮]ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥ ੧ ॥ ਮਃ ੩ ॥ [੧੯]ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ ॥ ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ ॥ ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ ॥ ਨਾਨਕ ਜਿਸੁ ਬਿਨੁ ਚਸਾ[੨੦] ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ ॥ ੨ ॥ ਪਉੜੀ ॥ ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥ ਤੂ ਕਰਤਾ ਗੋਵਿੰਦੁ ਤੁਧੁ ਸਿਰਜੀ[੨੧] ਤੁਧੈ ਗੋਈ[੨੨] ॥ ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ ਇਕਿ ਰਾਜੇ ਖਾਨ ਮਲੂਕ[੨੩] ਕਹਹਿ ਕਹਾਵਹਿ ਕੋਈ ॥ ਇਕਿ ਸਾਹ ਸਦਾਵਹਿ [੨੪]ਸੰਚਿ ਧਨੁ ਦੂਜੈ[੨੫] ਪਤਿ ਖੋਈ ॥ ਇਕਿ ਦਾਤੇ ਇਕਿ ਮੰਗਤੇ ਸਭਨਾ ਸਿਰਿ ਸੋਈ ॥ ਵਿਣੁ ਨਾਵੈ ਬਾਜਾਰੀਆ[੨੬] ਭੀਹਾਵਲਿ[੨੭] ਹੋਈ ॥ ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ ॥ ੧੨ ॥ ਸਲੋਕ ਮਃ ੩‡ ॥ ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ ॥ ਅੰਤਰਿ ਤੇਰੈ ਹਰਿ ਵਸੈ ਗੁਰਮੁਖਿ[੨] ਸਦਾ ਹਜੂਰਿ ॥ [੨੮]ਕੂਕ ਪੁਕਾਰ ਨ ਹੋਵਈ ਨਦਰੀ ਨਦਰਿ

੧ ਹਰ ਇਕ ਦੀ ।
੨ ਗੁਰੂ ਦੇ ਰਾਹੀਂ ।
੩ ਆਪਣੇ ਆਪ ਨੂੰ ।
੪ ਭਾਵ ਜਗਤ ਦੇ ਜੀਵ ਜੋ ਪਸ਼ੂ ਹੋ ਰਹੇ ਹਨ ਤੇ ਇਨ੍ਹਾਂ ਨੂੰ ਸਮਝ ਨਹੀਂ ਹੈ ।
੫ ਪਿਆਸ ।
੬ ਮੁੜ ਕੇ, ਫੇਰ ।
੭ ਦੁਨੀਆਂ ਵਿੱਚ । ਜੇ ਹਰੀ ਕ੍ਰਿਪਾ ਕਰੇ ਤਾਂ ਇਹ ਸ਼ਾਂਤੀ ਸਾਰੇ ਸੰਸਾਰ ਵਿੱਚ ਵਰਤ ਸਕਦੀ ਹੈ ।
੮ ਵੱਸਣ ਨਾਲ ਜੀਵਨ-ਜੁਗਤੀ ਭਾਵ ਸੱਤਾ ਆਉਂਦੀ ਹੈ ।
੯ ਧਰਤੀ । ਦੇਖੋ ਪੰਨਾ ੧੨੭੮, ਨੋਟ ੨੯ ।
੧੦ ਅਸਲ ਵਿੱਚ ਜਗਤ ਹਰੀ ਦਾ ਰੂਪ ਹੈ । ਜਲ ਤੋਂ ਭਾਵ ਹੈ ਪੈਦਾ ਕਰ ਕੇ ਪ੍ਰਫੁੱਲਤ ਕਰਨ ਵਾਲੀ ਮੂਲ ਤਾਕਤ, ਚੇਤੰਨ ਹਰੀ ।
੧੧ ਮਾਲਕ ।
੧੨ ਗਿਣਾਂ ।
੧੩ ਮਾਣ-ਵਡਿਆਈ ।
੧੪ ਸ੍ਰਿਸ਼ਟੀ ।
੧੫ ਫਿਰ ਕਿਵੇਂ ਕਹਿ ਸਕਦਾ ਹਾਂ ਕਿ ਇਹ ਮੈਂ ਕੀਤਾ ਹੈ, ਇਹ ਉਸ ਕੀਤਾ ਹੈ ? ਫਿਰ ਤਾਂ ਇਹੋ ਨਿਸਚਾ ਹੋ ਜਾਂਦਾ ਹੈ ਕਿ ਸਭ ਕੁਝ ਹਰੀ ਆਪ ਹੀ ਕਰਦਾ ਕਰਾਉਂਦਾ ਹੈ ।
੧੬ ਜਿਵੇਂ ਕੋਈ ਮਨੁੱਖ ਜੰਗਲਾਂ ਵਿੱਚ ਭੁੱਲਾ ਫਿਰਦਾ ਹੈ।
੧੭ ਹੇ ਜੀਵ ! ਤੂੰ ਆਪਣੇ ਮਾਲਕ ਦਾ ਥਹੁ-ਟਿਕਾਣਾ ਨਹੀਂ ਜਾਣਦਾ, ਜੇ ਅਰਦਾਸ ਕਰੇਂ ਤਾਂ ਤੂੰ ਟਿਕਾਣਾ ਦੇਖ ਲਵੇਂ ।
੧੮ ਇਕ ਜੀਵ ਵਿਚਾਰਾ ਕੀ, ਸਾਰੇ ਸੰਸਾਰ ਦੀ ਤਿਹ ਦੂਰ ਹੋ ਸਕਦੀ ਹੈ ।
੧੯ ਜੀਵ ਰਸ ਵਾਲੀ ਹਾਲਤ ਵਿੱਚ ਹੋ ਕੇ ਬੋਲਿਆ, ਸਹਿਜ ਸੁਭਾਅ ਅਸਲੀਅਤ ਪਛਾਣ ਕੇ । ਕਹਿਣ ਲੱਗਾ, "ਇਹ ਜਲ (ਹਰੀ ਦਾ ਪ੍ਰਕਾਸ਼, ਨਾਮ) ਮੇਰੀ ਜ਼ਿੰਦਗੀ ਹੈ," ਆਦਿ ।
੨੦ ਭਾਵ ਥੋੜ੍ਹਾ ਚਿਰ ਵੀ ।
੨੧ ਪੈਦਾ ਕੀਤੀ ।
੨੨ ਨਾਸ ਕੀਤੀ ।
੨੩ [ਅ. 'ਮਿਲਕ' ਦਾ ਬਹੁਵਚਨ] ਰਾਜੇ, ਪਾਤਸ਼ਾਹ।
੨੪ ਦੌਲਤ ਇਕੱਠੀ ਕਰ ਕੇ ।
੨੫ ਦ੍ਵੈਤ ਭਾਵ ਵਿੱਚ ।
੨੬ ਸੌਦੇਬਾਜ਼, ਭੌਂਦੂ, ਮਸਖਰੇ ।
੨੭ ਭੈ-ਭੀਤ ।
੨੮ [ਐਸੀ ਹਾਲਤ ਵਿੱਚ, ਜਦ ਹਰੀ ਅੰਦਰ ਵਸਦਾ ਮਹਿਸੂਸ ਕਰ ਲਈਏ] ਬਾਹਰ ਵਾਜਾਂ ਮਾਰਨ ਦੀ ਲੋੜ ਨਹੀਂ ਹੁੰਦੀ । ਉਥੇ ਤਾਂ ਕੇਵਲ ਮਿਹਰਵਾਨ ਦੀ ਨਜ਼ਰ ਨਾਲ ਹੀ ਸਭ ਸੁਖ ਮਿਲ ਜਾਂਦੇ ਹਨ।

* **ਸ਼ਲੋਕ** : ਮਨੁੱਖ ਭਰਮ ਵਿੱਚ ਪਏ ਨਹੀਂ ਸਮਝਦੇ ਕਿ ਸਭ ਤੋਂ ਉਤਮ ਚੀਜ਼ ਨਾਮ ਹੈ, ਜਿਹੜੀ ਰਜਾ ਦਿੰਦੀ ਹੈ । **ਪਉੜੀ** : ਮਨੁੱਖ ਹਉਮੈ ਦੇ ਕਾਰਨ ਮੋਹ ਗੁਬਾਰ ਵਿੱਚ ਭਟਕਦੇ ਰਹਿੰਦੇ ਹਨ । ਛੁਟਕਾਰਾ ਨਾਮ ਤੋਂ ਮਿਲਦਾ ਹੈ ।

† **ਸ਼ਲੋਕ** : ਆਪਣੀ ਮਰਜ਼ੀ ਛੱਡ ਕੇ ਹਰੀ ਦੇ ਦਰ 'ਤੇ ਨਿਮਾਣਾ ਹੋ ਕੇ ਢਹਿ ਪਵੇ, ਤਾਂ ਮਨੁੱਖ ਨੂੰ ਸ਼ਾਂਤੀ ਮਿਲ ਸਕਦੀ ਹੈ । ਉਹ ਫਿਰ ਮਹਿਸੂਸ ਕਰਦਾ ਹੈ ਕਿ ਮੈਨੂੰ ਰਜਾਣ ਵਾਲੀ ਵਸਤੀ (ਨਾਮ) ਮਿਲ ਗਈ ਹੈ । **ਪਉੜੀ** : ਵੱਡੇ-ਵੱਡੇ ਧਨਾਢ ਲੋਕਾਂ ਦਾ ਦਾਤਾ ਭੀ ਹਰੀ ਆਪ ਹੈ । ਉਹ ਨਾਮ ਦੇਵੇ ਤਾਂ ਮਨੁੱਖ ਰਜਦਾ ਹੈ, ਨਹੀਂ ਤਾਂ ਕੂੜੇ ਲਾਲਚਾਂ ਵਿੱਚ ਲੱਗਾ ਹੋਇਆ ਭੌਂਦੂ ਜਿਹਾ ਬਣਿਆ ਰਹਿੰਦਾ ਹੈ ।

‡ **ਸ਼ਲੋਕ** : ਗੁਰੂ ਦੇ ਸ਼ਬਦ ਰਾਹੀਂ ਹਰੀ ਗੁਣਵੰਤਿਆਂ ਨੂੰ ਅੰਦਰ ਵਸਦਾ ਦਿਸ ਪੈਂਦਾ ਹੈ । ਉਨ੍ਹਾਂ ਨੂੰ ਕੂਕ-ਪੁਕਾਰ ਕਰਨ ਦੀ ਲੋੜ ਨਹੀਂ ਭਾਸਦੀ । ਓਹ ਤਾਂ ਜੀਅ ਦਾਨ ਮੰਗਦੇ ਹਨ । **ਪਉੜੀ** : ਗੁਰ ਸ਼ਬਦ ਦਾ ਵਿਚਾਰ ਕਰ ਕੇ ਗੁਰਮੁਖਿ ਲੋਕ ਨਾਮ ਵਿੱਚ ਲੱਗੇ ਰਹਿੰਦੇ ਹਨ, ਉਨ੍ਹਾਂ ਨੂੰ ਤਿੰਨਾਂ ਗੁਣਾਂ ਦੇ ਫਲਸਫੇ ਵਿੱਚ ਨਹੀਂ ਪੈਣਾ ਪੈਂਦਾ ।

ਨਿਹਾਲ ॥ ਨਾਨਕ ਨਾਮਿ ਰਤੇ ਸਹਜੇ ਮਿਲੇ [1]ਸਬਦਿ ਗੁਰੂ ਕੈ ਘਾਲ ॥ ੧ ॥
ਮਃ ੩ ॥ ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ॥ ਜਲ ਬਿਨੁ
ਪਿਆਸ ਨ ਊਤਰੈ [2]ਛੁਟਕਿ ਜਾਂਹਿ ਮੇਰੇ ਪ੍ਰਾਨ ॥ ਤੂ ਸੁਖਦਾਤਾ ਬੇਅੰਤੁ ਹੈ
ਗੁਣਦਾਤਾ ਨੇਧਾਨੁ[3] ॥ ਨਾਨਕ ਗੁਰਮੁਖਿ[4] ਬਖਸਿ ਲਏ ਅੰਤਿ ਬੇਲੀ ਹੋਇ
ਭਗਵਾਨੁ ॥ ੨ ॥ ਪਉੜੀ ॥ ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ
ਬੀਚਾਰੁ ॥ [5]ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥ ਗੁਣ ਛੋਡਿ
ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥ ਜੂਐ ਜਨਮੁ ਤਿਨੀ ਹਾਰਿਆ
ਕਿਤੁ[6] ਆਏ ਸੰਸਾਰਿ ॥ ਸਚੈ ਸਬਦਿ ਮਨੁ ਮਾਰਿਆ ਅਹਿਨਿਸਿ[7] ਨਾਮਿ
ਪਿਆਰਿ ॥ ਜਿਨੀ ਪੁਰਖੀ [8]ਉਰਿ ਧਾਰਿਆ ਸਚਾ ਅਲਖ ਅਪਾਰੁ ॥ ਤੂ
ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥ ਜਿਸੁ ਬਖਸੇ ਸੋ ਪਾਇਸੀ
ਗੁਰ ਸਬਦੀ ਵੀਚਾਰੁ ॥ ੧੩ ॥ ਸਲੋਕ ਮਃ ੫* ॥ ਰਾਤਿ ਨ ਵਿਹਾਵੀ[9]
ਸਾਕਤਾਂ[10] ਜਿਨ੍ਹਾ ਵਿਸਰੈ ਨਾਉ ॥ ਰਾਤੀ ਦਿਨਸ ਸੁਹੇਲੀਆ[11] ਨਾਨਕ ਹਰਿ
ਗੁਣ ਗਾਂਉ ॥ ੧ ॥ ਮਃ ੫ ॥ ਰਤਨ ਜਵੇਹਰ ਮਾਣਕਾ [12]ਹਭੇ ਮਣੀ ਮਥੰਨਿ ॥
ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ ॥ ੨ ॥ ਪਉੜੀ ॥ ਸਚਾ
ਸਤਿਗੁਰੁ ਸੇਵਿ ਸਚੁ ਸਮ੍ਹਾਲਿਆ ॥ ਅੰਤਿ ਖਲੋਆ ਆਇ ਜਿ ਸਤਿਗੁਰ
ਅਗੈ ਘਾਲਿਆ[13] ॥ ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥ [14]ਗੁਰ
ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥ ਮਨਮੁਖ ਵਿਣੁ ਨਾਵੈ ਕੂੜਿਆਰ
ਫਿਰਹਿ ਬੇਤਾਲਿਆ[15] ॥ [16]ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥
[17]ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥ ਨਾਨਕ ਨਾਮੁ ਨਿਧਾਨੁ ਹੈ ਪੂਰੈ
ਗੁਰਿ ਦੇਖਾਲਿਆ ॥ ੧੪ ॥ ਸਲੋਕ ਮਃ ੩† ॥ ਬਾਬੀਹੈ ਹੁਕਮੁ ਪਛਾਣਿਆ
[18]ਗੁਰ ਕੈ ਸਹਜਿ ਸੁਭਾਇ ॥ ਮੇਘੁ[19] ਵਰਸੈ ਦਇਆ ਕਰਿ ਗੂੜੀ ਛਹਬਰ
ਲਾਇ ॥ ਬਾਬੀਹੇ ਕੂਕ ਪੁਕਾਰ [20]ਰਹਿ ਗਈ ਸੁਖੁ ਵਸਿਆ ਮਨਿ ਆਇ ॥
ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ[21] ॥ ੧ ॥
ਮਃ ੩ ॥ ਚਾਤ੍ਰਿਕ[22] ਤੂ ਨ ਜਾਣਹੀ [23]ਕਿਆ ਤੁਧੁ ਵਿਚਿ ਤਿਖਾ ਹੈ ਕਿਤੁ
ਪੀਤੈ ਤਿਖ ਜਾਇ ॥ [24]ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ॥
ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ[25] ॥ ਨਾਨਕ ਸਤਿਗੁਰ
ਤੇ ਅੰਮ੍ਰਿਤ ਜਲੁ ਪਾਇਆ ਸਹਜੇ ਰਹਿਆ ਸਮਾਇ ॥ ੨ ॥ ਪਉੜੀ ॥ ਇਕਿ
ਵਣ ਖੰਡਿ[26] ਬੈਸਹਿ ਜਾਇ [27]ਸਦੁ ਨ ਦੇਵਹੀ ॥ ਇਕਿ ਪਾਲਾ ਕਕਰੁ ਭੰਨਿ ਸੀਤਲੁ
ਜਲੁ ਹੇਂਵਹੀ ॥ [28]ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥ [29]ਇਕਿ ਜਟਾ

(੧੨੮੪)

੧ ਗੁਰ ਸ਼ਬਦ ਦਵਾਰਾ ਘਾਲਣਾ ਘਾਲ ਕੇ ('ਘਾਲ' ਦੇ ਅੰਤ ਸਿਹਾਰੀ ਨਹੀਂ ਆਈ, ਕਿਉਂਕਿ ਕਈ ਵਾਰੀ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਛੱਡਿਆ ਜਾਂਦਾ ਹੈ)।

੨ (ਜਲ ਬਿਨਾਂ) ਮੇਰੇ ਪ੍ਰਾਣ ਨਿਕਲਦੇ ਹਨ ।

੩ ਨਿਧਾਨ, ਸੁਖਾਂ ਦਾ ਖਜ਼ਾਨਾ ।

੪ ਗੁਰੂ ਦੇ ਰਾਹੀਂ ।

੫ ਤਿੰਨਾਂ ਗੁਣਾਂ ਦੀ ਵਿਚਾਰ ਸਭ ਧੰਧਾ ਹੈ, ਇਸ ਨਾਲ ਨਾਮ ਵਿੱਚ ਪਿਆਰ ਨਹੀਂ ਲੱਗਦਾ । ਦੇਖੋ ਪੰਨਾ ੧੧੧੯, ਫੁਟ ਨੋਟ ‡ ।

੬ ਕਿਸ ਲਈ ?

੭ ਦਿਨ ਰਾਤ ।

੮ ਦਿਲ ਵਿੱਚ ਵਸਾਇਆ ।

੯ ਵਿਹਾਂਦੀ, ਗੁਜ਼ਰਦੀ ।

੧੦ ਸ਼ਕਤੀ ਦੇ ਉਪਾਸ਼ਕਾਂ (ਮਾਦਾ ਪ੍ਰਸਤਾਂ) ਦੀ ਰਾਤ ਨਹੀਂ ਲੰਘਦੀ ।

੧੧ ਸੁਖੀ ।

੧੨ ਸਾਰੇ ਰਤਨ ਮੱਥੇ 'ਤੇ ਹਨ ।

੧੩ ਘਾਲਣਾ ਘਾਲੀ । ਜੋ ਕੁਝ ਗੁਰੂ ਦੇ ਹਜ਼ੂਰ ਸੇਵਾ ਕੀਤੀ ਸੀ, ਉਹ ਅੰਤ ਸਾਮ੍ਹਣੇ ਆ ਖਲੋਤੀ, ਭਾਵ ਅੰਤ ਵੇਲੇ ਸਹਾਈ ਹੋਈ ।

੧੪ ਗੁਰੂ ਦੇ ਜੀਵਨ ਦੀ ਮਿਸਾਲ ਨੂੰ ਆਪਣੇ ਜੀਵਨ ਲਈ ਚਾਨਣਾ ਬਣਾਇਆ ।

੧੫ ਬੇਸੁਰੇ (ਭੂਤਨੇ ਵਾਂਗ) ।

੧੬ ਉਹ ਮਨੁੱਖੀ ਰੂਪ ਵਿੱਚ ਪਸ਼ੂ ਹਨ ।

੧੭ ਸੱਚੇ ਸ਼ਬਦ ਰਾਹੀਂ ਇਹ ਵੇਖਿਆ (ਸਮਝਿਆ) ਕਿ ਸਭ ਥਾਂ ਸੱਚਾ ਹਰੀ ਵਿਆਪਕ ਹੈ ।

੧੮ ਗੁਰੂ ਦੇ ਸ਼ਾਂਤ ਸੁਭਾਅ ਦੇ ਰਾਹੀਂ ।

੧੯ ਬੱਦਲ (ਗੁਰੂ ਦਾ ਉਪਦੇਸ਼) ।

੨੦ ਮੁੱਕ ਗਈ ।

੨੧ ਸਮਾਹਿ, ਅਪੜਾ ਕੇ ।

੨੨ ਪਪੀਹਾ । ਦੇਖੋ ਪੰਨਾ ੧੧੧੭, ਨੋਟ ੧੭ ।

੨੩ ਕਿ ਤੇਰੇ ਵਿੱਚ ਕੀ ਤਿਹ ਹੈ ਤੇ ਕਿਵੇਂ ਜਾਂਦੀ ਹੈ ?

੨੪ ਹਰੀ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿੱਚ ਭਟਕਣ ਨਾਲ ।

੨੫ ਸੁਭਾਵਕ ਹੀ, ਨਿਰਯਤਨ ਹੀ ।

੨੬ ਜੰਗਲ ਵਿੱਚ ।

੨੭ ਸੱਦਾ (ਆਵਾਜ਼) ਨਹੀਂ ਦੇਂਦੇ ਭਾਵ ਮੋਨ ਧਾਰੀ ਹਨ।

੨੮ ਬਰਫ ਵਰਗੇ ।

੨੯ ਕਰੜੇ । ਇਕ ਜਟਾਂ ਧਾਰ ਕੇ ਕਰੜੇ ਤੇ ਭਿਆਨਕ ਰੂਪ ਵਿੱਚ ਫਿਰਦੇ ਹਨ ।

* ਸ਼ਲੋਕ : ਹਰੀ ਤੋਂ ਮੁਨਕਰਾਂ ਦੀ ਜ਼ਿੰਦਗੀ ਔਖੀ ਤੇ ਹਰੀ-ਗੁਣ ਗਾਉਣ ਵਾਲਿਆਂ ਦੀ ਸੌਖੀ ਲੰਘਦੀ ਹੈ। ਪਉੜੀ : ਗੁਰੂ ਦੀ ਸਿੱਖਿਆ ਅਨੁਸਾਰ ਜੋ ਸੱਚ ਕਮਾਈਦਾ ਹੈ, ਉਹ ਹਰ ਥਾਂ ਰਖਿਆ ਕਰਦਾ ਹੈ; ਗੁਰੂ ਤੋਂ ਮੁਨਕਰ ਰਹਿਣ ਵਾਲੇ ਆਪ ਹੁਦਰੇ ਭੂਤਨਿਆਂ ਵਾਂਗੂੰ ਪਏ ਟੱਕਰਾਂ ਮਾਰਦੇ ਹਨ ।

† ਸ਼ਲੋਕ : ਹਰੀ ਦਾ ਹੁਕਮ ਪਛਾਣਨ ਨਾਲ ਸਭ ਤਿਖਾ ਦੂਰ ਹੋ ਜਾਂਦੀ ਹੈ, ਦ੍ਵੈਤ ਭਾਵ ਨਾਲ ਨਹੀਂ। ਪਉੜੀ : ਤਰ੍ਹਾਂ-ਤਰ੍ਹਾਂ ਦੀਆਂ ਕਰੜੀਆਂ ਸਰੀਰਕ ਘਾਲਾਂ ਘਾਲਣਾ ਵਿਅਰਥ ਹੈ । ਸਤਿਗੁਰੂ ਦੇ ਰਾਹੀਂ ਨਾਮ ਸੇਵਨ ਨਾਲ ਹਰੀ ਮਿਲਦਾ ਹੈ ।

ਬਿਕਟ ਬਿਕਰਾਲ[੧] [੨]ਕੁਲੁ ਘਰੁ ਖੋਵਹੀ ॥ ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ॥ ਇਕਿ ਅਗਨਿ ਜਲਾਵਹਿ ਅੰਗੁ [੩]ਆਪੁ ਵਿਗੋਵਹੀ ॥ ਵਿਣੁ ਨਾਵੈ ਤਨੁ ਛਾਰੁ[੪] ਕਿਆ ਕਹਿ ਰੋਵਹੀ ॥ ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥ ੧੫ ॥ ਸਲੋਕ ਮਃ ੩* ॥ [੫]ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ ਮੇਘੈ[੬] ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥ ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ [੭]ਉਰਿ ਧਾਰਿ ॥ ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥ ੧ ॥ ਮਃ ੩ ॥ ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ[੮] ਕਰਹਿ ਪੁਕਾਰ ॥ ਨਦਰੀ[੯] ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥ ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥ ੨ ॥ ਪਉੜੀ ॥ ਇਕਿ ਜੈਨੀ [੧੦]ਉਝੜ ਪਾਇ ਧੁਰਹੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ ॥ [੧੧]ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ ਕੁਚਿਲ[੧੨] ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥ ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥ [੧੩]ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ [੧੪]ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥ ੧੬ ॥ ਸਲੋਕ ਮਃ ੩† ॥ ਸਾਵਣਿ [੧੫]ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥ ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥ ੧ ॥ ਮਃ ੩ ॥ ਸਾਵਣਿ ਦਝੈ[੧੬] ਗੁਣ ਬਾਹਰੀ ਜਿਸੁ [੧੭]ਦੂਜੈ ਭਾਇ ਪਿਆਰੁ ॥ ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ ॥ ੨ ॥ ਪਉੜੀ ॥ ਸਚਾ ਅਲਖ ਅਭੇਉ[੧੮] ਹਠਿ[੧੯] ਨ ਪਤੀਜਈ[੨੦] ॥ ਇਕਿ ਗਾਵਹਿ ਰਾਗ ਪਰੀਆ[੨੧] ਰਾਗਿ ਨ ਭੀਜਈ[੨੨] ॥ ਇਕਿ ਨਚਿ ਨਚਿ ਪੂਰਹਿ ਤਾਲ [੨੩]ਭਗਤਿ ਨ ਕੀਜਈ ॥ ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥ ਤ੍ਰਿਸਨਾ ਹੋਈ ਬਹੁਤੁ [੨੪]ਕਿਵੈ ਨ ਧੀਜਈ ॥ [੨੫]ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥ ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ [੨੬]ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥ ੧੭ ॥ ਸਲੋਕ ਮਃ ੩‡ ॥ ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ[੨੭] ਹੋਇ ॥ ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥ ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥ ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥ ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥ ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ[੨੮] ਪਰਗਟੁ ਹੋਇ ॥ ੧ ॥ ਮਃ ੩ ॥ ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥ ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ

੧ ਡਰਾਉਣੇ ।
੨ ਖ਼ਾਨਦਾਨ ਦਾ ਨਾਂ ਬਦਨਾਮ ਕਰਦੇ ਹਨ ।
੩ ਆਪਣੇ ਆਪ ਨੂੰ ਖਰਾਬ ਕਰਦੇ ਹਨ (ਤਪੀ ਲੋਕ)।
੪ ਸੁਆਹ ।
੫ ਭਾਵ ਇਹ ਹੈ ਕਿ ਜਦ ਜੀਵ ਅੰਮ੍ਰਿਤ ਵੇਲੇ ਹਰੀ ਦੀ ਦਰਗਾਹ ਵਿੱਚ ਅਰਦਾਸ ਕਰਦਾ ਹੈ ਤਾਂ ਹਰੀ ਮਿਹਰ ਵਿੱਚ ਆ ਕੇ ਗੁਰੂ ਨੂੰ ਕਹਿੰਦਾ ਹੈ ਕਿ ਸ਼ਬਦ ਦੀ ਵਰਖਾ ਕਰੋ ।
੬ ਬੱਦਲ ।
੭ ਦਿਲ ਵਿੱਚ ਟਿਕਾਅ ਕੇ ।
੮ ਸੌ ਵਾਰ ।
੯ ਹਰੀ ਦੀ ਮਿਹਰ ਨਾਲ ।
੧੦ ਕੁਰਾਹੇ ਪਾ ਦਿੱਤੇ ਹਨ, ਉਨ੍ਹਾਂ ਨੂੰ ਮੁੱਢ ਤੋਂ ਹੀ ਰਸਤਿਓਂ ਖੁੰਝਾਇਆ ਹੈ ।
੧੧ ਜੈਨੀ ਸਿਰ ਮੁਨਾਂਦੇ ਨਹੀਂ, ਸਗੋਂ ਹੱਥਾਂ ਦੀ ਚੂੰਡੀ ਨਾਲ ਇਕ ਇਕ ਕਰ ਕੇ ਵਾਲ ਖੋਂਹਦੇ ਹਨ।
੧੨ ਗੰਦੇ, ਮੈਲੇ ।
੧੩ ਗੁਰੂ ਦੇ ਸ਼ਬਦ ਤੋਂ ਬਿਨਾਂ ਕਿਸੇ ਨੂੰ ਚੰਗੀ ਰਹਿਣੀ ਦਾ ਪਤਾ ਨਹੀਂ ਲੱਗਾ ।
੧੪ ਗੁਰੂ ਦਾ ਅਨੁਸਾਰੀ ਸੱਚ ਦੁਆਰਾ ਸਰਗੁਣ ਹਰੀ ਵਿੱਚ ਸਮਾਅ ਜਾਂਦਾ ਹੈ ।
੧੫ ਜੀਵ ਰੂਪ ਇਸਤਰੀ ਗੁਰ-ਸ਼ਬਦ ਰਾਹੀਂ ਹਰੀ ਦਾ ਵੀਚਾਰ ਕਰ ਕੇ ਰਸ ਵਾਲੀ ਹੋਈ ।
੧੬ ਸੜਦੀ ਹੈ ।
੧੭ ਹਰੀ ਨੂੰ ਛੱਡ ਕੇ ਕਿਸੇ ਹੋਰ ਵਿੱਚ ਪਿਆਰ ।
੧੮ ਜਿਸ ਦਾ ਭੇਦ ਨਹੀਂ ਪਾਇਆ ਜਾਂਦਾ ।
੧੯ ਉਨ੍ਹਾਂ ਕਰਮਾਂ ਨਾਲ ਜੋ ਦਿਲੋਂ ਨਾ ਕੀਤੇ ਜਾਣ, ਨਿਰੇ ਮਨ ਉੱਤੇ ਦਬਾਉ ਪਾ ਕੇ ਕੀਤੇ ਹੋਣ ।
੨੦ ਰਾਜ਼ੀ ਹੁੰਦਾ ।
੨੧ ਰਾਗਣੀਆਂ ।
੨੨ ਭਿੱਜਦਾ ।
੨੩ ਇਸ ਤਰ੍ਹਾਂ ਭਗਤੀ ਨਹੀਂ ਹੁੰਦੀ ।
੨੪ ਕਿਸੇ ਤਰ੍ਹਾਂ ਵੀ ਧੀਰਜ ਨਹੀਂ ਫੜਦੇ ।
੨੫ ਕਰਮ-ਕਾਂਡ ਵਿੱਚ ਬੱਧੇ ਹਨ ਕਈ ਲੋਕ ।
੨੬ ਹਰੀ-ਭਗਤੀ ਦਾ ਪ੍ਰੇਮ ਗੁਰਮੁਖ ਹੀ ਘਿੰਨਦੇ (ਲੈਂਦੇ, ਮਾਣਦੇ) ਹਨ ।
੨੭ ਠੰਢਾ ।
੨੮ ਗੁਰੂ ਦੁਆਰਾ ।

* **ਸ਼ਲੋਕ** : ਗੁਰ ਸ਼ਬਦ ਦੇ ਵਿਚਾਰ ਰਾਹੀਂ ਹਰੀ ਦੀ ਮਿਹਰ ਵੱਲ ਤੱਕਣਾ ਚਾਹੀਦਾ ਹੈ, ਜਿਥੋਂ ਨਾਮ ਦੀ ਦਾਤ ਮਿਲਦੀ ਹੈ । **ਪਉੜੀ** : ਨਾਮ ਨੂੰ ਨਾ ਮੰਨਣ ਵਾਲੇ ਜੈਨੀਆਂ ਦੀ ਮਿਸਾਲ ਲੈ ਕੇ ਦੱਸਦੇ ਹਨ ਕਿ ਕਿਵੇਂ ਓਹ ਭਰਮ ਵਿੱਚ ਪਏ ਸੱਚ ਨੂੰ ਪ੍ਰਾਪਤ ਨਹੀਂ ਕਰ ਸਕਦੇ । ਦੇਖੋ ਵਾਰ ਮਾਝ, ਪੌ: ੨੬ ਦਾ ਪਹਿਲਾ ਸ਼ਲੋਕ ।

† **ਸ਼ਲੋਕ** : ਗੁਰੂ ਦੇ ਸ਼ਬਦ ਰਾਹੀਂ ਪ੍ਰੇਮ ਸਹਿਤ ਹਰੀ ਦਾ ਵੀਚਾਰ ਕਰਨ ਵਾਲੇ ਸੁਖੀ ਹੁੰਦੇ ਹਨ ਅਤੇ ਦ੍ਵੈਤ ਭਾਵ ਵਿੱਚ ਕਰਮ ਕਰਨ ਵਾਲੇ ਖੁਆਰ ਹੁੰਦੇ ਹਨ । **ਪਉੜੀ** : ਪ੍ਰੇਮ ਤੋਂ ਬਿਨਾਂ ਨਿਰੇ ਹੱਠ ਨਾਲ ਕੀਤੇ ਕਰਮ, ਰਾਗ, ਨਾਚ, ਵਰਤ ਆਦਿ ਤ੍ਰਿਸ਼ਨਾ ਵਧਾ ਦਿੰਦੇ ਹਨ । ਸ਼ਾਂਤੀ ਕੇਵਲ ਨਾਮ ਤੋਂ ਮਿਲ ਸਕਦੀ ਹੈ।

‡ **ਸ਼ਲੋਕ** : ਗੁਰ ਸ਼ਬਦ ਤੋਂ ਹੀ ਇਕ ਹਰੀ ਦੀ ਪਛਾਣ ਅਤੇ ਸੱਚੀ ਰਹਿਣੀ ਦੀ ਸਮਝ ਆਉਂਦੀ ਹੈ। ਇਹ ਸ਼ਬਦ ਦੀ ਦਾਤ ਭੀ ਹਰੀ ਦੀ ਮਿਹਰ ਤੋਂ ਮਿਲਦੀ ਹੈ । **ਪਉੜੀ** : ਪੂਰੇ ਗੁਰੂ ਦੇ ਸ਼ਬਦ ਰਾਹੀਂ ਮਨ ਮਰਦਾ ਅਤੇ ਪਾਪਾਂ ਤੋਂ ਸਾਫ ਹੋ ਕੇ ਸੱਚੇ ਹਰੀ ਦਾ ਗਿਆਨ ਧਿਆਨ ਕਰ ਸਕਦਾ ਹੈ ਪਰ ਇਹ ਤਬਦੀਲੀ ਪੂਰੇ ਭਾਗਾਂ ਕਰ ਕੇ ਹੁੰਦੀ ਹੈ ।

ਸਦ ਬਲਿਹਾਰੈ ਜਾਂਉ ॥ ਗੁਰਮੁਖਿ[1] ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ ॥
ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ[2] ॥ ੨ ॥ ਪਉੜੀ ॥
ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ ਪੂਰੈ ਕਰਮਿ[3] ਧਿਆਇ ਪੂਰਾ ਸਬਦੁ
ਮੰਨਿ ਵਸਾਇਆ ॥ ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ[4] ॥ ਹਰਿ ਸਰਿ
ਤੀਰਥਿ ਜਾਣਿ ਮਨੂਆ[5] ਨਾਇਆ ॥ ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ
ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥ [6]ਪੁਛਿ ਨ ਸਕੈ ਕੋਇ ਜਾਂ
ਖਸਮੈ ਭਾਇਆ ॥ ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥ ੧੮ ॥ ਸਲੋਕ
ਮਃ ੧[*] ॥ [7]ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ [8]ਚੂਹਾ ਖਡ ਨ
ਮਾਵਈ ਤਿਕਲਿ[9] ਬੰਨ੍ਹੈ ਛਜ ॥ [10]ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ
ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥ [11]ਫਸਲਿ
ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ[12] ਲਿਖਾਇਆ ਖਸਮੈ
ਕੈ ਦਰਿ ਜਾਇ ॥ ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ
ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥ ੧ ॥ ਮਃ ੧ ॥ ਸਉ ਮਣੁ ਹਸਤੀ[13]
ਘਿਉ ਗੁੜੁ ਖਾਵੈ [14]ਪੰਜਿ ਸੈ ਦਾਣਾ ਖਾਇ ॥ [15]ਡਕੈ ਫੂਕੈ ਖੇਹ ਉਡਾਵੈ
[16]ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ[17] ਮੁਈ ਦੇਵਾਨੀ ॥ [18]ਖਸਮਿ ਮਿਟੀ
ਫਿਰਿ ਭਾਨੀ ॥ ਅਧੁ ਗੁਲ੍ਹਾ[19] ਚਿੜੀ ਕਾ ਚੁਗਣੁ [20]ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ ਸਕਤਾ ਸੀਹੁ ਮਾਰੇ ਸੈ
ਮਿਰਿਆ[21] [22]ਸਭ ਪਿਛੈ ਪੈ ਖਾਇ ॥ ਹੋਇ ਸਤਾਣਾ[23] [24]ਘੁਰੈ ਨ ਮਾਵੈ ਸਾਹਿ
ਗਇਐ ਪਛੁਤਾਇ ॥ ਅੰਧਾ ਕਿਸ ਨੋ ਬੁਕਿ[25] ਸੁਣਾਵੈ ॥ ਖਸਮੈ ਮੂਲਿ ਨ
ਭਾਵੈ ॥ ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥ ਖਸਮੈ
ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥ ਨਾਨਕ ਦੁਨੀਆ ਚਾਰਿ
ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ ਗਲਾ ਵਾਲੇ ਹੈਨਿ ਘਣੇਰੇ[26] ਛਡਿ ਨ
ਸਕੈ ਕੋਈ ॥ ਮਖੀ ਮਿਠੈ ਮਰਣਾ ॥ ਜਿਨ ਤੂ ਰਖਹਿ ਤਿਨ ਨੇੜਿ ਨ
ਆਵੈ ਤਿਨ ਭਉ ਸਾਗਰੁ ਤਰਣਾ ॥ ੨ ॥ ਪਉੜੀ ॥ ਅਗਮ ਅਗੋਚਰੁ[27]
ਤੂ ਧਣੀ[28] ਸਚਾ ਅਲਖ ਅਪਾਰੁ ॥ ਤੂ ਦਾਤਾ ਸਭਿ ਮੰਗਤੇ ਇਕੋ
ਦੇਵਣਹਾਰੁ ॥ ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥
[29]ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ ਗੁਰ ਕੈ ਸਬਦਿ
ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥ ਵਿਣੁ ਪ੍ਰੀਤੀ ਭਗਤਿ ਨ ਹੋਵਈ
ਵਿਣੁ ਸਤਿਗੁਰ ਨ ਲਗੈ ਪਿਆਰੁ ॥ ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ
ਕਰੇ ਪੁਕਾਰ ॥ ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ[30] ॥ ੧੯ ॥

੧ ਗੁਰੂ ਦੁਆਰਾ ।
੨ ਸਮਾਈ ਹੁੰਦੀ ਹੈ ।
੩ ਭਾਗਾਂ ਨਾਲ ।
੪ ਦੂਰ ਕਰਦਾ ਹੈ ।
੫ ਮਨ ।
੬ ਲੇਖਾ ਕਰਮਾਂ ਦਾ ਕੋਈ ਨਹੀਂ ਪੁੱਛ ਸਕਦਾ ।
੭ ਕੁੱਲੇ (ਟੋਪੀ ਸੇਹਲੀ) ਦੇਣ ਵਾਲੇ ਜੋ ਗੁਰੂ ਬਣ ਬੈਠਦੇ ਹਨ, ਓਹ ਝੱਲੇ ਹਨ ਅਤੇ ਲੈਣ ਵਾਲੇ ਚੇਲੇ ਵੱਡੇ ਬੇਸ਼ਰਮ ਹਨ ।
੮ (ਸੰਸਾਰੀ ਗੁਰੂ ਆਪ ਤਾਂ ਤਰਨ ਜੋਗੇ ਨਹੀਂ ਹੁੰਦੇ, ਪਰ ਹੋਰਨਾਂ ਦੇ ਤਾਰਨ ਦਾ ਬੀੜਾ ਚੁੱਕ ਲੈਂਦੇ ਹਨ। ਇਹ ਇਵੇਂ ਹੀ ਹੈ) ਜਿਵੇਂ ਚੂਹਾ ਆਪ ਤਾਂ ਖੁੱਡ ਵਿੱਚ ਸਮਾਂਦਾ ਨਾ ਹੋਵੇ, ਪਰ ਨਾਲ ਲੱਕ ਦੇ ਛੱਜ ਬੰਨ੍ਹ ਲਵੇ ।
੯ ਲੱਕ ਨਾਲ ।
੧੦ ਗੁਰੂ ਜੋ ਚੇਲਿਆਂ ਨੂੰ ਅਸੀਸਾਂ ਦੇਂਦੇ ਹਨ ।
੧੧ ਹਾੜ ਦੀ ਫਸਲ ਇਕ ਨਾਮ ਹੀ ਹੈ ।
੧੨ ਪਟਾ ਜਾਂ ਸਰਕਾਰੀ ਲਿਖਤ ਜਿਸ ਵਿੱਚ ਲਗਾਨ ਦੀ ਹੱਦ ਬੰਨ੍ਹੀ ਹੁੰਦੀ ਹੈ, ਉਸ ਤੋਂ ਵੱਧ ਲਗਾਨ ਲੱਗ ਨਹੀਂ ਸਕਦਾ ।
੧੩ ਹਾਥੀ । ਸਵਾ ਮਣ ਘਿਉ ਤੇ ਗੁੜ ਖਾ ਜਾਂਦਾ ਹੈ। ਮਣੁ ਦਾ ਅੰਤਲਾ ਔਂਕੜ ਦੱਸਦਾ ਹੈ ਕਿ ਇਹ ਇਕ ਵਚਨ ਹੈ, ਇਸ ਲਈ ਇਸ ਦਾ ਅਰਥ ਸੌ ਮਣ ਨਹੀਂ ਹੋ ਸਕਦਾ । ਨਾਲੇ ਹਾਥੀ ਦੀ ਰੋਜ਼ ਦੀ ਖੁਰਾਕ ਇੰਨ੍ਹੀ ਨਹੀਂ ਹੋ ਸਕਦੀ ।
੧੪ ਪੰਜ ਸੌ ਮਣ (ਉਨ੍ਹੀਂ ਦਿਨੀਂ ਮਣ ਛੋਟਾ ਹੁੰਦਾ ਸੀ)।
੧੫ ਡਕਾਰ ਮਾਰਦਾ ਹੈ ਬਹੁਤਾ ਖਾ ਕੇ ।
੧੬ ਸੁਆਸ ਨਿਕਲਣ ਨਾਲ ।
੧੭ ਹੰਕਾਰ ਵਿੱਚ ।
੧੮ ਖਸਮ ਵਿੱਚ ਮਿਟੀ (ਸਮਾਈ) ਤਾਂ ਫਿਰ ਚੰਗੀ ਲੱਗੀ ।
੧੯ ਗੁੱਲੀ (ਦਾਣੇ) ਦੀ ।
੨੦ ਅਸਮਾਨਾਂ ਵਿੱਚ ਚੜ੍ਹ ਕੇ ਬੋਲਦੀ ਹੈ ।
੨੧ ਮਿਰਗਾਂ ਨੂੰ ।
੨੨ ਤੇ ਉਸ ਦੇ ਪਿੱਛੇ ਕਈ ਖਾਂਦੇ ਹਨ ।
੨੩ ਬਲ ਵਾਲਾ ।
੨੪ ਖੁੱਡ ਵਿੱਚ ਸਮਾਂਦਾ ਨਹੀਂ ।
੨੫ ਗੱਜ ਕੇ । ੨੬ ਬਹੁਤੇ ।
੨੭ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।
੨੮ [ਸਿੰਧੀ] ਮਾਲਕ ।
੨੯ ਇਕਨਾ ਬਾਬਤ ਤੇਰੀ ਇਹੋ ਰਜ਼ਾ ਹੈ ਕਿ ਓਹ ਮਾਇਆ ਨਾਲ ਪਿਆਰ ਕਰਦੇ ਰਹਿਣ ।
੩੦ ਆਸਰਾ ।

* ਸ਼ਲੋਕ : ਕਈ ਲੋਕ ਆਪਣੀ ਵਿੱਤ ਨਾ ਜਾਣਦੇ ਹੋਏ ਆਗੂ ਬਣ ਬਹਿੰਦੇ ਹਨ ਅਤੇ ਆਪਣੀ ਵਡਿਆਈ ਦੇਖ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ । ਉਨ੍ਹਾਂ ਕੋਲੋਂ ਇਕ ਨਿਮਾਣਾ ਜਿਹਾ ਬੰਦਾ ਚੰਗਾ ਹੈ, ਜੋ ਹਰੀ ਨੂੰ ਯਾਦ ਕਰਦਾ ਹੈ । ਪਉੜੀ : ਹਰੀ ਬਹੁਤ ਵੱਡਾ ਹੈ, ਉਸ ਦੇ ਸਾਹਮਣੇ ਵੱਡੇ ਤੋਂ ਵੱਡੇ ਮਨੁੱਖ ਭੀ ਮੰਗਤਿਆਂ ਦੇ ਬਰਾਬਰ ਹਨ । ਸੁਖੀ ਉਹੀ ਹਨ ਜੋ ਗੁਰੂ ਤੋਂ ਪ੍ਰੇਮਾ-ਭਗਤੀ ਲੈ ਕੇ ਹਰੀ ਦੀ ਸੇਵਾ ਵਿੱਚ ਜੁਟੇ ਰਹਿੰਦੇ ਹਨ ।

ਸਲੋਕ ਮਃ ੧* ॥ ਰਾਤੀ ਕਾਲੁ[੧] ਘਟੈ ਦਿਨਿ ਕਾਲੁ ॥ ਛਿਜੈ[੨] ਕਾਇਆ ਹੋਇ ਪਰਾਲੁ[੩] ॥ [੪]ਵਰਤਣਿ ਵਰਤਿਆ ਸਰਬ ਜੰਜਾਲੁ ॥ ਭੁਲਿਆ ਚੁਕਿ ਗਇਆ ਤਪ ਤਾਲੁ[੫] ॥ ਅੰਧਾ ਝਖਿ ਝਖਿ ਪਇਆ ਝੇਰਿ[੬] ॥ [੭]ਪਿਛੈ ਰੋਵਹਿ ਲਿਆਵਹਿ ਫੇਰਿ ॥ ਬਿਨੁ ਬੂਝੇ ਕਿਛੁ ਸੂਝੈ ਨਾਹੀ ॥ ਮੋਇਆ ਰੋਂਹਿ ਰੋਂਦੇ ਮਰਿ ਜਾਂਹੀ ॥ ਨਾਨਕ ਖਸਮੈ ਏਵੈ ਭਾਵੈ ॥ ਸੇਈ ਮੁਏ ਜਿਨ ਚਿਤਿ ਨ ਆਵੈ ॥ ੧ ॥ ਮਃ ੧ ॥ ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ[੮] ॥ ਵੰਨੁ[੯] ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ ॥ ਕਿਥਹੁ ਆਇਆ ਕਹ ਗਇਆ [੧੦]ਕਿਹੁ ਨ ਸੀਓ ਕਿਹੁ ਸੀ ॥ ਮਨਿ ਮੁਖਿ ਗਲਾ ਗੋਈਆ[੧੧] ਕੀਤਾ ਚਾਉ ਰਲੀ[੧੨] ॥ ਨਾਨਕ ਸਚੇ ਨਾਮ ਬਿਨੁ [੧੩]ਸਿਰ ਖੁਰ ਪਤਿ ਪਾਟੀ ॥ ੨ ॥ ਪਉੜੀ ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ[੧੪] ॥ ਬਾਝੁ ਗੁਰੂ ਜਗਤੁ ਬਉਰਾਨਾ[੧੫] [੧੬]ਨਾਵੈ ਸਾਰ ਨ ਪਾਈ ॥ ਸਤਿਗੁਰੁ ਸੇਵਹਿ ਸੇ ਪਰਵਾਣੁ [੧੭]ਜਿਨ੍ ਜੋਤੀ ਜੋਤਿ ਮਿਲਾਈ ॥ ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥ ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥ ਬਿਖਿਆ[੧੮] ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥ ਦੂਜੈ ਸਭੁ ਕੋ ਲਗਿ ਵਿਗੁਤਾ[੧੯] ਬਿਨੁ ਸਤਿਗੁਰ ਬੂਝ ਨ ਪਾਈ ॥ ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ[੨੦] ॥ ੨੦ ॥ ਸਲੋਕ ਮਃ ੧† ॥ ਸਰਮੁ ਧਰਮੁ ਦੁਇ ਨਾਨਕਾ ਜੇ ਧਨੁ[੨੧] ਪਲੈ ਪਾਇ ॥ ਸੋ ਧਨੁ[੨੨] ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥ ਜਿਨ ਕੈ ਪਲੈ ਧਨੁ[੨੨] ਵਸੈ ਤਿਨ ਕਾ ਨਾਉ ਫਕੀਰ[੨੩] ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ [੨੪]ਗੁਣੀ ਗਹੀਰ ॥ ੧ ॥ ਮਃ ੧ ॥ ਦੁਖੀ ਦੁਨੀ ਸਹੇੜੀਐ[੨੫] ਜਾਇ ਤ ਲਗਹਿ ਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥ ਰੂਪੀ[੨੬] ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥ ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥ ੨ ॥ ਮਃ ੧ ॥ ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ [੨੭]ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ[੨੮] [੨੯]ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ[੩੦] ॥ ੩ ॥ ਮਃ ੧ ॥ ਲਖ ਮਣ ਸੁਇਨਾ ਲਖ ਮਣ ਰੁਪਾ[੩੧] ਲਖ ਸਾਹਾ ਸਿਰਿ ਸਾਹ ॥ ਲਖ ਲਸਕਰ ਲਖ ਵਾਜੇ ਨੇਜੇ [੩੨]ਲਖੀ ਘੋੜੀ ਪਾਤਿਸਾਹ ॥ ਜਿਥੈ ਸਾਇਰੁ[੩੩] ਲੰਘਣਾ ਅਗਨਿ ਪਾਣੀ ਅਸਗਾਹ[੩੪] ॥ ਕੰਧੀ[੩੫] ਦਿਸਿ ਨ ਆਵਈ ਧਾਹੀ[੩੬] ਪਵੈ ਕਹਾਹ[੩੭] ॥ ਨਾਨਕ [੩੮]ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥ ੪ ॥ ਪਉੜੀ ॥ ਇਕਨ੍ਾ ਗਲੀਂ ਜੰਜੀਰ [੩੯]ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥ ਲਿਖਿਆ ਪਲੈ ਪਾਇ ਸੋ ਸਚੁ

੧ ਸਮਾਂ । ਦਿਨ ਰਾਤ ਸਮਾਂ ਬੀਤਦਾ ਹੈ ।
੨ ਟੁੱਟਦੀ ਹੈ ।
੩ ਪਰਾਲੀ-ਵਤ ਨਿਕੰਮੀ ।
੪ ਸਾਰਾ ਸੰਸਾਰੀ ਝਮੇਲਾ ਵਰਤਣ ਵਿੱਚ ਵਰਤਿਆ ਗਿਆ । ਦੇਖੋ ਪੰਨਾ ੪੬੫, ਨੋਟ ੧੧ ।
੫ ਤਪ ਦਾ ਤਾਲ ਪੂਰਨਾ ਭੁੱਲ ਗਿਆ, ਖੁੰਝ ਗਿਆ, ਭਾਵ ਤਪ ਕਰਨ ਦਾ ਵੱਲ ਨਹੀਂ ਆਉਂਦਾ ।
੬ ਝੇੜੇ, ਝਗੜੇ (ਜਨਮ-ਮਰਨ ਦੇ) ਵਿੱਚ ।
੭ ਮਰਨ ਪਿੱਛੋਂ ਪਿਛਲੇ ਰੋਂਦੇ ਹਨ ਕਿ ਇਸ ਨੂੰ ਮੋੜ ਲਿਆਵੀਏ ।
੮ ਝਗੜੇ । ਮੌਤ ਨਾਲ ਮੋਹ-ਪਿਆਰ, ਵੈਰ-ਵਿਰੋਧ ਮੁੱਕ ਜਾਂਦੇ ਹਨ ।
੯ ਰੰਗ ।
੧੦ ਕੁਝ ਨਾ ਸੀ ਕੁਝ ਸੀ ਭੀ ? ਮਰਨ ਤੇ ਗੱਲਾਂ ਉਠਦੀਆਂ ਹਨ ਕਿ ਮਨੁੱਖ ਕਿਥੋਂ ਆਇਆ ਤੇ ਕਿਥੇ ਗਿਆ ? ਕੁਝ ਸੀ ਭੀ, ਕਿ ਕੁਝ ਨਾ ਸੀ?
੧੧ [ਫ਼ਾ. ਗੋ=ਆਖ] ਆਖੀਆਂ । ਮਨ ਤੇ ਮੁਖ ਦੁਆਰਾ ਗੱਲਾਂ ਬਣਾਂਦਿਆਂ ਹੀ ਲੰਘ ਗਈ ।
੧੨ ਰੰਗ-ਰਲੀਆਂ, ਮੌਜਾਂ ।
੧੩ ਸਿਰ ਤੋਂ ਪੈਰਾਂ ਤੱਕ ਭਾਵ ਸਾਰੀ ਦੀ ਸਾਰੀ ।
੧੪ ਸਹਾਈ, ਮਦਦਗਾਰ ।
੧੫ ਸੁਦਾਈ ਹੋਇਆ ਹੈ ।
੧੬ ਨਾਮ ਦੀ ਸੋਝੀ ਨਹੀਂ ਸੁ ।
੧੭ ਜਿਨ੍ਹਾਂ ਨੇ ਆਪਣੀ ਆਤਮ-ਜੋਤਿ ਹਰੀ ਦੀ ਪ੍ਰਮਾਤਮ-ਜੋਤਿ ਵਿੱਚ ਮਿਲਾ ਦਿੱਤੀ ਹੈ, ਭਾਵ ਜੋ ਹਰੀ ਨਾਲ ਇਕ-ਮਿਕ ਹੋ ਕੇ ਵਰਤਦੇ ਹਨ ।
੧੮ ਮਾਇਆ-ਰੂਪ ਜ਼ਹਿਰ ਨਾਲ ।
੧੯ ਨਾਸ ਹੋਇਆ (ਦੂਜੇ ਭਾਵ ਵਿੱਚ ਸਭ ਕੋਈ)।
੨੦ ਰਜ਼ਾ ਵਾਲਾ, ਵਾਹਿਗੁਰੂ ।
੨੧ ਨਾਮ-ਧਨ ।
੨੨ ਸੰਸਾਰੀ ਮਾਲ ਦੌਲਤ । ਉਹ ਧਨ ਮਿੱਤਰ ਨਹੀਂ ਅਖਵਾ ਸਕਦਾ, ਜਿਸ ਦੁਆਰਾ (ਅੰਤ ਜਾ ਕੇ) ਸਜ਼ਾ ਮਿਲਦੀ ਹੈ । ਜਿਨ੍ਹਾਂ ਪਾਸ ਇਹੋ ਜਿਹਾ ਧਨ ਹੁੰਦਾ ਹੈ, ਓਹ ਕੰਗਾਲ ਹਨ ।
੨੩ ਕੰਗਾਲ ।
੨੪ ਗੁਣਾਂ ਕਰ ਕੇ ਡੂੰਘੇ ।
੨੫ ਵਿਹਾਝੀ ਜਾਂਦੀ ਹੈ । ਮਾਇਆ ਦੁੱਖਾਂ ਨਾਲ ਇਕੱਠੀ ਕਰੀਦੀ ਹੈ ਅਤੇ ਜਦ ਚਲੀ ਜਾਂਦੀ ਹੈ ਤਾਂ ਭੀ ਦੁੱਖ ਲੱਗਦੇ ਹਨ ।
੨੬ ਸੁੰਦਰਤਾ ਦੁਆਰਾ ।
੨੭ ਜਿਥੇ ਪੱਥਰ ਦਾ ਲਾਇਆ ਬੰਨ੍ਹ ਵੀ ਟੁੱਟ ਜਾਵੇ ਉਥੇ ਚਿੱਕੜ ਥਪਿਆਂ ਕੀ ਬਣਦਾ ਹੈ ? ਭਾਵ ਨਿਕੰਮੇ ਸੰਸਾਰੀ ਸਾਧਨ (ਦਾਨ-ਪੁੰਨ ਆਦਿ) ਮਨ ਨੂੰ ਕਿਵੇਂ ਥਾਂ ਸਿਰ ਰੱਖ ਸਕਦੇ ਹਨ, ਜਾਂ ਹਰੀ ਨਾਲ ਜੁੜ ਸਕਦੇ ਹਨ ?
੨੮ ਲੱਕੜਾਂ ਜਾਂ ਤਖ਼ਤਿਆਂ ਦਾ ਬਣਿਆਂ ਹੋਇਆ ਆਸਰਾ ਜੋ ਨਦੀ ਵਿੱਚ ਬੇੜੀ ਦਾ ਕੰਮ ਦੇਂਦਾ ਹੈ ।
੨੯ ਹਾਥ ਨਹੀਂ ਲੱਭਦੀ, ਥਾਹ ਨਹੀਂ ਪਾਈਦਾ ।
੩੦ ਇਕੱਠੇ ਚੱਲਣ ਵਾਲੇ ਮੁਸਾਫ਼ਰ, ਪੂਰਾਂ ਦੇ ਪੂਰ।
੩੧ ਚਾਂਦੀ ।
੩੨ ਲੱਖਾਂ ਘੋੜਿਆਂ ਵਾਲਾ ਪਾਤਸ਼ਾਹ, ਭਾਵ ਉਹ ਪਾਤਸ਼ਾਹ ਜਿਸ ਪਾਸ ਕਈ ਰਸਾਲੇ ਹੋਣ ।
੩੩ ਸਮੁੰਦਰ । ੩੪ ਅਥਾਹ ।
੩੫ ਕਿਨਾਰਾ, ਕੰਢਾ ।
੩੬ ਢਾਹੀਂ ।
੩੭ ਹਾਇ ਹਾਇ ਦਾ ਸ਼ੋਰ ।
੩੮ ਓਥੇ ਪਤਾ ਲੱਗੂ ਕਿਹੜਾ ਅਸਲੀ ਸ਼ਾਹ ਹੈ ।
੩੯ ਬੰਦੀ ਰੱਬ ਦੀ ਵਿੱਚ ।

* **ਸ਼ਲੋਕ** : ਆਦਮੀ ਹੌਲੀ-ਹੌਲੀ ਉਮਰ ਬਿਤਾ ਕੇ ਮਰ ਜਾਂਦਾ ਹੈ ਅਤੇ ਜਿਹੜੇ ਝਗੜੇ-ਝਾਂਜੇ, ਵੈਰ-ਵਿਰੋਧ ਲੋਕਾਂ ਨਾਲ ਪਾਏ ਹੁੰਦੇ ਹਨ, ਉਹ ਭੀ ਮਰਨ ਨਾਲ ਮੁੱਕ ਜਾਂਦੇ ਹਨ । ਰਹਿੰਦਾ ਕੁਝ ਭੀ ਨਹੀਂ, ਸਿਵਾਏ ਹਰੀ ਨਾਮ ਦੀ ਪ੍ਰੀਤੀ ਦੇ । ਜੇ ਉਹ ਨਹੀਂ ਕੀਤੀ, ਤਾਂ ਸਾਰਾ ਜਨਮ ਹੀ ਵਿਅਰਥ ਜਾਂਦਾ ਹੈ । **ਪਉੜੀ** : ਨਾਮ ਹੀ ਅੰਤ ਵਿੱਚ ਸਹਾਈ ਹੁੰਦਾ ਹੈ । ਇਸ ਤੋਂ ਬਿਨਾਂ ਮਨੁੱਖ ਦਾ ਅਪਣੇ ਹੀ ਅਧਾਰ 'ਤੇ ਕੰਮ ਕਰੀ ਜਾਣਾ ਬੇਮਹਿਨੀ ਜ਼ਿੰਦਗੀ ਬਿਤਾਉਣੀ ਹੈ । ਇਸ ਵਿੱਚ ਨਾ ਕੋਈ ਰੱਜ ਹੁੰਦਾ ਹੈ, ਨਾ ਸ਼ਾਂਤੀ । ਗੁਰੂ ਮਿਲੇ ਤਾਂ ਹੀ ਸ਼ਾਂਤੀ ਮਿਲਦੀ ਹੈ, ਕਿਉਂਕਿ ਉਹ ਨਾਮ ਦਾਨ ਦੇ ਕੇ ਜੀਵਨ-ਜਾਚ ਸਿਖਾਂਦਾ ਹੈ ।

† **ਸ਼ਲੋਕ** : ਨਾਮ-ਧਨ ਹੀ ਅਸਲ ਧਨ ਹੈ, ਦੂਜਾ ਧਨ ਤਾਂ ਨਿਰਾ ਦੁੱਖ ਦੇਣ ਵਾਲਾ ਹੈ । ਇਸ ਵਿੱਚ ਲੱਗਿਆਂ ਮਨੁੱਖ ਮਾਦਾ-ਪ੍ਰਸਤ ਹੋ ਜਾਂਦਾ ਹੈ, ਜਿਸ ਨਾਲ ਸੰਸਾਰ ਦਾ ਕੋਈ ਬਾਨ੍ਹਣੂ ਨਹੀਂ ਬੱਝਦਾ । ਵੱਡੀਆਂ-ਵੱਡੀਆਂ ਪਾਤਸ਼ਾਹੀਆਂ ਤੇ ਸ਼ਾਹੀ ਠਾਠ-ਬਾਠ ਜ਼ਿੰਦਗੀ ਦੇ ਅਸਗਾਹ ਵਿੱਚੋਂ ਲੰਘਣ ਲਈ ਸਹਾਇਤਾ ਨਹੀਂ ਦੇ ਸਕਦੇ। **ਪਉੜੀ** : ਜੀਵਨ-ਜਾਚ ਤਾਂ ਸੱਚੇ ਹਰੀ ਨੂੰ ਪਛਾਣ ਕੇ ਸੱਚ ਨੂੰ ਅਮਲ ਵਿੱਚ ਲਿਆਉਣ ਨਾਲ ਆਉਂਦੀ ਹੈ । ਇਹ ਸਮਝ ਗੁਰ-ਸ਼ਬਦ ਤੋਂ ਮਿਲਦੀ ਹੈ ।

ਜਾਣੀਐ ॥ ਹੁਕਮੀ ਹੋਇ ਨਿਬੇੜੁ [੧]ਗਇਆ ਜਾਣੀਐ ॥ ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ ਚੋਰ ਜਾਰ[੨] ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ[੩] ਮਿਲੇ ਹੜ੍ਵਾਣੀਐ[੪] ॥ [੫]ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥ ੨੧ ॥ ਸਲੋਕ ਮਃ ੨* ॥ ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ[੬] ॥ ਇਲਤਿ[੭] ਕਾ ਨਾਉ ਚਉਧਰੀ [੮]ਕੂੜੀ ਪੂਰੇ ਥਾਉ ॥ ਨਾਨਕ [੯]ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥ ੧ ॥ ਮਃ ੧ ॥ [੧੦]ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਾ ਪੜ੍ਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥ ਸੋ ਪੜਿਆ ਸੋ ਪੰਡਿਤੁ ਬੀਨਾ[੧੧] ਜਿਨ੍ੀ ਕਮਾਣਾ ਨਾਉ ॥ [੧੨]ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥ ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਿ ਬੈਠੇ ਸੁਤੇ ॥ [੧੩]ਚਾਕਰ ਨਹਦਾ ਪਾਇਨ੍ਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ ॥ ੨ ॥ ਪਉੜੀ ॥ ਆਪਿ ਉਪਾਏ ਮੇਦਨੀ[੧੪] ਆਪੇ ਕਰਦਾ ਸਾਰ ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥ ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ ਭੈ ਤੇ ਸਹਜੁ[੧੫] ਪਾਈਐ ਮਿਲਿ ਜੋਤੀ ਜੋਤਿ ਅਪਾਰ ॥ ਭੈ ਤੇ ਭੈਜਲੁ[੧੬] ਲੰਘੀਐ ਗੁਰਮਤੀ ਵੀਚਾਰੁ ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥ ਮਨਮੁਖ ਭੈ ਕੀ ਸਾਰ ਨ ਜਾਣਨ੍ੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥ ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ [੧੭]ਉਰਿ ਧਾਰ ॥ ੨੨ ॥ ਸਲੋਕ ਮਃ ੧† ॥ [੧੮]ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ [੧੯]ਲਬੈ ਮਾਲੈ ਘੁਲਿ ਮਿਲਿ ਮਿਚਲਿ[੨੦] [੨੧]ਊਂਘੈ ਸਉੜਿ ਪਲੰਘੁ ॥ [੨੨]ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥ ੧ ॥ ਮਃ ੧ ॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ[੨੩] ਜਗੁ ਠਗਿਆ ਕਿਨੈ ਨ ਰਖੀ ਲਜ ॥ [੨੪]ਏਨਾ ਠਗਨ੍ਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ[੨੫] ਹੋਰਿ ਕੇਤੇ ਮੁਠੇ[੨੬] ਜਾਹਿ ॥ ੨ ॥ ਪਉੜੀ ॥ [੨੭]ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ[੨੮] ॥ ਅਉਘਟ[੨੯] ਰੁਧੇ[੩੦] ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥ ਗਹਿਰ ਗਭੀਰ ਅਥਾਹੁ [੩੧]ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥ ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ [੩੨]ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥ ੨੩ ॥ ਸਲੋਕ ਮਃ ੧ ॥

੧ ਇਸ ਗੱਲ ਦਾ ਅੱਗੇ ਜਾ ਕੇ ਪਤਾ ਲੱਗੇਗਾ 'ਨਾਨਕ ਗਇਆ ਜਾਪੈ ਜਾਇ' (ਜਪੁ) ।
੨ ਵਿਭਚਾਰੀ ।
੩ ਇਤਬਾਰ ਗੁਆਉਣ ਵਾਲਾ; ਚੁਗਲ ।
੪ ਹੱਥਕੜੀ ਨਾਲ । ਉਨ੍ਹਾਂ ਨੂੰ ਹੱਥਕੜੀ ਵਜਦੀ ਹੈ।
੫ ਜਿਹੜੇ ਗੁਰੂ ਦੇ ਰਾਹੀਂ ਸੱਚ ਰੂਪ ਹਰੀ ਨਾਲ ਮਿਲ ਰਹਿੰਦੇ ਹਨ ਓਹ ਦਰਗਾਹ ਵਿੱਚ ਮੰਨੇ ਜਾਂਦੇ ਹਨ।
੬ ਬਚਨ । ਇਸੀ ਪ੍ਰਕਾਰ ਕਲਜੁਗ ਵਿੱਚ ਬਚਨ ਹੋ ਰਹੇ ਹਨ ।
੭ ਸ਼ਰਾਰਤ ।
੮ ਜੋ ਝੂਠੀ ਇਸਤਰੀ ਹੈ ਉਹ ਮੁਹਰੇ ਥਾਂ ਰੋਕਦੀ ਹੈ, ਭਾਵ ਪ੍ਰਧਾਨ ਬਣਦੀ ਹੈ ।
੯ ਗੁਰਾਂ ਦੁਆਰਾ ਜਾਣੀਦਾ ਹੈ ਕਿ ਕਲਿਜੁਗ ਦਾ ਇਹੋ ਇਨਸਾਫ਼ ਹੈ ।
੧੦ ਹਰਨ ਦੇ ਬੱਚੇ ਨੂੰ ਗਿਝਾ ਕੇ ਛੱਡ ਦਿੰਦੇ ਹਨ ਉਹ ਆਪਣੇ ਹੋਰ ਸਾਥੀਆਂ ਨੂੰ ਲਿਆ ਫਸਾਉਂਦਾ ਹੈ, ਤਿਵੇਂ ਹੀ ਗਿੱਝੇ ਬਾਜ ਤੇ ਪੜ੍ਹੇ ਅਹਿਲਕਾਰ ਆਪਣੇ ਹੀ ਭਰਾਵਾਂ ਦਾ ਲਹੂ ਪੀਂਦੇ ਹਨ । ਇਹ ਚੰਗੇ ਪੜ੍ਹੇ ਹਨ । ਆਪਣੀ ਜ਼ਾਤ (ਭਰਾਵਾਂ) ਨੂੰ ਹੀ ਫਾਹੀ ਲੱਗੀ ਵਿੱਚ ਫਸਾਉਂਦੇ ਹਨ ।
੧੧ [ਫ਼ਾ. ਦੇਖਣ ਵਾਲਾ] ਸਿਆਣਾ ।
੧੨ ਪਹਿਲਾਂ ਰੁੱਖ ਦੀ ਜੜ੍ਹ ਜ਼ਮੀਨ ਵਿੱਚ ਜੰਮਦੀ ਹੈ, ਫਿਰ ਰੁੱਖ ਉੱਗ ਕੇ ਉੱਪਰ ਛਾਉਂ ਬਣਦੀ ਹੈ, ਸੋ ਪਹਿਲਾਂ ਅੰਦਰ ਨਾਮ ਬੀਜਣਾ ਚਾਹੀਦਾ ਹੈ ।
੧੩ ਨੌਕਰ (ਮੁਲਾਜ਼ਮ ਲੋਕ) ਨੌਂਧਰਾਂ ਨਾਲ ਜ਼ਖਮ ਲਾਂਦੇ ਹਨ, ਲੋਕਾਂ ਦਾ ਲਹੂ ਕੁੱਤਿਆਂ (ਮੁਕੱਦਮਾਂ) ਦੀ ਰਾਹੀਂ ਚੱਟ ਜਾਂਦੇ ਹਨ । ਜਿਥੇ ਛਾਣਬੀਨ ਹੋਵੇਗੀ ਉਥੇ ਇਨ੍ਹਾਂ ਬੇਇਤਬਾਰਿਆਂ ਦੇ ਨੱਕ ਵੱਢੇ ਜਾਣਗੇ।
੧੪ [ਸੰ.] ਸ੍ਰਿਸ਼ਟੀ ।
੧੫ ਪੂਰਨ ਅਡੋਲਤਾ ਅਤੇ ਗਿਆਨ ਵਾਲੀ ਹਾਲਤ।
੧੬ ਡਰ ਦਾ ਸਮੁੰਦਰ, ਇਹ ਸੰਸਾਰ ।
੧੭ ਦਿਲ ਵਿੱਚ ਧਰ ਕੇ । ਕਈ ਵਾਰੀ ਤੁਕ ਦਾ ਅੰਤਲਾ ਅੱਖਰ ਲਗ-ਰਹਿਤ ਛੱਡਿਆ ਜਾਂਦਾ ਹੈ, ਜਿਵੇਂ ਇਥੇ 'ਧਾਰ' ਤੇ ਉਤੇ 'ਮੋਖਦੁਆਰ' ।
੧੮ ਕਾਮ ਦਾ ਰੂਪ ਨਾਲ ਤੇ ਭੁੱਖ ਦਾ ਸੁਆਦ ਨਾਲ ਸੰਬੰਧ ਹੈ । ਦੇਖੋ, ਭਾਈ ਗੁਰਦਾਸ, ਵਾਰ ੨੭, ਪੌੜੀ ੫ ।
੧੯ ਲਬ ਵਾਲਾ ਧਨ ਨਾਲ ਘੁਲ-ਮਿਲ ਕੇ ਇਕ ਰੂਪ ਹੋਇਆ ਹੁੰਦਾ ਹੈ ।
੨੦ ਅਭੇਦ ।
੨੧ ਸੌਣ ਵਾਲੇ ਨੂੰ ਸੌੜੀ ਥਾਂ ਹੀ ਪਲੰਘ ਹੈ ।
੨੨ ਕੋਪ (ਕ੍ਰੋਧ) ਭਉਂਕਦਾ ਹੈ । ਕ੍ਰੋਧ ਦੀ ਬਕਵਾਸ ਨਾਲ ਦੋਸਤੀ ਹੈ, ਉਹ ਖੁਆਰ ਹੁੰਦਾ ਹੈ ਤੇ ਅੰਨ੍ਹਾ ਹੋ ਕੇ ਫਕੜੀ ਪਿੱਟਦਾ ਹੈ (ਬਕਵਾਸ ਕਰਦਾ ਹੈ)।
੨੩ ਠੱਗਾਂ ਨੇ ।
੨੪ ਇਨ੍ਹਾਂ ਨੂੰ ਓਹ ਠੱਗ ਠੱਗਦੇ ਹਨ ਜੋ ਗੁਰੂ ਦੀ ਪੈਰੀਂ ਪੈਂਦੇ ਹਨ ।
੨੫ ਬਿਨਾਂ ।
੨੬ ਲੁੱਟੇ ।
੨੭ ਪੜ੍ਹਿਆ ਹੋਇਆ ਲੇਖਾ ਦੇਣਹਾਰ ਹੈ, ਜ਼ਿਮੇਵਾਰ ਹਸਤੀ ਹੈ ।
੨੮ ਤੰਗ ਹੁੰਦਾ ਹੈ ।
੨੯ ਔਖੇ ।
੩੦ ਰੋਕੇ । ਔਖੇ ਰਾਹ 'ਤੇ ਰੋਕੇ ਹਨ ।
੩੧ ਥਾਹ ਨਹੀਂ ਪਾਈ ਜਾਂਦੀ ('ਹਾਥ' ਇਸਤ੍ਰੀ-ਲਿੰਗ ਹੈ)।
੩੨ ਹੁਕਮ ਵਿੱਚ ਸਾਸ-ਗਿਰਾਸ ਦੇਂਦਾ ਜਾਣੀਦਾ ਹੈ। ਸਾਸ-ਗਿਰਾਸ= ਜ਼ਿੰਦਗੀ ਤੇ ਰੋਜ਼ੀ ।

* **ਸ਼ਲੋਕ** : (ਉਸ ਸਮੇਂ ਦੇ ਉਲਟੇ ਹਾਲਾਤ ਦਾ ਜ਼ਿਕਰ ਕਰ ਕੇ ਸਮਝਾਉਂਦੇ ਹਨ)। ਸਮੇਂ ਦਾ ਪ੍ਰਭਾਵ ਉਲਟਾ ਪੈ ਰਿਹਾ ਹੈ; ਲੋਕੀਂ ਸੰਸਾਰੀ ਚਤੁਰਾਈ ਤੇ ਸ਼ਰਾਰਤ ਨੂੰ ਸਿਆਣਪ ਤੇ ਵਡਿਆਈ ਸਮਝ ਰਹੇ ਹਨ । ਸੰਸਾਰੀ ਪ੍ਰਤਿਭਾ ਤੋਂ ਫ਼ਾਇਦਾ ਉਠਾ ਕੇ ਮਨੁੱਖ, ਮਨੁੱਖ ਉਤੇ ਧੱਕਾ ਕਰ ਰਿਹਾ ਹੈ । ਹਰੀ ਦਾ ਨਾਮ, ਅਸਲ ਵਡਿਆਈ ਦਾ ਮੂਲ ਹੈ, ਲੋਕਾਂ ਨੇ ਵਿਸਾਰ ਦਿੱਤਾ ਹੈ । **ਪਉੜੀ** : ਵੱਡ ਸਾਹਿਬੀ ਦੇ ਮਾਣ ਨੂੰ ਛੱਡ ਕੇ ਹਰੀ ਦੇ ਭੈ ਵਿੱਚ ਹੋਵੀਏ, ਤਾਂ ਭਰਮ ਦੂਰ ਹੋ ਕੇ ਨਾਮ ਦਾ ਪਿਆਰ ਅੰਦਰ ਆ ਵਸਦਾ ਹੈ । ਇਹ ਭੈ ਗੁਰੂ ਤੋਂ ਸਿਖੀਦਾ ਹੈ ।

† **ਸ਼ਲੋਕ** : ਕਈ ਲੋਕ ਕਾਮ, ਤ੍ਰਿਸ਼ਨਾ, ਲੱਬ, ਸੁਸਤੀ, ਕ੍ਰੋਧ ਵਿੱਚ ਫਸੇ ਰਹਿੰਦੇ ਹਨ ਅਤੇ ਕਈ ਰਾਜ ਮਾਲ ਰੂਪ ਜਾਤਿ ਅਭਿਮਾਨ ਅਤੇ ਜੋਬਨ ਦੇ ਧੋਖੇ ਵਿੱਚ ਲੱਗੇ ਰਹਿੰਦੇ ਹਨ । ਬਚ ਕੇ ਕੇਵਲ ਉਹੀ ਰਹਿੰਦੇ ਹਨ ਜੋ ਗੁਰੂ ਦੇ ਹੋ ਕੇ ਵਿਚਰਦੇ ਹਨ । **ਪਉੜੀ** : ਪੜ੍ਹਿਆਂ ਹੋਇਆਂ ਦੀ ਜ਼ਿਮੇਵਾਰੀ ਸਭ ਤੋਂ ਵਧੀਕ ਹੈ ਜੇ ਇਹ ਭੀ ਨਾਮ ਤੋਂ ਸੱਖਣੇ ਹੋਣ ਤਾਂ ਬਹੁਤ ਤੰਗ ਹੋਣਗੇ । ਸਿਆਣਪ ਤੇ ਵਡਿਆਈ ਇਸੇ ਵਿੱਚ ਹੈ ਕਿ ਆਪਣੇ ਆਪ ਨੂੰ ਗੁਰੂ ਦੀ ਸ਼ਰਨ ਵਿੱਚ ਸੁੱਟ ਦੇਣ ਤੇ ਹੁਕਮੀ ਬੰਦੇ ਬਣ ਕੇ ਰਹਿਣ ।

*[੧]ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥
ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥ ਇਕਨਾ ਵਡੀ
ਆਰਜਾ[੨] ਇਕਿ ਮਰਿ ਹੋਹਿ ਜਹੀਰ[੩] ॥ ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ
ਸਦਾ ਫਿਰਹਿ ਫਕੀਰ[੪] ॥ ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥
ਸਭੁ ਕੋ [੫]ਨਥੈ ਨਥਿਆ ਬਖਸੇ ਤੋੜੇ ਨਥ ॥ [੬]ਵਰਨਾ ਚਿਹਨਾ ਬਾਹਰਾ ਲੇਖੇ
ਬਾਝੁ ਅਲਖੁ ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥ [੭]ਕਰਣਾ
ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ ਅਕਥ ਕੀ ਕਥਾ ਸੁਣੇਇ[੮] ॥
[੯]ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥ ੧ ॥ ਮਃ ੧ ॥ [੧੦]ਅਜਰੁ ਜਰੈ
ਤ ਨਉ ਕੁਲ ਬੰਧੁ ॥ [੧੧]ਪੂਜੈ ਪ੍ਰਾਣ ਹੋਵੈ ਥਿਰੁ ਕੰਧੁ ॥ [੧੨]ਕਹਾਂ ਤੇ ਆਇਆ
ਕਹਾਂ ਏਹੁ ਜਾਣੁ ॥ ਜੀਵਤ ਮਰਤ ਰਹੈ ਪਰਵਾਣੁ ॥ ਹੁਕਮੈ ਬੂਝੈ ਤਤੁ ਪਛਾਣੈ ॥
ਇਹੁ ਪਰਸਾਦੁ[੧੩] ਗੁਰੂ ਤੇ ਜਾਣੈ ॥ ਹੋਂਦਾ[੧੪] ਫੜੀਅਗੁ ਨਾਨਕ ਜਾਣੁ ॥ ਨਾ ਹਉ
[੧੫]ਨਾ ਮੈ ਜੂਨੀ ਪਾਣੁ ॥ ੨ ॥ ਪਉੜੀ ॥ ਪੜ੍ਹੀਐ ਨਾਮੁ ਸਾਲਾਹ [੧੬]ਹੋਰਿ ਬੁਧੀਂ
ਮਿਥਿਆ ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥ ਅੰਤੁ ਨ ਪਾਰਾਵਾਰੁ ਨ
ਕਿਨਹੀ ਪਾਇਆ ॥ ਸਭੁ ਜਗੁ ਗਰਬਿ[੧੭] ਗੁਬਾਰੁ ਤਿਨ ਸਚੁ ਨ ਭਾਇਆ ॥
ਚਲੇ ਨਾਮੁ ਵਿਸਾਰਿ ਤਾਵਣਿ[੧੮] ਤਤਿਆ ॥ [੧੯]ਬਲਦੀ ਅੰਦਰਿ ਤੇਲੁ ਦੁਬਿਧਾ
ਘਤਿਆ ॥ ਆਇਆ ਉਠੀ ਖੇਲੁ ਫਿਰੈ ਉਵਤਿਆ[੨੦] ॥ ਨਾਨਕ [੨੧]ਸਚੈ ਮੇਲੁ
ਸਚੈ ਰਤਿਆ ॥ ੨੪ ॥ ਸਲੋਕ ਮਃ ੧† ॥ ਪਹਿਲਾਂ ਮਾਸਹੁ ਨਿੰਮਿਆ[੨੨] ਮਾਸੈ
ਅੰਦਰਿ ਵਾਸੁ ॥ [੨੩]ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ
ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ[੨੪] ॥ ਮੁਹੁ ਮਾਸੈ ਕਾ
ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ
ਆਇਆ ਮਾਸੁ[੨੫] ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ [੨੬]ਆਪਿ ਛੁਟੇ
ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥ ੧ ॥ ਮਃ ੧ ॥ ਮਾਸੁ ਮਾਸੁ ਕਰਿ
ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ
ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ
ਕੀਏ ਦੇਵਤਿਆ ਕੀ ਬਾਣੇ[੨੭] ॥ [੨੮]ਮਾਸੁ ਛੋਡਿ ਬੈਸਿ ਨਕੁ ਪਕੜਹਿ
ਰਾਤੀ ਮਾਣਸ ਖਾਣੇ ॥ ਫੜੁ[੨੯] ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ
ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ
ਬੂਝੈ ॥ ਅੰਧਾ ਸੋਇ ਜਿ ਅੰਧੁ ਕਮਾਵੈ [੩੦]ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ [੩੧]ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ

੧ ਪਵਨ ਆਦਿਕ ਤੱਤ ਤੇ ਜੀਵਾਤਮਾ ਮਿਲ ਕੇ ਜੀਵ ਬਣਾ ਦਿੱਤਾ । ਉਸ ਨੂੰ ਕਈ ਖੁਸ਼ੀਆਂ ਤੇ ਪੀੜਾਂ ਹੁੰਦੀਆਂ ਹਨ ।

੨ ਉਮਰ ।

੩ [ਅ.] ਦੁਖੀ । ੪ ਕੰਗਾਲ ।

੫ ਹੁਕਮ ਦੀ ਨੱਥ ਨਾਲ ਨੱਥਿਆ ਹੈ, ਜਦ ਬਖ਼ਸ਼ਦਾ ਹੈ ਤਦ ਤੋੜਦਾ ਹੈ ।

੬ ਉਹ ਆਪ ਰੰਗ-ਰੂਪ ਤੋਂ ਬਿਨਾਂ ਹੈ, ਉਸ ਦੇ ਕਰਮਾਂ ਦਾ ਲੇਖਾ ਨਹੀਂ ਹੁੰਦਾ, ਉਹ ਸਾਡੀ ਸਮਝ ਤੋਂ ਪਰੇ ਹੈ ।

੭ ਕਰਨਾ ਤੇ ਕਹਿਣਾ ਸਭ ਉਸੇ ਦੀ ਕਾਰ ਹੈ, ਪਰ ਉਹ ਆਪ ਬਿਆਨ ਨਹੀਂ ਹੋ ਸਕਦਾ ।

੮ ਜੇ ਸੁਣੋ । ੯ ਕਰਾਮਾਤੀ ਤਾਕਤਾਂ ।

੧੦ ਆਤਮ-ਰਸ ਜੋ ਅਜਰ ਵਸਤੂ ਹੈ, ਉਸ ਨੂੰ ਜਰਿਆਂ ਨੌਂ ਗੋਲਕਾਂ ਨੂੰ ਰੋਕ ਦਿੰਦਾ ਹੈ । ਨਉ ਕੁਲ= ਨੌਂ ਗੋਲਕਾਂ ਨੱਕ, ਮੂੰਹ ਆਦਿ ।

੧੧ ਸੁਆਸ ਸੁਆਸ ਜਪੇ ਤਾਂ ਕੰਧ (ਸਰੀਰ) ਸਥਿਰ ਹੁੰਦਾ ਹੈ ।

੧੨ ਕਿਥੋਂ ਆਇਆ ਤੇ ਕਿਥੇ ਜਾਣਾ ਹੈ, ਇਹ ਝਗੜਾ ਅਤੇ ਜਨਮ-ਮਰਨ ਮੁੱਕ ਜਾਂਦਾ ਹੈ ਤੇ ਮਨੁੱਖ ਪਰਵਾਨ ਹੋ ਜਾਂਦਾ ਹੈ ।

੧੩ ਕਿਰਪਾ ।

੧੪ ਜੋ ਕਹੇ 'ਮੈਂ ਹਾਂ', ਭਾਵ ਹੰਕਾਰੀ । ਹੰਕਾਰੀ ਫੜਿਆ ਜਾਂਦਾ ਹੈ ।

੧੫ ਨਾ ਜੂਨੀ ਪੈਂਦਾ ਹੈ । ਦੇਖੋ ਪੰਨਾ ੭੯੦, ਨੋਟ ੧੭ ।

੧੬ ਹੋਰ ਅਕਲਾਂ ਝੂਠੀਆਂ ਹਨ ।

੧੭ ਹੰਕਾਰ ਵਿੱਚ । ੧੮ ਕੜਾਹੀ ।

੧੯ ਉਸ ਬਲਦੀ ਕੜਾਹੀ ਵਿੱਚ ਦੁਬਿੱਧਾ ਦਾ ਤੇਲ ਘਤਦੇ ਹਨ ।

੨੦ ਅਵੈੜਾ । ਸੰਸਾਰ ਵਿੱਚ ਜੰਮਦਾ ਹੈ, ਫਿਰ ਮਰ ਜਾਂਦਾ ਹੈ, ਤੇ ਸਾਰੀ ਉਮਰ ਅਵੈੜਾ ਹੀ ਭੌਂਦਾ ਰਹਿੰਦਾ ਹੈ ।

੨੧ ਜੇ ਸੱਚੇ ਵਿੱਚ ਰਤਾ ਹੈ, ਉਸ ਦਾ ਸੱਚੇ ਨਾਲ ਮੇਲ ਹੈ ।

੨੨ ਬੀਰਜ ਦਾ ਪੇਟ ਵਿੱਚ ਟਿਕਣਾ ।

੨੩ ਜਦੋਂ ਜਾਨ ਪਈ ।

੨੪ ਗਿਰਾਹੀ, ਭੋਜਨ ਲਈ ।

੨੫ ਭਾਵ ਇਸਤਰੀ ।

੨੬ ਆਪਣੇ ਯਤਨਾਂ ਨਾਲ ਨਹੀਂ ਛੁਟੀਦਾ, ਸਗੋਂ ਇਨ੍ਹਾਂ ਗੱਲਾਂ ਨਾਲ ਨਾਸ ਹੁੰਦਾ ਹੈ ।

੨੭ ਸੁਭਾਵ ਅਨੁਸਾਰ ਇਹ ਮੰਨਿਆਂ ਜਾਂਦਾ ਹੈ ਕਿ ਦੇਵਤਿਆਂ ਦਾ ਸੁਭਾਵ ਮਾਸ 'ਤੇ ਰੀਝਦਾ ਹੈ, ਇਸ ਲਈ ਯੱਗਾਂ ਸਮੇਂ ਗੈਂਡੇ ਦੇ ਮਾਸ ਦੀ ਅਹੂਤੀ ਦੇਂਦੇ ਸਨ ।

੨੮ ਜਿਹੜੇ ਮਾਸ ਖਾਣਾ ਛੱਡ ਦੇਂਦੇ ਹਨ ਅਤੇ ਜਦੋਂ ਨੇੜੇ ਬਹਿਣਾ ਪਏ ਤਾਂ ਨੱਕ ਫੜ ਲੈਂਦੇ ਹਨ ਕਿ ਬੋ ਆਂਵਦੀ ਹੈ, ਓਹੀ ਰਾਤ ਨੂੰ ਮਨੁੱਖਾਂ ਨੂੰ ਖਾ ਜਾਂਦੇ ਹਨ ।

੨੯ ਪਖੰਡ, ਦੰਭ ।

੩੦ ਉਸ ਦੇ ਦਿਲ ਅੰਦਰ ਉਹ ਅੱਖਾਂ (ਗਿਆਨ ਦੀਆਂ) ਨਹੀਂ ।

੩੧ ਪੈਦਾ ਹੋਏ ਹਨ, ਪਰ ਮੱਛੀ ਦਾ ਮਾਸ ਨਹੀਂ ਖਾਂਦੇ।

* **ਸ਼ਲੋਕ** : ਤਰ੍ਹਾਂ-ਤਰ੍ਹਾਂ ਦਾ ਸੰਸਾਰ ਹਰੀ ਨੇ ਆਪਣੇ ਹੁਕਮ ਵਿੱਚ ਨਥਿਆ ਹੋਇਆ ਹੈ । ਜੇ ਇਸ ਹੁਕਮ ਨੂੰ ਸਮਝ ਲਈਏ ਤਾਂ ਸੁਖ ਰਹਿੰਦਾ ਹੈ । ਇਹ ਹੁਕਮ ਗੁਰੂ ਤੋਂ ਬੁਝੀਦਾ ਹੈ । **ਪਉੜੀ** : ਸਭ ਬੁੱਧੀ ਦਾ ਹੰਕਾਰ ਛੱਡ ਕੇ ਇਕ ਹਰੀ ਨੂੰ ਯਾਦ ਕਰਨਾ ਚਾਹੀਦਾ ਹੈ ।

† ਇਹ ਦੋ ਸ਼ਲੋਕ ਕੁਰਖੇਤ੍ਰ ਤੀਰਥ ਤੇ ਪੰਡਿਤ ਨਾਨੂ ਪ੍ਰਤੀ ਉਚਾਰੇ । ਗੁਰੂ ਸਾਹਿਬ ਨੇ ਉਸ ਸਮੇਂ ਮਾਸ ਰਿੰਨ੍ਹਿਆ ਤੇ ਪਾਂਡੇ ਨਾਰਾਜ਼ ਹੋ ਕੇ ਗੁਰੂ ਜੀ 'ਤੇ ਹਮਲਾ ਕਰਨ ਲਈ ਆਏ । ਗੁਰੂ ਜੀ ਬੜੇ ਧੀਰਜ ਤੇ ਵਿਚਾਰ ਭਰੇ ਢੰਗ ਨਾਲ ਹਾਸ-ਰਸ ਵਿੱਚ ਉਨ੍ਹਾਂ ਦੇ ਫੋਕਟ ਨਿਸਚਿਆਂ ਦੇ ਬਖੀਏ ਉਧੇੜਦੇ ਹਨ।

ਸਮੁੱਚਾ ਭਾਵ : ਸ਼ਲੋਕ : ਉੱਪਰ ਹੋਛੀ ਮਤਿ ਨੂੰ ਛੱਡ ਕੇ ਸਹੀ ਮਤਿ ਅਖਤਿਆਰ ਕਰਨਾ ਦੱਸਿਆ ਸੀ ਜੋ ਸੱਚੇ ਗੁਰੂ ਤੋਂ ਮਿਲ ਸਕਦੀ ਹੈ । ਇਥੇ ਪੰਡਿਤਾਂ ਦੇ ਇਕ ਭੁਲੇਖੇ ਨੂੰ ਦੂਰ ਕਰਦੇ ਹਨ । ਓਹ ਮਾਸ ਖਾਣ ਨੂੰ ਬੁਰਾ ਸਮਝਦੇ ਹਨ । ਗੁਰੂ ਜੀ ਉਨ੍ਹਾਂ ਨੂੰ ਦੱਸਦੇ ਹਨ ਕਿ ਮਾਸ ਇਕ ਅਜਿਹੀ ਵਸਤੂ ਹੈ ਜਿਸ ਨਾਲ ਸਾਨੂੰ ਹਰ ਵੇਲੇ ਵਾਸਤਾ ਪੈਂਦਾ ਹੈ, ਅਸੀਂ ਇਸ ਨੂੰ ਕਿਸੇ ਨਾ ਕਿਸੇ ਸ਼ਕਲ ਵਿੱਚ ਜ਼ਰੂਰ ਵਰਤਦੇ ਹਾਂ । ਫਿਰ ਪੰਡਿਤਾਂ ਦੀਆਂ ਧਾਰਮਕ ਪੁਸਤਕਾਂ ਵਿੱਚ ਇਸ ਦੇ ਖਾਣ ਦਾ ਜ਼ਿਕਰ ਆਉਂਦਾ ਹੈ, ਇਕ ਨਿੰਦਤ ਚੀਜ਼ ਦੇ ਤੌਰ 'ਤੇ ਨਹੀਂ, ਸਗੋਂ ਦੇਵਤਿਆਂ ਦੀ ਮਨ-ਪਸੰਦ ਚੀਜ਼ ਦੇ ਤੌਰ 'ਤੇ । ਜੇ ਇਹ ਦਲੀਲ ਦਿੱਤੀ ਜਾਏ ਕਿ ਮਾਸ ਖਾਣ ਨਾਲ ਜੀਵ ਹੱਤਿਆ ਹੁੰਦੀ ਹੈ ਅਤੇ ਸਾਗ ਖਾਣ ਨਾਲ ਨਹੀਂ ਤਾਂ ਭੀ ਠੀਕ ਨਹੀਂ ਕਿਉਂਕਿ ਜ਼ਿੰਦਗੀ ਦਾ ਮੂਲ ਮਾਦੀ ਕਾਰਣ ਤਾਂ ਪਾਣੀ ਹੈ, ਜਿਸ ਤੋਂ ਅੰਨ ਫਲ ਆਦਿ ਖਾਣ ਦੀਆਂ ਚੀਜ਼ਾਂ ਪੈਦਾ ਹੁੰਦੀਆਂ ਹਨ । ਜੇ ਪੂਰਨ ਵੈਸ਼ਨਵ ਬਣਨਾ ਹੈ ਤਾਂ ਇਹ ਚੀਜ਼ਾਂ ਭੀ ਛੱਡ ਦਿਉ । **ਪਉੜੀ** : ਇਹ ਸਮਝ ਸੱਚੇ ਗੁਰ-ਸ਼ਬਦ ਤੋਂ ਹੀ ਆ ਸਕਦੀ ਹੈ ।

ਨਿਸਿ[੧] ਮੇਲਾ ਓਥੈ ਮੰਧੁ[੨] ਕਮਾਹੀ ॥ ਮਾਸਹੁ ਨਿੰਮੇ[੩] ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ [੪]ਬਾਹਰ ਕਾ ਮਾਸੁ ਮੰਦਾ ਸੁਆਮੀ [੫]ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ[੬] ਲਇਆ ਵਾਸੇਰਾ ॥ [੭]ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ [੮]ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ[੯] ॥ [੧੦]ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ[੧੧] ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ [੧੨]ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ [੧੩]ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ[੧੪] ॥ ਤੋਇਅਹੁ[੧੫] ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ[੧੬] ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ[੧੭] ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥ ੨ ॥ ਪਉੜੀ ॥ ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥ ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥ ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥ ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥ ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥ ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ[੧੮] ਜਿਨੀ ਰਚਾਇਆ ॥ ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥ ੨੫ ॥ ਸਲੋਕ ਮਃ ੧[*] ॥ ਨਾਨਕ [੧੯]ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ ॥ ਸਭ ਕਾਰਣ ਕਰਤਾ ਕਰੇ [੨੦]ਜਿਸੁ ਖਵਾਲੇ ਤਿਸੁ ॥ ੧ ॥ ਮਃ ੨ ॥ ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥ [੨੧]ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥ ੨ ॥ ਪਉੜੀ ॥ [੨੨]ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ॥ ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ॥ [੨੩]ਕਾਲੁ ਚਲਾਏ ਬੰਨਿ ਕੋਇ ਨ ਰਖਸੀ ॥ [੨੪]ਜਰੁ ਜਰਵਾਣਾ ਕੰਨਿ੍ ਚੜਿਆ ਨਚਸੀ ॥ ਸਤਿਗੁਰੁ ਬੋਹਿਥੁ ਬੇੜੁ[੨੫] ਸਚਾ ਰਖਸੀ ॥ [੨੬]ਅਗਨਿ ਭਖੈ ਭੜਹਾੜੁ[੨੭] ਅਨਦਿਨੁ[੨੮] ਭਖਸੀ ॥ ਫਾਥਾ ਚੁਗੈ ਚੋਗ ਹੁਕਮੀ ਛੁਟਸੀ ॥ ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥ ੨੬ ॥ ਸਲੋਕ ਮਃ ੧[†] ॥ [੨੯]ਘਰ ਮਹਿ ਘਰੁ ਦੇਖਾਇ

੧ ਰਾਤ ਨੂੰ ।
੨ ਮੰਦ । ਭਾਵ ਮਾਸ ਨਾਲ ਹੀ ਭੋਗ ਕਰਦੇ ਹਨ।
੩ ਦੇਖੋ, ਪਿਛਲੇ ਪੰਨੇ ਦਾ ਨੰ : ੨੨ ।
੪ ਬੱਕਰੇ ਆਦਿ ਤੋਂ ਬਾਹਰੋਂ ਲਿਆਂਦਾ ਮਾਸ ।
੫ ਇਸਤਰੀ, ਪੁੱਤ, ਧੀਆਂ ।
੬ ਜੀਵ ਅੰਦਰ, ਮਾਂ ਦੇ ਪੇਟ ਅੰਦਰ ।
੭ ਜਿਨ੍ਹਾਂ ਦਾ ਗੁਰੂ ਅੰਨ੍ਹਾ ਹੁੰਦਾ ਹੈ, ਉਹ ਨਾ ਖਾਣ ਵਾਲੀ ਚੀਜ਼, ਭਾਵ ਹਰਾਮ ਖਾਂਦੇ ਹਨ ਤੇ ਖਾਣ ਵਾਲੀ ਮਾਸ ਆਦਿਕ ਚੀਜ਼ ਛੱਡ ਦਿੰਦੇ ਹਨ ।
੮ ਪੁਰਾਣਾਂ ਵਿੱਚ ਮਾਸ ਖਾਣਾ ਆਉਂਦਾ ਹੈ, ਮੁਸਲਮਾਨਾਂ ਦੀਆਂ ਪੁਸਤਕਾਂ ਵਿੱਚ ਭੀ ਮਾਸ ਖਾਣਾ ਆਉਂਦਾ ਹੈ ।
੯ ਵਰਤਿਆ ਜਾਂਦਾ ਰਿਹਾ ਹੈ ।
੧੦ ਯੱਗਾਂ ਵਿੱਚ, ਵਿਆਹ ਕਾਰਜਾਂ ਵਿੱਚ ਤਾਂ ਸੋਹਣਾ ਲੱਗਦਾ ਹੈ; ਇਨ੍ਹਾਂ ਮੌਕਿਆਂ 'ਤੇ ਮਾਸ ਵਰਤੀਂਦਾ ਆਇਆ ਹੈ ।
੧੧ ਪੈਦਾ ਹੁੰਦੇ ਹਨ ।
੧੨ ਦਾਨ ਦੇਣ ਵਾਲਾ ਨਰਕ ਨੂੰ ਤੇ ਲੈਣ ਵਾਲਾ ਸਵਰਗਾਂ ਨੂੰ ਜਾਏਗਾ । ਦੇਖੋ ਐਸਾ ਜ਼ੁਲਮ ।
੧੩ ਬਹੁਤਾ ਚਾਤਰ ।
੧੪ ਪੈਦਾ ਹੋਇਆ ।
੧੫ ਪਾਣੀ ਤੋਂ ।
੧੬ ਗਿਣੀਦਾ ਹੈ (ਤ੍ਰਿਭਵਣ ਪਾਣੀ ਤੋਂ ਹੋਇਆ) ।
੧੭ ਤਬਦੀਲੀ । ਪਾਣੀ ਤਾਂ ਪੰਡਿਤ ਦੇ ਖਿਆਲ ਅਨੁਸਾਰ ਬੜਾ ਪਵਿੱਤਰ ਹੈ, ਪਰ ਕਿਉਂਕਿ ਇਹ ਜਲ ਵੀ ਆਪਣੀ ਸ਼ਕਲ ਬਦਲ ਕੇ ਅਨੇਕ ਰਸ ਬਣ ਜਾਂਦਾ ਹੈ ਤੇ ਮਾਸ ਆਦਿ ਸਭ ਚੀਜ਼ਾਂ ਇਸ ਤੋਂ ਹੋਈਆਂ ਹਨ, ਇਸ ਲਈ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਛੱਡਣ ਨਾਲ ਪੰਡਿਤ ਅਸਲ ਤਿਆਗੀ (ਵੈਸ਼ਨੋ) ਹੋ ਸਕਦਾ ਹੈ, ਪਰ ਕਿਉਂਕਿ ਛੱਡ ਨਹੀ ਸਕਦਾ, ਇਸ ਲਈ ਪੰਡਿਤ ਦਾ ਸਾਰਾ ਪੱਖ ਗ਼ਲਤ ਹੈ ।
੧੮ ਵਿਖਾਵਾ ਭੇਖਾਂ ਦਾ । ਉਨ੍ਹਾਂ ਬਾਜ਼ਾਰੀਆਂ ਵਾਸਤੇ ਆਵਾ ਗਵਨ ਹੈ, ਜਿਨ੍ਹਾਂ ਨੇ ਇਹ ਬਾਜ਼ਾਰ (ਵਖਾਵਾ) ਬਣਾਇਆ ਹੋਇਆ ਹੈ ।
੧੯ ਸੰਸਾਰ ਦੇ ਕਰਮ ਇਕ ਬਿਰਛ ਰੂਪ ਹਨ, ਜਿਸ ਨੂੰ ਸੁਖ-ਦੁੱਖ ਰੂਪ ਅੰਮ੍ਰਿਤ ਤੇ ਜ਼ਹਿਰ ਦੋ ਫਲ ਲੱਗੇ ਹਨ ।
੨੦ ਜਿਸ ਨੂੰ ਜੋ ਫਲ ਖਵਾਂਦਾ ਹੈ, ਉਹੋ ਉਹ ਖਾਂਦਾ ਹੈ ।
੨੧ ਇਨ੍ਹਾਂ ਸੜੀਆਂ ਹੋਈਆਂ ਨੇ ।
੨੨ ਹਰ ਇਕ ਦਾ ਆਪੋ ਆਪਣਾ ਫੈਸਲਾ ਹੋਣਾ ਹੈ ਅਤੇ ਹਰ ਇਕ ਨੂੰ ਹੁਕਮ ਵਿੱਚ ਚਲਾਉਂਦਾ ਹੈ।
੨੩ ਬੰਨ੍ਹ ਕੇ ਨਾਲ-ਨਾਲ ਲੈ ਜਾਵੇਗਾ ।
੨੪ ਜ਼ਾਲਮ ਬੁਢੇਪਾ ਮੋਢੇ ਚੜ੍ਹ ਨੱਚਦਾ ਹੈ ।
੨੫ ਬੇੜਾ ।
੨੬ ਵਿਸ਼ੇ-ਵਿਕਾਰਾਂ ਦੀ ਅੱਗ ਦਾ ਭਾਂਬੜ ਦਿਨ-ਰਾਤ ਸਾੜ ਰਿਹਾ ਹੈ ।
੨੭ ਭਾਂਬੜ ।
੨੮ ਹਰ ਰੋਜ਼, ਨਿੱਤ ।
੨੯ ਹਿਰਦੇ-ਘਰ ਵਿੱਚ ਹਰੀ ਦਾ ਵਾਸਾ ਦਿਖਾਵੇ ।

* **ਸ਼ਲੋਕ** : ਕਰਮ ਅਸੀਂ ਕਰਦੇ ਹਾਂ, ਪਰ ਫਲ ਹਰੀ ਆਪ ਦਿੰਦਾ ਹੈ । ਆਪਣੇ ਕਰਮਾਂ ਤੋਂ ਪ੍ਰਾਪਤ ਕੀਤੀਆਂ ਵਡਿਆਈਆਂ ਹਾਸਲ ਕਰ ਕੇ ਮਨੁੱਖ ਹਰੀ ਨੂੰ ਵਿਸਰ ਜਾਂਦਾ ਹੈ । **ਪਉੜੀ** : ਪਰ ਹੁੰਦਾ ਉਹੀ ਹੈ ਜੋ ਹਰੀ ਨੂੰ ਭਾਵੇ ।

† **ਸ਼ਲੋਕ** : ਗੁਰੂ ਮਨੁੱਖ ਨੂੰ ਮਨ ਵਿੱਚ ਹਰੀ ਦਾ ਵਾਸਾ ਦਿਖਾ ਦਿੰਦਾ ਹੈ । ਇਹ ਦਰਸ਼ਨ ਹਰੀ ਦੇ ਵਿਸਮਾਦੀ ਹਨ । ਪਰ ਮਨੁੱਖ ਦੁਨੀਆਂ ਦੇ ਚਮਤਕਾਰ ਦੇਖਦਾ, ਇਨ੍ਹਾਂ ਦਰਸ਼ਨਾਂ ਨੂੰ ਭੁੱਲ ਜਾਂਦਾ ਹੈ ਤੇ ਫ਼ਾਨੀ ਚੀਜ਼ਾਂ ਨੂੰ ਅਮਰ ਜਾਣ ਕੇ ਮੌਤ ਨੂੰ ਚੇਤੇ ਨਹੀਂ ਕਰਦਾ । ਜੇ ਆਪਣੀ ਅਤੇ ਸੰਸਾਰ ਦੀ ਬਣਤਰ ਨੂੰ ਸਮਝੇ, ਤਾਂ ਉਸ ਨੂੰ ਪਤਾ ਲੱਗੇ ਕਿ ਇਹ ਕੱਚੀ ਹੈ ਤੇ ਇਸ ਦੇ ਰਸ ਜ਼ਹਿਰੀਲੇ ਹਨ, ਸਾੜਨ ਵਾਲੇ ਹਨ, ਇਕ ਨਾਮ ਹੀ ਠੰਢਾ ਕਰਨ ਵਾਲਾ ਅੰਮ੍ਰਿਤ ਹੈ । **ਪਉੜੀ** : ਸਾਰਾ ਪਸਾਰਾ ਹੈਰਾਨ ਕਰਨ ਵਾਲਾ ਹੈ । ਇਸ ਨੂੰ ਗੁਰੂ ਹੀ ਬਿਆਨ ਕਰ ਸਕਦਾ ਹੈ ਅਤੇ ਗਿਆਨ ਦੇ ਕੇ ਸਮਝਾ ਸਕਦਾ ਹੈ ।

ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ[੧] ॥ [੨]ਪੰਚ ਸਬਦ ਧੁਨਿਕਾਰ[੩] ਧੁਨਿ ਤਹ ਬਾਜੈ ਸਬਦੁ ਨੀਸਾਣੁ[੪] ॥ [੫]ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ [੬]ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ [੭]ਸੁਖਮਨ ਕੈ ਘਰਿ ਰਾਗੁ ਸੁਨਿ [੮]ਸੁੰਨਿ ਮੰਡਲਿ ਲਿਵ ਲਾਇ ॥ ਅਕਥ ਕਥਾ ਬੀਚਾਰੀਐ [੯]ਮਨਸਾ ਮਨਹਿ ਸਮਾਇ ॥ [੧੦]ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥ [੧੧]ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ [੧੨]ਸਭਿ ਸਖੀਆ [੧੩]ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥ ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥ ੧ ॥ ਮਃ ੧ ॥ ਚਿਲਿਮਿਲਿ[੧੪] ਬਿਸੀਆਰ ਦੁਨੀਆ ਫਾਨੀ ॥ [੧੫]ਕਾਲੂਬਿ ਅਕਲ ਮਨ ਗੋਰ ਨ ਮਾਨੀ ॥ ਮਨ[੧੬] ਕਮੀਨ[੧੭] ਕਮਤਰੀਨ[੧੮] ਤੂ ਦਰੀਆਉ ਖੁਦਾਇਆ ॥ ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ ॥ ਪੁਰਾਬ[੧੯] ਖਾਮ ਕੂਜੈ ਹਿਕਮਤਿ ਖੁਦਾਇਆ ॥ ਮਨ ਤੁਆਨਾ[੨੦] ਤੂ ਕੁਦਰਤੀ ਆਇਆ ॥ [੨੧]ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ ॥ ਆਤਸ[੨੨] ਦੁਨੀਆ ਖੁਨਕ[੨੩] ਨਾਮੁ ਖੁਦਾਇਆ ॥ ੨ ॥ ਪਉੜੀ ਨਵੀ[੨੪] ਮਃ ੫ ॥ [੨੫]ਸਭੋ ਵਰਤੈ ਚਲਤੁ ਚਲਤੁ ਵਖਾਣਿਆ ॥ ਪਾਰਬ੍ਰਹਮੁ ਪਰਮੇਸਰੁ [੨੬]ਗੁਰਮੁਖਿ ਜਾਣਿਆ ॥ ਲਥੇ ਸਭਿ ਵਿਕਾਰ [੨੭]ਸਬਦਿ ਨੀਸਾਣਿਆ ॥ ਸਾਧੂ ਸੰਗਿ ਉਧਾਰੁ ਭਏ ਨਿਕਾਣਿਆ[੨੮] ॥ ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥ ਪਰਗਟੁ ਭਇਆ ਸੰਸਾਰਿ [੨੯]ਮਿਹਰ ਛਾਵਾਣਿਆ ॥ ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥ ਨਾਨਕ ਲਏ ਮਿਲਾਇ ਖਸਮੈ ਭਾਣਿਆ ॥ ੨੭ ॥ ਸਲੋਕ ਮਃ ੧* ॥ ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ[੩੦] ਧਨੁ ਮਸੁ[੩੧] ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥ ੧ ॥ ਮਃ ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨ ॥ ਪਉੜੀ ॥ ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥ ਤੇਰੀ [੩੨]ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ[੩੩] ਅਗਮੁ ਹੈ ਗੁਰਮਤਿ ਦਿਖਾਈ ॥ ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥ ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ [੩੪]ਰਵਿਆ ਸਭ ਠਾਈ ॥ ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥ ੨੮ ॥ ੧ ॥ ਸੁਧੁ[੩੫]

੧ ਸਿਆਣਾ ।
੨ ਦੇਖੋ ਪੰਨਾ ੧੨੦੧, ਨੋਟ ੬ ।
੩ ਇਕ ਰਸ ਧੁਨੀ ।
੪ ਧੌਂਸਾ (ਸ਼ਬਦ-ਰੂਪ) ।
੫ ਉਸ ਅਵਸਥਾ ਵਾਲੇ ਨੂੰ ਇਹ ਸਾਰੇ ਹੈਰਾਨ ਕਰਦੇ ਹਨ ।
੬ ਬਾਜਿਆਂ ਦੀ ਡੂੰਘੀ ਘਨਘੋਰ ਹੈ ਤੇ ਸੱਚੇ ਤਖ਼ਤ 'ਤੇ ਹਰੀ ਬੈਠਾ ਹੈ (ਪੂਰਨ ਆਤਮ ਅਨੰਦ ਪ੍ਰਾਪਤ ਹੋਇਆ ਹੈ)। ਤਾਰ=ਉੱਚੀ ਸੁਰ ।
੭ ਭਾਵ ਮਿਲਾਪ ਅਵਸਥਾ ਜਿਥੇ ਇੜਾ ਤੇ ਪਿੰਗੁਲਾ ਸੁਰਾਂ ਮਿਲਦੀਆਂ ਹਨ । ਦੇਖੋ ਪੰਨਾ ੯੭੩, ਨੋਟ ੩ ।
੮ ਅਫੁਰ ਅਵਸਥਾ ਵਿੱਚ ।
੯ ਦੇਖੋ ਪੰਨਾ ੧੧੩੨, ਨੋਟ ੮ ।
੧੦ ਮਾਇਆ ਵੱਲੋਂ ਉਲਟ ਕੇ ਹਿਰਦਾ ਰੂਪ ਕਮਲ ਅੰਮ੍ਰਿਤ ਨਾਲ ਭਰਿਆ ਹੈ ।
੧੧ ਉਸ ਮੁੱਢਲੀ ਹਸਤੀ (ਹਰੀ) ਵਿੱਚ ਲੀਨ ਰਹਿਣ ਕਰ ਕੇ ਬਿਨਾਂ ਜੀਭ ਹਿਲਾਏ ਉਸ ਨੂੰ ਯਾਦ ਕਰਦਾ ਰਹਿੰਦਾ ਹੈ ।
੧੨ ਇੰਦਰੇ-ਰੂਪ ਸਖੀਆਂ ।
੧੩ ਸਤ, ਸੰਤੋਖ, ਦਇਆ, ਧਰਮ, ਧੀਰਜ ਇਹ ਪੰਜ ਸਤੋ ਗੁਣ ਇੰਦ੍ਰਿਆਂ ਨੂੰ ਮਿਲ ਗਏ ਹਨ। ਭਾਵ ਗਿਆਨ ਇੰਦ੍ਰਿਆਂ ਨੂੰ ਇਹ ਸ਼ੁਭ ਗੁਣ ਮਿਲ ਗਏ ਹਨ ਅਤੇ ਗੁਰੂ ਦੁਆਰਾ ਆਪਣੇ ਅਸਲੀ ਘਰ (ਹਰੀ ਦੀ ਹਜ਼ੂਰੀ) ਵਿੱਚ ਵਾਸਾ ਹੋ ਗਿਆ ਹੈ ।
੧੪ ਚਮਤਕਾਰ । ਦੁਨੀਆਂ ਦਾ ਚਮਤਕਾਰ ਬਹੁਤ ਹੈ ਬਿਜਲੀ ਦੀ ਚਮਕ ਵਾਂਗ, ਪਰ ਹੈ ਛੇਤੀ ਹੀ ਨਾਸ ਹੋ ਜਾਣ ਵਾਲਾ ।
੧੫ [ਅ. ਕਲੂਬ ਫਿਰ ਜਾਣ ਵਾਲਾ, ਉਲਟਾ] ਪਰ ਮੇਰੀ ਉਲਟੀ ਮਤ ਵਾਲੇ ਮਨ ਨੇ ਮੌਤ ਨੂੰ ਨਹੀਂ ਮੰਨਿਆ।
੧੬ [ਫ਼ਾ.] ਮੈਂ ।
੧੭ ਕਮੀਨਾ ।
੧੮ [ਫ਼ਾ.] ਸਭ ਤੋਂ ਘਟੀਆ ।
੧੯ [ਫ਼ਾ.] ਪੁਰ ਆਬ=ਪਾਣੀ ਨਾਲ ਭੀ ਭਰਿਆ ਖ਼ਾਮ (ਕੱਚਾ) ਕੂਜਾ ਭਾਵ ਸਰੀਰ ਵੀ ਪਾਣੀ ਨਾਲ ਭਰਿਆ ਹੈ । ਇਹ ਉਸ ਦੀ ਹਿਕਮਤ ਹੈ ।
੨੦ [ਫ਼ਾ.] ਕਰ ਸਕਣ ਜੋਗਾ, ਤਾਕਤਵਰ । ਮੈਂ ਕੁਝ ਕਰਨ ਜੋਗਾ ਤੇਰੀ ਤਾਕਤ ਨਾਲ ਹੁੰਦਾ ਹਾਂ।
੨੧ ਨਾਨਕ ਤੇਰੇ ਦਰ ਦਾ ਸਗ (ਕੁੱਤਾ) ਹੈ ਤੇ ਮਸਤਾਨਾ ਹੈ ਤੇ ਇਹ ਮਸਤੀ ਨਿੱਤ ਵਧਦੀ ਹੈ ।
੨੨ [ਫ਼ਾ.] ਅੱਗ । ਇਹ ਦੁਨੀਆਂ ਅੱਗ ਹੈ ਤੇ ਤੇਰਾ ਨਾਮ ਠੰਢਾ ਹੈ ।
੨੩ ਠੰਢਾ ।
੨੪ ਇਹ ਪੌੜੀ ਪੰਜਵੇਂ ਪਾਤਸ਼ਾਹ ਨੇ ਆਪਣੇ ਵੱਲੋਂ ਨਵੀਂ ਪਾਈ ਹੈ, ਹੋਰ ਪਹਿਲੀ ਪਾਤਸ਼ਾਹੀ ਦੀਆਂ ਸਨ ।
੨੫ ਹਰੀ ਸਾਰਾ ਤਮਾਸ਼ਾ ਹੋ ਕੇ ਵਰਤ ਰਿਹਾ ਹੈ, ਬਿਆਨ ਵੀ ਤਮਾਸ਼ਾ ਕਰ ਕੇ ਹੁੰਦਾ ਹੈ (ਹੋਰ ਕਿਵੇਂ ਬਿਆਨ ਕਰੀਏ ?)
੨੬ ਗੁਰੂ ਦੁਆਰਾ ਜਾਣਿਆ ਜਾਂਦਾ ਹੈ ।
੨੭ ਸ਼ਬਦ ਰੂਪ ਧੌਂਸਾ ਵੱਜਣ ਨਾਲ ।
੨੮ ਬੇ-ਮੁਥਾਜ਼ੇ ।
੨੯ ਮੇਹਰ ਦਾ ਸਾਇਬਾਨ ।
੩੦ ਦਵਾਤ । ੩੧ ਸਿਆਹੀ ।
੩੨ ਤੇਰੀ ਪਹੁੰਚ ਤੇ ਮਿਣਤੀ ਜਾਂ ਅੰਦਾਜ਼ਾ ।
੩੩ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੩੪ ਸਭ ਥਾਂ ਵਿਆਪਕ ਹੈਂ ।
੩੫ ਅਸਲ ਨਾਲ ਮੇਲ ਕੇ ਠੀਕ ਕੀਤੀ ਹੋਈ ।

* **ਸ਼ਲੋਕ** : ਹਰੀ ਨਾਮ ਦੀ ਸਿਫ਼ਤ ਲਿਖਣੀ ਸਭ ਤੋਂ ਉੱਤਮ ਕੰਮ ਹੈ । ਸਿਫ਼ਤ ਕਰਦਿਆਂ ਭੀ ਮਨੁੱਖ ਨੂੰ ਚਾਹੀਦਾ ਹੈ ਕਿ ਇਹੋ ਮਹਿਸੂਸ ਕਰੇ ਮੈਥੋਂ ਕੁਝ ਨਹੀਂ ਹੋ ਰਿਹਾ, ਹਰੀ ਆਪ ਹੀ ਕਰ ਕਰਾ ਰਿਹਾ ਹੈ। **ਪਉੜੀ** : ਹਰੀ ਸਭ ਕੁਝ ਆਪ ਹੀ ਹੈ, ਜਿਸ ਕੋਲੋਂ ਚਾਹੇ ਗੁਣ ਗਵਾ ਸਕਦਾ ਹੈ ।

ਰਾਗੁ ਮਲਾਰ ਬਾਣੀ ਭਗਤ [੧]ਨਾਮਦੇਵ ਜੀਉ ਕੀ ॥ ੧ੴ ਸਤਿਗੁਰ ਪ੍ਰਸਾਦਿ ॥
[*]ਸੇਵੀਲੇ[੨] ਗੋਪਾਲ ਰਾਇ ਅਕੁਲ[੩] ਨਿਰੰਜਨ ॥ ਭਗਤਿ ਦਾਨੁ ਦੀਜੈ ਜਾਚਹਿ[੫]
ਸੰਤ ਜਨ ॥ ੧ ॥ ਰਹਾਉ ॥ ਜਾਂ ਚੈ[੬] ਘਰਿ ਦਿਗ[੭] ਦਿਸੈ[੮] ਸਰਾਇਚਾ[੯] ਬੈਕੁੰਠ
ਭਵਨ ਚਿਤ੍ਰਸਾਲਾ[੧੦] ਸਪਤ ਲੋਕ [੧੧]ਸਾਮਾਨਿ ਪੂਰੀਅਲੇ ॥ ਜਾਂ ਚੈ[੬] ਘਰਿ
ਲਛਿਮੀ ਕੁਆਰੀ[੧੨] ਚੰਦੁ ਸੂਰਜੁ ਦੀਵੜੇ[੧੩] ਕਉਤਕੁ ਕਾਲੁ ਬਪੁੜਾ ਕੋਟਵਾਲੁ
ਸੁਕਰਾ ਸਿਰੀ ॥ ਸੁ ਐਸਾ ਰਾਜਾ ਸ੍ਰੀ ਨਰਹਰੀ[੧੪] ॥ ੧ ॥ ਜਾਂ ਚੈ ਘਰਿ ਕੁਲਾਲੁ[੧੫]
ਬ੍ਰਹਮਾ [੧੬]ਚਤੁਰ ਮੁਖੁ ਡਾਂਵੜਾ[੧੭] ਜਿਨਿ [੧੮]ਬਿਸ੍ਵ ਸੰਸਾਰੁ ਰਾਚੀਲੇ ॥ ਜਾਂ ਕੈ
ਘਰਿ ਈਸਰੁ ਬਾਵਲਾ[੧੯] ਜਗਤ ਗੁਰੂ [੨੦]ਤਤ ਸਾਰਖਾ ਗਿਆਨੁ ਭਾਖੀਲੇ ॥
ਪਾਪੁ ਪੁੰਨੁ ਜਾਂ ਚੈ ਡਾਂਗੀਆ[੨੧] ਦੁਆਰੈ ਚਿਤ੍ਰ ਗੁਪਤੁ ਲੇਖੀਆ[੨੨] ॥ ਧਰਮ
ਰਾਇ ਪਰੁਲੀ[੨੩] ਪ੍ਰਤਿਹਾਰੁ[੨੪] ॥ ਸੋ ਐਸਾ ਰਾਜਾ ਸ੍ਰੀ ਗੋਪਾਲੁ ॥ ੨ ॥ ਜਾਂ ਚੈ
ਘਰਿ ਗਣ[੨੫] ਗੰਧਰਬ[੨੬] ਰਿਖੀ ਬਪੁੜੇ ਢਾਢੀਆ [੨੭]ਗਾਵੰਤ ਆਛੈ ॥ ਸਰਬ
ਸਾਸਤ੍ਰ ਬਹੁ ਰੂਪੀਆ[੨੮] ਅਨਗਰੂਆ[੨੯] ਆਖਾੜਾ ਮੰਡਲੀਕ ਬੋਲ ਬੋਲਹਿ
ਕਾਛੇ ॥ [੩੦]ਚਉਰ ਢੂਲ ਜਾਂ ਚੈ ਹੈ ਪਵਣੁ ॥ [੩੧]ਚੇਰੀ ਸਕਤਿ ਜੀਤਿ ਲੇ ਭਵਣੁ ॥
[੩੨]ਅੰਡ ਟੂਕ ਜਾ ਚੈ ਭਸਮਤੀ ॥ ਸੋ ਐਸਾ ਰਾਜਾ ਤ੍ਰਿਭਵਣ ਪਤੀ ॥ ੩ ॥ ਜਾਂ
ਚੈ ਘਰਿ ਕੂਰਮਾ[੩੩] ਪਾਲੁ[੩੪] ਸਹਸ੍ਰ ਫਨੀ ਬਾਸਕੁ ਸੇਜ ਵਾਲੂਆ[੩੫] ॥ [੩੬]ਅਠਾਰਹ
ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ [੩੭]ਮੇਘ ਮਾਲਾ ਪਾਣੀਹਾਰੀਆ ॥
[੩੮]ਨਖ ਪ੍ਰਸੇਵ ਜਾ ਚੈ ਸੁਰਸਰੀ ॥ ਸਪਤ ਸਮੁੰਦ ਜਾਂ ਚੈ ਘੜਥਲੀ[੩੯] ॥ [੪੦]ਏਤੇ
ਜੀਅ ਜਾਂ ਚੈ ਵਰਤਣੀ ॥ ਸੋ ਐਸਾ ਰਾਜਾ [੪੧]ਤ੍ਰਿਭਵਣ ਧਣੀ ॥ ੪ ॥ ਜਾਂ ਚੈ
ਘਰਿ [੪੨]ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ[੪੩]
ਸਿਧ ਬੁਧ [੪੪]ਗਣ ਗੰਧਰਬ ਬਾਨਵੈ ਹੇਲਾ[੪੫] ॥ ਏਤੇ ਜੀਅ ਜਾਂ ਚੈ ਹਹਿ
ਘਰੀ[੪੬] ॥ ਸਰਬ ਬਿਆਪਕ ਅੰਤਰ ਹਰੀ ॥ ਪ੍ਰਣਵੈ[੪੭] ਨਾਮਦੇਉ [੪੮]ਤਾਂ ਚੀ
ਆਣਿ ॥ ਸਗਲ ਭਗਤ ਜਾ ਚੈ ਨੀਸਾਣਿ[੪੯] ॥ ੫ ॥ ੧ ॥ ਮਲਾਰ † ॥ ਮੋ
ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥ ੧ ॥
ਰਹਾਉ ॥ [੫੦]ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ[੫੧] ॥
[੫੨]ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ[੫੩] ॥ ੧ ॥ ਮੂਏ
ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ[੫੪] ॥ ਏ ਪੰਡੀਆ[੫੫] ਮੋ
ਕਉ ਢੇਢ[੫੬] ਕਹਤ [੫੭]ਤੇਰੀ ਪੈਜ ਪਿਛੰਉਡੀ ਹੋਇਲਾ ॥ ੨ ॥ ਤੂ ਜੁ ਦਇਆਲੁ
ਕ੍ਰਿਪਾਲੁ ਕਹੀਅਤੁ ਹੈਂ [੫੮]ਅਤਿਭੁਜ ਭਇਓ ਅਪਾਰਲਾ ॥ [੫੯]ਫੇਰਿ ਦੀਆ

(੧੨੯੨)

੧ ਦੇਖੋ ਪੰਨਾ ੧੧੬੩, ਨੋਟ ੨੪ ।
੨ ਸੇਵੇ, ਪੂਜੇ । ੩ ਕੁਲ ਰਹਿਤ ।
੪ ਮਾਇਆ ਤੋਂ ਬੇਲਾਗ ।
੫ ਮੰਗਦੇ ਹਨ । ੬ ਜਿਸ ਦੇ ।
੭ ਦਿਸ਼ਾ, ਤਰਫ਼ਾਂ । ੮ ਦਿੱਸਦਾ ਹੈ ।
੯ [ਫ਼ਾ. ਸਰਾਚਹ] ਤੰਬੂ । ਜਿਸ ਦੇ ਘਰ ਦਿਸ਼ਾ ਦਾ ਬਣਿਆ ਤੰਬੂ ਦਿਸਦਾ ਹੈ ।
੧੦ ਤਸਵੀਰਾਂ ਨਾਲ ਸਜਿਆ ਮਹਿਲ ।
੧੧ (ਸੱਤਾਂ ਲੋਕਾਂ ਵਿੱਚ) ਇਕੋ ਜਿਹਾ ਵਿਆਪਕ ਹੈ ।
੧੨ ਸਦਾ ਜਵਾਨ ।
੧੩ ਵਿਚਾਰਾ ਕਾਲ ਜਿਸ ਦਾ ਕੌਤਕ (ਤਮਾਸ਼ੇ ਕਰਨ ਵਾਲਾ । ਦੇਖੋ ਪੰਨਾ ੧੦੮੧, ਨੋਟ ੩੦) ਹੈ, ਅਤੇ ਸ੍ਰੀ ਸ਼ੁਕਰ ਜਿਸ ਦਾ ਕੋਤਵਾਲ ਹੈ । ਸ਼ੁਕਰ=ਭ੍ਰਿਗੂ ਰਿਖੀ ਦਾ ਪੁੱਤ੍ਰ ਅਤੇ ਦੈਂਤਾਂ ਦਾ ਗੁਰੂ ।
੧੪ [ਨਰਸਿੰਘ] ਵਾਹਿਗੁਰੂ ।
੧੫ ਘੁਮਿਆਰ ।
੧੬ ਚਾਰ ਮੂੰਹਾਂ ਵਾਲਾ (ਬ੍ਰਹਮਾ) ।
੧੭ ਡੋਲਣ ਵਾਲਾ, ਸੱਚੇ ਘੜਨ ਵਾਲਾ ।
੧੮ ਸਾਰਾ ਸੰਸਾਰ ਬਣਾਇਆ ਹੈ ।
੧੯ ਝੱਲਾ ਜਿਹਾ, ਕਿਉਂਕਿ ਵਿਭੂਤ ਆਦਿ ਲਾ ਕੇ ਝੱਲਿਆਂ ਵਾਲਾ ਰੂਪ ਬਣਾਇਆ ਹੁੰਦਾ ਹੈ ।
੨੦ ਸ਼ਿਵ ਅਸਲ ਗਿਆਨ ਦੇਣ ਵਾਲਾ ਹੈ, ਕਿਉਂ ਜੋ ਮੌਤ ਦਾ ਚੇਤਾ ਕਰਵਾਂਦਾ ਹੈ ।
੨੧ ਚੋਬਦਾਰ ।
੨੨ ਲਿਖਾਰੀ, ਮੁਨੀਮ । ਪਾਪ-ਪੁੰਨ ਦੇ ਲਿਖਾਰੀ ਚਿਤ੍ਰ-ਗੁਪਤ ਉਸ ਦੇ ਦਰਵਾਜ਼ੇ 'ਤੇ ਚੋਬਦਾਰ ਹਨ ।
੨੩ ਪਰਲੋ ਕਰਨ ਵਾਲਾ ।
੨੪ ਦਰਬਾਨ ਜੋ ਅਨਧਿਕਾਰੀ ਨੂੰ ਅੰਦਰ ਜਾਣੋਂ ਰੋਕਦਾ ਹੈ ਦੇਖੋ ਪੰਨਾ ੧੧੬੩ ਨੋਟ ੭ ।
੨੫ ਦੇਵਤਿਆਂ ਦੇ ਸੇਵਕ ।
੨੬ ਸ੍ਵਰਗ ਦੇ ਗਵੱਯੇ।
੨੭ ਗਾ ਰਹੇ ਹਨ । ੨੮ ਨਟ ।
੨੯ ਨਾ ਵੱਡਾ, ਛੋਟਾ । ਇਨ੍ਹਾਂ ਸ਼ਾਸਤਰਾਂ ਨੇ (ਲੋਕ ਫਸਾਉਣ ਲਈ) ਨਿੱਕਾ ਜਿਹਾ ਅਖਾੜਾ ਰਚਿਆ ਹੈ ਅਤੇ ਮੰਡਲੀਕ (ਸਾਧਾਂ ਦੀਆਂ ਮੰਡਲੀਆਂ) ਉਨ੍ਹਾਂ ਵਿੱਚੋਂ ਸੁੰਦਰ ਬਚਨ ਬੋਲਦੀਆਂ ਹਨ ।ਕਾਛੇ=ਛਾਂਟੇ ਹੋਏ, ਸੋਹਣੇ ।
੩੦ ਚੋਰੀ ਕਰਨ ਵਾਲੀ ।
੩੧ ਮਾਇਆ ਸ਼ਕਤੀ ਜਿਸ ਨੇ ਭਵਨ ਜਿੱਤੇ ਹਨ ਚੇਲੀ ਹੈ ।
੩੨ ਅੰਡੇ ਦਾ ਟੁਕੜੇ (ਭਾਵ ਪ੍ਰਿਥਵੀ ਤੇ ਅਕਾਸ਼) ਉਸ ਦਾ ਭਸਮਤੀ (ਚੁਲ੍ਹਾ) ਹਨ ।
੩੩ ਕਛੂ-ਕੁਮਾ । ੩੪ ਪਲੰਘ ।
੩੫ ਤਣੀਆਂ, ਸੇਜ-ਬੰਦ, ਦਾਵਣ । ਹਜ਼ਾਰ ਫਣਾਂ ਵਾਲਾ ਨਾਗ ਜਿਸ ਦਾ ਸੇਜ-ਬੰਦ ਹੈ ।
੩੬ ਦੇਖੋ ਪੰਨਾ ੮੩੪, ਫੁਟ ਨੋਟ* ।
੩੭ ਮੇਘਾਂ (ਬੱਦਲਾਂ) ਦੀਆਂ ਕਤਾਰਾਂ ਪਾਣੀ ਭਰਨ ਵਾਲੀਆਂ ਹਨ ।
੩੮ ਨੌਂਹਾਂ ਦਾ ਮੁੜ੍ਹਕਾ, ਜਿਸ ਦੀ ਗੰਗਾ ਹੈ ।
੩੯ ਘੜੇਥਨੀ (ਘੜਿਆਂ ਦੀ ਥਾਂ) ।
੪੦ ਸਾਰੇ ਜੀਵ ਉਸ ਦੀ ਵਰਤਣ (ਘਰ ਦੀ ਵਸਿੱਤਰ) ਹਨ ।
੪੧ ਤਿੰਨਾਂ ਲੋਕਾਂ ਦਾ ਮਾਲਕ ।
੪੨ ਬਹੁਤ ਨੇੜੇ ਰਹਿਣ ਵਾਲਾ, ਮੁਸਾਹਿਬ ।
੪੩ ਇਕ ਰਿਖੀ ਹੋਇਆ ਹੈ ।
੪੪ ਬਾਨਵੇਂ ਗਣ ਗੰਧਰਬ ।
੪੫ ਖੇਲ, ਲੀਲ੍ਹਾ (ਪਾਉਣ ਵਾਲੇ) ਹਨ ।
੪੬ ਘਰ ਵਿੱਚ । ੪੭ ਕਹਿੰਦਾ ਹੈ ।
੪੮ ਉਸ ਦੀ ਸ਼ਰਨ ਵਿੱਚ ।
੪੯ ਨਿਸ਼ਾਨੀਆਂ ਉਸ ਦੀ ਵਡਿਆਈ ਦੱਸਣ ਲਈ।
੫੦ ਘਰ ਵਾਲਿਆਂ, ਭਾਵ ਮੰਦਰ ਵਾਲਿਆਂ ਨੂੰ ਜੋ ਇਹ ਭਰਮ ਹੈ ਕਿ ਉਹ ਮਾਲਕ ਹਨ (ਨਾਮਦੇਵ ਜੀ ਨੂੰ ਮੰਦਰ ਵਿੱਚੋਂ ਕੱਢ ਦਿੱਤਾ ਗਿਆ, ਉਸ ਪਰਥਾਇ ਫ਼ਰਮਾਂਦੇ ਹਨ)।
੫੧ ਕੋਪਵਾਨ, ਗੁੱਸੇ ਹੋਏ ਹਨ ।
੫੨ ਸ਼ੂਦਰ ਸ਼ੂਦਰ ਕਹਿ ਕੇ ।
੫੩ ਵਾਹਿਗੁਰੂ । ਦੇਖੋ ਪੰਨਾ ੧੧੯੬, ਨੋਟ ੪ ।
੫੪ ਕੋਈ ਵੀ । ੫੫ ਪੰਡਤ ਲੋਕ ।
੫੬ ਨੀਚ ।
੫੭ ਤੇਰੀ ਹੀ ਪੈਜ ਪਿੱਛੇ ਪੈਂਦੀ ਹੈ, ਇੱਜ਼ਤ ਘਟਦੀ ਹੈ ।
੫੮ ਲੰਮੀਆਂ ਬਾਹਵਾਂ ਵਾਲਾ ।
੫੯ ਜਿਧਰ ਨਾਮਦੇਵ ਜੀ ਬੈਠੇ ਸਨ, ਉਧਰ ਦੇਹੁਰਾ ਫਿਰ ਕੇ ਸਨਮੁੱਖ ਹੋ ਗਿਆ ।

* ਹਰੀ ਦੀ ਅਪਾਰ ਵਡਿਆਈ ਦੱਸਦੇ ਹਨ । ਦੇਖੋ ਇਸੇ ਤਰ੍ਹਾਂ ਦਾ ਸ਼ਬਦ ਭੈਰਉ, ਕਬੀਰ, ਅਸ਼ਟਪਦੀ ਦੂਜੀ, ਪੰਨਾ ੧੧੬੨-੧੧੬੩ ਉੱਤੇ, ਭੈਰਉ ਨਾਮਦੇਵ, ਫੁਟ ਨੋਟ ‡ ਵਾਲਾ ਸ਼ਬਦ ।

† ਦੇਹੁਰੇ ਦੇ ਪੰਡਤਾਂ ਵੱਲੋਂ ਹੋਈ ਨਿਰਾਦਰੀ ਵੱਲ ਧਿਆਨ ਦੁਆ ਕੇ ਹਰੀ ਅੱਗੇ ਸਨਮੁਖ ਬੇਨਤੀ ਕਰਦੇ ਹਨ ਕਿ ਉਨ੍ਹਾਂ ਤਾਂ ਮੈਨੂੰ ਸ਼ੂਦਰ ਸ਼ੂਦਰ ਆਖ ਕੇ ਕੱਢ ਦਿੱਤਾ ਹੈ, ਪਰ ਤੂੰ ਨਾ ਮੈਨੂੰ ਵਿਸਾਰੇਂ । ਅੱਗੇ ਜਾ ਕੇ ਮੇਰੀ ਹਾਲਤ ਸੰਵਾਰਨ ਦਾ ਕੀ ਫ਼ਾਇਦਾ ? ਮੈਨੂੰ ਇਥੇ ਹੀ ਇੱਜ਼ਤ ਦਿਹ । ਫਿਰ ਕਹਿੰਦੇ ਹਨ ਕਿ ਹਰੀ ਨੇ ਸੱਚੀਂ-ਮੁੱਚੀਂ ਲੱਜਾ ਰੱਖ ਲਈ ਤੇ ਦੇਹੁਰਾ ਫੇਰ ਦਿੱਤਾ । ਦੇਖੋ ਪੰਨਾ ੭੩੩, ਨੋਟ ੧੭ ।

ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ[੧] ॥ ੩ ॥ ੨ ॥

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ ੴ ਸਤਿਗੁਰ ਪ੍ਰਸਾਦਿ ॥

*[੨]ਨਾਗਰ ਜਨਾਂ ਮੇਰੀ ਜਾਤਿ ਬਿਖਿਆਤ[੩] ਚੰਮਾਰੰ ॥ ਰਿਦੈ ਰਾਮ ਗੋਬਿੰਦ ਗੁਨ ਸਾਰੰ[੪] ॥ ੧ ॥ ਰਹਾਉ ॥ ਸੁਰਸਰੀ ਸਲਲ ਕ੍ਰਿਤ ਬਾਰੁਨੀ[੫] ਰੇ ਸੰਤ ਜਨ ਕਰਤ ਨਹੀ ਪਾਨੰ ॥ ਸੁਰਾ[੬] ਅਪਵਿਤ੍ਰ ਨਤ[੭] ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥ ੧ ॥ ਤਰ[੮] ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥ ੨ ॥ ਮੇਰੀ ਜਾਤਿ ਕੁਟ ਬਾਂਢਲਾ[੯] ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥ ਅਬ ਬਿਪ੍ਰ[੧੦] ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥ ੩ ॥ ੧ ॥ ਮਲਾਰ † ॥ ਹਰਿ ਜਪਤ ਤੇਊ ਜਨਾ ਪਦਮ[੧੧] ਕਵਲਾਸ ਪਤਿ[੧੨] ਤਾਸ ਸਮ ਤੁਲਿ ਨਹੀ ਆਨ ਕੋਊ ॥ ਏਕ ਹੀ ਏਕ ਅਨੇਕ ਹੋਇ ਬਿਸਥਰਿਓ[੧੩] [੧੪]ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥ [੧੫]ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥ [੧੬]ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ ॥ ੧ ॥ [੧੭]ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ [੧੮]ਮਾਨੀਅਹਿ ਸੇਖ ਸਹੀਦ ਪੀਰਾ ॥ ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥ ੨ ॥ [੧੯]ਜਾ ਕੇ ਕੁਟੰਬ ਕੇ ਢੇਢ[੨੦] ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥ [੨੧]ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥ ੩ ॥ ੨ ॥

ਮਲਾਰ ੴ ਸਤਿਗੁਰ ਪ੍ਰਸਾਦਿ ॥

‡ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥ ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥ [੨੨]ਮੈਲੇ ਕਪਰੇ ਕਹਾ ਲਉ ਧੋਵਉ ॥ [੨੩]ਆਵੈਗੀ ਨੀਦ ਕਹਾ ਲਗੁ ਸੋਵਉ ॥ ੧ ॥ [੨੪]ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥ ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥ ੨ ॥ ਕਹੁ ਰਵਿਦਾਸ [੨੫]ਭਇਓ ਜਬ ਲੇਖੋ ॥ ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥ ੩ ॥ ੧ ॥ ੩ ॥

੧ ਪਿੱਠ ਦਿੱਤੀ ।
੨ ਹੇ ਨਗਰ ਦੇ ਰਹਿਣ ਵਾਲਿਓ !
੩ [ਸੰ. ਵਿਖਾਤ] ਪ੍ਰਗਟ, ਮਸ਼ਹੂਰ । ਮੇਰੀ ਜ਼ਾਤ ਚਮਾਰ ਮਸ਼ਹੂਰ ਹੈ ।
੪ ਯਾਦ ਕਰਦਾ ਹਾਂ ।
੫ [ਸੰ. ਵਾਰੁਣੀ] ਸ਼ਰਾਬ । ਜੇ ਕਦੇ ਸੁਰਸਰੀ (ਗੰਗਾ) ਜਲ ਦੀ ਬਣੀ ਸ਼ਰਾਬ ਹੋਵੇ, ਤਾਂ ਵੀ ਸੰਤ ਗ੍ਰਹਿਣ ਨਹੀਂ ਕਰਦੇ ।
੬ ਸ਼ਰਾਬ ।
੭ ਨਹੀਂ ਤਾਂ ਭਾਵੇਂ । ਅਪਵਿੱਤਰ ਸ਼ਰਾਬ ਜਾਂ ਕੋਈ ਹੋਰ ਅਸ਼ੁੱਧ ਚੀਜ਼ ਗੰਗਾ ਨੂੰ ਮਿਲ ਕੇ ਕੁਝ ਹੋਰ ਨਹੀਂ ਹੁੰਦੀ, ਭਾਵ ਗੰਗਾ ਹੀ ਹੋ ਜਾਂਦੀ ਹੈ, ਤਿਵੇਂ ਮੈਂ ਤੇਰਾ ਰੂਪ ਹੋ ਗਿਆ ਹਾਂ ।
੮ ਰੁੱਖ । ਜਿਵੇਂ ਤਾੜ ਦਾ ਰੁੱਖ ਅਪਵਿੱਤਰ ਮੰਨਿਆ ਜਾਂਦਾ ਹੈ, ਪਰ ਜਦ ਕਾਗਜ਼ ਦੀ ਸ਼ਕਲ ਬਣਦਾ ਹੈ ਤੇ ਉਸ ਉੱਤੇ ਲਿਖੀ ਜਾਂਦੀ ਹੈ ਹਰੀ ਦੀ ਭਗਤੀ, ਤਾਂ ਉਸ ਨੂੰ ਮੱਥੇ ਟੇਕੇ ਜਾਂਦੇ ਹਨ ।
੯ (ਚੰਮ) ਕੱਟਣ-ਵੱਢਣ ਵਾਲੇ ਚਮਾਰ । ਮੇਰੀ ਜ਼ਾਤ ਦੇ ਚਮਾਰ ਅਜੇ ਵੀ ਬਨਾਰਸ ਦੇ ਆਸ-ਪਾਸ ਢੋਰ ਢੋਂਦੇ ਹਨ ।
੧੦ ਬ੍ਰਾਹਮਣ ।
੧੧ ਚਰਨ-ਕਮਲ ।
੧੨ ਕਵਲਾ (ਮਾਇਆ) ਦਾ ਪਤੀ, ਵਾਹਿਗੁਰੂ । ਹਰੀ ਦੇ ਚਰਨ-ਕਮਲਾਂ ਨੂੰ ਜੋ ਪੂਜਦੇ ਹਨ । ਉਨ੍ਹਾਂ ਦੇ ਤੁਲ ਹੋਰ ਕੋਈ ਨਹੀਂ ਹੈ ।
੧੩ ਪਸਰਿਆ ।
੧੪ ਲਿਆ ਭਈ ਲਿਆ, ਉਸ ਭਰਪੂਰ ਨੂੰ ਦਿਲ ਵਿੱਚ।
੧੫ ਜਿਸ ਦੇ ਘਰ ਹਰੀ ਦੇ ਗੁਣ ਲਿਖੀਦੇ ਹਨ ਪਰ ਹੋਰ ਕੁਝ ਨਹੀਂ ਹੈ, ਉਹ ਅਛੋਹ ਛੀਂਬਾ ਹੈ ।
੧੬ ਬਿਆਸ ਤੇ ਸਨਕ ਦੀਆਂ ਪੁਸਤਕਾਂ ਵਿੱਚ ਦੱਸੀ ਇਸ ਨਾਮ ਦੀ ਨਾਮਨਾਂ (ਵਡਿਆਈ) ਸੱਤਾਂ ਦੀਪਾਂ ਵਿੱਚ ਹੈ ।
੧੭ ਜਿਨ੍ਹਾਂ ਦੀ ਕੁਲ ਵਿੱਚ ਇਹ ਕੁਝ ਹੁੰਦਾ ਸੀ ।
੧੮ ਸ਼ੇਖਾਂ ਪੀਰਾਂ ਦੀ ਪੂਜਾ ਹੁੰਦੀ ਸੀ ।
੧੯ ਜਿਸ ਦਾ ਪਿਉ ਇਹ ਕੁਝ ਕਰਦਾ ਸੀ ਤੇ ਪੁੱਤ ਨੇ ਇਹ ਕੁਝ ਕੀਤਾ ਤੇ ਤਿੰਨਾਂ ਲੋਕਾਂ ਵਿੱਚ ਇਹ ਕਬੀਰ ਪ੍ਰਸਿੱਧ ਹੋਇਆ ।
੨੦ ਨੀਚ ।
੨੧ ਕਰਮ-ਕਾਂਡੀ ਬ੍ਰਾਹਮਣ ਵੀ ਡੰਡੌਤ ਕਰਦੇ ਹਨ, ਉਨ੍ਹਾਂ ਦੇ ਤਨੇ (ਪੁੱਤਰ) ਨੂੰ ਢੇਢਾਂ ਦੀ ਉਲਾਦ ਰਵਿਦਾਸ ਨੂੰ ।
੨੨ ਮੈਲੇ ਕੱਪੜੇ ਕਿਥੋਂ ਤੱਕ ਧੋਂਦਾ ਰਹਾਂਗਾ ? ਭਾਵ ਨਹੀਂ ਧੋਵਾਂਗਾ । ਸਾਧ ਸੰਗਤ ਵਿੱਚ ਨਿੰਦਾ ਕਰਨੀ ਦੂਰ ਹੋ ਗਈ ਹੈ ।
੨੩ ਅਗਿਆਨਤਾ ਦੀ ਨੀਂਦ ਵਿੱਚ ਕਿਤਨਾ ਚਿਰ ਸੁੱਤਾ ਰਹਾਂਗਾ ? ਆਖ਼ਰ ਅਵਿੱਦਿਆ ਦੂਰ ਹੋ ਜਾਏਗੀ।
੨੪ ਜੋ-ਜੋ ਕੁਕਰਮ 'ਕੱਠੇ ਕੀਤੇ ਤੇ ਲੇਖਾ ਬਣਾਇਆ ਸੀ, ਉਹ ਸਭ ਫਟ ਗਿਆ ਹੈ ਤੇ ਝੂਠੇ ਵਣਜ ਦੀ ਹੱਟੀ ਹੀ ਉਠ ਗਈ ਹੈ ।
੨੫ ਲੇਖਾ ਹੋਣ ਵੇਲੇ ਉਹੋ ਲੇਖ ਪ੍ਰਤੱਖ ਸਾਹਮਣੇ ਹੁੰਦੇ ਹਨ ਜੋ ਕਰੀਦੇ ਹਨ ।

* ਭਗਤ ਰਵਿਦਾਸ ਜੀ ਭੀ ਆਪਣੇ ਤਜਰਬੇ ਤੋਂ ਦੱਸਦੇ ਹਨ ਕਿ ਕਿਵੇਂ ਨੀਵੀਂ ਜਾਤਿ ਦੇ ਹੁੰਦਿਆਂ ਉਨ੍ਹਾਂ ਨੇ ਇੱਜ਼ਤ ਪ੍ਰਾਪਤ ਕੀਤੀ । ਜਿਵੇਂ ਸ਼ਰਾਬ ਮਾੜੀ ਹੈ, ਪਰ ਜਦ ਗੰਗਾ ਵਿੱਚ ਪੈ ਜਾਵੇ ਤਾਂ ਗੰਗਾ ਹੀ ਬਣ ਜਾਂਦੀ ਹੈ, ਤਿਵੇਂ ਮੇਰੇ ਜਿਹਾ ਨੀਚ-ਜ਼ਾਤ ਵਾਲਾ ਚਮਾਰ ਹਰੀ ਨਾਲ ਮਿਲ ਕੇ ਉਸ ਦਾ ਰੂਪ ਹੋ ਗਿਆ ਹੈ । ਤਾੜ ਦਾ ਰੁੱਖ ਅਪਵਿੱਤਰ ਮੰਨਦੇ ਹਨ ਪਰ ਜਦੋਂ ਕਾਗਜ਼ ਬਣ ਕੇ ਉਸ ਉੱਤੇ ਭਗਤੀ ਦੀ ਬਾਣੀ ਲਿਖੀ ਜਾਵੇ ਤਾਂ ਉਹੋ ਕਾਗਜ਼ ਇੱਜ਼ਤ ਦੇ ਲਾਇਕ ਹੋ ਜਾਂਦਾ ਹੈ । ਇਸੇ ਤਰ੍ਹਾਂ ਮੈਂ ਚਮਾਰ ਵੀ ਭਗਤੀ ਕਰ ਕੇ ਇਤਨਾ ਉੱਚਾ ਹੋ ਗਿਆ ਹਾਂ ਕਿ ਹੁਣ ਵੱਡੇ-ਵੱਡੇ ਪੰਡਿਤ ਮੈਨੂੰ ਨਮਸਕਾਰ ਕਰਦੇ ਹਨ।

† ਨਾਮ ਦੀ ਏਡੀ ਵਡਿਆਈ ਹੈ ਕਿ ਜਿਸ-ਜਿਸ ਨੇ ਜਪਿਆ, ਭਾਵੇਂ ਨਾਮੇ ਜਿਹਾ ਛੀਂਬਾ ਹੋਵੇ, ਕਬੀਰ ਜਿਹਾ ਮੁਸਲਮਾਨ ਹੋਵੇ ਜਾਂ ਰਵਿਦਾਸ ਜਿਹਾ ਚਮਾਰ ਹੋਵੇ, ਉਹ ਉੱਚੇ ਤੋਂ ਉੱਚੇ ਲੋਕਾਂ ਦੀ ਮਾਣਤਾ ਦਾ ਅਧਿਕਾਰੀ ਹੋ ਗਿਆ ।

‡ ਸਾਧ ਸੰਗਤਿ ਦੇ ਰਾਹੀਂ ਪਾਪਾਂ ਵਾਲੀ ਬੁੱਧੀ ਸੁਧਰ ਕੇ ਭਗਤੀ ਵਾਲੀ ਬੁੱਧੀ ਬਣ ਗਈ ਤੇ ਸਾਰੇ ਕਰਮਾਂ ਦੇ ਲੇਖੇ ਮੁਕ ਕੇ ਮੁਕਤੀ ਮਿਲ ਗਈ ।

ਰਾਗੁ ਕਾਨੜਾ ਚਉਪਦੇ
ਮਹਲਾ ੪ ਘਰੁ ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ ॥ ਹਉ ਬਲਿ ਬਲਿ ਬਲਿ
ਬਲਿ ਸਾਧ ਜਨਾਂ ਕਉ ਮਿਲਿ ਸੰਗਤਿ ਪਾਰਿ ਉਤਰਿਆ ॥ ੧ ॥
ਰਹਾਉ ॥ ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਹਮ ਸਾਧ ਜਨਾਂ
ਪਗ[੧] ਪਰਿਆ ॥ ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ ਮਿਲਿ
ਸਾਧੂ [੨]ਪਤਿਤ ਉਧਰਿਆ ॥ ੧ ॥ ਮਨੂਆ ਚਲੈ[੩] ਚਲੈ ਬਹੁ ਬਹੁ ਬਿਧਿ ਮਿਲਿ
ਸਾਧੂ ਵਸਗਤਿ[੪] ਕਰਿਆ ॥ ਜਿਉਂ ਜਲ ਤੰਤੁ[੫] ਪਸਾਰਿਓ ਬਧਕਿ[੬]
ਗ੍ਰਸਿ ਮੀਨਾ[੭] ਵਸਗਤਿ ਖਰਿਆ[੮] ॥ ੨ ॥ ਹਰਿ ਕੇ ਸੰਤ ਸੰਤ ਭਲ ਨੀਕੇ[੯]
ਮਿਲਿ ਸੰਤ ਜਨਾ ਮਲੁ ਲਹੀਆ † ॥ ਹਉਮੈ ਦੁਰਤੁ[੧੦] ਗਇਆ ਸਭੁ ਨੀਕਰਿ[੧੧]
ਜਿਉ ਸਾਬੁਨਿ ਕਾਪਰੁ[੧੨] ਕਰਿਆ ॥ ੩ ॥ ਮਸਤਕਿ ਲਿਲਾਟਿ[੧੩]
ਲਿਖਿਆ ਧੁਰਿ ਠਾਕੁਰਿ ਗੁਰ ਸਤਿਗੁਰ ਚਰਨ ਉਰ[੧੪] ਧਰਿਆ ॥
ਸਭੁ [੧੫]ਦਾਲਦੁ ਦੂਖ ਭੰਜ ਪ੍ਰਭੁ ਪਾਇਆ ਜਨ ਨਾਨਕ ਨਾਮਿ ਉਧਰਿਆ ॥
੪ ॥ ੧ ॥ ਕਾਨੜਾ ਮਹਲਾ ੪‡ ॥ ਮੇਰਾ ਮਨੁ ਸੰਤ ਜਨਾ [੧੬]ਪਗ ਰੇਨ ॥
ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ [੧੭]ਮਨੁ ਕੋਰਾ ਹਰਿ ਰੰਗਿ ਭੇਨ ॥ ੧ ॥
ਰਹਾਉ ॥ ਹਮ ਅਚਿਤ[੧੮] ਅਚੇਤ[੧੯] ਨ ਜਾਨਹਿ [੨੦]ਗਤਿ ਮਿਤਿ ਗੁਰਿ ਕੀਏ
ਸੁਚਿਤ[੨੧] ਚਿਤੇਨ ॥ ਪ੍ਰਭਿ ਦੀਨ ਦਇਆਲਿ ਕੀਓ ਅੰਗੀਕ੍ਰਿਤੁ[੨੨] ਮਨਿ ਹਰਿ
ਹਰਿ ਨਾਮੁ ਜਪੇਨ ॥ ੧ ॥ ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ ਕਟਿ ਦੇਵਉ

੧ ਪੈਰੀਂ, ਚਰਨੀਂ ।
੨ ਡਿੱਗੇ ਹੋਏ (ਪਾਪੀ) ਤਰ ਗਏ ।
੩ ਭਟਕਦਾ ਹੈ ।
੪ ਵੱਸ ਵਿੱਚ ।
੫ ਸੂਤ੍ਰ ਦਾ ਫਾਹਾ, ਜਾਲ ।
੬ ਸ਼ਿਕਾਰੀ ਨੇ ।
੭ ਮੱਛੀ ।
੮ ਖੜਿਆ, ਲੈ ਗਿਆ ।
੯ ਚੰਗੇ ।
੧੦ ਪਾਪ ।
੧੧ ਨਿਕਲ ।
੧੨ ਕੱਪੜਾ ।
੧੩ ਮੱਥੇ 'ਤੇ ।
੧੪ ਦਿਲ ਵਿੱਚ ।
੧੫ ਕੰਗਾਲੀ ਤੇ ਦੁੱਖ ਦੂਰ ਕਰਨ ਵਾਲਾ ਪ੍ਰਭੂ ।
੧੬ ਚਰਨਾਂ ਦੀ ਧੂੜ ।
੧੭ ਕੋਰਾ-ਮਨ ਹਰੀ-ਰੰਗ ਵਿੱਚ ਭਿੱਜਿਆ ।
੧੮ ਬੇ-ਧਿਆਨੇ ।
੧੯ ਮੂਰਖ ।
੨੦ ਉੱਚੀ ਤੋਂ ਉੱਚੀ ਪਹੁੰਚ ਤੇ ਮਿਣਤੀ ।
੨੧ ਸਿਆਣੇ ।
੨੨ ਅੰਗੀਕਾਰ, ਪੱਖ ।

* ਸਾਧ ਜਨਾਂ ਦੀ ਉਸਤਤ ਕਰਦੇ ਹਨ, ਜਿਨ੍ਹਾਂ ਦੇ ਰਾਹੀਂ ਡੋਲਦਾ ਮਨ ਸਥਿਰ ਹੋ ਕੇ ਪਾਪ ਬ੍ਰਿਤੀ ਦੂਰ ਹੋਈ ਤੇ ਨਾਮ ਜਪ ਕੇ ਤਰਨ ਵਾਲਾ ਬਣਿਆ ।

† ਕਈਆਂ ਬੀੜਾਂ ਵਿੱਚ ਪਾਠ 'ਹਿਰਿਆ' ਹੈ ।

‡ ਸੰਤ ਜਨਾਂ ਤੋਂ ਹਰੀ-ਕਥਾ ਸੁਣ ਕੇ ਕੋਰਾ-ਮਨ ਰਸ ਵਾਲਾ ਹੋ ਗਿਆ ਅਤੇ ਸੁਚੇਤ ਹੋ ਕੇ ਨਾਮ ਗ੍ਰਹਿਣ ਕੀਤਾ ।

ਹੀਅਰਾ[੧] ਤੇਨ[੨] ॥ ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ ਪਵੇਨ[੩] ॥ ੨ ॥ ਹਰਿ ਕੇ ਜਨ ਊਤਮ ਜਗਿ ਕਹੀਅਹਿ ਜਿਨ ਮਿਲਿਆ ਪਾਥਰ ਸੇਨ[੪] ॥ ਜਨ ਕੀ ਮਹਿਮਾ ਬਰਨਿ ਨ ਸਾਕਉ ਓਇ ਊਤਮ ਹਰਿ ਹਰਿ ਕੇਨ[੫] ॥ ੩ ॥ ਤੁਮ੍ ਹਰਿ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਰਾਸਿ ਦੇਨ[੬] ॥ ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ ਵਾਖਰੁ ਹਰਿ ਹਰਿ ਲੇਨ[੭] ॥ ੪ ॥ ੨ ॥ ਕਾਨੜਾ ਮਹਲਾ ੪* ॥ ਜਪਿ ਮਨ ਰਾਮ ਨਾਮ ਪਰਗਾਸ ॥ ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ[੮] ਉਦਾਸ ॥ ੧ ॥ ਰਹਾਉ ॥ ਹਮ ਹਰਿ ਹਿਰਦੈ ਜਪਿਓ ਨਾਮੁ ਨਰਹਰਿ[੯] ਪ੍ਰਭਿ ਕ੍ਰਿਪਾ ਕਰੀ ਕਿਰਪਾਸ[੧੦] ॥ ਅਨਦਿਨੁ[੧੧] ਅਨਦੁ ਭਇਆ ਮਨੁ ਬਿਗਸਿਆ[੧੨] ਉਦਮ ਭਏ ਮਿਲਨ ਕੀ ਆਸ ॥ ੧ ॥ ਹਮ ਹਰਿ ਸੁਆਮੀ ਪ੍ਰੀਤਿ ਲਗਾਈ [੧੩]ਜਿਤਨੇ ਸਾਸ ਲੀਏ ਹਮ ਗ੍ਰਾਸ ॥ ਕਿਲਬਿਖ[੧੪] [੧੫]ਦਹਨ ਭਏ ਖਿਨ ਅੰਤਰਿ ਤੂਟਿ ਗਏ ਮਾਇਆ ਕੇ ਫਾਸ ॥ ੨ ॥ ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ[੧੬] ਰਖੇ [੧੭]ਪ੍ਰਭ ਤਾਸ ॥ ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ [੧੮]ਤਰੇ ਤਰਾਸ ॥ ੩ ॥ ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ[੧੯] ॥ ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥ ੪ ॥ ੩ ॥ ਕਾਨੜਾ ਮਹਲਾ ੪† ॥ ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ ॥ ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ ਦੁਰਮਤਿ [੨੦]ਦੂਜਾ ਭਾਉ ਗਇਓ ਸਭ ਝਾਕ[੨੧] ॥ ੧ ॥ ਰਹਾਉ ॥ ਨਾਨਾ[੨੨] ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ[੨੩] ॥ ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ[੨੪] ॥ ੧ ॥ ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ[੨੫] ਧਾਰਿਓ ਹਰਿ ਰਸਿਕ ਰਸਾਕ ॥ ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ[੨੬] ॥ ੨ ॥ ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ [੨੭]ਊਤਮ ਜਨਕ ਜਨਾਕ ॥ ਤਿਨ ਹਰਿ ਹਿਰਦੈ ਬਾਸੁ[੨੮] ਬਸਾਨੀ ਛੂਟਿ ਗਈ [੨੯]ਮੁਸਕੀ ਮੁਸਕਾਕ ॥ ੩ ॥ ਤੁਮ੍ਰੇ ਜਨ ਤੁਮ੍ ਹੀ ਪ੍ਰਭ ਕੀਏ ਹਰਿ ਰਾਖਿ ਲੇਹੁ [੩੦]ਆਪਨ ਅਪਨਾਕ ॥ ਜਨ ਨਾਨਕ ਕੇ ਸਖਾ ਹਰਿ ਭਾਈ ਮਾਤ ਪਿਤਾ ਬੰਧਪ ਹਰਿ ਸਾਕ ॥ ੪ ॥ ੪ ॥ ਕਾਨੜਾ ਮਹਲਾ ੪‡ ॥ ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥ ਹਰਿ ਹਰਿ ਵਸਤੁ ਮਾਇਆ ਗੜ੍ਹਿ ਵੇੜ੍ਹੀ[੩੧] ਗੁਰ ਕੈ ਸਬਦਿ ਲੀਓ ਗੜੁ ਜੀਤਿ ॥ ੧ ॥ ਰਹਾਉ ॥ ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ [੩੨]ਲੁਬਧੋ ਪੁਤ੍ਰ ਕਲਤ੍ਰ ਮੋਹ ਪ੍ਰੀਤਿ ॥ ਜੈਸੇ ਤਰਵਰ[੩੩] ਕੀ ਤੁਛ ਛਾਇਆ ਖਿਨ ਮਹਿ ਬਿਨਸਿ ਜਾਇ

੧ ਹਿਰਦਾ ।
੨ ਤਿਨ੍ਹਾਂ ਨੂੰ ।
੩ ਪਵਿੱਤਰ ।
੪ [ਸਿੱਨੇ ਹੋਏ] ਭਿੱਜ ਗਏ, ਤਰਾਵਤ ਵਾਲੇ ਹੋਏ।
੫ ਕੀਤੇ ।
੬ ਦਿਓ ।
੭ ਲਈਏ (ਹਰੀ-ਨਾਮ ਦਾ ਸੌਦਾ) ।
੮ ਗ੍ਰਿਹਸਥ ।
੯ ਹਰੀ ਦਾ ।
੧੦ ਕਿਰਪਾਲੂ ।
੧੧ ਹਰ ਰੋਜ਼ ।
੧੨ ਖਿੜਿਆ ।
੧੩ ਜਿਤਨੇ ਅਸਾਂ ਸਾਹ ਲਏ ਜਾਂ ਰੋਟੀ ਖਾਧੀ, ਹਰ ਵੇਲੇ ਹਰੀ ਦੀ ਪ੍ਰੀਤੀ ਲੱਗੀ ਰਹੀ ।
੧੪ ਪਾਪ ।
੧੫ ਸੜ ਗਏ ।
੧੬ ਮੂਰਖ ।
੧੭ ਉਸ ਪ੍ਰਭੂ ਨੇ ।
੧੮ ਤਰੇ ਤਰਾਏ ।
੧੯ ਵਿਸ਼ਿਆਂ ਵਿੱਚ ਫਸੇ ।
੨੦ ਹਰੀ ਨੂੰ ਛੱਡ ਕੇ ਹੋਰ ਕਿਸੇ ਨੂੰ ਪਿਆਰ ਕਰਨ ਵਾਲੀ ਬ੍ਰਿਤੀ ।
੨੧ ਨਜ਼ਰ, ਦੁਰਮਤ ਦ੍ਰਿਸ਼ਟੀ ।
੨੨ ਕਈ ਪ੍ਰਕਾਰ ਦੇ ।
੨੩ ਗੁਪਤ ।
੨੪ ਦਰਵਾਜ਼ੇ ।
੨੫ ਦਿਲ ਵਿੱਚ । ਪ੍ਰੇਮੀ ਹੋ ਕੇ ਅਨੰਦ-ਸਰੂਪ ਹਰੀ ਨੂੰ ਦਿਲ ਵਿੱਚ ਧਾਰਨ ਕੀਤਾ ਹੈ ।
੨੬ ਵੱਛਾ ।
੨੭ ਉੱਤਮ-ਜਨਾਂ ਤੋਂ ਉੱਤਮ ਜਨ ।
੨੮ ਖੁਸ਼ਬੋ ।
੨੯ ਦੁਰਗੰਧ ਵਾਲੀ ਬਦਬੋ ।
੩੦ ਆਪਣਾ ਅਪਣਾ ਕੇ (ਬਣਾ ਕੇ) ।
੩੧ ਘੇਰੀ ਹੋਈ ।
੩੨ ਲੁਭਾਇਮਾਨ ਹੋਇਆ ਪੁੱਤਰ ਇਸਤ੍ਰੀ ਦੇ ਮੋਹ ਪ੍ਰੀਤ ਵਿੱਚ ।
੩੩ ਰੁੱਖ ।

* ਅਸੀਂ ਮੂਰਖ ਨਿਰਗੁਣਿਆਰੇ ਸਾਂ ਪਰ ਹਰੀ ਦੀ ਕਿਰਪਾ ਦੁਆਰਾ ਗੁਰੂ ਦੇ ਮਿਲਣ ਨਾਲ ਸਾਡਾ ਮਨ ਉੱਜਲਾ ਤੇ ਹਰੀ ਨੂੰ ਮਿਲਣ ਜੋਗਾ ਹੋ ਗਿਆ ।

† ਹਰੀ ਸਾਡੇ ਅੰਦਰ ਹੀ ਹੁੰਦਾ ਹੈ, ਪਰ ਗੁਰੂ ਦੇ ਵਚਨ ਰਾਹੀਂ ਹੀ ਪ੍ਰਗਟ ਹੋ ਸਕਦਾ ਹੈ ਅਤੇ ਗੁਰੂ ਦੀ ਸੰਗਤਿ ਰਾਹੀਂ ਹੀ ਉਸ ਦੇ ਨਾਲ ਪ੍ਰੇਮ ਪੈਦਾ ਹੁੰਦਾ ਹੈ ।

‡ ਮਿਥਿਆ ਭਰਮ ਦੁਆਰਾ ਮਨੁੱਖ ਦਾ ਮਨ ਪੁੱਤਰਾਂ, ਧੀਆਂ, ਇਸਤ੍ਰੀ ਵਿੱਚ ਖੁਭਿਆ ਰਹਿੰਦਾ ਹੈ, ਪਰ ਸੰਤ-ਜਨਾਂ ਦੇ ਮਿਲਣ ਨਾਲ ਪਾਪ ਕਟੀਕੇ ਉਸ ਵਿੱਚ ਹਰੀ ਦੀ ਪ੍ਰਤੀਤ ਤੇ ਪ੍ਰੀਤੀ ਪ੍ਰਗਟ ਹੋ ਪੈਂਦੀ ਹੈ ।

ਦੇਹ ਭੀਤਿ[1] ॥ ੧ ॥ [2]ਹਮਰੇ ਪ੍ਰਾਨ ਪ੍ਰੀਤਮ ਜਨ ਊਤਮ ਜਿਨ ਮਿਲਿਆ ਮਨਿ ਹੋਇ ਪ੍ਰਤੀਤਿ ॥ ਪਰਚੈ[3] ਰਾਮੁ [4]ਰਵਿਆ ਘਟ ਅੰਤਰਿ ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ ॥ ੨ ॥ ਹਰਿ ਕੇ ਸੰਤ ਸੰਤ ਜਨ ਨੀਕੇ[5] ਜਿਨ ਮਿਲਿਆਂ ਮਨੁ [6]ਰੰਗਿ ਰੰਗੀਤਿ ॥ ਹਰਿ ਰੰਗੁ ਲਹੈ ਨ ਉਤਰੈ ਕਬਹੂ ਹਰਿ ਹਰਿ ਜਾਇ ਮਿਲੈ ਹਰਿ ਪ੍ਰੀਤਿ ॥ ੩ ॥ ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ [7]ਕਟਿਤ ਕਟੀਤਿ ॥ ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ[8] ਜਨ ਨਾਨਕ [9]ਪਤਿਤ ਪੁਨੀਤਿ ॥ ੪ ॥ ੫ ॥ ਕਾਨੜਾ ਮਹਲਾ ੪* ॥ ਜਪਿ ਮਨ ਰਾਮ ਨਾਮ ਜਗੰਨਾਥ ॥ ਘੂਮਨ ਘੇਰ ਪਰੇ ਬਿਖੁ ਬਿਖਿਆ ਸਤਿਗੁਰ ਕਾਢਿ ਲੀਏ ਦੇ ਹਾਥ ॥ ੧ ॥ ਰਹਾਉ ॥ ਸੁਆਮੀ ਅਭੈ ਨਿਰੰਜਨ ਨਰਹਰਿ[10] ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ[11] ॥ ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ[12] ਲੋਹ ਤਰੇ ਸੰਗਿ ਸਾਥ ॥ ੧ ॥ ਤੁਮ੍ ਵਡ ਪੁਰਖ ਬਡ ਅਗਮ ਅਗੋਚਰ[13] ਹਮ ਢੂਢਿ ਰਹੇ [14]ਪਾਈ ਨਹੀ ਹਾਥ ॥ ਤੂ ਪਰੈ ਪਰੈ ਅਪਰੰਪਰੁ[15] ਸੁਆਮੀ ਤੂ ਆਪਨ ਜਾਨਹਿ ਆਪਿ ਜਗੰਨਾਥ ॥ ੨ ॥ ਅਦ੍ਰਿਸਟੁ[16] ਅਗੋਚਰ ਨਾਮੁ ਧਿਆਏ ਸਤਸੰਗਤਿ ਮਿਲਿ ਸਾਧੂ ਪਾਥ[17] ॥ ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਹਰਿ ਹਰਿ ਜਪਿਓ [18]ਅਕਥ ਕਥ ਕਾਥ ॥ ੩ ॥ ਹਮਰੇ ਪ੍ਰਭ ਜਗਦੀਸ ਗੁਸਾਈ ਹਮ ਰਾਖਿ ਲੇਹੁ ਜਗੰਨਾਥ ॥ ਜਨ ਨਾਨਕੁ ਦਾਸੁ ਦਾਸ ਦਾਸਨ ਕੋ ਪ੍ਰਭ ਕਰਹੁ ਕ੍ਰਿਪਾ ਰਾਖਹੁ ਜਨ ਸਾਥ ॥ ੪ ॥ ੬ ॥

ਕਾਨੜਾ ਮਹਲਾ ੪ ਪੜਤਾਲ[19] ਘਰੁ ੫ ॥ ੴ ਸਤਿਗੁਰ ਪ੍ਰਸਾਦਿ ॥

†ਮਨ ਜਾਪਹੁ ਰਾਮ ਗੁਪਾਲ ॥ ਹਰਿ ਰਤਨ ਜਵੇਹਰ ਲਾਲ ॥ [20]ਹਰਿ ਗੁਰਮੁਖਿ ਘੜਿ ਟਕਸਾਲ ॥ ਹਰਿ ਹੋ ਹੋ ਕਿਰਪਾਲ ॥ ੧ ॥ ਰਹਾਉ ॥ ਤੁਮਰੇ ਗੁਨ ਅਗਮ ਅਗੋਚਰ ਏਕ ਜੀਹ[21] ਕਿਆ ਕਥੈ ਬਿਚਾਰੀ ਰਾਮ ਰਾਮ ਰਾਮ ਰਾਮ ਲਾਲ ॥ ਤੁਮਰੀ ਜੀ ਅਕਥ ਕਥਾ [22]ਤੂ ਤੂ ਤੂ ਹੀ ਜਾਨਹਿ ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥ ੧ ॥ ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ ਮੇਰੇ ਮਨਿ ਤਨਿ ਜੀਹ[21] ਹਰਿ ਹਰੇ ਹਰੇ ਰਾਮ ਨਾਮ ਧਨੁ ਮਾਲ ॥ ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ ਹਉ ਬਲਿ ਬਲੇ ਹਉ ਬਲਿ ਬਲੇ ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥ ੨ ॥ ੧ ॥ ੭ ॥ ਕਾਨੜਾ ਮਹਲਾ ੪‡ ॥ ਹਰਿ ਗੁਨ ਗਾਵਹੁ ਜਗਦੀਸ ॥ [23]ਏਕਾ ਜੀਅ ਕੀਚੈ ਲਖ ਬੀਸ ॥ ਜਪਿ ਹਰਿ ਹਰਿ ਸਬਦਿ ਜਪੀਸ[24] ॥ ਹਰਿ ਹੋ ਹੋ ਕਿਰਪੀਸ[25] ॥

੧ ਕੰਧ । ਦੇਹ ਰੂਪ ਕੰਧ ।

੨ ਓਹ ਉਤਮ-ਜਨ ਸਾਡੇ ਪ੍ਰਾਣ ਪਿਆਰੇ ਹਨ, ਜਿਨ੍ਹਾਂ ਦੇ ਮਿਲਿਆਂ ਮਨ ਵਿੱਚ ਨਿਸ਼ਚਾ ਬੱਝ ਜਾਂਦਾ ਹੈ।

੩ ਪ੍ਰਸੰਨ ਹੁੰਦਾ ਹੈ ।

੪ ਦਿਲ ਵਿੱਚ ਵਿਆਪਕ ।

੫ ਚੰਗੇ ।

੬ ਪਿਆਰ ਵਿੱਚ ਰੰਗਿਆ ਹੈ ।

੭ ਕੱਟੇ ਗਏ ।

੮ ਦਵਾਈ ।

੯ ਪਾਪੀ ਪਵਿੱਤਰ ਹੋ ਗਏ ।

੧੦ ਹਰੀ ।

੧੧ ਪੱਥਰ ।

੧੨ ਲੱਕੜ ।

੧੩ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।

੧੪ ਅੰਤ ਨਹੀਂ ਪਾਇਆ ।('ਹਾਥ' ਇਸਤ੍ਰੀ-ਲਿੰਗ ਹੈ)।

੧੫ ਪਰੇ ਤੋਂ ਪਰੇ ।

੧੬ ਅਦਿੱਖ, ਨਾ ਦਿਸਣ ਵਾਲਾ ।

੧੭ ਰਸਤਾ ।

੧੮ ਜਿਸ ਦੀ ਕਥਾ ਅਕਹਿ ਹੈ ।

੧੯ ਪਰਤਾਉ ਤਾਲ; ਇਥੇ ਗਾਉਣ ਲਗਿਆਂ ਮੁੜ-ਮੁੜ ਤਾਲ ਪਰਤਾਇਆ ਜਾਂਦਾ ਹੈ ।

੨੦ ਹਰੀ-ਨਾਮ ਗੁਰਮੁਖਾਂ ਦੀ ਸੰਗਤ ਰੂਪ ਟਕਸਾਲ ਵਿੱਚ ਘੜਿਆ ਜਾਂਦਾ ਹੈ ।

੨੧ ਜੀਭ ।

੨੨ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਤੂ ਤ ਤੂਹੀ' ਹੈ ।

੨੩ ਇਕ ਜੀਭ ਨੂੰ ਵੀਹ ਲੱਖ ਜੀਭਾਂ ਬਣਾ ਕੇ ।

੨੪ ਜਪਣ ਯੋਗ ਹਰੀ ਨੂੰ ।

੨੫ ਕਿਰਪਾਲੂ ।

* ਗੁਰੂ ਜੀ ਹਰੀ-ਨਾਮ ਦੇ ਕੇ ਮਾਇਆ ਦੀ ਘੁੰਮਣ-ਘੇਰੀ ਵਿਚੋਂ ਕੱਢ ਲੈਂਦੇ ਹਨ ਅਤੇ ਅਦਿੱਖ-ਅਗੋਚਰ ਹਰੀ ਦਾ ਮੇਲ ਕਰਾ ਦਿੰਦੇ ਹਨ ।

† ਹਰੀ ਦੇ ਗੁਣ ਬਿਅੰਤ ਹਨ, ਇਕ ਜੀਭ ਕਿਵੇਂ ਬਿਆਨ ਕਰ ਸਕਦੀ ਹੈ ?

‡ ਹਰੀ ਕਿਰਪਾ ਕਰੇ ਤਾਂ ਉਸ ਦਾ ਨਾਮ ਜਪਿਆ ਜਾਂਦਾ ਹੈ, ਉਹ ਭੀ ਗੁਰੂ ਦੇ ਰਾਹੀਂ ।

੧ ॥ ਰਹਾਉ ॥ ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ [੧]ਜਪਿ ਜਪੇ ਹਰਿ ਜਪਿ ਜਪੇ ਜਪੁ ਜਾਪਉ ਜਗਦੀਸ ॥ ਤੁਮਰੇ ਜਨ ਰਾਮੁ ਜਪਹਿ ਤੇ ਊਤਮ ਤਿਨ ਕਉ ਹਉ ਘੁਮਿ ਘੁਮੇ ਘੁਮਿ ਘੁਮਿ ਜੀਸ[੨] ॥ ੧ ॥ ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ ਭਾਵੀਸ[੩] ॥ ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ ਧਨੁ ਧੰਨੁ ਧਨੁ ਧੰਨੁ ਧੰਨੁ ਗੁਰੂ ਸਾਬੀਸ[੪] ॥ ੨ ॥ ੨ ॥ ੮ ॥ ਕਾਨੜਾ ਮਹਲਾ ੪* ॥ ਭਜੁ ਰਾਮੋ ਮਨਿ ਰਾਮ ॥ ਜਿਸੁ ਰੂਪ ਨ ਰੇਖ ਵਡਾਮ[੫] ॥ ਸਤਸੰਗਤਿ ਮਿਲੁ ਭਜੁ ਰਾਮ ॥ ਬਡ ਹੋ ਹੋ ਭਾਗ ਮਥਾਮ[੬] ॥ ੧ ॥ ਰਹਾਉ ॥ ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ[੭] ਤਿਤੁ ਘਰਿ ਆਨਦੋ ਆਨੰਦੁ ਭਜੁ ਰਾਮ ਰਾਮ ਰਾਮ ॥ ਰਾਮ ਨਾਮ ਗੁਨ ਗਾਵਹੁ ਹਰਿ ਪ੍ਰੀਤਮ ਉਪਦੇਸਿ ਗੁਰੂ ਗੁਰ ਸਤਿਗੁਰਾ ਸੁਖੁ ਹੋਤੁ ਹਰਿ ਹਰੇ ਹਰਿ ਹਰੇ ਹਰੇ ਭਜੁ ਰਾਮ ਰਾਮ ਰਾਮ ॥ ੧ ॥ ਸਭ ਸਿਸਟਿ ਧਾਰ ਹਰਿ ਤੁਮ ਕਿਰਪਾਲ ਕਰਤਾ ਸਭੁ ਤੂ ਤੂ ਤੂ ਰਾਮ ਰਾਮ ਰਾਮ ॥ ਜਨ ਨਾਨਕੋ ਸਰਣਾਗਤੀ[੮] ਦੇਹੁ ਗੁਰਮਤੀ ਭਜੁ ਰਾਮ ਰਾਮ ਰਾਮ ॥ ੨ ॥ ੩ ॥ ੯ ॥ ਕਾਨੜਾ ਮਹਲਾ ੪† ॥ ਸਤਿਗੁਰ ਚਾਟਉ ਪਗ[੯] ਚਾਟ ॥ ਜਿਤੁ ਮਿਲਿ ਹਰਿ [੧੦]ਪਾਧਰ ਬਾਟ ॥ ਭਜੁ ਹਰਿ ਰਸੁ ਰਸ ਹਰਿ ਗਾਟ[੧੧] ॥ ਹਰਿ ਹੋ ਹੋ ਲਿਖੇ ਲਿਲਾਟ[੧੨] ॥ ੧ ॥ ਰਹਾਉ ॥ [੧੩]ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ[੧੪] ਸਾਧਿਕ[੧੫] ਜੋਗੀਆ ਕਰਿ [੧੬]ਜਟ ਜਟਾ ਜਟ ਜਾਟ ॥ [੧੭]ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ[੧੮] ॥ ੧ ॥ ਤੂ ਅਪਰੰਪਰੁ[੧੯] ਸੁਆਮੀ ਅਤਿ ਅਗਾਹੁ[੨੦] ਤੂ [੨੧]ਭਰਪੁਰਿ ਰਹਿਆ ਜਲ ਥਲੇ ਹਰਿ ਇਕੁ ਇਕੋ ਇਕ ਏਕੈ ਹਰਿ ਥਾਟ[੨੨] ॥ ਤੂ ਜਾਣਹਿ ਸਭ ਬਿਧਿ ਬੂਝਹਿ ਆਪੇ ਜਨ ਨਾਨਕ ਕੇ ਪ੍ਰਭ ਘਟਿ ਘਟੇ ਘਟਿ ਘਟੇ ਘਟਿ ਹਰਿ ਘਾਟ ॥ ੨ ॥ ੪ ॥ ੧੦ ॥ ਕਾਨੜਾ ਮਹਲਾ ੪‡ ॥ ਜਪਿ ਮਨ ਗੋਬਿਦ ਮਾਧੋ[੨੩] ॥ ਹਰਿ ਹਰਿ [੨੪]ਅਗਮ ਅਗਾਧੋ ॥ ਮਤਿ ਗੁਰਮਤਿ ਹਰਿ ਪ੍ਰਭੁ ਲਾਧੋ ॥ ਧੁਰਿ ਹੋ ਹੋ ਲਿਖੇ ਲਿਲਾਧੋ[੨੫] ॥ ੧ ॥ ਰਹਾਉ ॥ [੨੬]ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੁ ਸਾਧੋ ॥ ਜਿਉ ਛੁਹਿ ਪਾਰਸ ਮਨੂਰ[੨੭] ਭਏ ਕੰਚਨ[੨੮] ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ[੨੯] ॥ ੧ ॥ ਜਿਉ ਕਾਸਟ[੩੦] ਸੰਗਿ ਲੋਹਾ ਬਹੁ ਤਰਤਾ [੩੧]ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ ॥ [੩੨]ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ[੩੩] ॥

੧ ਜਪ-ਜਪ ਕੇ ।
੨ ਜਾਂਦਾ ਹਾਂ । ਕੁਰਬਾਨ ਜਾਂਦਾ ਹਾਂ ।
੩ ਭਾਉਂਦੇ ਹਨ ।
੪ ਸ਼ਾਬਾਸ਼ ।
੫ ਵੱਡਾ ਹੈ ।
੬ ਮੱਥੇ ਦੇ ।
੭ ਹਰੀ-ਜਸ । ਜਿਸ ਘਰ ਜਾਂ ਮਕਾਨ ਵਿੱਚ ਹਰੀ ਦਾ ਜਸ ਹੁੰਦਾ ਹੈ ।
੮ ਸ਼ਰਨ ਆਇਆ ਹੈ ।
੯ ਪੈਰ ।
੧੦ ਪੱਧਰਾ, ਸਿੱਧਾ ਬਾਟ (ਰਸਤਾ) ।
੧੧ ਗਟ-ਗਟ ਕਰ ਕੇ ।
੧੨ ਮੱਥੇ 'ਤੇ ।
੧੩ ਦੇਖੋ ਪੰਨਾ ੧੧੧੯, ਨੋਟ ੨੦ ।
੧੪ ਜੋਗੀਆਂ ਦੇ ਮੁਖੀ ।
੧੫ ਜੋ ਅਜੇ ਅਭਿਆਸ ਕਰ ਰਹੇ ਹਨ ।
੧੬ ਜਟਾ-ਜੂਟ, ਜਟਾਂ ਦਾ ਜੂੜਾ ।
੧੭ ਹਰੀ ਬ੍ਰਹਮ ਦਾ ਜੋਗ (ਮੇਲ) ਭੇਖ ਕਰ ਕੇ ਨਹੀਂ ਮਿਲਦਾ, ਹਰੀ ਮਿਲਦਾ ਹੈ ਸਤਿਸੰਗਤ ਵਿੱਚ ਗੁਰੂ ਦੇ ਉਪਦੇਸ਼ ਦੁਆਰਾ, ਜਿਥੇ ਗੁਰੂ ਤੇ ਸੰਤ-ਜਨ ਸਾਡੇ ਮਨ ਦੇ ਦਰਵਾਜ਼ੇ ਖੋਲ੍ਹ-ਖੋਲ੍ਹ ਦੱਸਦੇ ਹਨ ।
੧੮ ਦਰਵਾਜ਼ੇ ਮਨ ਦੇ ।
੧੯ ਪਰੇ ਤੋਂ ਪਰੇ, ਬੇਅੰਤ ।
੨੦ ਅਥਾਹ ।
੨੧ ਪਾਣੀ ਵਿੱਚ ਤੇ ਸੁੱਕੀ ਧਰਤੀ ਵਿੱਚ ਪੂਰੀ ਤਰ੍ਹਾਂ ਵਿਆਪਕ ਹੈ ।
੨੨ ਬਨਾਵਟ ਹੈ ਉਸ ਦੀ ।
੨੩ [ਮਾ (ਮਾਇਆ) ਦਾ ਧਵ (ਪਤੀ), ਵਿਸ਼ਨੂੰ] ਵਾਹਿਗੁਰੂ ।
੨੪ ਅਪਹੁੰਚ ਤੇ ਅਥਾਹ ।
੨੫ ਮੱਥੇ 'ਤੇ । ਮੱਥੇ 'ਤੇ ਲਿਖਿਆ ਹੁੰਦਾ ਹੈ ।
੨੬ ਜ਼ਹਿਰ ਰੂਪ ਮਾਇਆ ਨੂੰ ਇਕੱਠੀ ਕਰਨ ਨਾਲ ਚਿਤ ਵਿੱਚ ਬਹੁਤ ਸਾਰੇ ਵਿਕਾਰ ਆ ਪੈਂਦੇ ਹਨ।
੨੭ ਨਿਕੰਮਾ ਲੋਹਾ ।
੨੮ ਸੋਨਾ ।
੨੯ ਸ਼ੁੱਧ ਹੁੰਦਾ ਹੈ ।
੩੦ ਲੱਕੜ ।
੩੧ ਤਿਵੇਂ ਹੀ ਪਾਪੀ ਲੋਕ ਤਰ ਜਾਂਦੇ ਹਨ ਸਾਧ ਸੰਗਤਿ ਦੇ ਰਾਹੀਂ; ਸਾਧ ਭੀ ਓਹ ਜਿਹੜੇ ਗੁਰ ਸਤਿਗੁਰ ਦੇ ਸਾਧ ਹੋਣ ।
੩੨ ਚਾਰ ਵਰਨ= ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ । ਚਾਰ ਆਸ਼੍ਰਮ= ਬ੍ਰਹਮ-ਚਰਜ, ਗ੍ਰਿਹਸਥ, ਵਾਨ-ਪ੍ਰਸਤ, ਸੰਨਿਆਸ, ਭਾਵ ਇਨ੍ਹਾਂ ਵਰਨਾਂ ਤੇ ਆਸ਼ਰਮਾਂ ਵਾਲਿਆਂ ਵਿਚੋਂ ਭਾਵੇਂ ਕੋਈ ਮਿਲੇ ਗੁਰੂਆਂ ਦੇ ਗੁਰੂ ਨੂੰ, ਹੇ ਨਾਨਕ !
੩੩ ਤਾਰ ਲੈਂਦਾ ਹੈ (ਸਾਰੀਆਂ ਕੁਲਾਂ ਨੂੰ) ।

* ਅਗੋਚਰ ਹਰੀ ਸਤਿ ਸੰਗਤ ਰਾਹੀਂ ਭਜਿਆ ਜਾਂਦਾ ਹੈ ।

† ਕਿਸੇ ਭੇਖ ਜਾਂ ਖਟ ਕਰਮਾਂ ਰਾਹੀਂ ਹਰੀ ਨਹੀਂ ਮਿਲਦਾ । ਉਹ ਤਾਂ ਗੁਰੂ ਤੇ ਉਸ ਦੀ ਸੰਗਤਿ ਰਾਹੀਂ ਮਿਲਦਾ ਹੈ ।

‡. ਜਿਵੇਂ ਪਾਰਸ ਨਾਲ ਛੋਹ ਕੇ ਮਨੂਰ ਭੀ ਸੋਨਾ ਹੋ ਜਾਂਦਾ ਹੈ, ਜਿਵੇਂ ਲੱਕੜ ਨਾਲ ਲੋਹਾ ਭੀ ਤਰ ਪੈਂਦਾ ਹੈ, ਤਿਵੇਂ ਪਾਪੀ ਸਾਧ ਸੰਗਤ ਵਿੱਚ ਰਲ ਕੇ ਸ਼ੁੱਧ ਹੁੰਦਾ ਤੇ ਤਰ ਜਾਂਦਾ ਹੈ ।

੨ ॥ ੫ ॥ ੧੧ ॥ ਕਾਨੜਾ ਮਹਲਾ ੪* ॥ ਹਰਿ ਜਸੁ ਗਾਵਹੁ ਭਗਵਾਨ ॥ ਜਸੁ ਗਾਵਤ ਪਾਪ ਲਹਾਨ[੧] ॥ ਮਤਿ ਗੁਰਮਤਿ ਸੁਨਿ ਜਸੁ ਕਾਨ[੨] ॥ ਹਰਿ ਹੋ ਹੋ ਕਿਰਪਾਨ[੩] ॥ ੧ ॥ ਰਹਾਉ ॥ ਤੇਰੇ ਜਨ ਧਿਆਵਹਿ ਇਕ ਮਨਿ ਇਕ ਚਿਤਿ ਤੇ ਸਾਧੂ ਸੁਖ ਪਾਵਹਿ ਜਪਿ ਹਰਿ ਹਰਿ ਨਾਮੁ ਨਿਧਾਨ[੪] ॥ ਉਸਤਤਿ ਕਰਹਿ ਪ੍ਰਭ ਤੇਰੀਆ ਮਿਲਿ ਸਾਧੂ ਸਾਧ ਜਨਾ ਗੁਰ ਸਤਿਗੁਰੂ ਭਗਵਾਨ ॥੧॥ ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ ਤੇ ਤਰੇ [੫]ਭਵ ਸਿੰਧੁ ਤੇ ਭਗਤ ਹਰਿ ਜਾਨ ॥ ਤਿਨ ਸੇਵਾ ਹਮ ਲਾਇ ਹਰੇ ਹਮ ਲਾਇ ਹਰੇ ਜਨ ਨਾਨਕ ਕੇ ਹਰਿ ਤੂ ਤੂ ਤੂ ਤੂ ਤੂ ਭਗਵਾਨ ॥ ੨ ॥ ੬ ॥ ੧੨ ॥

ਕਾਨੜਾ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥

†ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ[੬] ॥ ਦੂਖ ਬਿਦਾਰਨ[੭] ਸੁਖਦਾਤੇ ਸਤਿਗੁਰ ਜਾ ਕਉ ਭੇਟਤ[੮] [੯]ਹੋਇ ਸਗਲ ਸਿਧਿ ॥ ੧ ॥ ਰਹਾਉ ॥ ਸਿਮਰਤ ਨਾਮੁ ਮਨਹਿ ਸਾਧਾਰੈ[੧੦] ॥ ਕੋਟਿ ਪਰਾਧੀ[੧੧] ਖਿਨ ਮਹਿ ਤਾਰੈ ॥ ੧ ॥ ਜਾ ਕਉ ਚੀਤਿ ਆਵੈ ਗੁਰੁ ਅਪਨਾ ॥ ਤਾ ਕਉ ਦੂਖੁ ਨਹੀ ਤਿਲੁ ਸੁਪਨਾ ॥ ੨ ॥ ਜਾ ਕਉ ਸਤਿਗੁਰੁ ਅਪਨਾ ਰਾਖੈ ॥ ਸੋ ਜਨੁ ਹਰਿ ਰਸੁ ਰਸਨਾ[੧੨] ਚਾਖੈ ॥ ੩ ॥ ਕਹੁ ਨਾਨਕ ਗੁਰਿ ਕੀਨੀ ਮਇਆ[੧੩] ॥ [੧੪]ਹਲਤਿ ਪਲਤਿ ਮੁਖ ਊਜਲ ਭਇਆ ॥ ੪ ॥ ੧ ॥ ਕਾਨੜਾ ਮਹਲਾ ੫‡ ॥ ਆਰਾਧਉ ਤੁਝਹਿ ਸੁਆਮੀ ਅਪਨੇ ॥ ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥ ੧ ॥ ਰਹਾਉ ॥ ਤਾ ਕੈ ਹਿਰਦੈ ਬਸਿਓ ਨਾਮੁ ॥ ਜਾ ਕਉ ਸੁਆਮੀ ਕੀਨੋ ਦਾਨੁ ॥ ੧ ॥ ਤਾ ਕੈ ਹਿਰਦੈ ਆਈ ਸਾਂਤਿ ॥ ਠਾਕੁਰ ਭੇਟੇ ਗੁਰ ਬਚਨਾਂਤਿ[੧੫] ॥ ੨ ॥ ਸਰਬ ਕਲਾ ਸੋਈ ਪਰਬੀਨ[੧੬] ॥ ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥ ੩ ॥ ਕਹੁ ਨਾਨਕ ਤਾ ਕੈ ਬਲਿ ਜਾਉ ॥ ਕਲਿਜੁਗ ਮਹਿ ਪਾਇਆ ਜਿਨਿ ਨਾਉ ॥ ੪ ॥ ੨ ॥ ਕਾਨੜਾ ਮਹਲਾ ੫§ ॥ ਕੀਰਤਿ[੧੭] ਪ੍ਰਭ ਕੀ ਗਾਉ ਮੇਰੀ ਰਸਨਾਂ ॥ ਅਨਿਕ ਬਾਰ ਕਰਿ ਬੰਦਨ[੧੮] ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥ ੧ ॥ ਰਹਾਉ ॥ ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥ ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥ ੧ ॥ ਕੋਟਿ ਕਰਮ ਕਰਿ [੧੯]ਦੇਹ ਨ ਸੋਧਾ ॥ ਸਾਧਸੰਗਤਿ ਮਹਿ ਮਨੁ ਪਰਬੋਧਾ[੨੦] ॥ ੨ ॥ ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥ ਨਾਮੁ ਲੈਤ ਸਰਬ ਸੁਖ ਪਾਇਆ ॥ ੩ ॥ ਪਾਰਬ੍ਰਹਮ ਜਬ ਭਏ ਦਇਆਲ ॥ ਕਹੁ ਨਾਨਕ ਤਉ ਛੂਟੇ ਜੰਜਾਲ ॥ ੪ ॥ ੩ ॥ ਕਾਨੜਾ ਮਹਲਾ ੫¶ ॥ [੨੧]ਐਸੀ ਮਾਂਗੁ ਗੋਬਿਦ ਤੇ ॥ ਟਹਲ ਸੰਤਨ ਕੀ ਸੰਗੁ

੧ ਲਹਿ ਜਾਂਦੇ ਹਨ ।
੨ ਕੰਨਾਂ ਨਾਲ ।
੩ ਕਿਰਪਾਲੂ ।
੪ ਸੁਖਾਂ ਦਾ ਘਰ ।
੫ ਭਵ-ਸਾਗਰ, ਹਸਤੀ ਦਾ ਸਮੁੰਦਰ ।
੬ ਕਿਰਪਾ ਦੇ ਖ਼ਜ਼ਾਨੇ (ਹਰੀ ਦੇ) ।
੭ ਨਾਸ ਕਰਨ ਵਾਲਾ ।
੮ ਮਿਲਣ ਨਾਲ ।
੯ ਸਾਰੀਆਂ ਸਿਧੀਆਂ (ਕਾਮਯਾਬੀਆਂ) ਮਿਲਦੀਆਂ ਹਨ।
੧੦ ਆਸਰੇ ਸਹਿਤ ਕਰਦਾ ਹੈ ।
੧੧ ਅਪ੍ਰਾਧੀ, ਪਾਪੀ ।
੧੨ ਜ਼ਬਾਨ ਨਾਲ ।
੧੩ ਕਿਰਪਾ ।
੧੪ ਲੋਕ ਪ੍ਰਲੋਕ ਸੁਰਖਰੂ ਹੋਏ ।
੧੫ ਬਚਨਾਂ ਦੁਆਰਾ, ਗੁਰੂ-ਸ਼ਬਦ ਦੁਆਰਾ । ਦੇਖੋ ਪੰਨਾ ੧੨੧੪, ਨੋਟ ੨੬ ।
੧੬ ਸਿਆਣਾ । ਉਹ ਮਨੁੱਖ ਸਾਰਿਆਂ ਹੁਨਰਾਂ ਦਾ ਜਾਣੂੰ ਹੈ ।
੧੭ ਜਸ, ਸਿਫ਼ਤ ।
੧੮ ਨਮਸਕਾਰ ।
੧੯ ਦੇਹ ਸ਼ੁੱਧ ਨਹੀਂ ਹੁੰਦੀ ।
੨੦ ਗਿਆਨਵਾਨ ਹੋਇਆ । ਮਨ ਨੂੰ ਗਿਆਨ ਹੁੰਦਾ ਹੈ ।
੨੧ ਹਰੀ ਤੋਂ ਇਹ ਮੰਗ ਕਿ ਸੰਤਾਂ ਦੀ ਸੇਵਾ ਤੇ ਸਾਧੂ ਦੀ ਸੰਗਤਿ ਮਿਲੇ, ਤਾਂਕਿ ਹਰੀ ਨਾਮ ਜਪ ਕੇ ਮੁਕਤੀ ਮਿਲ ਜਾਵੇ ।

* ਹਰੀ ਕਿਰਪਾ ਕਰੇ ਤਾਂ ਮਨੁੱਖ ਗੁਰੂ ਦੇ ਰਾਹੀਂ ਹਰੀ-ਜਸ ਗਾਉਂਦਾ ਹੈ ।

† ਗੁਰੂ ਦੇ ਰਾਹੀਂ ਹਰੀ ਦੇ ਗੁਣ ਗਾਈਏ ਤਾਂ ਹਰੀ ਅੱਗੇ ਸੁਰਖਰੂ ਹੋਈਦਾ ਹੈ ।

‡ ਹਰੀ ਦੀ ਮਿਹਰ ਹੋਵੇ ਤਾਂ ਗੁਰੂ ਦੇ ਰਾਹੀਂ ਹਰੀ ਦਾ ਜਸ ਕਰੀਦਾ ਹੈ ।

§ ਕਰਮ-ਕਾਂਡ ਕਰਨ ਨਾਲ ਜ਼ਿੰਦਗੀ ਨਹੀਂ ਸੌਰਦੀ, ਨਾ ਹੀ ਮਾਇਆ ਦੇ ਐਸ਼ ਇਕੱਠੇ ਕਰਨ ਨਾਲ ਤ੍ਰਿਸ਼ਨਾ ਦੂਰ ਹੁੰਦੀ ਹੈ । ਹਰੀ ਆਪ ਕਿਰਪਾ ਕਰੇ ਤਾਂ ਸਾਧ ਸੰਗਤ ਰਾਹੀਂ ਹਰੀ ਨੂੰ ਮਿਲ ਸਕੀਦਾ ਹੈ ।

¶ ਹਰੀ ਕੋਲੋਂ ਮੰਗ ਹੀ ਇਹ ਮੰਗਣੀ ਚਾਹੀਦੀ ਹੈ ਕਿ ਗੁਰੂ ਦੀ ਸੰਗਤ ਦੇਵੇ, ਤਾਂਕਿ ਅਗਿਆਨਤਾ ਦੂਰ ਹੋ ਕੇ ਹਰੀ ਦਾ ਧਿਆਨ ਕਰ ਸਕੀਏ ।

ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ[੧] ॥ ੧ ॥ ਰਹਾਉ ॥ ਪੂਜਾ ਚਰਨਾ
ਠਾਕੁਰ ਸਰਨਾ ॥ ਸੋਈ ਕੁਸਲੁ[੨] ਜੁ ਪ੍ਰਭ ਜੀਉ ਕਰਨਾ ॥ ੧ ॥ ਸਫਲ ਹੋਤ ਇਹ
ਦੁਰਲਭ ਦੇਹੀ ॥ ਜਾ ਕਉ ਸਤਿਗੁਰੁ ਮਇਆ[੩] ਕਰੇਹੀ ॥ ੨ ॥ ਅਗਿਆਨ
ਭਰਮੁ ਬਿਨਸੈ ਦੁਖ ਡੇਰਾ ॥ ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ ॥ ੩ ॥ ਸਾਧਸੰਗਿ
ਰੰਗਿ[੪] ਪ੍ਰਭੁ ਧਿਆਇਆ ॥ ਕਹੁ ਨਾਨਕ ਤਿਨਿ ਪੂਰਾ ਪਾਇਆ ॥ ੪ ॥ ੪ ॥
ਕਾਨੜਾ ਮਹਲਾ ੫* ॥ [੫]ਭਗਤਿ ਭਗਤਨ ਹੂੰ ਬਨਿ ਆਈ ॥ ਤਨ ਮਨ
ਗਲਤ[੬] ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥ ੧ ॥ ਰਹਾਉ ॥
[੭]ਗਾਵਨਹਾਰੀ ਗਾਵੈ ਗੀਤ ॥ ਤੇ ਉਧਰੇ ਬਸੇ ਜਿਹ ਚੀਤ ॥ ੧ ॥ ਪੇਖੇ ਬਿੰਜਨ[੮]
ਪਰੋਸਨਹਾਰੈ ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ[੯] ॥ ੨ ॥ [੧੦]ਅਨਿਕ ਸ੍ਵਾਂਗ
ਕਾਛੇ ਭੇਖਧਾਰੀ ॥ ਜੈਸੋ ਸਾ ਤੈਸੋ ਦ੍ਰਿਸਟਾਰੀ ॥ ੩ ॥ ਕਹਨ ਕਹਾਵਨ ਸਗਲ
ਜੰਜਾਰ[੧੧] ॥ ਨਾਨਕ ਦਾਸ [੧੨]ਸਚੁ ਕਰਣੀ ਸਾਰ ॥ ੪ ॥ ੫ ॥ ਕਾਨੜਾ ਮਹਲਾ
੫† ॥ ਤੇਰੋ ਜਨੁ ਹਰਿ ਜਸੁ ਸੁਨਤ ਉਮਾਹਿਓ[੧੩] ॥ ੧ ॥ ਰਹਾਉ ॥ ਮਨਹਿ
ਪ੍ਰਗਾਸੁ ਪੇਖਿ ਪ੍ਰਭ ਕੀ ਸੋਭਾ ਜਤ ਕਤ ਪੇਖਉ ਆਹਿਓ[੧੪] ॥ ੧ ॥ ਸਭ ਤੇ ਪਰੈ
ਪਰੈ ਤੇ ਊਚਾ [੧੫]ਗਹਿਰ ਗੰਭੀਰ ਅਥਾਹਿਓ[੧੬] ॥ ੨ ॥ [੧੭]ਓਤਿ ਪੋਤਿ ਮਿਲਿਓ
ਭਗਤਨ ਕਉ ਜਨ ਸਿਉ ਪਰਦਾ ਲਾਹਿਓ ॥ ੩ ॥ ਗੁਰ ਪ੍ਰਸਾਦਿ[੧੮] ਗਾਵੈ
ਗੁਣ ਨਾਨਕ [੧੯]ਸਹਜ ਸਮਾਧਿ ਸਮਾਹਿਓ ॥ ੪ ॥ ੬ ॥ ਕਾਨੜਾ ਮਹਲਾ
੫‡ ॥ ਸੰਤਨ ਪਹਿ ਆਪਿ ਉਧਾਰਨ[੨੦] ਆਇਓ ॥ ੧ ॥ ਰਹਾਉ ॥ ਦਰਸਨ
ਭੇਟਤ ਹੋਤ ਪੁਨੀਤਾ[੨੧] ਹਰਿ ਹਰਿ ਮੰਤ੍ਰੁ ਦ੍ਰਿੜਾਇਓ ॥ ੧ ॥ ਕਾਟੇ ਰੋਗ ਭਏ
ਮਨ ਨਿਰਮਲ ਹਰਿ ਹਰਿ ਅਉਖਧੁ[੨੨] ਖਾਇਓ ॥ ੨ ॥ [੨੩]ਅਸਥਿਤ ਭਏ ਬਸੇ
ਸੁਖ ਥਾਨਾ [੨੪]ਬਹੁਰਿ ਨ ਕਤਹੂ ਧਾਇਓ ॥ ੩ ॥ ਸੰਤ ਪ੍ਰਸਾਦਿ ਤਰੇ ਕੁਲ ਲੋਗਾ
ਨਾਨਕ [੨੫]ਲਿਪਤ ਨ ਮਾਇਓ ॥ ੪ ॥ ੭ ॥ ਕਾਨੜਾ ਮਹਲਾ ੫§ ॥ ਬਿਸਰਿ
ਗਈ ਸਭ ਤਾਤਿ[੨੬] ਪਰਾਈ ॥ [੨੭]ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥
ਰਹਾਉ ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
੧ ॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ[੨੮] ਤੇ ਪਾਈ ॥ ੨ ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ[੨੯] ॥ ੩ ॥
੮ ॥ ਕਾਨੜਾ ਮਹਲਾ ੫¶ ॥ ਠਾਕੁਰ ਜੀਉ ਤੁਹਾਰੋ ਪਰਨਾ[੩੦] ॥ ਮਾਨੁ
ਮਹਤੁ[੩੧] ਤੁਮ੍ਹਾਰੈ ਊਪਰਿ ਤੁਮ੍ਰੀ ਓਟ ਤੁਮ੍ਹਾਰੀ ਸਰਨਾ ॥ ੧ ॥ ਰਹਾਉ ॥
ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮਰਾ ਨਾਮੁ ਰਿਦੈ ਲੈ ਧਰਨਾ ॥ ਤੁਮਰੋ ਬਲੁ
ਤੁਮ ਸੰਗਿ ਸੁਹੇਲੇ[੩੨] ਜੋ ਜੋ ਕਹਹੁ ਸੋਈ ਸੋਈ ਕਰਨਾ ॥ ੧ ॥ ਤੁਮਰੀ ਦਇਆ[੩]

੧ ਮੁਕਤੀ ।
੨ ਸੁਖ ।
੩ ਕਿਰਪਾ ।
੪ ਪਿਆਰ ਨਾਲ ।
੫ ਭਗਤੀ ਭਗਤਾਂ ਨੂੰ ਹੀ ਫੱਬਦੀ ਹੈ ।
੬ ਗ਼ਲਤਾਨ, ਮਸਤ । ਦੇਖੋ ਪੰਨਾ ੫੪੫, ਫੁਟ ਨੋਟ*।
੭ ਉਂਜ ਤਾਂ ਸਾਰੀ ਲੁਕਾਈ ਗਾਉਂਦੀ ਹੈ, ਪਰ ਤਰਦੇ ਉਹੀ ਹਨ ਜਿਨ੍ਹਾਂ ਦੇ ਚਿਤ ਵਿੱਚ (ਹਰੀ) ਵਸਦਾ ਹੈ ।
੮ [ਸੰ. ਵਜੰਜਨ] ਭੋਜਨ । ਪਰੋਸਨ ਵਾਲਾ ਖਾਣ ਵਾਲੀਆਂ ਚੀਜ਼ਾਂ ਦੇਖਦਾ ਹੈ, ਪਰ ਸੁਆਦ ਉਹੋ ਲੈਂਦਾ ਹੈ ਜੋ ਖਾਂਦਾ ਹੈ ।
੯ ਰੱਜਦਾ ਹੈ ।
੧੦ ਅਨੇਕ ਸਾਂਗ ਬਣਾਂਦਾ ਹੈ ਭੇਖਧਾਰੀ, ਪਰ ਜੇਹੋ ਜੇਹਾ ਅਸਲੀ ਹੁੰਦਾ ਹੈ ਉਹੋ ਨਜ਼ਰ ਆਉਂਦਾ ਹੈ ।
੧੧ ਜੰਜਾਲ, ਬੰਧਨ ।
੧੨ ਸੱਚ ਹੀ ਸਾਰ (ਸਰੇਸ਼ਟ) ਕਰਣੀ ਹੈ ।
੧੩ ਪ੍ਰਸੰਨ ਹੋਇਆ ।
੧੪ ਹੈ । ਪ੍ਰਭੂ ਦੀ ਕੀਰਤੀ ਦੇਖ ਕੇ (ਭਾਵ ਜਸ ਕਰਨ ਨਾਲ) ਮਨ ਵਿੱਚ ਚਾਨਣਾ ਹੁੰਦਾ ਹੈ, ਫੇਰ ਤਾਂ ਜਿਧਰ ਦੇਖਦਾ ਹਾਂ, ਓਹੀ ਹੁੰਦਾ ਹੈ ।
੧੫ ਡੂੰਘੀ ਸਿਆਣਪ ਵਾਲਾ ।
੧੬ ਅਥਾਹ, ਬੇਅੰਤ ।
੧੭ ਤਾਣੇ ਪੇਟੇ, ਭਾਵ ਪੂਰਨ ਤੌਰ 'ਤੇ ।
੧੮ ਕਿਰਪਾ ਦੁਆਰਾ ।
੧੯ ਪੂਰਨ ਅਡੋਲਤਾ ਵਿੱਚ ਲੀਨ ਹੋਇਆ ਹੋਇਆ।
੨੦ ਤਾਰਨ ਲਈ । ਹਰੀ ਆਪ ਸੰਤਾਂ ਪਾਸ ਮਨੁੱਖਾਂ ਨੂੰ ਤਾਰਨ ਲਈ ਆਉਂਦਾ ਹੈ ।
੨੧ ਪਵਿੱਤਰ । ਗੁਰੂ ਦੇ ਦਰਸ਼ਨ ਕਰਨ ਨਾਲ ਮਨੁੱਖ ਪਵਿੱਤਰ ਹੁੰਦਾ ਹੈ, ਗੁਰੂ ਹੀ ਨਾਮ ਸਿਖਾਂਦਾ ਹੈ ।
੨੨ ਦਵਾਈ ।
੨੩ ਟਿਕ ਗਏ ।
੨੪ ਮੁੜ ਕੇ ਕਿਧਰੇ ਨਹੀਂ ਭੱਜਦਾ ।
੨੫ ਮਾਇਆ ਦਾ ਲੇਪ ਨਹੀਂ ਹੁੰਦਾ ।
੨੬ ਈਰਖਾ, ਸਾੜਾ ।
੨੭ ਜਦ ਤੋਂ ਸਾਧ ਸੰਗਤਿ ਮੈਨੂੰ ਮਿਲੀ ।
੨੮ ਗੁਰੂ ਸਾਧੂ ।
੨੯ ਖਿੜ ਜਾਂਦਾ ਹੈ ।
੩੦ ਆਸਰਾ । ਹੇ ਠਾਕਰ ਜੀ ! ਤੇਰਾ ਹੀ ਆਸਰਾ ਹੈ ।
੩੧ [ਮਹਤ੍ਵ] ਵਡਿਆਈ ।
੩੨ ਸੁਖੀ ।

* ਹਰੀ ਦੀ ਭਗਤੀ ਦਿਲ ਦੀ ਪੂਰੀ ਲਗਨ ਨਾਲ ਹੀ ਹੋ ਸਕਦੀ ਹੈ, ਨਿਰੇ ਗਾਉਣ ਜਾਂ ਭੇਖ ਕਰਨ ਨਾਲ ਨਹੀਂ ਹੋ ਸਕਦੀ ।

† ਹਰੀ ਅਗੰਮ ਰੂਪ ਹੋਣ ਦੇ ਬਾਵਜੂਦ ਮਨੁੱਖੀ-ਮਨ ਵਿੱਚ ਅਨੁਭਵ ਹੋ ਸਕਦਾ ਹੈ ਜੇ ਗੁਰੂ ਦੀ ਕਿਰਪਾ ਦੁਆਰਾ ਉਸ ਦੇ ਗੁਣ ਗਾਈਏ ।

‡ ਹਰੀ ਮਨੁੱਖਾਂ ਨੂੰ ਤਾਰਨ ਲਈ ਆਪ ਗੁਰੂ ਦੇ ਅੰਦਰ ਆਣ ਵਸਦਾ ਹੈ, ਇਸ ਲਈ ਗੁਰੂ ਆਪਣੇ ਦਰਸ਼ਨਾਂ ਰਾਹੀਂ ਮਾਇਆ ਦੇ ਅਸਰ ਤੋਂ ਬਚਾਂਦਾ, ਆਵਾ-ਗਉਣ ਦੇ ਗੇੜ ਵਿੱਚੋਂ ਕੱਢਦਾ ਅਤੇ ਨਾਮ-ਦਾਨ ਦਿੰਦਾ ਹੈ।

§ ਗੁਰੂ ਆਪਣੀ ਸੰਗਤਿ ਰਾਹੀਂ ਸੁਮੱਤ ਦੇ ਕੇ ਹਰ ਇਕ ਵਿੱਚ ਹਰੀ ਵਸਦਾ ਦਿਖਾ ਦਿੰਦਾ ਹੈ, ਜਿਸ ਤੋਂ ਅੰਦਰ ਦੀ ਈਰਖਾ ਦੂਰ ਹੋ ਜਾਂਦੀ ਅਤੇ ਹਰ ਇਕ ਆਦਮੀ ਆਪਣਾ ਦਿਸਣ ਲੱਗ ਪੈਂਦਾ ਹੈ ।

¶ ਹਰੀ ਦਾ ਧੰਨਵਾਦ ਕਰਦੇ ਹਨ ਕਿ ਉਸ ਨੇ ਕਿਰਪਾ ਕਰ ਕੇ ਸੰਤ ਚਰਨਾਂ ਦੀ ਸ਼ਰਨ ਬਖ਼ਸ਼ੀ ਜਿਸ ਤੋਂ ਹਰ ਤਰ੍ਹਾਂ ਦਾ ਸੁਖ ਮਿਲਿਆ ।

ਮਇਆ ਸੁਖੁ ਪਾਵਉ ਹੋਹੁ ਕ੍ਰਿਪਾਲ ਤ ਭਉਜਲੁ[੧] ਤਰਨਾ ॥ [੨]ਅਭੈ ਦਾਨੁ ਨਾਮੁ ਹਰਿ ਪਾਇਓ [੩]ਸਿਰੁ ਡਾਰਿਓ ਨਾਨਕ ਸੰਤ ਚਰਨਾ ॥੨॥੯॥ ਕਾਨੜਾ ਮਹਲਾ ੫* ॥ ਸਾਧ ਸਰਨਿ ਚਰਨ ਚਿਤੁ ਲਾਇਆ ॥ [੪]ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥ ੧ ॥ ਰਹਾਉ ॥ [੫]ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ ॥ ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥ ੧ ॥ ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥ ਸਾਧਸੰਗਿ ਜਮ ਜੇਵਰੀ[੬] ਕਾਟੀ ਨਾਨਕ ਸਹਜਿ[੭] ਸਮਾਇਆ ॥ ੨ ॥ ੧੦ ॥ ਕਾਨੜਾ ਮਹਲਾ ੫† ॥ ਹਰਿ ਕੇ ਚਰਨ ਹਿਰਦੈ ਗਾਇ ॥ [੮]ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥ ੧ ॥ ਰਹਾਉ ॥ ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ ॥ ੧ ॥ [੯]ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥ ਤਾਪ ਸੰਤਾਪ ਮਿਟੇ ਨਾਨਕ ਬਾਹੁੜਿ ਕਾਲੁ ਨ ਖਾਇ ॥ ੨ ॥ ੧੧ ॥

ਕਾਨੜਾ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥

‡ ਕਥੀਐ ਸੰਤਸੰਗਿ ਪ੍ਰਭ ਗਿਆਨੁ ॥ [੧੦]ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ ॥ ੧ ॥ ਰਹਾਉ ॥ [੧੧]ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ ॥ [੧੨]ਪਤਿਤ ਪੁਨੀਤ ਹੋਹਿ ਖਿਨ ਭੀਤਰਿ ਪਾਰਬ੍ਰਹਮ ਕੈ ਰੰਗਿ ॥ ੧ ॥ ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ[੧੩] ਨਾਸ ॥ ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥ ੨ ॥ ੧ ॥ ੧੨ ॥ ਕਾਨੜਾ ਮਹਲਾ ੫ ॥ [੧੪]ਸਾਧਸੰਗਤਿ ਨਿਧਿ ਹਰਿ ਕੋ ਨਾਮ ॥ ਸੰਗਿ ਸਹਾਈ ਜੀਅ ਕੈ ਕਾਮ ॥ ੧ ॥ ਰਹਾਉ ॥ ਸੰਤ ਰੇਨੁ[੧੫] ਨਿਤਿ ਮਜਨੁ[੧੬] ਕਰੈ ॥ ਜਨਮ ਜਨਮ ਕੇ [੧੭]ਕਿਲਬਿਖ ਹਰੈ ॥ ੧ ॥ ਸੰਤ ਜਨਾ ਕੀ ਊਚੀ ਬਾਨੀ ॥ ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ॥ ੨ ॥ ੨ ॥ ੧੩ ॥ ਕਾਨੜਾ ਮਹਲਾ ੫ ॥ ਸਾਧੂ ਹਰਿ ਹਰੇ ਗੁਨ ਗਾਇ ॥ ਮਾਨ[੧੮] ਤਨੁ ਧਨੁ ਪ੍ਰਾਨ ਪ੍ਰਭ ਕੇ ਸਿਮਰਤ ਦੁਖੁ ਜਾਇ ॥ ੧ ॥ ਰਹਾਉ ॥ [੧੯]ਈਤ ਊਤ ਕਹਾ ਲੋਭਾਵਹਿ ਏਕ ਸਿਉ ਮਨੁ ਲਾਇ ॥ ੧ ॥ ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ ॥ ੨ ॥ ਸਗਲ ਤਿਆਗਿ ਸਰਨਿ ਆਇਓ ਨਾਨਕ ਲੇਹੁ ਮਿਲਾਇ ॥ ੩ ॥ ੩ ॥ ੧੪ ॥ ਕਾਨੜਾ ਮਹਲਾ ੫§ ॥ ਪੇਖਿ

(੧੩੦੦)

੧ ਸੰਸਾਰ-ਸਾਗਰ ।
੨ ਡਰ ਰਹਿਤ ਕਰਨ ਵਾਲੀ ਬਖ਼ਸ਼ਿਸ਼, ਭਾਵ ਹਰੀ ਨਾਮ ।
੩ ਸਿਰ ਸੰਤਾਂ ਦੇ ਚਰਨਾਂ ਵਿੱਚ ਸੁੱਟ ਪਾਇਆ ।
੪ ਸੰਸਾਰ ਸੁਪਨਾ ਸੁਣਿਆ ਸੀ, ਪਰ ਹੁਣ ਵੇਖ ਵੀ ਲਿਆ ਹੈ, ਜਦ ਗੁਰੂ ਨੇ ਨਾਮ ਦਾ ਉਪਦੇਸ਼ ਦਿੱਤਾ।
੫ ਨਹੀਂ ਰੱਜਦਾ ਰਾਜ ਨਾਲ, ਜੋਬਨ ਨਾਲ ਅਤੇ ਧਨ ਨਾਲ ਅਤੇ ਮੁੜ-ਮੁੜ ਪਿਆ ਭੱਜਦਾ ਹੈ ।
੬ ਰੱਸੀ, ਫਾਹੀ ।
੭ ਪੂਰਨ ਅਡੋਲ ਅਵਸਥਾ ਵਿੱਚ ।
੮ ਠੰਢਾ ਅਤੇ ਸੁਖ ਅਤੇ ਸ਼ਾਂਤੀ ਦਾ ਰੂਪ ਹਰੀ ਸਿਮਰ-ਸਿਮਰ ਕੇ ਨਿੱਤ ਅਰਾਧਨਾ ਕਰੋ ।
੯ ਸਾਧੂਆਂ ਦੀ ਸੰਗਤ ਵਿੱਚ ਸਮਾਉਣਾ ਹੀ ਪੁੰਨ ਦਾਨ ਆਦਿ ਹੈ ।
੧੦ ਉਥੇ ਪਰਮੇਸ਼ਰ ਦੀ ਮਹਾਨ ਜੋਤੀ ਪ੍ਰਵੇਸ਼ ਕਰ ਰਹੀ ਹੁੰਦੀ ਹੈ, ਇਸ ਲਈ ਉਸ ਰਾਹੀਂ ਸਿਮਰਨ ਕਰਨ ਨਾਲ ਮਾਣ ਮਿਲਦਾ ਹੈ ।
੧੧ ਜਨਮ ਮਰਨ ਮੁਕ ਗਿਆ ਹੈ ਤੇ ਸ੍ਰਮ (ਥਕਾਵਟ) ਨੱਸੀ ਹੈ ।
੧੨ ਹਰੀ ਦੇ ਪ੍ਰੇਮ ਦੁਆਰਾ ਪਲ ਵਿੱਚ ਪਾਪੀ ਪਵਿੱਤਰ ਹੋ ਜਾਂਦੇ ਹਨ ।
੧੩ ਖੋਟੀ ਮੱਤ ।
੧੪ ਸਾਧ-ਸੰਗ ਵਿੱਚ ਹਰੀ-ਨਾਮ ਦਾ ਖ਼ਜ਼ਾਨਾ ਹੈ, ਜੋ ਮਨੁੱਖ ਦੇ ਨਾਲ-ਨਾਲ ਸਹਾਈ ਹੁੰਦਾ ਅਤੇ ਰੂਹ ਦੇ ਕੰਮ ਆਉਂਦਾ ਹੈ ।
੧੫ ਚਰਨ-ਧੂੜੀ । ੧੬ ਇਸ਼ਨਾਨ ।
੧੭ ਪਾਪ ਦੂਰ ਕਰਦਾ ਹੈ ।
੧੮ ਮਨ ।
੧੯ ਇਥੇ ਉਥੇ ਭਾਵ ਲਾਂਭੇ ਕਿਉਂ ਲੁਭਾਇਮਾਨ ਹੁੰਦਾ ਹੈਂ, ਹੇ ਜੀਵ !

* ਸਾਧ-ਸੰਗ ਰਾਹੀਂ ਹਰੀ ਗੁਣ ਗਾਉਣ ਨਾਲ ਸੰਸਾਰ ਦੇ ਰਸ ਸੁਪਨਾ ਦਿਸਣ ਲੱਗ ਪੈਂਦੇ ਹਨ, ਤ੍ਰਿਸ਼ਨਾ ਮੁੱਕ ਜਾਂਦੀ ਹੈ ਅਤੇ ਪੂਰਨ ਅਡੋਲ ਅਵਸਥਾ ਪ੍ਰਾਪਤ ਹੋ ਜਾਂਦੀ ਹੈ ।

† ਸਾਧ ਸੰਗਤਿ ਕਰਨ ਨਾਲ ਪੁੰਨ-ਦਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ ਅਤੇ ਸਭ ਸਾੜੇ ਮੁੱਕ ਕੇ ਪੂਰਨ ਸੁਖ-ਸ਼ਾਂਤੀ ਮਿਲ ਜਾਂਦੀ ਹੈ ।

‡ ਇਨ੍ਹਾਂ ਤਿੰਨਾਂ ਸ਼ਬਦਾਂ ਵਿੱਚ ਸਾਧ-ਸੰਗਤ ਦੇ ਗੁਣ ਦੱਸੇ ਹਨ ।

§ ਹਰੀ ਸਿਮਰਨ ਨਾਲ ਦੁੱਖ ਦੂਰ ਹੁੰਦੇ ਤੇ ਦਿਲ ਸ਼ਾਂਤੀ ਵਿੱਚ ਆਉਂਦਾ ਹੈ ।

ਪੇਖਿ ਬਿਗਸਾਊ[੧] ਸਾਜਨ ਪ੍ਰਭੂ ਆਪਨਾ ਇਕਾਂਤ[੨] ॥ ੧ ॥ ਰਹਾਉ ॥ [੩]ਆਨਦਾ ਸੁਖ ਸਹਜ ਮੂਰਤਿ [੪]ਤਿਸੁ ਆਨ ਨਾਹੀ ਭਾਂਤਿ ॥ ੧ ॥ ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ[੫] ਜਾਂਤਿ ॥ ੨ ॥ ਗੁਣ ਰਮੰਤ[੬] ਦੂਖ ਨਾਸਹਿ [੭]ਰਿਦ ਭਇਅੰਤ ਸਾਂਤਿ ॥ ੩ ॥ [੮]ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥ ੪ ॥ ੪ ॥ ੧੫ ॥ ਕਾਨੜਾ ਮਹਲਾ ੫* ॥ ਸਾਜਨਾ ਸੰਤ ਆਉ ਮੇਰੈ ॥ ੧ ॥ ਰਹਾਉ ॥ ਆਨਦਾ ਗੁਨ ਗਾਇ [੯]ਮੰਗਲ ਕਸਮਲਾ[੫] ਮਿਟਿ ਜਾਹਿ ਪਰੇਰੈ ॥ ੧ ॥ ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥ ੨ ॥ ਸੰਤ ਪ੍ਰਸਾਦਿ[੧੦] [੧੧]ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ ॥ ੩ ॥ ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ [੧੨]ਵਾਰਿ ਨਾਨਕ ਉਹ ਬੇਰੈ ॥ ੪ ॥ ੫ ॥ ੧੬ ॥ ਕਾਨੜਾ ਮਹਲਾ ੫† ॥ ਚਰਨ ਸਰਨ ਗੋਪਾਲ ਤੇਰੀ ॥ ਮੋਹ ਮਾਨ ਧੋਹ ਭਰਮ ਰਾਖਿ ਲੀਜੈ ਕਾਟਿ ਬੇਰੀ[੧੩] ॥ ੧ ॥ ਰਹਾਉ ॥ ਬੂਡਤ[੧੪] ਸੰਸਾਰ ਸਾਗਰ ॥ ਉਧਰੇ ਹਰਿ ਸਿਮਰਿ ਰਤਨਾਗਰ[੧੫] ॥ ੧ ॥ ਸੀਤਲਾ[੧੬] ਹਰਿ ਨਾਮੁ ਤੇਰਾ ॥ ਪੂਰਨੋ ਠਾਕੁਰ ਪ੍ਰਭੁ ਮੇਰਾ ॥ ੨ ॥ [੧੭]ਦੀਨ ਦਰਦ ਨਿਵਾਰਿ ਤਾਰਨ ॥ [੧੮]ਹਰਿ ਕ੍ਰਿਪਾ ਨਿਧਿ ਪਤਿਤ ਉਧਾਰਨ ॥ ੩ ॥ ਕੋਟਿ ਜਨਮ ਦੂਖ ਕਰਿ ਪਾਇਓ ॥ ਸੁਖੀ ਨਾਨਕ ਗੁਰਿ ਨਾਮੁ ਦ੍ਰਿੜਾਇਓ ॥ ੪ ॥ ੬ ॥ ੧੭ ॥ ਕਾਨੜਾ ਮਹਲਾ ੫‡ ॥ ਧਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ ॥ ਕੋਟਿ ਜਾਪ ਤਾਪ ਸੁਖ ਪਾਏ ਆਇ ਮਿਲੇ ਪੂਰਨ ਬਡਭਾਗੀ ॥ ੧ ॥ ਰਹਾਉ ॥ ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ[੧੯] ਤਿਆਗੀ ॥ ਭੋਰ[੨੦] ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ[੨੧] ਮਿਲਿ ਸੋਵਤ ਜਾਗੀ ॥ ੧ ॥ ਤੂ ਅਥਾਹੁ ਅਤਿ ਬਡੋ ਸੁਆਮੀ ਕ੍ਰਿਪਾ ਸਿੰਧੁ[੨੨] ਪੂਰਨ ਰਤਨਾਗੀ[੨੩] ॥ ਨਾਨਕੁ ਜਾਚਕੁ[੨੪] ਹਰਿ ਹਰਿ ਨਾਮੁ ਮਾਂਗੈ ਮਸਤਕੁ ਆਨਿ ਧਰਿਓ ਪ੍ਰਭ ਪਾਗੀ[੨੫] ॥ ੨ ॥ ੭ ॥ ੧੮ ॥ ਕਾਨੜਾ ਮਹਲਾ ੫§ ॥ [੨੬]ਕੁਚਿਲ ਕਠੋਰ ਕਪਟ ਕਾਮੀ ॥ ਜਿਉ ਜਾਨਹਿ ਤਿਉ ਤਾਰਿ ਸੁਆਮੀ ॥ ੧ ॥ ਰਹਾਉ ॥ ਤੂ ਸਮਰਥੁ [੨੭]ਸਰਨਿ ਜੋਗੁ ਤੂ ਰਾਖਹਿ ਅਪਨੀ [੨੮]ਕਲ ਧਾਰਿ ॥ ੧ ॥ ਜਾਪ ਤਾਪ ਨੇਮ ਸੁਚਿ ਸੰਜਮ[੨੯] ਨਾਹੀ ਇਨ ਬਿਧੇ ਛੁਟਕਾਰ ॥ [੩੦]ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ[੩੧] ॥ ੨ ॥ ੮ ॥ ੧੯ ॥

ਕਾਨੜਾ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥

੧ਨਾਰਾਇਨ ਨਰਪਤਿ[੩੨] ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ

੧ ਖਿੜਦਾ ਹਾਂ (ਦੇਖ-ਦੇਖ ਕੇ) ।
੨ ਨਿਵੇਕਲਾ ।
੩ ਉਹ ਅਨੰਦ ਤੇ ਪੂਰਨ ਸੁਖ ਦੀ ਮੂਰਤ ਹੈ । ਦੇਖੋ ਪੰਨਾ ੧੧੧੨, ਨੋਟ ੩ ।
੪ ਉਸ ਨੂੰ ਹੋਰ ਕੁਝ ਨਹੀਂ ਭਾਉਂਦਾ (ਸਿਵਾਏ ਨਾਮ-ਸਿਮਰਨ ਦੇ) ।
੫ ਪਾਪ ।
੬ ਸਿਮਰਨ ਨਾਲ ।
੭ ਦਿਲ ਵਿੱਚ ਸ਼ਾਂਤੀ ਹੁੰਦੀ ਹੈ ।
੮ ਹੇ ਜੀਭ ! ਨਾਮ ਦਾ ਮਿੱਠਾ ਰਸ ਪੀ, ਹਰੀ ਦੇ ਪਿਆਰ ਵਿੱਚ ਰੰਗੀਜ ਕੇ ।
੯ ਖੁਸ਼ੀ ਦੇ ਗੀਤ ।
੧੦ ਕਿਰਪਾ ਦੁਆਰਾ ।
੧੧ ਹਿਰਦਾ ਰੂਪ ਕਮਲ ਖਿੜਦਾ ਹੈ ।
੧੨ ਉਸ ਬੇਰੈ (ਵੇਲੇ) ਤੋਂ ਕੁਰਬਾਨ ਹਾਂ ।
੧੩ ਬੇੜੀ । ੧੪ ਡੁਬਦੇ ।
੧੫ [ਰਤਨਾਕਰ] ਰਤਨਾਂ ਦੀ ਖਾਣ ।
੧੬ ਠੰਢਾ ।
੧੭ ਦੀਨਾਂ ਦਾ ਦੁੱਖ ਦੂਰ ਕਰ ਕੇ ਤਾਰਨ ਵਾਲਾ ।
੧੮ ਹਰੀ ਕਿਰਪਾ ਦਾ ਭੰਡਾਰ ਅਤੇ ਪਾਪੀਆਂ ਨੂੰ ਤਾਰਨ ਵਾਲਾ ਹੈ ।
੧੯ ਮੈਂ ।
੨੦ ਥੋੜ੍ਹਾ। ਜੋ ਥੋੜ੍ਹਾ ਜਿਹਾ ਵੀ ਭਰਮ ਰਹਿ ਗਿਆ ਸੀ ਦੂਰ ਹੋ ਗਿਆ ਹੈ ।
੨੧ ਸੁਰਮਾ।
੨੨ ਕਿਰਪਾ ਦੇ ਸਮੁੰਦਰ ।
੨੩ [ਰਤਨਾਕਰ] ਰਤਨਾਂ ਦੀ ਖਾਣ ।
੨੪ ਮੰਗਤਾ।
੨੫ ਪੈਰੀਂ। ਮੱਥਾ ਪ੍ਰਭੂ ਦੇ ਚਰਨਾਂ 'ਤੇ ਲਿਆ ਕੇ ਧਰ ਦਿੱਤਾ ਹੈ ।
੨੬ ਮੈਂ ਗੰਦਾ, ਜ਼ਾਲਮ, ਧੋਖੇਬਾਜ਼ ਅਤੇ ਵਿਭਚਾਰੀ ਹਾਂ।
੨੭ ਰੱਖਿਆ ਕਰਨ ਦੇ ਸਮਰੱਥ ।
੨੮ ਸ਼ਕਤੀ ਵਰਤਾਅ ਕੇ ।
੨੯ ਇੰਦ੍ਰਿਆਂ ਦੇ ਰੋਕਣ ਦੇ ਖ਼ਾਸ-ਖ਼ਾਸ ਤਰੀਕੇ ।
੩੦ ਡੂੰਘੇ ਤੇ ਹਨੇਰ ਗਰਤ (ਟੋਏ) ਵਿਚੋਂ ।
੩੧ ਨਿਹਾਲ ਕੇ, ਵੇਖ ਕੇ, ਮੇਹਰ ਦੀ ਨਜ਼ਰ ਨਾਲ ਵੇਖ ਕੇ ।
੩੨ ਰਾਜਾ । ਜੋ ਹਰੀ-ਰਾਜੇ ਨੂੰ ਪ੍ਰਨਾਮ ਕਰਦਾ ਹੈ।

* ਇਹ ਨਾਮ-ਸਿਮਰਨ ਜਾਂ ਗੁਣ ਗਾਣਾ ਗੁਰੂ ਤੋਂ ਮਿਲਦਾ ਹੈ ।

† ਗੁਰੂ ਨਾਮ ਦ੍ਰਿੜ੍ਹਾਉਂਦਾ ਹੈ, ਜਿਸ ਤੋਂ ਪਾਪਾਂ ਤੋਂ ਬਚ ਕੇ ਪੂਰਨ ਸੁਖ ਮਿਲਦਾ ਹੈ ।

‡ ਇਹ ਨਾਮ ਦੀ ਪ੍ਰੀਤਿ ਜਪਾਂ ਤਪਾਂ ਤੋਂ ਉੱਤਮ ਹੈ ।

§ ਆਪਣੇ ਆਪ ਨੂੰ ਪਾਪੀ ਦੱਸ ਕੇ ਹਰੀ ਅੱਗੇ ਮਿਹਰ ਕਰਨ ਲਈ ਅਰਦਾਸ ਕਰਦੇ ਹਨ ।

¶ ਕਰੋੜਾਂ ਵਿਚੋਂ ਕੋਈ ਇਕ ਹੀ ਹੁੰਦਾ ਹੈ ਜੋ ਹਰੀ ਨੂੰ ਬਿਅੰਤ ਰੂਪ ਵਿੱਚ ਦੇਖਦਾ ਤੇ ਨਮਸਕਾਰਦਾ ਹੈ, ਉਹ ਗੁਰੂ ਹੈ ।

ਆਪਿ ਮੁਕਤੁ ਮੋਹਿ[੧] ਤਾਰੈ ॥ ੧ ॥ ਰਹਾਉ ॥ ਕਵਨ ਕਵਨ ਕਵਨ ਗੁਨ
ਕਹੀਐ ਅੰਤੁ ਨਹੀ ਕਛੁ ਪਾਰੈ[੨] ॥ ਲਾਖ ਲਾਖ ਲਾਖ ਕਈ ਕੋਰੈ[੩] ਕੋ ਹੈ ਐਸੋ
ਬੀਚਾਰੈ ॥ ੧ ॥ ਬਿਸਮ[੪] ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ[੫] ਰੰਗਾਰੈ ॥
ਕਹੁ ਨਾਨਕ [੬]ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥ ੨ ॥ ੧ ॥
੨੦ ॥ ਕਾਨੜਾ ਮਹਲਾ ੫* ॥ ਨ ਜਾਨੀ ਸੰਤਨ ਪ੍ਰਭ ਬਿਨੁ ਆਨ[੭] ॥ [੮]ਊਚ
ਨੀਚ ਸਭ ਪੇਖਿ ਸਮਾਨੋ [੯]ਮੁਖਿ ਬਕਨੋ ਮਨਿ ਮਾਨ ॥ ੧ ॥ ਰਹਾਉ ॥ [੧੦]ਘਟਿ
ਘਟਿ ਪੂਰਿ ਰਹੇ ਸੁਖ ਸਾਗਰ [੧੧]ਭੈ ਭੰਜਨ ਮੇਰੇ ਪ੍ਰਾਨ ॥ [੧੨]ਮਨਹਿ ਪ੍ਰਗਾਸੁ
ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ[੧੩] ॥ ੧ ॥ ਕਰਤ ਰਹੇ ਕ੍ਰਤਗ੍ਯ[੧੪]
ਕਰੁਣਾ ਮੈ[੧੫] ਅੰਤਰਜਾਮੀ ਗ੍ਯਾਨ[੧੬] ॥ ਆਠ ਪਹਰ ਨਾਨਕ ਜਸੁ ਗਾਵੈ ਮਾਂਗਨ
ਕਉ ਹਰਿ ਦਾਨ ॥ ੨ ॥ ੨ ॥ ੨੧ ॥ ਕਾਨੜਾ ਮਹਲਾ ੫† ॥ ਕਹਨ ਕਹਾਵਨ
ਕਉ ਕਈ ਕੇਤੈ[੧੭] ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ[੧੮] ॥
੧ ॥ ਰਹਾਉ ॥ ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ[੧੯] ॥ ਬੁਰਾ ਨਹੀ
ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ[੨੦] ॥ ੧ ॥ ਸੋਗੁ ਨਾਹੀ ਸਦਾ ਹਰਖੀ[੨੧]
ਹੈ ਰੇ [੨੨]ਛੋਡਿ ਨਾਹੀ ਕਿਛੁ ਲੇਤੈ ॥ ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ [੨੩]ਕਤ
ਆਵੈ ਕਤ ਰਮਤੈ ॥ ੨ ॥ ੩ ॥ ੨੨ ॥ ਕਾਨੜਾ ਮਹਲਾ ੫‡ ॥ [੨੪]ਹੀਏ ਕੋ
ਪ੍ਰੀਤਮੁ ਬਿਸਰਿ ਨ ਜਾਇ ॥ ਤਨ ਮਨ ਗਲਤ[੨੫] ਭਏ ਤਿਹ ਸੰਗੇ ਮੋਹਨੀ ਮੋਹਿ
ਰਹੀ ਮੋਰੀ ਮਾਇ ॥ ੧ ॥ ਰਹਾਉ ॥ ਜੈ ਜੈ ਪਹਿ ਕਹਉ ਬ੍ਰਿਥਾ[੨੬] ਹਉ ਅਪੁਨੀ
ਤੇਊ ਤੇਊ [੨੭]ਗਹੇ ਰਹੇ ਅਟਕਾਇ ॥ ਅਨਿਕ ਭਾਂਤਿ ਕੀ ਏਕੈ ਜਾਲੀ[੨੮] ਤਾ ਕੀ
ਗੰਠਿ ਨਹੀ ਛੋਰਾਇ ॥ ੧ ॥ ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ
ਸਰਨਾਇ ॥ ਕਾਟੇ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ ॥
੨ ॥ ੪ ॥ ੨੩ ॥ ਕਾਨੜਾ ਮਹਲਾ ੫§ ॥ ਆਨਦ ਰੰਗ[੨੯] ਬਿਨੋਦ[੩੦] ਹਮਾਰੈ ॥
ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ [੩੧]ਪ੍ਰਾਨ ਅਧਾਰੈ ॥ ੧ ॥ ਰਹਾਉ ॥
ਨਾਮੋ ਗਿਆਨੁ ਨਾਮੁ ਇਸਨਾਨਾ ਹਰਿ ਨਾਮੁ ਹਮਾਰੇ ਕਾਰਜ ਸਵਾਰੈ ॥ ਹਰਿ
ਨਾਮੋ ਸੋਭਾ ਨਾਮੁ ਬਡਾਈ [੩੨]ਭਉਜਲੁ ਬਿਖਮੁ ਨਾਮੁ ਹਰਿ ਤਾਰੈ ॥ ੧ ॥
[੩੩]ਅਗਮ ਪਦਾਰਥ ਲਾਲ ਅਮੋਲਾ ਭਇਓ ਪਰਾਪਤਿ ਗੁਰ ਚਰਨਾਰੈ[੩੪] ॥ ਕਹੁ
ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ [੩੫]ਹੀਅਰੈ ਦਰਸਾਰੈ ॥ ੨ ॥ ੫ ॥
੨੪ ॥ ਕਾਨੜਾ ਮਹਲਾ ੫¶ ॥ ਸਾਜਨ ਮੀਤ ਸੁਆਮੀ ਨੇਰੋ[੩੬] ॥ ਪੇਖਤ
ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ[੩੭] ॥ ੧ ॥ ਰਹਾਉ ॥
ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੁ ਤੇਰੋ ॥ [੩੮]ਆਗੈ ਦ੍ਰਿਸਟਿ

੧ ਮੈਨੂੰ ।
੨ ਪਾਰਾਵਾਰ ।
੩ ਕਰੋੜਾਂ ।
੪ ਅਨੰਦਤ, ਪ੍ਰਸੰਨ ।
੫ [ਫ਼ਾ. ਗੁਲੇ ਲਾਲਹ ਵਾਕੁਰ] ਗੂੜ੍ਹੇ ਲਾਲ ਰੰਗ ਦੀ।
੬ ਸੰਤਾਂ ਨੂੰ ਇਉਂ ਸਵਾਦ ਆਉਂਦਾ ਹੈ, ਜਿਵੇਂ ਗੁੰਗਾ ਆਦਮੀ ਖਾ ਕੇ ਮੁਸਕ੍ਰਾ ਛੱਡਦਾ ਹੈ (ਪਰ ਬੋਲ ਕੇ ਦੱਸ ਨਹੀਂ ਸਕਦਾ) ।
੭ ਹੋਰ ਕੁਝ ।
੮ ਉਚਿਆਂ ਨੀਵਿਆਂ ਸਾਰਿਆਂ ਨੂੰ ਬਰਾਬਰ ਦਾ ਵੇਖਦੇ ਹਨ ।
੯ ਮੂੰਹੋਂ ਬੋਲਦੇ ਹਨ ਤੇ ਮਨ ਵਿੱਚ ਉਸ ਨੂੰ ਮੰਨਦੇ ਹਨ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਮਾਨਿ ਮਾਨ' ਹੈ)।
੧੦ ਹਰ ਇਕ ਵਿੱਚ ਸਮਾਅ ਰਹੇ ਹਨ ।
੧੧ ਡਰ ਦੂਰ ਕਰਨ ਵਾਲੇ ਹਰੀ ਜੀ ।
੧੨ ਮਨ ਵਿੱਚ ਚਾਨਣਾ ਹੋ ਗਿਆ ।
੧੩ ਕੰਨਾਂ ਵਿੱਚ ।
੧੪ ਕਰਨ ਯੋਗ । ਕਰਨਹਾਰ ਹਰੀ ਕਰ ਰਹੇ ਹਨ।
੧੫ ਤਰਸਵਾਨ, ਮਿਹਰਵਾਨ ।
੧੬ ਗਿਆਨ ਸਰੂਪ ਹਰੀ ।
੧੭ ਕਿਤਨੇ ਹੀ ਹਨ ।
੧੮ ਜਾਣਦਾ ਹੈ (ਮੇਲ ਦੀ ਅਸਲੀਅਤ ਨੂੰ) ।
੧੯ ਨੇਤ੍ਰਾਂ ਵਿੱਚ । ਇਕ ਹਰੀ ਨੂੰ ਅੱਖਾਂ ਵਿੱਚ ਰੱਖਦੇ ਹਨ ।
੨੦ ਜਿੱਤ ।
੨੧ ਖੁਸ਼ੀ ।
੨੨ ਇਸ ਅਨੰਦ ਨੂੰ ਛੱਡ ਕੇ ਹੋਰ ਕੁਝ ਨਹੀਂ ਲੈਂਦੇ।
੨੩ ਭਾਵ ਜੰਮਦਾ ਮਰਦਾ ਨਹੀਂ ਹੈ (ਕਿਥੇ ਆਉਂਦਾ ਜਾਂ ਭਟਕਦਾ ਹੈ ? ਭਾਵ ਕਿਤੇ ਨਹੀਂ) ।
੨੪ ਹਿਰਦੇ ਵਿਚੋਂ ।
੨੫ ਗਲਤਾਨ, ਮਸਤ । ਦੇਖੋ ਪੰ. ੧੨੯੯, ਨੋਟ ੬ ।
੨੬ ਦਿਲ ਦੇ ਦੁੱਖ ਦਾ ਹਾਲ ।
੨੭ ਫੜ ਕੇ ਰੋਕ ਰਹੀ ਹੈ ।
੨੮ ਮਾਇਆ ਰੂਪ ਜਾਲ ।
੨੯ ਮੌਜਾਂ ।
੩੦ ਤਮਾਸ਼ੇ, ਖੁਸ਼ੀਆਂ ।
੩੧ ਸ੍ਵਾਸਾਂ ਦਾ ਆਸਰਾ, ਜੀਵਨ ਦਾ ਆਸਰਾ ।
੩੨ ਔਖਾ ਤਰਨ ਵਾਲਾ ਸੰਸਾਰ-ਸਾਗਰ ।
੩੩ ਉਹ ਚੀਜ਼ ਜਿਸ ਤੱਕ ਪਹੁੰਚ ਨਾ ਸਕੀਏ ।
੩੪ ਚਰਨਾਂ ਵਿੱਚ ਆਇਆਂ ।
੩੫ ਹਿਰਦੇ ਵਿੱਚ ਦਰਸ਼ਨ ਕਰ ਕੇ ।
੩੬ ਨੇੜੇ ਹੈ ।
੩੭ ਫੇੜ, ਬੁਰੇ ਕੰਮ । ਥੋੜੀ ਉਮਰ ਲਈ ਕਿਉਂ ਬੁਰੇ ਕੰਮ ਕਰਦਾ ਹੈਂ?
੩੮ ਅੱਗੇ ਜਾ ਕੇ ਸਭ ਕੁਝ ਉੱਘੜ ਪਏਗਾ । ਭਾਵੇਂ ਇਥੇ ਭਰਮ ਦੇ ਹਨੇਰੇ ਕਰ ਕੇ ਧੋਖੇ ਵਿੱਚ ਰਹਿੰਦਾ ਹੈਂ ।

* ਹਰੀ ਦਾ ਪਰੀਪੂਰਨ ਹੋਣਾ ਅਤੇ ਕਰਨਹਾਰ ਅੰਤਰਜਾਮੀ ਆਦਿ ਗੁਣਾਂ ਵਾਲਾ ਹੋਣਾ ਕੇਵਲ ਗੁਰੂ ਨੂੰ ਹੀ ਅਨੁਭਵ ਹੁੰਦਾ ਹੈ ।

† ਹੋਰ ਮੂੰਹੋਂ ਆਖਣ ਨੂੰ ਤਾਂ ਕਈ ਹਨ, ਪਰ ਮੇਲ ਦੀ ਅਸਲੀਅਤ ਨੂੰ ਜਾਣਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ । ਉਹ ਜਨਮ ਮਰਨ ਵਿੱਚ ਨਾ ਆਉਣ ਵਾਲਾ ਗੁਰੂ ਹੀ ਹੋ ਸਕਦਾ ਹੈ, ਜੋ ਸਦਾ ਖੁਸ਼ ਰਹਿੰਦਾ ਹੈ, ਜਿਸ ਨੂੰ ਸਭ ਕੁਝ ਭਲਾ ਮਲੂਮ ਹੁੰਦਾ ਹੈ ਅਤੇ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿੰਦਾ ਹੈ ।

‡ ਮਾਇਆ-ਮੋਹ ਦੀ ਫਾਹੀ ਵਿੱਚੋਂ ਗੁਰੂ ਹੀ ਛੁਡਾ ਸਕਦਾ ਹੈ, ਜੋ ਹਰੀ ਦੇ ਪ੍ਰੇਮ ਦੀ ਐਸੀ ਮਸਤੀ ਦਿੰਦਾ ਹੈ ਕਿ ਮਾਇਆ ਮੋਹ ਵੱਲ ਧਿਆਨ ਹੀ ਨਹੀਂ ਜਾਂਦਾ ।

§ ਨਾਮ ਹੀ ਸਭ ਸਾਧਨਾਂ ਦੀ ਥਾਂ ਉੱਤਮ ਸਾਧਨ ਹੈ ।
ਮਨੁੱਖ ਨੂੰ ਸਮਝਾਂਦੇ ਹਨ ਕਿ ਜਦ ਹਰੀ ਤੇਰੇ ਨਾਲ ਹੈ, ਤਾਂ ਉਸ ਕੋਲੋਂ ਕੀ ਛੁਪਾ ਕੇ ਕੁਕਰਮ ਕਰਦਾ ਹੈਂ ? ਪਰ ਇਹ ਗੱਲ ਸਮਝਾਵੇ ਕੌਣ ? ਗੁਰੂ ਹੀ ਭਰਮ ਕੱਟ ਕੇ ਮੋਹ ਵਿੱਚੋਂ ਕੱਢ ਸਕਦਾ ਹੈ ।

ਆਵਤ ਸਭ ਪਰਗਟ ਈਹਾ ਮੋਹਿਓ ਭਰਮ ਅੰਧੇਰੋ ॥ ੧ ॥ ਅਟਕਿਓ ਸੁਤ ਬਨਿਤਾ[੧] ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ[੨] ॥ ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ ॥ ੨ ॥ ੬ ॥ ੨੫ ॥ ਕਾਨੜਾ ਮਹਲਾ ੫* ॥ [੩]ਬਿਖੈ ਦਲੁ ਸੰਤਨਿ ਤੁਮ੍ਰੈ ਗਾਹਿਓ ॥ ਤੁਮਰੀ ਟੇਕ ਭਰੋਸਾ ਠਾਕੁਰ ਸਰਨਿ ਤੁਮ੍ਾਰੀ ਆਹਿਓ[੪] ॥ ੧ ॥ ਰਹਾਉ ॥ ਜਨਮ ਜਨਮ ਕੇ [੫]ਮਹਾ ਪਰਾਛਤ ਦਰਸਨੁ ਭੇਟਿ ਮਿਟਾਹਿਓ ॥ ਭਇਓ ਪ੍ਗਾਸੁ ਅਨਦ ਉਜੀਆਰਾ [੬]ਸਹਜਿ ਸਮਾਧਿ ਸਮਾਹਿਓ ॥ ੧ ॥ [੭]ਕਉਨੁ ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ ॥ ਕ੍ਰਿਪਾ ਨਿਧਾਨ ਰੰਗ ਰੂਪ ਰਸ ਨਾਮੁ ਨਾਨਕ ਲੈ ਲਾਹਿਓ[੮] ॥ ੨ ॥ ੭ ॥ ੨੬ ॥ ਕਾਨੜਾ ਮਹਲਾ ੫† ॥ ਬੂਡਤ[੯] ਪ੍ਾਨੀ ਹਰਿ ਜਪਿ ਧੀਰੈ[੧੦] ॥ ਬਿਨਸੈ ਮੋਹੁ ਭਰਮੁ ਦੁਖੁ ਪੀਰੈ[੧੧] ॥ ੧ ॥ ਰਹਾਉ ॥ ਸਿਮਰਉ ਦਿਨੁ ਰੈਨਿ[੧੨] ਗੁਰ ਕੇ ਚਰਨਾ ॥ [੧੩]ਜਤ ਕਤ ਪੇਖਉ ਤੁਮਰੀ ਸਰਨਾ ॥ ੧ ॥ [੧੪]ਸੰਤ ਪ੍ਸਾਦਿ ਹਰਿ ਕੇ ਗੁਨ ਗਾਇਆ ॥ ਗੁਰ ਭੇਟਤ[੧੫] ਨਾਨਕ ਸੁਖੁ ਪਾਇਆ ॥ ੨ ॥ ੮ ॥ ੨੭ ॥ ਕਾਨੜਾ ਮਹਲਾ ੫‡ ॥ ਸਿਮਰਤ ਨਾਮੁ ਮਨਹਿ ਸੁਖੁ ਪਾਈਐ ॥ ਸਾਧ ਜਨਾ ਮਿਲਿ ਹਰਿ ਜਸੁ ਗਾਈਐ ॥ ੧ ॥ ਰਹਾਉ ॥ ਕਰਿ ਕਿਰਪਾ ਪ੍ਭ ਰਿਦੈ ਬਸੇਰੋ ॥ ਚਰਨ ਸੰਤਨ ਕੈ ਮਾਥਾ ਮੇਰੋ ॥ ੧ ॥ ਪਾਰਬ੍ਹਮ ਕਉ ਸਿਮਰਹੁ ਮਨਾਂ ॥ ਗੁਰਮੁਖਿ[੧੬] ਨਾਨਕ ਹਰਿ ਜਸੁ ਸੁਨਾਂ ॥ ੨ ॥ ੯ ॥ ੨੮ ॥ ਕਾਨੜਾ ਮਹਲਾ ੫§ ॥ [੧੭]ਮੇਰੇ ਮਨ ਪ੍ੀਤਿ ਚਰਨ ਪ੍ਭ ਪਰਸਨ ॥ [੧੮]ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ [੧੯]ਅਖੀਅਨ ਕਉ ਸੰਤੋਖੁ ਪ੍ਭ ਦਰਸਨ ॥ ੧ ॥ ਰਹਾਉ ॥ ਕਰਨਨਿ[੨੦] ਪੂਰਿ ਰਹਿਓ ਜਸੁ ਪ੍ੀਤਮ [੨੧]ਕਲਮਲ ਦੋਖ ਸਗਲ ਮਲ ਹਰਸਨ ॥ ਪਾਵਨ[੨੨] ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ ॥ ੧ ॥ [੨੩]ਸਰਨਿ ਗਹੀ ਪੂਰਨ ਅਬਿਨਾਸੀ [੨੪]ਆਨ ਉਪਾਵ ਥਕਿਤ ਨਹੀ ਕਰਸਨ ॥ [੨੫]ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ ਮਰਸਨ ॥ ੨ ॥ ੧੦ ॥ ੨੯ ॥ ਕਾਨੜਾ ਮਹਲਾ ੫¶ ॥ [੨੬]ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ ॥ ੧ ॥ ਰਹਾਉ ॥ [੨੭]ਅਹੰ ਮਤ ਅਨ ਰਤ ਕੁਮਿਤ ਹਿਤ ਪ੍ੀਤਮ ਪੇਖਤ ਭ੍ਮਤ ਲਾਖ ਗਰੀਆ ॥ ੧ ॥ [੨੮]ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ ॥ ਕਰੁਣ[੨੯] ਕ੍ਰਿਪਾਲ ਗੋੁਪਾਲ ਦੀਨ ਬੰਧੁ ਨਾਨਕ [੩੦]ਉਧਰੁ ਸਰਨਿ ਪਰੀਆ ॥ ੨ ॥ ੧੧ ॥ ੩੦ ॥ ਕਾਨੜਾ ਮਹਲਾ ੫:: ॥ ਜੀਅ ਪ੍ਾਨ [੩੧]ਮਾਨ ਦਾਤਾ ॥ ਹਰਿ ਬਿਸਰਤੇ ਹੀ ਹਾਨਿ[੩੨] ॥

੧ ਇਸਤਰੀ ।

੨ ਵਿਸਾਰ ਦਿੱਤਾ ਹੈ ।

੩ ਮੈਂ ਮਾਇਆ ਦੇ ਵਿਸ਼ਿਆਂ ਰੂਪੀ ਦਲ ਨੂੰ ਤੇਰੇ ਸੰਤਾਂ ਦੁਆਰਾ ਲਤਾੜ ਦਿੱਤਾ ਹੈ, ਮੁਕਾਅ ਦਿੱਤਾ ਹੈ ।

੪ ਚਾਹੀ ਹੈ ।

੫ ਵੱਡੇ-ਵੱਡੇ ਪਾਪ ਦਰਸ਼ਨ ਕਰ ਕੇ ਮਿਟਾ ਦਿੱਤੇ ਹਨ ।

੬ ਅਡੋਲ ਅਵਸਥਾ ਵਿੱਚ ਲੀਨ ਹੋ ਗਏ ਹਾਂ । ਦੇਖੋ ਪੰਨਾ ੧੧੯੯, ਨੋਟ ੨੧ ।

੭ ਕੌਣ ਕਹਿੰਦਾ ਹੈ ਕਿ ਤੈਥੋਂ ਕੁਝ ਨਹੀਂ ਹੋ ਸਕਦਾ? ਤੂੰ ਤਾਂ ਬੇਅੰਤ ਸਮਰੱਥਾ ਵਾਲਾ ਹੈਂ।

੮ ਲਾਭ । ਹੇ ਕਿਰਪਾ ਦੇ ਭੰਡਾਰ ! ਤੇਰਾ ਨਾਮ ਜਦ ਲਾਭ ਦੇ ਤੌਰ 'ਤੇ ਲਿਆ ਤਾਂ ਰੰਗ ਰਸ ਤੇ ਰੂਪ ਸਭ ਕੁਝ ਮਿਲ ਗਿਆ ।

੯ ਡੁਬਦਾ ।

੧੦ ਧੀਰਜ ਫੜਦਾ ਹੈ ।

੧੧ ਪੀੜ । ੧੨ ਰਾਤ ।

੧੩ ਜਿਧਰ ਕਿਧਰੇ ਦੇਖਦਾ ਹਾਂ, ਤੇਰੀ ਓਟ ਹੀ ਦਿਸਦੀ ਹੈ ।

੧੪ ਗੁਰੂ-ਸੰਤ ਦੀ ਕਿਰਪਾ ਨਾਲ ।

੧੫ ਮਿਲਦਿਆਂ ।

੧੬ ਗੁਰੂ ਦੁਆਰਾ ।

੧੭ ਮੇਰੇ ਮਨ ਦੀ ਪ੍ਰੀਤ ਪ੍ਰਭੂ ਦੇ ਚਰਨ ਛੋਹਣ ਲਈ ਹੈ ।

੧੮ ਜੀਭ ਰੱਜੀ ਹੈ ਨਾਮ-ਭੋਜਨ ਨਾਲ ।

੧੯ ਅੱਖਾਂ ਨੂੰ ਹਰੀ ਦਰਸ਼ਨ ਤੋਂ ਸ਼ਾਂਤੀ ਮਿਲਦੀ ਹੈ।

੨੦ ਕੰਨਾਂ ਵਿੱਚ ।

੨੧ (ਜਿਸ ਨਾਲ) ਪਾਪ ਦੋਸ਼ ਤੇ ਸਾਰੇ ਗੰਦ-ਮੰਦ ਦੂਰ ਹੁੰਦੇ ਹਨ । ਹਰਸਨ= ਹਰਦੇ ਹਨ, ਦੂਰ ਹੁੰਦੇ ਹਨ।

੨੨ ਪੈਰ । ਪੈਰ ਦੌੜਨ ਹਰੀ ਦੇ ਸੁਖਦਾਈ ਰਸਤੇ ਵੱਲ ਅਤੇ ਸਰੀਰ ਦੇ ਅੰਗ ਸੰਤ ਸੰਗ ਨਾਲ ਰਸ ਵਾਲੇ ਹੁੰਦੇ ਹਨ ।

੨੩ ਪੂਰਨ ਤੇ ਬਿਅੰਤ ਦੀ ਸ਼ਰਨ ਲਈ ।

੨੪ ਹੋਰ ਉਪਾਵ ਕਰਦੇ ਵਾਧੂ ਥਕਦੇ ਨਹੀਂ ਫਿਰਦੇ।

੨੫ ਹੱਥ ਫੜ ਕੇ ।

੨੬ ਜਿਨ੍ਹਾਂ ਦੇ ਅੰਦਰ ਖਪਟ (ਨਾਸ ਕਰਨ ਵਾਲੇ) ਕਪਟ ਕੁਹਕਦੇ (ਮਚਦੇ) ਹਨ ਅਤੇ ਕਾਮਾਦਿਕ ਖਲ (ਦੁਸ਼ਟ) ਗਜਦੇ ਹਨ, ਉਨ੍ਹਾਂ ਨੂੰ ਮੀਚ (ਮੌਤ) ਕਈ ਵੇਰ ਮਲਦੀ ਹੈ ।

੨੭ ਹੰਕਾਰ ਵਿੱਚ ਮੱਤਾ ਤੇ ਹੋਰ ਰਸਾਂ ਵਿੱਚ ਰੱਤਾ ਹਾਂ, ਕੁਮਿਤ੍ਰਾਂ ਨਾਲ ਹਿਤ ਹੈ; ਹੇ ਪ੍ਰੀਤਮ ! ਤੂੰ ਦੇਖਦਾ ਹੈਂ ਕਿ ਮੈਂ ਲੱਖਾਂ ਗਲੀਆਂ ਵਿੱਚ ਭਰਮਦਾ ਫਿਰਦਾ ਹਾਂ ।

੨੮ ਤੁਛ ਮੇਰੇ ਵਿਹਾਰ ਹਨ ਅਤੇ ਬਿਧੀਹੀਨ (ਬੇਢੰਗੇ) ਆਚਾਰ ਹਨ, ਮਮਤਾ ਦੇ ਨਸ਼ੇ ਦਾ ਮੱਤਾ ਹੋਣ ਕਰ ਕੇ ਕ੍ਰੋਧ-ਅਗਨੀ ਵਿੱਚ ਸੜ ਰਿਹਾ ਹਾਂ ।

੨੯ ਦਇਆ ਸਰੂਪ ।

੩੦ ਸ਼ਰਨ ਪਿਆਂ ਨੂੰ ਤਾਰ ਲੈ । ਦੇਖੋ ਪੰਨਾ ੭੪੪, ਨੋਟ ੧੩ ।

੩੧ ਮਨ ਦਾ ਦਾਤਾ ।

੩੨ ਘਾਟਾ ।

* ਸਮਰੱਥ ਗੁਰੂ ਦਰਸ਼ਨ ਦੇ ਕੇ ਭਰਮ ਤੇ ਪਾਪ ਦੂਰ ਕਰ ਦਿੰਦਾ ਹੈ, ਨਾਮ ਦੇ ਕੇ ਰੰਗ ਰੂਪ ਰਸ ਦੇ ਮਾਲਕ ਬਣਾ ਦਿੰਦਾ ਹੈ ।

† ਗੁਰੂ ਦੇ ਰਾਹੀਂ ਹਰੀ ਗੁਣ ਗਾ ਕੇ ਮੋਹ ਭਰਮ ਆਦਿ ਦੁੱਖ ਦੇਣ ਵਾਲੇ ਦੂਰ ਹੋਂਦੇ ਤੇ ਸੁਖ ਮਿਲਦਾ ਹੈ।

‡ ਗੁਰੂ ਦੇ ਰਾਹੀਂ ਹਰੀ-ਜਸ ਗਾ ਸੁਣ ਕੇ ਸੁਖ ਮਿਲਦਾ ਹੈ ।

§ ਗੁਰੂ ਦੇ ਰਾਹੀਂ ਹਰੀ ਦੀ ਲਗਨ ਲੱਗ ਜਾਏ ਤਾਂ ਸਰੀਰ ਦੇ ਸਾਰੇ ਅੰਗ ਇਸੇ ਪਾਸੇ ਲੱਗ ਕੇ ਰਸ ਗ੍ਰਾਹਕ ਹੋ ਜਾਂਦੇ ਹਨ ।

¶ ਆਪਣੀ ਵਿਛੋੜੇ ਵਾਲੀ ਹਾਲਤ ਦੱਸ ਕੇ ਬੇਨਤੀ ਕਰਦੇ ਹਨ ਕਿ ਮੇਲ ਲਓ ।

:: ਹਰੀ ਦੇ ਵਿਸਾਰਨ ਵਿੱਚ ਹਰ ਤਰ੍ਹਾਂ ਦੇ ਘਾਟੇ ਹਨ । ਸ਼ਰਨ ਪੈਣ ਨਾਲ ਉਧਾਰ ਹੁੰਦਾ ਹੈ ।

੧ ॥ ਰਹਾਉ ॥ ਗੋਬਿੰਦ ਤਿਆਗਿ [1]ਆਨ ਲਾਗਹਿ [2]ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥ ਬਿਖੈ ਰਸ ਸਿਉ ਆਸਕਤ[3] ਮੂੜੇ ਕਾਹੇ ਸੁਖ ਮਾਨਿ ॥ ੧ ॥ ਕਾਮਿ ਕ੍ਰੋਧਿ ਲੋਭਿ ਬਿਆਪਿਓ [4]ਜਨਮ ਹੀ ਕੀ ਖਾਨਿ ॥ [5]ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥ ੨ ॥ ੧੨ ॥ ੩੧ ॥ ਕਾਨੜਾ ਮਹਲਾ ੫* ॥ [6]ਅਵਿਲੋਕਉ ਰਾਮ ਕੋ ਮੁਖਾਰਬਿੰਦ ॥ ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ ॥ ੧ ॥ ਰਹਾਉ ॥ ਚਰਨ ਕਮਲ ਰਿਦੈ ਧਾਰਿ ॥ ਉਤਰਿਆ ਦੁਖੁ ਮੰਦ ॥ ੧ ॥ ਰਾਜ ਧਨੁ ਪਰਵਾਰੁ ਮੇਰੈ ਸਰਬਸੋ[7] ਗੋਬਿੰਦ ॥ ਸਾਧਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ[8] ॥ ੨ ॥ ੧੩ ॥ ੩੨ ॥

ਕਾਨੜਾ ਮਹਲਾ ੫ ਘਰੁ ੫ ੴ ਸਤਿਗੁਰ ਪ੍ਰਸਾਦਿ ॥

†ਪ੍ਰਭ ਪੂਜਹੋ ਨਾਮੁ ਅਰਾਧਿ[9] ॥ ਗੁਰ ਸਤਿਗੁਰ ਚਰਨੀ ਲਾਗਿ ॥ ਹਰਿ ਪਾਵਹੁ ਮਨੁ ਅਗਾਧਿ ॥ ਜਗੁ ਜੀਤੋ ਹੋ ਹੋ ਗੁਰ ਕਿਰਪਾਧਿ[10] ॥ ੧ ॥ ਰਹਾਉ ॥ ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ[11] ॥ ਮਾਟੀ ਕੀ ਇਹ ਪੁਤਰੀ[12] ਜੋਰੀ ਕਿਆ ਏਹ ਕਰਮ ਕਮਾਸਿ[13] ॥ ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ[14] ॥ ੧ ॥ ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ ॥ ਕਿਆ ਦੀਨੁ ਕਰੇ ਅਰਦਾਸਿ ॥ [15]ਜਉ ਸਭ ਘਟਿ ਪ੍ਰਭੂ ਨਿਵਾਸ ॥ ਪ੍ਰਭ ਚਰਨਨ ਕੀ ਮਨਿ ਪਿਆਸ ॥ ਜਨ ਨਾਨਕ [16]ਦਾਸੁ ਕਹੀਅਤੁ ਹੈ ਤੁਮ੍ਰਾ ਹਉ ਬਲਿ ਬਲਿ ਸਦ ਬਲਿ ਜਾਸ ॥ ੨ ॥ ੧ ॥ ੩੩ ॥

ਕਾਨੜਾ ਮਹਲਾ ੫ ਘਰੁ ੬ ੴ ਸਤਿਗੁਰ ਪ੍ਰਸਾਦਿ ॥

‡ਜਗਤ ਉਧਾਰਨ ਨਾਮ ਪ੍ਰਿਅ ਤੇਰੈ ॥ ਨਵ ਨਿਧਿ[17] ਨਾਮੁ ਨਿਧਾਨੁ ਹਰਿ ਕੇਰੈ ॥ ਹਰਿ ਰੰਗ ਰੰਗ ਰੰਗ ਅਨੂਪੇਰੈ[18] ॥ ਕਾਹੇ ਰੇ ਮਨ ਮੋਹਿ [19]ਮਗਨੇਰੈ ॥ ਨੈਨਹੁ ਦੇਖੁ ਸਾਧ ਦਰਸੇਰੈ ॥ ਸੋ ਪਾਵੈ ਜਿਸੁ ਲਿਖਤੁ ਲਿਲੇਰੈ[20] ॥ ੧ ॥ ਰਹਾਉ ॥ ਸੇਵਉ ਸਾਧ ਸੰਤ ਚਰਨੇਰੈ[21] ॥ ਬਾਂਛਉ[22] ਧੂਰਿ ਪਵਿਤ੍ਰ ਕਰੇਰੈ[23] ॥ [24]ਅਠਸਠਿ ਮਜਨੁ ਮੈਲੁ ਕਟੇਰੈ[25] ॥ ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ[26] ॥ ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥ ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ[27] ॥ ੧ ॥ ਮਨਸਾ ਮਾਨਿ ਏਕ ਨਿਰੰਕੇਰੈ[28] ॥ ਸਗਲ ਤਿਆਗਹੁ ਭਾਉ ਦੂਜੇਰੈ ॥ ਕਵਨ ਕਹਾਂ ਹਉ ਗੁਨ

੧ ਹੋਰਨਾਂ ਵਿੱਚ ਲੱਗ ਪੈਂਦੇ ਹਨ ।
੨ ਅੰਮ੍ਰਿਤ ਨੂੰ ਛੱਡ ਕੇ ਮਿੱਟੀ ਛਾਣਦੇ ਹਨ (ਧਰਤੀ ਨਾਲ ਲਬੇੜ ਲੈਂਦੇ ਹਨ) ।
੩ [ਸੰ.] ਖਚਿਤ, ਲੀਨ । ਵਿਸ਼ੇ ਦੇ ਰਸ ਨਾਲ ਲੀਨ ਹੋਇਆ, ਹੇ ਮੂਰਖ ! ਤੂੰ ਕਿਵੇਂ ਸੁਖ ਮਾਣ ਸਕਦਾ ਹੈਂ ? ਦੇਖੋ ਪੰਨਾ ੧੨੩੨, ਨੋਟ ੧।
੪ ਇਹ ਜਨਮ ਮਰਨ ਦਾ ਕਾਰਣ ਹਨ ।
੫ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ (ਹਰੀ) ਦੀ ਸ਼ਰਨ ਆਇਆ ਹੈਂ, ਹੇ ਨਾਨਕ ! ਹੁਣ ਤੂੰ ਤਰਿਆ ਜਾਣ ।
੬ ਵੇਖਦਾ ਹਾਂ ਹਰੀ ਦੇ ਮੁਖ-ਕਮਲ ਨੂੰ। ਮੁਖ+ਅਰਵਿੰਦ (ਕਮਲ)=ਕੰਵਲ ਜੇਹਾ ਮੂੰਹ ।
੭ ਸਭ ਕੁਝ । ਦੇਖੋ ਪੰਨਾ ੧੩੦੭, ਨੋਟ ੨੮ ।
੮ ਮਰਦਾ ।
੯ ਸਿਮਰ ਕੇ ।
੧੦ ਕਿਰਪਾ ਦੁਆਰਾ ।
੧੧ ਭਾਉਂਦੀ ਹੈ ।
੧੨ ਪੁਤਲੀ ।
੧੩ ਕਮਾ ਸਕਦੀ ਹੈ ।
੧੪ ਮਿਲ ਜਾਂਦਾ ਹੈ (ਤੈਨੂੰ ਉਹ ਜੰਤ) ।
੧੫ ਜਦ ਸਾਰੇ ਦਿਲਾਂ ਵਿੱਚ ਹਰੀ ਦਾ ਵਾਸਾ ਹੈ ।
੧੬ ਤੇਰਾ ਸੇਵਕ ਅਖਵਾਂਦਾ ਹੈ ।
੧੭ ਦੇਖੋ ਪੰਨਾ ੧੧੨੯, ਫੁਟ ਨੋਟ*।
੧੮ ਅਨੂਪ ਹੈ, ਅਦੁੱਤੀ ਹੈ ।
੧੯ ਮੋਹ ਵਿੱਚ ਮਗਨ ਹੈ ।
੨੦ [ਲਿਲਾਟ 'ਤੇ] ਮੱਥੇ 'ਤੇ ।
੨੧ ਚਰਨਾਂ ਨੂੰ ।
੨੨ ਮੰਗਦਾ ਹਾਂ ।
੨੩ ਕਰਦੀ ਹੈ ।
੨੪ ਅਨਾਹਤ ਤੀਰਥਾਂ ਦੇ ਇਸ਼ਨਾਨ ਦੇ ਬਰਾਬਰ ਹੈ।
੨੫ ਕਟਦੀ ਹੈ ।
੨੬ ਮੋੜਦਾ ।
੨੭ ਪੁਕਾਰਦਾ ਹੈ, ਬਹੁੜਦਾ ਹੈ ।
੨੮ ਨਿਰੰਕਾਰ । ਮਨਸਾ (ਖ਼ਾਹਿਸ਼) ਇੱਕ ਨਿਰੰਕਾਰ ਨਾਲ ਮਨਾ ਲਓ ਅਤੇ ਹਰ ਤਰ੍ਹਾਂ ਦਾ ਦ੍ਵੈਤ ਭਾਵ ਛੱਡ ਦਿਓ ।

* ਸਾਧ ਸੰਗਤਿ ਰਾਹੀਂ ਹਰੀ ਦੇ ਦਰਸ਼ਨ ਹੋਏ, ਜਿਸ ਨਾਲ ਸਭ ਸੁਖ ਮਿਲ ਗਏ ।
† ਮਨੁੱਖ ਵਿਚਾਰਾ ਆਪ ਕੀ ਕਰ ਸਕਦਾ ਹੈ ? ਗੁਰੂ ਦੇ ਚਰਨੀਂ ਲੱਗ ਕੇ ਨਾਮ ਧਿਆਵੇ ਤਾਂ ਹਰੀ ਆਪ ਮਿਲ ਪੈਂਦਾ ਹੈ ।
‡ ਹਰੀ-ਨਾਮ ਤੋਂ ਬਿਨਾਂ ਹੋਰ ਕੋਈ ਚੀਜ਼ ਮਨ ਦੀ ਪੂਰੀ ਨਿਸ਼ਾ ਨਹੀਂ ਕਰ ਸਕਦੀ ।

ਪ੍ਰਿਅ ਤੇਰੈ ॥ [੧]ਬਰਨਿ ਨ ਸਾਕਉ ਏਕ ਟੂਲੇਰੈ[੨] ॥ ਦਰਸਨ ਪਿਆਸ ਬਹੁਤੁ ਮਨਿ ਮੇਰੈ ॥ ਮਿਲੁ ਨਾਨਕ ਦੇਵ [੩]ਜਗਤ ਗੁਰ ਕੇਰੈ ॥ ੨ ॥ ੧ ॥ ੩੪ ॥ ਕਾਨੜਾ ਮਹਲਾ ੫* ॥ [੪]ਐਸੀ ਕਉਨ ਬਿਧੇ ਦਰਸਨ ਪਰਸਨਾ ॥ ੧ ॥ ਰਹਾਉ ॥ ਆਸ ਪਿਆਸ ਸਫਲ ਮੂਰਤਿ ਉਮਗਿ[੫] ਹੀਉ[੬] ਤਰਸਨਾ ॥ ੧ ॥ [੭]ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ ॥ ਹਰਿ ਸੰਤਨਾ ਕੀ ਰੇਨ[੮] ॥ [੯]ਹੀਉ ਅਰਪਿ ਦੇਨ ॥ ਪ੍ਰਭ ਭਏ ਹੈ ਕਿਰਪੇਨ[੧੦] ॥ ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ[੧੧] ॥ ੨ ॥ ੨ ॥ ੩੫ ॥ ਕਾਨੜਾ ਮਹਲਾ ੫† ॥ [੧੨]ਰੰਗਾ ਰੰਗ ਰੰਗਨ ਕੇ ਰੰਗਾ ॥ [੧੩]ਕੀਟ ਹਸਤ ਪੂਰਨ ਸਭ ਸੰਗਾ ॥ ੧ ॥ ਰਹਾਉ ॥ [੧੪]ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ[੧੫] ਭੂਖ ਅਰੁ ਨੰਗਾ ॥ ਪੂਜਾਚਾਰ[੧੬] ਕਰਤ ਮੇਲੰਗਾ[੧੭] ॥ ਚਕ੍ਰ ਕਰਮ [੧੮]ਤਿਲਕ ਖਾਟੰਗਾ ॥ [੧੯]ਦਰਸਨੁ ਭੇਟੇ ਬਿਨੁ ਸਤਸੰਗਾ ॥ ੧ ॥ ਹਠਿ ਨਿਗ੍ਰਹਿ[੨੦] ਅਤਿ ਰਹਤ ਬਿਟੰਗਾ[੨੧] ॥ ਹਉ ਰੋਗੁ ਬਿਆਪੈ ਚੁਕੈ ਨ ਭੰਗਾ[੨੨] ॥ ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ[੨੩] ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥ ੨ ॥ ੩ ॥ ੩੬ ॥

ਕਾਨੜਾ ਮਹਲਾ ੫ ਘਰੁ ੭ ੴ ਸਤਿਗੁਰ ਪ੍ਰਸਾਦਿ ॥

‡ਤਿਖ[੨੪] ਬੂਝਿ ਗਈ ਗਈ ਮਿਲਿ ਸਾਧ ਜਨਾ ॥ ਪੰਚ[੨੫] ਭਾਗੇ ਚੋਰ ਸਹਜੇ ਸੁਖੈਨੋ ਹਰੇ[੨੬] ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧ ॥ ਰਹਾਉ ॥ ਜੈਸੀ ਕਰੀ ਪ੍ਰਭ [੨੭]ਮੋ ਸਿਉ ਮੋ ਸਿਉ ਐਸੀ ਹਉ ਕੈਸੇ ਕਰਉ ॥ ਹੀਉ[੬] ਤੁਮ੍ਹਾਰੇ ਬਲਿ ਬਲੇ ਬਲਿ ਬਲੇ ਬਲਿ ਗਈ ॥ ੧ ॥ [੨੮]ਪਹਿਲੇ ਪੈ ਸੰਤ ਪਾਇ ਧਿਆਇ ਧਿਆਇ ਪ੍ਰੀਤਿ ਲਾਇ ॥ ਪ੍ਰਭ ਥਾਨੁ ਤੇਰੋ ਕੇਹਰੋ[੨੯] ਜਿਤੁ ਜੰਤਨ ਕਰਿ ਬੀਚਾਰੁ ॥ ਅਨਿਕ ਦਾਸ ਕੀਰਤਿ[੩੦] ਕਰਹਿ ਤੁਹਾਰੀ ॥ ਸੋਈ ਮਿਲਿਓ ਜੋ ਭਾਵਤੋ ਜਨ ਨਾਨਕ ਠਾਕੁਰ ਰਹਿਓ ਸਮਾਇ ॥ ਏਕ ਤੂਹੀ ਤੂਹੀ ਤੂਹੀ ॥ ੨ ॥ ੧ ॥ ੩੭ ॥

ਕਾਨੜਾ ਮਹਲਾ ੫ ਘਰੁ ੮ ੴ ਸਤਿਗੁਰ ਪ੍ਰਸਾਦਿ ॥

§ਤਿਆਗੀਐ ਗੁਮਾਨੁ ਮਾਨੁ ਪੇਖਤਾ[੩੧] ਦਇਆਲ ਲਾਲ [੩੨]ਹਾਂ ਹਾਂ ਮਨ ਚਰਨ ਰੇਨ ॥ ੧ ॥ ਰਹਾਉ ॥ ਹਰਿ ਸੰਤ ਮੰਤ[੩੩] ਗੁਪਾਲ ਗਿਆਨ ਧਿਆਨ ॥ ੧ ॥ ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥ ਕ੍ਰਿਪਾਲ ਦਇਆ ਮਇਆ[੩੪] ਧਾਰਿ ॥ ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ

੧ ਵਰਣਨ ਨਹੀਂ ਕਰ ਸਕਦਾ ।
੨ ਟੋਲ ਨੂੰ, ਗੁਣ ਨੂੰ ।
੩ [ਜਗਤ ਕੇਰੇ ਗੁਰੂ] ਹੇ ਜਗਤ ਦੇ ਗੁਰੂ !
੪ ਐਸਾ ਕੀ ਤਰੀਕਾ ਹੈ, ਜਿਸ ਨਾਲ ਦਰਸ਼ਨ ਪ੍ਰਾਪਤ ਹੋਣ ?
੫ ਉਮੰਗ, ਚਾਉ ਵਿੱਚ । ਉਸ ਸਫ਼ਲ ਮੂਰਤ ਦੇ ਦਰਸ਼ਨਾਂ ਦੀ ਪਿਆਸ ਤੇ ਆਸ ਲੱਗੀ ਹੈ, ਦਿਲ ਦਰਸ਼ਨਾਂ ਦੇ ਚਾਉ ਵਿੱਚ ਤਰਸ ਰਿਹਾ ਹੈ । ਦੇਖੋ ਪੰਨਾ ੧੨੨੨, ਨੋਟ ੧੨ ।
੬ ਦਿਲ ।
੭ ਦੀਨ ਹੋ ਕੇ ਡਿੱਗਾ ਹਾਂ ਤੇ ਮੱਛੀ ਵਾਂਗ ਪਿਆਸ ਹੈ ।
੮ ਮੱਟੀ, ਚਰਨ-ਧੂੜ ।
੯ ਦਿਲ ਹਵਾਲੇ ਕਰ ਦੇਣ ਨਾਲ ।
੧੦ ਕਿਰਪਾਲੂ ।
੧੧ ਮਿਲਦਾ ਹੈ ।
੧੨ ਕਈ ਤਰ੍ਹਾਂ ਦੇ ਰੰਗਾਂ ਦੇ ਰੰਗਣ ਵਾਲਾ ਹੈ, ਹਰੀ ।
੧੩ ਕੀੜੀ ਤੋਂ ਹਾਥੀ ਤੱਕ ਸਭ ਵਿੱਚ ਪੂਰਨ ਹੈ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਕੀਟਾ' ਹੈ)।
੧੪ ਇਹ ਤਰੀਕੇ ਦੱਸੇ ਹਨ, ਜੋ ਲੋਕੀਂ ਉਸ ਦੀ ਪ੍ਰਾਪਤੀ ਲਈ ਕਰਦੇ ਹਨ ।
੧੫ ਬਰਫ਼ । ਜਲ ਤੇ ਬਰਫ਼ ਵਿੱਚ ਆਪਣੇ ਆਪ ਨੂੰ ਗਾਲਦੇ ਹਨ ।
੧੬ ਪੂਜਾ ਆਚਾਰ ।
੧੭ ਅੰਗਾਂ ਨੂੰ ਮੇਲ ਕੇ, ਚੌਂਕੜੀ ਮਾਰ ਕੇ ।
੧੮ ਛੇ ਅੰਗਾਂ 'ਤੇ ਤਿਲਕ ਲਾਏ । ਛੇ ਅੰਗ=ਦੋ ਲੱਤਾਂ, ਦੋ ਬਾਹਾਂ, ਇਕ ਸਿਰ ਤੇ ਇਕ ਦੇਹ ਦਾ ਵਿਚਲਾ ਹਿੱਸਾ ।
੧੯ ਛੇ ਦਰਸ਼ਨਾਂ ਨੂੰ ਵੀ ਮੰਨਦਾ ਹੈ, ਪਰ ਬਿਨਾ ਸਤਸੰਗ ਸਭ ਬੇਅਰਥ ਹੈ । ਦੇਖੋ ਪੰ: ੧੧੧੬, ਨੋਟ ੧੮ ।
੨੦ ਰੋਕਣਾ ਇੰਦ੍ਰਿਆਂ ਨੂੰ ।
੨੧ ਸਿਰ ਭਾਰ ।
੨੨ ਤੋਟਾ । ਘਾਟਾ ਮੁੱਕਦਾ ਨਹੀਂ, ਵੱਧਦਾ ਹੈ ।
੨੩ ਸੜਦੇ ਹਨ ।
੨੪ ਤ੍ਰਿਖਾ, ਪਿਆਸ ।
੨੫ ਕਾਮਾਦਿਕ ।
੨੬ ਹਰੀ ਦੇ ।
੨੭ ਮੇਰੇ ਨਾਲ ।
੨੮ ਪਹਿਲੇ ਸੰਤਾਂ ਦੀ ਪੈਰੀਂ ਪੈ ਕੇ ਤੇਰੇ ਨਾਲ ਪ੍ਰੀਤੀ ਲਾਈ ਹੈ ।
੨੯ ਕੈਸਾ ?
੩੦ ਸਿਫ਼ਤ ।
੩੧ ਵੇਖਦਾ ਹੈ ।
੩੨ ਹੇ ਭਾਈ ਮਨ ! ਸੰਤ ਚਰਨਾਂ ਦੀ ਧੂੜੀ ਹੋ ਜ ।
੩੩ ਉਪਦੇਸ਼ ।
੩੪ ਦਇਆ ।

* ਹਰੀ ਦੇ ਦਰਸ਼ਨਾਂ ਦੀ ਪਿਆਸ ਬਹੁਤ ਹੈ । ਉਸ ਦੇ ਮਿਲਣ ਦੀ ਕੀ ਵਿਧੀ ਹੈ ? ਗੁਰੂ ਦੀ ਸੰਗਤਿ ਰਾਹੀਂ ਮਾਣ ਮੋਹ ਛੱਡੀਏ, ਤਾਂ ਹਰੀ ਮਿਲਦਾ ਹੈ ।

† ਕਰਮ-ਕਾਂਡ ਕਰਨ ਨਾਲ ਹਉਮੈ ਨਹੀਂ ਜਾਂਦੀ । ਗੁਰੂ ਦੀ ਸੰਗਤਿ ਰਾਹੀਂ ਪਾਪ ਵਾਲੀ ਬਿਰਤੀ ਸੜ ਕੇ ਹਰੀ ਦੇ ਪ੍ਰੇਮ ਦਾ ਰੰਗ ਚੜ੍ਹਦਾ ਹੈ ।

‡ ਸੰਤਾਂ ਦੀ ਚਰਨੀਂ ਲੱਗੀਏ, ਤਾਂ ਹਰੀ ਵਿੱਚ ਪ੍ਰੇਮ ਸਲੱਗਦਾ ਹੈ ।

§ ਹਉਮੈ ਛੱਡ ਕੇ ਸੰਤਾਂ ਦੇ ਉਪਦੇਸ਼ ਦੁਆਰਾ ਨਾਮ ਦਾਨ ਮੰਗਣਾ ਚਾਹੀਦਾ ਹੈ ।

ਸਗਲ ਅਭਿਮਾਨੁ ॥ ੨ ॥ ੧ ॥ ੩੮ ॥ ਕਾਨੜਾ ਮਹਲਾ ੫* ॥ [੧]ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥ ੧ ॥ ਰਹਾਉ ॥ [੨]ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥ ੧ ॥ ਜਤਨ ਭਾਂਤਨ[੩] ਤਪਨ ਭ੍ਰਮਨ[੪] ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥ [੫]ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥ ੨ ॥ ੨ ॥ ੩੯ ॥

ਕਾਨੜਾ ਮਹਲਾ ੫ ਘਰੁ ੯ ੴ ਸਤਿਗੁਰ ਪ੍ਰਸਾਦਿ ॥

†[੬]ਪਤਿਤ ਪਾਵਨੁ [੭]ਭਗਤਿ ਬਛਲੁ [੮]ਭੈ ਹਰਨ ਤਾਰਨ ਤਰਨ ॥ ੧ ॥ ਰਹਾਉ ॥ [੯]ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ[੧੦] ॥ ੧ ॥ ਪ੍ਰਾਨ ਨਾਥ ਅਨਾਥ ਦਾਤੇ ਦੀਨ ਗੋਬਿਦ ਸਰਨ ॥ ਆਸ ਪੂਰਨ ਦੂਖ ਬਿਨਾਸਨ ਗਹੀ[੧੧] ਓਟ ਨਾਨਕ ਹਰਿ ਚਰਨ ॥ ੨ ॥ ੧ ॥ ੪੦ ॥ ਕਾਨੜਾ ਮਹਲਾ ੫ ॥ ਚਰਨ ਸਰਨ ਦਇਆਲ ਠਾਕੁਰ ਆਨ ਨਾਹੀ ਜਾਇ[੧੨] ॥ ਪਤਿਤ ਪਾਵਨ ਬਿਰਦੁ[੧੩] ਸੁਆਮੀ ਉਧਰਤੇ ਹਰਿ ਧਿਆਇ ॥ ੧ ॥ ਰਹਾਉ ॥ ਸੈਸਾਰ [੧੪]ਗਾਰ ਬਿਕਾਰ ਸਾਗਰ [੧੫]ਪਤਿਤ ਮੋਹ ਮਾਨ ਅੰਧ ॥ ਬਿਕਲ[੧੬] ਮਾਇਆ ਸੰਗਿ ਧੰਧ ॥ [੧੭]ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ ॥ ੧ ॥ ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ ॥ ਮਨਿ ਦਰਸਨੈ ਕੀ ਪਿਆਸ ॥ ਪ੍ਰਭ ਪੂਰਨ ਗੁਨਤਾਸ[੧੮] ॥ ਕ੍ਰਿਪਾਲ ਦਇਆਲ ਗੁਪਾਲ ਨਾਨਕ ਹਰਿ ਰਸਨਾ[੧੯] ਗੁਨ ਗਾਇ ॥ ੨ ॥ ੨ ॥ ੪੧ ॥ ਕਾਨੜਾ ਮਹਲਾ ੫ ॥ [੨੦]ਵਾਰਿ ਵਾਰਉ ਅਨਿਕ ਡਾਰਉ ॥ ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥ ੧ ॥ ਰਹਾਉ ॥ ਕਨਿਕ[੨੧] ਮੰਦਰ ਪਾਟ[੨੨] ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ[੨੩] ॥ ੧ ॥ ਮੁਕਤ[੨੪] ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ[੨੫] ॥ [੨੬]ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ[੨੭] ॥ ੨ ॥ ੩ ॥ ੪੨ ॥ ਕਾਨੜਾ ਮਹਲਾ ੫ ॥ ਅਹੰ[੨੮] ਤੋਰੋ ਮੁਖੁ ਜੋਰੋ ॥ ਗੁਰੁ ਗੁਰੁ ਕਰਤ ਮਨੁ ਲੋਰੋ[੨੯] ॥ ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥ ੧ ॥ ਰਹਾਉ ॥ ਗ੍ਰਿਹਿ ਸੇਜ ਸੁਹਾਵੀ ਆਗਨਿ[੩੦] ਚੈਨਾ ਤੋਰੋ ਰੀ ਤੋਰੋ[੩੧] ਪੰਚ ਦੂਤਨ ਸਿਉ ਸੰਗੁ ਤੋਰੋ ॥ ੧ ॥ ਆਇ ਨ ਜਾਇ ਬਸੇ [੩੨]ਨਿਜ ਆਸਨਿ ਊਂਧ[੩੩] ਕਮਲ ਬਿਗਸੋਰੋ ॥ ਛੁਟਕੀ ਹਉਮੈ ਸੋਰੋ[੩੪] ॥ ਗਾਇਓ ਰੀ ਗਾਇਓ ਪ੍ਰਭ ਨਾਨਕ [੩੫]ਗੁਨੀ ਗਹੇਰੋ ॥ ੨ ॥ ੪ ॥ ੪੩ ॥ ਕਾਨੜਾ

੧ ਹਰੀ ਦਾ ਕਹਣ (ਜਸ) ਪਾਪ ਰੂਪੀ ਮਲ ਦੇ ਦਹਨ (ਸਾੜਨ) ਵਾਲਾ ਹੈ; ਇਹ ਮਿਲਦਾ ਹੈ ਗੁਰੂ ਨੂੰ ਮਿਲ ਕੇ, ਹੋਰ ਉਪਾਵ ਕੋਈ ਨਹੀਂ ।

੨ ਤੀਰਥ, ਖਟ (ਛੇ ਪ੍ਰਕਾਰ ਦੇ) ਕਰਮ, ਜਟਾਂ ਧਾਰਨਾ, ਹੋਮ ਯੱਗ ਆਦਿ ਕਰਨਾ, ਜੋਗੀਆਂ ਵਾਂਗ ਡੰਡਾ ਧਾਰ ਹੋਣਾ, ਇਹ ਸਭ ਕਿਸੇ ਅਰਥ ਨਹੀਂ ਹਨ ।

੩ ਭਾਂਤ-ਭਾਂਤ ਦੇ ।

੪ ਭਉਣਾ, ਫਿਰਦੇ ਰਹਿਣਾ ।

੫ ਹੋਰ ਸਭ ਸਾਧਨ ਸੋਧੇ ਹਨ, ਪਰ ਸੁਖ ਇਸੇ ਵਿੱਚ ਹੈ ਕਿ ਨਾਮ ਸਿਮਰੋ ।

੬ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ।

੭ ਭਗਤੀ ਭਾਵ ਦਾ ਪਿਆਰਾ ਹਰੀ ।

੮ ਭੈ ਦੂਰ ਕਰਨ ਵਾਲਾ ।

੯ ਅੱਖਾਂ ਰੱਜੀਆਂ ਦਰਸ਼ਨ ਕਰ ਕੇ ।

੧੦ ਕੰਨ । ਕੰਨ ਜਸ ਸੁਣ ਕੇ ਸੰਤੋਖ ਪਾਂਦੇ ਹਨ।

੧੧ ਪਕੜੀ ਹੈ ।

੧੨ ਥਾਂ । ਹੋਰ ਥਾਂ ਕੋਈ ਨਹੀਂ ।

੧੩ ਨਿੱਤ ਦਾ ਕਰਮ, ਸੁਭਾਵ ।

੧੪ ਜਿਲ੍ਹਣ ਹੈ ਬਿਕਾਰਾਂ ਦੀ ।

੧੫ ਡਿੱਗਾ ਹੈ ਮੋਹ ਅਤੇ ਅੰਨ੍ਹੇ ਹੰਕਾਰ ਵਿੱਚ ।

੧੬ ਵਿਆਕੁਲ, ਘਬਰਾਇਆ ਹੋਇਆ ।

੧੭ ਹੱਥ ਪਕੜ ਕੇ ।

੧੮ ਗੁਣਾਂ ਦਾ ਖ਼ਜ਼ਾਨਾ ।

੧੯ ਜੀਭ ।

੨੦ ਪਿਆਰੇ ਦੇ ਇਕ ਰਾਤ ਦੇ ਪਲ ਭਰ ਦੇ ਸੁਹਾਗ ਤੋਂ ਅਨੇਕਾਂ ਸੁਖ ਵਾਰ ਦਿਆਂ ।

੨੧ ਸੋਨਾ ।

੨੨ ਪਟ, ਰੇਸ਼ਮ ਦੀ ।

੨੩ ਚਾਹ, ਪ੍ਰਯੋਜਨ ।

੨੪ ਮੋਤੀ ।

੨੫ ਨਸ਼ਟ ਰੂਪ ।

੨੬ ਰੁੱਖੀ ਰੋਟੀ ਤੇ ਭੋਇੰ ਤੇ ਸੌਣਾ, ਪਤੀ ਦੀ ਸੰਗਤ ਵਿੱਚ ਸਭ ਸੁਖਦਾਇਕ ਹਨ (ਕਈ ਵਾਰੀ ਤੁਕ ਦਾ ਅੰਤਲਾ ਅੱਖਰ ਲਗ-ਰਹਿਤ ਛੱਡ ਦਿੱਤਾ ਜਾਂਦਾ ਹੈ, ਜਿਵੇਂ 'ਰਾਤਿ' ਤੇ 'ਤਾਤਿ') ।

੨੭ ਗੁਜ਼ਰਦੀ ਹੈ ।

੨੮ ਹੰਕਾਰ ।

੨੯ ਲੋੜ ਹੈ (ਮਨ ਨੂੰ) ।

੩੦ ਵੇਹੜਾ (ਹਿਰਦੇ ਰੂਪ) ।

੩੧ ਤੋੜ ਦਿਓ ।

੩੨ ਭਾਵ ਆਪਣੇ ਸਰੂਪ ਵਿੱਚ ।

੩੩ ਉਲਟਾ । ਹਿਰਦਾ ਰੂਪ ਕਮਲ, ਜੋ ਹਰੀ ਵੱਲੋਂ ਉਲਟਿਆ ਪਿਆ ਹੈ, ਖਿੜ ਜਾਂਦਾ ਹੈ ।

੩੪ ਸ਼ੋਰ ।

੩੫ ਗੁਣਾਂ ਵਿੱਚ ਡੂੰਘਾ, ਭਾਰੇ ਗੁਣਾਂ ਵਾਲਾ ।

* ਗੁਰੂ ਨੂੰ ਮਿਲ ਕੇ ਹਰੀ-ਸਿਮਰਨ ਕਰਨ ਨਾਲ ਪਾਪ ਦੂਰ ਹੁੰਦੇ ਹਨ । ਖਟ ਕਰਮ ਆਦਿ ਜਤਨ ਕੋਈ ਉਪਾਉ ਨਹੀਂ ।

† ਇਨ੍ਹਾਂ ਪੰਜਾਂ ਸ਼ਬਦਾਂ ਵਿੱਚ ਹਰੀ ਚਰਨਾਂ ਲਈ ਤਾਂਘ ਦਸਦੇ ਹਨ ।

ਮਃ ੫ ਘਰੁ ੯* ॥ ਤਾਂ ਤੇ ਜਾਪਿ ਮਨਾ ਹਰਿ ਜਾਪਿ ॥ ਜੋ ਸੰਤ ਬੇਦ ਕਹਤ ਪੰਥੁ[1] ਗਾਖਰੋ ਮੋਹ ਮਗਨ ਅਹੰ ਤਾਪ ॥ ਰਹਾਉ ॥ ਜੋ ਰਾਤੇ ਮਾਤੇ ਸੰਗਿ ਬਪੁਰੀ[2] ਮਾਇਆ ਮੋਹ ਸੰਤਾਪ ॥ ੧ ॥ ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ ॥ ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ ॥ ੨ ॥ ੫ ॥ ੪੪ ॥

ਕਾਨੜਾ ਮਹਲਾ ੫ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥

†ਐਸੋ ਦਾਨੁ ਦੇਹੁ ਜੀ ਸੰਤਹੁ [3]ਜਾਤ ਜੀਉ ਬਲਿਹਾਰਿ ॥ [4]ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾਕੀ[5] ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥ ੧ ॥ ਰਹਾਉ ॥ ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥ ੧ ॥ ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ[6] ॥ ਦੁਲਭ ਜਨਮੁ ਸਫਲੁ ਨਾਨਕ ਭਵ[7] ਉਤਾਰਿ ਪਾਰਿ ॥ ੨ ॥ ੧ ॥ ੪੫ ॥

ਕਾਨੜਾ ਮਹਲਾ ੫ ਘਰੁ ੧੧ ੧ੴ ਸਤਿਗੁਰ ਪ੍ਰਸਾਦਿ ॥

‡[8]ਸਹਜ ਸੁਭਾਏ ਆਪਨ ਆਏ ॥ ਕਛੂ ਨ ਜਾਨੌ ਕਛੂ ਦਿਖਾਏ ॥ ਪ੍ਰਭੁ ਮਿਲਿਓ ਸੁਖ ਬਾਲੇ ਭੋਲੇ ॥ ੧ ॥ ਰਹਾਉ ॥ ਸੰਜੋਗਿ[9] ਮਿਲਾਏ ਸਾਧ ਸੰਗਾਏ ॥ [10]ਕਤਹੂ ਨ ਜਾਏ ਘਰਹਿ ਬਸਾਏ ॥ [11]ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ ॥ ੧ ॥ ਚਰਨ ਲੁਭਾਏ [12]ਆਨ ਤਜਾਏ ॥ [13]ਥਾਨ ਥਨਾਏ ਸਰਬ ਸਮਾਏ ॥ [14]ਰਸਕਿ ਰਸਕਿ ਨਾਨਕੁ ਗੁਨ ਬੋਲੈ ॥ ੨ ॥ ੧ ॥ ੪੬ ॥ ਕਾਨੜਾ ਮਹਲਾ ੫§ ॥ ਗੋਬਿੰਦ ਠਾਕੁਰ ਮਿਲਨ ਦੁਰਾਈ[15] ॥ ਪਰਮਿਤਿ[16] ਰੂਪੁ ਅਗੰਮ ਅਗੋਚਰ[17] ਰਹਿਓ ਸਰਬ ਸਮਾਈ ॥ ੧ ॥ ਰਹਾਉ ॥ ਕਹਨਿ ਭਵਨਿ[18] ਨਾਹੀ ਪਾਇਓ ਪਾਇਓ ਅਨਿਕ ਉਕਤਿ[19] ਚਤੁਰਾਈ ॥ ੧ ॥ ਜਤਨ ਜਤਨ ਅਨਿਕ ਉਪਾਵ ਰੇ ਤਉ ਮਿਲਿਓ ਜਉ ਕਿਰਪਾਈ[20] ॥ ਪ੍ਰਭੂ ਦਇਆਰ[21] ਕ੍ਰਿਪਾਰ[22] ਕ੍ਰਿਪਾ ਨਿਧਿ[23] ਜਨ ਨਾਨਕ ਸੰਤ ਰੇਨਾਈ[24] ॥ ੨ ॥ ੨ ॥ ੪੭ ॥ ਕਾਨੜਾ ਮਹਲਾ ੫¶ ॥ ਮਾਈ ਸਿਮਰਤ ਰਾਮ ਰਾਮ ਰਾਮ ॥ ਪ੍ਰਭ ਬਿਨਾ ਨਾਹੀ ਹੋਰੁ ॥ ਚਿਤਵਉ ਚਰਨਾਰਬਿੰਦ[25] [26]ਸਾਸਨ ਨਿਸਿ ਭੋਰ ॥ ੧ ॥ ਰਹਾਉ ॥ ਲਾਇ ਪ੍ਰੀਤਿ ਕੀਨ ਆਪਨ [27]ਤੂਟਤ ਨਹੀ ਜੋਰੁ ॥ ਪ੍ਰਾਨ ਮਨੁ ਧਨੁ ਸਰਬਸੋੁ[28] ਹਰਿ ਗੁਨ ਨਿਧੇ ਸੁਖ ਮੋਰ ॥ ੧ ॥ [29]ਈਤ ਊਤ ਰਾਮ ਪੂਰਨੁ [30]ਨਿਰਖਤ ਰਿਦ ਖੋਰਿ ॥ ਸੰਤ ਸਰਨ ਤਰਨ ਨਾਨਕ [31]ਬਿਨਸਿਓ ਦੁਖੁ ਘੋਰ ॥ ੨ ॥ ੩ ॥

੧ ਰਸਤਾ । ਹੇ ਮਨ ! ਤੂੰ ਮੋਹ ਤੇ ਹੰਕਾਰ ਵਿੱਚ ਮਸਤ ਹੈਂ; ਤੇਰਾ ਰਸਤਾ ਬੜਾ ਔਖਾ ਹੈ; ਇਹ ਗੱਲ ਸੰਤ ਤੇ ਵੇਦ ਕਹਿੰਦੇ ਹਨ । ਇਸ ਮੋਹ ਨੂੰ ਛੱਡ ਕੇ ਹਰੀ ਦਾ ਨਾਮ ਜਪ ।

੨ ਵਿਚਾਰੀ, ਨਾਮੁਰਾਦ । ਜਿਹੜੇ ਨਾਮੁਰਾਦ ਮਾਇਆ ਦੇ ਨਾਲ ਰਚੇ ਰਹਿੰਦੇ ਹਨ, ਉਨ੍ਹਾਂ ਨੂੰ ਇਹਦੇ ਮੋਹ ਦਾ ਦੁੱਖ ਬਣਿਆ ਰਹਿੰਦਾ ਹੈ ।

੩ (ਜਿਸ ਉੱਤੋਂ) ਜੀਅ ਮੇਰਾ ਕੁਰਬਾਨ ਜਾਂਦਾ ਹੈ।

੪ ਮਾਨ ਦੀ ਮੋਹੀ ਹੋਈ ਤੇ ਪੰਜ ਕਾਮਾਦਿਕਾਂ ਦੀ ਠੱਗੀ ਹੋਈ, ਉਨ੍ਹਾਂ ਵਿੱਚ ਫਸ ਕੇ ਉਨ੍ਹਾਂ ਦੇ ਨੇੜੇ ਵਸਦੀ ਸਾਂ, ਪਰ ਹੁਣ ਸਾਧੂਆਂ ਦੀ ਸ਼ਰਨ ਤੱਕੀ ਹੈ, ਇਨ੍ਹਾਂ ਦੂਤਾਂ ਦੀ ਸੰਗਤ ਤੋਂ ਬਚਣ ਲਈ ।

੫ ਤੱਕੀ ਹੈ ।

੬ ਆਸਰਾ ।

੭ ਸੰਸਾਰ ।

੮ ਮੈਨੂੰ ਨਹੀਂ ਪਤਾ ਕਿ ਉਹ ਹਰੀ ਕਿਵੇਂ ਆ ਮਿਲਿਆ ਹੈ । ਮੈਂ ਨਾ ਕੁਝ ਜਾਣਦਾ ਹਾਂ ਤੇ ਨਾ ਉਸ ਨੂੰ ਕੁਝ ਕਰ ਦਿਖਾਇਆ ਹੈ । ਉਹ ਭੋਲੇ ਭਾਅ ਆ ਮਿਲਿਆ ਹੈ ਤੇ ਸੁਖ ਪ੍ਰਾਪਤ ਹੋਇਆ ਹੈ ।

੯ ਭਾਗਾਂ ਨਾਲ ।

੧੦ ਮਨ ਕਿਤੇ ਨਹੀਂ ਜਾਂਦਾ, ਆਪਣੇ ਸਰੂਪ ਵਿੱਚ ਟਿਕ ਗਿਆ ਹੈ ।

੧੧ ਗੁਣਾਂ ਦਾ ਭੰਡਾਰ (ਹਰੀ) ਇਸੇ ਸਰੀਰ ਵਿੱਚ ਆ ਪ੍ਰਤੱਖ ਹੋਇਆ ਹੈ ।

੧੨ ਹੋਰ ਸਭ ਤਿਆਗਿਆ ਹੈ ।

੧੩ ਸਭ ਥਾਈਂ ਸਮਾਇਆ ਹੈ ।

੧੪ ਸਵਾਦ ਨਾਲ ।

੧੫ ਕਠਿਨ ਹੈ ।

੧੬ ਜੋ ਮਿਤ (ਅੰਦਾਜ਼ਾ, ਹੱਦ) ਤੋਂ ਪਰ੍ਹੇ ਹੈ ।

੧੭ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।

੧੮ ਫਿਰਨ ਭਾਵ ਤੀਰਥ ਯਾਤਰਾ ।

੧੯ ਯੁਕਤੀ । ਦਲੀਲਾਂ ਤੇ ਚਤੁਰਾਈ ਨਾਲ ਵੀ ਨਹੀਂ ਪਾਇਆ ।

੨੦ ਕਿਰਪਾ ਹੋਈ ।

੨੧ ਦਿਆਲੂ ।

੨੨ ਕ੍ਰਿਪਾਲੂ ।

੨੩ ਕਿਰਪਾ ਦਾ ਭੰਡਾਰ ।

੨੪ ਚਰਨ-ਧੂੜੀ ।

੨੫ [ਚਰਨ ਅਰਵਿੰਦ] ਚਰਨ ਕਮਲ ।

੨੬ ਸੁਆਸ ਸੁਆਸ ਦਿਨੇ ਰਾਤ ।

੨੭ ਟੁਟਦਾ ਨਹੀਂ ਜੋੜ ।

੨੮ [ਸਰਵਸ੍ਵ] ਸਭ ਕੁਝ । ਹਰੀ ਗੁਣਾਂ ਦਾ ਖ਼ਜ਼ਾਨਾ ਹੀ ਮੇਰਾ ਸੁਖ ਹੈ, ਮੇਰੇ ਪ੍ਰਾਣ, ਮੇਰਾ ਮਨ, ਧਨ ਤੇ ਸਭ ਕੁਝ ਹੈ ।

੨੯ ਏਥੇ ਓਥੇ, ਭਾਵ ਸਭ ਥਾਂ, ਹਰੀ ਵਿਆਪਕ ਹੈ।

੩੦ ਰਿਦੇ ਦੀ ਖੋੜ (ਖੁੱਡ ਭਾਵ ਤਹਿ) ਅੰਦਰ ਵੇਖਿਆ।

੩੧ ਡਾਢੇ ਤੋਂ ਡਾਢਾ ਦੁੱਖ ਦੂਰ ਹੋ ਗਿਆ ।

* ਮਾਇਆ ਵਾਲਾ ਰਸਤਾ ਦੁੱਖ ਵਾਲਾ ਹੈ । ਇਸ ਤੋਂ ਬਚਾਉ ਹਰੀ ਨਾਮ ਦੇ ਜਾਪ ਵਿੱਚ ਹੈ ।

† ਮਾਇਆ ਦੇ ਮੋਹ ਵਿੱਚ ਫਸੇ ਹੋਏ ਨੂੰ ਸਤ-ਸੰਗਤ ਤਾਰਦੀ ਹੈ ਨਾਮ ਆਸਰਾ ਦੇ ਕੇ ।

‡ ਆਪਣੇ ਯਤਨਾਂ ਨਾਲ ਨਹੀਂ, ਸਗੋਂ ਹਰੀ ਦੀ ਮਿਹਰ ਤੋਂ ਬਣੇ ਸੰਜੋਗਾਂ ਨਾਲ ਉਸ ਦਾ ਮੇਲ ਹੋਇਆ।

§ ਹਰੀ ਅਗੰਮ ਅਗੋਚਰ ਹੋਣ ਕਰ ਕੇ ਮੁਸ਼ਕਲ ਮਿਲਦਾ ਹੈ । ਕਥਨੀ ਜਾਂ ਦੇਸ ਰਟਨ ਜਾਂ ਚਤੁਰਾਈਆਂ ਨਾਲ ਤਾਂ ਮਿਲ ਨਹੀਂ ਸਕਦਾ । ਕੇਵਲ ਕਿਰਪਾ ਨਾਲ ਮਿਲਦਾ ਹੈ ।

¶ ਹਰੀ ਸੰਤਾਂ ਦੀ ਸ਼ਰਨ ਲੈਣ ਅਤੇ ਨਾਮ ਸਿਮਰਨ ਤੋਂ ਮਿਲਦਾ ਹੈ ।

੪੮ ॥ ਕਾਨੜਾ ਮਹਲਾ ੫* ॥ ਜਨ ਕੋ ਪ੍ਰਭੁ ਸੰਗੇ ਅਸਨੇਹੁ[1] ॥ ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ[2] ॥ ੧ ॥ ਰਹਾਉ ॥ ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ[3] ਦੇਹ[4] ॥ ੧ ॥ [5]ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ ॥ ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥ ੨ ॥ ੪ ॥ ੪੯ ॥ ਕਾਨੜਾ ਮਹਲਾ ੫† ॥ ਕਰਤ ਕਰਤ [6]ਚਰਚ ਚਰਚ ਚਰਚਰੀ ॥ ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ[7] ਧਰਤ ਧਰਚਰੀ[8] ॥ ੧ ॥ ਰਹਾਉ ॥ [9]ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ[10] ॥ [11]ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥ ੧ ॥ ਮਾਨੁ ਮਾਨੁ ਮਾਨੁ ਤਿਆਗਿ ਮਿਰਤੁ[12] ਮਿਰਤੁ ਨਿਕਟਿ[13] ਨਿਕਟਿ ਸਦਾ ਹਈ[14] ॥ ਹਰਿ ਹਰੇ ਹਰੇ ਭਾਜੁ[15] ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ[16] ਜਨਮੁ ਗਈ ॥ ੨ ॥ ੫ ॥ ੫੦ ॥ ੧੨ ॥ ੬੨ ॥

ਕਾਨੜਾ ਅਸਟਪਦੀਆ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥

‡ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥ ੧ ॥ ਰਹਾਉ ॥ ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥ ਅਨ[17] ਰਸ ਸਾਦ ਗਏ ਸਭ ਨੀਕਰਿ[18] ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥ ੧ ॥ ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥ ਸਤਿਗੁਰ ਬਾਣੀ ਪੁਰਖੁ ਪੁਰਖੋਤਮ[19] ਬਾਣੀ ਸਿਉ ਚਿਤੁ ਲਾਵੈਗੋ ॥ ੨ ॥ ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ[20] ਮਨੁ ਭੀਨਾ[21] ਨਿਜ ਘਰਿ[22] ਆਵੈਗੋ ॥ ਤਹ [23]ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ[24] ਧਾਰ ਚੁਆਵੈਗੋ ॥ ੩ ॥ ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥ ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥ ੪ ॥ ਕਨਿਕ[25] ਕਨਿਕ ਪਹਿਰੇ ਬਹੁ ਕੰਗਨਾ [26]ਕਾਪਰੁ ਭਾਂਤਿ ਬਨਾਵੈਗੋ ॥ ਨਾਮ ਬਿਨਾ ਸਭਿ ਫੀਕ ਫਿਕਾਨੇ[27] ਜਨਮਿ ਮਰੈ ਫਿਰਿ ਆਵੈਗੋ ॥ ੫ ॥ ਮਾਇਆ ਪਟਲ[28] ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ[29] ॥ ਪਾਪ ਬਿਕਾਰ ਮਨੂਰ[30] ਸਭਿ ਭਾਰੇ ਬਿਖੁ ਦੁਤਰੁ[31] ਤਰਿਓ ਨ ਜਾਵੈਗੋ ॥ ੬ ॥ [32]ਭਉ ਬੈਰਾਗੁ ਭਇਆ

੧ ਪਿਆਰ । ਪ੍ਰਭੂ ਆਪਣੇ ਜਨ (ਸੇਵਕ) ਦੇ ਅੰਗ-ਸੰਗ ਰਹਿੰਦਾ ਹੈ ਅਤੇ ਪਿਆਰ ਕਰਦਾ ਹੈ ।
੨ ਕੁਝ ।
੩ ਪੁੱਤਰ ।
੪ ਸਰੀਰ ।
੫ ਉਹ ਹਰੀ ਮੁਕੰਮਲ ਮੁਕਤੀ, ਜੀਵਨ ਜਾਚ ਅਤੇ ਭੁੱਖ ਪੂਰੀ ਕਰਨ ਵਾਲਾ ਹੈ, ਪੂਰਨ ਅਨੰਦ ਅਤੇ ਸੁਖਾਂ ਦਾ ਘਰ ਹੈ ।
੬ ਚਰਚਾ ਹੀ ਚਰਚਾ ਕਰਦੇ ਫਿਰਦੇ ਹਨ ਜੋਗੀ ਧਿਆਨੀ ਭੇਖੀ ਗਿਆਨੀ ਆਦਿ ।
੭ ਧਰਤੀ ।
੮ ਧਰਤੀ ਉੱਤੇ ਵਿਚਰਨ ਵਾਲੇ, ਬਿਹੰਗਮ ਲੋਕ ।
੯ ਹੰਕਾਰ ਵਿੱਚ ਕਈ ਫਿਰਦੇ ਹਨ ਤੇ ਕਈ ਬਵਰੇ (ਮੂਰਖ) ਹਨ ।
੧੦ ਮੂਰਖ ।
੧੧ ਜਿਥੇ ਜਾਂਦੇ ਹਨ ਕਾਲ ਉਨ੍ਹਾਂ ਨੂੰ ਮਾਰਦਾ ਰਹਿੰਦਾ ਹੈ ।
੧੨ ਮੌਤ । ੧੩ ਨੇੜੇ ।
੧੪ ਹੈ ।
੧੫ ਭਜ, ਸਿਮਰ ।
੧੬ ਅ-ਲਾਹਾ, ਬਿਨਾਂ ਲਾਭ ਦੇ, ਨਿਸਫਲ । ਦੇਖੋ ਪੰਨਾ ੭੫, ਨੋਟ ੬ ।
੧੭ ਹੋਰ ।
੧੮ ਨਿਕਲ । ਭਗਤਾਂ ਦੇ ਅੰਦਰੋਂ ਹੋਰ ਹਰ ਤਰ੍ਹਾਂ ਦੇ ਸਵਾਦ ਨਿਕਲ ਜਾਂਦੇ ਹਨ, ਨਾਮ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੁਝ ਨਹੀਂ ਚੰਗਾ ਲੱਗਦਾ ।
੧੯ ਉੱਤਮ ਪੁਰਖ ।
੨੦ ਨਰਮ ਹੋਇਆ, ਪਸੀਜਿਆ ।
੨੧ ਭਿੱਜਾ ਹੋਇਆ ।
੨੨ ਆਪਣੇ ਅਸਲੀ ਘਰ ਵਿੱਚ, ਹਰੀ ਦੀ ਹਜ਼ੂਰੀ ਵਿੱਚ ।
੨੩ ਦੇਖੋ ਪੰਨਾ ੧੧੩੭, ਨੋਟ ੨੧ ।
੨੪ ਇਕ-ਰਸ ।
੨੫ ਸੋਨੇ ਦੇ ।
੨੬ ਕੱਪੜੇ ਭਾਂਤ-ਭਾਂਤ ਦੇ ।
੨੭ ਫਿੱਕੇ ।
੨੮ ਪਰਦਾ ।
੨੯ ਘੁਲ ਜਾਵੇਗਾ ।
੩੦ ਨਿਕੰਮੇ ਲੋਹੇ ਵਤ ।
੩੧ [ਦੁਸਤਰ] ਔਖਾ ਤਰਿਆ ਜਾਣ ਵਾਲਾ ।
੩੨ ਹਰੀ ਦਾ ਭੈ ਤੇ ਵੈਰਾਗ ਜਹਾਜ਼ ਬਣਾ ਕੇ ਗੁਰੂ-ਮਲਾਹ ਦੀ ਰਾਹੀਂ ਤਰੀਦਾ ਹੈ ।

* ਹਰੀ ਕੋਲ ਸਭ ਕੁਝ ਹੈ, ਉਸ ਕੋਲੋਂ ਮੰਗਣਾ ਚਾਹੀਦਾ ਹੈ ।

† ਜੋਗੀ ਜੰਗਮ ਆਦਿ ਚਰਚਾ ਕਰਦੇ ਜਾਂ ਫਿਰਦੇ ਰਹਿੰਦੇ ਹਨ । ਇਸ ਤਰ੍ਹਾਂ ਕਰਨ ਨਾਲ ਹਰੀ ਨਹੀਂ ਮਿਲਦਾ। ਉਹ ਤਾਂ ਭਜਨ ਭਗਤੀ ਦੁਆਰਾ ਮਿਲਦਾ ਹੈ ।

‡ ਹਰੀ-ਨਾਮ ਦੁਆਰਾ ਸੁਖ ਮਿਲਦਾ ਹੈ । ਉਹ ਕਿਵੇਂ ? ਨਾਮ ਆਪਣਾ ਸੁਆਦ ਪੈਦਾ ਕਰਦਾ ਹੈ, ਜਿਸ ਨਾਲ ਹੋਰ ਸੁਆਦ ਦੂਰ ਹੋ ਜਾਂਦੇ ਹਨ (੧) । ਉੱਤਮ ਪੁਰਖਾਂ ਦੀ ਬਾਣੀ, ਜਿਸ ਰਾਹੀਂ ਨਾਮ ਮਿਲਦਾ ਹੈ, ਮਿੱਠੀ ਲੱਗਦੀ (੨) । ਇਸ ਨਾਲ ਮਨ ਪਿਘਲਦਾ ਅਤੇ ਵਿਸਮਾਦੀ ਰਸ ਮਾਣਦਾ ਹੈ (੩)। ਨਾਮ ਹੀ ਚੰਗਾ ਲੱਗਦਾ ਹੈ (੪) । ਹੋਰ ਗਹਿਣੇ ਕੱਪੜੇ ਚੰਗੇ ਨਹੀਂ ਲੱਗਦੇ (੫) । ਬਲਕਿ ਭਾਰ ਮਾਲੂਮ ਹੁੰਦੇ ਹਨ, ਜਿਨ੍ਹਾਂ ਨਾਲ ਸੰਸਾਰ ਨਹੀਂ ਤਰਨ ਹੁੰਦਾ (੬) । ਤਰਨਾ ਤਾਂ ਗੁਰੂ ਦੇ ਸ਼ਬਦ ਰਾਹੀਂ ਹੁੰਦਾ ਹੈ (੭) । ਇਹ ਭੀ ਤਾਂ, ਜੇ ਹਰੀ ਦੀ ਆਪਣੀ ਮਿਹਰ ਹੋਵੇ (੮) ।

ਹੈ ਬੋਹਿਥੁ[1] ਗੁਰੁ ਖੇਵਟੁ[2] ਸਬਦਿ ਤਰਾਵੈਗੋ ॥ [3]ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥ ੭ ॥ [4]ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥ ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥ ੮ ॥ ੧ ॥ ਕਾਨੜਾ ਮਹਲਾ ੪* ॥ ਜਪਿ ਮਨ ਹਰਿ ਹਰਿ ਨਾਮੁ ਤਰਾਵੈਗੋ ॥ ਜੋ ਜੋ ਜਪੈ ਸੋਈ ਗਤਿ ਪਾਵੈ ਜਿਉ ਧ੍ਰੂ ਪ੍ਰਹਿਲਾਦੁ ਸਮਾਵੈਗੋ[5] ॥ ੧ ॥ ਰਹਾਉ ॥ ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ ਲਗਾਵੈਗੋ ॥ ਕਰਿ ਕਿਰਪਾ ਸਤਿਗੁਰੂ ਮਿਲਾਵਹੁ ਮਿਲਿ ਸਤਿਗੁਰ ਨਾਮੁ ਧਿਆਵੈਗੋ ॥ ੧ ॥ ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ ਜਿਉ ਲੋਹਾ ਤਰਿਓ ਸੰਗਿ ਕਾਸਟ[6] ਲਗਿ ਸਬਦਿ ਗੁਰੂ ਹਰਿ ਪਾਵੈਗੋ ॥ ੨ ॥ ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥ ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ [7]ਪਾਣੀ ਚੀਕੜੁ ਪਾਵੈਗੋ ॥ ੩ ॥ ਭਗਤ ਜਨਾ ਕੇ ਹਰਿ ਰਖਵਾਰੇ ਜਨ ਹਰਿ ਰਸੁ ਮੀਠ ਲਗਾਵੈਗੋ ॥ ਖਿਨੁ ਖਿਨੁ ਨਾਮੁ ਦੇਇ ਵਡਿਆਈ ਸਤਿਗੁਰ ਉਪਦੇਸਿ ਸਮਾਵੈਗੋ ॥ ੪ ॥ ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥ ਜੋ ਨਿੰਦਾ ਦੁਸਟ ਕਰਹਿ ਭਗਤਾ ਕੀ [8]ਹਰਨਾਖਸ ਜਿਉ ਪਚਿ ਜਾਵੈਗੋ ॥ ੫ ॥ [9]ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ ॥ ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥ ੬ ॥ [10]ਜਾਤ ਨਜਾਤਿ ਦੇਖਿ ਮਤ ਭਰਮਹੁ [11]ਸੁਕ ਜਨਕ ਪਗੀਂ ਲਗਿ ਧਿਆਵੈਗੋ ॥ ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥ ੭ ॥ ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥ ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ [12]ਮੈ ਦਾਸਨਿ ਦਾਸ ਕਰਾਵੈਗੋ ॥ ੮ ॥ ੨ ॥ ਕਾਨੜਾ ਮਹਲਾ ੪† ॥ ਮਨੁ ਗੁਰਮਤਿ ਰਸਿ[13] ਗੁਨ ਗਾਵੈਗੋ ॥ [14]ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥ ੧ ॥ ਰਹਾਉ ॥ [15]ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥ ਤੂ ਅਥਾਹੁ ਅਤਿ [16]ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥ ੧ ॥ ਜਿਨ ਤੂ ਜਪਿਓ ਤੇਈ ਜਨ ਨੀਕੇ[17] ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥ [18]ਬਿਦਰ ਦਾਸੀ ਸੁਤੁ ਛੋਕ[19] ਛੋਹਰਾ[20] ਕ੍ਰਿਸਨੁ ਅੰਕਿ[21] ਗਲਿ ਲਾਵੈਗੋ ॥ ੨ ॥ ਜਲ ਤੇ ਓਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ ॥ ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ[22] ਰਖਾਵੈਗੋ ॥ ੩ ॥ ਹਮ ਪਾਥਰ ਲੋਹ[23]

੧ ਜਹਾਜ਼ ।
੨ ਮਲਾਹ ।
੩ ਜੇ ਹਰੀ ਰਾਮ ਨਾਮ ਨੂੰ ਭੇਟਾ ਲੈ ਕੇ ਮਿਲੀਏ ਤਾਂ ਹਰੀ ਰਾਮ ਨਾਮ ਵਿੱਚ ਸਮਾਅ ਜਾਈਦਾ ਹੈ।
੪ ਅਗਿਆਨਤਾ ਵਿੱਚ ਲਾ ਕੇ ਸਵਾਲ ਛੱਡਿਆ ਹੈ।
੫ ਹਰੀ ਵਿੱਚ ਲੀਨ ਹੋ ਗਏ ।
੬ ਕਾਠ, ਲੱਕੜੀ ।
੭ ਸ਼ੁਭ ਗੁਣਾਂ ਰੂਪ ਪਾਣੀ ਵਿੱਚ ਮਾੜੇ ਕਰਮਾਂ ਰੂਪ ਚਿੱਕੜ ਨੂੰ ਮਿਲਾਂਦਾ ਹੈ ।
੮ ਹਰਨਾਖ਼ਸ਼ ਵਾਂਗੂ ਸੜ ਜਾਵੇਗਾ, ਨਾਸ ਹੋ ਜਾਵੇਗਾ। ਦੇਖੋ ਪੰਨਾ ੧੧੩੩, ਫੁਟ ਨੋਟ * ।
੯ ਬ੍ਰਹਮਾ ਜੋ ਕਮਲ ਦੀ ਨਾਭੀ ਵਿੱਚੋਂ ਨਿਕਲਣ ਕਰ ਕੇ ਕਮਲ ਦਾ ਪੁੱਤਰ ਕਹਾਇਆ ਤੇ ਮੱਛੀ ਦੀ ਕੁਲ ਵਿੱਚ ਮਛੋਦਰੀ ਦੇ ਪੁੱਤਰ ਬਿਆਸ ਨੇ ਤਪ ਕਰ ਕੇ ਆਪਣੀ ਪੂਜਾ ਕਰਾਈ ।
੧੦ ਜਾਤੀਆਂ ਵਿਚੋਂ ਜਾਤਿ ਭਾਵ ਚੰਗੀ ਜਾਤਿ ।
੧੧ ਰਾਜਾ ਜਨਕ 'ਖਤ੍ਰੀ' ਦੇ ਘਰ ਯੱਗ ਹੋ ਰਿਹਾ ਸੀ, ਸੁਕਦੇਵ 'ਬ੍ਰਾਹਮਣ' ਨੂੰ ਰਾਜੇ ਨੇ ਪ੍ਰੀਖਿਆ ਲਈ ਬਾਹਰ ਖੜ੍ਹਾ ਕੀਤਾ ਸੀ ਤੇ ਉਸ ਦੇ ਸਿਰ 'ਤੇ ਅੰਦਰੋਂ ਜੂਠ ਵੀ ਪਈ, ਪਰ ਉਹ ਨਾ ਹਿਲਿਆ; ਗਿਆਨੀ ਜਨਕ ਨੇ ਜੋ ਸਿੰਘਾਸਣ 'ਤੇ ਬੈਠੇ ਸਨ, ਨੌਂ ਮੁਨੀਆਂ ਦੀ ਧੂੜੀ ਉਨ੍ਹਾਂ ਦੇ ਤਪ ਦੇ ਕਾਰਨ ਆਪਣੇ ਮੁਖ 'ਤੇ ਲਾਈ । ਨੌਂ ਮੁਨੀ : ਭਾਗਵਤ, ਸਕੰਦ ੪: ਅ: ੨, ਅਨੁਸਾਰ ਇਹ ਹਨ: ਮਰੀਚਿ, ਅਤ੍ਰਿਅੰਗਿਰਾਂ, ਪੁਲਸਤ੍ਯ, ਪੁਲਹ, ਕ੍ਰਤੁ, ਭ੍ਰਿਗੁ, ਵਸ਼ਿਸ਼ਠ, ਅਰਥਵਣਿ ।
੧੨ ਮੈਨੂੰ ਦਾਸਾਂ ਦਾ ਦਾਸ ਬਣਾ ਦਿਓ ।
੧੩ ਸਵਾਦ ਨਾਲ ।
੧੪ ਇਕ ਜੀਭ ਜੇ ਲੱਖਾਂ ਕ੍ਰੋੜਾਂ ਵੀ ਹੋ ਜਾਵੇ ।
੧੫ ਸ਼ੇਸ਼ਨਾਗ ਨੇ ਆਪਣੀ ਹਜ਼ਾਰ ਫਣ ਨਾਲ ਜਪਿਆ, ਫਿਰ ਭੀ ਅੰਤ ਨਾ ਪਾਇਆ ।
੧੬ ਪਹੁੰਚ, ਰਹਿਤ ।
੧੭ ਉੱਤਮ, ਚੰਗੇ ।
੧੮ ਵਿਦੁਰ ਜੋ ਦਾਸੀ ਦਾ ਪੁੱਤਰ ਸੀ ਤੇ ਅਛੂਤ ਮੁੰਡਾ ਸੀ । ਦੇਖੋ ਪੰਨਾ ੧੧੯੧, ਨੋਟ ੨੬ ।
੧੯ ਅਛੂਤ ।
੨੦ ਲੜਕਾ ।
੨੧ ਅੰਗ ਨਾਲ ।
੨੨ ਨਿਤ ਕਰਮ, ਸੁਭਾਵ ।
੨੩ ਲੋਹਾ ।

* ਹਰੀ ਨੂੰ ਜਪੋ । ਜਿਸ ਜਿਸ ਨੇ ਜਪਿਆ, ਉਹ ਤਰ ਗਿਆ, ਭਾਵੇਂ ਕਿਸੇ ਜਾਤਿ ਦਾ ਸੀ । ਦੇਖੋ ਬ੍ਰਹਮਾ ਦਾ ਮੂਲ ਕਮਲ ਸੀ ਤੇ ਬਿਆਸ ਦਾ ਮੂਲ ਮੱਛੀ । ਸੁਕਦੇਵ ਬ੍ਰਾਹਮਣ ਹੋ ਕੇ ਖ਼ੱਤਰੀ ਜਨਕ ਦੇ ਪੈਰੀਂ ਪਿਆ। ਇਹ ਸਭ ਭਗਤੀ ਦਾ ਪ੍ਰਤਾਪ ਸੀ ।

† ਵੱਡੇ-ਵੱਡੇ ਨੀਚ ਜਾਤੀ ਵਾਲੇ ਲੋਕ ਹਰੀ ਨੂੰ ਜਪ ਕੇ ਤਰ ਗਏ । ਅਸੀਂ ਭੀ ਗੁਰੂ ਦੀ ਸੰਗਤਿ ਰਾਹੀਂ ਤਰਾਂਗੇ ।

ਲੋਹ ਬਡ[੧] ਪਾਥਰ ਗੁਰ ਸੰਗਤਿ ਨਾਵ[੨] ਤਰਾਵੈਗੋ ॥ ਜਿਉ ਸਤਸੰਗਤਿ ਤਰਿਓ ਜੁਲਾਹੋ[੩] ਸੰਤ ਜਨਾ ਮਨਿ ਭਾਵੈਗੋ ॥ ੪ ॥ [੪]ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ[੫] ਧਿਆਵੈਗੋ ॥ ਸਤਿਗੁਰ ਬਚਨ ਬਚਨ ਹੈ ਸਤਿਗੁਰ [੬]ਪਾਧਰੁ ਮੁਕਤਿ ਜਨਾਵੈਗੋ ॥ ੫ ॥ ਸਾਸਨਿ[੭] ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥ ਗੁਰ ਪਰਸਾਦੀ[੮] ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥ ੬ ॥ ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥ ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ[੯] ਪਛੁਤਾਵੈਗੋ ॥ ੭ ॥ ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥ ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥ ੮ ॥ ੩ ॥ ਕਾਨੜਾ ਮਹਲਾ ੪* ॥ ਮਨੁ ਹਰਿ ਰੰਗਿ ਰਾਤਾ ਗਾਵੈਗੋ ॥ ਭੈ ਭੈ ਤ੍ਰਾਸ[੧੦] ਭਏ ਹੈ ਨਿਰਮਲ [੧੧]ਗੁਰਮਤਿ ਲਾਗਿ ਲਗਾਵੈਗੋ ॥ ੧ ॥ ਰਹਾਉ ॥ ਹਰਿ ਰੰਗਿ ਰਾਤਾ ਸਦ ਬੈਰਾਗੀ ਹਰਿ ਨਿਕਟਿ[੧੨] ਤਿਨਾ ਘਰਿ ਆਵੈਗੋ ॥ ਤਿਨ ਕੀ ਪੰਕ[੧੩] ਮਿਲੈ ਤਾਂ ਜੀਵਾ ਕਰਿ ਕਿਰਪਾ ਆਪਿ ਦਿਵਾਵੈਗੋ ॥ ੧ ॥ ਦੂਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥ ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥ ੨ ॥ ਇੰਦ੍ਰੀ ਦਸੇ ਦਸੇ ਫੁਨਿ ਧਾਵਤ[੧੪] ਤ੍ਰੈ ਗੁਣੀਆ[੧੫] ਖਿਨੁ ਨ ਟਿਕਾਵੈਗੋ ॥ [੧੬]ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥ ੩ ॥ [੧੭]ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥ ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ[੧੮] ਚਲਾਵੈਗੋ ॥ ੪ ॥ [੧੯]ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ[੨੦] ਹੋਇ ਲਖਾਵੈਗੋ ॥ ਗੁਰਮੁਖਿ[੨੧] ਜਾਇ ਮਿਲੈ [੨੧]ਨਿਜ ਮਹਲੀ [੨੨]ਅਨਹਦ ਸਬਦੁ ਬਜਾਵੈਗੋ ॥ ੫ ॥ ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥ ਬਿਨੁ ਗੁਰ ਭੇਟੇ ਕੋ ਮਹਲੁ[੨੩] ਨ ਪਾਵੈ ਆਇ ਜਾਇ ਦੁਖੁ ਪਾਵੈਗੋ॥੬॥ ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥ ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ[੨੪] ॥ ੭ ॥ ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ ॥ ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥ ੮ ॥ ੪ ॥ ਕਾਨੜਾ ਮਹਲਾ ੪† ॥ ਮਨ ਗੁਰਮਤਿ ਚਾਲ ਚਲਾਵੈਗੋ ॥ [੨੫]ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ[੨੬] ਸਬਦੁ ਦ੍ਰਿੜਾਵੈਗੋ ॥ ੧ ॥ ਰਹਾਉ ॥ ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥ ਸਤਿਗੁਰੁ ਸਬਦੁ

੧ ਵੱਡੇ, ਮਹਾਨ, ਭਾਰੀ ।
੨ ਬੇੜੀ ।
੩ ਕਬੀਰ ਵਰਗਾ ।
੪ ਖਲੇ ਖਲੋਤੇ ।
੫ ਰਾਹ 'ਤੇ ।
੬ ਰਸਤਾ ਮੁਕਤੀ ਦਾ ਦਸਦਾ ਹੈ ।
੭ ਤਾੜਨਾ । ਸਤਿਗੁਰ ਦੀ ਤਾੜਨਾ ਨਾਲ ਸੁਆਸ ਸੁਆਸ ਜਪ ਕੇ ਬਲ ਆਇਆ ਹੈ ਤੇ ਹੁਣ ਨਿਰਭੈ ਹੋ ਕੇ ਨਾਮ ਜਪੀਦਾ ਹੈ ।
੮ ਕਿਰਪਾ ਦੁਆਰਾ ।
੯ ਤਪਦਾ ਹੋਇਆ, ਦੁਖਿਤ ਹੁੰਦਾ ਹੋਇਆ ।
੧੦ ਗੁਰੂ ਦੇ ਡਰ ਨਾਲ ।
੧੧ ਪਾਹੁ ਗੁਰਮਤ ਦੀ ।
੧੨ ਨੇੜੇ ।
੧੩ ਚਰਨ-ਧੂੜਿ ।
੧੪ ਦੌੜਦੀਆਂ, ਭਟਕਦੀਆਂ ।
੧੫ ਮਨ ਜੋ ਤਿੰਨ ਗੁਣਾਂ ਅੰਦਰ ਹੈ । ਦੇਖੋ ਪੰਨਾ ੧੧੧੯, ਫੁਟ ਨੋਟ ‡ ।
੧੬ ਗੁਰੂ ਦੇ ਪ੍ਰਸੰਨ ਹੋਣ ਨਾਲ (ਦਸੋਂ ਇੰਦਰੇ ਅਤੇ ਮਨ) ਕਾਬੂ ਹੋ ਜਾਂਦੇ ਹਨ ।
੧੭ ਵਾਹਿਗੁਰੂ ਵਿੱਚ ਜੋ ਇਕ ਹੋ ਕੇ ਵਿਆਪਕ ਹੈ।
੧੮ ਹੁਕਮ ਅੰਦਰ । ਸਾਰੀ ਏਕਤਾ ਨੂੰ ਹੁਕਮ ਦੁਆਰਾ ਚਲਾ ਰਿਹਾ ਹੈ; ਅਨੇਕਤਾ ਵਿੱਚ ਏਕਤਾ ਵਾਲੇ ਸੰਸਾਰ ਨੂੰ ਆਪਣੇ ਹੁਕਮ ਅਨੁਸਾਰ ਚਲਾ ਰਿਹਾ ਹੈ ।
੧੯ ਗੁਰੂ ਦੁਆਰਾ ਹਰੀ ਨੂੰ ਇਕ ਕਰ ਕੇ ਜਾਣੀਦਾ ਹੈ । ਇਸ ਲਈ ਗੁਰੂ ਦਾ ਅਨੁਸਾਰੀ ਹੋ ਕੇ ਹੀ ਸਮਝ ਸਕੀਦਾ ਹੈ ।
੨੦ ਗੁਰੂ ਦਾ ਅਨੁਸਾਰੀ ।
੨੧ ਆਪਣੇ ਅਸਲੀ ਘਰ, ਹਰੀ ਦੀ ਹਜ਼ੂਰੀ ਵਿੱਚ।
੨੨ ਦੇਖੋ ਪੰਨਾ ੧੧੩੭, ਨੋਟ ੨੧ ।
੨੩ ਪਤੀ-ਮਹਲ । ਹਰੀ ਦੀ ਹਜ਼ੂਰੀ ।
੨੪ ਖਿੜ ਜਾਂਦੀ ਹੈ ।
੨੫ ਜਿਵੇਂ ਮਸਤ ਹਾਥੀ ਨੂੰ ਕੁੰਡੇ ਥਲੇ ਰਖੀਦਾ ਹੈ।
੨੬ ਹਾਥੀ ਨੂੰ ਤੋਰਨ ਵਾਲਾ ਕੁੰਡਾ ।

* ਮਨ ਤਿੰਨਾਂ ਗੁਣਾਂ ਵਿੱਚ ਭਟਕਦਾ ਰਹਿੰਦਾ ਹੈ, ਪਰ ਗੁਰੂ ਮਿਲੇ ਤਾਂ ਅਨੇਕਤਾ ਦੇ ਅੰਦਰ ਏਕਤਾ ਵੇਖ ਕੇ ਟਿਕ ਜਾਂਦਾ ਹੈ ਅਤੇ ਸਾਰੇ ਵਿਛੋੜੇ ਦੂਰ ਕਰ ਕੇ ਹਰੀ ਨਾਲ ਇਕ-ਮਿਕ ਹੋ ਜਾਂਦਾ ਹੈ ।

† ਮਨ ਮਾਇਆ ਵਿੱਚ ਮਸਤ ਰਹਿੰਦਾ ਹੈ ਪਰ ਗੁਰੂ ਦਾ ਸ਼ਬਦ ਜਗਾ ਕੇ ਹਰੀ ਵੱਲ ਲਾ ਦਿੰਦਾ ਹੈ।

ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥ ੧ ॥ ਬਿਸੀਅਰ[੧] ਬਿਸੂ ਭਰੇ ਹੈ ਪੂਰਨ ਗੁਰੁ ਗਰੁੜ[੨] ਸਬਦੁ ਮੁਖਿ ਪਾਵੈਗੋ ॥ ਮਾਇਆ ਭੁਇਅੰਗ[੩] ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ॥ ੨ ॥ ਸੁਆਨੁ[੪] ਲੋਭੁ ਨਗਰ[੫] ਮਹਿ ਸਬਲਾ[੬] ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥ ਸਤੁ ਸੰਤੋਖੁ ਧਰਮੁ [੭]ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥ ੩ ॥ [੮]ਪੰਕਜ ਮੋਹ [੯]ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥ [੧੦]ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ [੧੧]ਹਾਥੀ ਦੇ ਨਿਕਲਾਵੈਗੋ ॥ ੪ ॥ ਸੁਪਨੰਤਰੁ[੧੨] ਸੰਸਾਰੁ ਸਭੁ ਬਾਜੀ[੧੩] ਸਭੁ ਬਾਜੀ ਖੇਲੁ ਖਿਲਾਵੈਗੋ ॥ ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ[੧੪] ਜਾਵੈਗੋ ॥ ੫ ॥ ਹਉਮੈ ਕਰੈ ਕਰਾਵੈ ਹਉਮੈ [੧੫]ਪਾਪ ਕੋਇਲੇ ਆਨਿ ਜਮਾਵੈਗੋ ॥ ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ[੧੬] ॥ ੬ ॥ ਸੰਤਹੁ ਰਾਮ ਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ ॥ ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ ॥ ੭ ॥ ਰਾਮ ਨਾਮ ਧਨੁ ਹੈ ਰਿਦ ਅੰਤਰਿ ਧਨੁ ਗੁਰ ਸਰਣਾਈ ਪਾਵੈਗੋ ॥ ਨਾਨਕ ਦਇਆ ਦਇਆ ਕਰਿ ਦੀਨੀ ਦੂਖੁ ਦਾਲਦੁ[੧੭] ਭੰਜਿ[੧੮] ਸਮਾਵੈਗੋ ॥ ੮ ॥ ੫ ॥ ਕਾਨੜਾ ਮਹਲਾ ੪* ॥ ਮਨੁ ਸਤਿਗੁਰ ਸਰਨਿ ਧਿਆਵੈਗੋ॥ ਲੋਹਾ ਹਿਰਨੁ[੧੯] ਹੋਵੈ ਸੰਗਿ ਪਾਰਸ [੨੦]ਗੁਨੁ ਪਾਰਸ ਕੋ ਹੋਇ ਆਵੈਗੋ ॥ ੧ ॥ ਰਹਾਉ ॥ ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ ॥ ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ[੨੧] ਗੁਰੁ ਸੇਵਕ ਪੈਜ ਰਖਾਵੈਗੋ ॥ ੧ ॥ ਸਤਿਗੁਰ ਬਚਨੁ ਬਚਨੁ ਹੈ ਨੀਕੋ[੨੨] ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥ ਜਿਉ ਅੰਬਰੀਕਿ[੨੩] ਅਮਰਾ ਪਦ[੨੪] ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥ ੨ ॥ [੨੫]ਸਤਿਗੁਰ ਸਰਨਿ ਸਰਨਿ ਮਨਿ ਭਾਈ ਸੁਧਾ ਸੁਧਾ ਕਰਿ ਧਿਆਵੈਗੋ ॥ ਦਇਆਲ ਦੀਨ ਭਏ ਹੈ ਸਤਿਗੁਰ ਹਰਿ ਮਾਰਗੁ ਪੰਥੁ[੨੬] ਦਿਖਾਵੈਗੋ ॥ ੩ ॥ ਸਤਿਗੁਰ ਸਰਨਿ ਪਏ ਸੇ ਥਾਪੇ[੨੭] ਤਿਨ ਰਾਖਨ ਕਉ ਪ੍ਰਭੁ ਆਵੈਗੋ ॥ ਜੇ ਕੋ ਸਰੁ[੨੮] ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ ॥ ੪ ॥ ਹਰਿ ਹਰਿ ਹਰਿ ਹਰਿ ਹਰਿ ਸਰੁ[੨੯] ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥ ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥ ੫ ॥ ਗੁਰਮੁਖਿ[੩੦] ਨਾਦੁ ਬੇਦੁ ਹੈ ਗੁਰਮੁਖਿ [੩੧]ਗੁਰ ਪਰਚੈ ਨਾਮੁ ਧਿਆਵੈਗੋ ॥ ਹਰਿ ਹਰਿ ਰੂਪੁ ਹਰਿ ਰੂਪੋ ਹੋਵੈ ਹਰਿ ਜਨ ਕਉ ਪੂਜ ਕਰਾਵੈਗੋ ॥ ੬ ॥ [੩੨]ਸਾਕਤ ਨਰ ਸਤਿਗੁਰੁ ਨਹੀ ਕੀਆ[੩੩] ਤੇ ਬੇਮੁਖ ਹਰਿ ਭਰਮਾਵੈਗੋ ॥ ਲੋਭ ਲਹਰਿ ਸੁਆਨ[੩੪] ਕੀ ਸੰਗਤਿ ਬਿਖੁ

੧ ਸੱਪ । ਤਰ੍ਹਾਂ-ਤਰ੍ਹਾਂ ਦੀ ਵਾਸ਼ਨਾ ਰੂਪ ਸੱਪ ਜ਼ਹਿਰ ਨਾਲ ਪੂਰਨ ਤੌਰ 'ਤੇ ਭਰੇ ਹੋਏ ਹਨ।
੨ ਸੱਪ ਦੀ ਜ਼ਹਿਰ ਉਤਾਰਨ ਵਾਲਾ ਮੰਤਰ (ਸ਼ਬਦ ਰੂਪ) ।
੩ ਸੱਪਣੀ ।
੪ ਕੁੱਤਾ । ਲੋਭ ਰੂਪ ਕੁੱਤਾ ।
੫ ਸਰੀਰ ਰੂਪ ਨਗਰ ।
੬ ਬਲਵਾਨ ।
੭ ਲਿਆ ਕੇ ਰੱਖੇ ਹਨ (ਸਤ-ਸੰਗਤ ਰੂਪ) ਹਰਿ ਨਗਰੀ ਵਿੱਚ ।
੮ ਮੋਹ ਰੂਪ ਚਿੱਕੜ ।
੯ ਫਸਦਾ ਹੈ ।
੧੦ 'ਰੱਖ ਲੈ, ਰੱਖ ਲੈ' ਕਹਿੰਦੇ ਹੋਏ ।
੧੧ ਹੱਥੀਂ ਦੇ ਕੇ ।
੧੨ ਸੁਪਨੇ ਅੰਦਰ ।
੧੩ ਖੇਡ ।
੧੪ ਸਰੋਪਾ ਲੈ ਕੇ ਇੱਜ਼ਤ ਨਾਲ ।
੧੫ ਪਾਪਾਂ ਰੂਪ ਕੋਇਲੇ ਲਿਆ ਕੇ 'ਕੱਠੇ ਕਰਦਾ ਹੈ। ਦੇਖੋ 'ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ' (ਮਾਰੂ ਮਹਲਾ ੧, ਪੰਨਾ ੯੯੦) ।
੧੬ ਖਵਾਲੇਗਾ ।
੧੭ ਦਾਰਿਦ੍ਰ, ਗਰੀਬੀ ।
੧੮ ਤੋੜ ਕੇ, ਦੂਰ ਕਰ ਕੇ ।
੧੯ [ਸੰ. ਹਿਰਣਜ] ਸੋਨਾ ।
੨੦ ਤਾਂ ਫਿਰ ਉਸ ਵਿੱਚ ਪਾਰਸ ਦੇ ਹੀ ਗੁਣ ਆ ਜਾਂਦੇ ਹਨ, ਭਾਵ ਆਪ ਵੀ ਪਾਰਸ ਹੋ ਜਾਂਦਾ ਹੈ। ਲੋਹਾ ਪਾਰਸ ਨਾਲ ਛੋਹ ਕੇ ਸੋਨਾ ਹੋ ਜਾਂਦਾ ਹੈ ਪਰ ਪਾਰਸ ਨਹੀਂ ਹੋ ਸਕਦਾ। ਗੁਰੂ ਦੀ ਵਿਸ਼ੇਸ਼ਤਾ ਇਸ ਵਿੱਚ ਹੈ ਕਿ ਆਪਣੀ ਛੋਹ ਨਾਲ ਜਗਿਆਸੂ ਨੂੰ ਭੀ ਆਪਣੇ ਵਾਕੁਰ ਤਾਰਨਹਾਰਾ ਬਣਾ ਸਕਦਾ ਹੈ ।
੨੧ ਦੇਖੋ ਪੰਨਾ ੧੧੩੩, ਫੁਟ ਨੋਟ * ।
੨੨ ਉੱਤਮ, ਚੰਗਾ ।
੨੩ 'ਇਕ ਭਗਤ ਰਾਜਾ ਹੋਇਆ ਹੈ ।' ਦੇਖੋ ਭਾਈ ਗੁਰਦਾਸ, ਵਾਰ ੧੦, ਪੌ: ੪ ।
੨੪ ਅਮਰ ਪਦਵੀ, ਮੋਖ ।
੨੫ ਸਭ ਸ਼ਰਨਾਂ 'ਚੋਂ ਜਿਸ ਨੂੰ ਸਤਿਗੁਰੂ ਦੀ ਸ਼ਰਨ ਚੰਗੀ ਲੱਗੀ ਹੈ, ਉਹ ਸੁਧਾ (ਅੰਮ੍ਰਿਤ ਨਾਮ ਰੂਪ) ਧਿਆਵੇਗਾ ।
੨੬ ਰਸਤਾ ।
੨੭ ਵਡਿਆਏ ਗਏ ।
੨੮ [ਸੰ. ਸ਼ਰ] ਤੀਰ । ਜੇ ਕੋਈ ਸੇਵਕਾਂ 'ਤੇ ਤੀਰ ਖਿੱਚਦਾ ਹੈ, ਉਸੇ ਨੂੰ ਹੀ ਉਲਟਾ ਹੋ ਕੇ ਲਗੇਗਾ।
੨੯ ਸਰੋਵਰ, ਸਤਿ ਸੰਗ ।
੩੦ ਗੁਰੂ । ਉਨ੍ਹਾਂ ਲਈ ਗੁਰੂ ਹੀ ਨਾਦ ਵੇਦ ਹੈ । ਦੇਖੋ ਪੰਨਾ ੬੫੪, ਨੋਟ ੨੯ ।
੩੧ ਗੁਰੂ ਦੀ ਤਸੱਲੀ ਹੋਣ 'ਤੇ, ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਨ 'ਤੇ ।
੩੨ ਸ਼ਕਤੀ ਦੇ ਉਪਾਸ਼ਕ ਨੇ, ਮਾਇਆਧਾਰੀ ਨੇ ।
੩੩ ਧਾਰਨ ਕੀਤਾ ।
੩੪ ਕੁੱਤਾ ।

* ਸਤਿਗੁਰ ਦੇ ਰਾਹੀਂ ਜੀਵਨ ਸਫਲ ਹੁੰਦਾ ਤੇ ਹਰੀ ਦੀ ਪ੍ਰਾਪਤੀ ਹੁੰਦੀ ਹੈ ।

ਮਾਇਆ ਕਰੰਗਿ[੧] ਲਗਾਵੈਗੋ ॥ ੭ ॥ ਰਾਮ ਨਾਮੁ ਸਭ ਜਗ ਕਾ ਤਾਰਕੁ[੨]
ਲਗਿ ਸੰਗਤਿ ਨਾਮੁ ਧਿਆਵੈਗੋ ॥ ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਸੰਗਤਿ
ਰਾਖਿ ਸਮਾਵੈਗੋ ॥ ੮ ॥ ੬ ॥ ਛਕਾ ੧ ॥

ਕਾਨੜਾ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

*ਸੇ ਉਧਰੇ ਜਿਨ ਰਾਮ ਧਿਆਏ ॥ ਜਤਨ ਮਾਇਆ ਕੇ ਕਾਮਿ ਨ ਆਏ ॥
ਰਾਮ ਧਿਆਏ ਸਭਿ ਫਲ ਪਾਏ ਧਨਿ ਧੰਨਿ ਤੇ ਬਡਭਾਗੀਆ ॥ ਸਤਸੰਗਿ
ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ ॥ ਤਜਿ ਮਾਨ ਮੋਹ ਬਿਕਾਰ
ਸਾਧੂ ਲਗਿ ਤਰਉ ਤਿਨ ਕੈ ਪਾਏ[੩] ॥ ਬਿਨਵੰਤਿ[੪] ਨਾਨਕ ਸਰਣਿ ਸੁਆਮੀ
ਬਡਭਾਗਿ ਦਰਸਨੁ ਪਾਏ ॥ ੧ ॥ ਮਿਲਿ ਸਾਧੂ ਨਿਤ ਭਜਹ[੫] ਨਾਰਾਇਣ ॥
ਰਸਕਿ[੬] ਰਸਕਿ ਸੁਆਮੀ ਗੁਣ ਗਾਇਣ ॥ ਗੁਣ ਗਾਇ ਜੀਵਹ ਹਰਿ ਅਮਿਉ[੭]
ਪੀਵਹ ਜਨਮ ਮਰਣਾ ਭਾਗਏ ॥ ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ[੮]
ਦੂਖੁ ਨ ਲਾਗਏ ॥ ਕਰਿ ਦਇਆ ਦਾਤੇ ਪੁਰਖ ਬਿਧਾਤੇ[੯] ਸੰਤ ਸੇਵ ਕਮਾਇਣ ॥
ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ[੧੦] ਹਰਿ ਦਰਸਿ ਸਹਜਿ[੧੧] ਸਮਾਇਣ ॥
੨ ॥ ਸਗਲੇ ਜੰਤ ਭਜਹੁ ਗੋਪਾਲੈ ॥ ਜਪ ਤਪ ਸੰਜਮ[੧੨] ਪੂਰਨ ਘਾਲੈ ॥ ਨਿਤ
ਭਜਹੁ ਸੁਆਮੀ ਅੰਤਰਜਾਮੀ ਸਫਲ ਜਨਮੁ ਸਬਾਇਆ[੧੩] ॥ ਗੋਬਿਦੁ ਗਾਈਐ
ਨਿਤ ਧਿਆਈਐ ਪਰਵਾਣੁ ਸੋਈ ਆਇਆ ॥ ਜਪ ਤਾਪ ਸੰਜਮ[੧੨] ਹਰਿ ਹਰਿ
ਨਿਰੰਜਨ[੧੪] ਗੋਬਿੰਦ ਧਨੁ ਸੰਗਿ ਚਾਲੈ ॥ ਬਿਨਵੰਤਿ ਨਾਨਕ ਕਰਿ ਦਇਆ
ਦੀਜੈ ਹਰਿ ਰਤਨੁ ਬਾਧਉ ਪਾਲੈ[੧੫] ॥ ੩ ॥ ਮੰਗਲਚਾਰ[੧੬] ਚੋਜ ਆਨੰਦਾ ॥
ਕਰਿ ਕਿਰਪਾ ਮਿਲੇ ਪਰਮਾਨੰਦਾ ॥ ਪ੍ਰਭ ਮਿਲੇ ਸੁਆਮੀ ਸੁਖਹਗਾਮੀ[੧੭] ਇਛ
ਮਨ ਕੀ ਪੁੰਨੀਆ[੧੮] ॥ ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ ॥
ਲੇ ਕੰਠਿ[੧੯] ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ[੨੦] ॥ ਬਿਨਵੰਤਿ ਨਾਨਕ
ਮਿਲੇ ਸੁਆਮੀ ਪੁਰਖ ਪਰਮਾਨੰਦਾ ॥ ੪ ॥ ੧ ॥

ਕਾਨੜੇ ਕੀ ਵਾਰ ਮਹਲਾ ੪ ਮੂਸੇ† ਕੀ ਵਾਰ ਕੀ ਧੁਨੀ ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੪‡ ॥ ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ[੨੧] ॥

੧ ਮੋਏ ਪਸ਼ੂਆਂ ਦੇ ਪਿੰਜਰ ਵਿੱਚ, ਧਰੰਘੇ ਵਿੱਚ ।
੨ ਤਾਰਨ ਵਾਲਾ ।
੩ ਚਰਨੀਂ ।
੪ ਬੇਨਤੀ ਕਰਦਾ ਹੈ ।
੫ ਅਸੀਂ ਭਜੀਏ, ਸਿਮਰੀਏ ।
੬ ਸਵਾਦ ਨਾਲ ।
੭ ਅੰਮ੍ਰਿਤ ।
੮ ਮੁੜ ਕੇ, ਫੇਰ ।
੯ [ਸੰ. ਵਿਧਾਤ੍ਰਿ] ਰਚਨਹਾਰ ।
੧੦ ਮੰਗਦੇ ਹਨ ।
੧੧ ਪੂਰਨ ਅਡੋਲ ਅਵਸਥਾ ਵਿੱਚ ।
੧੨ ਇੰਦ੍ਰਿਆਂ ਨੂੰ ਵਿਸ਼ਿਆਂ ਵਲੋਂ ਰੋਕਣ ਦੀ ਕ੍ਰਿਆ ਨਾਮ ਜਪਣਾ ਹੀ ਜਪ ਤਪ ਸੰਜਮ ਆਦਿ ਹੈ।
੧੩ ਸਾਰਾ, ਪੂਰੇ ਤੌਰ 'ਤੇ ।
੧੪ ਮਾਇਆ ਤੋਂ ਰਹਿਤ, ਪਵਿੱਤਰ ।
੧੫ ਪੱਲੇ ।
੧੬ ਖੁਸ਼ੀ ਦੇ ਗੀਤ, ਪੂਰਨ ਅਨੰਦ ।
੧੭ ਸੁਖ ਵਿੱਚ ਪੁਚਾਣ ਵਾਲਾ ਹਰੀ ।
੧੮ ਪੂਰੀਆਂ ਹੋਈਆਂ ।
੧੯ ਗਲ ਨਾਲ ।
੨੦ ਬੁਰਾਈਆਂ ।
੨੧ ਦਿਲ ਵਿੱਚ ਟਿਕਾਅ ਕੇ ।

* ਮੁਕਤੀ ਨਾਮ ਤੋਂ ਹੈ; ਇਸ ਤੋਂ ਬਿਨਾਂ ਮਾਇਆ ਵਾਲੇ ਕਰਮ ਕੋਈ ਮਦਦ ਨਹੀਂ ਕਰਦੇ (੧) । ਇਹ ਨਾਮ ਗੁਰੂ ਦੀ ਸੰਗਤ ਤੋਂ ਮਿਲਦਾ ਹੈ (੨) । ਇਸ ਲਈ ਨਾਮ ਹੀ ਜਪਣਾ ਚਾਹੀਦਾ ਹੈ, ਜਿਸ ਵਿੱਚ ਜਪ ਤਪ ਸੰਜਮ ਸਭ ਆ ਜਾਂਦੇ ਹਨ (੩) । ਅੰਤ ਵਿੱਚ ਹਰੀ-ਮਿਲਾਪ ਦੀ ਖੁਸ਼ੀ ਦਸਦੇ ਹਨ (੪) ।

† ਮੂਸਾ ਇਕ ਸੂਰਮਾ ਹੋਇਆ ਹੈ । ਇਸ ਦੀ ਮੰਗੇਤਰ ਕਿਸੇ ਰਾਜੇ ਨਾਲ ਵਿਆਹੀ ਗਈ । ਇਸ ਨੇ ਬਹਾਦਰੀ ਨਾਲ ਉਸ ਇਸਤਰੀ ਤੇ ਰਾਜੇ ਨੂੰ ਕੈਦ ਕਰ ਆਂਦਾ, ਪਰ ਜਦ ਇਸਤਰੀ ਤੋਂ ਪੁਛਿਆ ਕਿ ਤੂੰ ਕਿਸ ਦੀ ਹੋ ਕੇ ਰਹਿਣਾ ਚਾਹੁੰਦੀ ਹੈਂ, ਤਾਂ ਉਸ ਨੇ ਕਿਹਾ ਕਿ ਜਿਸ ਨਾਲ ਵਿਆਹੀ ਗਈ ਹਾਂ ਮੈਂ ਉਸੇ ਦੀ ਹਾਂ। ਇਹ ਸੁਣ ਕੇ ਮੂਸਾ ਨੇ ਉਨ੍ਹਾਂ ਨੂੰ ਮਾਫ ਕਰ ਦਿੱਤਾ, ਸਗੋਂ ਇਸਤਰੀ ਨੂੰ ਉਸੇ ਰਾਜੇ ਨਾਲ ਵਾਪਸ ਮੋੜ ਦਿੱਤਾ । ਇਸ ਸੰਬੰਧੀ ਢਾਡੀਆਂ ਨੇ ਵਾਰ ਗਾਂਵੀ । ਉਸ ਵਾਰ ਦੇ ਢੰਗ ਤੇ ਇਸ ਵਾਰ ਨੂੰ ਪੜ੍ਹਨ ਦੀ ਹਦਾਇਤ ਹੋ ਰਹੀ ਹੈ । ਨਮੂਨਾ ਪਉੜੀ ਦਾ ਇਹ ਹੈ :- ਤਰੈ ਸੈ ਸੱਠ ਮਰਾਤਬਾ ਇਕ ਗੁਰੀਏ ਡੱਗੈ। ਚੜ੍ਹਿਆ ਮੂਸਾ ਪਾਤਸ਼ਾਹ ਸਭ ਜੱਗ ਪਰੱਖੈ । ਦੰਦ ਚਿੱਟੇ ਬਡ ਹਾਥੀਆਂ ਕਹੁ ਕਿਤ ਵਰੱਗੈ । ਰੁਤ ਪਛਾਤੀ ਬਗਲਿਆਂ ਘਟ ਕਾਲੀ ਅੱਗੈ । ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੈ ।

‡ **ਸ਼ਲੋਕ** : ਗੁਰੂ ਦੇ ਰਾਹੀਂ ਹਰੀ ਨੂੰ ਧਿਆਉਣਾ ਚਾਹੀਦਾ ਹੈ । ਪਉੜੀ : ਹਰੀ ਆਪ ਹੀ ਧਰਮ ਕਮਾਉਣ ਜੋਗ ਬਣਾਂਦਾ ਹੈ ।

ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥ ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥ ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ[੧] ਹਰਿ ਰਸੁ ਸਾਰਿ[੨] ॥ ੧ ॥ ਮਃ ੪ ॥ ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ [੩]ਗੁਣੀ ਨਿਧਾਨੁ ॥ ਗੋਵਿਦੁ ਗੋਵਿਦੁ ਗੁਰਮਤਿ[੧] ਧਿਆਈਐ ਤਾਂ ਦਰਗਹ ਪਾਈਐ ਮਾਨੁ ॥ ਗੋਵਿਦੁ ਗੋਵਿਦੁ ਗੋਵਿਦੁ ਜਪਿ [੪]ਮੁਖੁ ਊਜਲਾ ਪਰਧਾਨੁ ॥ ਨਾਨਕ ਗੁਰੁ ਗੋਵਿੰਦੁ ਹਰਿ ਜਿਤੁ ਮਿਲਿ ਹਰਿ ਪਾਇਆ ਨਾਮੁ ॥ ੨ ॥ ਪਉੜੀ ॥ ਤੂੰ ਆਪੇ ਹੀ [੫]ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥ ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥ ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ[੬] ॥ ਸਤਸੰਗਤਿ ਸਤਿਗੁਰ ਧੰਨੁ ਧਨੋੁ ਧੰਨ ਧੰਨ ਧਨੋ ਜਿਤੁ ਮਿਲਿ ਹਰਿ [੭]ਬੁਲਗ ਬੁਲੋਗੀਆ ॥ ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ[੮] ॥ ੧ ॥ ਸਲੋਕ ਮਃ ੪* ॥ ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ[੯] ਪਾਵੈ ਕੋਇ ॥ ਹਉਮੈ ਮਮਤਾ[੧੦] ਨਾਸੁ ਹੋਇ ਦੁਰਮਤਿ[੧੧] ਕਢੈ ਧੋਇ ॥ ਨਾਨਕ ਅਨਦਿਨੁ[੧੨] ਗੁਣ ਉਚਰੈ ਜਿਨ ਕਉ ਧੁਰਿ[੧੩] ਲਿਖਿਆ ਹੋਇ ॥ ੧ ॥ ਮਃ ੪ ॥ ਹਰਿ ਆਪੇ ਆਪਿ ਦਇਆਲੁ ਹਰਿ ਆਪੇ ਕਰੇ ਸੁ ਹੋਇ ॥ ਹਰਿ ਆਪੇ ਆਪਿ ਵਰਤਦਾ ਹਰਿ ਜੇਵਡੁ ਅਵਰੁ ਨ ਕੋਇ ॥ ਜੋ ਹਰਿ ਪ੍ਰਭ ਭਾਵੈ ਸੋ ਥੀਐ[੧੪] ਜੋ ਹਰਿ ਪ੍ਰਭੁ ਕਰੇ ਸੁ ਹੋਇ ॥ ਕੀਮਤਿ ਕਿਨੈ ਨ ਪਾਈਆ ਬੇਅੰਤੁ ਪ੍ਰਭੂ ਹਰਿ ਸੋਇ ॥ ਨਾਨਕ ਗੁਰਮੁਖਿ[੯] ਹਰਿ ਸਾਲਾਹਿਆ ਤਨੁ ਮਨੁ ਸੀਤਲੁ[੧੫] ਹੋਇ ॥ ੨ ॥ ਪਉੜੀ ॥ ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ [੧੬]ਹਰਿ ਰੰਗ ਰੰਗਨਾ ॥ ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ[੧੭] ॥ ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ [੧੮]ਸਭ ਮੰਗ ਮੰਗਨਾ ॥ ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ[੧੯] ॥ ਸਭਿ ਕਹਹੁ ਮੁਖਹੁ ਰਿਖੀਕੇਸੁ[੨੦] ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ ॥ ੨ ॥ ਸਲੋਕ ਮਃ ੪† ॥ ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥ ਜੋ ਇਛਹਿ[੨੧] ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥ ਕਿਲਵਿਖ[੨੨] ਪਾਪ ਸਭਿ ਕਟੀਅਹਿ ਹਉਮੈ ਚੁਕੈ[੨੩] ਗੁਮਾਨੁ ॥ [੨੪]ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥ ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥ ੧ ॥ ਮਃ ੪ ॥ ਹਰਿ ਹਰਿ ਨਾਮੁ ਪਵਿਤੁ ਹੈ ਨਾਮੁ ਜਪਤ ਦੁਖੁ ਜਾਇ ॥ ਜਿਨ ਕਉ ਪੂਰਬਿ[੨੫] ਲਿਖਿਆ ਤਿਨ ਮਨਿ ਵਸਿਆ ਆਇ ॥ ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ[੨੬] ਦੁਖੁ

੧ ਗੁਰ ਆਸ਼ੇ ਅਨੁਸਾਰ ।
੨ ਸੰਭਾਲਿਆ ਹੈ (ਹਰੀ-ਰਸ ਨੂੰ) ।
੩ ਗੁਣਾਂ ਦਾ ਭੰਡਾਰ ।
੪ (ਹਰੀ ਦੇ ਹਜ਼ੂਰ) ਸੁਰਖਰੂ ਹੋਵੇਂਗਾ ਅਤੇ (ਲੋਕਾਂ ਵਿੱਚ) ਸ਼੍ਰੋਮਣੀ ਗਿਣਿਆਂ ਜਾਵੇਂਗਾ ।
੫ ਸਿੱਧਾਂ ਦੀ ਸਾਧਨਾਂ ਤੂੰ ਆਪ ਸਾਧਦਾ ਹੈਂ ਤੇ ਆਪ ਹੀ ਜੋਗੀਆਂ ਦੇ ਜੋਗ ਕਮਾਉਂਦਾ ਹੈਂ ।
੬ ਹੁੰਦਾ ਹੈ ।
੭ ਹਰੀ ਦੇ ਬੋਲਾਂ ਨੂੰ ਬੋਲੀਦਾ ਹੈ ।
੮ ਲਹਿ ਜਾਂਦੇ ਹਨ ।
੯ ਗੁਰੂ ਦੁਆਰਾ ।
੧੦ ਮੈਂ ਮੇਰੀ ਦਾ ਭਾਵ ।
੧੧ ਖੋਟੀ ਮਤ ।
੧੨ ਹਰ ਰੋਜ਼ ।
੧੩ ਹਰੀ ਦੇ ਹਜ਼ੂਰੋਂ ।
੧੪ [ਲਹਿੰਦੀ] ਹੁੰਦਾ ਹੈ ।
੧੫ ਠੰਢਾ, ਸੁਖੀ ।
੧੬ ਹਰੀ-ਰੰਗ ਵਿੱਚ ਰੰਗਣ ਵਾਲਾ ਹੈਂ ।
੧੭ ਮਾਇਆ ਰਹਿਤ ।
੧੮ ਮੰਗਦੇ ਹਨ ।
੧੯ ਚੰਗਾ ।
੨੦ ਰਿਖੀਕ (ਇੰਦ੍ਰੀਆਂ) ਦਾ ਮਾਲਕ, ਵਾਹਿਗੁਰੂ ।
੨੧ ਚਾਹੇਂ, ਮੰਗੇਂ ।
੨੨ ਪਾਪ ।
੨੩ ਦੂਰ ਹੁੰਦਾ ਹੈ ।
੨੪ ਗੁਰੂ ਦੁਆਰਾ ਹਿਰਦਾ ਰੂਪ ਕਮਲ ਖਿੜਿਆ ।
੨੫ ਪਹਿਲੋਂ ਦਾ, ਹਰੀ ਵੱਲੋਂ ।
੨੬ [ਦਾਰਿਦ੍ਰ] ਦਲਿਦ੍ਰ, ਗ਼ਰੀਬੀ ।

* **ਸ਼ਲੋਕ** : ਹਰੀ ਦਾ ਸਿਮਰਨ ਗੁਰੂ ਦੁਆਰਾ ਮਿਲਦਾ ਹੈ- ਉਹ ਭੀ ਹਰੀ ਦੀ ਮਿਹਰ ਹੋਵੇ ਤਾਂ ਕਿਉਂਕਿ ਹਰੀ ਸਰਬ ਸਮਰੱਥ ਹੈ । **ਪਉੜੀ** : ਹਰੀ ਸਰਬ ਸਮਰੱਥ ਹੈ, ਇਸ ਲਈ ਉਸ ਦਾ ਸਿਮਰਨ ਕਰਨ ਨਾਲ ਸਭ ਫਲ ਮਿਲ ਸਕਦੇ ਹਨ ।

† **ਸ਼ਲੋਕ** : ਹਰੀ-ਸਿਮਰਨ ਤੋਂ ਸਭ ਫਲ ਮਿਲਦੇ, ਪਾਪ ਦੂਰ ਹੁੰਦੇ ਅਤੇ ਹਿਰਦੇ ਵਿੱਚ ਹਰੀ ਦਾ ਪ੍ਰਕਾਸ਼ ਹੁੰਦਾ ਹੈ (੧) । ਗੁਰੂ ਦੇ ਰਾਹੀਂ ਸਿਮਰਨ ਕਰਨ ਨਾਲ ਸਭ ਦੁੱਖ ਦੂਰ ਹੁੰਦੇ ਹਨ (੨) । **ਪਉੜੀ**: ਹਰੀ ਦੀ ਕਿਰਪਾ ਹੋਵੇ ਤਾਂ ਮਨੁੱਖ ਗੁਰਮਤਿ ਵਿੱਚ ਲੱਗ ਕੇ ਸਿਮਰਨ ਕਰ ਸਕਦੇ ਹਨ ।

ਲਹਿ ਜਾਇ॥ ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ[੧]॥ ਜਨੁ ਨਾਨਕੁ ਦਾਸਨ ਦਾਸੁ ਹੈ ਜੋ ਸਤਿਗੁਰ ਲਾਗੇ ਪਾਇ[੨]॥ ੨॥ ਪਉੜੀ ॥ ਤੂੰ[੩] ਥਾਨ ਥਨੰਤਰਿ ਭਰਪੂਰੁ ਹਹਿ ਕਰਤੇ ਸਭ ਤੇਰੀ ਬਣਤ ਬਣਾਵਣੀ॥ [੪]ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ॥ ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ [੫]ਗੁਰਮਤੀ ਤੁਧੈ ਲਾਵਣੀ॥ ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ ਮੁਖਿ ਗੁਰਮੁਖਿ[੬] ਹਰਿ ਸਮਝਾਵਣੀ॥ ਸਭਿ ਬੋਲਹੁ ਰਾਮ ਰਮੋ[੭] ਸ੍ਰੀ ਰਾਮ ਰਮੋ ਜਿਤੁ ਦਾਲਦੁ[੮] ਦੁਖ ਭੁਖ ਸਭ ਲਹਿ ਜਾਵਣੀ॥ ੩॥ ਸਲੋਕ ਮਃ ੪* ॥ ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰ ਧਾਰਿ[੯]॥ ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥ ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ॥ ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ॥ ਗੁਰਿ ਤੁਠੈ[੧੦] ਹਰਿ ਚੇਤਾਇਆ ਹਰਿ ਨਾਮਾ ਹਰਿ ਉਰ ਧਾਰਿ॥ ਜਨ ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥ ੧॥ ਮਃ ੪॥ ਹਰਿ ਕੀਰਤਿ[੧੧] ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ[੧੨]॥ [੧੩]ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ [੧੪]ਉਰਿ ਹਾਰੁ॥ ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ॥ ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ॥ ਜਲਿ ਹਸਤੀ[੧੫] ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ[੧੬]॥ ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ॥ ਜਿਨ ਗੁਰਮੁਖਿ[੧੭] ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ॥ ੨॥ ਪਉੜੀ॥ ਰਾਮ ਨਾਮੁ ਵਖਰੁ[੧੮] ਹੈ ਊਤਮੁ ਹਰਿ ਨਾਇਕੁ[੧੯] ਪੁਰਖੁ ਹਮਾਰਾ॥ ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ॥ ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ॥ ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ॥ ਸਭਿ ਚਵਹੁ[੨੦] ਮੁਖਹੁ ਜਗੰਨਾਥੁ[੨੧] ਜਗੰਨਾਥੁ ਜਗਜੀਵਨੋ ਜਿਤੁ ਭਵਜਲ[੨੨] ਪਾਰਿ ਉਤਾਰਾ॥ ੪॥ ਸਲੋਕ ਮਃ ੪† ॥ [੨੩]ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ॥ ਹਮ ਕਿਉ ਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਗਾਹ[੨੪]॥ ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ [੨੫]ਪਗਿ ਪਾਹ॥ ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ[੨੬]॥ ਜਨ ਨਾਨਕ ਕਉ ਹਰਿ ਬਖਸਿ ਲੈਹੁ ਹਰਿ ਤੁਠੈ[੨੭] ਮੇਲਿ ਮਿਲਾਹ॥ ਹਰਿ ਕਿਰਪਾ ਕਰਿ ਸੁਣਿ ਬੇਨਤੀ ਹਮ ਪਾਪੀ ਕਿਰਮ[੨੮] ਤਰਾਹ॥ ੧॥ ਮਃ ੪॥ ਹਰਿ

੧ ਪਰਤਾਵਾ ਕਰ ਕੇ, ਨਿਰਣਾ ਕਰ ਕੇ ।
੨ ਚਰਨੀਂ ।
੩ ਥਾਵਾਂ ਵਿੱਚ ਅਤੇ ਉਨ੍ਹਾਂ ਦੇ ਵਿਚਕਾਰ ਜੋ ਵਿਥਾਂ ਹਨ, ਉਨ੍ਹਾਂ ਵਿੱਚ ।
੪ ਰੰਗਾ ਰੰਗ ਦੀ ਸ੍ਰਿਸ਼ਟੀ ।
੫ ਤੂੰ ਹੀ ਸ੍ਰਿਸ਼ਟੀ ਨੂੰ ਗੁਰਮਤਿ ਵਿੱਚ ਲਾਉਂਦਾ ਹੈਂ।
੬ ਗੁਰੂ । ਗੁਰੂ ਦੇ ਮੁਖ (ਉਪਦੇਸ਼) ਰਾਹੀਂ ਹਰੀ ਸਮਝਾਂਦਾ ਹੈ ।
੭ ਸਿਮਰੋ ।
੮ [ਦਾਰਿਦ੍ਰ] ਗਰੀਬੀ ।
੯ ਹਿਰਦੇ ਵਿੱਚ ਟਿਕਾਓ ।
੧੦ ਪ੍ਰਸੰਨ ਹੋ ਕੇ, ਕ੍ਰਿਪਾਲੂ ਹੋ ਕੇ ।
੧੧ ਸਿਫ਼ਤ ।
੧੨ ਸਰੇਸ਼ਟ, ਚੰਗੀ ।
੧੩ ਗੁਰਮਤਿ ਦੁਆਰਾ ਹਰੀ ਜਸ ਮਿਲਦਾ ਹੈ ।
੧੪ ਗਲ ਵਿੱਚ ਹਾਰ ਦੀ ਤਰ੍ਹਾਂ ਸੋਭਾ ਦਿੰਦਾ ਹੈ ।
੧੫ ਹਾਥੀ । ਹਾਥੀ ਨੂੰ ਪਾਣੀ ਵਿੱਚ ਨੁਵਾਲੀਏ ਤਾਂ ਭੀ ਉਹ ਮੁੜ ਸਿਰ ਵਿੱਚ ਸੁਆਹ ਪਾ ਲੈਂਦਾ ਹੈ ।
੧੬ ਸੁਆਹ ।
੧੭ ਗੁਰੂ ਦੁਆਰਾ ।
੧੮ ਸੌਦਾ ।
੧੯ ਮਾਲਕ ।
੨੦ [ਸਿੰਧੀ] ਬੋਲੋ ।
੨੧ ਜਗਤ ਦਾ ਮਾਲਕ ।
੨੨ ਸੰਸਾਰ-ਸਾਗਰ ਤੋਂ ।
੨੩ ਹੇ ਹਰੀ ! ਮੇਰੀ ਜੀਭ ਇਕ ਹੈ, ਪਰ ਤੇਰੇ ਗੁਣ ਬੇਅੰਤ ਹਨ ।
੨੪ ਅਥਾਹ ।
੨੫ ਪੈਰੀਂ ਪਵਾਂ ।
੨੬ ਤਰ ਜਾਈਏ ।
੨੭ ਕ੍ਰਿਪਾਲੂ ਹੋ ਕੇ ।
੨੮ ਕੀੜੇ ।

* **ਸ਼ਲੋਕ** : ਗੁਰੂ ਦੀ ਮਿਹਰ ਨਾਲ ਹਰੀ-ਨਾਮ ਦਾ ਸਿਮਰਨ ਹੁੰਦਾ ਹੈ (੧) । ਹਰੀ-ਜਸ ਸਭ ਤੋਂ ਚੰਗੀ ਚੀਜ਼ ਹੈ, ਪਰ ਮਿਲਦਾ ਗੁਰੂ ਦੇ ਰਾਹੀਂ ਹੈ (੨) । **ਪਉੜੀ** : ਹਰੀ ਨਾਮ ਸਿਮਰਨ ਸਭ ਤੋਂ ਚੰਗਾ ਸੌਦਾ ਹੈ ਜੋ ਗੁਰੂ ਤੋਂ ਮਿਲਦਾ ਹੈ ।

† **ਸ਼ਲੋਕ** : ਹਰੀ ਦੇ ਗੁਣ ਬੇਅੰਤ ਹਨ । ਮਨੁੱਖ ਗੁਰੂ ਦੀ ਸਹਾਇਤਾ ਬਿਨਾਂ ਇਨ੍ਹਾਂ ਗੁਣਾਂ ਦੀ ਵਿਚਾਰ ਨਹੀਂ ਕਰ ਸਕਦਾ (੧) । ਹਰੀ ਮਿਹਰ ਕਰੇ ਤਾਂ ਗੁਰੂ ਮਿਲਾ ਕੇ ਨਾਮ ਦਿਵਾ ਦਿੰਦਾ ਹੈ (੨)। **ਪਉੜੀ** : ਜੋ ਵਡਭਾਗੀ ਗੁਰਮਤਿ ਦੁਆਰਾ ਹਰੀ ਦਾ ਜਸ ਕਰਦੇ ਹਨ, ਓਹ ਪਾਪ ਰਹਿਤ ਹੋ ਕੇ ਸਦੀਵੀ ਅਨੰਦ ਮਾਣਦੇ ਹਨ ।

ਕਰਹੁ ਕ੍ਰਿਪਾ ਜਗਜੀਵਨਾ [1]ਗੁਰੁ ਸਤਿਗੁਰੁ ਮੇਲਿ ਦਇਆਲੁ ॥ ਗੁਰ ਸੇਵਾ ਹਰਿ ਹਮ ਭਾਈਆ ਹਰਿ ਹੋਆ ਹਰਿ ਕਿਰਪਾਲੁ ॥ ਸਭ ਆਸਾ ਮਨਸਾ[2] ਵਿਸਰੀ ਮਨਿ ਚੂਕਾ [3]ਆਲ ਜੰਜਾਲੁ ॥ ਗੁਰਿ ਤੁਠੈ[4] ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ ॥ ਜਨ ਨਾਨਕਿ[5] ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ ॥ ੨ ॥ ਪਉੜੀ ॥ ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ[6] ॥ ਜੋ ਧਿਆਵਹਿ ਹਰਿ ਅਪਰੰਪਰੁ[7] ਹਰਿ ਹਰਿ ਹਰਿ ਧਿਆਇ ਹਰੇ[8] ਤੇ ਹੋਨਾ ॥ ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ[9] ॥ ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ[10] ॥ ਸਭਿ ਧਿਆਵਹੁ [11]ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨੁ ਨਾਨਕੁ [12]ਦਾਸੁ ਦਸੋਨਾ ॥ ੫ ॥ ਸਲੋਕ ਮਃ ੪* ॥ ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰ ਮੰਤ[13] ॥ ਹਰਿ ਅਗਮੁ ਅਗੋਚਰੁ[14] ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ[15] ॥ ਹਰਿ ਆਪੇ ਘਟਿ ਘਟਿ ਵਰਤਦਾ ਹਰਿ ਆਪੇ ਆਪਿ ਬਿਅੰਤ ॥ ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾ ਕੰਤ[16] ॥ ਹਰਿ ਆਪੇ ਭਿਖਿਆ ਪਾਇਦਾ ਸਭ ਸਿਸਟਿ ਉਪਾਈ ਜੀਅ ਜੰਤ ॥ ਹਰਿ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਮਾਂਗਹਿ ਹਰਿ ਜਨ ਸੰਤ ॥ ਜਨ ਨਾਨਕ ਕੇ ਪ੍ਰਭ ਆਇ ਮਿਲੁ ਹਮ ਗਾਵਹ ਹਰਿ ਗੁਣ ਛੰਤ ॥ ੧ ॥ ਮਃ ੪ ॥ ਹਰਿ ਪ੍ਰਭੁ ਸਜਣੁ ਨਾਮੁ ਹਰਿ ਮੈ ਮਨਿ ਤਨਿ ਨਾਮੁ ਸਰੀਰਿ ॥ ਸਭਿ ਆਸਾ [17]ਗੁਰਮੁਖਿ ਪੂਰੀਆ ਜਨ ਨਾਨਕ ਸੁਣਿ ਹਰਿ ਧੀਰ[18] ॥ ੨ ॥ ਪਉੜੀ ॥ ਹਰਿ ਊਤਮੁ ਹਰਿਆ ਨਾਮੁ ਹੈ ਹਰਿ ਪੁਰਖੁ ਨਿਰੰਜਨੁ[19] ਮਉਲਾ[20] ॥ ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਸੇਵੇ ਚਰਨ ਨਿਤ ਕਉਲਾ[21] ॥ ਨਿਤ [22]ਸਾਰਿ ਸਮ੍ਾਲੇ ਸਭ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ[23] ॥ ਸੋ ਬੂਝੈ ਜਿਸੁ ਆਪਿ ਬੁਝਾਇਸੀ ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ[24] ॥ ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ ਗੁਣ ਗਾਵਤ ਗੁਣੀ ਸਮਉਲਾ[25] ॥ ੬ ॥ ਸਲੋਕ ਮਃ ੪† ॥ ਸੁਤਿਆ ਹਰਿ ਪ੍ਰਭੁ ਚੇਤਿ ਮਨਿ [26]ਹਰਿ ਸਹਜਿ ਸਮਾਧਿ ਸਮਾਇ ॥ ਜਨ ਨਾਨਕ ਹਰਿ ਹਰਿ ਚਾਉ ਮਨਿ ਗੁਰੁ ਤੁਠਾ ਮੇਲੇ ਮਾਇ[27] ॥ ੧ ॥ ਮਃ ੪ ॥ ਹਰਿ ਇਕਸੁ ਸੇਤੀ ਪਿਰਹੜੀ[28] ਹਰਿ ਇਕੋ ਮੇਰੈ ਚਿਤਿ ॥ ਜਨ ਨਾਨਕ ਇਕੁ ਅਧਾਰੁ[29] ਹਰਿ ਪ੍ਰਭ ਇਕਸ ਤੇ ਗਤਿ[30] ਪਤਿ ॥ ੨ ॥ ਪਉੜੀ ॥ [31]ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ[32] ਵਜਿਆ ॥ [33]ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ[34] ॥ ਆਦਿ ਜੁਗਾਦਿ

੧ ਦਿਆਲੁ ਗੁਰੂ ਮਿਲਾ ਦੇ ।
੨ ਮਨ ਦੀ ਵਾਸ਼ਨਾ, ਇੱਛਾ (ਵਰਤਮਾਨ ਇੱਛਾ ਨੂੰ 'ਮਨਸਾ' ਕਹਿੰਦੇ ਹਨ ਤੇ ਭਵਿੱਖਤ ਨਾਲ ਸੰਬੰਧ ਰੱਖਣ ਵਾਲੀਆਂ ਇਛਾਵਾਂ ਨੂੰ 'ਆਸਾ' ਕਹਿੰਦੇ ਹਨ)।
੩ ਘਰਾਂ ਦੇ ਟੰਟੇ ।
੪ ਕ੍ਰਿਪਾਲੂ ਹੋ ਕੇ ।
੫ ਨਾਨਕ ਨੇ । ਦੇਖੋ ਨੇਮ ੨੦ ੳ ।
੬ ਵੱਡੇ ।
੭ ਪਰ੍ਹੇ ਤੋਂ ਪਰੇ ਹਰੀ ।
੮ ਹਰੀ । ਓਹ ਹਰੀ ਹੀ ਹੋ ਜਾਂਦੇ ਹਨ । 'ਜੋ ਹਰਿ ਹਰੇ ਸੁ ਹੋਹਿ ਨ ਆਨਾ' (ਗੌੜੀ ਕਬੀਰ, ਪੰਨਾ ੩੩੦)। ਅੱਗੇ ਜਾ ਕੇ 'ਤੁਮ ਜੈਸੇ ਹਰਿ ਪੁਰਖ ਜਾਨੇ' ਕਹਿਆ ਹੈ ।
੯ [ਕੋਟਨ] ਕਰੋੜਾਂ ।
੧੦ ਵੱਡੇ । ਉਨ੍ਹਾਂ ਵੱਡੇ-ਵੱਡੇ ਭਾਗਾਂ ਵਾਲੇ ਮੁਖੀਆਂ ਨੂੰ ਗੁਰ-ਉਪਦੇਸ਼ ਦੁਆਰਾ, ਹੇ ਹਰੀ ! ਅਸਾਂ ਤੇਰੇ ਜਿਹੇ ਹਰੀ ਜਨ ਜਾਣਿਆਂ ਹੈ ।
੧੧ ਜੋ ਮੁੱਢ ਵਿੱਚ ਸੱਚਾ ਸੀ, ਜਦ ਸਮਾਂ ਸ਼ੁਰੂ ਹੋਇਆ ਉਸ ਦੇ ਆਦਿ ਵਿੱਚ ਵੀ ਸੱਚਾ ਸੀ, ਜੋ ਹੁਣ ਭੀ ਸੱਚਾ ਹੈ ।
੧੨ ਦਾਸਾਂ ਦਾ ਦਾਸ ।
੧੩ ਗੁਰੂ ਦੇ ਉਪਦੇਸ਼ ਦਵਾਰਾ ।
੧੪ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।
੧੫ ਸੁਤੇ ਹੀ ।
੧੬ [ਕਵਲਾ (ਮਾਇਆ) ਦਾ ਪਤੀ, ਵਿਸ਼ਨੂੰ] ਵਾਹਿਗੁਰੂ ।
੧੭ ਗੁਰੂ ਦੇ ਰਾਹੀਂ ਪੂਰੀਆਂ ਹੋਈਆਂ ।
੧੮ ਧੀਰਜ ਹੋਈ, ਤਸੱਲੀ ਹੋਈ ।
੧੯ ਮਾਇਆ ਤੋਂ ਰਹਿਤ ।
੨੦ ਮੌਲਿਆਂ (ਖਿੜਿਆ) ਹੋਇਆ ।
੨੧ ਮਾਇਆ ।
੨੨ ਖ਼ਬਰ ਲੈਂਦਾ ਹੈ ।
੨੩ [ਫ਼ਾ. ਜੋਲਾਂ ਦੌੜਦਾ] ਵੱਖਰਾ, ਨਿਰਲੇਪ । ਨੇੜੇ ਵੀ ਤੇ ਵੱਖਰਾ ਵੀ ਹੈ । ਦੇਖੋ ਪੰਨਾ ੨੩੫ ਨੋਟ ੩੩।
੨੪ ਸੁਵੱਲਾ, ਪ੍ਰਸੰਨ ।
੨੫ ਸਮਾਅ ਜਾਈਦਾ ਹੈ ।
੨੬ ਪੂਰਨ ਸ਼ਾਂਤੀ ਵਾਲੀ ਅਡੋਲ ਹਾਲਤ ਵਿੱਚ ਹੋ ਕੇ ਹਰੀ ਵਿੱਚ ਲੀਨ ਹੋ ਜਾ । ਦੇਖੋ ਪੰਨਾ ੧੧੯੯, ਨੋਟ ੨੧ ।
੨੭ ਹੇ ਮਾਈ !
੨੮ ਪਿਆਰ ।
੨੯ ਆਸਰਾ। ੩੦ ਮੁਕਤੀ ।
੩੧ ਦੇਖੋ ਪੰਨਾ ੧੨੦੧, ਨੋਟ ੬ ।
੩੨ ਦੇਖੋ ਪੰਨਾ ੧੧੩੭, ਨੋਟ ੨੧ ।
੩੩ ਅਨੰਦ ਦਾ ਮੂਲ ।
੩੪ ਪ੍ਰਗਟ ਹੋਇਆ ।

* **ਸ਼ਲੋਕ** : ਹਰੀ ਅਗਮ ਅਗੋਚਰ ਹੈ, ਪਰ ਗੁਰ-ਉਪਦੇਸ਼ ਰਾਹੀਂ ਨਾਮ ਜਪਣ ਨਾਲ ਘਟ ਘਟ ਵਰਤਦਾ ਦਿਸ ਪੈਂਦਾ ਹੈ (੧) । ਗੁਰੂ ਦੁਆਰਾ ਹਰੀ ਨਾਮ ਸੱਜਣ ਹੋ ਕੇ ਸਾਡੇ ਅੰਦਰ ਆ ਵੱਸਦਾ ਹੈ ਅਤੇ ਸਾਰੀਆਂ ਇੱਛਾਂ ਪੂਰੀਆਂ ਹੁੰਦੀਆਂ ਹਨ (੨) । **ਪਉੜੀ** : ਹਰੀ ਸਭ ਤੋਂ ਵੱਖ ਹੁੰਦਾ ਹੋਇਆ ਭੀ ਸਭ ਦੇ ਨੇੜੇ ਵੱਸਦਾ ਤੇ ਸਾਰ ਸੰਭਾਲਦਾ ਰਹਿੰਦਾ ਹੈ । ਪਰ ਇਸ ਗੱਲ ਦੀ ਸਮਝ ਗੁਰੂ ਤੋਂ ਮਿਲਦੀ ਹੈ ।

† **ਸ਼ਲੋਕ** : ਗੁਰੂ ਦੀ ਮਿਹਰ ਨਾਲ ਹਰੀ ਮਿਲ ਪੈਂਦਾ ਹੈ (੧) । ਉਸੇ ਇਕ ਨਾਲ ਮਨ ਜੋੜਨਾ ਚਾਹੀਦਾ ਹੈ (੨) । **ਪਉੜੀ** : ਧੰਨ ਹੈ ਗੁਰੂ ਜਿਸ ਦੇ ਉਪਦੇਸ਼ ਤੇ ਬਾਣੀ ਦੁਆਰਾ ਹਰੀ ਮਨ ਵਿੱਚ ਪ੍ਰਗਟ ਹੁੰਦਾ ਹੈ ।

ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ[੧] ॥ ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ[੨] ॥ ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥ ੭ ॥ ਸਲੋਕੁ ਮਃ ੪* ॥ [੩]ਭਗਤਿ ਸਰੋਵਰੁ ਉਛਲੈ [੪]ਸੁਭਰ ਭਰੇ ਵਹੰਨਿ ॥ ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡ ਭਾਗ ਲਹੰਨਿ[੫] ॥ ੧ ॥ ਮਃ ੪ ॥ ਹਰਿ ਹਰਿ ਨਾਮ ਅਸੰਖ[੬] ਹਰਿ ਹਰਿ ਕੇ ਗੁਨ ਕਥਨੁ ਨ ਜਾਹਿ ॥ ਹਰਿ ਹਰਿ ਅਗਮੁ ਅਗਾਧਿ[੭] ਹਰਿ [੮]ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥ ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ ॥ ਜਨ ਨਾਨਕ ਹਰਿ ਅਗਮ ਪ੍ਰਭ ਹਰਿ ਮੇਲਿ ਲੈਹੁ ਲੜਿ ਲਾਇ ॥ ੨ ॥ ਪਉੜੀ ॥ ਹਰਿ ਅਗਮੁ ਅਗੋਚਰੁ[੯] ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ[੧੦] ॥ ਕਿਛੁ ਵਖਰੁ[੧੧] ਹੋਇ ਸੁ ਵਰਨੀਐ[੧੨] ਤਿਸੁ ਰੂਪੁ ਨ ਰਿਖਾ[੧੩] ॥ ਜਿਸੁ ਬੁਝਾਏ ਆਪਿ ਬੁਝਾਇ ਦੇਇ [੧੪]ਸੋਈ ਜਨੁ ਦਿਖਾ ॥ ਸਤਸੰਗਤਿ ਸਤਿਗੁਰ ਚਟਸਾਲ[੧੫] ਹੈ ਜਿਤੁ ਹਰਿ ਗੁਣ ਸਿਖਾ ॥ ਧਨੁ ਧੰਨੁ ਸੁ ਰਸਨਾ[੧੬] ਧੰਨੁ ਕਰ[੧੭] ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥ ੮ ॥ ਸਲੋਕ ਮਃ ੪† ॥ ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ[੧੮] ॥ ਹਰਿ ਹਰਿ ਨਾਮੁ ਪਵਿਤੁ ਹੈ ਹਰਿ ਜਪਤ ਸੁਨਤ ਦੁਖੁ ਜਾਇ ॥ ਹਰਿ ਨਾਮੁ ਤਿਨੀ ਆਰਾਧਿਆ [੧੯]ਜਿਨ ਮਸਤਕਿ ਲਿਖਿਆ ਧੁਰਿ ਪਾਇ ॥ ਹਰਿ ਦਰਗਹ ਜਨ ਪੈਨਾਈਅਨਿ[੨੦] ਜਿਨ ਹਰਿ ਮਨਿ ਵਸਿਆ ਆਇ ॥ ਜਨ ਨਾਨਕ ਤੇ ਮੁਖ ਉਜਲੇ ਜਿਨ ਹਰਿ ਸੁਣਿਆ ਮਨਿ ਭਾਇ ॥ ੧ ॥ ਮਃ ੪ ॥ ਹਰਿ ਹਰਿ ਨਾਮੁ ਨਿਧਾਨੁ[੨੧] ਹੈ ਗੁਰਮੁਖਿ[੨੨] ਪਾਇਆ ਜਾਇ ॥ ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥ ਤਨੁ ਮਨੁ ਸੀਤਲੁ[੨੩] ਹੋਇਆ ਸਾਂਤਿ ਵਸੀ ਮਨਿ ਆਇ ॥ ਨਾਨਕ ਹਰਿ ਹਰਿ ਚਉਦਿਆ[੨੪] ਸਭੁ ਦਾਲਦੁ[੨੫] ਦੁਖੁ ਲਹਿ ਜਾਇ ॥ ੨ ॥ ਪਉੜੀ ॥ ਹਉ ਵਾਰਿਆ ਤਿਨ ਕਉ ਸਦਾ ਸਦਾ ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ ॥ ਤਿਨ ਕਉ ਮਿਲਿਆ ਮੇਰਾ ਸਤਿਗੁਰੂ ਜਿਨ ਕਉ ਧੁਰਿ ਮਸਤਕਿ ਲੇਖਿਆ ॥ ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ ॥ ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ[੨੬] ॥ ਸਭਿ ਕਹਹੁ ਮੁਖਹੁ [੨੭]ਨਰ ਨਰਹਰੇ ਨਰ ਨਰਹਰੇ ਨਰ ਨਰਹਰੇ ਹਰਿ ਲਾਹਾ ਹਰਿ ਭਗਤਿ ਵਿਸੇਖਿਆ[੨੮] ॥ ੯ ॥ ਸਲੋਕ ਮਃ ੪‡ ॥ ਰਾਮ ਨਾਮੁ ਰਮੁ[੨੯] ਰਵਿ[੩੦] ਰਹੇ ਰਮੁ ਰਾਮੋ ਰਾਮੁ ਰਮੀਤਿ[੩੧] ॥ ਘਟਿ ਘਟਿ ਆਤਮਰਾਮੁ[੩੨] ਹੈ ਪ੍ਰਭਿ ਖੇਲੁ ਕੀਓ[੩੩] ਰੰਗਿ ਰੀਤਿ ॥

(੧੩੧੯)

੧ ਸਿਮਰਿਆ ।	੧੫ ਮਦਰੱਸਾ ।
੨ ਇੱਜ਼ਤ ।	੧੬ ਜੀਭ ।
੩ ਭਗਤੀ ਦਾ ਤਲਾਅ (ਗੁਰੂ ਮਿਹਰ ਵਿੱਚ ਆ ਕੇ) ਉਛਲਦਾ ਹੈ, ਤਾਂ (ਸੰਗਤਿ ਵਿੱਚ ਬੈਠੇ ਸਿੱਖ) ਨਕਾ ਨੱਕ ਭਰੀਕੇ ਵਹਿ ਤੁਰਦੇ ਹਨ ।	੧੭ ਹੱਥ । ੧੮ ਪਰੇਮ ਨਾਲ । ੧੯ ਜਿਨ੍ਹਾਂ ਦੇ ਮੱਥੇ 'ਤੇ ਧੁਰ ਹਜ਼ੂਰੋਂ ਅਰਾਧਣਾ ਲਿਖਿਆ ਹੁੰਦਾ ਹੈ ।
੪ ਨਕਾ ਨੱਕ ਵਹਿੰਦੇ ਹਨ ।	
੫ ਮਿਲਦੇ ਹਨ ।	੨੦ ਵਡਿਆਏ ਜਾਂਦੇ ਹਨ ।
੬ ਬੇਅੰਤ, ਅਣਗਿਣਤ ।	੨੧ ਸੁਖਾਂ ਦਾ ਘਰ ।
੭ ਅਥਾਹ ।	੨੨ ਗੁਰਾਂ ਦੁਆਰੇ ।
੮ ਤੇਰੇ ਜਨ ਤੇਰੇ ਨਾਲ ਕਿਵੇਂ ਮਿਲਦੇ ਤੇ ਮਿਲਾ ਦਿੰਦੇ ਹਨ ?	੨੩ ਠੰਢਾ, ਸ਼ਾਂਤ । ੨੪ ਬੋਲਦਿਆਂ, ਕਹਿੰਦਿਆਂ ।
੯ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।	੨੫ [ਦਾਰਿਦ੍ਰ] ਕੰਗਾਲੀ, ਗਰੀਬੀ ।
੧੦ ਵੇਖਾਂ ।	੨੬ ਇਕ ਹੋ ਗਏ ।
੧੧ ਸੌਦਾ, ਚੀਜ਼ । ਜੇ ਉਹ ਕੋਈ ਮਾਦੀ ਚੀਜ਼ ਹੋਵੇ ਤਾਂ ਬਿਆਨ ਕਰੀਏ, ਉਸ ਦਾ ਤਾਂ ਕੋਈ ਚਿਹਨ ਚਕ੍ਰ ਨਹੀਂ ।	੨੭ ਹਰੀ । ੨੮ ਬਹੁਤ ਕਰ ਕੇ । ੨੯ ਸਿਮਰ । ੩੦ ਵਿਆਪਕ ।
੧੨ ਬਿਆਨ ਕਰੀਏ ।	੩੧ ਜੋ ਰਮਿਆ ਭਾਵ ਵਿਆਪਕ ਹੈ ।
੧੩ ਰੇਖ ।	੩੨ ਹਰੀ ।
੧੪ ਓਹੀ ਮਨੁੱਖ ਉਸ ਨੂੰ ਦੇਖ ਸਕਦਾ ਹੈ ।	੩੩ ਰੰਗ ਵਿੱਚ ਰੱਤਾ ।

* **ਸ਼ਲੋਕ** : ਗੁਰੂ ਦੇ ਰਾਹੀਂ ਹਰੀ ਦੀ ਭਗਤੀ ਮਿਲਦੀ ਹੈ (੧) । ਹਰੀ ਦੇ ਨਾਮ, ਹਰੀ ਦੇ ਗੁਣ ਬਿਅੰਤ ਹੋਣ ਕਰ ਕੇ ਬਿਆਨ ਨਹੀਂ ਹੋ ਸਕਦੇ, ਜਦ ਤੱਕ ਕੇ ਹਰੀ ਆਪ ਮਿਹਰ ਨਾ ਕਰੇ (੨) । **ਪਉੜੀ**: ਹਰੀ ਅਗਮ ਅਗੋਚਰ ਹੋਣ ਕਰ ਕੇ ਕਿਵੇਂ ਬਿਆਨ ਹੋ ਸਕਦਾ ਹੈ ? ਗੁਰੂ ਦੀ ਸੰਗਤ ਰਾਹੀਂ ਉਸ ਦੇ ਗੁਣ ਗਾਣੇ ਸਿੱਖ ਲਈਦੇ ਹਨ ।

† **ਸ਼ਲੋਕ** : ਸਰਬ ਸੁਖ ਦਾਤਾ ਪਵਿੱਤਰ ਨਾਮ ਓਹੀ ਅਰਾਧਦੇ ਹਨ, ਜਿਨ੍ਹਾਂ ਉੱਤੇ ਹਰੀ ਦੀ ਖਾਸ ਮਿਹਰ ਹੁੰਦੀ ਹੈ (੧) । ਇਹ ਗੁਰੂ ਤੋਂ ਮਿਲਦਾ ਹੈ, ਗੁਰੂ ਭੀ ਹਰੀ ਦੀ ਮਿਹਰ ਤੋਂ ਮਿਲਦਾ ਹੈ (੨) । ਕਿ **ਪਉੜੀ**: ਹਰੀ ਦੀ ਮਿਹਰ ਹੋਵੇ ਤਾਂ ਗੁਰੂ ਮਿਲਦਾ ਹੈ, ਜਿਸ ਦੇ ਰਾਹੀਂ ਗੁਣ ਗਾ ਕੇ ਹਰੀ ਨਾਲ ਇਕ-ਮਿਕ ਹੋਈਦਾ ਹੈ ।

‡ **ਸ਼ਲੋਕ** : ਹਰੀ ਹਰ ਥਾਂ 'ਤੇ ਹਰ ਇਕ ਵਿੱਚ ਵਿਆਪਕ ਹੈ, ਪਰ ਉਸ ਦੀ ਸੋਝੀ ਗੁਰੂ ਤੋਂ ਮਿਲਦੀ ਹੈ । **ਪਉੜੀ** : ਹਰੀ ਦਾ ਮਿਲਾਪ ਗੁਰੂ ਦੇ ਬਚਨਾਂ ਦੁਆਰਾ ਹੁੰਦਾ ਹੈ ।

ਹਰਿ ਨਿਕਟਿ[੧] ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥ ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥ ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥ ੧ ॥ ਮਃ ੪ ॥ [੨]ਹਰਿ ਪ੍ਰਭੁ ਸਜਣੁ ਲੋੜਿ ਲਹੁ ਭਾਗਿ ਵਸੈ ਵਡਭਾਗਿ ॥ ਗੁਰਿ ਪੂਰੈ ਦੇਖਾਲਿਆ ਨਾਨਕ ਹਰਿ ਲਿਵ ਲਾਗਿ ॥ ੨ ॥ ਪਉੜੀ ॥ ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥ ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥ ਕਿਉ ਪਾਈਐ ਕਿਉ ਦੇਖੀਐ ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ[੩] ॥ ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥ ਤਿਨ ਵਿਟਹੁ ਨਾਨਕੁ ਵਾਰਿਆ[੪] ਜੋ ਜਪਦੇ ਹਰਿ ਨਿਰਬਾਣੀ[੫] ॥ ੧੦ ॥ ਸਲੋਕ ਮਃ ੪* ॥ ਹਰਿ ਪ੍ਰਭ ਰਤੇ ਲੋਇਣਾ[੬] ਗਿਆਨ ਅੰਜਨੁ[੭] ਗੁਰੁ ਦੇਇ ॥ ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ[੮] ਮਿਲੇਇ ॥ ੧ ॥ ਮਃ ੪ ॥ ਗੁਰਮੁਖਿ[੯] ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥ ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥ ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ[੧੦] ॥ ਸਤਿਗੁਰਿ ਮਿਲਿਐ ਨਾਮੁ ਊਪਜੈ ਤ੍ਰਿਸਨਾ ਭੁਖ ਸਭ ਜਾਇ ॥ ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥ ੨ ॥ ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਵਸਗਤਿ[੧੧] ਕੀਤਾ ॥ ਇਕਿ ਮਨਮੁਖ[੧੨] ਕਰਿ ਹਾਰਾਇਅਨੁ ਇਕਨਾ ਮੇਲਿ ਗੁਰੂ ਤਿਨਾ ਜੀਤਾ[੧੩] ॥ ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ ॥ ਦੂਖੁ ਦਾਲਦੁ[੧੪] ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਦੀਤਾ ॥ ਸਭਿ ਸੇਵਹੁ ਮੋਹਨੋ ਮਨਮੋਹਨੋ ਜਗਮੋਹਨੋ ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ ॥ ੧੧ ॥ ਸਲੋਕ ਮਃ ੪† ॥ ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ[੧੫] ॥ ਨਾਨਕ ਰੋਗੁ ਵਞਾਇ[੧੬] ਮਿਲਿ ਸਤਿਗੁਰ ਸਾਧੂ ਸਜਨਾ ॥ ੧ ॥ ਮਃ ੪ ॥ ਮਨੁ ਤਨੁ [੧੭]ਤਾਮਿ ਸਗਾਰਵਾ ਜਾਂ ਦੇਖਾ ਹਰਿ ਨੈਣੇ ॥ ਨਾਨਕ ਸੋ ਪ੍ਰਭੁ ਮੈ ਮਿਲੈ ਹਉ ਜੀਵਾ ਸਦੁ[੧੮] ਸੁਣੇ ॥ ੨ ॥ ਪਉੜੀ ॥ ਜਗੰਨਾਥ ਜਗਦੀਸਰ ਕਰਤੇ ਅਪਰੰਪਰ[੧੯] ਪੁਰਖੁ ਅਤੋਲੁ ॥ ਹਰਿ ਨਾਮੁ ਧਿਆਵਹੁ ਮੇਰੇ ਗੁਰਸਿਖਹੁ ਹਰਿ ਊਤਮੁ ਹਰਿ ਨਾਮੁ ਅਮੋਲੁ ॥ ਜਿਨ ਧਿਆਇਆ ਹਿਰਦੈ ਦਿਨਸੁ ਰਾਤਿ ਤੇ ਮਿਲੇ ਨਹੀ ਹਰਿ ਰੋਲੁ[੨੦] ॥ ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ ਬੋਲੁ[੨੧] ॥ ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ ਜਿਤੁ ਚੂਕਾ ਜਮ ਝਗੜੁ ਝਗੋਲੁ[੨੨] ॥ ੧੨ ॥ ਸਲੋਕ ਮਃ ੪‡ ॥ ਹਰਿ ਜਨ ਹਰਿ ਹਰਿ ਚਉਦਿਆ[੨੩] [੨੪]ਸਰੁ ਸੰਧਿਆ ਗਾਵਾਰ ॥ ਨਾਨਕ ਹਰਿ ਜਨ ਹਰਿ ਲਿਵ ਉਬਰੇ[੨੫]

੧ ਨੇੜੇ ।
੨ ਹਰੀ ਮਿੱਤਰ ਲੱਭ ਲਵੋ (ਇਹੋ ਸਲੋਕ ਪੰਨਾ ੮੪੫ ਉੱਤੇ ਵੀ ਮੰਗਲ ਦੇ ਦੂਜੇ ਛੰਤ ਦੇ ਸ਼ੁਰੂ ਵਿੱਚ ਆਉਂਦਾ ਹੈ) ।
੩ ਸਿਆਣਾ ।
੪ ਸਦਕੇ ।
੫ ਨਿਰਬਾਣ (ਦੁੱਖ ਰਹਿਤ ਅਵਸਥਾ) ਦੇਣ ਵਾਲਾ ਹਰੀ ।
੬ ਅੱਖਾਂ । ੭ ਸੁਰਮਾ ।
੮ ਪੂਰਨ ਅਡੋਲ ਅਵਸਥਾ ਦੁਆਰਾ ।
੯ ਗੁਰੂ ਦੀ ਮੰਨ ਕੇ ਚੱਲਣ ਵਾਲਾ ।
੧੦ ਦੂਰ ।
੧੧ ਆਪਣੇ ਵੱਸ ਅੰਦਰ ।
੧੨ ਗੁਰੂ ਨੂੰ ਛੱਡ ਕੇ ਆਪਣੀ ਮੱਤ ਪਿੱਛੇ ਚੱਲਣ ਵਾਲੇ, ਆਪ ਹੁਦਰੇ । ਮਨਮੁਖ ਠਹਿਰਾ ਕੇ ਹਰਾ ਦਿੱਤਾ।
੧੩ ਜਿੱਤ ਗਿਆ ।
੧੪ [ਦਾਰਿਦ੍ਰ] ਗਰੀਬੀ ।
੧੫ ਖੋਟੇ ਪੁਰਸ਼ ।
੧੬ ਦੂਰ ਕਰੋ ।
੧੭ ਤਾਂ ਸਿੰਗਾਰਵਾਂ, ਭਾਵ ਸੋਹਣਾ ਹੈ ।
੧੮ ਸ਼ਬਦ, ਅਵਾਜ਼ ।
੧੯ ਪਰੇ ਤੋਂ ਪਰੇ ਹਰੀ ।
੨੦ ਭੁਲਾਵਾ । ਓਹ ਹਰੀ ਨੂੰ ਮਿਲਦੇ ਹਨ ਤੇ ਉਨ੍ਹਾਂ ਨੂੰ ਭੁਲਾਵਾ ਨਹੀਂ ਰਹਿੰਦਾ ।
੨੧ ਉਪਦੇਸ਼ ।
੨੨ ਝਗੜਾ ।
੨੩ [ਸਿੰਧੀ] ਬੋਲਿਆਂ । ਹਰੀ ਦਾ ਨਾਮ ਜਪਦਿਆਂ ਨੂੰ ਜਿਸ ਮੂਰਖ ਨੇ ਤੀਰ ਮਾਰਿਆ ਹੈ ।
੨੪ ਤੀਰ ਮਾਰਿਆ ।
੨੫ ਬਚ ਗਏ ।

* **ਸ਼ਲੋਕ** : ਹਰੀ ਨੂੰ ਦੇਖਣ ਦਾ ਚਾਉ ਤੇ ਸੋਝੀ ਗੁਰੂ ਤੋਂ ਮਿਲਦੀ ਹੈ । **ਪਉੜੀ** : ਹਰੀ ਆਪ ਹੀ ਮੇਲ ਦਾ ਚਾਉ ਜਾਂ ਦੂਰ ਰਹਿਣ ਦੀ ਅਧਮ ਬ੍ਰਿਤੀ ਦਿੰਦਾ ਹੈ ।

† ਦੇਖੋ ਪੰਨਾ ੩੦੧ ਅਤੇ ੧੪੨੪ । **ਸ਼ਲੋਕ** : ਹਰੀ ਤੋਂ ਦੂਰ ਰੱਖਣ ਵਾਲੀ ਬਿਰਤੀ (ਹਉਮੈ ਆਦਿ) ਗੁਰੂ ਦੇ ਮਿਲਣ ਨਾਲ ਸੰਵਰ ਜਾਂਦੀ ਹੈ (੧) ਅਤੇ ਸਮਝ ਆਉਂਦੀ ਹੈ ਕਿ ਜੀਵਨ ਸਫਲ ਹੀ ਤਾਂ ਹੈ ਜੇ ਇਸ ਵਿੱਚ ਹਰੀ ਦੇ ਦੇਖਣ ਦਾ ਚਾਉ ਹੋਵੇ । **ਪਉੜੀ** : ਪੂਰੇ ਭਾਗਾਂ ਨਾਲ ਗੁਰੂ ਮਿਲਦਾ ਹੈ, ਜਿਸ ਦੀ ਸੰਗਤਿ ਦੁਆਰਾ ਹਰੀ ਦਾ ਜਸ ਕਰਨਾ ਆਉਂਦਾ ਹੈ ।

‡ **ਸ਼ਲੋਕ** : ਹਰੀ ਦੇ ਭਗਤ ਨੂੰ ਜੋ ਸਤਾਉਣ ਦਾ ਕੋਝਾ ਉੱਦਮ ਕਰੇ, ਉਹ ਆਪ ਖੁਆਰ ਹੁੰਦਾ ਹੈ (੧)। ਅੱਖਾਂ ਓਹੀ ਧਨ ਹਨ ਜੋ ਹਰੀ ਦੇ ਪ੍ਰੇਮ ਵਿੱਚ ਤਾਂਘਦੀਆਂ ਹਨ, ਨਹੀਂ ਤਾਂ ਜਿਹੜੀਆਂ ਹੋਰ ਪਾਸੇ ਲੱਗੀਆਂ ਹਨ, ਓਹ ਤਾਂ ਨਕਾਰੀਆਂ ਹੋਣ ਕਰ ਕੇ ਕੱਢ ਦੇਣ ਜੋਗੀਆਂ ਹਨ (੨) । **ਪਉੜੀ** : ਸਰਵ-ਵਿਆਪੀ ਹਰੀ ਨੂੰ ਸਿਮਰਨਾ ਚਾਹੀਦਾ ਹੈ ।

ਜਿਨ ਸੰਧਿਆ[੧] ਤਿਸੁ ਫਿਰਿ ਮਾਰ ॥ ੧ ॥ ਮਃ ੪ ॥ ਅਖੀ ਪ੍ਰੇਮਿ ਕਸਾਈਆ[੨] ਹਰਿ ਹਰਿ ਨਾਮੁ ਪਿਖੰਨ੍ਹਿ[੩] ॥ ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ[੪] ॥ ੨ ॥ ਪਉੜੀ ॥ [੫]ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ[੬] ਸੋਈ ॥ ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ ॥ ਮਾਤ ਪਿਤਾ ਸੁਤ[੭] ਭ੍ਰਾਤ ਮੀਤ ਤਿਸੁ ਬਿਨੁ ਨਹੀ ਕੋਈ ॥ ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ ॥ ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ[੮] ॥ ੧੩ ॥ ਸਲੋਕ ਮਃ ੪* ॥ [੯]ਗੁਰਮੁਖਿ ਮਿਲੇ ਸਿ ਸਜਣਾ ਹਰਿ ਪ੍ਰਭ ਪਾਇਆ ਰੰਗੁ ॥ ਜਨ ਨਾਨਕ ਨਾਮੁ ਸਲਾਹਿ ਤੂ [੧੦]ਲੁਡਿ ਲੁਡਿ ਦਰਗਹਿ ਵੰਞੁ[੧੧] ॥ ੧ ॥ ਮਃ ੪ ॥ ਹਰਿ ਤੂਹੈ ਦਾਤਾ ਸਭਸ ਦਾ ਸਭਿ ਜੀਅ ਤੁਮ੍ਹਾਰੇ ॥ ਸਭਿ ਤੁਧੈ ਨੋ ਆਰਾਧਦੇ ਦਾਨੁ ਦੇਹਿ ਪਿਆਰੇ ॥ [੧੨]ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ [੧੩]ਸੈਸਾਰੇ ॥ [੧੪]ਅੰਨੁ ਜੰਮਿਆ ਖੇਤੀ ਭਾਉ ਕਰਿ ਹਰਿ ਨਾਮੁ ਸਮ੍ਹਾਰੇ ॥ ਜਨੁ ਨਾਨਕੁ ਮੰਗੈ ਦਾਨੁ ਪ੍ਰਭ ਹਰਿ ਨਾਮੁ ਅਧਾਰੇ[੧੫] ॥ ੨ ॥ ਪਉੜੀ ॥ ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥ ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ[੧੬] ॥ ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ[੧੭] ॥ ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ[੧੮] ॥ ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੂਖ ਦਾਗਰੁ[੧੯] ॥ ੧੪ ॥ ਸਲੋਕ ਮਃ ੪† ॥ [੨੦]ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥ ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ[੨੧] ਦੇਹਿ ਦਿਖਾਲਿ ॥ ੧ ॥ ਮਃ ੪ ॥ ਨਾਨਕ ਪ੍ਰੀਤਿ ਲਾਈ ਤਿਨਿ ਸਚੈ ਤਿਸੁ ਬਿਨੁ ਰਹਣੁ ਨ ਜਾਈ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ [੨੨]ਹਰਿ ਰਸਿ ਰਸਨ ਰਸਾਈ ॥ ੨ ॥ ਪਉੜੀ ॥ ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥ ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ[੨੩] ਪਾਵੈ ॥ [੨੪]ਆਵਣੁ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ ॥ ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥ ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ॥ ੧੫ ॥ ੧ ॥ ਸੁਧੁ ॥

ਰਾਗੁ ਕਾਨੜਾ ਬਾਣੀ ਨਾਮਦੇਵ[੨੫] ਜੀਉ ਕੀ ੴ ਸਤਿਗੁਰ ਪ੍ਰਸਾਦਿ ॥

‡ਐਸੋ ਰਾਮ ਰਾਇ ਅੰਤਰਜਾਮੀ ॥ [੨੬]ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥ ੧ ॥ ਰਹਾਉ ॥ ਬਸੈ ਘਟਾ ਘਟ [੨੭]ਲੀਪ ਨ ਛੀਪੈ ॥ [੨੮]ਬੰਧਨ ਮੁਕਤਾ ਜਾਤੁ ਨ ਦੀਸੈ ॥ ੧ ॥ ਪਾਨੀ ਮਾਹਿ ਦੇਖੁ ਮੁਖੁ ਜੈਸਾ ॥ ਨਾਮੇ ਕੋ ਸੁਆਮੀ ਬੀਠਲੁ[੨੯] ਐਸਾ ॥ ੨ ॥ ੧ ॥

੧ ਖਿਚਿਆ, ਮਾਰਿਆ ।
੨ ਖਿਚੀਆਂ । ਦੇਖੋ ਪੰਨਾ ੯੪੫, ਨੋਟ ੧੨ ।
੩ ਵੇਖਦੀਆਂ ਹਨ । ੪ ਦੇਵੀਏ ।
੫ ਪਾਣੀ ਵਿੱਚ ਸੁਖੀ ਧਰਤੀ ਵਿੱਚ ਅਤੇ ਧਰਤ, ਅਸਮਾਨ ਦੇ ਪੁਲਾੜ ਵਿੱਚ ਪਸਰ ਰਿਹਾ ਹੈ ।
੬ ਪਰੇ ਤੋਂ ਪਰੇ ਹਰੀ ।
੭ ਪੁੱਤਰ ।
੮ ਦੁਨੀਆਂ ਵਿੱਚ ।
੯ ਜਿਹੜੇ ਮੁਖੀ ਗੁਰੂ ਨੂੰ ਮਿਲਦੇ ਹਨ, ਉਨ੍ਹਾਂ ਨੂੰ ਹਰੀ ਮਾਲਕ ਦਾ ਪ੍ਰੇਮ ਮਿਲਦਾ ਹੈ ।
੧੦ ਲੁੱਡੀ ਪਾਂਦਾ, ਪ੍ਰਸੰਨਤਾ ਨਾਲ ।
੧੧ ਜਾਵੋ ।
੧੨ ਹਰੀ ਦੇਵਣਹਾਰ ਦਾਤਾਰ ਨੇ। ਦੇਖੋ ਨੋਮ ੨੦ ੳ ।
੧੩ ਵੱਸਿਆ ।
੧੪ ਪ੍ਰੇਮ ਰੂਪ ਖੇਤੀ ਕਰਨ ਵਾਲੇ ਨੂੰ ਹਰੀ ਨਾਮ ਸਲਾਹਣ ਰੂਪੀ ਅੰਨ ।
੧੫ ਆਸਰਾ ਬਣੇ ।
੧੬ [ਰਤਨਾਕਰ] ਰਤਨਾਂ ਦੀ ਖਾਣ ।
੧੭ ਕਾਗ਼ਜ਼, ਲੇਖਾ ਜਮਾਂ ਵਾਲਾ ।
੧੮ ਬੈਰਾਗੀ ।
੧੯ ਦਾਗ਼, ਕਲੰਕ ।
੨੦ ਦੇਖੋ ਸਲੋਕ ਫ਼ਰੀਦ ੧੨੧ ।
੨੧ ਮੁਖੀ ਗੁਰੂ ।
੨੨ ਹਰੀ ਰਸ ਨਾਲ ਜੀਭ ਨੂੰ ਰਸਾ ਕੇ ।
੨੩ ਇੱਛਤ, ਚਾਹਿਆ ਹੋਇਆ ।
੨੪ ਜਨਮ ਮਰਨ ।
੨੫ ਦੇਖੋ ਪੰਨਾ ੧੧੬੩, ਨੋਟ ੨੪ ।
੨੬ ਜਿਵੇਂ ਸ਼ੀਸ਼ੇ ਵਿੱਚ ਵਦਨ (ਮੂੰਹ) ਪ੍ਰਤੱਖ ਦਿਸਦਾ ਹੈ।
੨੭ ਹਰ ਇਕ ਵਿੱਚ ਵੱਸਦਾ ਹੈ, ਪਰ ਉਸ ਨੂੰ ਮਾਇਆ ਦਾ ਲੇਪ ਜਾਂ ਛੀਪਾ (ਦਾਗ) ਨਹੀਂ ਹੈ ।
੨੮ ਬੰਧਨਾਂ ਤੋਂ ਮੁਕਤ ਹੈ ਤੇ ਜਾਂਦਾ ਵੀ ਨਹੀਂ ਦਿਸਦਾ, ਭਾਵ ਬੰਧਨਾਂ ਵਿੱਚ ਵੀ ਹੈ ।
੨੯ ਵਾਹਿਗੁਰੂ । ਵੇਖੋ ਪੰਨਾ ੧੧੯੬, ਨੋਟ ੪ ।

* **ਸ਼ਲੋਕ** : ਗੁਰੂ ਤੋਂ ਹਰੀ ਦਾ ਪ੍ਰੇਮ ਮਿਲਦਾ ਹੈ (੧) । ਹਰੀ ਨਾਮ ਦੇ ਪ੍ਰੇਮ ਲਈ ਅਰਦਾਸ ਕਰੀਏ ਤਾਂ ਸਿਮਰਨ ਦੀ ਦਾਤ ਮਿਲਦੀ ਹੈ (੨) । **ਪਉੜੀ** : ਗੁਰੂ ਦੀ ਸ਼ਰਨ ਲਈਏ ਤਾਂ ਹਰੀ ਦਾ ਪ੍ਰੇਮ ਮਿਲਦਾ ਹੈ ।

† **ਸ਼ਲੋਕ** : ਅਸੀਂ ਹਰੀ ਨੂੰ ਦੂਰ ਸਮਝ ਕੇ ਢੂੰਡਦੇ ਰਹਿੰਦੇ ਹਾਂ, ਪਰ ਗੁਰੂ ਜੀ ਸਾਡੇ ਨਾਲ ਵੱਸਦਾ ਦਸ ਦਿੰਦੇ ਹਨ (੧) । ਬਲਕਿ ਉਸ ਨਾਲ ਪ੍ਰੀਤ ਲਾ ਦਿੰਦੇ ਹਨ (੨) । **ਪਉੜੀ** : ਹਰੀ ਦੇ ਗੁਣ ਗਾਉਣ, ਸੁਣਨ ਨਾਲ ਜਨਮ ਜਨਮਾਂਤਰਾਂ ਦੀ ਮੈਲ ਦੂਰ ਹੁੰਦੀ, ਆਵਾਗਵਣ ਮਿੱਟਦਾ ਅਤੇ ਆਪ ਤਰਨ ਅਤੇ ਹੋਰਨਾਂ ਨੂੰ ਤਾਰਨ ਜੋਗਾ ਹੋ ਜਾਈਦਾ ਹੈ ।

‡ ਹਰੀ ਸਾਰਿਆਂ ਦੇ ਦਿਲਾਂ ਵਿੱਚ ਵੱਸਦਾ ਹੈ ।

ਰਾਗੁ ਕਲਿਆਨ

ਮਹਲਾ ੪

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*ਰਾਮਾ ਰਮ[1] ਰਾਮੈ ਅੰਤੁ ਨ ਪਾਇਆ ॥ ਹਮ ਬਾਰਿਕ ਪ੍ਰਤਿਪਾਰੇ[2] ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ[3] ॥ ੧ ॥ ਰਹਾਉ ॥ ਹਰਿ ਕੇ ਨਾਮ ਅਸੰਖ[4] ਅਗਮ ਹਹਿ ਅਗਮ[5] ਅਗਮ ਹਰਿ ਰਾਇਆ[6] ॥ ਗੁਣੀ ਗਿਆਨੀ ਸੁਰਤਿ[7] ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥ ੧ ॥ ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥ ਤੂ ਅਮਿਤਿ[8] ਅਤੋਲੁ ਅਪਰੰਪਰ[9] ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥ ੨ ॥ ਉਸਤਤਿ ਕਰਹਿ ਤੁਮਰੀ ਜਨ ਮਾਧੌ[10] ਗੁਨ ਗਾਵਹਿ ਹਰਿ ਰਾਇਆ ॥ ਤੁਮ੍ਹ ਜਲ ਨਿਧਿ[11] ਹਮ ਮੀਨੇ[12] ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ ॥ ੩ ॥ ਜਨ ਕਉ ਕ੍ਰਿਪਾ ਕਰਹੁ ਮਧਸੂਦਨ[13] ਹਰਿ ਦੇਵਹੁ ਨਾਮੁ ਜਪਾਇਆ ॥ ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ[14] ਪਾਇਆ ॥ ੪ ॥ ੧ ॥ ਕਲਿਆਨੁ ਮਹਲਾ ੪† ॥ ਹਰਿ ਜਨੁ ਗੁਨ ਗਾਵਤ ਹਸਿਆ[15] ॥ [16]ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ ॥ ੧ ॥ ਰਹਾਉ ॥ ਗੁਰ ਕੇ ਪਗ[17] ਸਿਮਰਉ ਦਿਨੁ ਰਾਤੀ ਮਨਿ ਹਰਿ ਹਰਿ ਹਰਿ ਬਸਿਆ ॥ ਹਰਿ ਹਰਿ ਹਰਿ ਕੀਰਤਿ ਜਗਿ ਸਾਰੀ[18] [19]ਘਸਿ ਚੰਦਨੁ ਜਸੁ ਘਸਿਆ ॥ ੧ ॥ ਹਰਿ ਜਨ ਹਰਿ ਹਰਿ ਹਰਿ ਲਿਵ ਲਾਈ ਸਭਿ ਸਾਕਤ[20] [21]ਖੋਜਿ ਪਇਆ ॥ ਜਿਉ [22]ਕਿਰਤ ਸੰਜੋਗਿ ਚਲਿਓ ਨਰ ਨਿੰਦਕੁ ਪਗੁ ਨਾਗਨਿ ਛੁਹਿ ਜਲਿਆ ॥ ੨ ॥ ਜਨ ਕੇ ਤੁਮ੍ਹ ਹਰਿ ਰਾਖੇ ਸੁਆਮੀ ਤੁਮ੍ਹ ਜੁਗਿ ਜੁਗਿ ਜਨ ਰਖਿਆ ॥ ਕਹਾ ਭਇਆ [23]ਦੈਤਿ ਕਰੀ ਬਖੀਲੀ ਸਭ ਕਰਿ ਕਰਿ ਝਰਿ ਪਰਿਆ ॥ ੩ ॥ ਜੇਤੇ ਜੀਅ ਜੰਤ ਪ੍ਰਭਿ ਕੀਏ ਸਭਿ ਕਾਲੈ ਮੁਖਿ ਗ੍ਰਸਿਆ[24] ॥ ਹਰਿ ਜਨ ਹਰਿ ਹਰਿ ਹਰਿ ਪ੍ਰਭਿ ਰਾਖੇ ਜਨ ਨਾਨਕ ਸਰਨਿ ਪਇਆ ॥ ੪ ॥ ੨ ॥

੧ ਵਿਆਪਕ । ਵਿਆਪਕ ਰਾਮ ਦਾ ਕਿਸੇ ਅੰਤ ਨਹੀਂ ਪਾਇਆ ।
੨ ਪਾਲੇ ਹੋਏ । ੩ ਮਾਂ ।
੪ ਬੇਗਿਣਤ, ਬੇਅੰਤ ।
੫ ਪਹੁੰਚ ਤੋਂ ਰਹਿਤ ।
੬ ਰਾਜਾ । ਹਰੀ ਰਾਜਾ ।
੭ ਵਿਚਾਰ ।
੮ ਪੈਮਾਇਸ਼ ਤੋਂ ਪਰੇ, ਜਿਸ ਦਾ ਅੰਦਾਜ਼ਾ ਨਹੀਂ ਲੱਗ ਸਕਦਾ ।
੯ ਪਰੇ ਤੋਂ ਪਰੇ ਹਰੀ ।
੧੦ [ਮਾਇਆ ਦਾ ਧਵ (ਪਤੀ)] ਹੇ ਵਾਹਿਗੁਰੂ !
੧੧ ਜਲ ਦਾ ਖ਼ਜ਼ਾਨਾ, ਸਮੁੰਦਰ ।
੧੨ ਮੱਛੀਆਂ ।
੧੩ [ਮਧੂ ਰਾਖਸ਼ ਨੂੰ ਮਾਰਨ ਵਾਲਾ, ਵਿਸ਼ਨੂੰ] ਵਾਹਿਗੁਰੂ ।
੧੪ ਗੁਰੂ ਦੇ ਰਾਹੀਂ ।
੧੫ ਖਿੜਿਆ ।
੧੬ ਹਰੀ ਦੀ ਭਗਤੀ ਸਾਥੋਂ ਸਰ ਆਈ ਗੁਰੂ ਦੇ ਉਪਦੇਸ਼ ਰਾਹੀਂ ਜਿਵੇਂ ਕਿ ਪ੍ਰਭੂ ਨੇ ਆਪਣੇ ਹਜ਼ੂਰੋਂ ਸਾਡੇ ਮੱਥੇ 'ਤੇ (ਭਾਗਾਂ ਵਿੱਚ) ਲਿਖਿਆ ਸੀ ।
੧੭ ਚਰਨ ।
੧੮ ਪੁਚਾਈ ।
੧੯ ਜਿਵੇਂ ਚੰਦਨ ਘਸਾ ਕੇ ਸੁਗੰਧ ਫੈਲਾਈਦੀ ਹੈ, ਤਿਵੇਂ ਹਰੀ-ਜਸ ਉਚਾਰ-ਉਚਾਰ ਕੇ ਸੰਸਾਰ ਨੂੰ ਸੁਗੰਧਤ ਕੀਤਾ ।
੨੦ [ਸ਼ਕਤੀ ਦੇ ਉਪਾਸ਼ਕ] ਨਾਸਤਕ ਲੋਕ ।
੨੧ ਮਗਰ ਪੈ ਗਿਆ । ਨਿੰਦਾ ਕਰਨ ਲਈ ਖਹਿੜੇ ਪੈ ਗਏ ।
੨੨ ਪਿਛਲੇ ਕੀਤੇ ਕਰਮਾਂ ਦੇ ਮੇਲ ਅਨੁਸਾਰ (ਭਾਵ ਮਕਰਮਾਂ ਤੋਂ ਬਣੇ ਸੁਭਾਉ ਅਨੁਸਾਰ), ਨਿੰਦਕ ਮਨੁੱਖ ਸੰਸਾਰ ਵਿੱਚ ਵਿਚਰਦਾ ਰਿਹਾ ਅਤੇ ਚਲਦਿਆਂ-ਚਲਦਿਆਂ ਉਸ ਦਾ ਪੈਰ ਮਾਇਆ-ਨਾਗਣੀ ਨਾਲ ਛੋਹ ਕੇ (ਜ਼ਹਿਰੀਲੇ ਫੁੰਕਾਰ ਨਾਲ) ਸੜ ਗਿਆ।
੨੩ (ਹਰਨਾਖਸ਼ ਵਰਗੇ) ਜਿਸ ਜਿਸ ਦੁਸ਼ਮਣ ਦੂਤ ਨੇ ਨਿੰਦਾ ਕੀਤੀ ।
੨੪ ਖਾ ਲਏ ।

* (ਏਹ ਛੇ ਸ਼ਬਦ 'ਘਰੁ ੧' ਦੇ ਹਨ ਅਤੇ ਕਈਆਂ ਲਿਖਤੀ ਬੀੜਾਂ ਵਿੱਚ ਇਥੇ 'ਘਰੁ ੧' ਦਿੱਤਾ ਭੀ ਹੈ)। ਹਰੀ ਬਿਅੰਤ ਹੈ, ਉਸ ਦੇ ਗੁਣ ਵੀ ਬਿਅੰਤ ਹਨ । ਹਰੀ ਆਪ ਕਿਰਪਾ ਕਰੇ ਤਾਂ ਗੁਰੂ ਦੇ ਰਾਹੀਂ ਗੁਣ ਗਾਏ ਜਾ ਸਕਦੇ ਹਨ ।

† ਭਗਤ ਲੋਕ ਹਰੀ ਦਾ ਜਸ ਕਰ ਕੇ ਪ੍ਰਫੁੱਲਤ ਹੁੰਦੇ ਤੇ ਸਾਰੇ ਜਹਾਨ ਨੂੰ ਸੁਗੰਧਤ ਕਰਦੇ ਹਨ । ਨਿੰਦਕ ਲੋਕ ਪਏ ਉਨ੍ਹਾਂ ਦੀ ਵਿਰੋਧਤਾ ਕਰਨ, ਓਹ ਹਰੀ ਨੂੰ ਰਖਿਅਕ ਸਮਝ ਕੇ ਉਸੇ ਦੀ ਸ਼ਰਨ ਵਿੱਚ ਪਏ ਰਹਿੰਦੇ ਹਨ ।

ਕਲਿਆਨ ਮਹਲਾ ੪* ॥ ਮੇਰੇ ਮਨ [1]ਜਪੁ ਜਪਿ ਜਗੰਨਾਥੇ ॥ ਗੁਰ ਉਪਦੇਸਿ ਹਰਿ ਨਾਮੁ ਧਿਆਇਓ ਸਭਿ ਕਿਲਬਿਖ[2] ਦੁਖ ਲਾਥੇ ॥ ੧ ॥ ਰਹਾਉ ॥ ਰਸਨਾ[3] ਏਕ ਜਸੁ ਗਾਇ ਨ ਸਾਕੈ ਬਹੁ [4]ਕੀਜੈ ਬਹੁ ਰਸੁਨਥੇ ॥ ਬਾਰ ਬਾਰ ਖਿਨੁ ਪਲ ਸਭਿ ਗਾਵਹਿ ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ[5] ॥ ੧ ॥ ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ[6] ॥ ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਾਨਹੁ ਹਮ ਬਿਰਥੇ[7] ॥ ੨ ॥ ਕੋਈ ਮਾਰਗੁ ਪੰਥੁ[8] ਬਤਾਵੈ ਪ੍ਰਭ ਕਾ ਕਹੁ ਤਿਨ ਕਉ ਕਿਆ ਦਿਨਥੇ[9] ॥ ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ[10] ਕੋਈ ਮੇਲੈ ਪ੍ਰਭ ਮਿਲਥੇ[11] ॥ ੩ ॥ ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ[12] ॥ ਹਮਰੀ ਮਤਿ ਵਸਗਤਿ[13] ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ ॥ ੪ ॥ ੩ ॥ ਕਲਿਆਨ ਮਹਲਾ ੪† ॥ ਮੇਰੇ ਮਨ ਜਪਿ [14]ਹਰਿ ਗੁਨ ਅਕਥ ਸੁਨਥਈ ॥ [15]ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ ॥ ੧ ॥ ਰਹਾਉ ॥ ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ ਜਿਸੁ ਬਡਭਾਗ ਮਥਈ[16] ॥ ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ ਧਿਆਇਥਈ[17] ॥ ੧ ॥ ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖੁ ਹਉਮੈ ਮੈਲੁ ਲਗਥਈ[18] ॥ ਗੁਰਿ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ ਸਭ ਕਿਲਬਿਖ ਪਾਪ ਗਥਈ[19] ॥ ੨ ॥ ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ ਜਨ ਹਰਿ ਹਰਿ ਨਾਮੁ ਭਜਥਈ ॥ ਜਹ ਅੰਤੀ ਅਉਸਰੁ[20] ਆਇ ਬਨਤੁ ਹੈ ਤਹ ਰਾਖੈ ਨਾਮੁ ਸਾਥਈ[21] ॥ ੩ ॥ ਜਨ ਤੇਰਾ ਜਸੁ ਗਾਵਹਿ ਹਰਿ ਹਰਿ ਪ੍ਰਭ ਹਰਿ ਜਪਿਓ ਜਗੰਨਥਈ ॥ ਜਨ ਨਾਨਕ ਕੇ ਪ੍ਰਭ ਰਾਖੇ ਸੁਆਮੀ ਹਮ ਪਾਥਰ ਰਖੁ ਬੁਡਥਈ[22] ॥ ੪ ॥ ੪ ॥ ਕਲਿਆਨ ਮਹਲਾ ੪‡ ॥ ਹਮਰੀ ਚਿਤਵਨੀ[23] ਹਰਿ ਪ੍ਰਭੁ ਜਾਨੈ ॥ ਅਉਰੁ ਕੋਈ ਨਿੰਦ ਕਰੈ ਹਰਿ ਜਨ ਕੀ ਪ੍ਰਭੁ ਤਾ ਕਾ ਕਹਿਆ ਇਕੁ ਤਿਲੁ ਨਹੀ ਮਾਨੈ ॥ ੧ ॥ ਰਹਾਉ ॥ ਅਉਰ ਸਭ ਤਿਆਗਿ ਸੇਵਾ ਕਰਿ ਅਚੁਤ[24] ਜੋ ਸਭ ਤੇ ਊਚ ਠਾਕੁਰੁ ਭਗਵਾਨੈ ॥ ਹਰਿ ਸੇਵਾ ਤੇ ਕਾਲੁ [25]ਜੋਹਿ ਨ ਸਾਕੈ ਚਰਨੀ ਆਇ ਪਵੈ ਹਰਿ ਜਾਨੈ[26] ॥ ੧ ॥ ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾ ਕਉ ਸੁਮਤਿ ਦੇਇ [27]ਪੈ ਕਾਨੈ ॥ ਤਾ ਕਉ ਕੋਈ ਅਪਰਿ ਨ ਸਾਕੈ ਜਾ ਕੀ ਭਗਤਿ ਮੇਰਾ ਪ੍ਰਭੁ ਮਾਨੈ ॥ ੨ ॥ ਹਰਿ ਕੇ ਚੋਜ ਵਿਡਾਨ[28] [29]ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ ॥ ਤਾ ਤੇ ਜਨ ਕਉ ਅਨਦੁ ਭਇਆ ਹੈ [30]ਰਿਦ ਸੁਧ ਮਿਲੇ ਖੋਟੇ ਪਛੁਤਾਨੈ ॥ ੩ ॥

੧ ਜਗਤ ਦੇ ਮਾਲਕ ਦਾ ਜਾਪ ਕਰ ।
੨ ਪਾਪ ।
੩ ਜੀਭ ।
੪ ਬਹੁਤ ਜੀਭਾਂ ਵਾਲੇ ਬਣਾ ਦਿਓ ।
੫ ਤੇਰੇ ।
੬ ਵੇਖਣ ਲਈ ।
੭ [ਵਿਜਥਾ] ਦਿਲ ਦੇ ਦੁੱਖ ਦਾ ਹਾਲ, ਅੰਦਰ ਦੀ ਪੀੜਾ ।
੮ ਰਸਤਾ ।
੯ ਦੇਵਾਂ ।
੧੦ ਅਰਪਨ ਕਰ ਦੇਵਾਂ ।
੧੧ ਮਿਲਿਆ ਹੋਇਆ ਹਰੀ ਨੂੰ ।
੧੨ ਵਰਣਨ । ਅਸੀਂ ਥੋੜੇ ਜਿਹੇ ਵਰਣਨ ਕਰ ਸਕੇ।
੧੩ ਵੱਸ ਵਿੱਚ ।
੧੪ ਹਰੀ ਦੇ ਗੁਣ, ਜੋ ਅਕੱਥ ਸੁਣੇ ਜਾਂਦੇ ਹਨ ।
੧੫ ਧਰਮ, ਮੋਖ, ਅਰਥ ਤੇ ਕਾਮ, ਇਹ ਚਾਰ ਪਦਾਰਥ ਹਰੀ ਜਨਾਂ ਦੇ ਪਿਛੇ ਲੱਗੇ ਫਿਰਦੇ ਹਨ । ਚਾਰ ਪਦਾਰਥਾਂ ਲਈ ਦੇਖੋ ਪੰਨਾ ੧੨੦੧, ਫੁਟ ਨੋਟ *।
੧੬ ਮੱਥੇ 'ਤੇ ।
੧੭ ਧਿਆ ਕੇ ।
੧੮ ਲੱਗੀ ਹੈ ।
੧੯ [ਗਤ ਥਈ] ਚਲੇ ਜਾਂਦੇ ਹਨ ।
੨੦ ਸਮਾਂ ।
੨੧ ਸਾਥੀ ਹੋ ਕੇ ।
੨੨ ਡੁੱਬਦੇ ਨੂੰ ।
੨੩ ਦਿਲ ਦੇ ਭਾਵ ।
੨੪ [ਅਚੁਤ, ਨਾ ਹਿਲਣ ਵਾਲਾ] ਅਟੱਲ ਹਰੀ ਦੀ।
੨੫ ਦੇਖ ਨਹੀਂ ਸਕਦਾ ਮਾਰਨ ਲਈ, ਨਹੀਂ ਮਾਰ ਸਕਦਾ ।
੨੬ ਜਨ ਦੀ ।
੨੭ ਕੰਨ ਪੈ, ਕੰਨ ਵਿੱਚ ।
੨੮ ਅਸਚਰਜ ।
੨੯ ਹੇ ਜਨ ! ਦੇਖ ।
੩੦ ਸ਼ੁੱਧ ਹਿਰਦੇ ਵਾਲੇ ।

* ਹਰੀ ਦਾ ਜਸ ਬਿਅੰਤ ਹੈ । ਹਰੀ ਆਪ ਹੀ ਮਿਹਰ ਕਰੇ ਤਾਂ ਮਨੁੱਖ ਮਾਰਗ ਦੱਸਣ ਵਾਲੇ ਗੁਰੂ ਅੱਗੇ ਆਪਣਾ ਸਭ ਕੁਝ ਅਰਪਣ ਕਰ ਕੇ ਜਸ ਕਰਨਾ ਸਿੱਖ ਲੈਂਦਾ ਹੈ ।

† ਹਰੀ ਜਸ ਕਰਨ ਵਿੱਚ ਚਾਰ ਪਦਾਰਥ ਆ ਜਾਂਦੇ ਹਨ । ਇਸੇ ਨਾਲ ਪਾਪ ਦੋਖ ਸਭ ਦੂਰ ਹੁੰਦੇ ਅਤੇ ਹਰ ਪ੍ਰਕਾਰ ਰੱਖਿਆ ਹੁੰਦੀ ਹੈ ।

‡ ਹਰੀ ਚਰਨਾਂ ਦਾ ਪਿਆਰ ਸ਼ੁਧ ਦਿਲ ਵਿੱਚ ਧਾਰ ਕੇ ਹਰੀ ਦੀ ਸੇਵਾ ਕਰਨੀ ਚਾਹੀਦੀ ਹੈ, ਜਿਸ ਨਾਲ ਮੌਤ ਦਾ ਡਰ ਦੂਰ ਹੁੰਦਾ ਤੇ ਨਿੰਦਕਾਂ ਤੋਂ ਰੱਖਿਆ ਹੁੰਦੀ ਹੈ ।

ਤੁਮ ਹਰਿ ਦਾਤੇ ਸਮਰਥ ਸੁਆਮੀ ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ[੧] ॥ ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ ਸਦ ਬਸਹਿ ਰਿਦੈ ਮੋਹਿ[੨] ਹਰਿ ਚਰਾਨੈ[੩] ॥ ੪ ॥ ੫ ॥ ਕਲਿਆਨ ਮਹਲਾ ੪* ॥ [੪]ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥ ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ ੧ ॥ ਰਹਾਉ ॥ ਹਮ ਬਾਰਿਕ ਮੁਗਧ[੫] ਇਆਨ ਪਿਤਾ ਸਮਝਾਵਹਿਗੇ ॥ ਸੁਤੁ[੬] ਖਿਨੁ ਖਿਨੁ ਭੂਲਿ ਬਿਗਾਰਿ [੭]ਜਗਤ ਪਿਤ ਭਾਵਹਿਗੋ ॥ ੧ ॥ ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥ ਮੋਹਿ ਦੂਜੀ ਨਾਹੀ ਠਉਰ[੮] ਜਿਸੁ ਪਹਿ ਹਮ ਜਾਵਹਗੇ ॥ ੨ ॥ [੯]ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥ ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥ ੩ ॥ ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥ ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥ ੪ ॥ ੬ ॥ ਛਕਾ ੧ ॥

ਕਲਿਆਨੁ ਭੋਪਾਲੀ[੧੦] ਮਹਲਾ ੪ ੴ ਸਤਿਗੁਰ ਪ੍ਰਸਾਦਿ ॥

†ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ[੧੧] ਨਾਰਾਇਣੇ ॥ ਸਗਲ ਭਗਤ ਜਾਚਹਿ[੧੨] ਸੁਖ ਸਾਗਰ [੧੩]ਭਵ ਨਿਧਿ ਤਰਣ ਹਰਿ ਚਿੰਤਾਮਣੇ[੧੪] ॥ ੧ ॥ ਰਹਾਉ ॥ ਦੀਨ ਦਇਆਲ ਜਗਦੀਸ ਦਮੋਦਰ[੧੫] ਹਰਿ ਅੰਤਰਜਾਮੀ ਗੋਬਿੰਦੇ ॥ ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ[੧੬] ਹਰਿ ਮੁਕੰਦੇ[੧੭] ॥ ੧ ॥ ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ ॥ ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥ ੨ ॥ ੧ ॥ ੭ ॥

ਰਾਗੁ ਕਲਿਆਨੁ ਮਹਲਾ ੫ ਘਰੁ ੧ ੴ ਸਤਿਗੁਰ ਪ੍ਰਸਾਦਿ ॥

‡[੧੮]ਹਮਾਰੈ ਏਹ ਕਿਰਪਾ ਕੀਜੈ ॥ ਅਲਿ[੧੯] ਮਕਰੰਦ[੨੦] ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥ ੧ ॥ ਰਹਾਉ ॥ [੨੧]ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ[੨੨] ਕਉ ਦੀਜੈ ॥ ੧ ॥ ਬਿਨੁ ਮਿਲਬੇ[੨੩] ਨਾਹੀ ਸੰਤੋਖਾ ਪੇਖਿ[੨੪] ਦਰਸਨੁ ਨਾਨਕੁ ਜੀਜੈ[੨੫] ॥ ੨ ॥ ੧ ॥ ਕਲਿਆਨ ਮਹਲਾ ੫§ ॥ ਜਾਚਿਕੁ ਨਾਮੁ ਜਾਚੈ[੨੬] ਜਾਚੈ ॥ ਸਰਬ ਧਾਰ[੨੭] ਸਰਬ ਕੇ ਨਾਇਕ[੨੮] ਸੁਖ ਸਮੂਹ ਕੇ ਦਾਤੇ ॥ ੧ ॥ ਰਹਾਉ ॥ [੨੯]ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ[੩੦] ਸੋ ਪਾਈਐ ॥ ੧ ॥

੧ ਦਾਨ ।

੨ ਮੇਰੇ ।

੩ ਚਰਨ ।

੪ ਹੇ ਪ੍ਰਭੂ ! ਕਿਰਪਾ ਨਿਧਾਨ ! ਕਿਰਪਾ ਕਰੋ ਕਿ ਅਸੀਂ ਆਪ ਦੇ ਗੁਣ ਗਾਉਂਦੇ ਰਹੀਏ ('ਕ੍ਰਿਪਾ' ਦੇਹਲੀ ਦੀਪਕ ਹੋ ਕੇ ਦੋਵੇਂ ਪਾਸੇ ਵਰਤਿਆ ਗਿਆ ਹੈ: ਇਕ 'ਕ੍ਰਿਪਾ ਨਿਧਾਨ' ਨਾਲ ਤੇ ਦੂਜਾ 'ਕੀਜੈ ਕ੍ਰਿਪਾ' ਨਾਲ)।

੫ ਮੂਰਖ ।

੬ ਪੁੱਤਰ ।

੭ ਜਗਤ ਦੇ ਪਿਤਾ, ਹਰੀ ।

੮ ਥਾਂ ।

੯ ਜਿਹੜੇ ਭਗਤ ਹਰੀ ਨੂੰ ਗਾਉਂਦੇ ਹਨ, ਉਨ੍ਹਾਂ ਨੂੰ ਹੀ ਹਰੀ ਚੰਗਾ ਲੱਗਦਾ ਹੈ ।

੧੦ ਕਲਿਆਣ ਰਾਗ ਦੀ ਇਕ ਰਾਗਣੀ ਜੋ ਰਾਤ ਦੇ ਪਹਿਲੇ ਪਹਿਰ ਗਾਈ ਜਾਂਦੀ ਹੈ ।

੧੧ ਦੂਰ ਕਰਨ ਵਾਲਾ ।

੧੨ ਮੰਗਦੇ ਹਨ ।

੧੩ ਸੰਸਾਰ-ਸਾਗਰ ਦੀ ਬੇੜੀ ।

੧੪ ਮਨ ਵਿੱਚ ਚਿੰਤਨ ਕਰਨ ਨਾਲ ਮਨ ਮੰਗੀ ਮੁਰਾਦ ਪੂਰੀ ਕਰਨ ਵਾਲਾ ਰਤਨ ਵਾਹਿਗੁਰੂ ।

੧੫ [ਜਿਸ ਦੇ ਉਦਰ (ਲੱਕ) ਦਵਾਲੇ ਰੱਸੀ ਹੈ, ਕ੍ਰਿਸ਼ਨ] ਵਾਹਿਗੁਰੂ ।

੧੬ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।

੧੭ ਮੁਕਤੀ ਦਾਤਾ ।

੧੮ ਸਾਡੇ 'ਤੇ ਇਹ ਕ੍ਰਿਪਾ ਕਰੋ ।

੧੯ ਭੌਰਾ ।

੨੦ ਸ਼ਹਿਦ ਜੋ ਫੁੱਲਾਂ ਅੰਦਰ ਹੁੰਦਾ ਹੈ ।

੨੧ ਹੋਰ ਪਾਣੀਆਂ ਨਾਲ ।

੨੨ ਦੇਖੋ ਪੰ: ੧੧੧੭, ਨੋਟ ੧੭ ।

੨੩ ਮਿਲਾਪ ।

੨੪ ਦੇਖ ਕੇ ।

੨੫ ਜੀਂਵਦਾ ਹੈ ।

੨੬ ਮੰਗਦਾ ਹੈ ।

੨੭ [ਸਰਬ ਆਧਾਰ] ਸਭ ਦੇ ਆਸਰੇ ।

੨੮ ਮਾਲਕ ।

੨੯ ਕਿਤਨੀ ਹੀ ਦੁਨੀਆਂ ਕਿਤਨੀਆਂ ਮੰਗਾਂ ਮੰਗਦੀ ਹੈ।

੩੦ ਜੋ ਉਸ ਨੂੰ ਭਾਂਵਦੀ ਹੈ ।

* ਸਨਮੁੱਖ ਬੇਨਤੀ ਕਰ ਕੇ ਹਰੀ ਕੋਲੋਂ ਹਰੀ-ਜਸ ਕਰਨ ਦੀ ਸਮਰੱਥਾ ਮੰਗਦੇ ਹਨ (ਇਥੇ ਤੁਕਾਂ ਦੇ ਅੰਤਲੇ ਲਫ਼ਜ਼ ਵਿੱਚ ਕਿਧਰੇ ਹਾਹੇ ਨਾਲ ਸਿਹਾਰੀ ਹੈ ਅਤੇ ਕਿਧਰੇ ਨਹੀਂ । ਇਸ ਦੀ ਵਿਚਾਰ ਲਈ ਦੇਖੋ ਨੇਮ ੧੫ ਅਤੇ ਉਸ ਦਾ ਨੋਟ)।

† ਹਰੀ-ਜਸ ਦਾ ਨਮੂਨਾ ਦੇਂਦੇ ਹਨ (ਇਸ ਸ਼ਬਦ ਨਾਲ ਕਈਆਂ ਬੀੜਾਂ ਵਿੱਚ 'ਘਰੁ ੨' ਦਿੱਤਾ ਹੁੰਦਾ ਹੈ)।

‡ ਹਰੀ ਦੇ ਮਿਲਣ ਦੀ ਇਉਂ ਤਾਂਘ ਕਰਦੇ ਹਨ, ਜਿਵੇਂ ਫੁੱਲਾਂ ਦੀ ਧੂੜੀ ਲਈ ਭੌਰਾ ਕਰਦਾ ਹੈ ਜਾਂ ਸ੍ਵਾਂਤ ਬੂੰਦ ਲਈ ਪਪੀਹਾ ।

§ ਨਾਮ ਦਾਨ ਮੰਗਦੇ ਤਾਂ ਬਹੁਤ ਲੋਕ ਹਨ ਪਰ ਮਿਲਦਾ ਉਨ੍ਹਾਂ ਨੂੰ ਹੈ, ਜਿਨ੍ਹਾਂ ਉੱਤੇ ਹਰੀ ਪ੍ਰਸੰਨ ਹੁੰਦਾ ਹੈ। ਇਸ ਮਿਹਰ ਲਈ ਤਰਲਾ ਇਹੋ ਹੈ ਕਿ ਗੂੜ੍ਹੀ ਲਗਨ ਨਾਲ ਉਸ ਦੇ ਗੁਣ ਗਾਈਏ ।

ਸਫਲ ਸਫਲ ਸਫਲ ਦਰਸੁ ਰੇ ਪਰਸਿ[੧] ਪਰਸਿ ਗੁਨ ਗਾਈਐ ॥ ਨਾਨਕ ਤਤ ਤਤ ਸਿਉ ਮਿਲੀਐ [੨]ਹੀਰੈ ਹੀਰੁ ਬਿਧਾਈਐ ॥ ੨ ॥ ੨ ॥ ਕਲਿਆਨ ਮਹਲਾ ੫* ॥ [੩]ਮੇਰੇ ਲਾਲਨ ਕੀ ਸੋਭਾ ॥ ਸਦ ਨਵਤਨ[੪] ਮਨ ਰੰਗੀ ਸੋਭਾ ॥ ੧ ॥ ਰਹਾਉ ॥ ਬ੍ਰਹਮ ਮਹੇਸ[੫] ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ ॥ ੧ ॥ ਜੋਗ ਗਿਆਨ ਧਿਆਨ ਸੇਖਨਾਗੈ[੬] ਸਗਲ ਜਪਹਿ ਤਰੰਗੀ[੭] ॥ ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ ॥ ੨ ॥ ੩ ॥

ਕਲਿਆਨ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

† [੮]ਤੇਰੈ ਮਾਨਿ ਹਰਿ ਹਰਿ ਮਾਨਿ ॥ [੯]ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥ ੧ ॥ ਰਹਾਉ ॥ [੧੦]ਇਤ ਉਤ ਦਹ ਦਿਸਿ ਰਵਿਓ [੧੧]ਮੇਰ ਤਿਨਹਿ ਸਮਾਨਿ ॥ ੧ ॥ [੧੨]ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ[੧੩] ਪਰਧਾਨ ॥ ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥ ੨ ॥ ੧ ॥ ੪ ॥ ਕਲਿਆਨ ਮਹਲਾ ੫‡ ॥ [੧੪]ਗੁਨ ਨਾਦ ਧੁਨਿ ਅਨੰਦ ਬੇਦ ॥ ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥ ੧ ॥ ਰਹਾਉ ॥ ਗਿਆਨ ਧਿਆਨ ਮਾਨ ਦਾਨ [੧੫]ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ[੧੬] ॥ ੧ ॥ ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ [੧੭]ਤਤ ਬੇਤੇ ਜਪੁ ਤਪੁ ਅਖੰਡਲੀ[੧੮] ॥ [੧੯]ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ[੨੦] ॥ ੨ ॥ ੨ ॥ ੫ ॥ ਕਲਿਆਨੁ ਮਹਲਾ ੫§ ॥ [੨੧]ਕਉਨੁ ਬਿਧਿ ਤਾ ਕੀ ਕਹਾ ਕਰਉ ॥ [੨੨]ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ ॥ ੧ ॥ ਰਹਾਉ ॥ ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥ ੧ ॥ [੨੩]ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥ ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ[੨੪] ॥ ੨ ॥ ੩ ॥ ੬ ॥ ਕਲਿਆਨ ਮਹਲਾ ੫¶ ॥ ਪ੍ਰਾਨਪਤਿ ਦਇਆਲ ਪੁਰਖ ਪ੍ਰਭ ਸਖੇ[੨੫] ॥ [੨੬]ਗਰਭ ਜੋਨਿ ਕਲਿ ਕਾਲ ਜਾਲ ਦੁਖ ਬਿਨਾਸਨੁ ਹਰਿ ਰਖੇ ॥ ੧ ॥ ਰਹਾਉ ॥ [੨੭]ਨਾਮ ਧਾਰੀ ਸਰਨਿ ਤੇਰੀ ॥ ਪ੍ਰਭ ਦਇਆਲ ਟੇਕ ਮੇਰੀ ॥ ੧ ॥ ਅਨਾਥ ਦੀਨ ਆਸਵੰਤ ॥ ਨਾਮੁ ਸੁਆਮੀ ਮਨਹਿ ਮੰਤ[੨੮] ॥ ੨ ॥ ਤੁਝ ਬਿਨਾ ਪ੍ਰਭ ਕਿਛੂ ਨ ਜਾਨੂ ॥ ਸਰਬ ਜੁਗ ਮਹਿ ਤੁਮ ਪਛਾਨੂ ॥ ੩ ॥ ਹਰਿ ਮਨਿ ਬਸੇ [੨੯]ਨਿਸਿ ਬਾਸਰੋ ॥ ਗੋਬਿੰਦ ਨਾਨਕ ਆਸਰੋ ॥ ੪ ॥ ੪ ॥ ੭ ॥ ਕਲਿਆਨ ਮਹਲਾ ੫:: ॥ ਮਨਿ ਤਨਿ ਜਾਪੀਐ ਭਗਵਾਨ ॥ ਗੁਰ ਪੂਰੇ ਸੁਪ੍ਰਸੰਨ ਭਏ ਸਦਾ ਸੂਖ ਕਲਿਆਨ[੩੦] ॥ ੧ ॥ ਰਹਾਉ ॥

੧ ਛੁਹ ਕੇ, ਨੇੜੇ ਹੋ ਕੇ ।
੨ ਹਰੀ ਹੀਰੇ ਨਾਲ ਮਨ ਹੀਰੇ ਨੂੰ ਵਿੰਨ੍ਹੀਏ ।
੩ ਮੇਰੇ ਪਿਆਰੇ (ਹਰੀ) ਦੀ ਸੋਭਾ ਸਦਾ ਨਵੀਂ ਤੇ ਮਨ ਨੂੰ ਰੰਗਣ ਵਾਲੀ ਹੈ ।
੪ ਨਵੀਂ ।
੫ ਸ਼ਿਵ ਜੀ । ਇਨ੍ਹਾਂ ਸਾਰਿਆਂ ਭਗਤੀ ਦਾਨ ਤੇ ਹਰੀ-ਜਸ ਮੰਗਿਆ ।
੬ ਸ਼ੇਸ਼ਨਾਗ, ਜੋ ਆਪਣੀਆਂ ਹਜ਼ਾਰ ਜੀਭਾਂ ਨਾਲ ਹਰੀ ਦਾ ਨਾਮ ਲੈਂਦਾ ਸੀ ।
੭ ਲਹਿਰਾਂ ਵਾਲਾ, ਚੋਜੀ ਹਰੀ ਇਹ ਸਭ ਉਸ ਹਰੀ ਨੂੰ ਜਪਦੇ ਹਨ ।
੮ ਹੇ ਹਰੀ ! ਤੇਰੇ ਮੰਨਣ ਨਾਲ ਹੀ ਆਦਰ ਵਾਲੇ ਹੋਈਦਾ ਹੈ ।
੯ ਨੈਣਾਂ ਨਾਲ ਵੇਖਣ, ਜੀਭ ਨਾਲ ਬੈਣ (ਬਚਨ) ਕਹਿਣ ਤੇ ਕੰਨਾਂ ਨਾਲ ਸੁਣਨ ਨਾਲ ਅੰਗ-ਅੰਗ ਤੇ ਸੁਆਸ-ਸੁਆਸ ਸੁਖ ਮਿਲਦਾ ਹੈ ।
੧੦ ਏਥੇ ਓਥੇ, ਭਾਵ ਸਭ ਥਾਈਂ ਅਤੇ ਸਾਰੇ ਪਾਸੇ ਵਿਆਪਕ ਹੈ ।
੧੧ ਪਰਬਤ ਤੇ ਤ੍ਰਿਣ (ਤੀਲ੍ਹੇ) ਵਿੱਚ ਇਕੋ ਜੇਹਾ ਵਰਤ ਰਿਹਾ ਹੈ ।
੧੨ ਜਿਥੇ ਕਿਤੇ ਵੇਖੀਏ ਓਥੇ ਉਹ ਹੀ ਦਿਸਦਾ ਹੈ।
੧੩ ਪਤੀ ।
੧੪ ਹਰੀ ਦੇ ਗੁਣ, ਨਾਦ (ਸ਼ਬਦ) ਦੀ ਧੁਨੀ ਤੇ ਅਨੰਦ ਦੇਣ ਵਾਲਾ ਬੇਦ (ਗਿਆਨ) ਦੀ ਵਿਚਾਰ ਕਰਦੇ ਹਨ ਅਤੇ ਸੁਣਦੇ ਹਨ ਮੁਨੀ ਲੋਕ ਸੰਤਾਂ ਦੀ ਸਭਾ ਵਿੱਚ ।
੧੫ ਮਨ ਤੇ ਜੀਭ ਨਾਲ ਸਵਾਦ ਲਾ-ਲਾ ਕੇ ਨਾਮ ਜਪਦੇ ਹਨ ।
੧੬ ਦੂਰ ਕਰਦੇ ਹਨ ।
੧੭ ਤੱਤ ਦੇ ਜਾਣਨ ਵਾਲੇ ।
੧੮ ਲਗਾਤਾਰ । ਲਗਾਤਾਰ ਜਪ ਤਪ ਕਰ ਰਹੇ ਹਨ ਜੋਗ ਦੀ ਜੁਗਤੀ ਨਾਲ, ਗਿਆਨ ਦੇ ਭੋਜਨ ਨਾਲ, ਸ਼ਬਦ ਦੀ ਸੁਰਤ ਨਾਲ ।
੧੯ ਤਾਣਾ ਪੇਟਾ ਭਾਵ ਪੂਰੇ ਤੌਰ 'ਤੇ ।
੨੦ ਦੰਡ, ਸਜ਼ਾ ।
੨੧ ਉਸ ਦੇ ਮਿਲਾਪ ਦਾ ਕੀ ਤਰੀਕਾ ਹੈ ਤੇ ਮੈਂ ਕੀ ਕਰਾਂ ?
੨੨ ਕਈ ਧਿਆਨ ਧਰਦੇ ਹਨ ਤੇ ਸ਼ਾਸਤ੍ਰਾਂ ਦੇ ਗਿਆਤਾ ਗਿਆਨ ਕਰਦੇ ਹਨ ਪਰ ਸਭ ਫੋਕਾ ਦਿਸ ਰਿਹਾ ਹੈ, ਹੁਣ ਮੈਂ ਇਹ ਅਜਰ (ਨਾ ਜਰੀ ਜਾ ਸਕਣ ਵਾਲੀ) ਅਵਸਥਾ ਨੂੰ ਕਿਵੇਂ ਜਰਾਂ ?
੨੩ ਕੋਈ ਰਾਜ ਤੇ ਕੋਈ ਸੁਰਗ ਦੇਣ ਵਾਲਾ ਬਣਦਾ ਹੈ, ਪਰ ਮੁਕਤੀ ਕ੍ਰੋੜਾਂ ਵਿਚੋਂ ਕਿਸੇ ਵਿਰਲੇ ਕੋਲ ਹੈ ।
੨੪ ਪਕੜਾਂ ।
੨੫ ਹੇ ਸਾਥੀ !
੨੬ ਹੇ ਹਰੀ ! ਤੂੰ ਆਵਾਗੌਣ ਅਤੇ ਕਲਿਜੁਗ ਦੀ ਕਾਲਖ, ਫਾਹੀਆਂ ਤੇ ਦੁੱਖ ਕੱਟਣ ਵਾਲਾ ਰੱਖਿਅਕ ਹੈਂ !
੨੭ ਮੈਂ ਨਾਮ ਜਪਦਾ ਹਾਂ ਤੇ ਤੇਰੀ ਸ਼ਰਨ ਵਿੱਚ ਆਇਆ ਹਾਂ ।
੨੮ ਉਪਦੇਸ਼, ਮੰਤਰ ।
੨੯ ਰਾਤ, ਦਿਨ ।
੩੦ ਅਨੰਦ, ਖ਼ੈਰ, ਖ਼ੈਰੀਅਤ ।

* ਹਰੀ ਦੀ ਸ਼ੋਭਾ ਅਤਿ ਉੱਚੀ ਹੈ, ਜਿਸ ਦਾ ਧਿਆਨ ਵੱਡੇ-ਵੱਡੇ ਦੇਵਤੇ, ਰਿਸ਼ੀ ਮੁਨੀ ਕਰਦੇ ਆਏ ਹਨ।

† ਸਾਧ ਸੰਗ ਰਾਹੀਂ ਭਰਮ ਦੂਰ ਹੋ ਕੇ ਹਰੀ ਹਰ ਥਾਂ ਪਸਰਿਆ ਦਿਸਦਾ ਹੈ ਅਤੇ ਪਤਾ ਲੱਗਦਾ ਹੈ ਕਿ ਇੱਜ਼ਤ ਤੇ ਸੁਖ ਹਰੀ ਜਪਣ ਵਿੱਚ ਹੈ ।

‡ ਰਿਸ਼ੀ ਮੁਨੀ ਹਰੀ ਦੇ ਗੁਣ ਗਾ ਕੇ, ਗਿਆਨ ਧਿਆਨ ਕਰ ਕੇ ਪਾਪ ਤੇ ਦੁੱਖ ਦੂਰ ਕਰਦੇ ਆਏ ਹਨ।

§ ਹਰੀ ਦੇ ਮਿਲਾਪ ਦਾ ਕੀ ਤਰੀਕਾ ਹੈ ? ਕੀ ਕਿਸੇ ਦੇਵੀ ਦੇਵਤੇ ਨੂੰ ਵਿਚੋਲਾ ਬਣਾਈਏ ? ਉਹ ਤਾਂ ਰਾਜ-ਭਾਗ ਜਾਂ ਸੁਰਗਾਂ ਤੱਕ ਹੀ ਪੁਚਾ ਸਕਦੇ ਹਨ । ਮੁਕਤੀ ਦੇਣ ਵਾਲਾ ਕੋਈ ਨਹੀਂ । ਅਸਲ ਤਰੀਕਾ ਸਾਧ-ਸੰਗਤਿ ਰਾਹੀਂ ਨਾਮ ਜਪਣਾ ਹੈ ।

¶ ਹਰੀ ਅੱਗੇ ਸਿੱਧੀ ਬੇਨਤੀ ਕਰਦੇ ਹਨ ਕਿ ਅਸੀਂ ਤਾਂ ਤੁਹਾਡੀ ਸ਼ਰਨ ਲਈ ਹੈ ਅਤੇ ਤੁਹਾਡੇ ਹੀ ਨਾਮ ਦਾ ਆਸਰਾ ਤੱਕਿਆ ਹੈ ।

:: ਸਾਧ ਸੰਗਤਿ ਰਾਹੀਂ ਗੁਣ ਗੋਪਾਲ ਦੇ ਗਾਏ ਤਾਂ ਸਾਰੇ ਮਨੋਰਥ ਪੂਰੇ ਹੋ ਗਏ ।

ਸਰਬ ਕਾਰਜ ਸਿਧਿ ਭਏ ਗਾਇ ਗੁਨ ਗੁਪਾਲ ॥ ਮਿਲਿ ਸਾਧਸੰਗਤਿ ਪ੍ਰਭੂ ਸਿਮਰੇ ਨਾਠਿਆ[੧] ਦੂਖ ਕਾਲ ॥ ੧ ॥ ਕਰਿ ਕਿਰਪਾ ਪ੍ਰਭ ਮੇਰਿਆ ਕਰਉ ਦਿਨੁ ਰੈਨਿ[੨] ਸੇਵ ॥ [੩]ਨਾਨਕ ਦਾਸ ਸਰਣਾਗਤੀ ਹਰਿ ਪੁਰਖ ਪੂਰਨ ਦੇਵ ॥ ੨ ॥ ੫ ॥ ੮ ॥ ਕਲਿਆਨੁ ਮਹਲਾ ੫* ॥ ਪ੍ਰਭੁ ਮੇਰਾ ਅੰਤਰਜਾਮੀ ਜਾਣੁ[੪] ॥ ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ [੫]ਸਚੁ ਸਬਦੁ ਨੀਸਾਣੁ ॥ ੧ ॥ ਰਹਾਉ ॥ ਹਰਿ ਬਿਨੁ ਆਨ[੬] ਨ ਕੋਈ ਸਮਰਥੁ ਤੇਰੀ ਆਸ ਤੇਰਾ ਮਨਿ ਤਾਣੁ ॥ [੭]ਸਰਬ ਘਟਾ ਕੇ ਦਾਤੇ ਸੁਆਮੀ ਦੇਹਿ ਸੁ ਪਹਿਰਣੁ ਖਾਣੁ ॥ ੧ ॥ ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥ ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ[੮] ॥ ੨ ॥ ੬ ॥ ੯ ॥ ਕਲਿਆਨੁ ਮਹਲਾ ੫† ॥ [੯]ਹਰਿ ਚਰਨ ਸਰਨ ਕਲਿਆਨ ਕਰਨ ॥ ਪ੍ਰਭ ਨਾਮੁ [੧੦]ਪਤਿਤ ਪਾਵਨੋ ॥ ੧ ॥ ਰਹਾਉ ॥ ਸਾਧਸੰਗਿ ਜਪਿ ਨਿਸੰਗ ਜਮਕਾਲੁ ਤਿਸੁ ਨ ਖਾਵਨੋ ॥ ੧ ॥ ਮੁਕਤਿ ਜੁਗਤਿ ਅਨਿਕ ਸੂਖ [੧੧]ਹਰਿ ਭਗਤਿ ਲਵੈ ਨ ਲਾਵਨੋ ॥ ਪ੍ਰਭ ਦਰਸ ਲੁਬਧ[੧੨] ਦਾਸ ਨਾਨਕ ਬਹੁੜਿ[੧੩] ਜੋਨਿ ਨ ਧਾਵਨੋ[੧੪] ॥ ੨ ॥ ੭ ॥ ੧੦ ॥

ਕਲਿਆਨ ਮਹਲਾ ੪ ਅਸਟਪਦੀਆ‡ ॥ ੴ ਸਤਿਗੁਰ ਪ੍ਰਸਾਦਿ ॥

ਰਾਮਾ ਰਮ[੧੫] ਰਾਮੋ ਸੁਨਿ ਮਨੁ ਭੀਜੈ[੧੬] ॥ ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ [੧੭]ਗੁਰਮਤਿ ਸਹਜੇ ਪੀਜੈ ॥ ੧ ॥ ਰਹਾਉ ॥ ਕਾਸਟ[੧੮] ਮਹਿ ਜਿਉ ਹੈ ਬੈਸੰਤਰੁ[੧੯] ਮਥਿ [੨੦]ਸੰਜਮਿ ਕਾਢਿ ਕਢੀਜੈ ॥ [੨੧]ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥ ੧ ॥ [੨੨]ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ[੨੩] ਚੁਈਜੈ ॥ ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥ ੨ ॥ ਕਾਇਆ ਨਗਰੁ ਨਗਰੁ ਹੈ ਨੀਕੋ[੨੪] ਵਿਚਿ ਸਉਦਾ ਹਰਿ ਰਸੁ ਕੀਜੈ ॥ ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥ ੩ ॥ ਸਤਿਗੁਰੁ ਅਗਮੁ ਅਗਮੁ ਹੈ ਠਾਕੁਰੁ[੨੫] ਭਰਿ ਸਾਗਰ ਭਗਤਿ ਕਰੀਜੈ ॥ ਕ੍ਰਿਪਾ ਕ੍ਰਿਪਾ ਕਰਿ ਦੀਨ ਹਮ ਸਾਰਿੰਗ[੨੬] ਇਕ ਬੂੰਦ ਨਾਮੁ ਮੁਖਿ ਦੀਜੈ ॥ ੪ ॥ ਲਾਲਨੁ ਲਾਲੁ ਲਾਲੁ ਹੈ ਰੰਗਨੁ[੨੭] ਮਨੁ ਰੰਗਨ ਕਉ ਗੁਰ ਦੀਜੈ ॥ ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ[੨੮] ਗਟਕ[੨੯] ਨਿਤ ਪੀਜੈ ॥ ੫ ॥ ਬਸੁਧਾ[੩੦] ਸਪਤ[੩੧] ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ ॥ ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ ॥ ੬ ॥ ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ [੩੨]ਭੂਖਨ

੧ ਨੱਠ ਗਿਆ ।
੨ ਰਾਤ ।
੩ ਹੇ ਪੂਰਨ ਪੁਰਖ ਹਰੀ ਦੇਵ ! ਦਾਸ ਨਾਨਕ ਤੇਰੀ ਸ਼ਰਨ ਆਇਆ ਹੈ ।
੪ ਜਾਣਨਹਾਰ । ਦੇਖੋ ਪੰਨਾ ੧੨੦੨, ਨੋਟ ੨੬ ।
੫ ਸੱਚਾ ਸ਼ਬਦ ਪ੍ਰਤੱਖ ਹੋ ਜਾਵੇ ।
੬ ਹੋਰ ।
੭ ਸਾਰਿਆਂ ਨੂੰ ਦਾਨ ਦੇਣ ਵਾਲੇ ਮਾਲਕ ਜੀ !
੮ ਅਨੰਦ ਸਰੂਪ ।
੯ ਹਰੀ ਦੇ ਚਰਨਾਂ ਦੀ ਓਟ ਮੋਖ ਦੇਣ ਵਾਲੀ ਹੈ।
੧੦ ਪਤਤਾਂ ਨੂੰ ਪਵਿੱਤਰ ਕਰਨ ਵਾਲਾ ਹੈ ।
੧੧ ਹਰੀ ਦੀ ਭਗਤੀ ਦੇ ਨੇੜੇ ਨਹੀਂ ਲੱਗ ਸਕਦੇ, ਭਾਵ ਬਰਾਬਰ ਨਹੀਂ ਹੋ ਸਕਦੇ ।
੧੨ ਲੁਭਾਇਮਾਨ ।
੧੩ ਮੁੜ ਕੇ, ਫੇਰ ।
੧੪ ਭਟਕਦਾ ।
੧੫ ਵਿਆਪਕ ।
੧੬ ਪ੍ਰਸੰਨ ਹੁੰਦਾ ਹੈ ।
੧੭ ਗੁਰੂ ਦੇ ਉਪਦੇਸ਼ ਦੁਆਰਾ ਸੁਤੇ-ਸਿਧ ਹੀ ਪੀ ਲਈਦਾ ਹੈ ।
੧੮ ਲੱਕੜ । ੧੯ ਅੱਗ ।
੨੦ ਤਰੀਕੇ ਨਾਲ ਨਿਰਣਾ ਕਰ ਕੇ ਕੱਢ ਸਕੀਦਾ ਹੈ।
੨੧ (ਜਿਵੇਂ ਲੱਕੜ ਵਿੱਚੋਂ ਜਾਚ ਨਾਲ ਅੱਗ ਕੱਢ ਸਕੀਦੀ ਹੈ) ਤਿਵੇਂ ਹਰੀ ਦੀ ਜੋਤਿ ਜੋ ਸਭ ਥਾਂ ਗੁੱਝੀ ਹੋ ਕੇ ਪਸਰ ਰਹੀ ਹੈ, ਉਸ ਦਾ ਤਤੁ ਗੁਰਮਤਿ ਦੁਆਰਾ ਪ੍ਰਗਟ ਕਰ ਲਈਦਾ ਹੈ ।
੨੨ ਸ਼ਰੀਰ ਨੂੰ ਨੌਂ ਗੋਲਕਾਂ (ਨੱਕ, ਕੰਨ, ਮੂੰਹ ਆਦਿ) ਹਨ ਤੇ ਨੌਵੇਂ ਹੀ ਫਿਕੀਆਂ ਹਨ ।
੨੩ ਦਸਮ ਦੁਆਰ ਵਿੱਚ । ਦੇਖੋ ਪੰਨਾ ੧੧੨੩, ਨੋਟ ੩੧ ।
੨੪ ਸੁੰਦਰ ।
੨੫ ਹਰੀ ਜੋ ਭਰਪੂਰ ਸਾਗਰ ਹੈ ।
੨੬ ਪਪੀਹਾ । ਦੇਖੋ ਪੰਨਾ ੧੧੧੭, ਨੋਟ ੧੭ ।
੨੭ ਮਟਕੀ, ਜਿਸ ਵਿੱਚ ਕੱਪੜੇ ਰੰਗੀ ਦੇ ਹਨ ।
੨੮ ਸਵਾਦ ਨਾਲ ।
੨੯ ਗਟ-ਗਟ ਕਰ ਕੇ ।
੩੦ ਧਰਤੀ ।
੩੧ ਸਤ । ਧਰਤੀ ਦੇ ਸਤ ਦੀਪ ਤੇ ਸਤ ਸਾਗਰ ਹਨ; ਇਨ੍ਹਾਂ ਤੋਂ ਸੋਨਾ ਕੱਢ ਕੇ ਜੇ ਦੇਈਏ ਤਾਂ ਹਰੀ ਜਨ ਇਨ੍ਹਾਂ ਨੂੰ ਨਹੀਂ ਲੋਚਦੇ, ਉਹ ਕੇਵਲ ਹਰੀ-ਰਸ ਮੰਗਦੇ ਹਨ ।
੩੨ ਭੁੱਖ-ਭੁੱਖ ਕਰਦੇ ਰਹਿੰਦੇ ਹਨ ।

* ਹਰੀ ਸਭ ਕੁਝ ਦੇਣ ਵਾਲਾ ਹੈ । ਏਸ ਲਈ ਸੱਚੇ ਸ਼ਬਦ ਦਾ ਦਾਨ ਮੰਗੋ ਜਿਸ ਤੋਂ ਨਾਮ ਮਿਲੇ ।

† ਮੁਕਤੀ ਜਾਂ ਕੋਈ ਹੋਰ ਉੱਚੀ ਅਵਸਥਾ ਦੇ ਸੁਖ ਹਰੀ ਦੀ ਭਗਤੀ ਦੇ ਤੁਲ ਨਹੀਂ ਹੋ ਸਕਦੇ ।

‡ (ਕਈਆਂ ਬੀੜਾਂ ਵਿੱਚ ਇਹਨਾਂ ਅਸ਼ਟਪਦੀਆਂ ਨਾਲ 'ਘਰੁ ੧' ਦਿੱਤਾ ਹੁੰਦਾ ਹੈ ।) ਹਰੀ-ਨਾਮ ਗੁਰੂ ਦੁਆਰਾ ਮਿਲਦਾ ਹੈ । ਉਹ ਕਿਵੇਂ ? ਜਿਵੇਂ ਲੱਕੜ ਵਿੱਚ ਅੱਗ ਛੁਪੀ ਰਹਿੰਦੀ ਹੈ, ਪਰ ਜਾਚ ਹੋਵੇ ਤਾਂ ਮਥ ਕੇ ਕੱਢ ਲਈਦੀ ਹੈ, ਤਿਵੇਂ ਹਰੀ ਦੀ ਜੋਤਿ ਜੋ ਹਰ ਥਾਂ ਵਿਆਪਕ ਹੈ, ਗੁਰ ਉਪਦੇਸ਼ ਰਾਹੀਂ ਪ੍ਰਗਟ ਕਰ ਲਈਦੀ ਹੈ (੧) । ਮਨੁੱਖ ਦੇ ਸਰੀਰ ਵਿੱਚ ਕਈ ਇੰਦਰੇ ਹਨ, ਜਿਨ੍ਹਾਂ ਰਾਹੀਂ ਰਸ ਮਾਣੀਦੇ ਹਨ, ਪਰ ਸਭ ਤੋਂ ਉੱਤਮ ਰਸ ਨਾਮ ਦਾ ਹੈ ਜੋ ਦਸਮ ਦੁਆਰ ਰਾਹੀਂ ਮਾਣਿਆ ਜਾਂਦਾ ਹੈ। ਇਸ ਦੀ ਸੋਝੀ ਗੁਰ-ਸ਼ਬਦ ਰਾਹੀਂ ਹੁੰਦੀ ਹੈ (੨) । ਸਰੀਰ ਵਿੱਚ ਕਈ ਚੰਗੇ-ਚੰਗੇ ਵੱਖਰ ਹਨ ਪਰ ਅਮੋਲਕ ਸੌਦਾ ਸੇਵਾ-ਭਾਵ ਹੈ ਜੋ ਗੁਰੂ ਤੋਂ ਮਿਲਦਾ ਹੈ (੩) । ਮਿਹਰ ਹੋਵੇ ਤਾਂ ਗੁਰੂ ਤੋਂ ਨਾਮ ਮਿਲਦਾ ਹੈ (੪) ਅਤੇ ਹਰੀ ਦੀ ਲਗਨ ਮਿਲਦੀ ਹੈ (੫) । ਜੋ ਹਰੀ ਦੇ ਭਗਤਾਂ ਲਈ ਸਾਰੀ ਦੁਨੀਆਂਦੇ ਕੀਮਤੀ ਰਤਨਾਂ ਤੋਂ ਵਧ ਕੀਮਤੀ ਹੈ (੬) । ਮਾਦਾ-ਪ੍ਰਸਤ ਲੋਕ ਤਾਂ ਮਾਇਕ ਪਦਾਰਥਾਂ ਲਈ ਤਰਲੇ ਕੱਢਦੇ ਰਹਿੰਦੇ ਹਨ (੭)। ਪਰ ਹਰੀ ਦੇ ਭਗਤਾਂ ਲਈ ਹਰੀ ਨਾਮ ਜਿਹੀ ਕੋਈ ਚੀਜ਼ ਨਹੀਂ (੮)।

ਭੂਖ ਕਰੀਜੈ ॥ ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ [੧]ਲਖ ਕੋਸਨ ਕਉ ਬਿਧਿ ਦੀਜੈ ॥ ੭ ॥ ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ ॥ ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥ ੮ ॥ ੧ ॥ ਕਲਿਆਨ ਮਹਲਾ ੪* ॥ [੨]ਰਾਮ ਗੁਰੁ ਪਾਰਸੁ ਪਰਸੁ ਕਰੀਜੈ ॥ ਹਮ ਨਿਰਗੁਣੀ ਮਨੂਰ[੩] ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ ॥ ੧ ॥ ਰਹਾਉ ॥ [੪]ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ ॥ ਹਰਿ ਦਰਸਨ ਕੇ ਜਨ [੫]ਮੁਕਤਿ ਨ ਮਾਂਗਹਿ ਮਿਲਿ ਦਰਸਨ [੬]ਤ੍ਰਿਪਤਿ ਮਨੁ ਧੀਜੈ ॥ ੧ ॥ ਮਾਇਆ ਮੋਹੁ ਸਬਲੁ[੭] ਹੈ ਭਾਰੀ [੮]ਮੋਹੁ ਕਾਲਖ ਦਾਗ ਲਗੀਜੈ ॥ ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ[੯] ਨ ਭੀਜੈ ॥ ੨ ॥ ਚੰਦਨ ਵਾਸੁ ਭੁਇਅੰਗਮ[੧੦] ਵੇੜੀ ਕਿਵ ਮਿਲੀਐ ਚੰਦਨੁ ਲੀਜੈ ॥ ਕਾਢਿ ਖੜਗੁ ਗੁਰ ਗਿਆਨੁ ਕਰਾਰਾ[੧੧] ਬਿਖੁ [੧੨]ਛੇਦਿ ਛੇਦਿ ਰਸੁ ਪੀਜੈ ॥ ੩ ॥ [੧੩]ਆਨਿ ਆਨਿ ਸਮਧਾ[੧੪] ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ ॥ ਮਹਾ [੧੫]ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ[੧੬] ਦੀਜੈ ॥ ੪ ॥ ਸਾਧੂ ਸਾਧ ਸਾਧ ਜਨ ਨੀਕੇ[੧੭] ਜਿਨ ਅੰਤਰਿ ਨਾਮੁ ਧਰੀਜੈ ॥ [੧੮]ਪਰਸਨਿ ਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ ॥ ੫ ॥ ਸਾਕਤ ਸੂਤੁ ਬਹੁ ਗੁਰਝੀ[੧੯] ਭਰਿਆ ਕਿਉ ਕਰਿ [੨੦]ਤਾਨੁ ਤਨੀਜੈ ॥ ਤੰਤੁ[੨੧] ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ ॥ ੬ ॥ ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ[੨੨] ॥ ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ ॥ ੭ ॥ ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ ਹਮ ਕਿਉ ਕਰਿ ਮਿਲਹ ਮਿਲੀਜੈ ॥ ਨਾਨਕ ਮੇਲਿ ਮਿਲਾਏ ਗੁਰੁ ਪੂਰਾ ਜਨ ਕਉ ਪੂਰਨੁ[੨੩] ਦੀਜੈ ॥ ੮ ॥ ੨ ॥ ਕਲਿਆਨੁ ਮਹਲਾ ੪† ॥ ਰਾਮਾ ਰਮ[੨੪] ਰਾਮੋ ਰਾਮੁ ਰਵੀਜੈ[੨੨] ॥ ਸਾਧੂ ਸਾਧ ਸਾਧ ਜਨ ਨੀਕੇ [੧੭]ਮਿਲਿ ਸਾਧੂ [੨੫]ਹਰਿ ਰੰਗੁ ਕੀਜੈ ॥ ੧ ॥ ਰਹਾਉ ॥ ਜੀਅ ਜੰਤ ਸਭੁ ਜਗੁ ਹੈ ਜੇਤਾ ਮਨੁ [੨੬]ਡੋਲਤ ਡੋਲ ਕਰੀਜੈ ॥ ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ [੨੭]ਜਗੁ ਥੰਮਨ ਕਉ ਥੰਮੁ ਦੀਜੈ ॥ ੧ ॥ [੨੮]ਬਸੁਧਾ ਤਲੈ ਤਲੈ ਸਭ ਊਪਰਿ ਮਿਲਿ ਸਾਧੂ ਚਰਨ ਰੁਲੀਜੈ ॥ ਅਤਿ ਊਤਮ ਅਤਿ ਊਤਮ ਹੋਵਹੁ ਸਭ ਸਿਸਟਿ ਚਰਨ ਤਲ ਦੀਜੈ ॥ ੨ ॥ ਗੁਰਮੁਖਿ ਜੋਤਿ ਭਲੀ ਸਿਵ[੨੯] ਨੀਕੀ[੧੭] [੩੦]ਆਨਿ ਪਾਨੀ ਸਕਤਿ ਭਰੀਜੈ ॥ ਮੈਨ[੩੧] ਦੰਤ ਨਿਕਸੇ ਗੁਰ ਬਚਨੀ ਸਾਰੁ[੩੨] ਚਬਿ ਚਬਿ ਹਰਿ ਰਸੁ ਪੀਜੈ ॥ ੩ ॥ ਰਾਮ ਨਾਮ ਅਨੁਗ੍ਰਹੁ[੩੩] ਬਹੁ ਕੀਆ ਗੁਰ ਸਾਧੂ ਪੁਰਖ ਮਿਲੀਜੈ ॥ ਗੁਨ ਰਾਮ ਨਾਮ ਬਿਸਥੀਰਨ[੩੪] ਕੀਏ ਹਰਿ ਸਗਲ ਭਵਨ

੧ ਲੱਖਾਂ ਕੋਹਾਂ ਦੀ ਵਿੱਥ (ਫ਼ਾਸਲੇ) 'ਤੇ ਚਲੇ ਜਾਂਦੇ ਹਨ ਮਾਇਆ ਲਈ ।
੨ ਹੇ ਰਾਮ ! ਮੇਰੀ ਗੁਰੂ ਪਾਰਸ ਨਾਲ ਛੋਹ ਕਰੋ, ਭਾਵ ਮੇਲ ਕਰਾ ਦਿਓ ।
੩ ਨਿਕੰਮਾ ਲੋਹਾ ।
੪ ਸਾਰੇ ਲੋਕ ਸੁਰਗ ਮੁਕਤੀ ਤੇ ਬੈਕੁੰਠ ਮੰਗਦੇ ਹਨ ਤੇ ਨਿਤ ਇਨ੍ਹਾਂ ਦੀ ਹੀ ਆਸ ਕਰਦੇ ਰਹਿੰਦੇ ਹਨ।
੫ ਮੁਕਤੀ ਵੀ ਨਹੀਂ ਮੰਗਦੇ, ਉਨ੍ਹਾਂ ਲਈ ਦਰਸ਼ਨ ਹੀ ਮੁਕਤੀ ਹੈ । ਦੇਖੋ ਪੰਨਾ ੩੬੦, ਨੋਟ ੨੧।
੬ ਮਨ ਰੱਜ ਕੇ ਟਿਕਦਾ ਹੈ ।
੭ ਬਲਵਾਨ ।
੮ ਇਹ ਮੋਹ ਪਾਪ ਰੂਪ ਕਾਲਖ ਦੇ ਦਾਗ ਲਾ ਦਿੰਦਾ ਹੈ ।
੯ ਖੰਭ, ਪਰ ।
੧੦ ਸੱਪ । ਕਾਮਾਦਿ ਸੱਪਾਂ ਨੇ ਨਾਮ-ਚੰਦਨ ਦਵਾਲੇ ਘੇਰਾ ਘੱਤਿਆ ਹੈ (ਇਹ ਪੁਰਾਣਾ ਖਿਆਲ ਹੈ ਕਿ ਚੰਦਨ ਦੇ ਰੁੱਖ ਦਵਾਲੇ ਸੱਪ ਲਿਪਟੇ ਰਹਿੰਦੇ ਹਨ)।
੧੧ ਤਕੜਾ ।
੧੨ ਵੱਢ-ਵੱਢ ਕੇ ।
੧੩ ਦੇਖੋ ਪੰਨਾ ੭੦੬, ਨੋਟ ੨੯ ।
੧੪ ਲੱਕੜਾਂ ।
੧੫ ਵੱਡੇ ਪਾਪ ।
੧੬ ਚਵਾਤੀ ।
੧੭ ਉੱਤਮ, ਚੰਗੇ ।
੧੮ ਪ੍ਰਸੰਨਤਾ ਨਾਲ ਸਾਧੂ ਜਨ ਭੇਟੇ, ਮਾਨੋ ਕਿ ਹਰੀ ਦੇ ਦਰਸ਼ਨ ਹੋ ਗਏ । ਦੇਖੋ ਪੰਨਾ ੯੮੧, ਨੋਟ ੩੨ । ਜਨੁ ਜਾਣੋ ਕਿ, ਮਾਨੋ ਕਿ ।
੧੯ ਗੁੰਝਲਾਂ ।
੨੦ ਤਾਣਾ ਤਣਿਆ ਜਾਏ, ਜਨਮ ਸਫਲ ਹੋਵੇ ।
੨੧ ਤੰਦਾਂ ।
੨੨ ਸਿਮਰੀਏ ।
੨੩ ਪੂਰਨਤਾ ਦੀ ਪਦਵੀ ।
੨੪ ਵਿਆਪਕ ।
੨੫ ਹਰੀ ਨਾਲ ਮੌਜਾਂ ਕਰੀਏ ।
੨੬ ਡੋਲ ਰਿਹਾ ਹੈ ।
੨੭ ਜੋ ਜਗਤ ਨੂੰ ਠਹਿਰਨ ਲਈ ਆਸਰਾ ਦੇਵੇ ।
੨੮ ਧਰਤੀ ਸਭ ਦੇ ਥੱਲੇ ਹੁੰਦੀ ਹੈ ਤੇ ਇਸ ਤਰ੍ਹਾਂ ਚਰਨ-ਧੂੜੀ ਹੋ ਕੇ ਉੱਚੀ ਹੁੰਦੀ ਹੈ । ਇਸ ਲਈ ਅਸੀ ਵੀ ਸਾਧੂਆਂ ਦੀ ਧੂੜੀ ਵਿੱਚ ਰੁਲੀਏ। 'ਸਭਹੂ ਤਲੈ ਤਲੈ ਸਭ ਊਪਰਿ' (ਬਿਲਾਵਲੁ ਮ: ੫, ਪੰਨਾ ੮੨੦) ।
੨੯ ਰੱਬੀ । ਗੁਰਮੁਖਾਂ ਦੀ ਬਿਰਤੀ ਚੰਗੀ ਹੁੰਦੀ ਹੈ ਰੱਬ ਦੀ ਚੰਗੀ ਜੋਤਿ ਉਨ੍ਹਾਂ ਵਿੱਚ ਹੋਣ ਕਰ ਕੇ ।
੩੦ ਮਾਇਆ ਆ ਕੇ ਉਨ੍ਹਾਂ ਦਾ ਪਾਣੀ ਭਰਦੀ ਹੈ ਭਾਵ ਸੇਵਕ ਹੈ ।
੩੧ ਮੋਮ । ਮੋਮ ਦੇ ਦੰਦ ਨਿਕਲੇ ਹਨ, ਭਾਵ ਵੈਰਾਗ ਤੇ ਗਿਆਨ ਪ੍ਰਗਟ ਹਨ ।
੩੨ ਲੋਹਾ । ਹੁਣ (ਇਨ੍ਹਾਂ ਮੋਮ ਦਿਆਂ ਦੰਦਾਂ ਨਾਲ) ਲੋਹਾ ਵੀ ਚੱਬ ਜਾਂਦੇ ਹਨ, ਭਾਵ ਵਿਕਾਰਾਂ ਨੂੰ ਖਾ ਜਾਂਦੇ ਹਨ ।
੩੩ ਕ੍ਰਿਪਾ ।
੩੪ ਵੰਡੇ ਹਨ, ਖਿਲਾਰੇ ਹਨ ।

* ਹਰੀ ਕੋਲੋਂ ਮੰਗਦੇ ਹਨ ਕਿ ਆਪਣੀ ਛੋਹ ਨਾਲ ਤਾਰਨ ਵਾਲੇ ਗੁਰੂ ਦਾ ਮੇਲ ਕਰਾਓ । ਆਮ ਲੋਕ ਤਾਂ ਸੁਰਗ ਜਾਂ ਬੈਕੁੰਠ ਦੀ ਲਾਲਸਾ ਕਰਦੇ ਹਨ, ਪਰ ਭਗਤ ਲੋਕ ਹਰੀ ਦੇ ਦਰਸ਼ਨ ਚਾਹੁੰਦੇ ਹਨ (੧)। ਉਹ ਮਾਇਆ ਮੋਹ ਵਿੱਚ ਨਹੀਂ ਪੈਂਦੇ (੨) । ਗੁਰੂ ਉਨ੍ਹਾਂ ਦਾ ਮੋਹ ਕੱਟ ਕੇ ਹਰੀ ਰਸ ਵਿੱਚ ਰੁਚੀ ਲਾਉਂਦਾ ਹੈ (੩) ਅਤੇ ਇਸ ਰਸ ਨਾਲ ਜਨਮ ਜਨਮਾਂਤਰਾਂ ਦੇ ਪਾਪ ਧੋ ਦਿੰਦਾ ਹੈ (੪) । ਐਸੇ ਗੁਰੂ ਦੇ ਦਰਸ਼ਨ ਵਿੱਚ ਮਾਨੋ ਹਰੀ ਦੇ ਦਰਸ਼ਨ ਮਿਲਦੇ ਹਨ (੫) । ਐਸੇ ਗੁਰੂ ਨੂੰ ਛੱਡ ਕੇ ਸਾਕਤ ਦਾ ਸੰਗ ਕਰਨਾ ਜਨਮ ਵਿਗਾੜਨਾ ਹੈ (੬) । ਗੁਰੂ ਦੀ ਸੰਗਤ ਵਿੱਚੋਂ ਨਾਮ-ਸਿਮਰਨ ਦੀ ਦਾਤ ਮਿਲਦੀ ਹੈ ਅਤੇ ਅੰਦਰਲੇ ਗੁੱਝੇ ਅਮੋਲਕ ਗੁਣ ਪ੍ਰਫੁੱਲਤ ਹੁੰਦੇ ਹਨ (੭) । ਇਉਂ ਮਨੁੱਖ ਨੂੰ ਗੁਰੂ ਦੇ ਰਾਹੀਂ ਪੂਰਨਤਾ ਮਿਲਦੀ ਤੇ ਹਰੀ ਨਾਲ ਮੇਲ ਹੁੰਦਾ ਹੈ (੮) ।

† ਗੁਰੂ ਨੂੰ ਮਿਲ ਕੇ ਹਰੀ ਦੇ ਮੇਲ ਦੀਆਂ ਮੌਜਾਂ ਮਿਲਦੀਆਂ ਹਨ । ਉਹ ਕਿਵੇਂ ? ਜਗਤ ਦਾ ਮਨ ਡੋਲਦਾ ਰਹਿੰਦਾ ਹੈ । ਇਸ ਨੂੰ ਗੁਰੂ ਹੀ ਅਸਥਿਤੀ ਦਿੰਦਾ ਹੈ (੧) । ਗੁਰੂ ਦੇ ਰਾਹੀਂ ਨਿਮਰਤਾ ਮਿਲਦੀ ਹੈ, ਜੋ ਮਨੁੱਖ ਨੂੰ ਉੱਚਾ ਕਰਦੀ ਹੈ (੨) । ਗੁਰੂ ਦੀ ਸਿਖਾਈ ਹੋਈ ਨੇਕ-ਨੀਯਤੀ ਨਾਲ ਆਇਆ ਉੱਤੇ ਕਾਬੂ ਪਾਈਦਾ ਹੈ ਅਤੇ ਮੰਦੇ ਭਾਵਾਂ ਨੂੰ ਦਬਾ ਕੇ ਹਰੀ ਰਸ ਵਿੱਚ ਰੁਚੀ ਰਖੀਦੀ ਹੈ (੩) । ਗੁਰੂ ਦੇ ਮੇਲ ਨਾਲ ਹਰੀ-ਗੁਣਾਂ ਦਾ ਪ੍ਰਚਾਰ ਕਰੀਦਾ ਹੈ (੪) ਅਤੇ ਪ੍ਰੇਮ ਦੀ ਤਾਂਘ ਪੈਦਾ ਹੁੰਦੀ ਹੈ (੫) । ਤ੍ਰਿਸ਼ਨਾ ਵਾਲੇ ਅਭਾਗੇ ਇਸ ਰਸ ਤੋਂ ਵਾਂਝੇ ਰਹਿੰਦੇ ਹਨ (੬) । ਬੜੇ-ਬੜੇ ਕਰੜੇ ਤਪ ਹਰੀ-ਨਾਮ ਨੂੰ ਨਹੀਂ ਪੁਜਦੇ (੭) । ਇਸ ਲਈ ਹਰੀ ਅੱਗੇ ਨਾਮ-ਰਸ ਲਈ ਅਰਦਾਸ ਕਰਦੇ ਹਨ (੮)।

ਜਸੁ ਦੀਜੈ ॥ ੪ ॥ ਸਾਧੂ ਸਾਧ ਸਾਧ ਮਨਿ ਪ੍ਰੀਤਮ ਬਿਨੁ ਦੇਖੇ ਰਹਿ ਨ ਸਕੀਜੈ ॥ ਜਿਉ[੧] ਜਲ ਮੀਨ ਜਲੰ ਜਲ[੨] ਪ੍ਰੀਤਿ ਹੈ ਖਿਨੁ ਜਲ ਬਿਨੁ ਫੂਟਿ ਮਰੀਜੈ ॥ ੫ ॥ ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ ॥ ਤਿਨਾ ਤਿਸਨਾ ਜਲਤ ਜਲਤ ਨਹੀ ਬੂਝਹਿ ਡੰਡੁ ਧਰਮ ਰਾਇ ਕਾ ਦੀਜੈ ॥ ੬ ॥ ਸਭਿ ਤੀਰਥ ਬਰਤ ਜਗ੍ ਪੁੰਨ ਕੀਏ [੩]ਹਿਵੈ ਗਾਲਿ ਗਾਲਿ ਤਨੁ ਛੀਜੈ ॥ ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ ॥ ੭ ॥ ਤਵ[੪] ਗੁਨ ਬ੍ਰਹਮ ਬ੍ਰਹਮ ਤੂ ਜਾਨਹਿ ਜਨ ਨਾਨਕ ਸਰਨਿ ਪਰੀਜੈ ॥ ਤੂ ਜਲ ਨਿਧਿ[੫] ਮੀਨ ਹਮ ਤੇਰੇ ਕਰਿ ਕਿਰਪਾ [੬]ਸੰਗਿ ਰਖੀਜੈ ॥ ੮ ॥ ੩ ॥

ਕਲਿਆਨ ਮਹਲਾ ੪* ॥ [੭]ਰਾਮਾ ਰਮ ਰਾਮੋ ਪੂਜ ਕਰੀਜੈ ॥ ਮਨੁ ਤਨੁ ਅਰਪਿ ਧਰਉ ਸਭੁ ਆਗੈ [੮]ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥ ੧ ॥ ਰਹਾਉ ॥ [੯]ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥ [੧੦]ਆਤਮ ਦੇਉ ਦੇਉ ਹੈ ਆਤਮੁ [੧੧]ਰਸਿ ਲਾਗੈ ਪੂਜ ਕਰੀਜੈ ॥ ੧ ॥ [੧੨]ਬਿਬੇਕ ਬੁਧਿ ਸਭ ਜਗ ਮਹਿ ਨਿਰਮਲ [੧੩]ਬਿਚਰਿ ਬਿਚਰਿ ਰਸੁ ਪੀਜੈ ॥ ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥ ੨ ॥ ਨਿਰਮੋਲਕੁ ਅਤਿ ਹੀਰੋ ਨੀਕੋ[੧੪] [੧੫]ਹੀਰੈ ਹੀਰੁ ਬਿਧੀਜੈ ॥ ਮਨੁ [੧੬]ਮੋਤੀਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ ॥ ੩ ॥ ਸੰਗਤਿ ਸੰਤ ਸੰਗਿ ਲਗਿ ਊਚੇ ਜਿਉ [੧੭]ਪੀਪ ਪਲਾਸ ਖਾਇ ਲੀਜੈ ॥ ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ[੧੮] ਬਸੀਜੈ ॥ ੪ ॥ ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ [੧੯]ਸਾਖਾ ਹਰੀ ਜੜੀਜੈ ॥ [੨੦]ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ[੨੧] ਬਾਸੁ ਜਗਿ ਦੀਜੈ ॥ ੫ ॥ ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥ ਆਤਮਰਾਮੁ[੨੨] [੨੩]ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥ ੬ ॥ ਨਾਮ ਬਿਨਾ ਨਕਟੇ[੨੪] ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥ ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ[੨੫] ॥ ੭ ॥ [੨੬]ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ[੨੭] ਬੇਗਲ[੨੮] ਸਰਨਿ ਪਰੀਜੈ ॥ ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ ਮੈ ਸਾਧੂ ਚਰਨ ਪਖੀਜੈ[੨੯] ॥ ੮ ॥ ੪ ॥

ਕਲਿਆਨ ਮਹਲਾ ੪† ॥ ਰਾਮਾ ਮੈ ਸਾਧੂ ਚਰਨ ਧੁਵੀਜੈ ॥ [੩੦]ਕਿਲਬਿਖ ਦਹਨ ਹੋਹਿ ਖਿਨ ਅੰਤਰਿ ਮੇਰੇ ਠਾਕੁਰ ਕਿਰਪਾ ਕੀਜੈ ॥ ੧ ॥ ਰਹਾਉ ॥ ਮੰਗਤ ਜਨ ਦੀਨ ਖਰੇ[੩੧] ਦਰਿ ਠਾਢੇ[੩੨] ਅਤਿ [੩੩]ਤਰਸਨ ਕਉ ਦਾਨੁ ਦੀਜੈ ॥ [੩੪]ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥ ੧ ॥ ਕਾਮ ਕਰੋਧੁ [੩੫]ਨਗਰ ਮਹਿ ਸਬਲਾ ਨਿਤ ਉਠਿ

੧ ਜਲ ਦੀ ਮੱਛੀ ਨੂੰ ।
੨ ਕੇਵਲ ਜਲ ਹੀ ਜਲ ਦੀ ਪ੍ਰੀਤੀ ਹੁੰਦੀ ਹੈ ।
੩ ਬਰਫ ਵਿੱਚ ਗਾਲ-ਗਾਲ ਕੇ ਸਰੀਰ ਨੂੰ ਤਬਾਹ ਕੀਤਾ ।
੪ ਤੇਰੇ ।
੫ ਜਲ ਦਾ ਖ਼ਜ਼ਾਨਾ ਸਮੁੰਦਰ ।
੬ ਆਪਣੇ ਨਾਲ ਰੱਖੋ ।
੭ ਵਿਆਪਕ ਰਾਮ ਦੀ ।
੮ ਗੁਰਮਤਿ ਦੁਆਰਾ ਨਾਮ ਦਾ ਰਸ ਤੇ ਗਿਆਨ ਪੱਕੀ ਤਰ੍ਹਾਂ ਸਮਝਾਓ ।
੯ ਹਰੀ ਦਾ ਨਾਮ ਤਰੋਵਰ (ਰੁਖ) ਹੈ ਤੇ ਗੁਣ ਸਾਖਾਂ ਹਨ ।
੧੦ ਆਤਮਾ ਹੀ ਪੂਜਣ ਯੋਗ ਦੇਵ ਹੈ ।
੧੧ ਪ੍ਰੇਮ ਵਿੱਚ ਲੱਗ ਕੇ ।
੧੨ ਵਿਚਾਰ ਵਾਲੀ ਬੁੱਧੀ ।
੧੩ ਵਿਚਾਰ-ਵਿਚਾਰ ਕੇ ।
੧੪ ਉੱਤਮ, ਚੰਗਾ ।
੧੫ ਹਰੀ-ਹੀਰੇ ਨਾਲ ਮਨ-ਹੀਰੇ ਨੂੰ ਵਿੰਨ੍ਹੀਦਾ ਹੈ ।
੧੬ ਮੋਤੀ ਵਿੱਚ ਸੱਲ ਕਰਨ ਵਾਲਾ, ਜੌਹਰੀ । ਮਨ ਗੁਰੂ-ਸ਼ਬਦ ਦੁਆਰਾ ਜੌਹਰੀ ਬਣ ਜਾਂਦਾ ਹੈ । ਜਿਸ ਰਾਹੀਂ ਨਾਮ-ਹੀਰਾ ਪਰਖ ਲਈਦਾ ਹੈ ।
੧੭ ਜਿਵੇਂ ਪਿੱਪਲ ਪਲਾਸ (ਛਿਛਰੇ) ਨੂੰ ਖਾ ਕੇ ਆਪਣੇ ਵਿੱਚ ਅਭੇਦ ਕਰ ਲੈਂਦਾ ਹੈ ।
੧੮ ਵਾਸ਼ਨਾ । ਖੁਸ਼ਬੋ । ਜਿਸ ਵਿੱਚ ਰਾਮ ਨਾਮ ਦੀ ਵਾਸ਼ਨਾ ਵਸ ਜਾਂਦੀ ਹੈ ।
੧੯ ਨਿਰਮਲ ਕਰਮ ਰੂਪ ਹਰੀਆਂ ਸ਼ਾਖਾਂ ।
੨੦ ਗੁਰੂ ਨੇ ਸਮਝਾਇਆ ਹੈ ਕਿ ਧਰਮ ਉਸ ਬ੍ਰਿਛ ਦਾ ਫੁੱਲ ਹੈ ਅਤੇ ਗਿਆਨ ਉਸ ਦਾ ਫਲ ਹੈ।
੨੧ ਮਹਕਾਰ, ਖੁਸ਼ਬੋ ।
੨੨ ਹਰੀ ।
੨੩ ਸਭ ਵਿੱਚ ਹਰੀ ਨੂੰ ਵੇਖ ਕੇ ਸਭ ਦੇ ਚਰਨਾਂ ਤਲੇ ਆਪਣਾ ਸਿਰ ਦੇਈਏ ।
੨੪ ਕੱਟੇ ਹੋਏ ਨੱਕ ਵਾਲੇ । ਨੱਕ ਕੱਟੇ ਹੋਣਾ ਬੇ-ਇੱਜ਼ਤੀ ਦਾ ਚਿੰਨ੍ਹ ਹੈ ।
੨੫ ਜੀਂਵਦੇ ਹਨ ।
੨੬ ਜਿਤਨਾ ਚਿਰ ।
੨੭ ਤੁਰਤ ।
੨੮ ਛੇਤੀ ।
੨੯ ਧੋਵਾਂ ।
੩੦ ਪਾਪ ਸੜ ਜਾਂਦੇ ਹਨ ।
੩੧ ਖੜੇ ।
੩੨ ਖਲੋਤੇ ।
੩੩ ਤਰਸਦਿਆਂ ਨੂੰ ।
੩੪ 'ਬਚਾ ਲੌ-ਬਚਾ ਲੌ' ਕਹਿੰਦੇ ਹੋਏ ।
੩੫ ਸਰੀਰ-ਨਗਰ ਵਿੱਚ ਬਲਵਾਨ ਹਨ ।

* ਹਰੀ-ਨਾਮ ਨੂੰ ਬ੍ਰਿਛ, ਗੁਣ ਗਾਣ ਨੂੰ ਸ਼ਾਖਾਂ, ਧਰਮ ਨੂੰ ਫੁੱਲ ਅਤੇ ਗਿਆਨ ਨੂੰ ਫਲ ਕਰ ਕੇ ਦੱਸਿਆ ਹੈ ਅਤੇ ਮਨੁੱਖ ਨੂੰ ਇਸ ਬ੍ਰਿਛ ਦੇ ਫੁੱਲਾਂ, ਪਤਿਆਂ ਰਾਹੀਂ ਹਰੀ ਦੀ ਪੂਜਾ ਕਰਨੀ ਸਿਖਾਈ ਹੈ ।

† ਗੁਰੂ ਦੀ ਸੇਵਾ ਕਰੀਏ ਤਾਂ ਪਾਪ ਦੂਰ ਹੁੰਦੇ ਹਨ । ਉਹ ਕਿਵੇਂ ? ਮਨੁੱਖ ਨਾਮ-ਦਾਨ ਲਈ ਤਰਸਦਾ ਤਰਸਦਾ ਗੁਰੂ ਪਾਸ ਆਉਂਦਾ ਹੈ (੧)। ਗੁਰੂ ਉਸ ਨੂੰ ਪਾਪਾਂ ਦਾ ਮੁਕਾਬਲਾ ਕਰਨ ਦਾ ਉਤਸ਼ਾਹ ਦਿੰਦਾ ਹੈ (੨) ਅਤੇ ਆਪਣੇ ਸ਼ਬਦ ਦੀ ਠੰਢਕ ਨਾਲ ਹਰ ਤਰ੍ਹਾਂ ਦੇ ਸਾੜੇ ਦੂਰ ਕਰਦਾ ਹੈ (੩) । ਮਨੁੱਖ ਨੂੰ ਹਰ ਇਕ ਵਿੱਚ ਉਹ ਹਰੀ ਵਸਦਾ ਪ੍ਰਤੀਤ ਹੁੰਦਾ ਹੈ ਜੋ ਆਪਣੇ ਸਰੂਪ ਵਿੱਚ ਵਸਦਾ ਦਿਸਦਾ ਹੈ (੪) । ਉਸ ਦੇ ਅੰਦਰ ਇਸ ਸਰਵ ਵਿਆਪੀ ਹਰੀ ਲਈ ਪਿਆਰ ਪੈਦਾ ਹੁੰਦਾ ਹੈ (੫) । ਸਾਕਤ ਲੋਕ ਆਪਣੇ ਸੁਆਰਥਾਂ ਵਿੱਚ ਲੱਗੇ ਹੋਏ ਇਸ ਪਿਆਰ ਨੂੰ ਨਹੀਂ ਪਛਾਣਦੇ (੬) । ਭਲੇ ਲੋਕ ਸਾਧ ਸੰਗਤਿ ਵਿੱਚ ਜੁੜ ਕੇ ਹਰੀ-ਰਸ ਗ੍ਰਹਿਣ ਕਰਦੇ ਹਨ (੭) । ਅੰਤ ਹਰੀ ਕੋਲੋਂ ਅਰਦਾਸ ਕਰ ਕੇ ਰੱਖਿਆ ਮੰਗਦੇ ਹਨ (੮) ।

ਉਠਿ ਜੂਝੁ[੧] ਕਰੀਜੈ ॥ ਅੰਗੀਕਾਰੁ[੨] ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ
ਕਢੀਜੈ ॥ ੨ ॥ ਅੰਤਰਿ ਅਗਨਿ ਸਬਲ[੩] ਅਤਿ ਬਿਖਿਆ ਹਿਵ[੪] ਸੀਤਲੁ
ਸਬਦੁ ਗੁਰ ਦੀਜੈ ॥ ਤਨਿ ਮਨਿ ਸਾਂਤਿ ਹੋਇ ਅਧਿਕਾਈ[੫] ਰੋਗੁ ਕਾਟੈ [੬]ਸੂਖਿ
ਸਵੀਜੈ ॥ ੩ ॥ [੭]ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ
ਰਾਮੁ ਰਵੀਜੈ[੮] ॥ ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ[੯] ਬੈਠਿਆ
ਪੀਜੈ ॥ ੪ ॥ ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ
ਸੂਰੀਜੈ[੧੦] ॥ ਨਿਰਖਤ[੧੧] ਨਿਰਖਤ ਰੈਨਿ ਸਭ ਨਿਰਖੀ [੧੨]ਮੁਖੁ ਕਾਢੈ ਅੰਮ੍ਰਿਤੁ
ਪੀਜੈ ॥ ੫ ॥ ਸਾਕਤ ਸੁਆਨ[੧੩] ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ
ਭਰੀਜੈ ॥ ਆਪਨ ਸੁਆਇ[੧੪] ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ
ਕੀਜੈ ॥ ੬ ॥ ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ
ਕਢੀਜੈ ॥ ਪਰਉਪਕਾਰ ਬੋਲਹਿ ਬਹੁ ਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ ॥
੭ ॥ ਤੂ ਅਗਮ ਦਇਆਲ ਦਇਆ ਪਤਿ ਦਾਤਾ ਸਭ ਦਇਆ ਧਾਰਿ ਰਖਿ
ਲੀਜੈ ॥ ਸਰਬ ਜੀਅ ਜਗਜੀਵਨੁ ਏਕੋ ਨਾਨਕ ਪ੍ਰਤਿਪਾਲ ਕਰੀਜੈ ॥ ੮ ॥
੫ ॥ ਕਲਿਆਨੁ ਮਹਲਾ ੪* ॥ ਰਾਮਾ ਹਮ ਦਾਸਨ ਦਾਸ ਕਰੀਜੈ ॥ ਜਬ
ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ[੧੫] ॥ ੧ ॥ ਰਹਾਉ ॥
ਸੰਕਰੁ[੧੬] ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥ ਭਵਨ[੧੭] ਭਵਨ
ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥ ੧ ॥ ਤਜਿ ਲਾਜ ਅਹੰਕਾਰੁ
ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ ॥ ਧਰਮਰਾਇ ਕੀ ਕਾਨਿ[੧੮] ਚੁਕਾਵੈ
ਬਿਖੁ ਡੁਬਦਾ ਕਾਢਿ ਕਢੀਜੈ ॥ ੨ ॥ [੧੯]ਭਰਮਿ ਸੂਕੇ ਬਹੁ [੨੦]ਉਭਿ ਸੁਕ ਕਹੀਅਹਿ
ਮਿਲਿ ਸਾਧੂ ਸੰਗਿ ਹਰੀਜੈ[੨੧] ॥ ਤਾ ਤੇ ਬਿਲਮੁ[੨੨] ਪਲੁ ਢਿਲ ਨ ਕੀਜੈ ਜਾਇ
ਸਾਧੂ ਚਰਨਿ ਲਗੀਜੈ ॥ ੩ ॥ ਰਾਮ ਨਾਮ ਕੀਰਤਨ ਰਤਨ ਵਥੁ[੨੩] ਹਰਿ ਸਾਧੂ
ਪਾਸਿ ਰਖੀਜੈ ॥ ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ [੨੪]ਤਿਸੁ ਆਗੈ ਕਾਢਿ
ਧਰੀਜੈ ॥ ੪ ॥ ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ[੨੫] ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥
੫ ॥ ਜੇ ਵਡ ਭਾਗੁ ਹੋਇ ਅਤਿ ਨੀਕਾ[੨੬] ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥ ਸਭੁ
ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥ ੬ ॥ ਮਾਇਆ
ਮਾਇਆ ਕੇ ਜੋ ਅਧਿਕਾਈ[੨੭] ਵਿਚਿ ਮਾਇਆ [੨੮]ਪਚੈ ਪਚੀਜੈ ॥
ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥ ੭ ॥
ਨਾਨਕ [੨੯]ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥ ਸਤਿਗੁਰੁ
ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥ ੮ ॥ ੬ ॥ ਛਕਾ ੧ ॥

੧ ਜੁੱਧ ।
੨ ਪੱਖ, ਸਹਾਇਤਾ ।
੩ ਬਲਵਾਨ ।
੪ ਬਰਫ ਵਤ ।
੫ ਬਹੁਤ ।
੬ ਸੁਖ ਨਾਲ ਸੰਵੀਏ ।
੭ ਜਿਵੇਂ ਸੂਰਜ ਆਪਣੀ ਕਿਰਣ ਰਾਹੀਂ ਸਭ ਥਾਵਾਂ ਵਿੱਚ ਪਹੁੰਚ ਜਾਂਦਾ ਹੈ ।
੮ ਵਿਆਪਕ ਹੈ ।
੯ ਆਪਣੇ ਸਰੂਪ ਵਿੱਚ ।
੧੦ ਸੂਰਜ ਨੂੰ ।
੧੧ ਵੇਖਦਿਆਂ ।
੧੨ ਜਦੋਂ ਸੂਰਜ ਨੇ ਮੂੰਹ ਦਿਖਾਇਆ (ਚਕਵੀ ਨੂੰ)।
੧੩ ਕੁੱਤਾ ।
੧੪ ਮਤਲਬ ਲਈ ।
੧੫ ਪੀਵੀਏ ।
੧੬ ਸ਼ਿਵ ਜੀ ।
੧੭ ਸਾਰੇ ਥਾਂ ।
੧੮ ਮੁਥਾਜੀ, ਡਰ । ਧਰਮ ਰਾਜ (ਭਾਵ ਮੌਤ) ਦਾ ਡਰ ਦੂਰ ਕਰਦਾ ਹੈ ਤੇ ਜ਼ਹਿਰੀਲੇ ਸਾਗਰ ਵਿਚੋਂ ਬਚ ਨਿਕਲਦਾ ਹੈ ।
੧੯ ਦੇਖੋ ਪੰਨਾ ੮੩੪, ਨੋਟ ੧੧ ।
੨੦ ਉਹ ਬਿਰਛ ਜੋ ਖੜਾ ਸੁਖ ਜਾਂਦਾ ਹੈ ।
੨੧ ਹਰੇ ਹੋ ਜਾਂਦੇ ਹਨ ।
੨੨ ਦੇਰੀ ।
੨੩ ਵਸਤ । ਇਹ ਵਸਤੂ ਹਰੀ ਨੇ ਸਾਧੂਆਂ ਪਾਸ ਰੱਖੀ ਹੁੰਦੀ ਹੈ ।
੨੪ ਉਸ ਆਦਮੀ ਦੇ ਅੱਗੇ ਗੁਰੂ ਨਾਮ-ਵਸਤੂ ਕੱਢ ਕੱਢ ਕੇ ਪਿਆ ਧਰਦਾ ਹੈ ।
੨੫ ਕੂਕਦਾ ਹੈ । ਗੁਰੂ ਬਾਂਹ ਕੱਢ ਕੇ ਕੂਕਦਾ ਹੈ ਕਿ ਆਉ ਇਸ ਰਾਹ 'ਤੇ ।
੨੬ ਉੱਤਮ ।
੨੭ ਬਹੁਤ ਚਾਹਵਾਨ ।
੨੮ ਸੜ ਜਾਂਦੇ ਹਨ, ਬਰਬਾਦ ਹੁੰਦੇ ਹਨ ।
੨੯ ਵਿਆਪਕ ਰਾਮ ਨੂੰ ਸਿਮਰ ਕੇ ਹੀ ਮੁਕਤੀ ਮਿਲਦੀ ਹੈ ।

* ਜਦ ਤੋੜੀ ਜੀਵੀਏ, ਗੁਰੂ ਦੀ ਸ਼ਰਨ ਢੂੰਡੀਏ, ਕਿਉਂਕਿ ਵੱਡੇ-ਵੱਡੇ ਰਿਸ਼ੀਆਂ ਮੁਨੀਆਂ ਨੂੰ ਉਸ ਦੀ ਲੋੜ ਪੈਂਦੀ ਰਹੀ ਹੈ (੧) । ਗੁਰੂ ਦੀ ਸੰਗਤਿ ਧਾਰਨ ਕਰੀਏ, ਤਾਂ ਮੌਤ ਦਾ ਡਰ ਨਹੀਂ ਪੋਹਦਾ (੨)। ਗੁਰੂ ਸੁੱਕਿਓਂ ਹਰਾ ਕਰ ਦਿੰਦਾ ਹੈ (੩) । ਨਾਮ ਦੀ ਅਮੋਲਕ ਵਸਤ ਦੇ ਕੇ (੪) । ਆਤਮਕ ਸੁਖ ਭੀ ਉਸ ਕੋਲੋਂ ਹੀ ਮਿਲਦਾ ਹੈ (੫) ਅਤੇ ਮਾਇਆ ਮੋਹ ਦੂਰ ਹੋ ਕੇ ਹਰੀ-ਰਸ ਵਿੱਚ ਰੁਚੀ ਹੁੰਦੀ ਹੈ (੬) । ਇਸ ਤੋਂ ਬਿਨਾਂ ਮਾਇਆ ਵਿੱਚ ਗਲਦੇ ਸੜਦੇ ਰਹੀਦਾ ਹੈ (੭) । ਮੁਕਤੀ ਗੁਰੂ ਦੇ ਦਿਤੇ ਨਾਮ ਤੋਂ ਮਿਲਦੀ ਹੈ (੮) ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ ॥

*ਨਾਇ ਤੇਰੈ ਤਰਣਾ [੧]ਨਾਇ ਪਤਿ ਪੂਜ ॥ ਨਾਉ ਤੇਰਾ ਗਹਣਾ [੨]ਮਤਿ ਮਕਸੂਦੁ ॥ ਨਾਇ ਤੇਰੈ [੩]ਨਾਉ ਮੰਨੇ ਸਭ ਕੋਇ ॥ ਵਿਣੁ ਨਾਵੈ ਪਤਿ ਕਬਹੁ ਨ ਹੋਇ ॥ ੧ ॥ ਅਵਰ ਸਿਆਣਪ ਸਗਲੀ ਪਾਜੁ[੪] ॥ ਜੈ ਬਖਸੇ ਤੈ ਪੂਰਾ ਕਾਜੁ॥ ੧ ॥ ਰਹਾਉ ॥ ਨਾਉ ਤੇਰਾ ਤਾਣੁ[੫] ਨਾਉ ਦੀਬਾਣੁ[੬] ॥ ਨਾਉ ਤੇਰਾ ਲਸਕਰੁ ਨਾਉ ਸੁਲਤਾਨੁ ॥ ਨਾਇ ਤੇਰੈ ਮਾਣੁ ਮਹਤ[੭] ਪਰਵਾਣੁ ॥ [੮]ਤੇਰੀ ਨਦਰੀ ਕਰਮਿ ਪਵੈ ਨੀਸਾਣੁ ॥ ੨ ॥ ਨਾਇ ਤੇਰੈ ਸਹਜੁ[੯] ਨਾਇ ਸਾਲਾਹ ॥ ਨਾਉ ਤੇਰਾ ਅੰਮ੍ਰਿਤੁ [੧੦]ਬਿਖੁ ਉਠਿ ਜਾਇ ॥ ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ ॥ ਬਿਨੁ ਨਾਵੈ ਬਾਧੀ ਜਮ ਪੁਰਿ ਜਾਇ ॥ ੩ ॥ ਨਾਰੀ ਬੇਰੀ[੧੧] ਘਰ ਦਰ ਦੇਸ ॥ ਮਨ ਕੀਆ ਖੁਸੀਆ ਕੀਚਹਿ ਵੇਸ ॥ ਜਾਂ ਸਦੇ ਤਾਂ ਢਿਲ ਨ ਪਾਇ ॥ ਨਾਨਕ ਕੂੜੁ ਕੂੜੋ ਹੋਇ ਜਾਇ ॥ ੪ ॥ ੧ ॥ ਪ੍ਰਭਾਤੀ ਮਹਲਾ ੧† ॥ ਤੇਰਾ ਨਾਮੁ ਰਤਨੁ ਕਰਮੁ[੧੨] ਚਾਨਣੁ [੧੩]ਸੁਰਤਿ ਤਿਥੈ ਲੋਇ ॥ [੧੪]ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥ ੧ ॥ ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ[੧੫] ਕਰਣਹਾਰੁ ਅਪਾਰੁ ॥ ੧ ॥ ਰਹਾਉ ॥ ਪਾਤਾਲ ਪੁਰੀਆ

੧ ਤੇਰੇ ਨਾਮ ਦਵਾਰਾ ਹੀ ਮਨੁੱਖ ਦੀ ਇੱਜ਼ਤ ਹੁੰਦੀ ਹੈ ਤੇ ਉਹ ਪੂਜਿਆ ਜਾਂਦਾ ਹੈ ।

੨ ਮਤ (ਗਿਆਨ) ਦਾ ਮਕਸਦ ਪੂਰਾ ਹੁੰਦਾ ਹੈ ।

੩ ਕਿਸੇ ਦਾ ਨਾਮ ਮੰਨਿਆ ਜਾਂਦਾ ਹੈ, ਭਾਵ ਮਸ਼ਹੂਰੀ ਹੁੰਦੀ ਹੈ ।

੪ ਦਿਖਾਵਾ ।

੫ ਬਲ, ਸਹਾਰਾ ।

੬ [ਉਹ ਹਾਕਮ ਜਿਸ ਪਾਸ ਦਾਦ-ਫ਼ਰਿਆਦ ਹੋ ਸਕੇ] ਆਸਰਾ ।

੭ ਮਹੱਤਤਾ, ਵਡਿਆਈ ।

੮ ਤੇਰੀ ਮਿਹਰ ਦੀ ਨਜ਼ਰ ਨਾਲ, ਤੇਰੀ ਬਖ਼ਸ਼ਿਸ਼ ਨਾਲ ਪ੍ਰਵਾਨਗੀ ਦਾ ਨਿਸ਼ਾਨ ਪੈਂਦਾ ਹੈ ।

੯ ਗਿਆਨ ।

੧੦ ਜਿਸ ਨਾਲ ਜ਼ਹਿਰ ਦੂਰ ਹੋ ਜਾਂਦੀ ਹੈ ।

੧੧ ਬੇੜੀ, ਬੰਧਨ ਰੂਪ । ਨਾਰੀ, ਘਰ, ਦੇਸ਼, (ਮਿਲਖ) ਮਨ ਦੀਆਂ ਖੁਸ਼ੀਆਂ ਅੰਦਰ ਕਈ ਦੇਸ਼ਾਂ ਵਿੱਚ ਵਿਚਰਨਾ ਇਹ ਸਭ ਬੰਧਨ ਰੂਪ ਵਸਤਾਂ ਕਿਸੇ ਪਾਸ ਪਈਆਂ ਹੋਣ; ਜਦ ਉਸ ਨੂੰ ਰੱਬ ਸੱਦੇਗਾ ਤਾਂ ਕੂਚ ਕਰਨ ਵਿੱਚ ਦੇਰ ਨਹੀਂ ਕਰ ਸਕੇਗਾ, ਇਹ ਵਸਤਾਂ ਉਸ ਵਕਤ ਮਦਦ ਨਹੀਂ ਕਰਦੀਆਂ, ਇਹ ਤਾਂ ਝੂਠੀਆਂ ਸਾਬਤ ਹੋਣਗੀਆਂ ।

੧੨ ਬਖ਼ਸ਼ਿਸ਼ ।

੧੩ ਜਿਸ ਸੁਰਤ ਵਿੱਚ ਨਾਮ ਹੈ, ਓਥੇ ਚਾਨਣ ਹੀ ਚਾਨਣ ਹੈ ।

੧੪ ਅੰਨ੍ਹੀ ਸ੍ਰਿਸ਼ਟੀ ਵਿੱਚ ਹਨੇਰਾ ਹੁੰਦਾ ਰਹਿੰਦਾ ਹੈ, ਜਿਸ ਕਰ ਕੇ ਲੋਕੀਂ ਸਭ ਕੁਝ ਗਵਾ ਲੈਂਦੇ ਹਨ।

੧੫ (ਹੋਰ) ਕੁਝ ਨਹੀਂ ਹੈ ।

* ਹਰੀ-ਨਾਮ ਹੀ ਇੱਜ਼ਤ, ਅਕਲ, ਬਲ, ਰਸੂਖ ਹੈ । ਨਾਮ ਹੀ ਗਿਆਨ ਧਿਆਨ ਹੈ, ਜਿਸ ਨਾਲ ਪਾਪ ਤੇ ਮੌਤ ਦਾ ਡਰ ਦੂਰ ਹੁੰਦਾ ਹੈ । ਇਸ ਦੇ ਮੁਕਾਬਲੇ ਉੱਤੇ ਘਰ-ਬਾਹਰ ਦੇ ਸੁਖ ਤੁੱਛ ਹਨ ।

† ਸੰਸਾਰ ਵਿੱਚ ਅੰਨ੍ਹੀ ਵਰਤ ਰਹੀ ਹੈ । ਐਸੀ ਹਾਲਤ ਵਿੱਚ ਚਾਨਣਾ ਕੇਵਲ ਨਾਮ ਹੀ ਦੇ ਸਕਦਾ ਹੈ। ਨਾਮ ਦੇ ਤੁਲ ਸੰਸਾਰ ਦੀ, ਮਲਕੀਅਤ ਤੁੱਛ ਹੈ । ਬਲਕਿ ਦੁੱਖ ਤੇ ਭੁੱਖ ਬਣੀ ਹੀ ਰਹਿੰਦੀ ਹੈ । ਰਜੇਵਾਂ ਕੇਵਲ ਨਾਮ ਹੀ ਦੇ ਸਕਦਾ ਹੈ ।

[੧]ਏਕ ਭਾਰ ਹੋਵਹਿ [੨]ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ [੩]ਸਿਰੈ
ਹੋਵਹਿ ਹੋਰਿ ॥ ੨ ॥ ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ
ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥ ੩ ॥ ਨਾਨਕ ਮੂਰਖੁ ਏਕੁ ਤੂ ਅਵਰੁ
ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥ ੪ ॥
੨ ॥ ਪ੍ਰਭਾਤੀ ਮਹਲਾ ੧* ॥ [੪]ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ
ਛੋਡੀ ਮਾਇਆ ॥ ਜੈ ਕਾਰਣਿ ਸਿਧ ਭਏ ਉਦਾਸੀ [੫]ਦੇਵੀ ਮਰਮੁ ਨ ਪਾਇਆ ॥
੧ ॥ ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ ॥
ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ ॥ ੧ ॥ ਰਹਾਉ ॥
[੬]ਅਗਨਿ ਬਿੰਬ ਪਵਣੈ ਕੀ ਬਾਣੀ[੭] ਤੀਨਿ ਨਾਮ ਕੇ ਦਾਸਾ ॥ ਤੇ ਤਸਕਰ[੮] ਜੋ
ਨਾਮੁ ਨ ਲੇਵਹਿ [੯]ਵਾਸਹਿ ਕੋਟ ਪੰਚਾਸਾ ॥ ੨ ॥ ਜੇ ਕੋ ਏਕ ਕਰੈ ਚੰਗਿਆਈ
ਮਨਿ ਚਿਤਿ ਬਹੁਤੁ ਬਫਾਵੈ[੧੦] ॥ ਏਤੇ ਗੁਣ ਏਤੀਆ ਚੰਗਿਆਈਆ ਦੇਇ ਨ
ਪਛੋਤਾਵੈ ॥ ੩ ॥ ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥
ਜੇ ਕੋ [੧੧]ਜੀਉ ਕਹੈ ਓਨਾ ਕਉ ਜਮ ਕੀ ਤਲਬ[੧੨] ਨ ਹੋਈ ॥ ੪ ॥ ੩ ॥
ਪ੍ਰਭਾਤੀ ਮਹਲਾ ੧† ॥ ਜਾ ਕੈ ਰੂਪੁ ਨਾਹੀ ਜਾਤਿ ਨਾਹੀ ਨਾਹੀ [੧੩]ਮੁਖੁ ਮਾਸਾ ॥
ਸਤਿਗੁਰਿ ਮਿਲੇ ਨਿਰੰਜਨੁ[੧੪] ਪਾਇਆ ਤੇਰੈ ਨਾਮਿ ਹੈ ਨਿਵਾਸਾ ॥ ੧ ॥
ਅਉਧੂ[੧੫] ਸਹਜੇ ਤਤੁ ਬੀਚਾਰਿ ॥ ਜਾ ਤੇ ਫਿਰਿ ਨ ਆਵਹੁ ਸੈਸਾਰਿ ॥ ੧ ॥
ਰਹਾਉ ॥ ਜਾ ਕੈ ਕਰਮੁ ਨਾਹੀ ਧਰਮੁ ਨਾਹੀ ਨਾਹੀ ਸੁਚਿ ਮਾਲਾ ॥ [੧੬]ਸਿਵ
ਜੋਤਿ ਕੰਨਹੁ[੧੭] ਬੁਧਿ ਪਾਈ ਸਤਿਗੁਰੂ ਰਖਵਾਲਾ ॥ ੨ ॥ ਜਾ ਕੈ ਬਰਤੁ
ਨਾਹੀ ਨੇਮੁ ਨਾਹੀ ਨਾਹੀ ਬਕਬਾਈ[੧੮] ॥ [੧੯]ਗਤਿ ਅਵਗਤਿ ਕੀ ਚਿੰਤ
ਨਾਹੀ [੨੦]ਸਤਿਗੁਰੂ ਫੁਰਮਾਈ ॥ ੩ ॥ ਜਾ ਕੈ ਆਸ ਨਾਹੀ ਨਿਰਾਸ ਨਾਹੀ
ਚਿਤਿ ਸੁਰਤਿ ਸਮਝਾਈ ॥ ਤੰਤ[੨੧] ਕਉ [੨੨]ਪਰਮ ਤੰਤੁ ਮਿਲਿਆ ਨਾਨਕਾ
ਬੁਧਿ ਪਾਈ ॥ ੪ ॥ ੪ ॥ ਪ੍ਰਭਾਤੀ ਮਹਲਾ ੧‡ ॥ [੨੩]ਤਾ ਕਾ ਕਹਿਆ ਦਰਿ
ਪਰਵਾਣੁ ॥ [੨੪]ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥ ੧ ॥ ਕਿਆ ਕਹੀਐ
ਸਰਬੇ[੨੫] ਰਹਿਆ ਸਮਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ[੨੬] ॥ ੧ ॥
ਰਹਾਉ ॥ ਪ੍ਰਗਟੀ ਜੋਤਿ ਚੂਕਾ[੨੭] ਅਭਿਮਾਨੁ ॥ ਸਤਿਗੁਰਿ ਦੀਆ ਅੰਮ੍ਰਿਤ
ਨਾਮੁ ॥ ੨ ॥ ਕਲਿ ਮਹਿ ਆਇਆ ਸੋ ਜਨੁ ਜਾਣੁ ॥ ਸਾਚੀ ਦਰਗਹ
ਪਾਵੈ ਮਾਣੁ ॥ ੩ ॥ [੨੮]ਕਹਣਾ ਸੁਨਣਾ ਅਕਥ ਘਰਿ ਜਾਇ ॥ ਕਥਨੀ
ਬਦਨੀ[੨੯] ਨਾਨਕ ਜਲਿ ਜਾਇ ॥ ੪ ॥ ੫ ॥ ਪ੍ਰਭਾਤੀ ਮਹਲਾ ੧§ ॥ ਅੰਮ੍ਰਿਤੁ
ਨੀਰੁ ਗਿਆਨਿ ਮਨ ਮਜਨੁ[੩੦] ਅਠਸਠਿ ਤੀਰਥ ਸੰਗਿ ਗਹੇ ॥ [੩੧]ਗੁਰ
ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥ ੧ ॥ ਗੁਰ ਸਮਾਨਿ[੩੨]

੧ ਤੱਕੜੀ ਦੇ ਇਕ ਛਾਬੇ ਵਿੱਚ ਪੰਡ ਬੰਨ੍ਹ ਕੇ ਰੱਖੇ ਜਾਣ, ਭਾਵ ਜੇ ਕਿਸੇ ਦੀ ਮਲਕੀਅਤ ਹੋ ਜਾਣ। ਦੇਖੋ ਪੰਨਾ ੧, ਨੋਟ ੯ ।

੨ ਐਸੇ ਲੱਖਾਂ ਕ੍ਰੋੜਾਂ ਹੋਰ ਹੋਣ ।

੩ ਦੂਜੇ ਛਾਬੇ ਵਿੱਚ ਕੁਝ ਹੋਰ ਚੀਜ਼ਾਂ ਹੋਣ, ਭਾਵ ਸਿਫ਼ਤਾਂ ਹੋਣ, ਕਿਉਂਕਿ ਇਸ ਤੇਰੀ ਵਡਿਆਈ ਨੂੰ ਤੋਲਣ ਲਈ ਨਾਮ ਦੀਆਂ ਸਿਫਤਾਂ ਹੀ ਸਮਰੱਥ ਹਨ।

੪ ਜਿਸ ਰੱਬ ਦੀ ਪ੍ਰਾਪਤੀ ਲਈ ਬ੍ਰਹਮੇ ਨੇ ਵੇਦ ਉਚਾਰੇ ਅਤੇ ਸ਼ਿਵ ਜੀ ਤਿਆਗੀ ਹੋਇਆ ।

੫ ਦੇਵਤਿਆਂ ਨੇ ਉਸ ਦਾ ਭੇਦ ਨਾ ਲੱਭਾ ।

੬ ਸੰਸਾਰ ਅਗਨ (ਤਮੋ), ਪਾਣੀ (ਸਤੋ), ਪਵਨ (ਰਜੋ) ਦਾ ਬਣਿਆ ਹੋਇਆ ਹੈ ਤੇ ਇਹ ਤਿੰਨੇ ਨਾਮ ਦੇ ਦਾਸ ਹਨ, ਭਾਵ ਤ੍ਰਿਗੁਣੀ ਸੰਸਾਰ ਹਰੀ ਦੇ ਵਸ ਵਿੱਚ ਹੈ ।

੭ ਬਣਾਵਟ ।

੮ ਚੋਰ ।

੯ ਧਰਤੀ ਦੇ ੪੯ ਕੋਟ ਗਿਣੇ ਗਏ ਹਨ ਤੇ ਪੰਜਾਹਵਾਂ ਤਾਂਬੇ ਦਾ ਹੈ ਜਿਥੇ ਖਾਣ-ਪੀਣ ਨੂੰ ਕੁਝ ਨਹੀਂ ਲਭਦਾ, ਓਥੇ ਓਹ ਚੋਰ ਵੱਸਦੇ ਹਨ ।

੧੦ ਲਾਫਾਂ ਮਾਰਦਾ ਹੈ । ਜੇ ਕੋਈ ਕਿਸੇ ਨਾਲ ਇਕ ਭਲੇ ਦੀ ਗੱਲ ਕਰੇ, ਤਾਂ ਉਹ ਇਤਨੀਆਂ ਡੀਂਗਾਂ ਮਾਰਦਾ ਹੈ, ਪਰ ਦੇਖੋ ਹਰੀ-ਦਾਤੇ ਵੱਲ ਕਿ ਇੰਨੇ ਭਲੇ ਕਰ ਕੇ ਵੀ ਨਹੀਂ ਗਿਣਦਾ ।

੧੧ ਭਾਵ ਇੱਜ਼ਤ ਕਰੇ ।

੧੨ [ਅ.] ਮੰਗ ਭਾਵ ਜਮਾਂ ਦਾ ਦੁੱਖ ।

੧੩ ਮੁਖ ਆਦਿ ਅੰਗ ਅਤੇ ਮਾਸ । ਭਾਵ ਨਾ ਹੀ ਉਸ ਦਾ ਮੂੰਹ ਮੱਥਾ ਸੋਹਣਾ ਹੈ ।

੧੪ ਮਾਇਆ ਰਹਿਤ, ਪਵਿੱਤਰ ਹਰੀ ।

੧੫ ਹੇ ਅਉਧੂਤ ਜੋਗੀ !

੧੬ ਕਲਿਆਣ-ਸਰੂਪ, ਹਰੀ ਪਾਸੋਂ ।

੧੭ ਕੋਲੋਂ, ਪਾਸੋਂ ।

੧੮ ਬੇਅਰਥ ਬੋਲਣਾ ।

੧੯ ਚੰਗੇ ਮੰਦੇ ਦੀ ।

੨੦ ਸਤਿਗੁਰ ਨੇ ਸਿਖਿਆ ਦਿੱਤੀ ਹੈ ।

੨੧ ਜੀਵ ।

੨੨ ਹਰੀ । ਦੇਖੋ ਪੰਨਾ ੫੯੭, ਨੋਟ ੨੦ ।

੨੩ ਉਨ੍ਹਾਂ ਸੰਤਾਂ ਦਾ ਕਹਿਆ ।

੨੪ ਭਾਵ ਦੁੱਖ ਸੁਖ ਇਕੋ ਜਿਹਾ ਸਮਝਦੇ ਹਨ ।

੨੫ ਸਭ ਥਾਂ ।

੨੬ ਹੁਕਮ ਅਨੁਸਾਰ ।

੨੭ ਦੂਰ ਹੋਇਆ ।

੨੮ ਕਹਿਣਾ ਸੁਣਨਾ ਉਸ ਦਾ ਇਹ ਹੀ ਹੈ ਕਿ ਉਹ ਅਕੱਥ ਹਰੀ ਦੇ ਘਰ ਵਿੱਚ ਸਦਾ ਰਹਿੰਦਾ ਹੈ ।

੨੯ [ਵਦਨ= ਮੂੰਹ] ਮੂੰਹ ਦੀ ਕਥਨੀ, ਭਾਵ ਫੋਕਟ ਗੱਲਾਂ।

੩੦ ਇਸ਼ਨਾਨ । ਗਿਆਨ ਦਵਾਰਾ ਨਾਮ-ਅੰਮ੍ਰਿਤ ਰੂਪ ਨੀਰ (ਪਾਣੀ) ਪ੍ਰਾਪਤ ਹੁੰਦਾ ਹੈ, ਜਿਸ ਵਿੱਚ ਮਨ ਇਸ਼ਨਾਨ ਕਰਦਾ ਹੈ, ਫਿਰ ਉਹ ਅਠਾਹਠ ਤੀਰਥਾਂ ਨੂੰ ਨਾਲ ਲਈ ਫਿਰਦਾ ਹੈ ।

੩੧ ਗੁਰੂ ਦੀ ਸਿੱਖਿਆ ਵਿੱਚ ਅਮੋਲਕ ਗੁਣ ਭਰੇ ਪਏ ਹਨ, ਜੋ ਹਰ ਇਕ ਸਿੱਖ ਖੋਜ ਕੇ ਲੱਭ ਸਕਦਾ ਹੈ ।

੩੨ ਬਰਾਬਰ ।

* ਬ੍ਰਹਮਾ ਆਦਿ ਦੇਵਤੇ ਅਤੇ ਜੋਗੀ ਤਪੱਸਵੀ ਲੋਕ ਨਾਮ ਦੀ ਪ੍ਰਾਪਤੀ ਲਈ ਹੀ ਜਤਨ ਕਰਦੇ ਰਹੇ ਹਨ। ਸਾਰਾ ਸੰਸਾਰ ਨਾਮ ਦੇ ਆਸਰੇ ਹੈ । ਇਹ ਸਭ ਤੋਂ ਵੱਡਾ ਧਨ ਹੈ ।

† ਜਿਸ ਮਨੁੱਖ ਵਿੱਚ ਕੋਈ ਗੁਣ ਭੀ ਨਾ ਹੋਵੇ, ਉਹ ਭੀ ਗੁਰੂ ਦੇ ਰਾਹੀਂ ਨਾਮ ਜਪ ਕੇ ਹਰੀ ਨਾਲ ਇਕ ਮਿਕ ਹੋ ਸਕਦਾ ਹੈ ।

‡ ਫਿਰ ਐਸੇ ਸੁਧਰੇ ਹੋਏ ਹਰੀ-ਜਨ ਦੀ ਵਡਿਆਈ ਦਸਦੇ ਹਨ ।

§ ਗੁਰੂ ਦੀ ਸੰਗਤ ਵਿੱਚੋਂ ਲੱਭੇ ਗਿਆਨ ਵਿੱਚ ਸਾਰੇ ਤੀਰਥਾਂ ਦਾ ਇਸ਼ਨਾਨ ਆ ਜਾਂਦਾ ਹੈ । ਗੁਰੂ ਜਿਹਾ ਕੋਈ ਤੀਰਥ ਨਹੀਂ । ਉਸ ਤੋਂ ਸਾਰੀ ਪਵਿੱਤਰਤਾ, ਸ਼ਾਂਤੀ ਤੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ ।

ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ[੧] ਗੁਰੁ ਹੋਇ ॥ ੧ ॥ ਰਹਾਉ ॥ ਗੁਰੁ
ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ[੨] ॥ ਸਤਿਗੁਰਿ
ਪਾਇਐ ਪੂਰਾ ਨਾਵਣੁ[੩] ਪਸੂ ਪਰੇਤਹੁ ਦੇਵ ਕਰੈ ॥ ੨ ॥ ਰਤਾ ਸਚਿ ਨਾਮਿ
[੪]ਤਲ ਹੀਅਲੁ ਸੋ ਗੁਰੁ ਪਰਮਲੁ[੫] ਕਹੀਐ ॥ ਜਾ ਕੀ ਵਾਸੁ[੬] ਬਨਾਸਪਤਿ[੭] ਸਉਰੈ
ਤਾਸੁ ਚਰਣ ਲਿਵ ਰਹੀਐ ॥ ੩ ॥ ਗੁਰਮੁਖਿ[੮] ਜੀਅ ਪ੍ਰਾਨ ਉਪਜਹਿ ਗੁਰਮੁਖਿ
[੯]ਸਿਵ ਘਰਿ ਜਾਈਐ ॥ ਗੁਰਮੁਖਿ[੮] ਨਾਨਕ ਸਚਿ ਸਮਾਈਐ ਗੁਰਮੁਖਿ [੧੦]ਨਿਜ
ਪਦੁ ਪਾਈਐ ॥ ੪ ॥ ੬ ॥ ਪ੍ਰਭਾਤੀ ਮਹਲਾ ੧* ॥ ਗੁਰ ਪਰਸਾਦੀ ਵਿਦਿਆ[੧੧]
ਵੀਚਾਰੈ ਪੜਿ ਪੜਿ ਪਾਵੈ ਮਾਨੁ ॥ [੧੨]ਆਪਾ ਮਧੇ ਆਪੁ ਪਰਗਾਸਿਆ
ਪਾਇਆ ਅੰਮ੍ਰਿਤੁ ਨਾਮੁ ॥ ੧ ॥ [੧੩]ਕਰਤਾ ਤੂ ਮੇਰਾ ਜਜਮਾਨੁ ॥ ਇਕ
ਦਖਿਣਾ[੧੪] ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥ ੧ ॥ ਰਹਾਉ ॥
[੧੫]ਪੰਚ ਤਸਕਰ ਧਾਵਤ ਰਾਖੇ ਚੂਕਾ[੧੬] ਮਨਿ ਅਭਿਮਾਨੁ ॥ [੧੭]ਦਿਸਟਿ ਬਿਕਾਰੀ
ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥ ੨ ॥ ਜਤੁ ਸਤੁ ਚਾਵਲ ਦਇਆ[੧੮]
ਕਣਕ ਕਰਿ ਪ੍ਰਾਪਤਿ ਪਾਤੀ[੧੯] ਧਾਨੁ ॥ ਦੂਧੁ ਕਰਮੁ[੨੦] ਸੰਤੋਖੁ ਘੀਉ ਕਰਿ ਐਸਾ
ਮਾਂਗਉ ਦਾਨੁ ॥ ੩ ॥ ਖਿਮਾ ਧੀਰਜੁ ਕਰਿ ਗਊ ਲਵੇਰੀ [੨੧]ਸਹਜੇ ਬਛਰਾ ਖੀਰੁ
ਪੀਐ ॥ ਸਿਫਤਿ ਸਰਮ[੨੨] ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ[੨੩]
ਰਹੈ ॥ ੪ ॥ ੭ ॥ ਪ੍ਰਭਾਤੀ ਮਹਲਾ ੧† ॥ [੨੪]ਆਵਤੁ ਕਿਨੈ ਨ ਰਾਖਿਆ
ਜਾਵਤੁ ਕਿਉ ਰਾਖਿਆ ਜਾਇ ॥ ਜਿਸ ਤੇ ਹੋਆ ਸੋਈ ਪਰੁ ਜਾਣੈ[੨੫] ਜਾਂ ਉਸ
ਹੀ ਮਾਹਿ ਸਮਾਇ ॥ ੧ ॥ ਤੂਹੈ ਹੈ ਵਾਹੁ ਤੇਰੀ ਰਜਾਇ ॥ ਜੋ ਕਿਛੁ ਕਰਹਿ ਸੋਈ
[੨੬]ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥ ੧ ॥ ਰਹਾਉ ॥ ਜੈਸੇ ਹਰਹਟ[੨੭] ਕੀ
ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥ ਤੈਸੋ ਹੀ ਇਹੁ
ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥ ੨ ॥ [੨੮]ਸੁਰਤੀ ਕੈ ਮਾਰਗਿ
ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ
ਕਉਨੁ ਗਿਰਹੀ[੨੯] ਕਉਨੁ ਉਦਾਸੀ ॥ ੩ ॥ [੩੦]ਜਿਸ ਕੀ ਆਸਾ ਤਿਸ ਹੀ
ਸਉਪਿ ਕੈ ਏਹੁ ਰਹਿਆ ਨਿਰਬਾਣੁ ॥ [੩੧]ਜਿਸ ਤੇ ਹੋਆ ਸੋਈ ਕਰਿ ਮਾਨਿਆ
ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥ ੪ ॥ ੮ ॥ ਪ੍ਰਭਾਤੀ ਮਹਲਾ ੧‡ ॥
[੩੨]ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ [੩੩]ਬਲਿ ਜਾਈ ॥ ਪਾਪ ਪੁੰਨ ਕੀ
ਸਾਰ[੩੪] ਨ ਜਾਣੈ ਭੂਲਾ ਫਿਰੈ ਅਜਾਈ[੩੫] ॥ ੧ ॥ ਬੋਲਹੁ ਸਚੁ ਨਾਮੁ ਕਰਤਾਰ ॥
[੩੬]ਫੁਨਿ ਬਹੁੜਿ ਨ ਆਵਣ ਵਾਰ ॥ ੧ ॥ ਰਹਾਉ ॥ ਊਚਾ ਤੇ ਫੁਨਿ ਨੀਚੁ ਕਰਤੁ
ਹੈ ਨੀਚ ਕਰੈ ਸੁਲਤਾਨੁ ॥ ਜਿਨੀ ਜਾਣੁ [੩੭]ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥

੧ ਉਹ । ਸੰਤੋਖ ਰੂਪ ਸਰੋਵਰ ਉਹ ਗੁਰੂ ਹੀ ਹੈ।
੨ ਦੂਰ ਕਰਦਾ ਹੈ ।
੩ ਇਸ਼ਨਾਨ ।
੪ ਡਲੇ ਦਾ ਦਿਲ (ਉੱਤੋਂ ਉੱਤੋਂ ਨਹੀਂ) ਥੱਲੇ ਤੋਂ ਦਿਲ । ਜਿਸ ਦਾ ਦਿਲ ਤਹ ਤੱਕ ਸੱਚੇ ਨਾਮ ਵਿੱਚ ਰੱਤਾ ਹੈ ।
੫ ਚੰਦਨ ਰੂਪ ।
੬ ਵਾਸ਼ਨਾ ।
੭ ਭਾਵ ਸੰਗਤ ਕਰਨ ਵਾਲੇ ਜੀਵ । ਜਿਵੇਂ ਚੰਦਨ ਦੀ ਵਾਸ਼ਨਾ ਆਸ ਪਾਸ ਦੀ ਬਨਸਪਤੀ ਨੂੰ ਸੁਗੰਧਿਤ ਕਰ ਦਿੰਦੀ ਹੈ, ਤਿਵੇਂ ਗੁਰੂ ਦੀ ਸੰਗਤਿ, ਕੋਲ ਰਹਿਣ ਵਾਲੇ ਜੀਵਾਂ ਨੂੰ ਸੰਵਾਰ ਦਿੰਦੀ ਹੈ ।
੮ ਗੁਰਾਂ ਦਵਾਰੇ । ਗੁਰਾਂ ਦਵਾਰੇ ਮਨੁੱਖ ਵਿੱਚ ਜੀਵਨ ਦੀ ਰੌ ਚਲਦੀ ਹੈ ।
੯ ਸੁਖ ਸ਼ਾਂਤੀ ਦੇ ਘਰ ਵਿੱਚ ।
੧੦ ਆਪਣੇ ਸਰੂਪ ਨੂੰ ।
੧੧ ਬ੍ਰਹਮ ਵਿੱਦਿਆ ।
੧੨ ਜੀਵ-ਆਪੇ ਵਿੱਚ ਪ੍ਰਮਾਤਮ-ਆਪਾ ਪ੍ਰਗਟ ਕਰਦਾ ਹੋਇਆ, ਆਪਣੇ ਦਿਲ ਵਿੱਚ ਹਰੀ ਦੀ ਹੋਂਦ ਮਹਿਸੂਸ ਕੀਤੀ, ਜਦ ਅੰਮ੍ਰਿਤ ਨਾਮ ਮਿਲਿਆ ।
੧੩ ਹੇ ਕਰਤਾ ! ਤੂੰ ਮੇਰਾ ਦਾਨ ਦੇਣ ਵਾਲਾ ਹੈਂ। ਦੇਖੋ ਪੰਨਾ ੩੨੩, ਫੁਟ ਨੋਟ * ।
੧੪ ਦਾਨ, ਭੇਟਾ ।
੧੫ ਪੰਜ ਚੋਰਾਂ (ਗਿਆਨ ਇੰਦ੍ਰਿਆਂ) ਨੂੰ ਦੌੜਨ ਤੋਂ ਰੋਕੇ।
੧੬ ਦੂਰ ਹੋ ਗਿਆ ।
੧੭ ਵਿਕਾਰਾਂ ਵਾਲੀ ਦ੍ਰਿਸ਼ਟੀ (ਨਜ਼ਰ) ।
੧੮ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਦੈਆ' ਹੈ ।
੧੯ ਪੱਤਲ । ਹਰੀ ਦੀ ਪ੍ਰਾਪਤੀ ਨੂੰ ਹੀ ਪੱਤਲ ਤੇ ਧਾਨ (ਧਨ ਆਦਿ ਦਾਨ) ਕੀਤਾ ਹੈ ।
੨੦ ਸ਼ੁਭ ਕਰਮ ।
੨੧ ਮਨ-ਵੱਛਾ ਸਹਜ ਅਵਸਥਾ (ਪੂਰਨ ਅਡੋਲਤਾ) ਵਿੱਚ ਦੁੱਧ ਪੀਵੇ ।
੨੨ ਉੱਦਮ । ਸਿਫ਼ਤ-ਸਲਾਹ ਲਈ ਉੱਦਮ ।
੨੩ ਸਿਮਰਦਾ ।
੨੪ ਜੰਮਣ ਤੋਂ ਕਿਸੇ ਰੋਕਿਆ ਨਹੀਂ ਹੈ ਤੇ ਨਾ ਹੀ ਮਰਨ ਤੋਂ ਬਚਾਅ ਸਕੀਦਾ ਹੈ ।
੨੫ ਚੰਗੀ ਤਰ੍ਹਾਂ ਜਾਣਦਾ ਹੈ ।
੨੬ ਜ਼ਰੂਰ ਹੋਂਦਾ ਹੈ ।
੨੭ ਹਰਟ ।
੨੮ ਗਿਆਨ ਦੇ ਮਾਰਗ ਚੱਲ ਕੇ ਦ੍ਰਿਸ਼ਟੀ ਮਾਇਆ ਵੱਲੋਂ ਉਲਟ ਕੇ ਚਮਕੀ ਹੈ ।
੨੯ ਗ੍ਰਿਹਸਤੀ । ਭਾਵ ਜੋ ਮਨੋ ਗ੍ਰਿਹਸਤੀ ਜਾਂ ਤਿਆਗੀ ਹੈ, ਉਹ ਅਸਲ ਗ੍ਰਿਹਸਤੀ ਤਿਆਗੀ ਹੈ ।
੩੦ ਜਿਸ ਹਰੀ ਨੇ ਆਸਾਂ ਪੈਦਾ ਕੀਤੀਆਂ ਹਨ, ਉਸੇ ਨੂੰ ਸੌਂਪਣ ਨਾਲ ਇਹ ਜੀਵ ਨਿਰਦੁੱਖ ਹੋ ਜਾਂਦਾ ਹੈ ।
੩੧ ਜਿਸ ਹਰੀ ਤੋਂ ਹੋਇਆ ਹੈ ।
੩੨ ਵਿਕਾਰਾਂ ਵਾਲੀ ਦ੍ਰਿਸ਼ਟੀ ਨੂੰ ਜੋ ਬੰਨ੍ਹ ਦਿੰਦਾ ਹੈ।
੩੩ ਬਲਿਹਾਰ ਜਾਂਦਾ ਹਾਂ ।
੩੪ ਅਸਲੀਅਤ ।
੩੫ ਫ਼ਜ਼ੂਲ ।
੩੬ ਫਿਰ ਮੁੜ ਕੇ ਆਵਣ ਵਾਲਾ ਨਹੀਂ ਬਣੇਗਾ ।
੩੭ ਜਾਣਨਹਾਰ ਹਰੀ ਨੂੰ । ਜਿਨ੍ਹਾਂ ਜਾਣਨਹਾਰ ਹਰੀ ਨੂੰ ਚੰਗੀ ਤਰ੍ਹਾਂ ਜਾਣਿਆ ਹੈ ।

* ਗੁਰੂ ਦੀ ਰਾਹੀਂ ਮਨੁੱਖ ਬ੍ਰਹਮ ਗਿਆਨ ਹਾਸਲ ਕਰਦਾ ਹੈ, ਜਿਸ ਨਾਲ ਉਹ ਆਪਣੇ ਅੰਦਰ ਹਰੀ ਦਾ ਪ੍ਰਕਾਸ਼ ਦੇਖਦਾ ਹੈ । ਇਸ ਚਾਨਣੇ ਨਾਲ ਉਸ ਦੀ ਵਿਕਾਰ ਵਾਲੀ ਬ੍ਰਿਤੀ ਸੰਵਰ ਕੇ ਸ਼ੁਭ ਗੁਣਾਂ ਵਾਲੀ ਹੋ ਜਾਂਦੀ ਹੈ ਅਤੇ ਉਹ ਹਰੀ ਦੀ ਸਿਫ਼ਤ-ਸਲਾਹ ਕਰਨ ਲੱਗ ਪੈਂਦਾ ਹੈ ।

† ਐਸਾ ਬ੍ਰਹਮ-ਗਿਆਨੀ ਹਰੀ ਨੂੰ ਸਰਬ-ਸਮਰੱਥ ਜਾਣਦਾ ਤੇ ਰਚਨਾ ਨੂੰ ਉਸੇ ਦੀ ਖੇਡ ਸਮਝਦਾ ਹੈ। ਇਹ ਜਾਣ ਕੇ ਸੰਸਾਰ ਉਸ ਨੂੰ ਬੁਰਾ ਨਹੀਂ ਲੱਗਦਾ, ਇਸ ਕਰ ਕੇ ਉਹ ਗ੍ਰਿਹਸਥ ਨੂੰ ਬੁਰਾ ਨਹੀਂ ਕਹਿੰਦਾ, ਨਾ ਉਦਾਸ ਨੂੰ ਚੰਗਾ । ਉਹ ਤਾਂ ਦੋਹਾਂ ਹਾਲਤਾਂ ਵਿਚੋਂ ਉਸੇ ਨੂੰ ਪਰਵਾਣ ਸਮਝਦਾ ਹੈ ਜਿਸ ਵਿੱਚ ਹਰੀ ਯਾਦ ਰਹੇ ।

‡ ਜੇ ਹਰੀ ਦੀ ਯਾਦ ਕਾਇਮ ਰਹੇ ਤਾਂ ਹੀ ਜੀਵਨ-ਜਾਚ ਆਉਂਦੀ ਹੈ, ਅਤੇ ਭਲੇ ਦੀ ਪਛਾਣ ਕਰ ਕੇ ਵਰਤੀਦਾ ਹੈ ।

੨ ॥ ਤਾ ਕਉ ਸਮਝਾਵਣ ਜਾਈਐ [੧]ਜੇ ਕੋ ਭੂਲਾ ਹੋਈ ॥ ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ ॥ ੩ ॥ [੨]ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ [੩]ਦੁਨੀ ਪਰੀਤਾ ॥ ਪ੍ਰਣਵਤਿ[੪] ਨਾਨਕ ਦਾਸਨਿ ਦਾਸਾ [੫]ਜਗਿ ਹਾਰਿਆ ਤਿਨਿ ਜੀਤਾ ॥ ੪ ॥ ੯ ॥ ਪ੍ਰਭਾਤੀ ਮਹਲਾ ੧* ॥ ਮਨੁ ਮਾਇਆ ਮਨੁ ਧਾਇਆ[੬] ਮਨੁ ਪੰਖੀ ਆਕਾਸਿ ॥ [੭]ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥ ਜਾ ਤੂ ਰਾਖਹਿ ਰਾਖਿ ਲੈਹਿ ਸਾਬਤੁ ਹੋਵੈ ਰਾਸਿ ॥ ੧ ॥ ਐਸਾ ਨਾਮੁ ਰਤਨੁ [੮]ਨਿਧਿ ਮੇਰੈ ॥ ਗੁਰਮਤਿ ਦੇਹਿ ਲਗਉ ਪਗਿ[੯] ਤੇਰੈ ॥ ੧ ॥ ਰਹਾਉ ॥ ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥ ਮਨੁ ਦਾਤਾ ਮਨੁ ਮੰਗਤਾ [੧੦]ਮਨ ਸਿਰਿ ਗੁਰੁ ਕਰਤਾਰੁ ॥ ਪੰਚ[੧੧] ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥ ੨ ॥ ਘਟਿ ਘਟਿ ਏਕੁ ਵਖਾਣੀਐ ਕਹਉ[੧੨] ਨ ਦੇਖਿਆ ਜਾਇ ॥ [੧੩]ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ ॥ ਜਾ ਤੂ ਮੇਲਹਿ ਤਾ ਮਿਲਿ ਰਹਾਂ ਜਾਂ ਤੇਰੀ ਹੋਇ ਰਜਾਇ ॥ ੩ ॥ [੧੪]ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥ ੪ ॥ ੧੦ ॥ ਪ੍ਰਭਾਤੀ ਮਹਲਾ ੧† ॥ [੧੫]ਜਾਗਤੁ ਬਿਗਸੈ ਮੂਠੋ ਅੰਧਾ ॥ ਗਲਿ ਫਾਹੀ ਸਿਰਿ ਮਾਰੇ ਧੰਧਾ ॥ [੧੬]ਆਸਾ ਆਵੈ ਮਨਸਾ ਜਾਇ ॥ [੧੭]ਉਰਝੀ ਤਾਣੀ ਕਿਛੁ ਨ ਬਸਾਇ ॥ ੧ ॥ [੧੮]ਜਾਗਸਿ ਜੀਵਣ ਜਾਗਣਹਾਰਾ ॥ ਸੁਖ ਸਾਗਰ ਅੰਮ੍ਰਿਤ ਭੰਡਾਰਾ ॥ ੧ ॥ ਰਹਾਉ ॥ ਕਹਿਓ ਨ ਬੂਝੈ ਅੰਧੁ ਨ ਸੂਝੈ [੧੯]ਭੋਂਡੀ ਕਾਰ ਕਮਾਈ ॥ [੨੦]ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥ ੨ ॥ [੨੧]ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ[੨੨] ਮਾਇਆ ਮੋਹੁ ਘਟਾਈ[੨੩] ॥ ਬਿਨੁ ਗੁਰ ਬੂਡੋ[੨੪] ਠਉਰ[੨੫] ਨ ਪਾਵੈ [੨੬]ਜਬ ਲਗ ਦੂਜੀ ਰਾਈ ॥ ੩ ॥ [੨੭]ਅਹਿਨਿਸਿ ਜੀਆ ਦੇਖਿ ਸਮ੍ਾਲੈ ਸੁਖੁ ਦੁਖੁ ਪੁਰਬਿ ਕਮਾਈ ॥ ਕਰਮਹੀਣੁ[੨੮] ਸਚੁ ਭੀਖਿਆ ਮਾਂਗੈ ਨਾਨਕ ਮਿਲੈ ਵਡਾਈ ॥ ੪ ॥ ੧੧ ॥ ਪ੍ਰਭਾਤੀ ਮਹਲਾ ੧‡ ॥ [੨੯]ਮਸਟਿ ਕਰਉ ਮੂਰਖੁ ਜਗਿ ਕਹੀਆ ॥ [੩੦]ਅਧਿਕ ਬਕਉ ਤੇਰੀ ਲਿਵ ਰਹੀਆ ॥ [੩੧]ਭੂਲ ਚੂਕ ਤੇਰੈ ਦਰਬਾਰਿ ॥ [੩੨]ਨਾਮ ਬਿਨਾ ਕੈਸੇ ਆਚਾਰ ॥ ੧ ॥ ਐਸੇ ਝੂਠਿ[੩੩] ਮੁਠੇ ਸੰਸਾਰਾ ॥ [੩੪]ਨਿੰਦਕੁ ਨਿੰਦੈ ਮੁਝੈ ਪਿਆਰਾ ॥ ੧ ॥ ਰਹਾਉ ॥ [੩੫]ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥ ਗੁਰ ਕੈ ਸਬਦੇ ਦਰਿ ਨੀਸਾਣੈ[੩੬] ॥ [੩੭]ਕਾਰਣ ਨਾਮੁ ਅੰਤਰਗਤਿ ਜਾਣੈ ॥ ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥ ੨ ॥ ਮੈ ਮੈਲੌ ਊਜਲੁ ਸਚੁ ਸੋਇ ॥ [੩੮]ਊਤਮੁ ਆਖਿ ਨ ਊਚਾ ਹੋਇ ॥ ਮਨਮੁਖੁ ਖੂਲਿ੍ [੩੯]ਮਹਾ ਬਿਖੁ ਖਾਇ ॥ ਗੁਰਮੁਖਿ

ਫਰੀਦਾ ਮੰਡਪ ਮਾਲੁ ਨ ਲਾਇ ਮਰਗ[1] ਸਤਾਣੀ[2] ਚਿਤਿ ਧਰਿ ॥ ਸਾਈ ਜਾਇ ਸਮ੍ਾਲਿ ਜਿਥੈ ਹੀ ਤਉ ਵੰਞਣਾ[3] ॥ ੫੮ ॥ ਫਰੀਦਾ ਜਿਨ੍ੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ[4] ਸਾਂਈ ਦੈ ਦਰਬਾਰਿ ॥ ੫੯ ॥ ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ[5] ॥ ਦਰਵੇਸਾਂ ਨੋ ਲੋੜੀਐ [6]ਰੁਖਾਂ ਦੀ ਜੀਰਾਂਦਿ ॥ ੬੦ ॥ ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥ ਗੁਨਹੀ[7] ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ੬੧ ॥ ਤਤੀ ਤੋਇ[8] ਨ ਪਲਵੈ ਜੇ ਜਲਿ ਟੁਬੀ ਦੇਇ ॥ ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥ ੬੨ ॥ ਜਾਂ ਕੁਆਰੀ ਤਾ ਚਾਉ[9] ਵੀਵਾਹੀ ਤਾਂ ਮਾਮਲੇ[10] ॥ ਫਰੀਦਾ [11]ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥ ੬੩ ॥ ਕਲਰ ਕੇਰੀ ਛਪੜੀ ਆਇ ਉਲਥੇ ਹੰਝ[12] ॥ ਚਿੰਜੂ ਬੋੜਨਿ੍ ਨਾ ਪੀਵਹਿ ਉਡਣ ਸੰਦੀ ਡੰਝ[13] ॥ ੬੪ ॥ ਹੰਸੁ ਉਡਰਿ ਕੋਧ੍ਰੈ[14] ਪਇਆ ਲੋਕੁ ਵਿਡਾਰਣਿ[15] ਜਾਇ ॥ ਗਹਿਲਾ[16] ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥ ੬੫ ॥ ਚਲਿ ਚਲਿ ਗਈਆਂ ਪੰਖੀਆਂ[17] ਜਿਨ੍ੀ ਵਸਾਏ ਤਲ[18] ॥ ਫਰੀਦਾ ਸਰੁ ਭਰਿਆ ਭੀ ਚਲਸੀ ਥਕੇ[19] ਕਵਲ ਇਕਲ ॥੬੬ ॥ ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥ *ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥੬੭ ॥ ਫਰੀਦਾ [20]ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥ ਅਜਰਾਈਲੁ ਫਰੇਸਤਾ ਕੈ ਘਰਿ ਨਾਠੀ[21] ਅਜੁ ॥ ੬੮ ॥ ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥ ਜੋ ਸਜਣ [22]ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥ ੬੯ ॥ ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ ੭੦ ॥ ਉਠੁ ਫਰੀਦਾ ਉਜੂ[23] ਸਾਜਿ ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧ ॥ ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ [24]ਕੀਜੈ ਕਾਂਇ ॥ ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ੭੨ ॥ ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥ ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ[25] ॥ ੭੩ ॥ ਫਰੀਦਾ ਮਨੁ ਮੈਦਾਨੁ ਕਰਿ [26]ਟੋਏ ਟਿਬੇ ਲਾਹਿ ॥ ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ[27] ॥ ੭੪ ॥ ਮਹਲਾ ੫ ॥ ਫਰੀਦਾ [28]ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥ ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ[29] ॥ ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥ ੭੬ ॥ ਚਬਣ[30] ਚਲਣ[31] ਰਤੰਨ[32] ਸੇ [33]ਸੁਣੀਅਰ ਬਹਿ ਗਏ ॥ [34]ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ੭੭ ॥ ਫਰੀਦਾ

੧ ਦੁੱਖੀਂ । ਉਮਰ ਰੂਪ ਰਾਤ ਦੁਖੀ ਗੁਜ਼ਰਦੀ ਹੈ ।
੨ ਦਰਵਾਜ਼ੇ 'ਤੇ ।
੩ ਬਹੁਤਾ । ੪ ਲੂਣ ।
੫ ਧੌਂਸੇ (ਰਾਜਗੀਰੀ ਦੇ ਨਿਸ਼ਾਨ) । ਜਿਨ੍ਹਾਂ ਪਾਸ ਧੌਂਸੇ ਸਨ ਤੇ ਸਿਰ 'ਤੇ ਛਤਰ ਸੀ ।
੬ ਢੋਲਕੀ । ੭ [ਸੱਦ] ਉਸਤਤੀ ਦੇ ਗੀਤ ।
੮ ਭਟ । ਭਟ ਉਨ੍ਹਾਂ ਦੀ ਸਿਫ਼ਤ ਗਾਉਂਦੇ ਹਨ ।
੯ ਮਸਾਣਾਂ ਵਿੱਚ ।
੧੦ ਜਾਂ ਯਤੀਮਾਂ (ਨਿਆਸਰਿਆਂ) ਵਾਂਗ ਕਬਰੀਂ ਗੱਡੇ ਗਏ ।
੧੧ ਕਬਰਾਂ ਵਿੱਚ ।
੧੨ ਗੋਦੜੀ ਭਾਵ ਸਰੀਰ ਨੂੰ ਤਾਂ ਕਈ ਮੇਖਾਂ ਹਨ (ਪਕਿਆਂ ਕਰੀ ਫਿਰਦਾ ਹੈ), ਪਰ ਜਿੰਦ ਨੂੰ ਕੋਈ ਨਹੀਂ, ਸੁਆਸ ਨਿਕਲਣ ਨਾਲ ਖਾਤਮਾ ਹੈ ।
੧੩ [ਅ.] ਸ਼ੇਖ ਦਾ ਬਹੁ ਵਚਨ ਮਸ਼ਾਇਖ ।
੧੪ ਦੋ ਅੱਖਾਂ । ੧੫ ਮਲਕ ਉਲ ਮੌਤ, ਜਮ ।
੧੬ ਸਰੀਰ ਰੂਪ ਕਿਲ੍ਹਾ ।
੧੭ ਜੀਵ-ਆਤਮਾ ।
੧੮ ਕਪਾਹ ਨਾਲ ਜੋ ਹੋਇਆ ਅਤੇ ਤਿਲਾਂ ਸਿਰ ਜੋ ਬੀਤੀ ।
੧੯ ਤਿਲਾਂ ਦੇ । ੨੦ ਇਹੋ ਜਹੀ ।
੨੧ ਮੋਢੇ 'ਤੇ ਫੂਹੜੀ ਤੇ ਗਲ ਵਿੱਚ ਖਫਣੀ ।
੨੨ ਕੈਂਚੀ ।
੨੩ ਮੂੰਹ ਵਿੱਚ । ਮੂੰਹ ਵਿੱਚ ਗੁੜ ਹੈ, ਭਾਵ ਬਾਹਰਲੀ ਮਿਠਾਸ ।
੨੪ ਗੁਰੂ ਜੀ ਫ਼ਰੀਦ ਜੀ ਦੇ ਉਤਲੇ ਨਿਰਾਸਤਾ ਭਰੇ ਖਿਆਲ ਨੂੰ ਦਰੁਸਤ ਕਰਦੇ ਹਨ । (ਇਹੋ ਸ਼ਲੋਕ ਪੰ: ੯੪੯ ਉੱਤੇ ਵਾਰ ਰਾਮਕਲੀ ਦੀ ਅੱਠਵੀਂ ਪਉੜੀ ਦਾ ਪਹਿਲਾ ਸ਼ਲੋਕ ਕਰ ਕੇ ਦਿੱਤਾ ਹੈ । ਉਥੇ 'ਤਿਤੁ ਤਨਿ' ਦੀ ਥਾਂ 'ਤਿਨ ਤਨਿ' ਹੈ । ਇਥੇ ਭੀ ਕਈ ਪੁਰਾਤਨ ਬੀੜਾਂ ਵਿੱਚ 'ਤਿਨ ਤਨਿ' ਆਉਂਦਾ ਹੈ)।
੨੫ ਹਰੀ ਦਾ ਡਰ ਪੈਣ ਨਾਲ ਸਰੀਰ ਆਪੇ ਪਤਲਾ ਹੋ ਜਾਂਦਾ ਹੈ, ਕਿਉਂਕਿ ਲੋਭ ਰੂਪ ਰਤ ਵਿੱਚੋਂ ਨਿਕਲ ਜਾਂਦੀ ਹੈ ।
੨੬ ਅੱਗ ਵਿੱਚ । ੨੭ ਗੁਰੂ-ਸਰੋਵਰ ।
੨੮ ਨਾਮ ਰੂਪ ਵਸਤੂ ।
੨੯ ਛੋਟਾ, ਟੋਭਾ, ਦੰਭੀ ਗੁਰੂ ਢੂੰਢਣ ਨਾਲ ।
੩੦ ਜਵਾਨੀ ਵਿੱਚ । ੩੧ ਮਰ ਗਈ ।
੩੨ ਇਸਤ੍ਰੀ ਕਬਰ ਵਿੱਚ ਪੈ ਕੇ ਪੁਕਾਰ ਕਰਦੀ ਹੈ ਕਿ ਹੇ ਪਤੀ ! ਮੈਂ ਤੈਨੂੰ ਨਾ ਮਿਲ ਸਕੀ ।
੩੩ ਪੀਲਾ ਹੋ ਗਿਆ (ਉਮਰ ਦੇ ਕਾਰਨ) ।
੩੪ ਗਾਫ਼ਲ, ਝੱਲੇ ।
੩੫ ਧ੍ਰਕ ਮਾਰਨਾ, ਛਾਲਾਂ ਮਾਰਨਾ, ਦੌੜਨਾ । ਕੋਠੇ 'ਤੇ ਕਿੰਨਾ ਚਿਰ ਦੌੜੇਂਗਾ, ਭਾਵ ਕਿੰਨਾ ਚਿਰ ਜੀਵੇਂਗਾ?
੩੬ ਪਤੀ ਵਲੋਂ ਜੋ ਸੁੱਤਾ ਹੈਂ, ਉਸ ਨੀਂਦ ਨੂੰ ਦੂਰ ਕਰ!
੩੭ ਗੇਣਵੇਂ, ਗਿਣਤੀ ਦੇ, ਥੋੜ੍ਹੇ ।
੩੮ ਲੰਘਦੇ ਲੰਘਦੇ ਲੰਘ ਗਏ, ਬੀਤ ਗਏ ।
੩੯ ਜਦੋਂ ਕਬਰ ਵਿੱਚ ਅਣਮਿਣੀ ਮਿੱਟੀ ਤੇਰੇ ਉੱਤੇ ਪਏਗੀ, ਭਾਵ ਜਦ ਮਰ ਜਾਏਂਗਾ ।

* ਇਹ ਸ਼ਲੋਕ ਔਖਾ ਹੈ । ਕੋਈ ਅਰਥ ਕਰਨ ਵਾਲਾ ਦੂਜੇ ਨਾਲ ਨਹੀਂ ਰਲਦਾ । ਆਮ ਤੌਰ 'ਤੇ ਅਰਥ ਇਹ ਕੀਤੇ ਜਾਂਦੇ ਹਨ ਕਿ ਲੁਹਾਰ ਘੜਾ ਸਿਰ 'ਤੇ ਚੁਕ ਕੇ ਅਤੇ ਮੋਢੇ 'ਤੇ ਕੁਹਾੜਾ ਰੱਖ ਕੇ ਰੁੱਖ ਦੇ ਦੁਆਲੇ ਹੋਇਆ ਹੈ । ਫ਼ਰੀਦ ਜੀ ਉਸ ਨੂੰ ਕਹਿੰਦੇ ਹਨ ਕਿ ਮੈਂ ਤਾਂ ਉਸ ਰੁੱਖ ਪਾਸ ਜਾ ਰਿਹਾ ਹਾਂ ਭਗਤੀ ਕਰਨ ਲਈ, ਪਰ ਤੂੰ ਉਸ ਨੂੰ ਵੱਢ ਕੇ ਅੰਗਾਰ ਬਣਾਨ ਲਈ ਜਾ ਰਿਹਾ ਹੈਂ । ਇਨ੍ਹਾਂ ਅਰਥਾਂ ਦੇ ਮੰਨਣ ਵਿੱਚ ਕਈ ਔਕੜਾਂ ਹਨ । ਜੇ ਇਹ ਅਰਥ ਲਈਏ ਤਾਂ ਪਾਠ ਇਉਂ ਚਾਹੀਦਾ ਹੈ; 'ਵਣ ਕੈ ਸਰਿ' । ਦੇਖੋ ਨੇਮ ੭ (ਅ)। ਦੂਜੀ ਔਕੜ ਇਹ ਹੈ ਫ਼ਰੀਦ ਜੀ ਵੱਲੋਂ ਇਕ ਤਰ੍ਹਾਂ ਦੀ ਹਉਮੈ ਪ੍ਰਤੀਤ ਹੁੰਦੀ ਹੈ । ਫਿਰ ਸਿਰ 'ਤੇ ਘੜਾ ਲੈਣ ਦਾ ਕੋਈ ਭਾਵ ਨਾ ਨਿਕਲਿਆ ।

ਇਨ੍ਹਾਂ ਔਕੜਾਂ ਨੂੰ ਦੂਰ ਕੇ ਇਉਂ ਅਰਥ ਕਰਨੇ ਬਿਹਤਰ ਮਲੂਮ ਹੁੰਦੇ ਹਨ: ਲੁਹਾਰ ਕਿਧਰ ਨੂੰ ਜਾਂਦਾ ਹੈ? ਸਰੋਵਰ ਨੂੰ ਜਾਂ ਬਨ ਨੂੰ ? ਉਸ ਦੇ ਸਿਰ 'ਤੇ ਘੜਾ ਹੈ (ਜਿਸ ਨੂੰ ਲੈ ਕੇ ਸਰੋਵਰ ਨੂੰ ਜਾਣਾ ਹੈ) ਅਤੇ ਮੋਢੇ ਤੇ ਕੁਹਾੜਾ ਹੈ (ਜਿਸ ਨਾਲ ਬਨ ਦੇ ਰੁੱਖ ਕੱਟਣੇ ਹਨ) । ਘੜਾ ਕਹਿੰਦਾ ਹੈ ਕਿ ਮੈਂ ਤਾਂ ਆਪਣੇ ਮਾਲਕ-ਸਰੋਵਰ ਨੂੰ ਢੂੰਢਦਾ ਹਾਂ, ਤੇ ਤੂੰ (ਹੇ ਕੁਹਾੜੇ !) ਅੰਗਾਰ ਭਾਲਦਾ ਹੈ; ਭਾਵ ਰੁੱਖ ਕੱਟਣ ਨੂੰ ਫਿਰਦਾ ਹੈਂ, ਤਾਂ ਜੋ ਵਢ ਕੇ, ਸਾੜ ਕੇ ਕੋਇਲੇ ਬਣਾਵਾਂ ।

ਲੁਹਾਰ ਜਗਿਆਸੂ ਹੈ । ਹਰ ਇਕ ਮਨੁੱਖ ਦੇ ਸਾਮ੍ਹਣੇ ਦੋ ਰਸਤੇ ਹਨ : (੧) ਕੁਹਾੜੇ ਵਾਲਾ ਜ਼ੁਲਮ ਵਾਲਾ, ਤੇ (੨) ਸ਼ਾਂਤ ਬ੍ਰਿਤੀ ਵਾਲਾ, ਮਾਲਕ ਦੀ ਟੋਹ ਰੱਖਣ ਵਾਲਾ । ਨਾਲ ਲੱਗਦੇ ਸ਼ਲੋਕਾਂ ਵਿੱਚ ਵੀ ਦੋ ਦੋ ਕਿਸਮ ਦੇ ਲੋਕਾਂ ਦਾ ਜ਼ਿਕਰ ਹੈ ।

ਡੁਖੀ[੧] ਰੈਣਿ ਵਿਹਾਇ ॥ ੪੦ ॥ ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥ ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥ ੪੧ ॥ ਫਰੀਦਾ ਬਾਰਿ[੨] ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥ ੪੨ ॥ *ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥ ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥ ੪੩ ॥ ਫਰੀਦਾ ਇਕਨਾ ਆਟਾ ਅਗਲਾ[੩] ਇਕਨਾ ਨਾਹੀ ਲੋਣੁ[੪] ॥ ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥ ੪੪ ॥ ਪਾਸਿ ਦਮਾਮੇ[੫] ਛਤੁ ਸਿਰਿ ਭੇਰੀ[੬] ਸਡੋ[੭] ਰਡ[੮] ॥ ਜਾਇ ਸੁਤੇ ਜੀਰਾਣ[੯] ਮਹਿ [੧੦]ਥੀਏ ਅਤੀਮਾ ਗਡ ॥ ੪੫ ॥ ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥ ਕੂੜਾ ਸਉਦਾ ਕਰਿ ਗਏ ਗੋਰੀ[੧੧] ਆਇ ਪਏ ॥ ੪੬ ॥ ਫਰੀਦਾ [੧੨]ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥ ਵਾਰੀ ਆਪੋ ਆਪਣੀ ਚਲੇ ਮਸਾਇਕ[੧੩] ਸੇਖ ॥ ੪੭ ॥ ਫਰੀਦਾ [੧੪]ਦੁਹੁ ਦੀਵੀ ਬਲੰਦਿਆ ਮਲਕੁ[੧੫] ਬਹਿਠਾ ਆਇ ॥ ਗੜੁ[੧੬] ਲੀਤਾ ਘਟੁ[੧੭] ਲੁਟਿਆ ਦੀਵੜੇ ਗਇਆ ਬੁਝਾਇ ॥ ੪੮ ॥ ਫਰੀਦਾ ਵੇਖੁ [੧੮]ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ[੧੯] ॥ ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ ਮੰਦੇ ਅਮਲ ਕਰੇਦਿਆ ਏਹ[੨੦] ਸਜਾਇ ਤਿਨਾਹ ॥ ੪੯ ॥ ਫਰੀਦਾ [੨੧]ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ [੨੨]ਗੁੜੁ ਵਾਤਿ[੨੩] ॥ ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥ ੫੦ ॥ ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥ ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥ ੫੧ ॥ ਮਃ ੩[੨੪] ॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥ [੨੫]ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥ ਜਿਉ ਬੈਸੰਤਰਿ[੨੬] ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥ ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ ੫੨ ॥ ਫਰੀਦਾ ਸੋਈ ਸਰਵਰੁ[੨੭] ਢੂਢਿ ਲਹੁ ਜਿਥਹੁ ਲਭੀ ਵਥੁ[੨੮] ॥ [੨੯]ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ ੫੩ ॥ ਫਰੀਦਾ ਨੰਢੀ[੩੦] ਕੰਤੁ ਨ ਰਾਵਿਓ ਵਡੀ ਥੀ ਮੁਈਆਸੁ[੩੧] ॥ [੩੨]ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥ ੫੪ ॥ ਫਰੀਦਾ ਸਿਰੁ ਪਲਿਆ[੩੩] ਦਾੜੀ ਪਲੀ ਮੁਛਾਂ ਭੀ ਪਲੀਆਂ ॥ ਰੇ ਮਨ ਗਹਿਲੇ[੩੪] ਬਾਵਲੇ ਮਾਣਹਿ ਕਿਆ ਰਲੀਆਂ ॥ ੫੫ ॥ ਫਰੀਦਾ ਕੋਠੇ ਧੁਕਣੁ[੩੫] ਕੇਤੜਾ [੩੬]ਪਿਰ ਨੀਦੜੀ ਨਿਵਾਰਿ ॥ ਜੋ ਦਿਹ ਲਧੇ ਗਾਣਵੇ[੩੭] [੩੮]ਗਏ ਵਿਲਾੜਿ ਵਿਲਾੜਿ ॥ ੫੬ ॥ ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥ [੩੯]ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥

੧ ਪਾਸੇ ।
੨ ਬਿਗਾਨੀ ਭਾਵ ਮੈਨੂੰ ਤਾਂ ਇਕ ਰਾਤ ਦਾ ਵਿਛੋੜਾ ਸਹਿਣਾ ਔਖਾ ਹੈ; ਉਨ੍ਹਾਂ ਲੋਕਾਂ ਦਾ ਜੀਣਾ ਹੀ ਹਰਾਮ ਹੈ ਜਿਹੜੇ ਉਸ ਦਾ ਖਿਆਲ ਹੀ ਨਹੀਂ ਕਰਦੇ ।
੩ ਪਿਛੇ ਰਖਿਆਂ, ਲੁਕਾਇਆ । ਮਿਤ੍ਰਾਂ (ਸਤਸੰਗੀਆਂ) ਦੇ ਆਇਆਂ ਜੇ ਮੈਂ ਕੁਝ ਲੁਕਾ ਕੇ ਰਖਿਆ ਹੈ ਤਾਂ ਮੇਰੇ ਸਰੀਰ ਦਾ ਮਾਸ ਸੜੇ !
੪ ਮਾਸ । ਮੇਰਾ ਮਾਸ ਮਜੀਠ ਵਰਗੇ ਲਾਲ ਅੰਗਾਰਾਂ ਉੱਤੇ ਸੜੇ ।
੫ ਬਿਜੌਰ ਦੇਸ਼ ਦੀਆਂ ।
੬ ਉੱਨ ਕਤਾਂਦਾ ਫਿਰਦਾ ਹੈ ਤੇ ਪਟ ਪਹਿਨਣਾ ਚਾਹੁੰਦਾ ਹੈ ।
੭ ਪਗ ਬਚਾਣ ਦੇ ਭੁਲੇਖੇ ਵਿੱਚ ।
੮ ਗਾਫਲ, ਬੇ-ਪਰਵਾਹ ।
੯ [ਨਬਾਤ] ਮਿਸ਼ਰੀ ।
੧੦ ਲੱਕੜ ਵਤ ਸੁੱਕੀ ।
੧੧ ਲਾਜ਼ਮਾ, ਲਾ ਕੇ ਖਾਣ ਵਾਲੀ ਚੀਜ਼, ਸਲੂਣਾ, ਭਾਜੀ ਆਦਿ ।
੧੨ ਬਹੁਤ ।
੧੩ ਛੁੱਟੜਾਂ ਕੋਲੋਂ ।
੧੪ ਤੁਹਾਡੀ ਰਾਤ ਕਿਵੇਂ ਲੰਘਦੀ ਹੈ ?
੧੫ ਪੇਕੇ ਘਰ (ਏਸੇ ਜਹਾਨ ਵਿੱਚ) ।
੧੬ ਖ਼ਬਰ ।
੧੭ ਚੰਗੀ ਸੁਹਾਗਣ ਬਣੀ ਫਿਰਦੀ ਹੈ ।
੧੮ ਦੇਖੋ ਵਾਰ ਮਾਰੂ ਮ: ੩, ਸ਼ਲੋਕ ਮ: ੧ ਪੰ: ੧੦੮੯ ।
੧੯ ਸਜੀ ਹੋਈ ।
੨੦ ਬੇ-ਫਿਕਰ ਹੋ ਕੇ ।
੨੧ ਜੋ ਕਸਤੂਰੀ ਦੀ ਸੁਗੰਧੀ ਭਜਨ ਦੇ ਪ੍ਰਤਾਪ ਨਾਲ ਮਿਲਣੀ ਸੀ ਉਹ ਚਲੀ ਗਈ ਤੇ ਹਿੰਗ ਦੀ ਬਦਬੋ ਵਿੱਚ ਬੇੜੀ (ਵੇਹੜੀ) ਰਹੀ । ਜ਼ਿੰਦਗੀ ਬਣੀ ਤਾਂ ਭਗਤੀ ਲਈ ਸੀ, ਪਰ ਅਣਗਹਿਲੀ ਕਰ ਕੇ ਸੋਹਣਾ ਮੌਕਾ ਖੁੰਝ ਗਿਆ ।
੨੨ ਕਿਤਨਿਆਂ ਦੇ ।
੨੩ ਚਿੰਤਾ ਮੰਜੀ ਹੈ ।
੨੪ ਵਿਛੋੜੇ ਦਾ ਦੁਖ ।
੨੫ ਹੇ ਬਿਰਹੋਂ ! ਤੂੰ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਹੈਂ ।
੨੬ ਵਿਛੋੜੇ ਨੂੰ ਮਹਿਸੂਸ ਕਰਨ ਦੀ ਹਾਲਤ, ਪ੍ਰੀਤ ਦੀ ਖਿੱਚ ।
੨੭ ਇਸਤ੍ਰੀ ਰੂਪ । ੨੮ ਲਿਬੇੜ ਕੇ ।
੨੯ ਇਕ ਬੀਜਦੇ ਬੀਜਦੇ ਰਹਿ ਗਏ, ਭਾਵ ਭੋਗਦੇ ਭੋਗਦੇ ਖਪਤ ਹੋ ਗਏ ਤੇ ਇਕ ਬੀਜ ਕੇ ਉਜਾੜ ਗਏ, ਭਾਵ ਤਿਆਗੀ ਹੋ ਗਏ ।
੩੦ ਚਾਰ ਪਹਿਰ (ਦਿਨ ਦੇ) ।
੩੧ ਫਿਰ ਕੇ ।
੩੨ ਸੌਂ ਕੇ ।
੩੩ ਆਇਆ ਕਿਹੜੇ ਕੰਮ ਸੀ ?
੩੪ ਸੁੰਦਰ ਸਰੀਰ ਘੜਿਆਲ ਵਾਂਗ ਹੈ ।

* ਕੰਬਲੀ ਪਈ ਭਿੱਜੇ, ਪਈ ਸਿੱਜੇ, ਪਰ ਰੱਬ ਕਰੇ ! ਮੀਂਹ ਜ਼ਰੂਰ ਵੱਸੇ । 'ਭਿਜਉ ਸਿਜਉ' ਦੇ ਅੰਤ ਔਂਕੜ ਵਾਲਾ ਅੱਖਰ ਉਵੇਂ ਹੀ ਹੈ ਜਿਵੇਂ 'ਝਖ ਮਾਰਨੁ' (ਪੰ: ੫੪੧, ਨੋਟ ੧) ਵਿੱਚ ਜਾਂ 'ਜਲਨੁ ਸਿ ਬਾਹੜੀਆਹਾ' (ਪੰ: ੫੫੮, ਨੋਟ ੪) ਵਿੱਚ ਹੈ । ਦੇਖੋ ਨੇਮ ੨੭ ।

ਧੁਖਿ ਉਠਨਿ ਪਾਸ[੧] ॥ ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ[੨] ਆਸ ॥
੨੧ ॥ ਫਰੀਦਾ ਜੇ ਮੈ ਹੋਦਾ ਵਾਰਿਆ[੩] ਮਿਤਾ ਆਇੜਿਆਂ ॥ ਹੇੜਾ[੪] ਜਲੈ
ਮਜੀਠ ਜਿਉ ਉਪਰਿ ਅੰਗਾਰਾ ॥ ੨੨ ॥ ਫਰੀਦਾ ਲੋੜੈ ਦਾਖ ਬਿਜਉਰੀਆਂ[੫]
ਕਿਕਰਿ ਬੀਜੈ ਜਟੁ ॥ [੬]ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥
ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ
ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥ *ਭਿਜਉ ਸਿਜਉ ਕੰਬਲੀ ਅਲਹ
ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥
ਫਰੀਦਾ ਮੈ [੭]ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ ਗਹਿਲਾ[੮] ਰੂਹੁ ਨ
ਜਾਣਈ ਸਿਰੁ ਭੀ ਮਿਟੀ ਖਾਇ ॥ ੨੬ ॥ ਫਰੀਦਾ ਸਕਰ ਖੰਡੁ ਨਿਵਾਤ[੯]
ਗੁੜੁ ਮਾਖਿਉ ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥
੨੭ ॥ ਫਰੀਦਾ ਰੋਟੀ ਮੇਰੀ [੧੦]ਕਾਠ ਕੀ ਲਾਵਣੁ[੧੧] ਮੇਰੀ ਭੁਖ ॥ ਜਿਨਾ
ਖਾਧੀ ਚੋਪੜੀ ਘਣੇ[੧੨] ਸਹਨਿਗੇ ਦੁਖ ॥ ੨੮ ॥ ਰੁਖੀ ਸੁਖੀ ਖਾਇ ਕੈ ਠੰਢਾ
ਪਾਣੀ ਪੀਉ ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ ੨੯ ॥
ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥ ਜਾਇ ਪੁਛਹੁ ਡੋਹਾਗਣੀ[੧੩]
[੧੪]ਤੁਮ ਕਿਉ ਰੈਣਿ ਵਿਹਾਇ ॥ ੩੦ ॥ ਸਾਹੁਰੈ ਢੋਈ ਨਾ ਲਹੈ ਪੇਈਐ[੧੫]
ਨਾਹੀ ਥਾਉ ॥ ਪਿਰੁ ਵਾਤੜੀ[੧੬] ਨ ਪੁਛਈ [੧੭]ਧਨ ਸੋਹਾਗਣਿ ਨਾਉ ॥ ੩੧ ॥
[੧੮]ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥ ਨਾਨਕ ਸੋ ਸੋਹਾਗਣੀ ਜੁ
ਭਾਵੈ ਬੇਪਰਵਾਹ ॥ ੩੨ ॥ ਨਾਤੀ ਧੋਤੀ ਸੰਬਹੀ[੧੯] ਸੁਤੀ ਆਇ ਨਚਿੰਦੁ[੨੦] ॥
[੨੧]ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ ੩੩ ॥ ਜੋਬਨ
ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥ ਫਰੀਦਾ ਕਿਤੀਂ[੨੨] ਜੋਬਨ ਪ੍ਰੀਤਿ
ਬਿਨੁ ਸੁਕਿ ਗਏ ਕੁਮਲਾਇ ॥ ੩੪ ॥ ਫਰੀਦਾ [੨੩]ਚਿੰਤ ਖਟੋਲਾ ਵਾਣੁ ਦੁਖੁ
ਬਿਰਹਿ[੨੪] ਵਿਛਾਵਣ ਲੇਫੁ ॥ ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥
੩੫ ॥ ਬਿਰਹਾ ਬਿਰਹਾ ਆਖੀਐ [੨੫]ਬਿਰਹਾ ਤੂ ਸੁਲਤਾਨੁ ॥ [੨੬]ਫਰੀਦਾ
ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥ ੩੬ ॥ ਫਰੀਦਾ ਏ
ਵਿਸੁ ਗੰਦਲਾ[੨੭] ਧਰੀਆਂ ਖੰਡੁ ਲਿਵਾੜਿ[੨੮] ॥ [੨੯]ਇਕਿ ਰਾਹੇਦੇ ਰਹਿ
ਗਏ ਇਕਿ ਰਾਧੀ ਗਏ ਉਜਾੜਿ ॥ ੩੭ ॥ ਫਰੀਦਾ ਚਾਰਿ[੩੦] ਗਵਾਇਆ
ਹੰਢਿ[੩੧] ਕੈ ਚਾਰਿ ਗਵਾਇਆ ਸੰਮਿ[੩੨] ॥ ਲੇਖਾ ਰਬੁ ਮੰਗੇਸੀਆ ਤੂ [੩੩]ਆਂਹੋ
ਕੇਰ੍ਹੇ ਕੰਮਿ ॥ ੩੮ ॥ ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ
ਘੜੀਆਲੁ ॥ ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥ ੩੯ ॥
ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥ [੩੪]ਸੋ ਹੇੜਾ ਘੜੀਆਲ ਜਿਉ

੧ ਔਖੀ, ਕਠਿਨ ।
੨ ਪਰ ਮੈਂ ਦੁਨੀਆਂਦਾਰਾਂ ਦੇ ਢੰਗ ਨਾਲ ਚਲ ਰਿਹਾ ਹਾਂ । ਇਹ ਜੋ ਫ਼ਕੀਰਾਂ ਵਾਲੀ ਪੋਟਲੀ ਚੁੱਕੀ ਹੈ, ਭਾਵ ਫ਼ਕੀਰੀ ਧਾਰਨ ਕੀਤੀ ਹੈ ਇਸ ਨੂੰ ਕਿਥੇ ਸੁੱਟ ਪਾਵਾਂ? ਭਾਵ ਇਸ ਦੀ ਲਾਜ ਰੱਖਣੀ ਹੀ ਪਵੇਗੀ।
੩ ਅੱਗ ।
੪ ਨਹੀਂ ਤਾਂ ਮੈਂ ਵੀ ਸੜ ਜਾਂਦਾ ।
੫ ਸੁਆਸ ਰੂਪ ।
੬ ਭਾਵ ਜੀਵਨ ਨੂੰ ਵਿਚਾਰ ਨਾਲ ਚਲਾਵਾਂ ।
੭ ਬਾਲ, ਬਾਲ ਸੁਭਾਵ ਵਾਲਾ । ਜਦ ਉਹ ਮਾਲਕ ਬਾਲ ਸੁਭਾਵ ਰੱਖਦਾ ਹੈ, ਚਤੁਰਾਈਆਂ ਤੇ ਨਖ਼ਰਿਆਂ 'ਤੇ ਨਹੀਂ ਰੀਝਦਾ, ਤਾਂ ਇਨ੍ਹਾਂ ਗੱਲਾਂ ਉੱਤੇ ਘਟ ਮਾਣ ਕਰਾਂ ।
੮ ਪ੍ਰੀਤਿ ਦਾ ਲੜ, ਜੋ ਜ਼ਰਾ-ਜ਼ਰਾ ਗੱਲ 'ਤੇ ਟੁੱਟ ਸਕਦਾ ਹੈ ।
੯ ਫਿਰ ਕੇ, ਢੂੰਢ ਕੇ ।
੧੦ ਬਾਰੀਕ ਅਕਲ ਰੱਖਦਾ ਹੈਂ ।
੧੧ ਪਾਪ ਨਾ ਕਰ ।
੧੨ ਬੁੱਕਲ । ਆਪਣੇ ਅਵਗੁਣਾਂ ਵੱਲ ਝਾਤ ਮਾਰ ।
੧੩ ਪਰਤ ਕੇ ।
੧੪ ਮਾਰਨ ਵਾਲਿਆਂ ਦੇ ਪੈਰ ਚੁੰਮ ਕੇ ਆਪਣੇ ਘਰ ਜਾਈਏ ।
੧੫ ਮੌਤ ਦੀ ਨੀਂਹ ਵਧ ਰਹੀ ਹੈ, ਭਾਵ ਪੱਕੀ ਹੋ ਰਹੀ ਹੈ; ਜਦ ਖੇਪ ਭਰੀ ਜਾਂਦੀ ਹੈ ਤਾਂ ਲੱਦ ਕੇ ਟੁਰ ਪੈਂਦੇ ਹਨ, ਭਾਵ ਜਦ ਸੁਆਸ ਪੂਰੇ ਹੋ ਜਾਂਦੇ ਹਨ ਤਾਂ ਜੀਵ ਤੁਰ ਪੈਂਦਾ ਹੈ ।
੧੬ ਹੋ ਗਿਆ, ਵਰਤਿਆ ।
੧੭ ਭੂਰੀ, ਕਰੜ-ਬਰੜੀ ।
੧੮ ਚੰਗੇ ਪਦਾਰਥ ਵਿਹੁ ਰੂਪ ਹੋ ਗਏ ।
੧੯ [ਵਿਦਨਾ] ਦੁੱਖ ਦੀ ਹਾਲਤ, ਪੀੜ ।
੨੦ [ਵੇਖ-ਵੇਖ] ਕਮਜ਼ੋਰ ਹੋ ਗਈਆਂ ।
੨੧ ਖ਼ਾਲੀ, ਬੋਲੇ ਹੋ ਗਏ ।
੨੨ ਖੇਤੀ ਦੇਹ ਰੂਪ । ਭਾਵ ਜਵਾਨੀ ਚਲੀ ਗਈ ਤੇ ਬੁੱਢੇਪਾ ਆ ਗਿਆ ਕਈ ਢੰਗਾਂ ਨਾਲ ।
੨੩ ਕਾਲੇ ਕੇਸਾਂ ਨਾਲ, ਭਾਵ, ਜਵਾਨੀ ਵਿੱਚ ।
੨੪ ਸਿਮਰਿਆ । ੨੫ ਬੁੱਢੇਪੇ ਵਿੱਚ ।
੨੬ ਕੋਈ ਵਿਰਲਾ । ੨੭ ਪ੍ਰੇਮ ।
੨੮ ਜਦੋਂ ਅਜੇ ਰੰਗ ਨਵਾਂ ਜਾਂ ਸੱਜਰਾ ਹੀ ਹੈ, ਭਾਵ ਜਵਾਨੀ ਕਾਇਮ ਹੈ ।
੨੯ ਪਿਆਰ । ੩੦ ਅੱਖਾਂ ਨੇ ।
੩੧ ਕੱਜਲ ਦੀ ਲੀਕ ਨੂੰ ਸਹਾਰ ਨਹੀਂ ਸਕਦੀਆਂ ਸਨ, ਹੁਣ ਪੰਛੀਆਂ ਦੇ ਬੱਚੇ ਵਿੱਚ ਬੈਠੇ ਹਨ ।
੩੨ ਦੁਹਾਈ ਦੇਂਦਿਆਂ । ੩੩ ਤਬਾਹ ਕੀਤਾ ।
੩੪ ਹੋ ਜਾ ਪਹੇ (ਰਾਹ) ਦੀ ਘਾਹ ।
੩੫ ਘਾਹ । ੩੬ ਸਰਬ-ਵਿਆਪਕ।
੩੭ ਇਕ ਤਾਂ ਤੂੰ ਕੱਟੀ ਜਾਵੇਂ ਤੇ ਦੂਜਾ ਲਿਤਾੜੀ ਜਾਵੇਂ (ਇੰਨੀ ਕੁਰਬਾਨੀ ਤੇ ਆਪਾ ਗਵਾਣ ਦੀ ਲੋੜ ਹੈ), ਤਾਂ ਲੋਕਾਂ ਦੇ ਪੈਰਾਂ ਨਾਲ ਲੱਗੀ ਹੋਈ ਮਸੀਤ ਦੇ ਅੰਦਰ ਲਿਆਈ ਜਾਵੇਂਗੀ ।
੩੮ ਦੇਖੋ "ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ (ਸੂਹੀ ਮ: ੪, ਪੰ: ੭੩੫) । ਹੋਰ ਦੇਖੋ ਪੰ: ੯੨੦, ੧੪ । (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ 'ਖਾਕ' ਪਾਠ ਹੈ ।)
੩੯ ਟੁੱਟੇ ਹੋਏ ਛੱਪਰ ਉੱਤੇ ਮੀਂਹ ਪੈਂਦਾ ਹੋਵੇ ਤਾਂ (ਉਸ ਦੇ ਹੇਠਾਂ) ਕਿੰਨਾ-ਕੁ ਚਿਰ ਲੰਘਾ ਸਕੀਦਾ ਹੈ ?
੪੦ ਲਤਾੜਦਾ ਹੈਂ, ਜੰਗਲ ਵਿੱਚ ਤੂੰ ਕੰਡੇ ਲਤਾੜਦਾ ਫਿਰਦਾ ਹੈਂ ।
੪੧ ਦਿੱਲ ਵਿੱਚ । ੪੨ ਲੱਤਾਂ ਨਾਲ ।
੪੩ ਪਰਬਤ । ੪੪ ਮੈਂ ਫਿਰਿਆ ਹਾਂ।
੪੫ ਅੱਜ ਫ਼ਰੀਦ ਨੂੰ (ਕੋਲ ਪਿਆ) ਲੋਟਾ ਚੁੱਕਣਾ ਵੀ ਇਉਂ ਹੈ ਜਿਵੇਂ ਸੌ ਕੋਹ ਤੋਂ ਫੜ ਕੇ ਆਂਦਾ ਹੈ।
੪੬ ਉਮਰ ਰੂਪ ਰਾਤ ।
੪੭ ਪਾਸੇ ਧੁਖ ਉੱਠਦੇ ਹਨ, ਪਾਸਿਆਂ ਵਿੱਚ ਜਲਨ ਮਹਿਸੂਸ ਹੁੰਦੀ ਹੈ ।

* ਫ਼ਰੀਦ ਜੀ ਦਾ ਉਤਲਾ ਸ਼ਲੋਕ ਬੁੱਢਿਆਂ ਲਈ ਕੁਝ ਨਿਰਾਸਤਾ ਭਰਿਆ ਸੀ । ਇਸ ਲਈ ਤੀਜੇ ਪਾਤਸ਼ਾਹ, ਜਿਨ੍ਹਾਂ ਦਾ ਆਪਣਾ ਪ੍ਰੇਮ ਬੁੱਢੇਪੇ ਵਿੱਚ ਲੱਗਾ ਸੀ, ਇਸ ਖਿਆਲ ਦੀ ਦਰੁਸਤੀ ਕਰਦੇ ਹਨ ਅਤੇ ਕਹਿੰਦੇ ਹਨ ਕਿ ਜਵਾਨੀ ਕੀ ਤੇ ਬੁੱਢੇਪਾ ਕੀ, ਜਦੋਂ ਭੀ ਕਿਸੇ ਦਾ ਜੀ ਕਰੇ ਹਰੀ ਤੋਂ ਪ੍ਰੇਮ ਮੰਗ ਸਕਦਾ ਹੈ । ਇਹ ਪ੍ਰੇਮ ਆਪਣੇ ਮਨ ਦੇ ਜ਼ੋਰ ਨਾਲ ਤਾਂ ਲੱਗਦਾ ਨਹੀਂ, ਹਰੀ ਆਪ ਹੀ ਮਿਹਰ 'ਤੇ ਆਵੇ ਤਾਂ ਲੱਗਦਾ ਹੈ । ਫੇਰ ਉਮਰ ਦਾ ਸਵਾਲ ਹੀ ਕੀ ਹੋਇਆ ?

ਗਾਖੜੀ[੧] [੨]ਚਲਾਂ ਦੁਨੀਆਂ ਭਤਿ ॥ ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥
੨ ॥ ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ[੩] ॥ ਸਾਂਈਂ ਮੇਰੈ ਚੰਗਾ
ਕੀਤਾ [੪]ਨਾਹੀ ਤ ਹੰ ਭੀ ਦਝਾਂ ਆਹਿ ॥ ੩ ॥ ਫਰੀਦਾ ਜੇ ਜਾਣਾ ਤਿਲ[੫] ਥੋੜੜੇ
[੬]ਸੰਮਲਿ ਬੁਕੁ ਭਰੀ ॥ ਜੇ ਜਾਣਾ ਸਹੁ ਨੰਢੜਾ[੭] ਤਾਂ ਥੋੜਾ ਮਾਣੁ ਕਰੀ ॥ ੪ ॥
ਜੇ ਜਾਣਾ ਲੜੁ[੮] ਛਿਜਣਾ ਪੀਡੀ ਪਾਈਂ ਗੰਢਿ ॥ ਤੈ ਜੇਵਡੁ ਮੈ ਨਾਹਿ ਕੋ ਸਭੁ
ਜਗੁ ਡਿਠਾ ਹੰਢਿ[੯] ॥ ੫ ॥ ਫਰੀਦਾ ਜੇ ਤੂ [੧੦]ਅਕਲਿ ਲਤੀਫੁ [੧੧]ਕਾਲੇ ਲਿਖੁ
ਨ ਲੇਖ ॥ ਆਪਨੜੇ ਗਿਰੀਵਾਨ[੧੨] ਮਹਿ ਸਿਰੁ ਨੀਵਾਂ ਕਰਿ ਦੇਖੁ ॥ ੬ ॥
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ[੧੩] ॥ [੧੪]ਆਪਨੜੈ ਘਰਿ
ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥ ੭ ॥ ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ
ਰਤਾ ਦੁਨੀ ਸਿਉ ॥ [੧੫]ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥
੮ ॥ ਦੇਖੁ ਫਰੀਦਾ ਜੁ ਥੀਆ[੧੬] ਦਾੜੀ ਹੋਈ ਭੂਰ[੧੭] ॥ ਅਗਹੁ ਨੇੜਾ ਆਇਆ
ਪਿਛਾ ਰਹਿਆ ਦੂਰਿ ॥ ੯ ॥ ਦੇਖੁ ਫਰੀਦਾ ਜਿ ਥੀਆ [੧੮]ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ[੧੯] ਕਹੀਐ ਕਿਸੁ ॥ ੧੦ ॥ ਫਰੀਦਾ ਅਖੀ [੨੦]ਦੇਖਿ
ਪਤੀਣੀਆਂ ਸੁਣਿ ਸੁਣਿ ਰੀਣੇ[੨੧] ਕੰਨ ॥ ਸਾਖ[੨੨] ਪਕੰਦੀ ਆਈਆ ਹੋਰ ਕਰੇਂਦੀ
ਵੰਨ ॥ ੧੧ ॥ ਫਰੀਦਾ ਕਾਲੀਂ[੨੩] ਜਿਨੀ ਨ ਰਾਵਿਆ[੨੪] ਧਉਲੀ[੨੫] ਰਾਵੈ ਕੋਇ ॥
[੨੬]ਕਰਿ ਸਾਂਈ ਸਿਉ ਪਿਰਹੜੀ[੨੭] [੨੮]ਰੰਗੁ ਨਵੇਲਾ ਹੋਇ ॥ ੧੨ ॥ ਮਃ ੩* ॥
ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥ ਆਪਣਾ
ਲਾਇਆ ਪਿਰਮੁ[੨੯] ਨ ਲਗਈ ਜੇ ਲੋਚੈ ਸਭੁ ਕੋਇ ॥ ਏਹੁ ਪਿਰਮੁ ਪਿਆਲਾ
ਖਸਮ ਕਾ ਜੈ ਭਾਵੈ ਤੈ ਦੇਇ ॥ ੧੩ ॥ ਫਰੀਦਾ ਜਿਨ੍ ਲੋਇਣ[੩੦] ਜਗੁ ਮੋਹਿਆ
ਸੇ ਲੋਇਣ ਮੈ ਡਿਠੁ ॥ [੩੧]ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥
੧੪ ॥ ਫਰੀਦਾ ਕੂਕੇਦਿਆ ਚਾਂਗੇਦਿਆ[੩੨] ਮਤੀ ਦੇਦਿਆ ਨਿਤ ॥ ਜੋ ਸੈਤਾਨਿ
ਵੰਞਾਇਆ[੩੩] ਸੇ ਕਿਤ ਫੇਰਹਿ ਚਿਤ ॥ ੧੫ ॥ ਫਰੀਦਾ [੩੪]ਥੀਉ ਪਵਾਹੀ
ਦਭੁ[੩੫] ॥ ਜੇ ਸਾਂਈ ਲੋੜਹਿ ਸਭੁ[੩੬] ॥ [੩੭]ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਈ ਦੈ ਦਰਿ ਵਾੜੀਅਹਿ ॥ ੧੬ ॥ ਫਰੀਦਾ ਖਾਕੁ[੩੮] ਨ ਨਿੰਦੀਐ ਖਾਕੂ
ਜੇਡੁ ਨ ਕੋਇ ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥ ੧੭ ॥
ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ [੩੯]ਕਿਚਰੁ ਝਤਿ
ਲਘਾਈਐ ਛਪਰਿ ਤੁਟੈ ਮੇਹੁ ॥ ੧੮ ॥ ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ[੪੦] ॥ ਵਸੀ ਰਬੁ ਹਿਆਲੀਐ[੪੧] ਜੰਗਲੁ ਕਿਆ ਢੂਢੇਹਿ ॥
੧੯ ॥ ਫਰੀਦਾ ਇਨੀ ਨਿਕੀ ਜੰਘੀਐ[੪੨] ਥਲ ਡੂੰਗਰ[੪੩] ਭਵਿਓਮ੍ਹਿ[੪੪] ॥ [੪੫]ਅਜੁ
ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥ ਫਰੀਦਾ ਰਾਤੀ[੪੬] ਵਡੀਆਂ [੪੭]ਧੁਖਿ

੧ ਹੇ ਬਿਰਖ (ਗੁਰੂ) । ਹੇ ਗੁਰੂ ! ਤੂੰ ਸਦਾ ਫਲ ਸਹਿਤ ਰਹੁ । ਤੈਥੋਂ ਤੇਰੇ ਸੇਵਕ ਫਲ ਸਹਿਤ ਹੋ ਕੇ ਬਾਹਰਲੇ ਦੇਸਾਂ ਵਿੱਚ ਇਸ ਫਲ ਨੂੰ ਵੰਡਣ ਜਾਂਦੇ ਹਨ ।

੨ ਮੱਥੇ 'ਤੇ, ਭਾਗਾਂ ਵਿੱਚ ।

੩ ਔਖੇ ਰਾਹ ਤੇ ਰੁਕਾਵਟ ਨਹੀਂ ਹੁੰਦੀ ।

੪ ਗੱਲ-ਬਾਤ, ਵਿਚਾਰ ।

੫ ਸ਼ਰਾਬ ਪੀਣਾ ।

੬ [ਪਾਤਾਲ] ਨਰਕ ਵਿੱਚ । ਭਾਵ ਸਭ ਗਰਕ ਜਾਂਦੇ ਹਨ ।

੭ ਅੱਖਾਂ ।

੮ ਪਿਆਰੇ ਨੂੰ ਦਿਲ ਵਿੱਚ ਰੱਖ ਕੇ ।

੯ ਜ਼ਾਹਰ ਨਾ ਕਰਾਂ । ਸਾਰੇ ਰੰਗ ਮਾਣਾਂ ਪਿਆਰੇ ਨਾਲ ਪਰ ਦੱਸਾਂ ਕਿਸੇ ਨੂੰ ਨਾ ।

੧੦ ਪਹਿਰ ।

੧੧ ਤੈਨੂੰ ਵੇਖਦਾ ਰਹੇ ।

੧੨ ਪਿਆਰੇ ਵਿੱਚ ਦਿਲ ਰਹਿੰਦਾ ਹੈ ਜਾਂ ਦਿਲ ਵਿੱਚ ਪਿਆਰਾ ? ਮੈਂ ਤਾਂ ਹੁਣ ਪਛਾਣਦੀ ਨਹੀਂ ਕਿ ਦਿਲ ਕਿਹੜਾ ਹੈ ਤੇ ਪਿਆਰਾ ਕਿਹੜਾ ? (ਭਾਵ ਦੋਹਾਂ ਦਾ ਫ਼ਰਕ ਮਿੱਟ ਗਿਆ ਹੈ), ਇਸ ਲਈ ਮੈਂ ਦੱਸ ਨਹੀਂ ਸਕਦੀ ਕਿ ਮੇਰੇ ਅੰਦਰ ਦਿਲ ਹੈ ਜਾਂ ਪਿਆਰਾ ।

੧੩ ਫਸ ਫਸ ਕੇ ਪਿਆ ਖੁਆਰ ਹੁੰਦਾ ਹੈ ਚਹੁੰ ਵੇਦਾਂ ਦੇ ਗਿਆਨ ਅਭਿਮਾਨ ਕਰ ਕੇ ।

੧੪ ਕੀੜੀ ('ਹਰਿ ਹੈ ਖਾਂਡ' ਵਾਲਾ ਸ਼ਲੋਕ ਪੰਨਾ ੯੭੨ ਉੱਤੇ ਰਾਮਕਲੀ ਕਬੀਰ ਦੇ ੧੨ ਵੇਂ ਸ਼ਬਦ ਦਾ ਦੂਜਾ ਪਦ ਹੈ)।

੧੫ ਸਧਰ ਹੈ । ਜੇ ਤੈਨੂੰ ਸਧਰ ਹੈ ਪ੍ਰੇਮ (ਖੇਡ ਖੇਡਣ) ਦੀ ।

੧੬ ਭਾਵ ਹੰਕਾਰ ਨੂੰ ਕੱਟ ਕੇ ।

੧੭ [ਫ਼ਾ.] ਗੇਂਦ ਬਣਾਉ ਤੇ ਇਸ ਤਰ੍ਹਾਂ ਜੀਵਨ ਖੇਡ ਖੇਡੋ ਕਿ ਖੇਡਦਿਆਂ-ਖੇਡਦਿਆਂ ਬੇਸੁਧ ਹੋ ਜਾਵੋ, ਫੇਰ ਜੋ ਕੁਝ ਹੋਣਾ ਹੈ ਪਿਆ ਹੋਵੇ ।

੧੮ ਪ੍ਰੇਮ ਦੀ ਮਸਤੀ, ਜਿਸ ਵਿੱਚ ਸਰੀਰ ਦੀ ਸੁਧ ਬੁੱਧ ਨਾ ਰਹੇ । ਸੂਫੀ ਫ਼ਕੀਰਾਂ ਨੂੰ ਹਾਲ ਪੈਂਦਾ ਹੈ ।

੧੯ ਪੱਕੇ ਗੁਰੂ ਨਾਲ ।

੨੦ ਜੀਵਨ ਖੇਡ ਖੇਡੋ ।

੨੧ ਪੀੜ ਕੇ ।

੨੨ ਅੰਨ੍ਹਿਆਂ ਵਾਂਗ ਪਏ ਟਟੋਲੇ ਦਿੰਦੇ ਹਨ, ਪਰ ਸੰਤਾ ਨੂੰ ਨਹੀਂ ਪਛਾਣ ਸਕਦੇ ।

੨੩ ਕਿਵੇਂ ?

੨੪ ਭਗਤਾਂ ਤੋਂ ।

੨੫ ਹਰੀ ਨੂੰ ।

੨੬ ਹੋਰ ਦੀ ।

੨੭ ਸੱਚ ਕਹਿੰਦਾ ਹੈ ।

੨੮ ਗ੍ਰਿਹਸਥ ।

੨੯ ਭੈੜੇ ਭਾਗ ।

੩੦ ਜਿਸ ਦਿਨ ਇਸ ਜੀਵ ਰੂਪ ਇਸਤ੍ਰੀ ਨੇ ਵਰਿਆ (ਵਿਆਹਿਆ) ਜਾਣਾ ਹੈ, ਉਹ ਦਿਨ ਪਹਿਲਾਂ ਹੀ ਲਿਖਿਆ (ਨੀਅਤ ਕੀਤਾ) ਗਿਆ ਹੈ ।

੩੧ ਮਲਕ-ਉਲਮੌਤ, ਫਰਿਸ਼ਤਾ ਮੌਤ ਦਾ, ਜਮਰਾਜ ।

੩੨ ਨੂੰ ।

੩੩ ਟਲਦੇ ।

੩੪ ਇਹ ਗੱਲ ਜਿੰਦ ਨੂੰ ਸਮਝਾਓ ।

੩੫ ਮੌਤ ।

੩੬ ਵਿਆਹ ਕੇ ।

੩੭ (ਜਿੰਦ ਨੂੰ) ਆਪਣੇ ਹੱਥੀਂ ਤੋਰ ਕੇ ਦੇਹੀ ਕਿਸ ਦੇ ਗਲ ਧਾ ਕੇ ਲਗੇਗੀ ? (ਡੋਲੇ ਵਿੱਚ ਚੜ੍ਹਨ ਵੇਲੇ ਕੁੜੀ ਟੋਲ ਕੇ ਮਾਂ ਪਿਓ ਦੇ ਗਲ ਲੱਗਦੀ ਹੈ) ।

੩੮ ਪੁਲ ਸਿਰਾਤ, ਦੋਜ਼ਖ ਦੀ ਅੱਗ ਉੱਤੇ ਬਣਿਆਂ ਵਾਲ ਤੋਂ ਬਰੀਕ ਪੁਲ ਜਿਸ ਤੋਂ ਸਭ ਨੂੰ ਲੰਘਣਾ ਪੈਂਦਾ ਹੈ (ਮੁਸਲਮਾਨੀ ਖਿਆਲ ਮੁਜ਼ਬ) ।

੩੯ ਕੀ ਉਸ ਬਿਪਤਾ ਦੇ ਆਵਣ ਸੰਬੰਧੀ ਤੂੰ ਕੰਨੀਂ ਨਹੀਂ ਸੁਣਿਆ ?

੪੦ ਆਵਾਜ਼ਾਂ, ਤਾੜਨਾ ਦੇ ਹੋਕੇ । ਆਵਾਜ਼ਾਂ ਪੈਂਦਿਆਂ ਪੈਂਦਿਆਂ ਤੂੰ ਆਪਣੇ ਆਪ ਨੂੰ ਖੜ੍ਹਾ ਖੜੋਤਾ ਨਾ ਪਿਆ ਲੁਟਾ । ਦੇਖੋ ਪੰ: ੬੩੯, ਨੋਟ ੧੯ ।

੪੧ ਹਰੀ-ਦਰ ਦੀ ਫ਼ਕੀਰੀ ਔਖੀ ਹੈ ।

* ਇਨ੍ਹਾਂ ਦੋਹਾਂ ਸ਼ਲੋਕਾਂ ਵਿੱਚ ਕਬੀਰ ਜੀ ਨਾਮਦੇਵ ਅਤੇ ਰਵਿਦਾਸ ਜੀ ਦੇ ਕਥਨ ਦੁਹਰਾਂਦੇ ਹਨ ।

† ਦੇਖੋ ਪੰਨਾ ੪੮੮, ਫੁਟ ਨੋਟ †।

‡ ਫ਼ਰੀਦ ਜੀ ਦੇ ਸ਼ਲੋਕ ਵੀ ਕਬੀਰ ਜੀ ਦੇ ਸ਼ਲੋਕਾਂ ਵਾਂਗ ਵਿਕੋਲਿਤਰੇ ਹੋਣ ਕਰ ਕੇ ਖਿਆਲਾਂ ਦੀ ਸੰਗਲੀ ਲੱਭਣ ਦੀ ਲੋੜ ਨਹੀਂ ।

ਬਿਰਖਾ[੧] ਸੁਫਲ ਫਲੰਤ ॥ ੨੩੦ ॥ ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ[੨] ॥ ਮੁਕਤਿ ਪਦਾਰਥੁ ਪਾਈਐ [੩]ਠਾਕ ਨ ਅਵਘਟ ਘਾਟ ॥ ੨੩੧ ॥ ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ[੪] ਜੋ ਕੀਨੇ ਸੋ ਲਾਭ ॥ ੨੩੨ ॥ ਕਬੀਰ ਭਾਂਗ ਮਾਛੁਲੀ [੫]ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ[੬] ਜਾਂਹਿ ॥ ੨੩੩ ॥ ਨੀਚੇ ਲੋਇਨ[੭] ਕਰਿ ਰਹਉ [੮]ਲੇ ਸਾਜਨ ਘਟ ਮਾਹਿ ॥ ਸਭ ਰਸ ਖੇਲਉ ਪੀਅ ਸਉ ਕਿਸੀ [੯]ਲਖਾਵਉ ਨਾਹਿ ॥ ੨੩੪ ॥ ਆਠ ਜਾਮ[੧੦] ਚਉਸਠਿ ਘਰੀ [੧੧]ਤੁਅ ਨਿਰਖਤ ਰਹੈ ਜੀਉ ॥ ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥ ੨੩੫ ॥ ਸੁਨੁ ਸਖੀ [੧੨]ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥ ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ ॥ ੨੩੬ ॥ ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥ [੧੩]ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥ ੨੩੭ ॥ ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੂਨੀ ਨ ਜਾਇ ॥ ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ[੧੪] ਹੋਇ ਕੈ ਖਾਇ ॥ ੨੩੮ ॥ ਕਬੀਰ ਜਉ ਤੁਹਿ ਸਾਧ[੧੫] ਪਿਰੰਮ ਕੀ [੧੬]ਸੀਸੁ ਕਾਟਿ ਕਰਿ ਗੋਇ[੧੭] ॥ ਖੇਲਤ ਖੇਲਤ ਹਾਲ[੧੮] ਕਰਿ ਜੋ ਕਿਛੁ ਹੋਇ ਤ ਹੋਇ ॥ ੨੩੯ ॥ ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ[੧੯] ਸੇਤੀ ਖੇਲੁ[੨੦] ॥ ਕਾਚੀ ਸਰਸਉਂ [੨੧]ਪੇਲਿ ਕੈ ਨਾ ਖਲਿ ਭਈ ਨ ਤੇਲੁ ॥ ੨੪੦ ॥ *[੨੨]ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥ ਕਹਿ ਨਾਮਾ ਕਿਉ[੨੩] ਪਾਈਐ ਬਿਨੁ ਭਗਤਹੁ[੨੪] ਭਗਵੰਤੁ[੨੫] ॥ ੨੪੧ ॥ ਹਰਿ ਸੋ ਹੀਰਾ ਛਾਡਿ ਕੈ ਕਰਹਿ [੨੬]ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ [੨੭]ਸਤਿ ਭਾਖੈ ਰਵਿਦਾਸ ॥ ੨੪੨ ॥ ਕਬੀਰ ਜਉ ਗ੍ਰਿਹੁ[੨੮] ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥ ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ[੨੯] ॥ ੨੪੩ ॥

ਸਲੋਕ ਸੇਖ ਫਰੀਦ† ਕੇ

ੴ ਸਤਿਗੁਰ ਪ੍ਰਸਾਦਿ ॥

‡[੩੦]ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥ ਮਲਕੁ[੩੧] ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ ਜਿੰਦੁ ਨਿਮਾਣੀ ਕਢੀਐ ਹਡਾ ਕੂ[੩੨] ਕੜਕਾਇ ॥ ਸਾਹੇ ਲਿਖੇ ਨ ਚਲਨੀ[੩੩] [੩੪]ਜਿੰਦੂ ਕੂੰ ਸਮਝਾਇ ॥ ਜਿੰਦੁ ਵਹੁਟੀ ਮਰਣੁ[੩੫] ਵਰੁ ਲੈ ਜਾਸੀ ਪਰਣਾਇ[੩੬] ॥ [੩੭]ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥ ਵਾਲਹੁ ਨਿਕੀ ਪੁਰਸਲਾਤ[੩੮] [੩੯]ਕੰਨੀ ਨ ਸੁਣੀਆਇ ॥ ਫਰੀਦਾ ਕਿੜੀ[੪੦] ਪਵੰਦੀਈ ਖੜਾ ਨ ਆਪੁ ਮੁਹਾਇ ॥ ੧ ॥ ਫਰੀਦਾ [੪੧]ਦਰ ਦਰਵੇਸੀ

੧ ਯਾਦ ਕਰ, ਜਪ ।
੨ ਮਾਇਆ ਰਹਿਤ ਹਰੀ ਨਾਲ ।
੩ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਚੀਕੜਿ' ਹੈ ।
੪ ਸੁਆਸ-ਰੂਪ । ਸੁਆਸ ਬੇਅਰਥ ਗੁਜ਼ਰ ਗਏ ।
੫ ਆਦਮੀ ਨੂੰ ਖਿਆਲ ਹੁੰਦਾ ਹੈ ਕਿ ਜ਼ਿੰਦਗੀ ਨੂੰ ਪੂਰੀ ਕਰਕੇ ਨਾਮ ਜਪਾਂਗੇ, ਪਰ ਇਉਂ ਕਰਨ ਨਾਲ ਸ਼ਾਇਦ ਮੌਕਾ ਮਿਲੇ ਹੀ ਨਾ । ਜੋ ਕਰਨਾ ਹੈ ਜ਼ਿੰਦਗੀ ਦੇ ਨਾਲ ਨਾਲ ਨਿੱਤ ਦੀ ਵਰਤੋਂ ਵਿੱਚ ਹੀ ਕਰੀਏ ਤਾਂ ਚੰਗਾ ਹੈ (ਕਈ ਵਾਰੀ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਰਹਿਣ ਦਿੱਤਾ ਜਾਂਦਾ ਹੈ; ਜਿਵੇਂ ਇਸ ਤੁਕ ਵਿੱਚ 'ਸਾਖਿ' ਤੇ ਪਿਛਲੀ ਵਿੱਚ 'ਹਾਥਿ' ਨੂੰ 'ਸਾਥ' ਤੇ ਹਾਥ ਲਿਖਿਆ ਹੈ ।)
੬ [ਕੁਸ਼ਲਤਾ] ਸੁਖ । ਕਾਹਦਾ ਸੁਖ ਹੈ ਜਦ ਦੀਵਾ ਹੱਥ ਵਿੱਚ ਫੜ ਕੇ ਵੀ ਖੂਹ ਵਿੱਚ ਡਿੱਗ ਪਵੇ ।
੭ ਵਰਜਦਾ ਹੈ, ਮਨ੍ਹਾਂ ਕਰਦਾ ਹੈ ।
੮ ਤੁਹਾਡਾ ਮਤਲਬ ਤਾਂ ਸਾਢੇ ਤਿੰਨ ਹੱਥ (ਜ਼ਿਮੀ) ਨਾਲ ਹੈ, ਭਾਵ ਤੁਹਾਡੇ ਕੰਮ ਤਾਂ ਸਾਢੇ ਤਿੰਨ ਹੱਥ ਜ਼ਿਮੀ ਆਉਣੀ ਹੈ (ਕਬਰ ਦੀ); ਬਹੁਤੀ ਹੋਈ ਤਾਂ ਪੌਣੇ ਚਾਰ ਹੱਥ ਥਾਂ ਮਿਲ ਜਾਏਗੀ ।
੯ ਬਿਨਾਂ ਚਿੰਤਨ, ਆਪਣੇ ਆਪ ।
੧੦ ਜੋ ਸਾਰਿਆਂ ਦੀ ਖ਼ਬਰ ਰੱਖਦਾ ਹੈ, ਸੰਭਾਲ ਕਰਦਾ ਹੈ ।
੧੧ ਉਮਰ ਪੂਰੀ ਹੋ ਗਈ ਛੇਤੀ ਹੀ ।
੧੨ ਭਾਂਡਾ ਮਿੱਟੀ ਦਾ ।
੧੩ ਜੇ ਬਚਾਣਾ ਚਾਹੇਂ ਤਾਂ ਨਾਮ ਜਪ, ਨਹੀਂ ਤਾਂ ਗੱਲ ਗਈ ਗਵਾਤੀ ਊ, ਭਾਵ ਨਾਸ ਹੋਣ ਵਾਲੀ ਗੱਲ ਤਾਂ ਬਣੀ ਬਣਾਈ ਹੈ ।
੧੪ [ਕੇਸ਼ਵ= ਸੋਹਣੇ ਵਾਲਾਂ ਵਾਲਾ] ਹਰੀ ਨੂੰ ।
੧੫ ਬੇ-ਫਿਕਰ ਹੋ ਕੇ ।
੧੬ ਅਸਾਮ ਦਾ ਕਦਲੀ (ਕੇਲਿਆਂ ਦਾ) ਬਨ, ਜਿਸ ਵਿੱਚ ਹਾਥੀ ਰਹਿੰਦੇ ਹਨ । ਮਸਤ ਹਾਥੀ ਤਾਂ ਵੱਡੇ ਵੱਡੇ ਦਰਖ਼ਤਾਂ ਨੂੰ ਤੋੜ ਸੁੱਟਦਾ ਹੈ, ਕੇਲਿਆਂ ਦਾ ਬਨ ਦਲ ਦੇਣਾ ਤਾਂ ਉਸ ਲਈ ਸੌਖਾ ਹੈ ।
੧੭ ਹਾਥੀ । ਮਨ-ਹਾਥੀ ਹੰਕਾਰ ਦੀ ਮਸਤੀ ਵਿੱਚ ਮੱਤਾ ਹੈ । ਮਯ-ਮੰਤੁ= ਮਯ (ਸ਼ਰਾਬ) ਦਾ ਮੱਤਾ ।
੧੮ ਮਲਾਹ ।
੧੯ ਬਟੂਆ, ਗੁੱਥਲੀ (ਮੂੰਹ ਰੂਪ) ।
੨੦ ਬਹੁਤ ਭਾਰਾ (ਲਸ਼ਕਰ ਵਾਂਗ) ।
੨੧ ਅਵਾਜ਼, ਖ਼ਬਰ ।
੨੨ ਮਟੱਕੇ ਵਿੱਚ । ਅੱਖ ਝਮਕਣ ਦੇ ਸਮੇਂ ਵਿੱਚ ਭਾਵ ਥੋੜ੍ਹੇ ਚਿਰ ਵਿੱਚ ।
੨੩ ਧੌਂਸਾ ।
੨੪ ਰੁੱਖ ।
੨੫ ਝਗੜਾ ਝਾਂਜਾ ।
੨੬ ਬਾਰ੍ਹਾਂ ਮਹੀਨੇ, ਭਾਵ ਸਦਾ । ਜ਼ਿੰਦਗੀ ਹਰ ਪਹਿਲੂ ਤੋਂ ਖ਼ੂਬਸੂਰਤ ਹੋਵੇ ।
੨੭ ਕਲੋਲ ਕਰਦੇ ਹੋਣ ।
੨੮ ਸਤਿਗੁਰੂ ।
੨੯ ਜੀਵਾਂ 'ਤੇ ਦਇਆ ਕਰਦਾ ਹੈ ।

* ਦੇਖੋ ਪੰਨਾ ੯੬੫ ਉੱਤੇ ਇਹੋ ਸ਼ਲੋਕ, ਵਾਰ ਰਾਮਕਲੀ ਮ: ੫, ਦੀ ੧੯ਵੀਂ ਪਉੜੀ ਦਾ ਦੂਜਾ ਸ਼ਲੋਕ ਕਰ ਕੇ ਦਿੱਤਾ ਹੈ ।

ਲਾਵਹੁ ਚੀਤੁ ॥ ੨੧੨ ॥ ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ[੧] ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ [੨]ਨਿਰੰਜਨ ਨਾਲਿ ॥੨੧੩॥ ਮਹਲਾ ੫[*] ॥
ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ ॥ ਜਿਨਿ ਇਹੁ ਰਚਨੁ
ਰਚਾਇਆ ਤਿਸ ਹੀ ਮਾਹਿ ਸਮਾਹਿ ॥ ੨੧੪ ॥ ਕਬੀਰ ਕੀਚੜਿ[੩] ਆਟਾ[੪]
ਗਿਰਿ ਪਰਿਆ ਕਿਛੂ ਨ ਆਇਓ ਹਾਥ ॥ [੫]ਪੀਸਤ ਪੀਸਤ ਚਾਬਿਆ ਸੋਈ
ਨਿਬਹਿਆ ਸਾਥ ॥ ੨੧੫ ॥ ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ
ਅਉਗਨੁ ਕਰੈ ॥ ਕਾਹੇ ਕੀ ਕੁਸਲਾਤ[੬] ਹਾਥਿ ਦੀਪੁ ਕੂਏ ਪਰੈ ॥ ੨੧੬ ॥
ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ[੭] ਲੋਗੁ ਅਜਾਨੁ ॥ ਤਾ ਸਿਉ ਟੂਟੀ
ਕਿਉ ਬਨੈ ਜਾ ਕੇ ਜੀਅ ਪਰਾਨ ॥ ੨੧੭ ॥ ਕਬੀਰ ਕੋਠੇ ਮੰਡਪ ਹੇਤੁ
ਕਰਿ ਕਾਹੇ ਮਰਹੁ ਸਵਾਰਿ ॥ [੮]ਕਾਰਜੁ ਸਾਢੇ ਤੀਨਿ ਹਥ ਘਨੀ ਤ
ਪਉਨੇ ਚਾਰਿ ॥ ੨੧੮ ॥ ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ
ਚਿਤਵੇ ਹੋਇ ॥ ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ ॥
੨੧੯ ॥ ਮਃ ੩ ॥ ਚਿੰਤਾ ਭਿ ਆਪਿ ਕਰਾਇਸੀ ਅਚਿੰਤੁ[੯] ਭਿ ਆਪੇ ਦੇਇ ॥
ਨਾਨਕ ਸੋ ਸਾਲਾਹੀਐ [੧੦]ਜਿ ਸਭਨਾ ਸਾਰ ਕਰੇਇ ॥ ੨੨੦ ॥ ਮਃ ੫ ॥
ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥ ਪਾਪ ਕਰੰਤਾ ਮਰਿ
ਗਇਆ [੧੧]ਅਉਧ ਪੁਨੀ ਖਿਨ ਮਾਹਿ ॥ ੨੨੧ ॥ ਕਬੀਰ ਕਾਇਆ
ਕਾਚੀ ਕਾਰਵੀ[੧੨] ਕੇਵਲ ਕਾਚੀ ਧਾਤੁ ॥ [੧੩]ਸਾਬਤੁ ਰਖਹਿ ਤ ਰਾਮ ਭਜੁ
ਨਾਹਿ ਤ ਬਿਨਠੀ ਬਾਤ ॥ ੨੨੨ ॥ ਕਬੀਰ ਕੇਸੋ[੧੪] ਕੇਸੋ ਕੂਕੀਐ ਨ ਸੋਈਐ
ਅਸਾਰ[੧੫] ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥
੨੨੩ ॥ ਕਬੀਰ ਕਾਇਆ [੧੬]ਕਜਲੀ ਬਨੁ ਭਇਆ ਮਨੁ ਕੁੰਚਰੁ[੧੭] ਮਯ ਮੰਤੁ ॥
ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ[੧੮] ਬਿਰਲਾ ਸੰਤੁ ॥ ੨੨੪ ॥ ਕਬੀਰ ਰਾਮ ਰਤਨੁ
ਮੁਖੁ ਕੋਥਰੀ[੧੯] ਪਾਰਖ ਆਗੈ ਖੋਲਿ ॥ ਕੋਈ ਆਇ ਮਿਲੈਗੋ ਗਾਹਕੀ ਲੇਗੋ
ਮਹਗੇ ਮੋਲਿ ॥ ੨੨੫ ॥ ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ[੨੦]
ਕੁਟੰਬੁ ॥ ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ[੨੧] ॥ ੨੨੬ ॥
ਕਬੀਰ ਆਖੀ ਕੇਰੇ ਮਾਟੁਕੇ[੨੨] ਪਲੁ ਪਲੁ ਗਈ ਬਿਹਾਇ ॥ ਮਨੁ ਜੰਜਾਲੁ
ਨ ਛੋਡਈ ਜਮ ਦੀਆ ਦਮਾਮਾ[੨੩] ਆਇ ॥ ੨੨੭ ॥ ਕਬੀਰ ਤਰਵਰ[੨੪]
ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ ॥ ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ
[੨੫]ਬਾਦੁ ਬਿਬਾਦੁ ॥ ੨੨੮ ॥ ਕਬੀਰ ਐਸਾ ਬੀਜੁ ਬੋਇ [੨੬]ਬਾਰਹ ਮਾਸ ਫਲੰਤ ॥
ਸੀਤਲ ਛਾਇਆ ਗਹਿਰ ਫਲ ਪੰਖੀ [੨੭]ਕੇਲ ਕਰੰਤ ॥ ੨੨੯ ॥ ਕਬੀਰ
ਦਾਤਾ[੨੮] ਤਰਵਰੁ ਦਯਾ ਫਲੁ [੨੯]ਉਪਕਾਰੀ ਜੀਵੰਤ ॥ ਪੰਖੀ ਚਲੇ ਦਿਸਾਵਰੀ

੧ ਧਰਤੀ ਉਤੇ । ਮੈਲੇ ਹਿਰਦੇ ਰੂਪ ਨਿਕੰਮੀ ਧਰਤੀ 'ਤੇ ।
੨ ਸਮਝੋ । ੩ ਸੁਆਹ ।
੪ ਭਾਵ ਅਧਿਕਾਰੀ ਤੇ ਅਸਰ ਕਰ ਗਈ ।
੫ ਦੂਰ ਨਹੀਂ ਹੋ ਸਕਦੀ । ਉਸ ਦਾ ਅਸਰ ਦੂਰ ਨਹੀਂ ਹੁੰਦਾ, ਭਾਵੇਂ ਕਈ ਤਰ੍ਹਾਂ ਦੇ ਚਲਾਕ ਆਦਮੀ (ਉਲਟੇ ਜਤਨ ਕਰ ਕੇ) ਖਪ ਮਰਨ ।
੬ [ਫਾ. ਗਾਹ] ਥਾਂ । ਤੈਨੂੰ ਕਿਸ ਕਿਹਾ ਸੀ ਕਿ ਮੈਂ ਮੱਕੇ ਹੀ ਹਾਂ, ਹੋਰ ਕਿਤੇ ਨਹੀਂ ।
੭ [ਅ.] ਗਲਤੀ, ਭੁੱਲ ।
੮ ਕਾਬੇ ਦਾ ਪੀਰ ।
੯ ਦੇਖੋ ਉੱਤੇ ਸ਼ਲੋਕ ੧੯੭ ।
੧੦ [ਸੰ. ਦਯੁ] ਵਾਹਿਗੁਰੂ ।
੧੧ ਨਿਕਲਦਾ ਹੈ । ੧੨ ਸੌਖਾ ।
੧੩ ਸੁਚਤਾਈ, ਪਵਿੱਤ੍ਰਤਾ । ਜੇ ਦਿਲ ਦੀ ਪਵਿੱਤ੍ਰਤਾ ਹੋਵੇ।
੧੪ ਕਚਹਿਰੀ ।
੧੫ ਕੋਈ ਦਾਹਵਾ ਨਹੀਂ ਕਰੇਗਾ, ਤੰਗ ਨਹੀਂ ਕਰੇਗਾ।
੧੬ ਦੋ ਅਬੱਧ ਤੂੰਬੜੀਆਂ ਹਨ । ਸਾਰੀ ਸ੍ਰਿਸ਼ਟੀ ਵਿੱਚ ਦਵੰਦ ਫੈਲੀ ਹੋਈ ਹੈ ਜੋ ਕਦੀ ਨਹੀਂ ਜਾ ਸਕਦੀ; ਜਿਸ ਕਰ ਕੇ ਛੇ ਫ਼ਿਰਕੇ ਅਤੇ ਸਾਰੇ ਸਿੱਧ ਲੋਕ ਸ਼ੱਕ ਵਿੱਚ ਪਏ ਰਹਿੰਦੇ ਹਨ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਦੋਇ' ਹੈ)।
੧੭ ਛੇ ਭੇਖ । ਦੇਖੋ ਪੰਨਾ ੧੧੧੬, ਨੋਟ ੧੮ ।
੧੮ ਅਪਣੱਤ ।
੧੯ ਜਦ ਆਪਣੇ ਤੇ ਪਰਾਏ ਦਾ ਖਿਆਲ ਦੂਰ ਹੋ ਗਿਆ, ਤਾਂ ਜਿੱਧਰ ਦੇਖੀਏ ਉਧਰ ਤੂੰ ਹੀ ਦਿਸਦਾ ਹੈਂ ।
੨੦ ਵਿਕਾਰਾਂ ਨੂੰ ਚਿਤਵਦੇ ਹਨ, ਮਾੜੀਆਂ ਗੱਲਾਂ ਦਾ ਖਿਆਲ ਕਰਦੇ ਹਨ ।
੨੧ ਪੂਰਾ ਹੋਇਆ ।
੨੨ ਪੀੜੇ ਜਾਂਦੇ ।
੨੩ ਭਾਵੀ । ਮੁੱਢ ਤੋਂ ਬਣੀ ਭਾਵੀ ।
੨੪ ਮਾੜੇ ਸੰਸਕਾਰਾਂ ਰੂਪ ।
੨੫ ਕੁੱਤਾ ।
੨੬ [ਪਿੰਜਰ] ਧਰੰਗਾ, ਮੁਰਦਾਰ ।
੨੭ ਇਹ ਦੋਵੇਂ ਸ਼ਲੋਕ ਵਾਰ ਰਾਮਕਲੀ ਮ: ੫ ਵਿੱਚ, ਪੰਨਾ ੯੬੫ ਉੱਤੇ ਦਿੱਤੇ ਹਨ ।
੨੮ ਚੋਰ ਥਾਂ ਮਲ ਬੈਠੇ ਹਨ, ਉਨ੍ਹਾਂ ਦੀ ਸੰਗਤ ਵਿੱਚ ਆ ਬੈਠੇ ਹਨ ।
੨੯ ਲਾਭ ਹੀ ਲਾਭ ਹੈ । ਜੇ ਗੁਰਮੁਖਾਂ ਦੀ ਸੰਗਤ ਵਿੱਚ ਚੋਰ ਠੱਗ ਆ ਬੈਠਣ ਤਾਂ ਸਾਧੂ ਸਮਾਜ ਨੂੰ ਤਾਂ ਕੋਈ ਭਾਰ ਨਹੀਂ ਅਤੇ ਪਾਮਰਾਂ ਨੂੰ ਫਾਇਦਾ ਹੀ ਫਾਇਦਾ ਹੈ ।
੩੦ ਤੁਹਾਂ ਨੂੰ ।
੩੧ ਛੀਟ । ਛੀਟਾਂ ਨੂੰ ਕਿਉਂ ਪਿਆ ਛਿੰਬਦਾ ਹੈਂ ?

* ਲੇਖਾ ਕਰਜ਼ੇ ਦਾ । ਇਸ ਸ਼ਲੋਕ ਵਿੱਚ ਕਰਜ਼ੇ ਦੀ ਤਸ਼ਬੀਹ ਲਈ ਹੈ । ਕਰਜ਼ਾ ਵਾਪਸ ਕਰਨ ਵਿੱਚ ਟਾਲ ਮਟੋਲੇ ਕਰਦਿਆਂ ਵਕਤ ਲੰਘਦਾ ਜਾਂਦਾ ਹੈ ਤੇ ਸੂਦ ਵੱਧਦਾ ਜਾਂਦਾ ਹੈ । ਉੱਪਰੋਂ ਮੌਤ ਆ ਜਾਂਦੀ ਹੈ, ਪਰ ਕਰਜ਼ੇ ਦਾ ਲੇਖਾ ਉਸੇ ਤਰ੍ਹਾਂ ਬਣਿਆ ਰਹਿੰਦਾ ਹੈ । ਹੱਥੀਂ ਲਿਖਿਆ ਟੋਂਬ੍ਹ ਤਦੇ ਫਟ ਸਕਦਾ ਹੈ ਜੇ ਕਰਜ਼ਾ ਅਦਾ ਹੋ ਜਾਵੇ ।

† ਦੇਖੋ ਪੰਨਾ ੧੧੬੩, ਨੋਟ ੨੪ ।

‡ ਇਸ ਭਗਤ ਜੀ ਦਾ ਜਨਮ ਬਾਰਸੀ ਜ਼ਿਲ੍ਹਾ ਸ਼ੋਲਾਪੁਰ ਵਿੱਚ, ਸੰਨ ੧੨੬੭ ਵਿੱਚ ਹੋਇਆ ।

ਅਕਾਸ ਕੀ ਪਰਿ ਗਈ ਭੂਮਿ[੧] ਬਿਕਾਰ ॥ ਬਿਨੁ ਸੰਗਤਿ ਇਉ ਮਾਂਨਈ[੨] ਹੋਇ ਗਈ ਭਠ ਛਾਰ[੩] ॥ ੧੯੫ ॥ ਕਬੀਰ ਨਿਰਮਲ ਬੂੰਦ ਅਕਾਸ ਕੀ [੪]ਲੀਨੀ ਭੂਮਿ ਮਿਲਾਇ ॥ ਅਨਿਕ ਸਿਆਨੇ ਪਚਿ ਗਏ [੫]ਨਾ ਨਿਰਵਾਰੀ ਜਾਇ ॥ ੧੯੬ ॥ ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥ ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ[੬] ॥ ੧੯੭ ॥ ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥ ਸਾਂਈ ਮੁਝ ਮਹਿ ਕਿਆ ਖਤਾ[੭] ਮੁਖਹੁ ਨ ਬੋਲੈ ਪੀਰ[੮] ॥ ੧੯੮ ॥ [੯]ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥ ਦਫਤਰੁ ਦਈ[੧੦] ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥ ੧੯੯ ॥ ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥ ਦਫਤਰਿ ਲੇਖਾ ਨੀਕਸੈ[੧੧] ਮਾਰ ਮੁਹੈ ਮੁਹਿ ਖਾਇ ॥ ੨੦੦ ॥ ਕਬੀਰ ਲੇਖਾ ਦੇਨਾ ਸੁਹੇਲਾ[੧੨] ਜਉ ਦਿਲ ਸੂਚੀ[੧੩] ਹੋਇ ॥ ਉਸੁ ਸਾਚੇ ਦੀਬਾਨ[੧੪] ਮਹਿ [੧੫]ਪਲਾ ਨ ਪਕਰੈ ਕੋਇ ॥ ੨੦੧ ॥ ਕਬੀਰ ਧਰਤੀ ਅਰੁ ਆਕਾਸ ਮਹਿ [੧੬]ਦੁਇ ਤੂੰਬਰੀ ਅਬਧ ॥ [੧੭]ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥ ੨੦੨ ॥ ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ੨੦੩ ॥ ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ[੧੮] ॥ [੧੯]ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ ੨੦੪ ॥ ਕਬੀਰ [੨੦]ਬਿਕਾਰਹ ਚਿਤਵਤੇ ਝੂਠੇ ਕਰਤੇ ਆਸ ॥ ਮਨੋਰਥੁ ਕੋਇ ਨ ਪੂਰਿਓ[੨੧] ਚਾਲੇ ਊਠਿ ਨਿਰਾਸ ॥ ੨੦੫ ॥ ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ ॥ ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ ॥ ੨੦੬ ॥ ਕਬੀਰ ਘਾਣੀ ਪੀੜਤੇ[੨੨] ਸਤਿਗੁਰ ਲੀਏ ਛਡਾਇ ॥ ਪਰਾ ਪੂਰਬਲੀ ਭਾਵਨੀ[੨੩] ਪਰਗਟੁ ਹੋਈ ਆਇ ॥ ੨੦੭ ॥ ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ[੨੪] ਬਢੰਤਉ ਜਾਇ ॥ ਨਾ ਹਰਿ ਭਜਿਓ ਨ ਖਤੁ* ਫਟਿਓ ਕਾਲੁ ਪਹੂੰਚੋ ਆਇ ॥ ੨੦੮ ॥ ਮਹਲਾ ੫ ॥ ਕਬੀਰ ਕੂਕਰੁ[੨੫] ਭਉਕਨਾ ਕਰੰਗ[੨੬] ਪਿਛੈ ਉਠਿ ਧਾਇ ॥ ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥ ੨੦੯ ॥ ਮਹਲਾ ੫ ॥ [੨੭]ਕਬੀਰ ਧਰਤੀ ਸਾਧ ਕੀ [੨੮]ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ ਉਨ ਕਉ [੨੯]ਲਾਹੂ ਲਾਹਿ ॥ ੨੧੦ ॥ ਮਹਲਾ ੫ ॥ ਕਬੀਰ ਚਾਵਲ ਕਾਰਨੇ [੩੦]ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮਰਾਇ ॥ ੨੧੧ ॥ ਨਾਮਾ† ਮਾਇਆ ਮੋਹਿਆ ਕਹੈ ਤਿਲੋਚਨੁ‡ ਮੀਤ ॥ ਕਾਹੇ ਛੀਪਹੁ [੩੧]ਛਾਇਲੈ ਰਾਮ ਨ

੧ ਤਰਫਾਂ । ਜ਼ਾਤ ਆਦਿ ਦਾ ਅਭਿਮਾਨ ਜਾਂ ਹੋਰ ਵਿੱਥਾਂ-ਵਿਖੇਵੇਂ ਮੁੱਕ ਗਏ ।

੨ ਗੜਾ ਗਲ ਕੇ ਪਾਣੀ ਹੋ ਗਿਆ ਤੇ ਕੂਲ (ਨਦੀ) ਨੂੰ ਜਾ ਮਿਲਿਆ । ਗੜਾ ਅਪਣੱਤ ਕਰ ਕੇ ਵੱਖਰਾ ਹੋਇਆ ਬੈਠਾ ਸੀ, ਫਿਰ ਭਉ ਰੂਪ ਸੇਕ ਲੈ ਕੇ ਹਰੀ-ਰੂਪ ਨਦੀ ਨੂੰ ਜਾ ਮਿਲਿਆ (ਜ਼ਾਤ-ਬਰਾਦਰੀ ਦੇ ਵਖੇਵੇਂ ਮਨੁੱਖ ਨੂੰ ਹੋਰਨਾਂ ਨਾਲੋਂ ਨਿਖੇੜ ਰੱਖਦੇ ਹਨ, ਜਿਵੇਂ ਗੜਾ ਨਿਖੜਿਆ ਰਹਿੰਦਾ ਹੈ)।

੩ ਮਿੱਟੀ ਕੱਠੀ ਕਰ ਕੇ ਦੇਹ ਰੂਪ ਪੁੜੀ ਬੱਧੀ ਹੈ ।

੪ [ਦੇਖਣਾ] ਦਿਖਾਵਾ ।

੫ ਭਾਵ ਦਿਨ ਜਾਂ ਰਾਤ ਸਮੇਂ ਹੀ ਸਭ ਦੇਹਾਂ ਬਣੀਆਂ ਹਨ ।

੬ ਡਰ-ਰਹਿਤ ਹਰੀ ਦਾ ਗਿਆਨ ।

੭ ਵਿਚਾਰਹੀਨ ਜੋ ਜ਼ਿੰਮੇਵਾਰੀ ਨੂੰ ਅਨੁਭਵ ਨਹੀਂ ਕਰਦੇ, ਓਹ ਬੇਫ਼ਿਕਰ ਹੋ ਕੇ ਸਮਾਂ ਗੁਜ਼ਾਰਦੇ ਹਨ ।

੮ ਜਦ ਸੰਸਾਰਕ ਸੱਟਾਂ ਨਾਲ ਪੀੜ ਹੁੰਦੀ ਹੈ ਤਾਂ ਹੋਰ ਪੁਕਾਰਦਾ ਹੈ (ਅੱਗੇ ਜਾ ਕੇ ਦਸਦੇ ਹਨ ਕਿ ਹਰੀ-ਪ੍ਰੇਮ ਦੀ ਸੱਟ ਲੱਗੇ ਤਾਂ ਮਨੁੱਖ ਬੋਲਣੋਂ ਹੀ ਰਹਿ ਜਾਂਦਾ ਹੈ) ।

੯ [ਸੰ. ਮਰਮਨ] ਸਰੀਰ ਦਾ ਕੋਈ ਗੁੱਝਾ ਅੰਗ ਜਿਥੇ ਸੱਟ ਲੱਗਣ ਤੇ ਆਦਮੀ ਮਰ ਜਾਂਦਾ ਹੈ । *Vital Part of the body),* ਐਸੀ ਕਾਰੀ ਸੱਟ ਲੱਗੀ (ਪ੍ਰੇਮ ਦੀ) ਕਿ ਕਬੀਰ ਥਾਂ 'ਤੇ ਹੀ ਰਹਿ ਗਿਆ ਤੇ ਬੋਲ ਨਾ ਸਕਿਆ ।

੧੦ ਬਰਛੀ । ਬਰਛੀ ਦੀ ਚੋਟ ਸਹਿਣੀ ਸੌਖੀ ਹੈ, ਲੱਗਣ 'ਤੇ ਸਾਹ ਤਾਂ ਲੈ ਸਕਦਾ ਹੈ (ਪਰ ਸ਼ਬਦ ਦੀ ਚੋਟ ਨਹੀਂ ਸਹਿਣ ਹੁੰਦੀ । ਉਹ ਤਾਂ ਗੁਰੂ ਹੀ ਸਹਾਰ ਸਕਦਾ ਹੈ)।

੧੧ ਸੁਆਸ ।

੧੨ ਚੜ੍ਹਦਾ ਹੈਂ । ਹੇ ਮੁੱਲਾਂ ! ਬਾਂਗ ਦੇਣ ਵਾਲੇ ਮੁਨਾਰੇ ਉੱਤੇ ਕੀ ਚੜ੍ਹਦਾ ਹੈਂ ? ਮਾਲਕ ਕੋਈ ਬੋਲ੍ਹਾ ਤਾਂ ਨਹੀਂ ।

੧੩ [ਫਾ.] ਢੂੰਢ, ਦੇਖ ।

੧੪ ਸਬਰ ਤੋਂ ਬਿਨਾਂ ।

੧੫ ਬਲ ਰਹੀ ਅੱਗ ਨਾਮ ਦੁਆਰਾ ਬੁਝ ਜਾਏ ।

੧੬ ਲੂਣ ।

੧੭ ਮਾਸ ਦੀ ਰੋਟੀ ਖਾਣ ਕਰ ਕੇ ਆਪਣਾ ਗਲ਼ਾ ਕੌਣ ਕਟਾਵੇ ? ਭਾਵ ਇਥੇ ਜੀਭ ਦੇ ਚਸਕੇ ਲਈ ਮਾਸ ਤਾਂ ਖਾ ਲਿਆ, ਪਰ ਅੱਗੇ ਜਾ ਕੇ ਸਜ਼ਾ ਮਿਲਣੀ ਹੋਈ ਉਹ ਕੌਣ ਝੱਲੇ ?

੧੮ ਗੁਰੂ ਅਸਰ ਕਰਦਾ ਤਦ ਜਾਣੀਏ ।

੧੯ ਸਾੜਦਾ ।

੨੦ ਓਹੀ ਲਫ਼ਜ ਰਾਮ (ਰਾਮ ਚੰਦਰ ਲਈ) ਸਾਰੇ ਬੋਲਦੇ ਹਨ ਅਤੇ ਓਹੀ 'ਰਾਮ' ਜਗਤ ਦੇ ਚੋਜ ਕਰਨ ਵਾਲੇ ਹਰੀ ਲਈ ਵਰਤਿਆ ਜਾਂਦਾ ਹੈ ।

੨੧ ਤੂੰ ਰਾਮ ਹੀ ਰਾਮ ਆਖ, ਪਰ 'ਰਾਮ' ਆਖਣ ਵਿੱਚ ਵੀ ਫ਼ਰਕ ਹੈ ।

੨੨ ਇਕ ਰਾਮ (ਹਰੀ) ਅਨੇਕਾਂ ਵਿੱਚ ਸਮਾਇਆ ਹੋਇਆ ਹੈ ਅਤੇ ਇਕ ਉਹ ਰਾਮ ਹੈ ਜੋ ਇਕ ਆਪਣੇ ਸਰੀਰ ਵਿੱਚ ਹੀ ਰਹਿੰਦਾ ਹੈ (ਦਸਰਥ ਦਾ ਪੁੱਤਰ) ।

੨੩ ਵਰਗੇ । ਓਹ ਘਰ ਮਰਘਟ ਵਾਂਗੂੰ ਹਨ ।

੨੪ ਕੰਨਾਂ ਤੋਂ ।

੨੫ ਪੈਰਾਂ ਤੋਂ ਪਿੰਗਲਾ । ਸਰੀਰਕ ਅੰਗ ਆਪਣੇ ਵੱਸ ਵਿੱਚ ਹੋ ਕੇ ਕੁਦਰਤੀ ਜ਼ਿੰਦਗੀ ਬਤੀਤ ਕਰਨ ਵਿੱਚ ਸਹਾਇਕ ਹਨ ਤੇ ਮਾੜੇ ਪਾਸੇ ਨਹੀਂ ਜਾਂਦੇ ।

੨੬ ਮਾਰਿਆ ।

੨੭ ਗੁਰੂ ਦੀ ਸਿੱਖਿਆ ।

* ਜਿਸ ਦੇ ਪਾਸ ਦਿਲ ਦੀ ਸਾਬਤੀ ਨਹੀਂ, ਉਸ ਲਈ ਰੱਬ ਕਿਥੇ ? ਦਿਲ ਸਾਬਤਿ=ਦਿਲ ਦੀ ਸਾਬਤੀ, ਸਾਬਤ-ਦਿਲੀ, ਮਨ ਦੀ ਦ੍ਰਿੜ੍ਹਤਾ, ਅਖੰਡਤਾ । 'ਸਾਬਤਿ' ਇਸਤ੍ਰੀ-ਲਿੰਗ ਹੋਣ ਕਰ ਕੇ ਪਾਠ 'ਜਾ ਕੀ' ਹੈ । ਆਮ ਤੌਰ 'ਤੇ ਲੋਕੀਂ ਇਥੇ ਪਾਠ 'ਜਾ ਕਾ' ਕਰਦੇ ਹਨ, ਜੋ ਅਸ਼ੁੱਧ ਹੈ । ਜਿਥੇ 'ਸਾਬਤੁ' ਪੁਲਿੰਗ ਹੈ, ਉਥੇ ਅੰਤ ਵਿੱਚ ਔਂਕੜ ਆਉਂਦਾ ਹੈ । ਦੇਖੋ ਪੰਨਾ ੧੩੧੬, ਨੋਟ ੧੩ ।

† ਇਸੇ ਭਾਵ ਦਾ ਸ਼ਲੋਕ ਪਿੱਛੇ ੧੫੭ਵਾਂ ਸ਼ਲੋਕ ਕਰ ਕੇ ਆਇਆ ਹੈ ।

ਭਲੀ ਭਈ ਜੋ ਭਉ ਪਰਿਆ ਦਿਸਾ[੧] ਗਈਂ ਸਭ ਭੂਲਿ ॥ [੨]ਓਰਾ ਗਰਿ ਪਾਨੀ
ਭਇਆ ਜਾਇ ਮਿਲਿਓ ਢਲਿ ਕੂਲਿ ॥ ੧੭੭ ॥ ਕਬੀਰਾ [੩]ਧੂਰਿ ਸਕੇਲਿ ਕੈ
ਪੁਰੀਆ ਬਾਂਧੀ ਦੇਹ ॥ ਦਿਵਸ ਚਾਰਿ ਕੋ ਪੇਖਨਾ[੪] ਅੰਤਿ ਖੇਹ ਕੀ ਖੇਹ ॥
੧੭੮ ॥ ਕਬੀਰ [੫]ਸੂਰਜ ਚਾਂਦ ਕੈ ਉਦੈ ਭਈ ਸਭ ਦੇਹ ॥ ਗੁਰ ਗੋਬਿੰਦ ਕੇ
ਬਿਨੁ ਮਿਲੇ ਪਲਟਿ ਭਈ ਸਭ ਖੇਹ ॥ ੧੭੯ ॥ ਜਹ ਅਨਭਉ[੬] ਤਹ ਭੈ ਨਹੀ
ਜਹ ਭਉ ਤਹ ਹਰਿ ਨਾਹਿ ॥ ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ
ਮਾਹਿ ॥ ੧੮੦ ॥ ਕਬੀਰ [੭]ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ
ਬਿਹਾਇ ॥ ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥ ੧੮੧ ॥ ਕਬੀਰ ਮਾਰੇ
ਬਹੁਤੁ ਪੁਕਾਰਿਆ [੮]ਪੀਰ ਪੁਕਾਰੈ ਅਉਰ ॥ ਲਾਗੀ ਚੋਟ ਮਰੰਮ[੯] ਕੀ ਰਹਿਓ
ਕਬੀਰਾ ਠਉਰ ॥ ੧੮੨ ॥ ਕਬੀਰ ਚੋਟ ਸੁਹੇਲੀ ਸੇਲ[੧੦] ਕੀ ਲਾਗਤ ਲੇਇ
ਉਸਾਸ[੧੧] ॥ ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥ ੧੮੩ ॥ ਕਬੀਰ
ਮੁਲਾਂ ਮੁਨਾਰੇ ਕਿਆ ਚਢਹਿ[੧੨] ਸਾਂਈ ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ
ਦੇਹਿ ਦਿਲ ਹੀ ਭੀਤਰਿ ਜੋਇ[੧੩] ॥ ੧੮੪ ॥ ਸੇਖ [੧੪]ਸਬੂਰੀ ਬਾਹਰਾ ਕਿਆ ਹਜ
ਕਾਬੇ ਜਾਇ ॥ ਕਬੀਰ *ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ
ਖੁਦਾਇ ॥ ੧੮੫ ॥ ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ
ਦੁਖੁ ਜਾਇ ॥ ਦਿਲ ਮਹਿ ਸਾਂਈ ਪਰਗਟੈ [੧੫]ਬੁਝੈ ਬਲੰਤੀ ਨਾਂਇ ॥
੧੮੬ ॥ ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥ ੧੮੭ ॥ ਕਬੀਰ
ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ[੧੬] ॥ [੧੭]ਹੇਰਾ ਰੋਟੀ ਕਾਰਨੇ
ਗਲਾ ਕਟਾਵੈ ਕਉਨੁ ॥ ੧੮੮ ॥ ਕਬੀਰ [੧੮]ਗੁਰੁ ਲਾਗਾ ਤਬ ਜਾਨੀਐ
ਮਿਟੈ ਮੋਹੁ ਤਨ ਤਾਪ ॥ ਹਰਖ ਸੋਗ ਦਾਝੈ[੧੯] ਨਹੀ ਤਬ ਹਰਿ ਆਪਹਿ
ਆਪਿ ॥ ੧੮੯ ॥ ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ
ਬਿਚਾਰੁ ॥ [੨੦]ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ੧੯੦ ॥
ਕਬੀਰ [੨੧]ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥ [੨੨]ਏਕੁ ਅਨੇਕਹਿ
ਮਿਲਿ ਗਇਆ ਏਕ ਸਮਾਨਾ ਏਕ ॥ ੧੯੧ ॥ ਕਬੀਰ ਜਾ ਘਰ ਸਾਧ
ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥ ਤੇ ਘਰ ਮਰਹਟ ਸਾਰਖੇ[੨੩] ਭੂਤ
ਬਸਹਿ ਤਿਨ ਮਾਹਿ ॥ ੧੯੨ ॥ ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ
ਕਾਨ[੨੪] ॥ [੨੫]ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥
੧੯੩ ॥ †ਕਬੀਰ ਸਤਿਗੁਰ ਸੂਰਮੇ ਬਾਹਿਆ[੨੬] ਬਾਨੁ ਜੁ ਏਕੁ ॥ ਲਾਗਤ ਹੀ
ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ ੧੯੪ ॥ ਕਬੀਰ ਨਿਰਮਲ ਬੂੰਦ[੨੭]

੧ ਸਵਾਰੀਆਂ, ਗੱਡੀਆਂ, ਰੱਥ ਆਦਿ ।

੨ ਬਹੁਤ ।

੩ ਰਾਜੇ ਦੀ ਰਾਣੀ ।

੪ ਉਸ ਦੇ ।

੫ ਬਰਾਬਰ ।

੬ ਦਾਸੀ ।

੭ ਰਾਜੇ ਦੀ ਇਸਤਰੀ ਕਿਉਂ ਨਿੰਦੀ ਜਾਂਦੀ ਹੈ ਤੇ ਚੇਲੀ (ਦਾਸੀ) ਨੂੰ ਕਿਉਂ ਮਾਣ ਮਿਲਦਾ ਹੈ ?

੮ ਸਿਰ ਦੀਆਂ ਪੱਟੀਆਂ ਦੇ ਵਿਚਕਾਰਲੀ ਚੀਰ ।

੯ ਵਿਸ਼ੇ-ਵਿਕਾਰਾਂ ਲਈ ।

੧੦ ਥੰਮ੍ਹੀ (ਨਾਮ ਰੂਪ) ।

੧੧ ਟਿਕਾਉ ।

੧੨ ਧੀਰਜ ਬੱਧੀ, ਆਸਰਾ ਦਿੱਤਾ ।

੧੩ ਭਾਵ ਸੰਗਤ ਵਿੱਚ ।

੧੪ ਕਿਨਾਰਾ ।

੧੫ [ਭਰਦਾ ਹੈ] ਸਜਾਂਵਦਾ ਹੈ ਹੱਟੀ ।

੧੬ ਵਟਾਂਦਰਾ, ਭਾਵ ਮੂਲ ।

੧੭ ਕੰਮ ਪਏ ਤੇ, ਲੋੜ ਵੇਲੇ ।

੧੮ [ਵਿਤ] ਮਾਲ-ਧਨ । ਹਰੀ ਰੂਪ ਧਨ ਗਵਾਚਾ ਹੋਇਆ ਮੁੜ ਮਿਲਦਾ ਹੈ ।

੧੯ ਔਖੀ ।

੨੦ ਕਨੌਡ, ਚਿੰਤਾ, ਫ਼ਿਕਰ । ਕਬੀਰ ਆਪਣੇ ਟੱਬਰ ਦੀ ਚਿੰਤਾ ਵਿੱਚ ਰਹਿੰਦਾ ਹੋਇਆ ਸੰਸਾਰ ਦੇ ਦੁੱਖ ਨਾਲ ਮੋਇਆ ।

੨੧ ਕਿਸ ਦੇ ਖਾਨਦਾਨ ਨੂੰ ਲਾਜ ਆਵੇਗੀ ? (ਇਥੇ 'ਕੁਲੁ' ਪੁਲਿੰਗ ਕਰ ਕੇ ਆਇਆ ਹੈ । ਸ਼ਲੋਕ ੧੧੧ ਵਿੱਚ 'ਕੁਲ' ਇਸਤਰੀ ਲਿੰਗ ਕਰ ਕੇ ਆਇਆ ਸੀ। ਪੁਰਤਾਨ ਬੋਲੀ ਵਿੱਚ ਇਹ ਪੁਲਿੰਗ ਸੀ, ਵਰਤਮਾਨ ਬੋਲੀ ਵਿੱਚ ਇਸਤਰੀ ਲਿੰਗ ਕਰ ਕੇ ਵਰਤਿਆ ਜਾਂਦਾ ਹੈ) ।

੨੨ ਲੋਕ-ਲਾਜ ।

੨੩ ਗਵਾਂਢੀ ।

੨੪ ਮੰਗੀ ਰੋਟੀ; ਉਹ ਰੋਟੀ ਜੋ ਨਾਮ ਜਪਣ ਵਾਲੇ ਸਰੀਰ ਦੀ ਪਾਲਨਾ ਹਿੱਤ ਮੰਗਦੇ ਹਨ ।

੨੫ ਜਿਸ ਵਿੱਚ ਕਈ ਪ੍ਰਕਾਰ ਦਾ ਅਨਾਜ ਹੁੰਦਾ ਹੈ ।

੨੬ ਸੜਨਾ । ਦਾਵੇ ਬੰਨ੍ਹਣ ਨਾਲ ਮਨੁੱਖ ਦੁਖੀ ਹੁੰਦਾ ਹੈ।

੨੭ ਬੇ-ਫ਼ਿਕਰ ।

੨੮ ਇੰਦ੍ਰ ਤੇ ਰੰਕ (ਕੰਗਾਲ) ਨੂੰ ਇਕੋ ਜੇਹਾ ਸਮਝਦਾ ਹੈ ।

੨੯ ਕੰਢਿਆਂ ਤੀਕ ਭਰਿਆ ਸਮੁੰਦਰ (ਨਾਮ ਰੂਪ) ।

੩੦ ਘਟਦੇ ਹਨ (ਰੌਸ਼ਨੀ ਵਿੱਚ) ।

੩੧ 'ਰਾਮ' ਦੇ ਦੋ ਅੱਖਰ ।

੩੨ ਓਹ ਮੈਂ ਫੜ ਰੱਖੇ ਹਨ ।

੩੩ ਜਗਤ ਰੂਪ ਕੋਠੀ ।

੩੪ ਵਿਦਿਆ ਦੇ ਹੰਕਾਰ ਵਾਲੇ ।

੩੫ ਨਿਮ੍ਰਤਾ ਵਾਲੇ ਜੋ ਆਪਣੇ ਆਪ ਨੂੰ ਮੂਰਖ ਸਮਝਦੇ ਹਨ, ਮਾਇਆ ਦੀ ਅੱਗ ਕੋਲੋਂ ਨੱਸ ਕੇ ਬਚ ਗਏ।

੩੬ (ਬਹਾਇ) ਭਾਵ ਬੇਦ ਸ਼ਾਸਤ੍ਰ ਰੋਹੜ ਦੇ ।

੩੭ ਬਵੰਜਾ ਅੱਖਰ ਭਾਵ ਬੇਦ ਸ਼ਾਸਤ੍ਰਾਂ ਦੇ ਤੱਤ ਨੂੰ ਲੱਭ ਕੇ ।

੩੮ ਸੰਤਤਾਈ ।

੩੯ ਭਾਵੇਂ ਕ੍ਰੋੜਾਂ ਹੀ ਅਨਾੜੀ ਲੋਕਾਂ ਨਾਲ ਵਾਹ ਪੈ ਜਾਏ ।

੪੦ ਚੰਦਨ । ੪੧ ਸੱਪ ।

੪੨ ਵੇੜ੍ਹਿਆ ।

੪੩ ਤਾਂ ਭੀ ਆਪਣਾ ਠੰਢ ਪਾਣ ਵਾਲਾ ਗੁਣ ਨਹੀਂ ਛੱਡਦਾ ।

੪੪ ਜਿਸ (ਤ੍ਰਿਸ਼ਨਾ) ਅੱਗ ਨੇ ਸਭ ਨੂੰ ਸਾੜਿਆ ਹੈ, ਉਹ ਦਾਸ ਲਈ ਜਲ ਰੂਪ ਹੋ ਗਈ ।

੪੫ [ਨਰਦ] ਖੇਡ ।

੪੬ ਜਾਂ । ਜਾਂ ਮਾਲਕ ਆਪ ਜਾਣਦਾ ਹੈ (ਇਸ ਖੇਡ ਨੂੰ) ।

੪੭ ਜਾਂ ਉਸ ਦੇ ਦੀਵਾਨ ਵਿੱਚ ਵੱਸਣ ਵਾਲਾ ਹਰੀ ਦਾ ਦਾਸ ਜਾਣਦਾ ਹੈ ।

* ਵਹੀਰ । ਆਮ ਲੋਕ ਪੰਡਤਾਂ ਦੇ ਰਾਹ ਤੁਰ ਕੇ ਰਸਮੀ ਧਰਮ ਮੰਨਦੇ ਹਨ ।

ਬਾਹਨ[੧] ਸਘਨ[੨] ਘਨ [੩]ਛਤ੍ਰਪਤੀ ਕੀ ਨਾਰਿ ॥ ਤਾਸੁ[੪] ਪਟੰਤਰ[੫] ਨਾ ਪੁਜੈ ਹਰਿ
ਜਨ ਕੀ ਪਨਿਹਾਰਿ[੬] ॥ ੧੫੯ ॥ ਕਬੀਰ [੭]ਨ੍ਰਿਪ ਨਾਰੀ ਕਿਉ ਨਿੰਦੀਐ ਕਿਉ
ਹਰਿ ਚੇਰੀ ਕਉ ਮਾਨੁ ॥ ਓਹ ਮਾਂਗ[੮] ਸਵਾਰੈ [੯]ਬਿਖੈ ਕਉ ਓਹ ਸਿਮਰੈ ਹਰਿ
ਨਾਮੁ ॥ ੧੬੦ ॥ ਕਬੀਰ ਥੂਨੀ[੧੦] ਪਾਈ ਥਿਤਿ[੧੧] ਭਈ ਸਤਿਗੁਰ [੧੨]ਬੰਧੀ
ਧੀਰ ॥ ਕਬੀਰ ਹੀਰਾ ਬਨਜਿਆ [੧੩]ਮਾਨ ਸਰੋਵਰ ਤੀਰ[੧੪] ॥ ੧੬੧ ॥
ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ [੧੫]ਮਾਂਡੈ ਹਾਟ ॥ ਜਬ ਹੀ ਪਾਈਅਹਿ
ਪਾਰਖੂ ਤਬ ਹੀਰਨ ਕੀ ਸਾਟ[੧੬] ॥ ੧੬੨ ॥ ਕਬੀਰ [੧੭]ਕਾਮ ਪਰੇ ਹਰਿ
ਸਿਮਰੀਐ ਐਸਾ ਸਿਮਰਹੁ ਨਿਤ ॥ ਅਮਰਾ ਪੁਰ ਬਾਸਾ ਕਰਹੁ ਹਰਿ ਗਇਆ
ਬਹੋਰੈ ਬਿਤ[੧੮] ॥ ੧੬੩ ॥ ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ
ਰਾਮੁ ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥ ਕਬੀਰ
ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ* ॥ ਇਕ ਅਵਘਟ[੧੯] ਘਾਟੀ
ਰਾਮ ਕੀ ਤਿਹ ਚੜਿ ਰਹਿਓ ਕਬੀਰ ॥ ੧੬੫ ॥ ਕਬੀਰ ਦੁਨੀਆ ਕੇ ਦੋਖੇ
ਮੂਆ ਚਾਲਤ ਕੁਲ ਕੀ ਕਾਨਿ[੨੦] ॥ ਤਬ [੨੧]ਕੁਲੁ ਕਿਸ ਕਾ ਲਾਜਸੀ ਜਬ ਲੇ
ਧਰਹਿ ਮਸਾਨਿ ॥ ੧੬੬ ॥ ਕਬੀਰ ਡੂਬਹਿਗੋ ਰੇ ਬਾਪੁਰੇ ਬਹੁ [੨੨]ਲੋਗਨ ਕੀ
ਕਾਨਿ ॥ ਪਾਰੋਸੀ[੨੩] ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥ ੧੬੭ ॥ ਕਬੀਰ ਭਲੀ
ਮਧੂਕਰੀ[੨੪] [੨੫]ਨਾਨਾ ਬਿਧਿ ਕੋ ਨਾਜੁ ॥ ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ
ਰਾਜੁ ॥ ੧੬੮ ॥ ਕਬੀਰ ਦਾਵੈ ਦਾਝਨੁ[੨੬] ਹੋਤੁ ਹੈ ਨਿਰਦਾਵੈ ਰਹੈ ਨਿਸੰਕ[੨੭] ॥
ਜੋ ਜਨੁ ਨਿਰਦਾਵੈ ਰਹੈ ਸੋ [੨੮]ਗਨੈ ਇੰਦ੍ਰ ਸੋ ਰੰਕ ॥ ੧੬੯ ॥ ਕਬੀਰ [੨੯]ਪਾਲਿ
ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥ ਭਾਗ ਬਡੇ ਤੈ ਪਾਇਓ
ਤੂੰ ਭਰਿ ਭਰਿ ਪੀਉ ਕਬੀਰ ॥ ੧੭੦ ॥ ਕਬੀਰ ਪਰਭਾਤੇ ਤਾਰੇ ਖਿਸਹਿ[੩੦]
ਤਿਉ ਇਹੁ ਖਿਸੈ ਸਰੀਰੁ ॥ ਏ [੩੧]ਦੁਇ ਅਖਰ ਨਾ ਖਿਸਹਿ [੩੨]ਸੋ ਗਹਿ
ਰਹਿਓ ਕਬੀਰੁ ॥ ੧੭੧ ॥ ਕਬੀਰ ਕੋਠੀ[੩੩] ਕਾਠ ਕੀ ਦਹ ਦਿਸਿ ਲਾਗੀ
ਆਗਿ ॥ [੩੪]ਪੰਡਿਤ ਪੰਡਿਤ ਜਲਿ ਮੂਏ [੩੫]ਮੂਰਖ ਉਬਰੇ ਭਾਗਿ ॥ ੧੭੨ ॥
ਕਬੀਰ ਸੰਸਾ ਦੂਰਿ ਕਰੁ [੩੬]ਕਾਗਦ ਦੇਹ ਬਿਹਾਇ ॥ [੩੭]ਬਾਵਨ ਅਖਰ ਸੋਧਿ ਕੈ
ਹਰਿ ਚਰਨੀ ਚਿਤੁ ਲਾਇ ॥ ੧੭੩ ॥ ਕਬੀਰ ਸੰਤੁ ਨ ਛਾਡੈ ਸੰਤਈ[੩੮] [੩੯]ਜਉ
ਕੋਟਿਕ ਮਿਲਹਿ ਅਸੰਤ ॥ ਮਲਿਆਗਰੁ[੪੦] ਭੁਯੰਗਮ[੪੧] ਬੇਢਿਓ[੪੨] [੪੩]ਤ
ਸੀਤਲਤਾ ਨ ਤਜੰਤ ॥ ੧੭੪ ॥ ਕਬੀਰ ਮਨੁ ਸੀਤਲੁ ਭਇਆ ਪਾਇਆ
ਬ੍ਰਹਮ ਗਿਆਨੁ ॥ [੪੪]ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ
ਸਮਾਨਿ ॥ ੧੭੫ ॥ ਕਬੀਰ ਸਾਰੀ[੪੫] ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥
ਕੈ[੪੬] ਜਾਨੈ ਆਪਨ ਧਨੀ [੪੭]ਕੈ ਦਾਸੁ ਦੀਵਾਨੀ ਹੋਇ ॥ ੧੭੬ ॥ ਕਬੀਰ

੧ ਗਚ (ਚੂਨੇ) ਵਾਂਗ ਗਹ (ਪਕੜ) ਹੈ ਕੁਟੰਬ ਦੀ ਤੇ ਹਰੀ ਕੰਠੇ (ਇਕ ਪਾਸੇ) ਰਹਿ ਗਿਆ ਹੈ ।
੨ ਸਾਰੀ ਰੌਣਕ ਵਿੱਚੇ ਹੀ ਰਹਿ ਗਈ ।
੩ ਸੂਰ । ਸੂਰ ਵਿਸ਼ਟਾ ਖਾਂਦਾ ਹੈ ਪਰ ਪਿੰਡ ਨੂੰ ਸਾਫ਼ ਰੱਖਦਾ ਹੈ ।
੪ ਵਿਚਾਰਾ ।
੫ ਤੋੜ ਲਈ ਭਾਵ ਲਾਹ ਲਈ ।
੬ ਚਾਰ ਕਿਸਮ ਦੀਆਂ ਮਾਲਾਂ ਪਾ ਲਈਆਂ ।
੭ ਬਾਹਰੋਂ ਬਾਰਾਂ ਵੰਨੀ ਦਾ ਸੋਨਾ ਬਣਦਾ ਹੈ, ਪਰ ਅੰਦਰੋਂ ਲਾਖ ਭਰੀ ਹੁੰਦੀ ਹੈ ।
੮ [ਛੇਤੀ ਟੁੱਟ ਭੁਰ ਜਾਣ ਵਾਲੀ] ਲਾਖ ।
੯ ਰਸਤੇ ਦਾ ।
੧੦ ਰਾਹੀ ।
੧੧ ਧਰਤੀ ।
੧੨ ਸਭ ਵਿੱਚ ਮਿਲ ਜਾਂਦਾ ਹੈ ।
੧੩ ਠੰਡਾ ।
੧੪ ਤੱਤਾ ।
੧੫ ਮਕਾਨ ।
੧੬ ਕਨਕ (ਸੋਨਾ) ਤੇ ਕਾਮਨੀ (ਇਸਤ੍ਰੀ) ।
੧੭ ਚੋਟੀ 'ਤੇ । ਮਕਾਨ ਦੀ ਚੋਟੀ 'ਤੇ ਨਿਸ਼ਾਨ ਝੁਲਦੇ ਹੋਵਣ ।
੧੮ ਮੰਗੀ ਹੋਈ ਰੋਟੀ ।
੧੯ [ਪਟਨ] ਸ਼ਹਿਰ ।
੨੦ ਉਜਾੜ ।
੨੧ ਥਾਂ । ਜਿਥੇ ਰਾਮ ਦੇ ਭਗਤ ਵੱਸਦੇ ਹੋਣ ।
੨੨ ਰਾਮ ਦੇ ਪਿਆਰਿਆਂ ਤੋਂ ਬਿਨਾਂ ਮੇਰੇ ਭਾਣੇ ਉਹ ਜਮਪੁਰੀ ਤੁਲ ਹੈ ।
੨੩ ਇੜਾ ।
੨੪ ਪਿੰਗਲਾ ।
੨੫ ਸਹਜ ਅਵਸਥਾ ਦੇ ਟਿਕਾਣੇ, ਸੁਖਮਨਾ ਵਿੱਚ ਇੜਾ ਪਿੰਗਲਾ ਤੇ ਸੁਖਮਨਾ ਲਈ ਦੇਖੋ ਪੰਨਾ ੯੭੩, ਨੋਟ ੩ ।
੨੬ ਅਸਥਾਨ, ਟਿਕਾਉ ।
੨੭ ਰਸਤਾ ।
੨੮ ਭਾਵ ਜਿਸ ਉਤਸ਼ਾਹ ਨਾਲ ਭਗਤੀ ਅਰੰਭੀ ਸੀ, ਉਸੇ ਨਾਲ ਤੋੜ ਨਿਭੇ ।
੨੯ ਹੀਰਾ ਵਿਚਾਰਾ ਕੀ ਹੈ ? ਉਸ ਭਗਤ ਦੇ ਤੁੱਲ ਤਾਂ ਲੱਖਾਂ ਕ੍ਰੋੜਾਂ ਰਤਨ ਭੀ ਨਹੀਂ ਹੋ ਸਕਦੇ ।
੩੦ ਹਰੀ ਆਪ ।
੩੧ ਸ੍ਰੇਸ਼ਟ ਮੁਨੀ ।
੩੨ ਗਲ ਗਏ ।
੩੩ ਸ਼ਬਦ ਰੂਪ ਬਾਣ ਮਾਰਿਆ ।
੩੪ ਭਾਵ ਤੁਰਤ ਅਸਰ ਹੋ ਗਿਆ ।
੩੫ ਕਸਰ, ਘਾਟਾ ।
੩੬ ਹੈ (ਘੋੜੇ) ਤੇ ਗੈ (ਹਾਥੀ) । (ਦੇਖੋ ਸ਼ਲੋਕ ੧੧੨) ਐਸੀ ਰਾਣੀ ਹੋਵੇ ਜਿਸ ਦੇ ਪਾਸ ਘੋੜੇ, ਹਾਥੀ, ਬਘੀਆਂ ਬਹੁਤ ਹੋਣ, ਉਹ ਰਾਣੀ ਹਰੀ-ਭਗਤ ਦੀ ਦਾਸੀ ਦੇ ਬਰਾਬਰ ਨਹੀਂ ਪੁੱਜ ਸਕਦੀ ।

* ਨਾਮ-ਹੀਰਾ ਪੰਡਤਾਂ ਦੀਆਂ ਹੱਟੀਆਂ 'ਤੇ ਵਿਕਦਾ ਫਿਰਦਾ ਹੈ, ਹੀਰਿਆਂ ਦਾ ਵਣਜ ਕਰਨ ਵਾਲੇ (ਨਾਮ ਜੇਹੀ ਅਮੋਲਕ ਵਸਤੂ ਦੇ ਪਾਰਖੂ) ਤੋਂ ਬਿਨਾਂ ਕੌਡੀ ਮੁੱਲ ਪਾ ਰਿਹਾ ਹੈ ।

† ਇਸੇ ਭਾਵ ਦਾ ਸ਼ਲੋਕ ਅੱਗੇ ਜਾ ਕੇ ੧੯੪ਵਾਂ ਸ਼ਲੋਕ ਹੈ ।

ਭਵਰ ਭਏ ਸਭ ਦਾਸ ॥ ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ ॥ ੧੪੧ ॥ ਕਬੀਰ [੧]ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥ ਆਇ ਪਰੇ ਧਰਮਰਾਇ ਕੇ [੨]ਬੀਚਹਿ ਧੂਮਾ ਧਾਮ ॥ ੧੪੨ ॥ ਕਬੀਰ ਸਾਕਤ ਤੇ ਸੂਕਰ[੩] ਭਲਾ ਰਾਖੈ ਆਛਾ ਗਾਉ ॥ ਉਹੁ ਸਾਕਤੁ ਬਪੁਰਾ[੪] ਮਰਿ ਗਇਆ ਕੋਇ ਨ ਲੈਹੈ ਨਾਉ ॥ ੧੪੩ ॥ ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥ ਚਲਤੀ ਬਾਰ ਨ ਕਛੁ ਮਿਲਿਓ [੫]ਲਈ ਲੰਗੋਟੀ ਤੋਰਿ ॥ ੧੪੪ ॥ ਕਬੀਰ ਬੈਸਨੋ ਹੂਆ ਤ ਕਿਆ ਭਇਆ [੬]ਮਾਲਾ ਮੇਲੀਂ ਚਾਰਿ ॥ [੭]ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ[੮] ॥ ੧੪੫ ॥ ਕਬੀਰ ਰੋੜਾ ਹੋਇ ਰਹੁ [੯]ਬਾਟ ਕਾ ਤਜਿ ਮਨ ਕਾ ਅਭਿਮਾਨੁ ॥ ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥ ੧੪੬ ॥ ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ[੧੦] ਕਉ ਦੁਖੁ ਦੇਇ ॥ ਐਸਾ ਤੇਰਾ ਦਾਸੁ ਹੈ ਜਿਉ ਧਰਨੀ[੧੧] ਮਹਿ ਖੇਹ ॥ ੧੪੭ ॥ ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ ॥ ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ[੧੨] ॥੧੪੮ ॥ ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ[੧੩] ਤਾਤਾ[੧੪] ਹੋਇ ॥ ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥ ੧੪੯ ॥ ਊਚ ਭਵਨ[੧੫] ਕਨਕਾਮਨੀ[੧੬] ਸਿਖਰਿ[੧੭] ਧਜਾ ਫਹਰਾਇ ॥ ਤਾ ਤੇ ਭਲੀ ਮਧੂਕਰੀ[੧੮] ਸੰਤਸੰਗਿ ਗੁਨ ਗਾਇ ॥ ੧੫੦ ॥ ਕਬੀਰ ਪਾਟਨ[੧੯] ਤੇ ਊਜਰੁ[੨੦] ਭਲਾ ਰਾਮ ਭਗਤ ਜਿਹ ਠਾਇ[੨੧] ॥ [੨੨]ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ ॥ ੧੫੧ ॥ ਕਬੀਰ ਗੰਗ[੨੩] ਜਮੁਨ[੨੪] ਕੇ ਅੰਤਰੇ ਸਹਜ[੨੫] ਸੁੰਨ ਕੇ ਘਾਟ ॥ ਤਹਾ ਕਬੀਰੈ ਮਟੁ [੨੬]ਕੀਆ ਖੋਜਤ ਮੁਨਿ ਜਨ ਬਾਟ[੨੭] ॥ ੧੫੨ ॥ ਕਬੀਰ [੨੮]ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥ [੨੯]ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥ ੧੫੩ ॥ ਕਬੀਰਾ ਏਕੁ ਅਚੰਭਉ ਦੇਖਿਓ *ਹੀਰਾ ਹਾਟ ਬਿਕਾਇ ॥ ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ ੧੫੪ ॥ ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ[੩੦] ॥ ੧੫੫ ॥ ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥ ਮਾਨ ਮੁਨੀ ਮੁਨਿਵਰ[੩੧] ਗਲੇ[੩੨] ਮਾਨੁ ਸਭੈ ਕਉ ਖਾਇ ॥ ੧੫੬ ॥ †ਕਬੀਰ ਸਾਚਾ ਸਤਿਗੁਰੁ ਮੈ ਮਿਲਿਆ [੩੩]ਸਬਦੁ ਜੁ ਬਾਹਿਆ ਏਕੁ ॥ [੩੪]ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥ ੧੫੭ ॥ ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ[੩੫] ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥ ੧੫੮ ॥ ਕਬੀਰ [੩੬]ਹੈ ਗੈ

੧ ਪਤੀਜਦਾ, ਤਸੱਲੀ ਹੁੰਦੀ ।
੨ ਖ਼ੁਸ਼ੀ ਨਾਲ ।
੩ ਕੂੰਜ ਬੱਚਿਆਂ ਨੂੰ ਘੜੀ-ਘੜੀ ਯਾਦ ਕਰਦੀ ਹੈ ਤੇ ਨਾਲ ਹੀ ਚੋਗਾ ਚੁਗਦੀ ਫਿਰਦੀ ਹੈ, ਤਿਵੇਂ ਮਾਇਆ ਦੀ ਮਮਤਾ ਵਿਚ ਜੀਵ ਫਸਿਆ ਹੈ ।
੪ ਬੱਚੇ ।
੫ ਅਕਾਸ਼ ।
੬ ਬੱਦਲ, ਭਾਵ ਗੁਰੂ ਦਾ ਉਪਦੇਸ਼ ।
੭ ਵੱਸ ਕੇ ਸਰੋਵਰ ਤੇ ਤਾਲ, ਭਾਵ ਜਗਿਆਸੂਆਂ ਦੇ ਹਿਰਦੇ ਭਰਦਾ ਹੈ ।
੮ ਚਕਵੀ ।
੯ ਰਾਤ ਵੇਲੇ ।
੧੦ ਸਮੁੰਦਰ ।
੧੧ ਵਿਚੇ ਹੀ । ਹੇ ਸੰਖ ! ਤੂੰ ਸਮੁੰਦਰ ਦੇ ਵਿੱਚ ਹੀ ਰਹੋ, ਨਹੀਂ ਤਾਂ ਤੂੰ ਦੇਵਲ ਦੇਵਲ (ਮੰਦਰ) ਵਿਚ ਡੰਡ ਪਾਂਦਾ ਫਿਰੇਂਗਾ ਹਰ ਰੋਜ਼, ਭਾਵ ਜੀਵ ਹਰੀ ਤੋਂ ਵਿਛੜ ਕੇ ਦੁਖੀ ਹੁੰਦਾ ਹੈ ।
੧੨ ਸੂਰਜ ਚੜ੍ਹਦਿਆਂ, ਹਰ ਰੋਜ਼ ਸਵੇਰੇ ।
੧੩ ਜਮਾਂ ਦੇ ਭੈ ਦੇ ਦੁੱਖ ਕਰ ਕੇ ।
੧੪ ਜਿਸ ਦਾ ਵਾਸਾ ਆਖ਼ਰ ਨੂੰ ਕਬਰ ਵਿਚ ਹੋਣਾ ਹੋਵੇ ।
੧੫ ਕਿਉਂ ।
੧੬ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।
੧੭ ਜਿਸ ਹਰੀ ਤੋਂ ।
੧੮ ਨੇੜ, ਨਜ਼ਦੀਕੀ, ਸਾਥ ।
੧੯ ਵੇਖਦਿਆਂ ਹੀ ਪਵਿੱਤਰ ਹੋ ਜਾਈਦਾ ਹੈ ਅਤੇ ਮਿਲਣ ਨਾਲ ਨਾਮ ਜਪੀਦਾ ਹੈ ।
੨੦ ਭਾਂਡੇ ਕਾਲੇ ਨੂੰ ਛੋਹੀਏ ।
੨੧ ਬੁਢੇਪਾ ।
੨੨ ਬੁਢੇਪੇ ਦੀ ਅੱਗ ਸਰੀਰ-ਮੰਦਰ 'ਤੇ ਬੂਹੇ ਤੱਕ ਆ ਪਹੁੰਚੀ ਹੈ, ਹੁਣ ਕੀ ਕੁਝ ਕੱਢਿਆ ਜਾ ਸਕਦਾ ਹੈ।
੨੩ ਵਿਚੋਂ ਕੋਈ ਨੁਕਸ ਨਾ ਪੈ ਗਿਆ, ਭਾਵ ਦਾਗੀ ਨਾ ਹੋ ਗਏ ।
੨੪ ਬੁਤ ਖ਼ਰੀਦ ਕੇ ਪੂਜਦੇ ਹਨ ।
੨੫ ਪੱਥਰ ।
੨੬ ਮੰਝਧਾਰ ਵਿਚ ਡੁੱਬਦੇ ਹਨ ।
੨੭ ਕੋਠੜੀ । ਕਾਗਜ਼ ਭਾਵ ਵੇਦ ਸ਼ਾਸਤਰ ਦੀ ਕੋਠੀ ਵਿਚ ਕੈਦ ਹਨ ਤੇ ਸਿਆਹੀ ਭਾਵ ਕਰਮ-ਕਾਂਡ ਦੇ ਤਖ਼ਤੇ ਲੱਗੇ ਹਨ । ਪੱਥਰਾਂ (ਮੂਰਤੀ ਪੂਜਾ) ਨੇ ਧਰਤੀ ਡੋਬੀ ਹੈ ਤੇ ਪੰਡਤਾਂ ਨੇ ਰਸਤਾ ਲੁੱਟ ਲਿਆ ਹੈ 'ਬਾਟ ਪਾੜ' ਧਾੜਵੀ ਨੂੰ ਕਹਿੰਦੇ ਹਨ ।
੨੮ ਆਵਣ ਵਾਲੇ ਕਲ੍ਹ ।
੨੯ ਹੁਣ ਹੀ ।
੩੦ ਓਸ ਵੇਲੇ ।
੩੧ ਪਖੰਡੀ ਮਨ ।
੩੨ ਜਿਵੇਂ ਧੋਤੀ ਹੋਈ ਲਾਖ ਹੁੰਦੀ ਹੈ, ਭਾਵ ਉਤੋਂ ਉਤੋਂ ਬਹੁਤ ਚਮਕੀਲੀ, ਪਰ ਵਿਚੋਂ ਕੱਚੀ, ਛੇਤੀ ਟੁੱਟਣ ਹਾਰ ।
੩੩ ਨਿਰਾਦਰ ।
੩੪ ਪਾਲਣ ਵਾਲਾ ਹਰੀ ।

* [ਅ. ਵੱਡਾ] ਵਡਿਆਈ ਵਾਲਾ ਹਰੀ ਕਸਤੂਰੀ ਹੈ (ਭਾਵ ਪਰੇਮ ਦੀ ਖਿੱਚ ਵਾਲਾ ਹੈ) ਅਤੇ ਉਸ ਦੇ ਭਗਤ ਉਸ ਖੁਸ਼ਬੋ ਦੇ ਭੌਰੇ ਹਨ । ਜਿਉਂ-ਜਿਉਂ ਓਹ ਵੱਡੇ ਹਰੀ ਦੀ ਭਗਤੀ ਕਰਦੇ ਹਨ, ਤਿਉਂ-ਤਿਉਂ ਹਰੀ ਉਨ੍ਹਾਂ ਦੇ ਅੰਦਰ ਵੱਸਦਾ ਜਾਂਦਾ ਹੈ (ਕਸਤੂਰੀ ਦੇ ਜਿਤਨੇ ਨੇੜੇ ਹੋਵੋ, ਉਤਨੀ ਹੀ ਉਸ ਦੀ ਖੁਸ਼ਬੋ ਤੁਹਾਡੇ ਅੰਦਰ ਵੱਸਦੀ ਜਾਂਦੀ ਹੈ) ।

ਕਹਉ ਕਹੇ ਨ ਕੋ ਪਤੀਆਇ[੧] ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ[੨] ਗੁਨ ਗਾਇ ॥ ੧੨੨ ॥ ਕਬੀਰ [੩]ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ ॥ ਜੈਸੇ ਬਚਰਹਿ[੪] ਕੂੰਜ ਮਨ ਮਾਇਆ ਮਮਤਾ ਰੇ ॥ ੧੨੩ ॥ ਕਬੀਰ ਅੰਬਰ[੫] ਘਨਹਰੁ[੬] ਛਾਇਆ [੭]ਬਰਖਿ ਭਰੇ ਸਰ ਤਾਲ ॥ ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ ॥ ੧੨੪ ॥ ਕਬੀਰ ਚਕਈ[੮] ਜਉ ਨਿਸਿ[੯] ਬੀਛੁਰੈ ਆਇ ਮਿਲੈ ਪਰਭਾਤਿ ॥ ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥ ੧੨੫ ॥ ਕਬੀਰ ਰੈਨਾਇਰ[੧੦] ਬਿਛੋਰਿਆ ਰਹੁ ਰੇ ਸੰਖ ਮਝੂਰਿ[੧੧] ॥ ਦੇਵਲ ਦੇਵਲ ਧਾਹੜੀ ਦੇਸਹਿ [੧੨]ਉਗਵਤ ਸੂਰ ॥ ੧੨੬ ॥ ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ [੧੩]ਭੈ ਦੁਖ ॥ [੧੪]ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥ ੧੨੭ ॥ ਕਬੀਰ ਸੂਤਾ ਕਿਆ ਕਰਹਿ ਉਠਿ ਕਿ[੧੫] ਨ ਜਪਹਿ ਮੁਰਾਰਿ[੧੬] ॥ ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥੧੨੮॥ ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥ [੧੭]ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥ ੧੨੯ ॥ ਕਬੀਰ ਸੰਤ ਕੀ ਗੈਲ[੧੮] ਨ ਛੋਡੀਐ ਮਾਰਗਿ ਲਾਗਾ ਜਾਉ ॥ [੧੯]ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥ ੧੩੦ ॥ ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ [੨੦]ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧ ॥ ਕਬੀਰਾ ਰਾਮੁ ਨ ਚੇਤਿਓ ਜਰਾ[੨੧] ਪਹੂੰਚਿਓ ਆਇ ॥ [੨੨]ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ ॥ ੧੩੨ ॥ ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ ॥ ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ ॥ ੧੩੩ ॥ ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥ ਜਾਇ ਪਹੂਚਹਿ ਖਸਮ ਕਉ ਜਉ ਬੀਚਿ[੨੩] ਨ ਖਾਹੀ ਕਾਂਬ ॥ ੧੩੪ ॥ ਕਬੀਰ [੨੪]ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥ ੧੩੫ ॥ ਕਬੀਰ ਪਾਹਨੁ[੨੫] ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥ ਇਸ ਭਰਵਾਸੇ ਜੋ ਰਹੇ [੨੬]ਬੂਡੇ ਕਾਲੀ ਧਾਰ ॥ ੧੩੬ ॥ ਕਬੀਰ ਕਾਗਦ ਕੀ ਓਬਰੀ[੨੭] ਮਸੁ ਕੇ ਕਰਮ ਕਪਾਟ ॥ ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥ ੧੩੭ ॥ ਕਬੀਰ ਕਾਲਿ[੨੮] ਕਰੰਤਾ ਅਬਹਿ[੨੯] ਕਰੁ ਅਬ ਕਰਤਾ [੩੦]ਸੁਇ ਤਾਲ ॥ ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥ ਕਬੀਰ ਐਸਾ ਜੰਤੁ[੩੧] ਇਕੁ ਦੇਖਿਆ [੩੨]ਜੈਸੀ ਧੋਈ ਲਾਖ ॥ ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ ॥ ੧੩੯ ॥ ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ[੩੩] ॥ ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ[੩੪] ॥ ੧੪੦ ॥ *ਕਬੀਰੁ ਕਸਤੂਰੀ ਭਇਆ

੧ ਮੁੰਨ ਦੇਵਾਂ । ਭਾਵ ਐਸੇ ਗੁਰੂ ਦੀ ਲੋੜ ਨਹੀਂ ਹੈ।
੨ ਭਾਵ ਫੋਕਟ ਗਿਆਨ ਧਿਆਨ ਵਿੱਚ ।
੩ ਲੁਕਾ ਕੇ ।
੪ ਓੜਕ ।
੫ ਸਨਬੰਧੀ ।
੬ ਸ਼ਮਸ਼ਾਨ ਭੂਮੀ ਵਿੱਚ ਜਾ ਕੇ ਮੰਤਰਾਂ ਦੇ ਜ਼ੋਰ ਨਾਲ ਮੁਰਦਿਆਂ ਨੂੰ ਜਗਾਉਣਾ ।
੭ ਜਨਮ ਲੈਂਦੀ ਹੈ ਐਸੀ ਔਰਤ ।
੮ ਬੱਚਿਆਂ ਨੂੰ ।
੯ ਇਕ ਵਰਤ ਹੈ ਜੋ ਕੱਤਕ ਵਿੱਚ ਰੱਖਿਆ ਜਾਂਦਾ ਹੈ ।
੧੦ ਖੋਤੀ ।
੧੧ ਬਹੁਤੀ । ਅਸਲ ਵਡਿਆਈ ਇਹ ਹੈ ।
੧੨ ਸੂਲੀ । ਭਾਵ ਔਖਾ ਕੰਮ ਹੈ ।
੧੩ ਵਿਚਾਰੀ ।
੧੪ ਢਾਕ ਪਲਾਸ ਵਾਂਗ ਫਲ ਹੀਨ ਹੈ ।
੧੫ ਘੋੜੇ ।
੧੬ ਹਾਥੀ । ਦੇਖੋ ਸ਼ਲੋਕ ੧੫੯ ।
੧੭ ਸਵਾਰੀਆਂ ।
੧੮ ਬਹੁਤ ।
੧੯ [ਧ੍ਵਜਾ] ਝੰਡੇ । ਲੱਖਾਂ ਝੰਡੇ ਫਰਰਾਉਂਦੇ ਹੋਣ (ਪ੍ਰਭਤਾ ਦੀ ਨਿਸ਼ਾਨੀ ਵਜੋਂ) ।
੨੦ ਢੋਲਕੀ ਮੋਢੇ 'ਤੇ ਰੱਖ ਕੇ, ਭਾਵ ਪ੍ਰਗਟ ਹੋ ਕੇ ।
੨੧ ਕਿਸੇ ਦਾ ।
੨੨ ਭਾਵ ਨਿਰਣਾ ਕਰ ਕੇ ।
੨੩ ਖਿਲਰੇ । ਜਗਤ ਵਿੱਚ ਗੁਣਾਂ ਵਾਲੇ ਜੀਵਨ ਰੂਪ ਮੋਤੀ ਪਏ ਹਨ; ਪਰ ਅਗਿਆਨੀ, ਕੋਲੋਂ ਦੀ ਬੇ-ਧਿਆਨਾ ਹੀ ਲੰਘ ਜਾਂਦਾ ਹੈ ।
੨੪ ਭਾਵ ਆਪਣੀ ਸਮਰੱਥਾ ਦੇ ਜ਼ੋਰ ਨਾਲ ਜਾਈਏ ।
੨੫ ਕਦਮ ਅੱਗੇ ਅੱਗੇ ਪੈਂਦਾ ਜਾਵੇ, ਭਾਵੇਂ ਕੁਝ ਪਿਆ ਹੋਵੇ ।
੨੬ ਰੱਸੀ ।
੨੭ ਜਾ ਰਿਹਾ ਹੈ ਆਟਾ (ਪੀਸਾ) ਲੂਣ ਵਾਂਗ, ਉਹ ਸਰੀਰ ਜੋ ਸੋਨੇ ਵਰਗਾ ਸੀ ।
੨੮ ਵਾਂਗ ।
੨੯ ਹੰਸ (ਜੀਵਾਤਮਾ) ਉਡਿਆ ਚਾਹੁੰਦਾ ਹੈ ਤੇ ਤਨ ਗਡਿਆ ਜਾਣ ਵਾਲਾ ਹੈ; ਹੁਣ ਵੀ ਸੈਨਤਾਂ ਨਾਲ ਸਮਝਾਉਂਦਾ ਹੈ ਤੇ ਅਜੇ ਵੀ ਨੈਣਾਂ ਦੀ ਨੀਚਤਾ ਨਹੀਂ ਛੱਡਦਾ ।
੩੦ ਵੇਖਦਾ ਹਾਂ ।
੩੧ ਤੇਰਾ ।
੩੨ ਬਚਨਾਂ ਨਾਲ ।
੩੩ ਕਿਰਪਾ ਨਾਲ ।
੩੪ ਅੰਦਾਜ਼ਾ ।
੩੫ ਕਹਿਣ ਨਾਲ ਵਡਿਆਈ ਦਾ ਪੂਰਾ ਪਤਾ ਨਹੀਂ ਲੱਗਦਾ, ਦੇਖਣ ਨਾਲ ਹੀ ਨਿਸ਼ਾ ਹੁੰਦੀ ਹੈ ।
੩੬ ਕੀ ? ਕੀ ਦੱਸਿਆ ਜਾ ਸਕਦਾ ਹੈ ।

* ਕਬੀਰ ਜੀ ਦਾ ਪੁੱਤਰ ਜੋ ਧਨ ਮਾਲ ਲਿਆਇਆ, ਉਸ ਪਰਥਾਏਂ ਉਚਾਰਨ ਕਰਦੇ ਹਨ ।

ਕਬੀਰ ਮਾਇ ਮੂੰਡਉ[੧] ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥ ਆਪ ਡੁਬੇ [੨]ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥ ੧੦੪ ॥ ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ[੩] ॥ ਪਰਗਟ ਭਏ ਨਿਦਾਨ[੪] ਸਭ ਜਬ ਪੂਛੇ ਧਰਮਰਾਇ ॥ ੧੦੫ ॥ ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥ ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ[੫] ॥ ੧੦੬ ॥ ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ[੬] ਜਾਇ ॥ ਸਰਪਨਿ ਹੋਇ ਕੈ ਅਉਤਰੈ[੭] ਜਾਏ[੮] ਅਪੁਨੇ ਖਾਇ ॥ ੧੦੭ ॥ ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ[੯] ਰਾਖੈ ਨਾਰਿ ॥ ਗਦਹੀ[੧੦] ਹੋਇ ਕੈ ਅਉਤਰੈ[੭] ਭਾਰੁ ਸਹੈ ਮਨ ਚਾਰਿ ॥ ੧੦੮ ॥ ਕਬੀਰ ਚਤੁਰਾਈ ਅਤਿ ਘਨੀ[੧੧] ਹਰਿ ਜਪਿ ਹਿਰਦੈ ਮਾਹਿ ॥ ਸੂਰੀ[੧੨] ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ ॥ ੧੦੯ ॥ ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥ ਦੇਹੀ ਕਿਸ ਕੀ ਬਾਪੁਰੀ[੧੩] ਪਵਿਤ੍ਰੁ ਹੋਇਗੋ ਗ੍ਰਾਮੁ ॥ ੧੧੦ ॥ ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥ ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ [੧੪]ਪਲਾਸੁ ॥ ੧੧੧ ॥ ਕਬੀਰ ਹੈ[੧੫] ਗਇ[੧੬] ਬਾਹਨ[੧੭] ਸਘਨ[੧੮] ਘਨ ਲਾਖ ਧਜਾ[੧੯] ਫਹਰਾਹਿ ॥ ਇਆ ਸੁਖ ਤੇ ਭਿਖੵਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥ ੧੧੨ ॥ ਕਬੀਰ ਸਭੁ ਜਗੁ ਹਉ ਫਿਰਿਓ [੨੦]ਮਾਂਦਲੁ ਕੰਧ ਚਢਾਇ ॥ ਕੋਈ [੨੧]ਕਾਹੂ ਕੋ ਨਹੀ ਸਭ ਦੇਖੀ [੨੨]ਠੋਕਿ ਬਜਾਇ ॥ ੧੧੩ ॥ ਮਾਰਗਿ ਮੋਤੀ ਬੀਥਰੇ[੨੩] ਅੰਧਾ ਨਿਕਸਿਓ ਆਇ ॥ ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥ ੧੧੪ ॥ ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ* ॥ ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ ॥ ੧੧੫ ॥ ਕਬੀਰ ਸਾਧੂ ਕਉ ਮਿਲਨੇ ਜਾਈਐ [੨੪]ਸਾਥਿ ਨ ਲੀਜੈ ਕੋਇ ॥ ਪਾਛੈ ਪਾਉ ਨ ਦੀਜੀਐ [੨੫]ਆਗੈ ਹੋਇ ਸੁ ਹੋਇ ॥ ੧੧੬ ॥ ਕਬੀਰ ਜਗੁ ਬਾਧਿਓ ਜਿਹ ਜੇਵਰੀ[੨੬] ਤਿਹ ਮਤ ਬੰਧਹੁ ਕਬੀਰ ॥ [੨੭]ਜੈਹਹਿ ਆਟਾ ਲੋਨ ਜਿਉ[੨੮] ਸੋਨ ਸਮਾਨਿ ਸਰੀਰੁ ॥ ੧੧੭ ॥ ਕਬੀਰ [੨੯]ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ ॥ ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ ॥ ੧੧੮ ॥ ਕਬੀਰ ਨੈਨ ਨਿਹਾਰਉ[੩੦] ਤੁਝ ਕਉ ਸ੍ਰਵਨ ਸੁਨਉ ਤੁਅ[੩੧] ਨਾਉ ॥ ਬੈਨ[੩੨] ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ ॥ ੧੧੯ ॥ ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ[੩੩] ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ ੧੨੦ ॥ ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ[੩੪] ॥ [੩੫]ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ੧੨੧ ॥ ਕਬੀਰ ਦੇਖਿ ਕੈ ਕਿਹ[੩੬]

੧ ਓੜਕ । ਸਾਰੇ ਲੋਕ ਤਾਂ ਚਲੇ ਜਾਣਗੇ, ਅੰਤ ਕੰਮ ਤੇਰਾ ਤੇ ਮੇਰਾ ਹੀ ਰਹਿ ਜਾਣਾ ਹੈ, ਭਾਵ ਲੋਕਾਂ ਦੀ ਚਾਰ ਦਿਨ ਦੀ ਵਾਹ ਵਾਹ ਦਾ ਕੀ ਲਾਭ ਹੈ? ਆਖ਼ਰ ਨੂੰ ਤਾਂ ਜੀਵਨ-ਖੇਤ ਵਿੱਚ ਮਨੁੱਖ ਦੀ ਆਪਣੀ ਕਮਾਈ ਸਾਥ ਦਿੰਦੀ ਹੈ ।

੨ ਥਾਂ ।

੩ ਹੋਰ । ਜਿਸ ਹਰੀ ਨੂੰ ਆਪਣੇ ਤੋਂ ਅੱਡਰਾ ਸਮਝਦਾ ਸੈਂ, ਉਸੇ ਦਾ ਰੂਪ ਹੋ ਗਇਓਂ ।

੪ ਜਿਵੇਂ ਕੇਲੇ ਦੇ ਨੇੜੇ ਬੇਰ ਹੁੰਦੀ ਹੈ । ਬੇਰ ਝੂਮਦੀ ਹੈ, ਉਹਦੇ ਕੰਡਿਆਂ ਨਾਲ ਕੇਲਾ ਚਿਰਦਾ ਰਹਿੰਦਾ ਹੈ ।

੫ ਵੇਖ, ਢੂੰਡ ।

੬ ਪਰਾਇਆ ਭਾਰ ਸਿਰ 'ਤੇ ਰੱਖ ਕੇ ਰਸਤੇ ਚਲਣਾ ਚਾਹੁੰਦਾ ਹੈ, ਭਾਵ ਹੋਰਾਂ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਸਿਰ 'ਤੇ ਚੁਕਣਾ ਚਾਹੁੰਦਾ ਹੈ; ਆਪਣੇ ਭਾਰ ਦਾ ਫ਼ਿਕਰ ਨਹੀਂ ਕਰਦਾ ।

੭ ਔਖਾ ।

੮ ਰਾਹ ।

੯ ਸੜੀ ਹੋਈ । ਬਨ ਦੀ ਲੱਕੜੀ ਖੜੀ ਹੋ ਕੇ ਪੁਕਾਰ ਕਰਦੀ ਦੱਸੀ ਹੈ ਕਿ ਮਤਾਂ ਲੁਹਾਰ ਦੇ ਵੱਸ ਪਵਾਂ, ਜੋ ਕੋਲੇ ਬਣਾ ਕੇ ਮੁੜ ਦੂਜੀ ਵਾਰ ਸਾੜਦਾ ਹੈ । ਮਨੁੱਖ ਸੰਸਾਰਕ ਕਲੇਸ਼ਾਂ ਦਾ ਸੜਿਆ ਡਰਦਾ ਹੈ ਕਿ ਮਤਾਂ ਜਮਾਂ ਦੇ ਵੱਸ ਪਵਾਂ ਤੇ ਮੁੜ ਦੂਜੀ ਵੇਰ ਜਨਮ ਮਰਨ ਦੇ ਚੱਕਰ ਵਿਚੋਂ ਲੰਘਣਾ ਪਵੇ ।

੧੦ ਕਿਤੇ ਭੀ ਠਿਕਾਣਾ ਨਾ ਲੱਭਾ ।

੧੧ ਓਹ ਹੋਰਨਾਂ ਕੰਮਾਂ ਵਿੱਚ ਕੀਹ ਭੁੱਲੇ ਫਿਰਦੇ ਹਨ?

੧੨ ਨਾਸ ।

੧੩ ਹਰੀ ਨੂੰ ਜਗਤ ਵਿੱਚ ਵਿਆਪਕ ਸਮਝ ਕੇ ਸਿਮਰਿਆ ਹੈ ।

੧੪ ਫ਼ਜ਼ੂਲ ।

੧੫ ਓਹ ਮਾਨੋ ਨਰਕ ਵਿੱਚ ਪੈਂਦੇ ਹਨ, ਜੋ ਹਰੀ ਤੋਂ ਅੱਡਰੇ ਹਨ ।

੧੬ ਸਿੱਖ ਸੇਵਕ ।

੧੭ [ਕੇਸ਼ਵ] ਹਰੀ ਨੂੰ ।

੧੮ ਮਾਇਆ ਵਿੱਚ ।

੧੯ ਕੰਮਾਂ ਦੇ ਕਾਰਨ ਪੈਦਾ ਕਰਨੇ ਉਦਮ ਨਾਲ ।

੨੦ ਪੈਰ । ਜਿਸ ਕੰਮ ਨੂੰ ਹੱਥ ਪਾਂਦਾ ਹਾਂ ਅਸਫਲ ਰਹਿੰਦਾ ਹਾਂ ।

੨੧ [ਰਾਸ਼ਿ] ਗਾਹੇ ਅੰਨ ਦੀ ਧੜ ।

੨੨ ਬਿਗਾਨੀ । ਓਹ ਬਿਗਾਨੇ ਖਲਵਾੜੇ ਦੀ ਧੜ ਦੀ ਰਾਖੀ ਕਰਦੇ ਰਹਿੰਦੇ ਹਨ, ਪਰ ਆਪਣਾ ਖੇਤ ਉਜੜਦਾ ਰਹਿੰਦਾ ਹੈ ।

੨੩ ਜਵਾਂ ਦੀ ਰੋਟੀ । ਸਾਦਗੀ ਦਾ ਜੀਵਨ ।

੨੪ ਕਾਲੀ ਕੰਬਲੀ ।

੨੫ [ਸ੍ਵੇਤ] ਚਿੱਟੀ ।

੨੬ ਭਾਵ ਮਨ ਨੂੰ ਕਾਬੂ ਨਹੀਂ ਕੀਤਾ ।

੨੭ ਬੇਅਰਥ ।

੨੮ [ਜੰਤ੍ਰ, ਯੰਤ੍ਰ] ਵਾਜਾ, ਭਾਵ ਸਰੀਰ ।

੨੯ ਸੁਆਸਾਂ ਰੂਪ ਤਾਰਾ ।

੩੦ ਜੀਵਾਤਮਾ ।

* ਕਬੀਰ ਜੀ ਦੇ ਸਾਮ੍ਹਣੇ ਇਕ ਵੇਰ ਸ਼ਿਕਾਰੀ ਨੇ ਇਕ ਹਿਰਨੀ ਨੂੰ ਮਾਰਿਆ, ਜਿਸ ਦੇ ਪੇਟ ਵਿੱਚ ਦੋ ਬੱਚੇ ਸਨ । ਇਹ ਦੋਵੇਂ ਮਰ ਗਏ । ਫਿਰ ਉਸ ਹਿਰਨੀ ਦਾ ਸੰਗੀ ਹਿਰਨ ਆਇਆ, ਉਸ ਨੂੰ ਭੀ ਸ਼ਿਕਾਰੀ ਨੇ ਮਾਰ ਦਿੱਤਾ । ਸ਼ਿਕਾਰੀ ਆਪ ਭੀ ਸੱਪ ਦੇ ਡੰਗਣ ਨਾਲ ਮਰ ਗਿਆ । ਉਸ ਦੇ ਵਿਜੋਗ ਵਿੱਚ ਉਸ ਦੀ ਵਹੁਟੀ ਭੀ ਮਰ ਗਈ । ਇਸ ਤਰ੍ਹਾਂ ਨਾਲ ੪ ਨਰ ਤੇ ੨ ਮਾਦਾ ਜੀਵ ਘਾਤ ਹੋਏ । ਅੰਤ੍ਰੀਵ ਭਾਵ ਇਹ ਹੈ ਕਿ ਮਨ ਨੇ ਪਹਿਲਾਂ ਹੰਗਤਾ ਨੂੰ ਮਾਰਿਆ, ਜਿਸ ਵਿਚੋਂ ਪੈਦਾ ਹੋਏ ਬੱਚੇ ਰਾਗ ਤੇ ਦ੍ਵੈਖ ਭੀ ਮਾਰੇ ਗਏ । ਫੇਰ ਹੰਗਤਾ ਦਾ ਸਾਥੀ ਹੰਕਾਰ ਭੀ ਮਾਰਿਆ ਗਿਆ । ਫੇਰ ਮੌਤ ਦੇ ਡਰ (ਸੱਪ) ਨੇ ਮਨ ਨੂੰ ਭੀ ਮਾਰ ਦਿੱਤਾ । ਅੰਤ ਮਨ ਦੀ ਸਾਥਣ ਜਨਮ ਮਰਨ ਦੀ ਆਸ਼ਾ ਭੀ ਚਲਾਣਾ ਕਰ ਗਈ । ਇਨ੍ਹਾਂ ਵਿੱਚ ਚਾਰ (ਮਨ, ਰਾਗ, ਦ੍ਵੈਖ, ਹੰਕਾਰ) ਨਰ ਹਨ ਅਤੇ ਦੋ (ਹੰਗਤਾ ਤੇ ਆਸ਼ਾ) ਮਦੀਨ ਹਨ ।

ਮਸਾਨ ॥ ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ[੧] ॥ ੮੫ ॥
ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥ ਜੋ ਜੈਸੀ ਸੰਗਤਿ
ਮਿਲੈ ਸੋ ਤੈਸੋ ਫਲੁ ਖਾਇ ॥ ੮੬ ॥ ਕਬੀਰ ਜਾ ਕਉ ਖੋਜਤੇ ਪਾਇਓ ਸੋਈ
ਠਉਰੁ[੨] ॥ ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ[੩] ॥੮੭॥
ਕਬੀਰ ਮਾਰੀ ਮਰਉ ਕੁਸੰਗ ਕੀ [੪]ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ
ਚੀਰੀਐ ਸਾਕਤ ਸੰਗੁ ਨ ਹੇਰਿ[੫] ॥ ੮੮ ॥ ਕਬੀਰ [੬]ਭਾਰ ਪਰਾਈ ਸਿਰਿ ਚਰੈ
ਚਲਿਓ ਚਾਹੈ ਬਾਟ ॥ ਅਪਨੇ ਭਾਰਹਿ ਨਾ ਡਰੈ ਆਗੈ ਅਉਘਟ[੭] ਘਾਟ[੮] ॥
੮੯ ॥ ਕਬੀਰ ਬਨ ਕੀ ਦਾਧੀ[੯] ਲਾਕਰੀ ਠਾਢੀ ਕਰੈ ਪੁਕਾਰ ॥ ਮਤਿ ਬਸਿ
ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥ ੯੦ ॥ ਕਬੀਰ *ਏਕ ਮਰੰਤੇ ਦੁਇ ਮੂਏ
ਦੋਇ ਮਰੰਤਹ ਚਾਰਿ ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥
੯੧ ॥ ਕਬੀਰ ਦੇਖਿ ਦੇਖਿ ਜਗੁ ਢੂੰਢਿਆ [੧੦]ਕਹੂੰ ਨ ਪਾਇਆ ਠਉਰੁ ॥ ਜਿਨਿ
ਹਰਿ ਕਾ ਨਾਮੁ ਨ ਚੇਤਿਓ [੧੧]ਕਹਾ ਭੁਲਾਨੇ ਅਉਰ ॥ ੯੨ ॥ ਕਬੀਰ ਸੰਗਤਿ
ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥ ਸਾਕਤ ਸੰਗੁ ਨ ਕੀਜੀਐ ਜਾ ਤੇ
ਹੋਇ ਬਿਨਾਹੁ[੧੨] ॥ ੯੩ ॥ ਕਬੀਰ [੧੩]ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ
ਰਹਿਓ ਸਮਾਇ ॥ ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ[੧੪] ਜਨਮੇਂ ਆਇ ॥
੯੪ ॥ ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥ [੧੫]ਨਰਕਿ
ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥ ੯੫ ॥ ਕਬੀਰ [੧੬]ਸਿਖ ਸਾਖਾ
ਬਹੁਤੇ ਕੀਏ ਕੇਸੋ[੧੭] ਕੀਓ ਨ ਮੀਤੁ ॥ ਚਾਲੇ ਥੇ ਹਰਿ ਮਿਲਨ ਕਉ ਬੀਚੈ
[੧੮]ਅਟਕਿਓ ਚੀਤੁ ॥ ੯੬ ॥ ਕਬੀਰ ਕਾਰਨੁ[੧੯] ਬਪੁਰਾ ਕਿਆ ਕਰੈ ਜਉ ਰਾਮੁ
ਨ ਕਰੈ ਸਹਾਇ ॥ ਜਿਹ ਜਿਹ ਡਾਲੀ ਪਗੁ[੨੦] ਧਰਉ ਸੋਈ ਮੁਰਿ ਮੁਰਿ ਜਾਇ ॥
੯੭ ॥ ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ[੨੧]
ਬਿਰਾਨੀ[੨੨] ਰਾਖਤੇ ਖਾਯਾ ਘਰ ਕਾ ਖੇਤੁ ॥ ੯੮ ॥ ਕਬੀਰ ਸਾਧੂ ਕੀ ਸੰਗਤਿ
ਰਹਉ [੨੩]ਜਉ ਕੀ ਭੂਸੀ ਖਾਉ ॥ ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ
ਜਾਉ ॥ ੯੯ ॥ ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥
ਸਾਕਤ [੨੪]ਕਾਰੀ ਕਾਂਬਰੀ ਧੋਏ ਹੋਇ ਨ ਸੇਤੁ[੨੫] ॥ ੧੦੦ ॥ ਕਬੀਰ
[੨੬]ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥ ਜੋ ਕਿਛੁ ਕੀਆ ਸੋ ਮਨ
ਕੀਆ ਮੂੰਡਾ ਮੂੰਡੁ ਅਜਾਂਇ[੨੭] ॥ ੧੦੧ ॥ ਕਬੀਰ ਰਾਮੁ ਨ ਛੋਡੀਐ ਤਨੁ
ਧਨੁ ਜਾਇ ਤ ਜਾਉ ॥ ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ
ਸਮਾਉ ॥ ੧੦੨ ॥ ਕਬੀਰ ਜੋ ਹਮ ਜੰਤੁ[੨੮] ਬਜਾਵਤੇ ਟੂਟਿ ਗਈਂ ਸਭ
ਤਾਰ[੨੯] ॥ ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ[੩੦] ॥ ੧੦੩ ॥

੧ ਮੈਂ ਤਾਂ ਡੁੱਬ ਚੱਲਿਆ ਸਾਂ, ਪਰ ਗੁਣਾਂ ਦੀ ਲਹਰ ਦੇ ਛੇਤੀ ਆਵਣ ਨਾਲ ਤਰ ਗਿਆ ।

੨ ਡੁੱਬਦੇ ।

੩ ਜਦ ਜੀਵਨ ਬੇੜਾ ਫੱਟਦਾ ਡਿੱਠਾ ਤਾਂ ਅਪਣੱਤ ਗਵਾ ਕੇ ਛੇਤੀ ਉੱਤਰ ਪਿਆ ।

੪ ਤੁਰੰਤ ।

੫ ਸੁਖਾਂਦੀ ।

੬ ਦੂਰ ਕਰਦੀ ਹੈ ।

੭ ਦੁਰਗੰਧ ।

੮ ਜਿਸ ਨੂੰ ਕੋਈ ਰੋਣ ਵਾਲਾ ਨਹੀਂ । ਭਾਵ ਮਾਇਆ ਵਿੱਚ ਫਸੇ ਹੋਏ ਸਭ ਮਰ ਗਏ, ਪਰ ਇਕ ਭਗਤ ਜਿਹੜਾ ਕਿਸੇ ਨਾਲ ਲਿਪਟਿਆ ਹੋਇਆ ਨਹੀਂ, ਜ਼ਿੰਦਾ ਹੈ ।

੯ ਆਦਤ । ਬੜੀ ਬੁਰੀ ਆਦਤ ਪਈ ਹੈ ਵਿਕਾਰੀ ਜੀਵਨ ਬਿਤੀਤ ਕਰਨ ਦੀ ।

੧੦ ਲੱਕੜ ਦੀ ।

੧੧ ਉਹ ਦੂਜੀ ਵੇਰ ਨਹੀਂ ਚੜ੍ਹਦੀ ਭਾਵ ਮੁੜ ਜਨਮ ਨਹੀਂ ਮਿਲਦਾ ।

੧੨ ਮਨ ਮਰਜ਼ੀ ਕੀਤੀ ।

੧੩ ਸੰਧੂਰ ਵਾਲਾ ਨਲੀਏਰ । ਜਦ ਸਤੀ ਚਿਖਾ ਚੜ੍ਹਦੀ ਹੈ ਤਾਂ ਨਲੀਏਰ ਨੂੰ ਹੱਥ ਲਾਂਦੀ ਹੈ । ਇਸ ਤੋਂ ਪਿੱਛੋਂ ਉਹ ਸਤੀ ਹੋਣੋ ਇਨਕਾਰ ਨਹੀਂ ਕਰ ਸਕਦੀ। ਭਾਵ ਪਰਮਾਥ ਵੱਲੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਦੇਖੋ ਪੰਨਾ ੩੩੮, ਫੁਟ ਨੋਟ † ।

੧੪ ਗੰਨਾ । ਰਸ ਲਈ ਗੰਨੇ ਨੂੰ ਚੁਪੀਦਾ ਹੈਂ, ਤਿਵੇਂ ਗੁਣਾਂ ਲਈ ਗੰਨੇ ਵਾਂਗ ਚੁਪੀਣਾ ਪੈਂਦਾ ਹੈ, ਭਾਵ ਕੁਰਬਾਨੀਆਂ ਦੀ ਲੋੜ ਹੈ ।

੧੫ ਸਰੀਰ ਰੂਪ ।

੧੬ ਅੱਧ ਵਿਚਾਲੇ।

੧੭ ਰੱਸੀ ।

੧੮ ਮਾਲਾ ।

੧੯ ਲੋਕਾਂ ਨੂੰ ।

੨੦ ਵਿਛੋੜਾ ਹਰੀ ਦਾ ਵਿਛੋੜਾ ਸੱਪ ਦੀ ਨਿਆਈਂ ਮਨ ਵਿੱਚ ਵੱਸਦਾ ਹੈ, ਭਾਵ ਦੁੱਖੀ ਕਰਦਾ ਹੈ ਤੇ ਇਸ ਨੂੰ ਰੋਕਣ ਲਈ ਕੋਈ ਮੰਤਰ ਨਹੀਂ ਚਲਦਾ ।

੨੧ ਬਿਰਹੀ ।

੨੨ ਜਗਤ ਵੱਲੋਂ ਬਉਰਾ, ਸ਼ੁਦਾਈ ।

੨੩ ਸੁਭਾਵ, ਗੁਣ ।

੨੪ ਲੋਹਾ ਸੋਨਾ ਹੁੰਦਾ ਹੈ ਤੇ ਲੱਕੜ ਜੋ ਬਿਨਾਂ ਖ਼ੁਸ਼ਬੋ ਹੈ ਚੰਦਨ ਵਤ ਹੋ ਜਾਂਦੀ ਹੈ ।

੨੫ ਧੱਕਾ ।

੨੬ ਪੱਲੇ ਨਾਲ ।

੨੭ ਜੀਵਨ ।

੨੮ ਨਦੀ ਵਿੱਚ ਪਈ ਬੇੜੀ ਦੇ ਮੁਸਾਫ਼ਰਾਂ ਦੇ ਮੇਲ ਵਾਂਗੂੰ।

੨੯ ਮੁੜ ਕੇ ।

੩੦ ਸਿਆਹੀ ।

੩੧ ਬਨਸਪਤੀ, ਬ੍ਰਿਛ ਬੂਟੇ ਆਦਿ ।

੩੨ ਧਰਤੀ ।

੩੩ ਵਿਆਪਕ ਹਰੀ ।

੩੪ ਹਿਰਦੇ ਰੂਪ ਗਲੇ ਵਿੱਚ ।

੩੫ [ਘਰ] ਸਰੀਰ ਦੀ ਅਪਣੱਤ ।

੩੬ ਕਾਮਾਦਿਕ ਲੜਕੇ ।

੩੭ ਸਰੀਰ ਦੀ ਮਮਤਾ ।

੩੮ ਚਿਖਾ 'ਤੇ ਚੜ੍ਹੀ ।

੩੯ ਭਾਈ ! ਹੇ ਮਸਾਣ ਭਰਾਵਾ ! ਸੁਣ ।

* ਦੇਖੋ ਕੁਰਾਨ, ਸੂਰਾ ਤੁਲ ਲੁਕਮਾਨ, ਆਇਤ ੨੭: "ਜੇ ਧਰਤੀ ਦੇ ਸਾਰੇ ਬ੍ਰਿਛ ਕਲਮਾਂ ਹੋ ਜਾਣ ਅਤੇ ਮਹਾਂ ਸਾਗਰ ਸਣੇ ਸੱਤ ਹਮਾਇਤੀ ਸਮੁੰਦਰਾਂ ਦੇ ਸਿਆਹੀਆਂ ਹੋ ਜਾਣ, ਤਾਂ ਹੀ ਭੀ ਅੱਲਾ ਦਾ ਸਿਫ਼ਤੀ ਕਲਾਮ ਲਿਖਦਿਆਂ ਨਹੀਂ ਮੁਕਦਾ ।"

† ਇਸੇ ਭਾਵ ਦਾ ਸ਼ਲੋਕ ਪਿੱਛੇ ਸ਼ਲੋਕ ੪੨ ਕਰ ਕੇ ਆ ਚੁੱਕਾ ਹੈ ।

ਐਸਾ ਹੋਇ ॥ ੬੬ ॥ ਕਬੀਰ [੧]ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ[੨] ॥ [੩]ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ[੪] ॥ ੬੭ ॥ ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ[੫] ॥ ਮਾਖੀ ਚੰਦਨੁ ਪਰਹਰੈ[੬] ਜਹ ਬਿਗੰਧ[੭] ਤਹ ਜਾਇ ॥ ੬੮ ॥ ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ ॥ ਏਕੁ ਕਬੀਰਾ ਨਾ ਮੂਆ [੮]ਜਿਹ ਨਾਹੀ ਰੋਵਨਹਾਰੁ ॥੬੯॥ ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ[੯] ॥ ਕਾਇਆ ਹਾਂਡੀ [੧੦]ਕਾਠ ਕੀ [੧੧]ਨਾ ਓਹ ਚਰ੍ਹੈ ਬਹੋਰਿ ॥ ੭੦ ॥ ਕਬੀਰ ਐਸੀ ਹੋਇ ਪਰੀ [੧੨]ਮਨ ਕੋ ਭਾਵਤੁ ਕੀਨੁ ॥ ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ[੧੩] ਲੀਨ ॥ ੭੧ ॥ ਕਬੀਰ ਰਸ ਕੋ ਗਾਂਡੋ[੧੪] ਚੂਸੀਐ ਗੁਨ ਕਉ ਮਰੀਐ ਰੋਇ ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ ॥ ੭੨ ॥ ਕਬੀਰ ਗਾਗਰਿ[੧੫] ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ ॥ ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ[੧੬] ਲੀਜਹਿਗੇ ਲੂਟਿ ॥ ੭੩ ॥ ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥ ਗਲੇ ਹਮਾਰੇ ਜੇਵਰੀ[੧੭] ਜਹ ਖਿੰਚੈ ਤਹ ਜਾਉ ॥ ੭੪ ॥ ਕਬੀਰ ਜਪਨੀ[੧੮] ਕਾਠ ਕੀ ਕਿਆ ਦਿਖਲਾਵਹਿ ਲੋਇ[੧੯] ॥ ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥ ੭੫ ॥ ਕਬੀਰ ਬਿਰਹੁ[੨੦] ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥ ਰਾਮ ਬਿਓਗੀ[੨੧] ਨਾ ਜੀਐ ਜੀਐ ਤ ਬਉਰਾ[੨੨] ਹੋਇ ॥ ੭੬ ॥ ਕਬੀਰ ਪਾਰਸ ਚੰਦਨੈ ਤਿਨ੍ਹ ਹੈ ਏਕ ਸੁਗੰਧ[੨੩] ॥ ਤਿਹ ਮਿਲਿ [੨੪]ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥ ੭੭ ॥ ਕਬੀਰ ਜਮ ਕਾ ਠੇਂਗਾ[੨੫] ਬੁਰਾ ਹੈ ਓਹੁ ਨਹੀ ਸਹਿਆ ਜਾਇ ॥ ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ[੨੬] ਲਾਇ ॥ ੭੮ ॥ ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥ ਇਹ ਤਉ ਬਸਤੁ[੨੭] ਗੁਪਾਲ ਕੀ ਜਬ ਭਾਵੈ ਲੇਇ ਖਸਿ ॥ ੭੯ ॥ ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥ [੨੮]ਨਦੀ ਨਾਵ ਸੰਜੋਗ ਜਿਉ ਬਹੁਰਿ[੨੯] ਨ ਮਿਲਹੈ ਆਇ ॥ ੮੦ ॥ *ਕਬੀਰ ਸਾਤ ਸਮੁੰਦਹਿ ਮਸੁ[੩੦] ਕਰਉ ਕਲਮ ਕਰਉ ਬਨਰਾਇ[੩੧] ॥ ਬਸੁਧਾ[੩੨] ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥ ੮੧ ॥ ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥ ਕਬੀਰ ਰਮਈਆ[੩੩] [੩੪]ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥ ੮੨ ॥ †ਕਬੀਰ ਐਸਾ ਕੋ ਨਹੀ ਮੰਦਰੁ[੩੫] ਦੇਇ ਜਰਾਇ ॥ [੩੬]ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥ ੮੩ ॥ ਕਬੀਰ ਐਸਾ ਕੋ ਨਹੀ ਇਹੁ ਤਨੁ[੩੭] ਦੇਵੈ ਫੂਕਿ ॥ ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥ ੮੪ ॥ ਕਬੀਰ ਸਤੀ ਪੁਕਾਰੈ [੩੮]ਚਿਹ ਚੜੀ ਸੁਨੁ ਹੋ ਬੀਰ[੩੯]

੧ ਖੱਪਰ । ਭਾਵ ਜੋਗੀ ਦਾ ਭੇਖ ਖਤਮ ਹੋ ਗਿਆ।
੨ ਜੀਵਨ ਦੀ ਖੇਡ, ਖੇਡ ਗਿਆ ।
੩ ਆਸਣ ਉੱਤੇ ਨਿਰੀ ਸੁਆਹ ਰਹਿ ਗਈ ।
੪ ਜੀਵਨ ਦੇ ਛੋਟੇ-ਮੋਟੇ ਆਸਰੇ ਥੋੜ੍ਹੇ ਪਾਣੀ ਵਤ ਹਨ।
੫ ਟੋਭਿਆਂ ਵਿੱਚ, ਥੋੜੇ ਪਾਣੀਆਂ ਵਿੱਚ, ਦੇਵੀ ਦੇਵਤਿਆਂ ਦਾ ਆਸਰਾ ਲੈਣ ਵਿੱਚ ।
੬ ਹਰੀ ਰੂਪ ।
੭ ਭਾਵ ਉਸ ਵਲੋਂ ਭਾਵੇਂ ਦੁੱਖ ਤਕਲੀਫ਼ਾਂ ਵੀ ਆਵਣ।
੮ ਛੱਪੜ ਛੱਪੜ, ਭਾਵ ਹੋਰ ਦਰੇ ਭਟਕਦੇ ਫਿਰਨਾ, ਨਿੱਕ-ਨਿੱਕੇ ਆਸਰੇ ਢੂੰਢਦੇ ਫਿਰਨਾ ।
੯ ਨਿਗੁਰੇ, ਬੇ ਮਾਲਕੇ, ਨਿਖਸਮੇ ।
੧੦ ਥੰਮ੍ਹਣ ਵਾਲਾ, ਮਲਾਹ (ਗੁਰੂ ਰੂਪ) ।
੧੧ ਆਪਣੀ ਗਰੀਬੀ ਵਿੱਚ ਰਹੀਏ, ਜੋ ਉਸ ਵਲੋਂ ਹੋਵੇ ਸੋ ਚੰਗਾ ਹੈ ।
੧੨ ਖ਼ਰੀਦਣ, ਵਿਹਾਜਨ ।
੧੩ ਹਰਨ ਕਮਜ਼ੋਰ ਹੈ, ਭਾਵ ਕਮਜ਼ੋਰ ਜੀਵ ਨੂੰ ਦਬਾਣ ਲਈ ਤੇ ਡੇਗਣ ਲਈ ਕਈ ਲਲਚਾਣੇ ਪਦਾਰਥ ਹਨ ।
੧੪ ਸ਼ਿਕਾਰੀ ।
੧੫ ਕਿੰਨਾ ਚਿਰ ਬਚ ਸਕਦਾ ਹੈ ? ਕਾਲ= ਸਮਾਂ, ਚਿਰ ।
੧੬ ਕਿਨਾਰਾ, ਕੰਢਾ । ਭਾਵ ਤੀਰਥਾਂ 'ਤੇ ਭਟਕਣ ਦੀ ਲੋੜ ਨਹੀਂ ।
੧੭ ਚਲਦੇ ਬਣੇ ।
੧੮ ਹਲਦੀ ਪੀਲੀ ਤੇ ਆਟਾ ਚਿੱਟਾ ਹੈ, ਭਾਵ ਇਹ ਊਚ ਨੀਚ ਦੇ ਵਿਤਕਰੇ ਹਨ । ਰਾਮ ਜੋ ਸਭ ਨੂੰ ਪਿਆਰ ਕਰਨ ਵਾਲਾ ਹੈ; ਤਾਂ ਮਿਲਦਾ ਹੈ, ਜੇ ਊਚ ਨੀਚ ਦੋਵੇਂ ਵਰਣ ਗਵਾ ਦੇਵੇਂ (ਉਚੇ ਹੋਣ ਦਾ ਹੰਕਾਰ ਤੇ ਨੀਵੇਂ ਹੋਣ ਤੋਂ ਬੇਅਣਖਤਾ ਦਾ ਪੈਦਾ ਹੋਣਾ ਇਹ ਦੋਵੇਂ ਹਾਲਤਾਂ ਮਾੜੀਆਂ ਹਨ; ਇਨ੍ਹਾਂ ਦੋਹਾਂ ਨੂੰ ਗਵਾ ਦੇ) ।
੧੯ ਹਲਦੀ ਪੀਲਾ-ਪਨ ਦੂਰ ਕਰੇ ਤੇ ਆਟਾ ਚਿੱਟਾ ਚਿਹਨ ਗਵਾਵੇ; ਭਾਵ ਊਚ ਨੀਚ ਦੇ ਵਿਤਕਰੇ ਕੱਟੇ ਜਾਣ ।
੨੦ ਭੀੜਾ । ਰਾਈ ਦੇ ਦਸਵੇਂ ਹਿੱਸੇ ਜਿੰਨਾ ਭੀੜਾ, ਭਾਵ ਬਹੁਤ ਕਠਿਨ ਹੈ (ਇਹ ਤੇ ਅਗਲਾ ਸ਼ਲੋਕ ਵਾਰ ਗੂਜਰੀ ਮ: ੩ ਵਿੱਚ ਪੰ: ੫੦੯ ਉੱਤੇ ਭੀ ਆਏ ਹਨ) ।
੨੧ ਹਾਥੀ, ਭਾਵ ਹੰਕਾਰੀ ।
੨੨ ਨਿਕਲੇ । ਨਿਕਲ ਕਿਵੇਂ ਸਕੇ ?
੨੩ ਤਰੁਠ ਕੇ ਮਿਹਰ ਕਰੇ ।
੨੪ ਖੁਲ੍ਹਾ ।
੨੫ ਸੌਖੇ ਹੀ ।
੨੬ ਪਿੰਡ ।
੨੭ ਦਰ 'ਤੇ (ਕਈ ਵੇਰ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਕੀਤਾ ਜਾਂਦਾ ਹੈ, ਜਿਵੇਂ 'ਹਰਿ ਕੈ ਦੁਆਰ' ਅਤੇ 'ਬਾਰ' ਦੇ ਅੰਤ ਸਿਹਾਰੀ ਨਹੀਂ ਦਿੱਤੀ) ।
੨੮ ਨਿਕਲੇ ।
੨੯ ਮੇਰੇ ਸਰੀਰ ਦਾ ਚਮੜਾ ਉਸ ਦੇ ਪੈਰਾਂ ਦੀਆਂ ਜੁਤੀਆਂ ਬਣੇ । ਪਾਨਹੀ (ਪਨਹੀ)= ਜੁਤੀ ।
੩੦ ਪੁਤਲੇ ।
੩੧ ਵੱਡੇ-ਵੱਡੇ ਥਾਂ ਮਲਦੇ ਹਨ ।
੩੨ ਭਾਵ ਤਪ ਸਾਧੇ ।
੩੩ ਪੈਰਾਂ ਨਾਲ । ਭਾਵ ਤੈਨੂੰ ਪ੍ਰਵਾਨ ਨਹੀਂ ਹੋਏ।
੩੪ ਜਿਸ ਦਰ 'ਤੇ ਆਉਂਦਿਆਂ ਜਾਂ ਜਾਂਦਿਆਂ ਕੋਈ ਨਹੀਂ ਰੋਕਦਾ ।

* ਨਾ ਤਾਂ ਮੈਂ ਕੁਝ ਕੀਤਾ ਹੈ, ਨਾ ਅੱਗੋਂ ਕਰ ਸਕਾਂਗਾ ਤੇ ਨਾ ਮੈਥੋਂ ਸਰੀਰਕ ਤੌਰ 'ਤੇ ਕੁਝ ਹੋ ਸਕਦਾ ਹੈ ।
ਪਤਾ ਨਹੀਂ ਹਰੀ ਨੇ ਆਪ ਕੁਝ ਕਰ ਦਿੱਤਾ ਹੈ ਤੇ ਨਾਂ ਮੇਰਾ ਲਾ ਦਿੱਤਾ ਹੈ ਕਿ ਕਬੀਰ ਕੀਤਾ ਹੈ ।

† ਇਹੋ ਸ਼ਲੋਕ ਪੰ: ੯੪੭ ਉਤੇ ਵਾਰ ਰਾਮਕਲੀ ਦੀ ਦੂਜੀ ਪਉੜੀ ਦਾ ਪਹਿਲਾ ਸ਼ਲੋਕ ਕਰ ਕੇ ਆਉਂਦਾ ਹੈ (ਉਥੇ ਪਾਠ 'ਮਹਿਦੀ ਕਰਿ ਕੈ' ਹੈ । ਕਈਆਂ ਲਿਖਤੀ ਬੀੜਾਂ ਵਿੱਚ ਇਥੇ ਭੀ ਪਾਠ ਇਉਂ ਹੀ ਹੈ) ।

ਭਈ ਖਾਪਰੁ[1] ਫੂਟ ਮਫੂਟ ॥ ਜੋਗੀ ਬਪੁੜਾ ਖੇਲਿਓ[2] [3]ਆਸਨਿ ਰਹੀ ਬਿਭੂਤਿ ॥ ੪੮ ॥ ਕਬੀਰ [4]ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥ ਇਹ ਟੋਘਨੈ[5] ਨ ਛੂਟਸਹਿ ਫਿਰਿ ਕਰਿ ਸਮੁੰਦੁ[6] ਸਮ੍ਹਾਲਿ ॥ ੪੯ ॥ ਕਬੀਰ ਸਮੁੰਦੁ ਨ ਛੋਡੀਐ [7]ਜਉ ਅਤਿ ਖਾਰੋ ਹੋਇ ॥ [8]ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ ॥ ੫੦ ॥ ਕਬੀਰ ਨਿ੍ਗੁਸਾਂਏ[9] ਬਹਿ ਗਏ ਥਾਂਘੀ[10] ਨਾਹੀ ਕੋਇ ॥ [11]ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ ॥ ੫੧ ॥ ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥ ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ[12] ਜਾਇ ॥ ੫੨ ॥ ਕਬੀਰ [13]ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥ ਲਾਖ ਅਹੇਰੀ[14] ਏਕੁ ਜੀਉ [15]ਕੇਤਾ ਬੰਚਉ ਕਾਲੁ ॥ ੫੩ ॥ ਕਬੀਰ ਗੰਗਾ ਤੀਰ[16] ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥ ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ[17] ਕਬੀਰ ॥ ੫੪ ॥ ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ੫੫ ॥ ਕਬੀਰ [18]ਹਰਦੀ ਪੀਅਰੀ ਚੂੰਨਾਂ ਊਜਲ ਭਾਇ ॥ ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ ॥ ੫੬ ॥ ਕਬੀਰ [19]ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ ॥ ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ ॥ ੫੭ ॥ ਕਬੀਰ ਮੁਕਤਿ ਦੁਆਰਾ ਸੰਕੁਰਾ[20] ਰਾਈ ਦਸਏਂ ਭਾਇ ॥ ਮਨੁ ਤਉ ਮੈਗਲੁ[21] ਹੋਇ ਰਹਿਓ [22]ਨਿਕਸੋ ਕਿਉ ਕੈ ਜਾਇ ॥ ੫੮ ॥ ਕਬੀਰ ਐਸਾ ਸਤਿਗੁਰੁ ਜੇ ਮਿਲੈ [23]ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ[24] ਸਹਜੇ[25] ਆਵਉ ਜਾਉ ॥ ੫੯ ॥ ਕਬੀਰ ਨਾ ਮੁੋਹਿ ਛਾਨਿ ਨ ਛਾਪਰੀ ਨਾ ਮੁੋਹਿ ਘਰੁ ਨਹੀ ਗਾਉ[26] ॥ ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥ ੬੦ ॥ ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥ ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ[27] ॥ ੬੧ ॥ *ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥ ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥ ੬੨ ॥ ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ[28] ਰਾਮੁ ॥ [29]ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥ ੬੩ ॥ ਕਬੀਰ ਮਾਟੀ ਕੇ ਹਮ ਪੂਤਰੇ[30] ਮਾਨਸੁ ਰਾਖਿਉ ਨਾਉ ॥ ਚਾਰਿ ਦਿਵਸ ਕੇ ਪਾਹੁਨੇ [31]ਬਡ ਬਡ ਰੂੰਧਹਿ ਠਾਉ ॥ ੬੪ ॥ †ਕਬੀਰ ਮਹਿਦੀ ਕਰਿ ਘਾਲਿਆ[32] ਆਪੁ ਪੀਸਾਇ ਪੀਸਾਇ ॥ ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ[33] ॥ ੬੫ ॥ ਕਬੀਰ [34]ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥ ਸੋ ਦਰੁ ਕੈਸੇ ਛੋਡੀਐ ਜੋ ਦਰੁ

੧ ਅਸਲ ਮਰਨਾ ਕਿਸੇ ਨੂੰ ਨਹੀਂ ਆਉਂਦਾ ।
੨ ਧੱਕੇ ।
੩ ਮੁੜ ਕੇ ਡਾਲ ਨਾਲ ਨਹੀਂ ਲੱਗਦੇ ।
੪ ਕਬੀਰ ਤੇ ਹਰੀ ਦੀ ਅਭੇਦਤਾ ਦੱਸੀ ਹੈ ।
੫ ਸਰੀਰ ਦੀ ਅਪਣੱਤ ।
੬ ਝੱਖਾਂ ਨਾ ਮਾਰੀਏ ।
੭ ਜੋ ਕਰੀਮ (ਬਖਸ਼ਿਸ਼ ਕਰਨ ਵਾਲਾ) ਮਿਹਰ ਕਰਦਾ ਹੈ ।
੮ ਆਪਾ ਭਾਵ ਤੋਂ ਮਰ ਕੇ ਜੀਂਵਦਾ ਹੈ ।
੯ ਕੱਪੜੇ ।
੧੦ ਜੀਵਨ ਰੂਪ ਬੇੜਾ ਪੁਰਾਣਾ ਹੈ, ਬੁਢਾਪੇ ਦੇ ਹਜ਼ਾਰ ਛੇਕਾਂ ਕਰ ਕੇ ਫੁੱਟਿਆ ਹੋਇਆ ਹੈ।
੧੧ ਹੌਲੇ, ਨਿਰਮਲ ਜੀਵਨ ਵਾਲੇ ।
੧੨ ਤਰ ਗਏ ।
੧੩ ਪਾਪਾਂ ਦਾ ਭਾਰ ।
੧੪ ਘੋੜੇ । ਜੋ ਘੋੜਿਆਂ ਉੱਤੇ ਸਨ ਤੇ ਛਤਰਾਂ ਹੇਠ ਸਨ, ਓਹ ਆਖਰ ਧਰਤੀ ਵਿੱਚ ਗੱਡੇ ਗਏ ।
੧੫ ਮਹਲ ।
੧੬ ਜੰਮਦਾ ਹੈ ।
੧੭ ਗ਼ਰੀਬ ।
੧੮ ਬੇੜੀ । ਭਾਵ ਅਜੇ ਜ਼ਿੰਦਗੀ ਮੁੱਕ ਨਹੀਂ ਗਈ, ਕੀ ਪਤਾ ਅਸੀਂ ਵੀ ਕੰਗਾਲ ਹੋ ਜਾਈਏ !
੧੯ ਸੁੰਦਰ ।
੨੦ ਕੁੰਜ ।
੨੧ ਸੱਪ । ਜਿਵੇਂ ਸੱਪ ਕੁੰਜ ਲਾਹ ਕੇ ਛੱਡ ਜਾਂਦਾ ਹੈ।
੨੨ ਭਾਵ ਅਪਣੱਤ ਨੂੰ ਸਾੜ ਦੇਵੇ ।
੨੩ ਕਾਮਾਦਿਕ ਪੰਜਾਂ ਲੜਕਿਆਂ ਨੂੰ ।
੨੪ ਲੜਕਾ । ਕੋਈ ਵਿਰਲਾ ਹੈ ਜੋ ਮਨ-ਲੜਕੇ ਨੂੰ ਬੇਚ ਦੇਵੇ, ਭਾਵ ਮਨ ਦੇ ਪਿੱਛੇ ਤੁਰਨਾ ਤਿਆਗੇ ਤੇ ਆਸ਼ਾ ਤ੍ਰਿਸ਼ਨਾ ਲੜਕੀਆਂ ਨੂੰ ਛੱਡੇ ।
੨੫ ਇਸ ਤਰ੍ਹਾਂ ਦੀ ਸਾਂਝੀਵਾਲਤਾ ।
੨੬ ਸ਼ੱਕ ।
੨੭ ਪਿਛਲੇ ਭੋਗਾਂ ਦਾ ਮੁੱਲ ਕੁਝ ਨਹੀਂ ਹੈ, ਭਾਵ ਬੇਅਰਥ ਭੋਗ ਭੋਗੇ ।
੨੮ ਉਨ੍ਹਾਂ ਦਾ ਗੁੜ ਲੈ ਕੇ ਖਾਹ, ਭਾਵ ਹੱਟੀ 'ਤੇ ਲੈ ਕੇ ਜਾਵੇਂ, ਤਾਂ ਤੈਨੂੰ ਉਨ੍ਹਾਂ ਦੇ ਬਦਲੇ ਗੁੜ ਭੀ ਨਾ ਲੱਭੇ ।
੨੯ ਪੜ੍ਹਨਾ, ਵਿਦਵਤਾ । ਪਹਿਲੇ ਮੈਂ ਵਿਦਵਤਾ ਨੂੰ ਚੰਗਾ ਸਮਝਿਆ, ਫਿਰ ਜੋਗ ਨੂੰ ਪਰ ਹੁਣ ਤੇ ਪਤਾ ਲੱਗਾ ਕਿ ਭਗਤੀ ਸ੍ਰੇਸ਼ਟ ਹੈ ।
੩੦ ਸਿਮਰਦਾ ਹੈ ।
੩੧ ਜੀਵ ਜੋ ਪ੍ਰਾਹੁਣਾ ਹੈ ।
੩੨ ਜੀਵਨ ਰੂਪ ਘਘਰੇ ਨੂੰ ।
੩੩ ਸਰੀਰ ਰੂਪ ਖਫ਼ਣੀ ।
੩੪ ਜੀਵਾਤਮਾ ਨੂੰ ।
੩੫ ਸੇਕ ।

* ਇਹ ਸ਼ਲੋਕ ਪੰਨਾ ੯੪੮ ਉੱਤੇ ਵਾਰ ਰਾਮਕਲੀ ਦੀ ਚੌਥੀ ਪਉੜੀ ਦਾ ਪਹਿਲਾ ਸ਼ਲੋਕ ਕਰ ਕੇ ਦਿੱਤਾ।

† ਹੰਕਾਰ ਨਹੀਂ ਕਰਨਾ ਚਾਹੀਦਾ ਸਰੀਰਕ ਜ਼ਿੰਦਗੀ ਉੱਤੇ । ਸਰੀਰ ਕੀ ਹੈ ? ਹੱਡਾਂ ਉੱਤੇ ਚੰਮ ਵਲ੍ਹੇਟਿਆ ਹੋਇਆ ।

‡ ਇਸੇ ਭਾਵ ਦਾ ਸ਼ਲੋਕ ਅੱਗੇ ਜਾ ਕੇ ੮੩ਵਾਂ ਸ਼ਲੋਕ ਕਰ ਕੇ ਆਉਂਦਾ ਹੈ ।

ਮਰਤਾ ਮਰਤਾ ਜਗੁ ਮੂਆ [1]ਮਰਿ ਭੀ ਨ ਜਾਨਿਆ ਕੋਇ ॥ ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥ ੨੯ ॥ ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥ ਜਿਉ ਬਨ ਫਲ ਪਾਕੇ[2] ਭੁਇ ਗਿਰਹਿ [3]ਬਹੁਰਿ ਨ ਲਾਗਹਿ ਡਾਰ ॥ ੩੦ ॥ [4]ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥ ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ[5] ॥ ੩੧ ॥ ਕਬੀਰ [6]ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥ [7]ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ ॥ ੩੨ ॥ *ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ [8]ਮਰਿ ਜੀਵਾ ਹੋਇ ॥ ੩੩ ॥ ਕਬੀਰ ਊਜਲ ਪਹਿਰਹਿ ਕਾਪਰੇ[9] ਪਾਨ ਸੁਪਾਰੀ ਖਾਹਿ ॥ ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥ ੩੪ ॥ ਕਬੀਰ [10]ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥ [11]ਹਰੂਏ ਹਰੂਏ [12]ਤਿਰਿ ਗਏ ਡੂਬੇ ਜਿਨ ਸਿਰ ਭਾਰ[13] ॥ ੩੫ ॥ ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥ ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥ ੩੬ ॥ ਕਬੀਰ †ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥ ਹੈਵਰ[14] ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥ ੩੭ ॥ ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ[15] ॥ ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ[16] ਘਾਸੁ ॥ ੩੮ ॥ ਕਬੀਰ ਗਰਬੁ ਨ ਕੀਜੀਐ ਰੰਕੁ[17] ਨ ਹਸੀਐ ਕੋਇ ॥ ਅਜਹੁ ਸੁ ਨਾਉ[18] ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥ ੩੯ ॥ ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ[19] ॥ ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ[20] ਭੁਯੰਗ[21] ॥ ੪੦ ॥ ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥ ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥ ੪੧ ॥ ‡ਕਬੀਰ ਐਸਾ ਕੋਈ ਨ ਜਨਮਿਓ [22]ਅਪਨੈ ਘਰਿ ਲਾਵੈ ਆਗਿ ॥ [23]ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥ ੪੨ ॥ ਕੋ ਹੈ ਲਰਿਕਾ[24] ਬੇਚਈ ਲਰਿਕੀ ਬੇਚੈ ਕੋਇ ॥ ਸਾਝਾ[25] ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥ ੪੩ ॥ ਕਬੀਰ ਇਹ ਚੇਤਾਵਨੀ ਮਤ ਸਹਸਾ[26] ਰਹਿ ਜਾਇ ॥ [27]ਪਾਛੈ ਭੋਗ ਜੁ ਭੋਗਵੇ [28]ਤਿਨ ਕੋ ਗੁੜੁ ਲੈ ਖਾਹਿ ॥ ੪੪ ॥ ਕਬੀਰ ਮੈ ਜਾਨਿਓ ਪੜਿਬੋ[29] ਭਲੋ ਪੜਿਬੇ ਸਿਉ ਭਲ ਜੋਗੁ ॥ ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥ ੪੫ ॥ ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ ॥ ਰਾਮ ਕਬੀਰਾ [30]ਰਵਿ ਰਹੇ ਅਵਰ ਤਜੇ ਸਭ ਕਾਮ ॥ ੪੬ ॥ ਕਬੀਰ ਪਰਦੇਸੀ[31] ਕੈ ਘਾਘਰੈ[32] ਚਹੁ ਦਿਸਿ ਲਾਗੀ ਆਗਿ ॥ ਖਿੰਥਾ[33] ਜਲਿ ਕੋਇਲਾ ਭਈ ਤਾਗੇ[34] ਆਂਚ[35] ਨ ਲਾਗ ॥ ੪੭ ॥ ਕਬੀਰ ਖਿੰਥਾ ਜਲਿ ਕੋਇਲਾ

੧ ਕਾਲੀਆਂ । ਕਾਲੇ ਜੰਤ (ਚੋਰ ਆਦਿਕ) ਚੋਰੀ ਲਈ ਰਾਤੀਂ ਖਲੋਂਦੇ ਹਨ ।

੨ ਸੰਨ੍ਹ ਆਦਿ ਦੇ ਸਾਮਾਨ ।

੩ ਇਹ ਸਮਝ ਕਿ ਹਰੀ ਦੇ ਮਾਰੇ ਹੋਏ ਹਨ।

੪ ਬੂਟਾ ।

੫ ਵੇੜ੍ਹਿਆ ਹੋਇਆ ।

੬ ਛਿਛਰਾ ।

੭ ਵੱਡਾ ਹੋਣ ਦੇ ਹੰਕਾਰ ਦੇ ਕਾਰਨ ਡੁੱਬਿਆ ।

੮ ਨੇੜੇ ।

੯ ਪੈਰਾਂ 'ਤੇ ।

੧੦ ਖੇਲ (ਲੀਲ੍ਹਾ ਹਰੀ ਦੀਆਂ) ਥਾਂ-ਥਾਂ ਹਨ ।

੧੧ ਇਕ ਰਾਮ ਦੇ ਪ੍ਰੇਮੀ ਬਿਨਾਂ ਮੇਰੇ ਭਾ ਦੀ ਸਭ ਉਜਾੜ ਹੈ ।

੧੨ ਭੱਠੀ ਵਰਗਾ ਕੁਸੱਤੀ ਦਾ ਪਿੰਡ ਹੈ ।

੧੩ ਧੌਲਰ, ਚਿੱਟੇ, ਅਮੀਰੀ ਘਰ ।

੧੪ ਵਿਚਾਰੇ ।

੧੫ ਭਾਵ ਜਨਮ ਮਰਨ ਦੇ ਗੇੜੇ ਲਾਂਦੇ ਹਨ ।

੧੬ ਥੋਮ ।

੧੭ ਆਖ਼ਰ, ਓੜਕ ।

੧੮ ਚਾਟੀ ।

੧੯ ਸੁਆਸ ।

੨੦ ਮਧਾਣੀ । ਮਾਇਕ ਪਦਾਰਥ ਚਾਟੀ ਹੈ ਤੇ ਜੀਵਨ ਦਾ ਵਹਿਣ ਇਸ ਵਿੱਚ ਮਧਾਣੀ ਹੈ, ਪਰ ਸੰਤਾਂ ਨੇ ਠੀਕ ਤਰ੍ਹਾਂ ਰਿੜਕ ਕੇ, ਭਾਵ ਚੰਗਾ ਜੀਵਨ ਬਤੀਤ ਕਰ ਕੇ ਮੱਖਣ ਖਾਧਾ ਹੈ ।

੨੧ ਲੱਸੀ ।

੨੨ ਬਰਫ ਵਤ ਠੰਢੀ । ਭਾਵ ਜਿਨ੍ਹਾਂ ਦੇ ਜੀਵਨ ਵਿੱਚ ਸ਼ਾਂਤੀ ਹੈ ।

੨੩ ਜਿਨ੍ਹਾਂ ਨੇ ਇਸ ਤਰ੍ਹਾਂ ਰਿੜਕਿਆ ਹੈ, ਉਨ੍ਹਾਂ ਖਾਧਾ ਹੈ, ਬਾਕੀ ਸਭ ਨਿਰੀਆਂ ਮਧਾਣੀਆਂ ਹਨ । ਭਾਵ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ ।

੨੪ ਠੱਗ-ਠੱਗ ਕੇ ਹੱਟੀ ਵਿੱਚ ਲਿਆਂਵਦੀ ਹੈ । ਕਈਆਂ ਬੀੜਾਂ ਵਿੱਚ ਪਾਠ ਭੀ 'ਲਾਵੈ' ਦੀ ਥਾਂ 'ਲਿਆਵੈ' ਹੈ ।

੨੫ ਬਾਰਾਂ ਟੋਟੇ । ਭਾਵ ਖੰਡ-ਖੰਡ ਕਰ ਦਿੱਤੀ ਹੈ, ਨਾਸ ਕਰ ਦਿੱਤੀ ਹੈ ।

੨੬ ਠੀਕ ਤਰ੍ਹਾਂ ਜੀ ਕੇ ਮਰਨ ਨਾਲ ।

੨੭ ਗੰਢ ।

੨੮ ਸ਼ਹਿਰ । ਗੁਣਾਂ ਦੀ ਗੰਢ ਥਾਂ-ਟਿਕਾਣੇ, ਜਿਥੇ ਪਰਖ ਹੋਵੇ, ਖੋਹਲਣੀ ਚਾਹੀਦੀ ਹੈ ।

੨੯ ਰਾਜੇ ਇਹ ਪੰਡਤ ਆਦਿ ਕਿਸ ਕੰਮ ਆਉਂਦੇ ਹਨ ?

੩੦ ਹੋਰ ਦ੍ਵੈਤ ਭਾਵ ।

੩੧ ਚਾਹੇ ਜਟਾਧਾਰੀ, ਚਾਹੇ ਸੰਨਿਆਸੀ ਹੋਵੇ ।

੩੨ ਕੱਜਲ ।

੩੩ ਅੰਨ੍ਹੇ ਮੂਰਖ ।

੩੪ ਪੈ ਕੇ ਨਿਕਲ ਜਾਂਦੇ ਹਨ, ਗ੍ਰਿਹਸਤ ਧਾਰ ਕੇ ਵੀ ਮੋਹ ਵਿੱਚ ਫਸਦੇ ਨਹੀਂ ।

੩੫ ਮੋੜ ਲਵੇ ਜੇ ਬਚ ਸਕਦਾ ਹੈ ।

੩੬ ਪੈਰੀਂ ।

੩੭ ਕਿਸੇ ਰਾਹੇ ਪਾ ਇਸ ਨੂੰ ।

੩੮ ਭਾਵੇਂ, ਜਾਂ ।

* ਦੇਖੋ ਇਹੋ ਸ਼ਲੋਕ ਪੰਨਾ ੫੫੫ ਉੱਤੇ ।

ਕਬੀਰ ਰਾਤੀ ਹੋਵਹਿ ਕਾਰੀਆ[1] ਕਾਰੇ ਊਭੇ ਜੰਤ ॥ ਲੈ ਫਾਹੇ[2] ਉਠਿ ਧਾਵਤੇ [3]ਸਿ ਜਾਨਿ ਮਾਰੇ ਭਗਵੰਤ॥ ੧੦ ॥ ਕਬੀਰ ਚੰਦਨ ਕਾ ਬਿਰਵਾ[4] ਭਲਾ ਬੇੜ੍ਹਿਓ[5] ਢਾਕ ਪਲਾਸ[6] ॥ ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ ੧੧ ॥ ਕਬੀਰ ਬਾਂਸੁ [7]ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ[8] ਬਸੈ ਬਾਂਸੁ ਸੁਗੰਧੁ ਨ ਹੋਇ ॥ ੧੨ ॥ ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥ ਪਾਇ[9] ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ ੧੩ ॥ ਕਬੀਰ ਜਹ ਜਹ ਹਉ ਫਿਰਿਓ [10]ਕਉਤਕ ਠਾਓ ਠਾਇ ॥ [11]ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥ ੧੪ ॥ ਕਬੀਰ ਸੰਤਨ ਕੀ ਝੁੰਗੀਆ ਭਲੀ [12]ਭਠਿ ਕੁਸਤੀ ਗਾਉ ॥ ਆਗਿ ਲਗਉ ਤਿਹ ਧਉਲਹਰ[13] ਜਿਹ ਨਾਹੀ ਹਰਿ ਕੋ ਨਾਉ ॥ ੧੫ ॥ ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ[14] ਜੁ [15]ਹਾਟੈ ਹਾਟ ਬਿਕਾਇ ॥ ੧੬ ॥ ਕਬੀਰ ਸਾਕਤੁ ਐਸਾ ਹੈ ਜੈਸੀ ਲਸਨ[16] ਕੀ ਖਾਨਿ ॥ ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ[17] ॥ ੧੭ ॥ ਕਬੀਰ ਮਾਇਆ ਡੋਲਨੀ[18] ਪਵਨੁ[19] ਝਕੋਲਨਹਾਰੁ[20] ॥ ਸੰਤਹੁ ਮਾਖਨੁ ਖਾਇਆ ਛਾਛਿ[21] ਪੀਐ ਸੰਸਾਰੁ ॥ ੧੮ ॥ ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ[22] ਧਾਰ ॥ [23]ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ ॥ ੧੯ ॥ ਕਬੀਰ ਮਾਇਆ ਚੋਰਟੀ [24]ਮੁਸਿ ਮੁਸਿ ਲਾਵੈ ਹਾਟਿ ॥ ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ [25]ਬਾਰਹ ਬਾਟ ॥ ੨੦ ॥ ਕਬੀਰ ਸੂਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥ ੨੧ ॥ ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ [26]ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥ ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ[27] ਨ ਖੋਲ੍ਹ ॥ ਨਹੀ ਪਟਣੁ[28] ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ ੨੩ ॥ ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ ॥ ਪੰਡਿਤ ਰਾਜੇ ਭੂਪਤੀ[29] ਆਵਹਿ ਕਉਨੇ ਕਾਮ ॥ ੨੪ ॥ ਕਬੀਰ ਪ੍ਰੀਤਿ ਇਕ ਸਿਉ ਕੀਏ [30]ਆਨ ਦੁਬਿਧਾ ਜਾਇ ॥ [31]ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ ੨੫ ॥ ਕਬੀਰ ਜਗੁ ਕਾਜਲ[32] ਕੀ ਕੋਠਰੀ ਅੰਧ[33] ਪਰੇ ਤਿਸ ਮਾਹਿ ॥ ਹਉ ਬਲਿਹਾਰੀ ਤਿਨ ਕਉ [34]ਪੈਸਿ ਜੁ ਨੀਕਸਿ ਜਾਹਿ ॥ ੨੬ ॥ ਕਬੀਰ ਇਹੁ ਤਨੁ ਜਾਇਗਾ [35]ਸਕਹੁ ਤ ਲੇਹੁ ਬਹੋਰਿ ॥ ਨਾਂਗੇ ਪਾਵਹੁ[36] ਤੇ ਗਏ ਜਿਨ ਕੇ ਲਾਖ ਕਰੋਰਿ ॥ ੨੭ ॥ ਕਬੀਰ ਇਹੁ ਤਨੁ ਜਾਇਗਾ [37]ਕਵਨੈ ਮਾਰਗਿ ਲਾਇ ॥ ਕੈ[38] ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥ ੨੮ ॥ *ਕਬੀਰ

੧ ਵਿੰਨ੍ਹਿਆਂ ਹੈ ।
੨ ਸਮਝ ਤਾਂ ਹੁੰਦੀ ਹੈ ਜੇ ਸੁਰਤੀ ਪਿਆਰੇ ਵਿੱਚ ਜੁੜੀ ਹੋਵੇ ।
੩ ਪਰਬਤ ।
੪ ਉਜਾੜ ।
੫ ਧਰਤੀ । ਸਾਗਰ ਆਦਿ ਦਾ ਇੰਨਾ ਲੰਮਾ ਤੇ ਔਖਾ ਸਫਰ ਪ੍ਰੇਮ ਵਿੱਚ ਇਕ ਕਦਮ ਤੁਲ ਸਮਝਦਾਂ ਹਾਂ (ਭਾਵ ਤੁਛ ਗਿਣਦਾ ਹਾਂ) ।
੬ ਹੇ ਮੁਸਨ (ਇਕ ਸਿੱਖ ਦਾ ਨਾਮ ਹੈ ਜੋ ਸੰਮਨ ਦਾ ਪੁੱਤਰ ਸੀ) ।
੭ ਪਿਆਰੇ ਦੇ !
੮ ਚਾਂਦਨੀ । ਹਿਰਦੇ ਰੂਪ ਅੰਬਰ (ਅਸਮਾਨ) ਵਿੱਚ ਪ੍ਰੇਮ ਦੀ ਚਾਂਦਨੀ ਛਾਈ ਹੈ; ਗੁੰਦੇ ਹੋਏ ਕਮਲ ਵਿੱਚ ਭੌਰੇ ਵਾਂਗ ਵਿੰਨ੍ਹੇ ਜਾ ਕੇ ਉਸ ਅੰਦਰ ਮਸਤ ਚੰਬੜੇ ਰਹਿੰਦੇ ਹਨ ।
੯ ਮਨ ਇੰਦ੍ਰਿਆਂ ਨੂੰ ਰੋਕਣ ਦੀ ਕਿਰਿਆ ।
੧੦ ਸੁਖ ।
੧੧ ਵਡਿਆਈ ।
੧੨ ਰਤਾ ਭਰ । ਜਪ ਤਪ ਆਦਿ ਸਭ ਕੁਰਬਾਨ ਕਰ ਦਿਆਂ ਇਕ ਰਤਾ ਭਰ ਪ੍ਰੇਮ ਤੋਂ ।
੧੩ ਇਹ ਸੰਸਾਰ ਮਰਦਾ ਤੇ ਠੱਗਿਆ ਜਾ ਰਿਹਾ ਹੈ; ਇਸ ਨੂੰ ਅਸਲ ਭੇਦ ਪਤਾ ਨਹੀਂ ਹੈ ।
੧੪ ਮਿਥਿਆ ਵਿਹਾਰਾਂ ਵਿੱਚ ਫਸਿਆ ਹੈ ।
੧੫ ਘਰ ।
੧੬ ਦਰਬ, ਧਨ । ਜਦੋਂ ਘਰ ਤੇ ਧਨ ਸੜ ਜਾਣ ਤਾਂ ਇਨ੍ਹਾਂ ਦੇ ਵਿਛੜਨ ਦੇ ਦੁੱਖ ਤੋਂ ਬੇਹਾਲ ਹੁੰਦਾ ਹੈ, ਪਰ ਅਸਲ ਮੁਸੀਐ (ਲੁੱਟਿਆ ਜਾਂਦਾ) ਉਹ ਹੈ, ਜੋ ਹਰੀ ਦੇ ਪਿਆਰ ਤੋਂ ਖਾਲੀ ਹੈ ।
੧੭ ਸੁਆਦ ।
੧੮ ਪਿਆਰੇ ।
੧੯ ਹੋਰ ਕਿਤੇ ਉਸ ਤੋਂ ਬਿਨਾਂ ।
੨੦ ਜੋ ਚੰਚਲ ਚਿੱਤ ਹੈ ਉਹ ਲੱਖਾਂ ਘਾਟੀਆਂ ਉੱਚਾ ਚੜ੍ਹਦਾ ਹੈ, ਭਾਵ ਹੰਕਾਰੀ ਹੈ ਤੇ ਦੁਖੀ ਹੁੰਦਾ ਹੈ ਪਰ ਚਿੱਕੜ ਨੀਚ ਹੈ ਤੇ ਨਿਮਰਤਾ ਬਹੁਤ ਧਾਰਦਾ ਹੈ । ਇਸ ਕਰਨੀ ਕਰ ਕੇ ਉਸ ਵਿੱਚੋਂ ਹੇ ਜਮਾਲ! ਕਮਲ ਨਿਕਲਦਾ ਹੈ ('ਜਮਾਲ' ਸਿੱਖ ਦਾ ਨਾਂ ਹੈ)।
੨੧ ਉਸ ਹਰੀ ਦੇ ਕਮਲ ਨੈਨ ਹਨ ਤੇ ਕਾਲੇ ਸੁਰਮੇ ਵਾਲੇ ਹਨ, ਸੋਹਣਾ ਬਦਨ (ਮੂੰਹ) ਸੁੰਦਰ ਚਿਤ੍ਰਕਾਰੀ ਵਾਲਾ ਹੈ; ਉਸ ਦੇ ਮਿਲਣ ਦਾ ਭੇਦ ਲੱਭਣ ਵਿੱਚ ਮਸਤ ਹੋ ਕੇ ਮੈਂ ਆਪਣੇ ਹਾਰ ਦੇ ਟੋਟੇ ਟੋਟੇ ਕਰ ਦਿਆਂ (ਮੇਰੇ ਤੇ ਪਿਆਰੇ ਦੇ ਵਿਚਕਾਰ ਮੇਲ ਸਮੇਂ ਹਾਰ ਦੀ ਵਿੱਥ ਵੀ ਦੁਖਦਾਈ ਹੈ)।
੨੨ ਉਸ ਨੂੰ ਸਿਮਰਦਿਆਂ ਸਰੀਰ ਦੇ ਅੰਗਾਂ ਦੀ ਸੁੱਧ ਨਹੀਂ ਰਹੀ ।
੨੩ ਦੁਨੀਆਂ ਵਿੱਚ ।
੨੪ ਨੀਚ । ਪਤੰਗਾ ਆਪਣਾ ਆਪ ਸੜਵਾ ਲੈਂਦਾ ਹੈ, ਪਰ ਦੀਵੇ ਨੂੰ ਛੱਡਦਾ ਨਹੀਂ ਉਸ ਦੀ ਇਹ ਵਡਿਆਈ ਸਾਰੇ ਜਗਤ ਵਿੱਚ ਪ੍ਰਸਿੱਧ ਹੈ । 'ਪਤੰਗ' ਸਿੱਖ ਦਾ ਨਾਂ ਭੀ ਹੈ ।
੨੫ ਦੇਖੋ ਪੰਨਾ ੧੧੨੩, ਨੋਟ ੮ ।
੨੬ ਮਾਲਾ । ਰਸਨਾ (ਜੀਭ) ਨਾਲ ਨਾਮ ਜਪਣਾ ਇਹੋ ਮਾਲਾ ਹੈ ਤੇ ਇਹੋ ਮਾਲਾ ਭਗਤਾਂ ਲਈ ਸੁਖ ਤੇ ਬਿਸਰਾਮ ਦੇਣ ਵਾਲੀ ਹੈ ।
੨੭ ਡਾਵਾਂ-ਡੋਲ ।
੨੮ ਮਾਲਕ ।
੨੯ ਸੋਨੇ ।
੩੦ (ਐਸੇ ਬਣੇ ਸ਼ਿੰਗਾਰੇ ਲੋਕ) ਸੜੇ ਹੋਏ ਕਾਨਿਆਂ ਵਰਗੇ ਹਨ ਜੋ ਉਤੋਂ ਲਿਸ਼ਕਦੇ ਹਨ, ਪਰ ਵਿਚੋਂ ਸੁਆਹ ਹਨ ।
੩੧ ਜੀਂਵਦਿਆਂ ਹੀ ਮੋਇਆ ਹੋਇਆ ਹੋਵੇ; ਭਾਵ ਨਿਮਰਤਾ ਵਾਲਾ ਹੋਵੇ ।
੩੨ ਸਿਮਰੇ ।
੩੩ ਜਿਥੇ । ਜਿਥੇ ਵੇਖਾਂ ਓਥੇ ਹੀ ਉਹ ਦਿਸਦਾ ਹੈ; ਭਾਵ ਹਰੀ ਵਾਂਗ ਸਰਬ-ਵਿਆਪੀ ਹੋ ਜਾਂਦਾ ਹੈ, ਹਰੀ ਦਾ ਰੂਪ ਹੋ ਜਾਂਦਾ ਹੈ ।
੩੪ ਹੰਕਾਰ ।
੩੫ ਸਤ-ਸੰਗੀ ।
੩੬ ਮਾਇਆ ਆਈ ।
੩੭ ਸਾਨੂੰ ਨਮਸਕਾਰ ਕਰ ਕੇ ਤੁਰ ਗਈ ।
੩੮ ਭਾਵ ਹੰਕਾਰ ।
੩੯ ਮੰਨਦਾ, ਸਮਝਦਾ ।

* ਇਹ ਸਲੋਕ ਵਿਕੋਲਿਤਰੇ ਹੋਣ ਕਰ ਕੇ ਖਿਆਲ ਦੀ ਲੜੀ ਢੂੰਡਣ ਦੀ ਲੋੜ ਨਹੀਂ ।

ਰਹਿਆ ਬੀਚੁ ਨ ਰਾਈ ਹੋਤ ॥ ਚਰਨ ਕਮਲ ਮਨੁ ਬੇਧਿਓ[੧] [੨]ਬੂਝਨੁ ਸੁਰਤਿ
ਸੰਜੋਗ ॥ ੨ ॥ ਸਾਗਰ ਮੇਰ[੩] ਉਦਿਆਨ[੪] ਬਨ ਨਵ ਖੰਡ ਬਸੁਧਾ[੫] ਭਰਮ ॥
ਮੂਸਨ[੬] ਪ੍ਰੇਮ [੭]ਪਿਰੰਮ ਕੈ ਗਨਉ ਏਕ ਕਰਿ ਕਰਮ ॥ ੩ ॥ ਮੂਸਨ ਮਸਕਰ[੮]
ਪ੍ਰੇਮ ਕੀ ਰਹੀ ਜੁ ਅੰਬਰੁ ਛਾਇ ॥ ਬੀਧੇ ਬਾਂਧੇ ਕਮਲ ਮਹਿ ਭਵਰ ਰਹੇ
ਲਪਟਾਇ ॥ ੪ ॥ ਜਪ ਤਪ ਸੰਜਮ[੯] ਹਰਖ[੧੦] ਸੁਖ ਮਾਨ ਮਹਤ[੧੧] ਅਰੁ ਗਰਬ ॥
ਮੂਸਨ ਨਿਮਖਕ[੧੨] ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫ ॥ ਮੂਸਨ [੧੩]ਮਰਮੁ
ਨ ਜਾਨਈ ਮਰਤ ਹਿਰਤ ਸੰਸਾਰ ॥ ਪ੍ਰੇਮ ਪਿਰੰਮ ਨ ਬੇਧਿਓ [੧੪]ਉਰਝਿਓ ਮਿਥ
ਬਿਉਹਾਰ ॥ ੬ ॥ ਘਬੁ[੧੫] ਦਬੁ[੧੬] ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ ॥ ਮੂਸਨ
ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ ॥ ੭ ॥ ਜਾ ਕੋ ਪ੍ਰੇਮ ਸੁਆਉ[੧੭]
ਹੈ ਚਰਨ ਚਿਤਵ ਮਨ ਮਾਹਿ ॥ ਨਾਨਕ ਬਿਰਹੀ[੧੮] ਬ੍ਰਹਮ ਕੇ [੧੯]ਆਨ ਨ ਕਤਹੂ
ਜਾਹਿ ॥ ੮ ॥ [੨੦]ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ ॥ ਨੀਚ ਕੀਚ
ਨਿਮ੍ਰਿਤ ਘਨੀ ਕਰਨੀ ਕਮਲ ਜਮਾਲ ॥ ੯ ॥ [੨੧]ਕਮਲ ਨੈਨ ਅੰਜਨ ਸਿਆਮ
ਚੰਦ੍ਰ ਬਦਨ ਚਿਤ ਚਾਰ ॥ ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ ॥
੧੦ ॥ ਮਗਨੁ ਭਇਓ ਪ੍ਰਿਅ ਪ੍ਰੇਮ ਸਿਉ[੨੨] ਸੂਧ ਨ ਸਿਮਰਤ ਅੰਗ ॥ ਪ੍ਰਗਟਿ
ਭਇਓ ਸਭ ਲੋਅ[੨੩] ਮਹਿ ਨਾਨਕ ਅਧਮ[੨੪] ਪਤੰਗ ॥ ੧੧ ॥

ਸਲੋਕ ਭਗਤ ਕਬੀਰ[੨੫] ਜੀਉ ਕੇ

ੴ ਸਤਿਗੁਰ ਪ੍ਰਸਾਦਿ ॥

*ਕਬੀਰ ਮੇਰੀ ਸਿਮਰਨੀ[੨੬] ਰਸਨਾ ਊਪਰਿ ਰਾਮੁ ॥ ਆਦਿ ਜੁਗਾਦੀ
ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥ ੧ ॥ ਕਬੀਰ ਮੇਰੀ ਜਾਤਿ ਕਉ ਸਭੁ
ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥
੨ ॥ ਕਬੀਰ ਡਗਮਗ[੨੭] ਕਿਆ ਕਰਹਿ ਕਹਾ ਡੁਲਾਵਹਿ ਜੀਉ ॥ ਸਰਬ
ਸੂਖ ਕੋ ਨਾਇਕੋ[੨੮] ਰਾਮ ਨਾਮ ਰਸੁ ਪੀਉ ॥ ੩ ॥ ਕਬੀਰ ਕੰਚਨ[੨੯] ਕੇ
ਕੁੰਡਲ ਬਨੇ ਊਪਰਿ ਲਾਲ ਜੜਾਉ ॥ ਦੀਸਹਿ[੩੦] ਦਾਧੇ ਕਾਨ ਜਿਉ ਜਿਨ੍
ਮਨਿ ਨਾਹੀ ਨਾਉ ॥ ੪ ॥ ਕਬੀਰ ਐਸਾ ਏਕੁ ਆਧੁ ਜੋ [੩੧]ਜੀਵਤ
ਮਿਰਤਕੁ ਹੋਇ ॥ ਨਿਰਭੈ ਹੋਇ ਕੈ ਗੁਨ ਰਵੈ[੩੨] ਜਤ[੩੩] ਪੇਖਉ ਤਤ ਸੋਇ ॥
੫ ॥ ਕਬੀਰ ਜਾ ਦਿਨ ਹਉ[੩੪] ਮੂਆ ਪਾਛੈ ਭਇਆ ਅਨੰਦੁ ॥ ਮੋਹਿ ਮਿਲਿਓ
ਪ੍ਰਭੁ ਆਪਨਾ ਸੰਗੀ[੩੫] ਭਜਹਿ ਗੋੁਬਿੰਦੁ ॥ ੬ ॥ ਕਬੀਰ ਸਭ ਤੇ ਹਮ ਬੁਰੇ ਹਮ
ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥
੭ ॥ ਕਬੀਰ ਆਈ[੩੬] ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ ਹਮ ਰਾਖੇ
ਗੁਰ ਆਪਨੇ [੩੭]ਉਨਿ ਕੀਨੋ ਆਦੇਸੁ ॥ ੮ ॥ ਕਬੀਰ ਸੋਈ[੩੮] ਮਾਰੀਐ
ਜਿਹ ਮੂਐ ਸੁਖੁ ਹੋਇ ॥ ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ[੩੯] ਕੋਇ ॥ ੯ ॥

੧ ਸ਼ਬਦ ।
੨ ਐਸੇ ਕੰਨ ਬੰਦ ਕਰ ਦੇਣੇ ਚਾਹੀਦੇ ਹਨ ।
੩ ਜੀਭ ।
੪ [ਚਿੱਕੜ ਤੋਂ ਪੈਦਾ ਹੋਇਆ] ਕੰਵਲ ।
੫ ਪੰਖ, ਖੰਭ । ਜਿਵੇਂ ਭੌਰੇ ਦੇ ਖੰਭ ਕੰਵਲ ਫੁੱਲ ਵਿੱਚ ਉਸ ਦੀ ਖੁਸ਼ਬੋ ਵਿੱਚ ਮਸਤ ਹੋ ਕੇ ਫਸ ਜਾਂਦੇ ਹਨ ਤੇ ਉਹ ਉਸ ਦੀ ਸੁੰਦਰਤਾ ਵਿੱਚ ਆਪਣਾ ਆਪ ਵਿਸਰ ਕੇ ਸਾਰੇ ਦਾ ਸਾਰਾ ਫਸ ਜਾਂਦਾ ਹੈ।
੬ ਗੁੰਦਿਆ । ੭ ਸੁੰਦਰਤਾ ।
੮ ਕਠਨ ਗੰਢਾਂ ਜੁਦਾਈ ਵਾਲੀਆਂ ਤੋੜ ਦੇਵੇ ।
੯ [ਲਛਮੀ ਨੂੰ ਧਾਰਨ ਵਾਲਾ ਮਾਲਕ] ਵਾਹਿਗੁਰੂ।
੧੦ ਟੁੱਟੇ ਗੰਢ ਲੈਣ ਵਾਲਾ ।
੧੧ ਦੌੜਦਾ ਹਾਂ ਕਈ ਤਰਫਾਂ ।
੧੨ ਪੰਜ ਕਾਮਾਦਿਕ ਵੈਰੀ । ੧੩ ਤੇਜ ।
੧੪ ਮਹਾਂ ਦੁੱਖ ਦਾਈਆਂ ਦਾ ਮਾਰਨਾ ਆ ਜਾਂਦਾ ਹੈ ਜੇ ਪੂਰਾ ਗੁਰੂ ਮਿਲ ਪਵੇ ।
੧੫ ਭੋਗੋ ।
੧੬ ਗੁਰੂ ਦੇ ਰਾਹੀਂ।
੧੭ ਸੁਖਾਂ ਦਾ ਘਰ ।
੧੮ ਕ੍ਰਿਪਾਲੂ ਹੋ ਕੇ।
੧੯ ਸੜ ਕੇ ।
੨੦ ਪਤਤਾਂ ਨੂੰ ਪਵਿਤਰ ਕਰਨ ਵਾਲੇ ਪਾਵਨ (ਪਵਿਤਰ ਹਰੀ) ਨੂੰ ਅਸਾਂ ਕਦੀ ਨਹੀਂ ਸੇਵਿਆ।
੨੧ ਨਿਰਬਾਹ, ਗੁਜ਼ਾਰਾ ਹੋਵੇ ।
੨੨ ਦੇਖੋ ਪੰ: ੮੦੩ ਨੋਟ ੩ ।
੨੩ ਬਹੁਤੇ ।
੨੪ ਸ਼ਠ (ਮੂਰਖ) ਦਾ ਸਰੀਰ ਸਵਾਹ ਹੋ ਜਾਵੇਗਾ।
੨੫ ਪੁੱਜ ਜਾਂਦੀ ਹੈ, ਮੁੱਕ ਜਾਂਦੀ ਹੈ ।
੨੬ ਉਮਰ ।
੨੭ ਹਿਕਮਤ । ਵੈਦ ਕਿੰਨੇ-ਕੁ ਇਲਾਜ (ਉਪਾਵ) ਦੱਸਣਗੇ ? ੨੮ ਦਵਾਈ ।
੨੯ ਦੇਂਦੇ ਹਨ । ੩੦ ਭੋਗਦੇ, ਮਾਣਦੇ ।
੩੧ ਭਾਵ ਸਤ-ਸੰਗਤ ।
੩੨ ਦਵਾਈਆਂ ।
੩੩ ਜੋ ਜੋ ਓਹ ਕਰਦੇ ਹਨ ਸੋ ਸੋਹਣਾ ਕਰਮ ਹੁੰਦਾ ਹੈ । ੩੪ ਦੂਰ ਹੁੰਦਾ ਹੈ ।
੩੫ ਇਕ ਛੰਦ ਜਿਸ ਵਿੱਚ ਚਾਰ ਆਦਮੀਆਂ (ਸੰਮਨ, ਮੂਸਨ, ਜਮਾਲ ਤੇ ਪਤੰਗ) ਪ੍ਰਤੀ ਉਚਾਰਨ ਹੋਏ ਬੋਲੇ ਜਾਂ ਬਚਨ ਹਨ ।
੩੬ ਹੇ ਸੰਮਨ (ਸ਼ਾਹਬਾਜ਼ਪੁਰੇ ਦਾ ਇਕ ਸਿੱਖ ਹੋਇਆ ਹੈ) ! ਜੇ ਕਰ ਇਸ ਪ੍ਰੇਮ ਦਾ ਵਟਾਂਦਰਾ ਹੋ ਸਕਦਾ ਹੈ ਪੈਸਿਆਂ ਨਾਲ, ਤਾਂ ਰਾਵਣ ਜਿਹੇ ਕੰਗਾਲ ਤਾਂ ਨਹੀਂ ਸਨ, ਉਨ੍ਹਾਂ ਨੂੰ ਪ੍ਰੇਮ ਦੀ ਦਾਤ ਕਿਉਂ ਨਾ ਮਿਲੀ ?
੩੭ ਵਟਾਂਦਰਾ ।
੩੮ ਵਰਗੇ ।
੩੯ ਕੰਗਾਲ ।
੪੦ ਜਿਨ੍ਹਾਂ ਨੇ ਸ਼ਿਵ ਜੀ ਨੂੰ ਆਪਣੇ ਸਿਰ ਕੱਟ ਕੇ ਭੇਟਾ ਚੜ੍ਹਾ ਦਿੱਤੇ ।
੪੧ ਸਰੀਰ ਪ੍ਰੇਮ ਵਿੱਚ ਖਚਿਤ ਹੋ ਰਿਹਾ ਹੈ ਤੇ ਰਾਈ ਜਿੰਨਾਂ ਵੀ ਅੰਤਰ ਨਹੀਂ ਰਿਹਾ, ਭਾਵ ਮੁਕੰਮਲ ਪ੍ਰੀਤ ਹੈ ।

* ਕਿਸੇ ਐਸੇ ਵਿਚੋਲੇ ਨੂੰ ਲੱਭਣਾ ਚਾਹੁੰਦੇ ਹਨ ਜੋ ਵਿਛੋੜਾ ਦੂਰ ਕਰ ਕੇ ਮੇਲ ਕਰਾ ਦੇਵੇ (੧੫) । ਜੇ ਪੂਰਾ ਗੁਰੂ ਮਿਲੇ ਤਾਂ ਉਸ ਦੇ ਦਿੱਤੇ ਨਾਮ ਨਾਲ ਪਾਪਾਂ ਨੂੰ ਦੂਰ ਕਰਦੇ ਰਹੀਦਾ ਹੈ (੧੬) । ਨਾਮ ਦੀ ਪ੍ਰਾਪਤੀ ਦੇ ਸੁਖ (੧੭-੧੮) । ਮਾਇਆ ਦੇ ਸੁਖ ਮ੍ਰਿਗ ਤ੍ਰਿਸ਼ਨਾ ਵਤ ਝੂਠੇ ਹਨ (੧੯) । ਧਾਰਮਕ ਹਉਮੈ ਵਿੱਚ ਕੀਤੇ ਕਰਮ ਭੀ ਝੂਠੀ ਮ੍ਰਿਗ ਤ੍ਰਿਸ਼ਨਾ ਦਾ ਇਕ ਰੂਪ ਹਨ (੨੦) । ਨਾਮ ਤੋਂ ਬਿਨਾਂ ਕੋਈ ਚੀਜ਼ (ਦਵਾ ਆਦਿ) ਸਥਿਰ ਕਰਨ ਵਾਲੀ ਨਹੀਂ (੨੧) । ਨਾਮ ਜਹੀ ਕੋਈ ਦਵਾਈ ਨਹੀਂ (੨੨) । ਇਹ ਸਤ ਸੰਗਤ ਤੋਂ ਮਿਲਦੀ ਹੈ (੨੩) ।

† ਪ੍ਰੇਮ ਪੈਸਿਆਂ ਤੋਂ ਨਹੀਂ ਵਿਕਦਾ (੧) । ਇਹ ਇਕ ਮਗਨਤਾ ਹੈ (੨) । ਇਸ ਵਿੱਚ ਲੱਗਾ ਮਨੁੱਖ ਹਜ਼ਾਰ ਔਕੜਾਂ ਕੁਝ ਨਹੀਂ ਸਮਝਦਾ (੩) । ਮਗਨਤਾ ਦਾ ਇਕ ਹੋਰ ਰੂਪ ਦੱਸਦੇ ਹਨ (੪) । ਪ੍ਰੇਮ ਤੁਲ ਕੋਈ ਧਾਰਮਕ ਕਮਾਈ ਜਾਂ ਸੰਸਾਰਕ ਵਡਿਆਈ ਨਹੀਂ (੫) । ਪ੍ਰੇਮ ਤੋਂ ਖਾਲੀ ਆਦਮੀ ਮਿਥਿਆ ਵਿਹਾਰਾਂ ਵਿੱਚ ਮਰਦਾ ਤੇ ਖਵਾਰ ਹੁੰਦਾ ਰਹਿੰਦਾ ਹੈ (੬) । ਪ੍ਰੇਮ ਵਾਲੇ ਨੂੰ ਘਰ ਤੇ ਧਨ ਉਜੜਨ ਨਾਲ ਉਹ ਦੁੱਖ ਨਹੀਂ ਹੁੰਦਾ ਜੋ ਪਿਆਰੇ ਦੇ ਵਿਛੜਨ ਤੋਂ ਹੁੰਦਾ ਹੈ (੭) । ਹਰੀ ਦੇ ਪ੍ਰੇਮੀ ਹੋਰ ਕਿਸੇ ਵੱਲ ਨਹੀਂ ਜਾਂਦੇ (੮)। ਪ੍ਰੇਮ ਚੰਚਲ ਚਿੱਤ ਵਿੱਚ ਨਹੀਂ, ਨਿਮ੍ਰਤਾ ਵਾਲੇ ਦਿਲ ਵਿੱਚ ਪ੍ਰਵੇਸ਼ ਕਰ ਸਕਦਾ ਹੈ (੯) । ਪ੍ਰੇਮ ਮਗਨਤਾ ਦੀ ਹੱਦ ਦੱਸਦੇ ਹਨ (੧੦-੧੧) ।

ਨਾਦੁ[੧] [੨]ਕਰਨ ਮੁੰਦਿ ਘਾਲਿਆ ॥ ਰਸਨਾ[੩] ਜਪੈ ਨ ਨਾਮੁ ਤਿਲੁ ਤਿਲੁ ਕਰਿ
ਕਟੀਐ ॥ ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥ ੧੪ ॥
*ਪੰਕਜ[੪] ਫਾਥੇ ਪੰਕ[੫] ਮਹਾ ਮਦ ਗੁੰਫਿਆ[੬] ॥ ਅੰਗ ਸੰਗ ਉਰਝਾਇ ਬਿਸਰਤੇ
ਸੁੰਫਿਆ[੭] ॥ ਹੈ ਕੋਊ ਐਸਾ ਮੀਤੁ ਜਿ [੮]ਤੋਰੈ ਬਿਖਮ ਗਾਂਠਿ ॥ ਨਾਨਕ ਇਕੁ
ਸ੍ਰੀਧਰ ਨਾਥੁ[੯] ਜਿ [੧੦]ਟੂਟੇ ਲੇਇ ਸਾਂਠਿ ॥ ੧੫ ॥ [੧੧]ਧਾਵਉ ਦਸਾ ਅਨੇਕ ਪ੍ਰੇਮ
ਪ੍ਰਭ ਕਾਰਣੇ ॥ ਪੰਚ[੧੨] ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥ ਤੀਖਣ[੧੩] ਬਾਣ
ਚਲਾਇ ਨਾਮੁ ਪ੍ਰਭ ਧ੍ਯਾਈਐ ॥ ਹਰਿਹਾਂ [੧੪]ਮਹਾਂ ਬਿਖਾਦੀ ਘਾਤ ਪੂਰਨ ਗੁਰੁ
ਪਾਈਐ ॥ ੧੬ ॥ ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥ ਖਾਵਹੁ
ਭੁੰਚਹੁ [੧੫]ਸਭਿ ਗੁਰਮੁਖਿ[੧੬] ਛੁਟਈ ॥ ਅੰਮ੍ਰਿਤੁ ਨਾਮੁ ਨਿਧਾਨੁ[੧੭] ਦਿਤਾ ਤੁਸਿ[੧੮]
ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥ ੧੭ ॥ ਜਿਥੈ ਜਾਏ
ਭਗਤੁ ਸੁ ਥਾਨੁ ਸੁਹਾਵਣਾ ॥ ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥
ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ[੧੯] ॥ ਸਾਜਨ ਮਨਿ ਆਨੰਦੁ ਨਾਨਕ
ਨਾਮੁ ਜਪਿ ॥ ੧੮ ॥ [੨੦]ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ ॥ ਝੂਠੈ
ਰੰਗਿ ਖੁਆਰੁ ਕਹਾਂ ਲਗੁ ਖੇਵੀਐ[੨੧] ॥ ਹਰਿਚੰਦਉਰੀ[੨੨] ਪੇਖਿ ਕਾਹੇ ਸੁਖੁ
ਮਾਨਿਆ ॥ ਹਰਿਹਾਂ ਹਉ ਬਲਿਹਾਰੀ ਤਿੰਨ ਜਿ ਦਰਗਹਿ ਜਾਨਿਆ ॥੧੯ ॥
ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ[੨੩] ॥ ਮਹਾ ਦ੍ਰੁਗੰਧਤ ਵਾਸੁ [੨੪]ਸਠ
ਕਾ ਛਾਰੁ ਤਨ ॥ ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ ॥ ਹਰਿਹਾਂ
ਹਰਿਚੰਦਉਰੀ ਪੇਖਿ ਕਾਹੇ ਸਚੁ ਮਾਨਈ ॥ ੨੦ ॥ ਜਿਸ ਕੀ ਪੂਜੈ[੨੫] ਅਉਧ[੨੬]
ਤਿਸੈ ਕਉਣੁ ਰਾਖਈ ॥ ਬੈਦਕ[੨੭] ਅਨਿਕ ਉਪਾਵ ਕਹਾਂ ਲਉ ਭਾਖਈ ॥ ਏਕੋ
ਚੇਤਿ ਗਵਾਰ ਕਾਜਿ ਤੇਰੈ ਆਵਈ ॥ ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ
ਸਭੁ ਜਾਵਈ ॥ ੨੧ ॥ ਅਉਖਧੁ[੨੮] ਨਾਮੁ ਅਪਾਰੁ ਅਮੋਲਕੁ ਪੀਜਈ ॥ ਮਿਲਿ
ਮਿਲਿ ਖਾਵਹਿ ਸੰਤ ਸਗਲ ਕਉ ਦੀਜਈ[੨੯] ॥ ਜਿਸੈ ਪਰਾਪਤਿ ਹੋਇ ਤਿਸੈ
ਹੀ ਪਾਵਣੇ ॥ ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ[੩੦] ॥
੨੨ ॥ [੩੧]ਵੈਦਾ ਸੰਦਾ ਸੰਗੁ ਇਕਠਾ ਹੋਇਆ ॥ ਅਉਖਦ[੩੨] ਆਏ ਰਾਸਿ ਵਿਚਿ
ਆਪਿ ਖਲੋਇਆ ॥ [੩੩]ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥ ਹਰਿਹਾਂ
ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ[੩੪] ॥ ੨੩ ॥

ਚਉਬੋਲੇ[੩੫] ਮਹਲਾ ੫ ੴ ਸਤਿਗੁਰ ਪ੍ਰਸਾਦਿ ॥

†[੩੬]ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ[੩੭] ॥ ਰਾਵਨ ਹੁਤੇ[੩੮] ਸੁ
ਰੰਕ[੩੯] ਨਹਿ [੪੦]ਜਿਨਿ ਸਿਰ ਦੀਨੇ ਕਾਟਿ ॥ ੧ ॥ [੪੧]ਪ੍ਰੀਤਿ ਪ੍ਰੇਮ ਤਨੁ ਖਚਿ

੧ ਸਭ ।
੨ ਪੂਰੀ ਹੋਈ ਹੈ (ਆਸ) ।
੩ ਇੰਨੀ ਆਸ ਹੈ ਮਿਲਣ ਦੀ ਕਿ ਇਸ ਆਸ ਨੂੰ ਪੂਰਾ ਕਰਨਾ ਚਾਹੀਦਾ ਹੈ, ਹੇ ਕੰਤ !
੪ ਪਾਪਾਂ ਨਾਲ ਭਰਪੂਰ ।
੫ [ਦੁਸ-ਤਰ] ਔਖਾ ਤਰਿਆ ਜਾਵਣ ਵਾਲਾ ।
੬ ਪੈਰ 'ਤੇ ਪਦਮ ਦਾ ਨਿਸ਼ਾਨ ਜੋ ਚੰਗੀ ਰੇਖ ਸਮਝੀ ਜਾਂਦੀ ਹੈ । ਮੇਰੇ ਹੱਥ ਪਦਮ ਚੜ੍ਹਿਆ ਹੈ ।
੭ ਮੇਰੇ ਹਿਰਦੇ ਰੂਪ ਵਿਹੜੇ ਵਿੱਚ ਸੁਖਾਂ ਦਾ ਵਾਸਾ ਹੈ ।
੮ ਦੇਖ ਕੇ । ਮੇਰੇ ਗਲ ਵਿੱਚ ਨਾਮ ਰੂਪ ਰਤਨ ਹੈ (ਜਿਵੇਂ ਤਾਵੀਜ਼ ਹੁੰਦਾ ਹੈ), ਜਿਸ ਨੂੰ ਦੇਖ ਕੇ ਦੁੱਖ ਨੱਸ ਜਾਂਦਾ ਹੈ ।
੯ ਹੱਥ ਵਿੱਚ ਹਨ । ਰਿਧੀਆਂ ਸਿਧੀਆਂ ਆਦਿ ਹੱਥ ਵਿੱਚ ਹਨ । ਰਿਧਿ ਸਿਧਿ= ਕਰਾਮਾਤੀ ਤਾਕਤਾਂ। 'ਨਵ ਨਿਧਿ' ਲਈ ਦੇਖੋ ਪੰ: ੧੧੨੯, ਫੁਟ ਨੋਟ *।
੧੦ ਪਰ-ਇਸਤਰੀ ਨੂੰ ਭੋਗਣ ।
੧੧ ਲਜਿਆਵਾਨ ਹੁੰਦੇ ਹਨ, ਸ਼ਰਮ ਝੱਲਣੀ ਪੈਂਦੀ ਹੈ।
੧੨ ਜਿਹੜੇ ਸਦਾ ਪਰਾਇਆ ਧਨ ਚੁਰਾਂਦੇ ਹਨ।
੧੩ ਕਿਸ ਤਰ੍ਹਾਂ ਪਾਪ ਢਕੇ ਜਾ ਸਕਦੇ ਹਨ ।
੧੪ ਸਿਮਰਦਿਆਂ ।
੧੫ ਪਵਿੱਤਰ ।
੧੬ ਸੋਹਣਾ ਫੱਬਿਆ ਹੈ ।
੧੭ ਧਰਤੀ ਸੋਹਣੀ ਲਗਦੀ ਹੈ (ਕੁਦਰਤੀ ਨਜ਼ਾਰਿਆਂ ਨਾਲ) ।
੧੮ (ਬਿਜਲੀ ਦੀ ਚਮਕ ਵਿੱਚ) ਪਿਆਰੇ ਦੇ ਮੂੰਹ ਨੂੰ ਤਕਦੀ ਹੈ (ਏਥੇ ਸੁੰਦਰ ਸਾਵਣ ਰੁੱਤ ਦਾ ਨਕਸ਼ਾ ਖਿੱਚਿਆ ਹੈ ਤੇ ਮੁਤਲਾਸ਼ਨ ਨੂੰ ਬਿਜਲੀ ਦੀ ਰੌਸ਼ਨੀ ਆਸਰੇ ਪਿਆਰੇ ਨੂੰ ਲੱਭਦਿਆਂ ਵਿਖਾਇਆ ਹੈ)।
੧੯ ਹੇ ਰਾਮਦਾਸਪੁਰੇ ! ਤੈਨੂੰ ਕਰਤਾਰ ਨੇ ਬੱਧਾ ਹੈ, ਤਾਂ ਹੀ ਤੂੰ ਸੋਭਨੀਕ ਹੋਇਆ ਹੈਂ । ਸੰਗਤ ਦਾ ਪ੍ਰਭਾਵ ਅਲੌਕਿਕ ਦੇਖ ਕੇ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਦੀ ਸੋਭਾ ਗਾ ਰਹੇ ਹਨ ।
੨੦ ਸੰਘਣੀ (ਕਈ ਵਾਰੀ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਛਡਿਆ ਹੁੰਦਾ ਹੈ ਜਿਵੇਂ 'ਰਾਮਦਾਸਪੁਰਿ' ਅਤੇ ਰਾਮਦਾਸਸਰ' ਨੂੰ ਲਗ ਰਹਿਤ ਛੱਡਿਆ ਹੈ)।
੨੧ ਪਾਪ ।
੨੨ ਚਾਤ੍ਰਿਕ ਵਾਂਗ ਸੁਚੇਤ ਚਿਤ ਹੋ ਕੇ ਸੱਜਣ ਨੂੰ ਚਾਹੀਏ । ਦੇਖੋ ਪੰਨਾ ੧੧੧੭, ਨੋਟ ੧੭ ।
੨੩ ਲੋਚੀਏ, ਚਾਹੀਏ ।
੨੪ ਮਿੱਤਰ ਦਾ ਹਿਰਦਾ ।
੨੫ ਭੇਦ ।
੨੬ ਗੁਣਾਂ ਦੇ ਗਾਹਕ ਹੀ ਗੁਣਾਂ ਨੂੰ ਪਛਾਣਦੇ ਹਨ।
੨੭ ਆਪਣੇ ਦਿਲ ਨਾਲ ਪਿਆਰੇ ਦਾ ਦਿਲ ਮਿਲ ਜਾਵੇ।
੨੮ ਬਹੁਤ ।
੨੯ ਕਾਮਾਦਿਕ ਚੋਰਾਂ ਨੂੰ ਜੋ ਚੰਚਲ (ਚਲਾਇਮਾਨ) ਹਨ।
੩੦ ਸੁਪਨੇ ਵਿੱਚ ਮੈਂ ਉਠ ਖੜੋਤੀ (ਪਿਆਰੇ ਨੂੰ ਦੇਖ ਕੇ), ਪਰ ਮੈਂ ਅੰਚਲ (ਪੱਲਾ) ਕਿਉਂ ਨਾ ਫੜਿਆ? ਕਾਰਨ ਇਹ ਸੀ ਕਿ ਸੁੰਦਰ ਰੂਪ ਦੇ ਪ੍ਰਕਾਸ਼ ਨੂੰ ਵੇਖ ਮੈਂ ਠੱਗੀ ਗਈ ਤੇ ਪੱਲਾ ਫੜਨਾ ਭੁੱਲ ਗਈ।
੩੧ ਜਤਨ ।
੩੨ ਬੇਹਾਲ, ਦੁਖੀ । ੩੩ ਕੰਨ ।

* ਪਰ ਜੇ ਦਿਲ ਵਿੱਚ ਪਿਆਰਾ ਹਰੀ ਆ ਵਸੇ ਤਾਂ ਸਾਰੇ ਸ਼ਿੰਗਾਰ ਤੇ ਸੋਭਾ ਵਿੱਚੇ ਆ ਗਈ (੪) । ਮਿਲਣ ਦੀ ਆਸਾ ਤਾਂ ਬਹੁਤ ਤੀਬਰ ਹੈ, ਪਰ ਅੰਦਰ ਦੇ ਔਗੁਣਾਂ ਦੀ ਸੋਝੀ ਕੁਝ ਕਰਨ ਨਹੀਂ ਦਿੰਦੀ । ਇਸ ਨਿਰਾਸਤਾ ਵਿੱਚੋਂ ਗੁਰੂ ਦੀ ਮਦਦ ਕੱਢਦੀ ਹੈ (੫) । ਗੁਰੂ ਨਾਮ ਦੇ ਕੇ ਔਗੁਣਾਂ ਵਾਲੇ ਸੰਸਾਰ ਤੋਂ ਬਚਾਅ ਲੈਂਦਾ ਹੈ (੬) । ਇਹ ਨਾਮ ਪਦਮ ਵਾਕੁਰ ਚੰਗਾ ਅਸਰ ਰੱਖਦਾ ਤੇ ਤਾਵੀਜ਼ ਵਾਕੁਰ ਗੁਣ ਗਾਉਣ ਨਾਲ ਪਵਿੱਤਰ ਹੋਈਦਾ ਹੈ (੮) । ਹਰੀ ਨੂੰ ਮਿਲਣਾ ਭਾਗਾਂ ਅਨੁਸਾਰ ਹੈ (੯) । ਖੋਜ ਕਰਦਿਆਂ ਕਰਦਿਆਂ ਹਰੀ ਦਾ ਅਸਥਾਨ ਰਾਮਦਾਸਪੁਰੇ ਦੀ ਗੁਰ ਸੰਗਤ ਵਿੱਚ ਲੱਭਾ, ਜੋ ਅਨੂਪ ਥਾਂ ਹੈ (੧੦) । ਜੀਵ ਨੂੰ ਚਾਤ੍ਰਿਕ ਵਾਂਗੂੰ ਹਰੀ ਦੇ ਮਿਲਣ ਦੇ ਤਰਲੇ ਲੈਣੇ ਚਾਹੀਦੇ ਹਨ (੧੧) । ਪਰ ਪਹਿਲਾਂ ਕਾਮ ਕ੍ਰੋਧ ਨੂੰ ਹਟਾ ਕੇ ਦਿਲ ਨੂੰ ਹਰੀ ਦੇ ਮਿਲਣ ਜੋਗਾ ਬਣਾ ਕੇ (੧੨) । ਹਰੀ ਲਈ ਤਾਂਘ ਦੱਸਦੇ ਹਨ (੧੩) । ਅੱਖਾਂ, ਕੰਨਾਂ, ਜੀਭ ਤੇ ਦਿਲ ਨੂੰ ਹਰੀ ਦੀ ਤਾਂਘ ਵਿੱਚ ਲਾਂਦੇ ਹਨ (੧੪) ।

ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥੩॥ *ਜਿਸੁ ਘਰਿ ਵਸਿਆ ਕੰਤੁ
ਸਾ ਵਡਭਾਗਣੇ ॥ ਤਿਸੁ ਬਨਿਆ ਹਭੁ[੧] ਸੀਗਾਰੁ ਸਾਈ ਸੋਹਾਗਣੇ ॥ ਹਉ ਸੁਤੀ
ਹੋਇ ਅਚਿੰਤ ਮਨਿ ਆਸ ਪੁਰਾਈਆ[੨] ॥ ਹਰਿਹਾਂ ਜਾ ਘਰਿ ਆਇਆ ਕੰਤੁ
ਤ ਸਭੁ ਕਿਛੁ ਪਾਈਆ ॥ ੪ ॥ [੩]ਆਸਾ ਇਤੀ ਆਸ ਕਿ ਆਸ ਪੁਰਾਈਐ ॥
ਸਤਿਗੁਰ ਭਏ ਦਇਆਲ ਤ ਪੂਰਾ ਪਾਈਐ ॥ ਮੈ ਤਨਿ ਅਵਗਣ ਬਹੁਤੁ ਕਿ
[੪]ਅਵਗਣ ਛਾਇਆ॥ ਹਰਿਹਾਂ ਸਤਿਗੁਰ ਭਏ ਦਇਆਲ ਤ ਮਨੁ
ਠਹਰਾਇਆ ॥ ੫ ॥ ਕਹੁ ਨਾਨਕ ਬੇਅੰਤੁ ਬੇਅੰਤੁ ਧਿਆਇਆ ॥ ਦੁਤਰੁ[੫] ਇਹੁ
ਸੰਸਾਰੁ ਸਤਿਗੁਰੂ ਤਰਾਇਆ ॥ ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ ॥
ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ॥ ੬॥ ਮੇਰੈ
ਹਾਥਿ ਪਦਮੁ[੬] [੭]ਆਗਨਿ ਸੁਖ ਬਾਸਨਾ॥ ਸਖੀ ਮੋਰੈ ਕੰਠਿ ਰਤੰਨੁ ਪੇਖਿ[੮]
ਦੁਖੁ ਨਾਸਨਾ॥ ਬਾਸਉ ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ॥
ਹਰਿਹਾਂ ਰਿਧਿ ਸਿਧਿ ਨਵ ਨਿਧਿ ਬਸਹਿ ਜਿਸੁ ਸਦਾ ਕਰਿ[੯] ॥ ੭॥
[੧੦]ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ[੧੧] ॥ [੧੨]ਨਿਤਪ੍ਰਤਿ ਹਿਰਹਿ
ਪਰ ਦਰਬੁ [੧੩]ਛਿਦ੍ਰ ਕਤ ਢਾਕੀਅਹਿ ॥ ਹਰਿ ਗੁਣ ਰਮਤ[੧੪] ਪਵਿਤ੍ਰ ਸਗਲ
ਕੁਲ ਤਾਰਈ ॥ ਹਰਿਹਾਂ ਸੁਨਤੇ ਭਏ ਪੁਨੀਤ[੧੫] ਪਾਰਬ੍ਰਹਮੁ ਬੀਚਾਰਈ ॥ ੮ ॥
ਊਪਰਿ ਬਨੈ[੧੬] ਅਕਾਸੁ ਤਲੈ [੧੭]ਧਰ ਸੋਹਤੀ॥ ਦਹ ਦਿਸ ਚਮਕੈ ਬੀਜੁਲਿ
[੧੮]ਮੁਖ ਕਉ ਜੋਹਤੀ ॥ ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ ॥ ਹਰਿਹਾਂ
ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ ॥ ੯ ॥ ਡਿਠੇ ਸਭੇ ਥਾਵ ਨਹੀ
ਤੁਧੁ ਜੇਹਿਆ॥ [੧੯]ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥ ਵਸਦੀ
ਸਘਨ[੨੦] ਅਪਾਰ ਅਨੂਪ ਰਾਮਦਾਸ ਪੁਰ ॥ ਹਰਿਹਾਂ ਨਾਨਕ ਕਸਮਲ[੨੧] ਜਾਹਿ
ਨਾਇਐ ਰਾਮਦਾਸ ਸਰ॥ ੧੦॥ [੨੨]ਚਾਤ੍ਰਿਕ ਚਿਤ ਸੁਚਿਤ ਸੁ
ਸਾਜਨੁ ਚਾਹੀਐ॥ ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ[੨੩] ॥
ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥ ਹਰਿਹਾਂ ਤਿਉ ਹਰਿ ਜਨੁ ਮਾਂਗੈ
ਨਾਮੁ ਨਾਨਕ ਬਲਿਹਾਰਣੇ॥ ੧੧॥ [੨੪]ਮਿਤ ਕਾ ਚਿਤੁ ਅਨੂਪੁ ਮਰੰਮੁ[੨੫] ਨ
ਜਾਨੀਐ ॥ [੨੬]ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥ [੨੭]ਚਿਤਹਿ ਚਿਤੁ
ਸਮਾਇ ਤ ਹੋਵੈ ਰੰਗੁ ਘਨਾ[੨੮] ॥ ਹਰਿਹਾਂ [੨੯]ਚੰਚਲ ਚੋਰਹਿ ਮਾਰਿ ਤ ਪਾਵਹਿ
ਸਚੁ ਧਨਾ॥ ੧੨॥ [੩੦]ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥ ਸੁੰਦਰ
ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥ ਖੋਜਉ ਤਾ ਕੇ ਚਰਣ ਕਹਹੁ ਕਤ
ਪਾਈਐ॥ ਹਰਿਹਾਂ ਸੋਈ ਜਤੰਨੁ[੩੧] ਬਤਾਇ ਸਖੀ ਪ੍ਰਿਉ ਪਾਈਐ॥
੧੩ ॥ ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ[੩੨] ॥ [੩੩]ਕਰਨ ਨ ਸੁਨਹੀ

੧ ਸ੍ਰੇਸ਼ਟ ਮਿੱਤਰ (ਹਰੀ) ਲੱਭਦਾ ਹੈ ।
੨ ਉਹ ਹਰੀ ਕਦੀ ਦਿਲ ਨਹੀਂ ਤੋੜਦਾ (ਦਿਲ-ਸ਼ਿਕਨੀ ਨਹੀਂ ਕਰਦਾ) ।
੩ ਅਸਥਾਨ ।
੪ ਬੇਲੀ ਕੀਤਾ ਹੈ ਦਿਲ ਨਾਲ ।
੫ ਜਿਵੇਂ ਸਪੁਤ੍ਰਾਂ ਦੇ ਜੰਮਿਆਂ ਅਪਜਸ ਮਿਟਦਾ ਹੈ, ਤਿਵੇਂ ਨਾਮ ਜਪਿਆਂ ਸੁਖ ਹੁੰਦਾ ਹੈ ।
੬ [ਅਚੁਤ] ਅਬਿਨਾਸੀ, ਅਟੱਲ ।
੭ ਹਰੀ ਨੂੰ ਵਿਸਰਨਾ ਮੌਤ ਹੈ ਤੇ ਸਿਮਰਨਾ ਜ਼ਿੰਦਗੀ ਹੈ ।
੮ ਪਿਛਲੇ ਲਿਖੇ ਅਨੁਸਾਰ ।
੯ ਦੰਦ । ਜਿਵੇਂ ਗਾਰੜੀ-ਮੰਤ੍ਰ ਨਾਲ ਵਿਹੁ ਦੂਰ ਕਰਦਾ ਹੈ ਤੇ ਸੱਪ ਨੂੰ ਦੰਦ-ਹੀਣ ਕਰ ਦਿੰਦਾ ਹੈ, ਤਿਵੇਂ ਸੰਤ-ਜਨ ਰੋਗ ਦੂਰ ਕਰਨ ਜੋਗ ਹਨ ।
੧੦ ਭਾਗਾਂ ਨਾਲ ।
੧੧ ਜਿੱਥੇ ਕਿੱਥੇ, ਭਾਵ ਸਭ ਥਾਈਂ ਜੋ ਹਰੀ ਵਿਆਪਕ ਹੈ ਤੇ ਸਭ ਜੀਵਾਂ ਦਾ ਆਸਰਾ ਹੈ, ਉਸ ਨਾਲ ਪ੍ਰੇਮ ਗੁਰੂ ਦੇ ਦਰਸ਼ਨ ਤੋਂ ਕ੍ਰਿਪਾ ਦਵਾਰਾ ਲੱਗਦਾ ਹੈ ।
੧੨ ਚਰਨ-ਕਮਲਾਂ ਨਾਲ ਮਨ ਮਿਲ ਗਿਆ ਹੈ ਤੇ ਸਭ ਸੁਖ ਹੋਇਆ ਹੈ ।
੧੩ ਕਥਾ ।
੧੪ ਸਰਸ਼ੇਟ ਲੋਕ । ਪ੍ਰੰਪਰਾਂ ਤੋਂ ਹੀ ਉੱਤਮ ਪੁਰਸ਼ ਉਸ ਦੀ ਕਥਾ ਗਾਉਂਦੇ ਆਏ ਹਨ ।
੧੫ ਸ਼ੁਭ ਬਚਨ ਸਿਮਰਨਾ ਤੇ ਗਾਉਣਾ ਸਾਧ-ਸੰਗਤ ਦਵਾਰਾ ਉਧਾਰ ਕਰਦਾ ਹੈ ।
੧੬ ਫੇਰ ।
੧੭ ਦਿਲ ਵਿੱਚ ਧਾਰਦੇ ਹਨ ।
੧੮ ਦਰਸ਼ਨ ਕਰਦੇ ਹਨ ।
੧੯ ਚੰਗੀ ਤਰ੍ਹਾਂ ਤਿਆਗਦੇ ਹਨ ।
੨੦ ਸਾਧ-ਸੰਗਤ ਦਵਾਰਾ ਲਭਦੇ ਹਨ, ਮੱਥੇ ਉੱਤੇ ਲਿਖੇ ਭਾਗਾਂ ਅਨੁਸਾਰ ।
੨੧ ਜੋ ਸਭ ਨੂੰ ਹਰਣ ਭਰਣ (ਨਾਸ ਕਰਤਾ ਤੇ ਪਾਲਣ ਯੋਗ) ਹੈ ਅਤੇ ਅੱਗੇ, ਹੁਣ ਤੇ ਅੱਗੋਂ ਰਹੇਗਾ, ਉਸ ਦੀ ਪ੍ਰੀਤੀ ਦਾ ਕਾਰਨ ਨਿਸਚੇ ਕਰ ਕੇ ਸਾਧੂ ਹੈ।
੨੨ ਨਿਸਚੇ ਕਰ ਕੇ ।
੨੩ ਦੁਨਿਆਵੀ ਸੁਖ, ਵੇਸਵਾ ਆਦਿ ਦੇ ਸੁੰਦਰ ਬਚਨ ਤੇ ਮਾਇਆ ਦੇ ਰੰਗਾਂ ਵਿੱਚ ਖਚਤ ਪੁਰਸ਼ ਦੁੱਖਾਂ ਰੋਗਾਂ ਸੋਗਾਂ ਦਾ ਭਾਗੀ ਹੈ
੨੪ [ਪੁਨਹ=ਫੇਰ, ਮੁੜ-ਮੁੜ] ਛੰਦ ਦਾ ਨਾਮ ਹੈ, ਜਿਸ ਵਿੱਚ ਕੋਈ ਲਫ਼ਜ (ਜਿਵੇਂ 'ਹਰਿਹਾਂ') ਮੁੜ-ਮੁੜ ਆਉਂਦਾ ਹੈ ।
੨੫ ਹੇ ਅਗੰਮ ! ਤੇਰੇ ਹੱਥ ਵਿੱਚ ਕਲਮ ਹੈ, ਜਿਸ ਨਾਲ ਸਭ ਦੇ ਮੱਥੇ ਤੇ ਲੇਖ ਲਿਖੇ ਜਾਂਦੇ ਹਨ । ਹੇ ਅਨੂਪ ਰੂਪ ਵਾਲੇ ! ਤੂੰ ਸਭ ਦੇ ਸੰਗ ਮਿਲ ਰਿਹਾ ਹੈਂ।
੨੬ ਬੈਠ ਕੇ । ੨੭ ਸਿਫ਼ਤ ।
੨੮ ਦਰਸ਼ਨ ਦੀ ਆਸ ਵਿੱਚ ਪਿਆਸੀ ਹੋ ਕੇ ।
੨੯ ਕੰਤ ਲਈ ।
੩੦ [ਹੇ ਹਰਿ] ਛੰਦ ਦੀ ਟੇਕ ਹੈ । ਇਹ ਪੁਨਹ ਪੁਨਹ ਆਵਣ ਵਾਲੀ ਹੈ ।
੩੧ ਕੱਜਲ, ਸੁਰਮਾ ।
੩੨ ਪਾਨ ।
੩੩ ਸੋਲਾਂ ਪ੍ਰਕਾਰ ਦੇ ।
੩੪ ਸੁਰਮਾ ।
੩੫ ਪਾਇਆ ।

* ਸੋਹਣੇ ਹਰੀ ਦੇ ਦਰਸ਼ਨ ਦਾ ਝਲਕਾਰਾ ਵਜਦਾ ਹੈ, ਜਿਸ ਨਾਲ ਮੋਹੇ ਜਾ ਕੇ ਉਸਤਤ ਕਰਨਾ ਚਾਹੁੰਦੇ ਹਨ, ਪਰੰ ਕਰ ਨਹੀਂ ਸਕਦੇ (੧) । ਫਿਰ ਸੰਤਾਂ ਦੀ ਸੰਗਤਿ ਵਿੱਚ ਬਹਿ ਕੇ ਸਿਫ਼ਤ ਕਰਨ ਦਾ ਜਤਨ ਕਰਦੇ ਹਨ (੨) । ਸੰਸਾਰ ਦੀ ਸ਼ੋਭਾ ਕਿਸ ਕੰਮ, ਜੇ ਹਰੀ ਪਿਆਰਾ ਦਿਲ ਵਿੱਚ ਨਾ ਵਸੇ ? (੩)

[੧]ਲਬਧੋ ਮਿਤ੍ਰ ਸੁਮਿਤੋ ॥ [੨]ਬਿਦਾਰਣ ਕਦੇ ਨ ਚਿਤੋ ॥ ਜਾ ਕਾ ਅਸਥਲੁ[੩] ਤੋਲੁ ਅਮਿਤੋ ॥ ਸੋੁਈ ਨਾਨਕ [੪]ਸਖਾ ਜੀਅ ਸੰਗਿ ਕਿਤੋ ॥ ੧੩ ॥ [੫]ਅਪਜਸੰ ਮਿਟੰਤ ਸਤ ਪੁਤ੍ਰਹ ॥ ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ ॥ ਪ੍ਰੀਤਮ ਭਗਵਾਨ ਅਚੁਤ[੬] ॥ ਨਾਨਕ ਸੰਸਾਰ ਸਾਗਰ ਤਾਰਣਹ ॥ ੧੪ ॥ [੭]ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥ ਲਭਣੰ ਸਾਧ ਸੰਗੇਣ ॥ ਨਾਨਕ ਹਰਿ [੮]ਪੂਰਬਿ ਲਿਖਣਹ ॥ ੧੫ ॥ ਦਸਨ[੯] ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ ॥ ਬ੍ਯਾਧਿ ਉਪਾੜਣ ਸੰਤੰ ॥ ਨਾਨਕ ਲਬਧ ਕਰਮਣਹ[੧੦] ॥ ੧੬ ॥ [੧੧]ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ ॥ ਤਥ ਲਗਣੰ ਪ੍ਰੇਮ ਨਾਨਕ ॥ ਪਰਸਾਦੰ ਗੁਰ ਦਰਸਨਹ ॥ ੧੭ ॥ [੧੨]ਚਰਣਾਰਬਿੰਦ ਮਨ ਬਿਧ੍ਯੰ ॥ ਸਿਧ੍ਯੰ ਸਰਬ ਕੁਸਲਣਹ ॥ ਗਾਥਾ[੧੩] ਗਾਵੰਤਿ ਨਾਨਕ ਭਬ੍ਯੰ[੧੪] ਪਰਾ ਪੂਰਬਣਹ ॥ ੧੮ ॥ [੧੫]ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ ॥ ਸੰਸਾਰ ਸਾਗਰੰ ਨਾਨਕ ਪੁਨਰਪਿ[੧੬] ਜਨਮ ਨ ਲਭ੍ਯਤੇ ॥ ੧੯ ॥ ਬੇਦ ਪੁਰਾਣ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰ ਧਾਰੰ[੧੭] ॥ ਕੁਲਹ ਸਮੂਹ ਸਗਲ ਉਧਾਰੰ ॥ ਬਡਭਾਗੀ ਨਾਨਕ ਕੋ ਤਾਰੰ ॥ ੨੦ ॥ ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ ॥ ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ [੧੮]ਭੇਟੰਤਿ ਦਰਸਨਹ ॥ ੨੧ ॥ ਸਰਬ ਦੋਖ ਪਰੰਤਿਆਗੀ[੧੯] ਸਰਬ ਧਰਮ ਦ੍ਰਿੜੰਤਣਃ ॥ [੨੦]ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਯਣਃ ॥ ੨੨ ॥ [੨੧]ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥ ਸਾਧੂ ਸਤਮ[੨੨] ਜਾਣੋ ਨਾਨਕ ਪ੍ਰੀਤਿ ਕਾਰਣੰ ॥੨੩ ॥ [੨੩]ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ ॥ ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ ॥ ੨੪ ॥

ਫੁਨਹੇ[੨੪] ਮਹਲਾ ੫

ੴ ਸਤਿਗੁਰ ਪ੍ਰਸਾਦਿ ॥

*[੨੫]ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥ ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥ ਸੰਤ ਸਭਾ ਮਹਿ ਬੈਸਿ ਕਿ[੨੬] ਕੀਰਤਿ[੨੭] ਮੈ ਕਹਾਂ ॥ ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ ॥ [੨੮]ਆਸ ਪਿਆਸੀ ਸੇਜ ਸੁ ਕੰਤਿ[੨੯] ਵਿਛਾਈਐ ॥ ਹਰਿਹਾਂ[੩੦] ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥ ੨ ॥ ਸਖੀ ਕਾਜਲ[੩੧] ਹਾਰ ਤੰਬੋਲ[੩੨] ਸਭੈ ਕਿਛੁ ਸਾਜਿਆ ॥ ਸੋਲਹ[੩੩] ਕੀਏ ਸੀਗਾਰ ਕਿ ਅੰਜਨੁ[੩੪] ਪਾਜਿਆ[੩੫] ॥ ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥ ਹਰਿਹਾਂ

੧ ਕੱਖ ਤੋਂ ਪਹਾੜ ਤੇ ਸੁੱਕੇ ਤੋਂ ਹਰਿਆ ਹੋ ਜਾਂਦਾ ਹੈ ।

੨ ਡੁੱਬਦਾ । ੩ ਖਾਲੀ ।

੪ ਜਿਥੇ ਹਨੇਰਾ ਹੋਵੇ, ਉਥੇ ਕ੍ਰੋੜਾਂ ਸੂਰਜਾਂ ਦਾ ਚਾਨਣਾ ਹੋ ਜਾਂਦਾ ਹੈ ।

੫ ਦਇਆ । ਜੇ ਹਰੀ ਗੁਰੂ ਦੀ ਦਇਆ ਹੋ ਜਾਵੇ ।

੬ ਬ੍ਰਾਹਮਣ ਨਾਲ ਉਧਾਰ ਹੁੰਦਾ ਹੈ, ਪਰ ਬ੍ਰਾਹਮਣ ਉਹ ਹੈ ਜੋ ਬ੍ਰਹਮ ਵਾਲੇ ਕਰਮਾਂ ਨਾਲ ਭਰਪੂਰ ਹੁੰਦਾ ਹੈ; ਸੰਸਾਰ ਵਿੱਚ ਜਿਨ੍ਹਾਂ ਦੀ ਆਪਣੇ ਆਤਮਾ ਨਾਲ ਪ੍ਰੀਤੀ ਹੈ, ਭਾਵ ਸੁਆਰਥੀ ਹੈਨ, ਓਹ ਨਰ ਨਿਹਫਲ ਗਹੰਤੇ (ਜਾਂਦੇ) ਹਨ ।

੭ ਚੁਰਾਂਦੇ ਹਨ (ਪਰਾਇਆ ਮਾਲ) ।

੮ ਆਪਣੀ ਉਪਜੀਵਕਾ ਲਈ ਸਾਰੇ ਲੋਕਾਂ ਨੂੰ ਉਪਦੇਸ਼ ਬਚਨ ਕਹਿੰਦੇ ਹਨ ।

੯ 'ਇਹ ਲਵਾਂ' 'ਉਹ ਲਵਾਂ' ਕਰਦੇ ਰਹਿੰਦੇ ਹਨ, ਤ੍ਰਿਸ਼ਨਾਂ ਦੇ ਕਾਰਨ ਰੱਜਦੇ ਨਹੀਂ ਮਨ ਮਾਇਆ ਵਿੱਚ ਹੈ ਤੇ ਕਰਮ ਸੂਰਾਂ ਵਾਲੇ ਕਰਦੇ ਹਨ ।

੧੦ ਮਸਤ ਹੋ ਕੇ ਜੋ ਹਰੀ ਚਰਨਾਂ ਵਿੱਚ ਸਮਾਂਦੇ ਹਨ, ਸੰਸਾਰ-ਸਾਗਰ ਤੋਂ ਬਚ ਨਿਕਲਦੇ ਹਨ । ਸਾਧ ਸੰਗਤ ਵਿੱਚ ਅਨੇਕ ਪਾਪਾਂ ਦਾ ਨਾਸ ਹੁੰਦਾ ਹੈ, ਇਸ ਵਿੱਚ ਸ਼ਕ ਨਹੀਂ ਹੈ ।

੧੧ ਪ੍ਰਾਚੀਨ ਕਥਾ, ਜਿਵੇਂ ਪਾਰਸੀਆਂ ਦੀ, ਜਾਂ ਉੱਤਰੀ ਹਿੰਦ ਦੀ । ਇਕ ਪੁਰਾਣੀ ਬੋਲੀ ਜਾਂ ਪ੍ਰਾਕ੍ਰਿਤ ਨੂੰ ਭੀ 'ਗਾਥਾ' ਕਹਿੰਦੇ ਹਨ । ਇਸ ਨੂੰ ਪਿੱਛੇ 'ਸਹਸਕ੍ਰਿਤੀ' ਕਿਹਾ ਹੈ।

੧੨ ਮੁਸ਼ਕ ਕਪੂਰ । ਮੁਸ਼ਕ ਕਪੂਰ, ਫੁੱਲ ਤੇ ਹੋਰ ਸੁਗੰਧੀ ਵਾਲੀਆਂ ਚੀਜ਼ਾਂ ਨੂੰ ਮਨੁੱਖਾ-ਦੇਹ ਛੋਹ ਕੇ ਮਲੀਨ ਕਰ ਦਿੰਦੀ ਹੈ । ਮਨੁੱਖ ਮਜਾ (ਮਿੱਝ) ਰਕਤ ਅਰ ਦੁਰਗੰਧਤਾ ਕਰ ਕੇ ਪੂਰਨ ਹੈ, ਫਿਰ ਵੀ ਅਗਿਆਨੀ ਗਰਬ ਕਰਦਾ ਹੈ ।

੧੩ ਫੇਰ ਵੀ ।

੧੪ ਹੇ ਜੀਵ ! ਪ੍ਰਮਾਣੂਆਂ ਵਾਂਗ ਸੂਖਮ-ਦੇਹ ਧਾਰ ਕੇ ਅਕਾਸ਼ਾਂ ਦਿਆਂ ਲੋਆਂ ਖੰਡਾਂ ਸਮੇਤ ਅੱਖ ਦੇ ਫੋਰ ਵਿੱਚ ਗਛੇਣ (ਫਿਰ ਆਵੇ), ਤਾਂ ਵੀ ਬਿਨਾਂ ਸੰਤਾਂ ਦੀ ਸੰਗਤ ਦੇ ਮੁਕਤੀ ਨੂੰ ਪ੍ਰਾਪਤ ਨਹੀਂ ਕਰਸਕਦਾ।

੧੫ ਹੇ ਭਾਈ ! ਮਰਨਾ ਸੱਚ ਜਾਣ, ਦ੍ਰਿਸ਼ਟਮਾਨ (ਮਿਥਿਆ) ਹੈ ।

੧੬ ਹਰੀ ਕੀਰਤਨ, ਨਾਲ ਸਾਥ ਦਿੰਦਾ ਹੈ ।

੧੭ ਮਾਇਆ ਨੇ ਇਸ਼ਟ, ਮਿਤ੍ਰਾਂ, ਸਬੰਧੀਆਂ ਵਿੱਚ ਜੀਵ ਦਾ ਚਿਤ ਭਰਮਾਇਆ ਹੈ ।

੧੮ ਚੰਦਨ ।

੧੯ ਸੁਗੰਧਤ । ਉੱਚਾ ਹੋਣ ਦੇ ਹੰਕਾਰ ਕਰ ਕੇ ਬਾਂਸ ਸੁਗੰਧਤ ਨਹੀਂ ਹੁੰਦਾ ।

੨੦ ਇਸ ਗਾਥਾ ਵਿੱਚ ਹਰੀ ਦੇ ਜਸ ਦੀ ਕਥਾ ਗੁੰਥਨ ਕੀਤੀ ਹੈ; ਇਸ ਨੂੰ ਵਿਚਾਰਿਆਂ ਹੰਕਾਰ ਨਾਸ ਹੁੰਦਾ ਹੈ; ਪੰਜ ਕਾਮਾਦਿਕ ਸ਼ਤਰੂ ਨਾਸ ਹੁੰਦੇ ਹਨ, ਹਰੀ-ਬਾਣ ਦੇ ਚਲਾਣ ਨਾਲ ।

੨੧ ਸੁਖ ਦਾ ਰਸਤਾ । ੨੨ ਲੱਭਦਾ ਹੈ ।

੨੩ ਮੁਕਦਾ ਹੈ । ੨੪ ਸਿਮਰਨ ।

੨੫ ਜਿਵੇਂ ਰੁੱਖ ਦੇ ਪਤ੍ਰ ਭੁਰ ਕੇ ਝੜਦੇ ਹਨ ਤੇ ਫਿਰ ਰੁੱਖ ਦੀ ਸੰਪਤਾ (ਮਾਲ ਭਾਵ ਡਾਲੀ) ਨਾਲ ਨਹੀਂ ਲੱਗ ਸਕਦੇ ।

੨੬ ਦੁੱਖ । ਦੁੱਖ ਝਾਗਦਾ ਹੈ ਤੇ ਦਿਨ ਰਾਤ ਜੂਨਾਂ ਵਿੱਚ ਭਰਮਦਾ ਹੈ ।

੨੭ ਸ਼ਰਧਾ ।

੨੮ ਲੱਭਦੀ ।

੨੯ ਸੰਸਾਰਕ ਕਾਮਨਾ ਤਿਆਗ ਦਈਦੀ ਹੈ ।

੩੦ ਸ੍ਰੇਸ਼ਟ ਮੰਤਰ ।

੩੧ ਸੋਈ । ਓਹੀ ਮੰਦਰ ਸੁੰਦਰ ਹੈ ਜਿਸ ਦੇ ਵਿੱਚ ਮਿੱਠਾ ਕੀਰਤਨ ਹੁੰਦਾ ਹੈ । ਜੋ ਗੋਬਿੰਦ ਨੂੰ ਸਿਮਰਦੇ ਹਨ ਓਹ ਮੁਕਤ ਹਨ ।

* ਹਰੀ ਗੁਰੂ ਦੀ ਕ੍ਰਿਪਾ ਹੋਵੇ ਤਾਂ ਸਭ ਕੁਝ ਤਬਦੀਲ ਹੋ ਕੇ ਠੀਕ ਹੋ ਜਾਂਦਾ ਹੈ (੬੪) । ਨਹੀਂ ਤਾਂ ਬ੍ਰਾਹਮਣ ਵੀ ਕਿਸੇ ਕੰਮ ਦਾ ਨਹੀਂ (੬੫) । ਤ੍ਰਿਸ਼ਨਾ ਦਾ ਬੱਧਾ ਮਨੁੱਖ ਸੂਰ ਵਾਕੁਰ ਹੈ (੬੬) । ਹਰੀ ਸਿਮਰਨ ਸਭ ਨੂੰ ਤਾਰ ਦਿੰਦਾ ਹੈ (੬੭) ।

† ਮਨੁੱਖਾ-ਦੇਹੀ ਕੀ ਹੈ ਜਿਸ ਉੱਤੇ ਮਨੁੱਖ ਮਾਣ ਕਰਦਾ ਹੈ (੧) ? ਜੇ ਇਸ ਦੇਹੀ ਤੋਂ ਬਿਹਤਰ ਕੋਈ ਸੂਖਮ ਦੇਹੀ ਭੀ ਮਿਲ ਜਾਵੇ ਤਾਂ ਭੀ ਸਾਧ-ਸੰਗਤ ਬਿਨਾਂ ਕਿਸੇ ਕੰਮ ਦੀ ਨਹੀਂ (੨) । ਸੱਤ ਚੀਜ਼ ਤਾਂ ਕੇਵਲ ਹਰੀ ਕੀਰਤਨ ਹੈ (੩) । ਮਾਇਆ ਵਿੱਚ ਸੁਖ ਨਹੀਂ, ਸੁਖ ਕੇਵਲ ਭਜਨ ਵਾਲੀ ਥਾਂ ਸਾਧ-ਸੰਗਤ ਵਿੱਚ ਹੈ (੪) । ਪਰ ਇਸ ਤੋਂ ਲਾਭ ਬਾਂਸ-ਬ੍ਰਿਤੀ ਵਾਲੇ ਹੰਕਾਰੀ ਨਹੀਂ ਉਠਾ ਸਕਦੇ (੫) । ਹਰੀ-ਕਥਾ ਤੇ ਸਾਧ-ਸੰਗ ਦੀ ਮਹਿਮਾ (੬-੨੩) ।

ਅਨਿਕ ਬਾਰ ਨਮੋ ਨਮਹ ॥ ੬੩ ॥ *[1]ਤ੍ਰਿਣੰਤ ਮੇਰੰ ਸਹਕੰਤ ਹਰੀਅੰ ॥
ਬੂਡੰਤ[2] ਤਰੀਅੰ ਊਣੰਤ[3] ਭਰੀਅੰ ॥ [4]ਅੰਧਕਾਰ ਕੋਟਿ ਸੂਰ ਉਜਾਰੰ ॥ ਬਿਨਵੰਤਿ
ਨਾਨਕ ਹਰਿ ਗੁਰ ਦਯਾਰੰ[5] ॥ ੬੪ ॥ [6]ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ
ਜਿ ਪੂਰਣਹ ॥ ਆਤਮ ਰਤੰ ਸੰਸਾਰ ਗਹੰਤੇ ਨਰ ਨਾਨਕ ਨਿਹਫਲਹ ॥੬੫ ॥
ਪਰ ਦਰਬ ਹਿਰਣੰ[7] ਬਹੁ ਵਿਘਨ ਕਰਣੰ [8]ਉਚਰਣੰ ਸਰਬ ਜੀਅ ਕਹ ॥ [9]ਲਉ
ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ ॥ ੬੬ ॥
[10]ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ ॥ ਅਨੇਕ ਪਾਤਿਕ ਹਰਣੰ ਨਾਨਕ
ਸਾਧ ਸੰਗਮ ਨ ਸੰਸਯਹ ॥ ੬੭ ॥ ੪ ॥

ਮਹਲਾ ੫ ਗਾਥਾ[11] ੴ ਸਤਿਗੁਰ ਪ੍ਰਸਾਦਿ ॥

†ਕਰਪੂਰ[12] ਪੁਹਪ ਸੁਗੰਧਾ ਪਰਸ ਮਾਨੁਖ੍ਯ ਦੇਹੰ ਮਲੀਣੰ ॥ ਮਜਾ ਰੁਧਿਰ ਦ੍ਰੁਗੰਧਾ
ਨਾਨਕ ਅਥਿ[13] ਗਰਬੇਣ ਅਗ੍ਯਾਨਣੋ ॥੧ ॥ [14]ਪਰਮਾਣੋ ਪਰਜੰਤ ਆਕਾਸਹ
ਦੀਪ ਲੋਅ ਸਿਖੰਡਣਹ ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ
ਸਿਧ੍ਯਤੇ ॥ ੨ ॥ [15]ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥ [16]ਕੀਰਤਿ
ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥ ੩ ॥ [17]ਮਾਯਾ ਚਿਤ ਭਰਮੇਣ
ਇਸਟ ਮਿਤ੍ਰੇਖੁ ਬਾਂਧਵਹ ॥ ਲਬਧ੍ਯੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ
ਗੋਪਾਲ ਭਜਣੰ ॥ ੪ ॥ ਮੈਲਾਗਰ[18] ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥
ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ[19] ॥ ੫ ॥ [20]ਗਾਥਾ ਗੁੰਫ
ਗੋਪਾਲ ਕਥੰ ਮਥੰ ਮਾਨ ਮਰਦਨਹ ॥ ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ
ਪ੍ਰਹਾਰਣਹ ॥ ੬ ॥ ਬਚਨ ਸਾਧ [21]ਸੁਖ ਪੰਥਾ ਲਹੰਥਾ[22] ਬਡ ਕਰਮਣਹ ॥
ਰਹੰਤਾ[23] ਜਨਮ ਮਰਣੇਨ ਰਮਣੰ[24] ਨਾਨਕ ਹਰਿ ਕੀਰਤਨਹ ॥ ੭ ॥ [25]ਪਤ੍ਰ
ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ ॥ ਨਾਮ ਬਿਹੂਣ ਬਿਖਮਤਾ[26]
ਨਾਨਕ ਬਹੰਤਿ ਜੋਨਿ ਬਾਸਰੋ ਰੈਣੀ ॥ ੮ ॥ ਭਾਵਨੀ[27] ਸਾਧ ਸੰਗੇਣ ਲਭੰਤੰ[28]
ਬਡ ਭਾਗਣਹ ॥ ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ
ਬਿਆਪਣਹ ॥ ੯ ॥ ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥ [29]ਸੰਸਾਰ
ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥ ੧੦ ॥ [30]ਸੁਮੰਤ੍ਰ ਸਾਧ
ਬਚਨਾ ਕੋਟਿ ਦੋਖ ਬਿਨਾਸਨਹ ॥ ਹਰਿ ਚਰਣ ਕਮਲ ਧ੍ਯਾਨੰ ਨਾਨਕ ਕੁਲ ਸਮੂਹ
ਉਧਾਰਣਹ ॥ ੧੧ ॥ ਸੁੰਦਰ ਮੰਦਰ ਸੈਣਹ[31] ਜੇਣ ਮਧ੍ਯ ਹਰਿ ਕੀਰਤਨਹ ॥
ਮੁਕਤੇ ਰਮਣ ਗੋਬਿੰਦਹ ਨਾਨਕ ਲਬਧ੍ਯੰ ਬਡ ਭਾਗਣਹ ॥ ੧੨ ॥ ਹਰਿ

੧ ਭਗਤੀ ਨੂੰ ਪਿਆਰ ਕਰਨ ਵਾਲਾ ।
੨ ਅਬਿਨਾਸੀ, ਅਟੱਲ ।
੩ ਜਿਸ ਨੇ ਸ਼ਕਤੀ ਕਰ ਕੇ ਅਕਾਸ਼ ਨੂੰ ਧਾਰਨ ਕੀਤਾ ਹੈ ਤੇ ਲੱਕੜੀ ਵਿੱਚ ਅਗਨੀ ਨੂੰ ਵੇੜ੍ਹਿਆ ਹੈ ।
੪ ਵੇੜ੍ਹਿਆ ਹੈ ।
੫ ਚੰਦ੍ਰਮਾ । ੬ ਸੂਰਜ ।
੭ ਤਾਰੇ । ੮ ਸ੍ਵਾਸ ।
੯ ਨਹੀਂ ਵਿੰਨ੍ਹਦੇ ਪੇਟ ਦੇ ਰੋਗ ।
੧੦ ਓਸੇ ਦੀ ਕਲਾ ਨਾਲ ਸੰਸਾਰ-ਸਾਗਰ ਬੱਧਾ ਹੈ ਜਿਸ ਦੇ ਪਾਣੀ ਦੀਆਂ ਲਹਿਰਾਂ ਸਾਨੂੰ ਭੰਨਦੀਆਂ ਨਹੀਂ । ਤੋਯਣਹ=ਪਾਣੀ ਦੀਆਂ ।
੧੧ ਭਾਰੀ । ਭਾਰੀ ਰੂਪ ਵਾਲਾ ਹਰੀ ਹੈ; ਉਸ ਦਾ ਸਿਮਰਨ ਸਭ ਦਾ ਜੀਵਨ ਹੈ; ਲੱਭਦਾ ਹੈ ਸੰਤਾਂ ਦੀ ਸੰਗਤ ਵਿੱਚ ਜਾਂ ਪਵਿੱਤਰ ਭਗਤੀ ਮਾਰਗ ਦਵਾਰਾ।
੧੨ ਮੱਛਰ ਪੱਥਰ ਨੂੰ ਭੰਨ ਦੇਵੇ, ਕੀੜੀ ਚਿੱਕੜ ਤਰ ਜਾਵੇ; ਪਿੰਗਲਾ ਸਾਗਰ ਨੂੰ ਲੰਘ ਜਾਵੇ ਤੇ ਅੰਨ੍ਹੇ ਨੂੰ ਹਨੇਰੇ ਵਿੱਚ ਪ੍ਰਕਾਸ਼ ਹੋ ਜਾਵੇ, ਇਹ ਸਾਧ-ਸੰਗਤ ਵਿੱਚ ਕੀਤੇ ਸਿਮਰਨ ਦਾ ਪ੍ਰਤਾਪ ਹੈ ।
੧੩ ਹਨੇਰਾ ।
੧੪ ਤਿਲਕ ਤੋਂ ਬਿਨਾਂ ਜਿਵੇਂ ਬ੍ਰਾਹਮਣ, ਤੇ ਹਕੂਮਤ ਬਿਨਾਂ ਜਿਵੇਂ ਰਾਜਾ ।
੧੫ ਸ਼ਸਤ੍ਰ । ੧੬ ਤਿਵੇਂ । ੧੭ ਸਾਧੂ ।
੧੮ ਕਾਲਾ ਰੰਗ [ਕ੍ਰਿਸ਼ਨ ਜੀ ਵੱਲ ਇਸ਼ਾਰਾ ਹੈ] । ਹਰੀ ਅਸਚਰਜ ਰੂਪ ਹੈ, ਜਨਮ ਮਰਨ ਰਹਿਤ ਹੈ, ਉਸ ਦਾ ਸੰਖ ਗਦਾ ਆਦਿ ਨਹੀਂ ਹੈ [ਅਵਤਾਰ ਪੂਜਾ ਦਾ ਨਿਖੇਧੀ ਹੈ]।
੧੯ ਵੇਦ ਵੀ 'ਇਹ ਨਹੀਂ' 'ਇਹ ਨਹੀਂ' ਕਹਿੰਦਾ ਹੈ, ਭਾਵ ਉਹ ਬੇਅੰਤ ਹੈ । ੨੦ ਵੱਡਾ ।
੨੧ ਵੱਸਦਾ ਹੈ ਸਾਧਾਂ ਦੇ ਹਿਰਦੇ ਵਿੱਚ ।
੨੨ ਸੰਸਾਰ ਜੰਗਲ ਦੀ ਨਿਆਈਂ ਹੈ; ਸਨਬੰਧੀ ਇਸ ਵਿੱਚ ਕੁੱਤਿਆਂ ਗਿੱਦੜਾਂ ਤੇ ਖੋਤਿਆਂ ਵਾਂਗ ਵੱਸਦੇ ਹਨ ।
੨੩ ਨਸ਼ਾ । ਮੋਹ ਦੇ ਨਸ਼ੇ ਵਿੱਚ ।
੨੪ ਚੋਰ । ੨੫ ਮੋਹ ।
੨੬ ਹੰਕਾਰ ਤਿੱਖੀ ਤੇ ਕਰੜੀ ਫਾਹੀ ਹੈ ।
੨੭ ਤ੍ਰਿਸ਼ਨਾ ਰੂਪ ਅਗਨੀ ।
੨੮ ਪਦਾਰਥਾਂ ਦੇ ਭੋਗ ਰੂਪ ਪਾਣੀ ।
੨੯ ਔਖੇ ।
੩੦ ਕਿਨਾਰਾ । ਕਿਨਾਰਾ ਪਹੁੰਚ ਤੋਂ ਪਰ੍ਹੇ ਹੈ ।
੩੧ ਸਿਮਰਨ ।
੩੨ ਮਨੁੱਖ ਭਾਵੇਂ ਸੁੰਦਰ ਤੇ ਮਿੱਠੇ ਮੂੰਹ ਦਾ ਹੋਵੇ, ਪਰ ਹਿਰਦੇ ਰੂਪ ਭੂਮ ਵਿੱਚ ਵੈਰ ਹੋਵੇ, ਉਸ ਦਾ ਨਿਵਣਾ ਝੂਠਾ ਹੈ । ਹੇ ਸੰਤੋਂ ! ਉਸ ਤੋਂ ਖ਼ਬਰਦਾਰ ਰਹਿਣਾ ।
੩੩ ਘਟਦੇ ਹਨ ਸ੍ਵਾਸ ਹਰ ਰੋਜ਼ ।
੩੪ ਟੁੱਟਦੀ ਹੈ ।
੩੫ ਕਾਲ ਦੀ ਕੰਨਿਆਂ ਭਾਵ ਬੁਢੇਪਾ ਖਾ ਜਾਂਦਾ ਹੈ ।
੩੬ ਅਨਿੱਤ ਪਦਾਰਥਾਂ ਦੀ ਆਸਾ ਤੇ ਵਿਨੋਦ ਕਰਦਾ ਹੈ। ਵਿਨੋਦ=ਖੇਡਾਂ, ਤਮਾਸ਼ੇ ।
੩੭ ਦਇਆ ਸਰੂਪ ਹਰੀ ਦੀ ।
੩੮ ਹੇ ਰਸਾਂ ਨੂੰ ਜਾਣਨ ਵਾਲੀ ਜੀਭ ! ਤੈਨੂੰ ਪਦਾਰਥ ਮਿੱਠੇ ਪਿਆਰੇ ਹਨ । ਸੱਚ ਵੱਲੋਂ ਤੂੰ ਮਰ ਗਈ ਹੈਂ ਤੇ ਵੱਡੇ ਝਗੜਿਆਂ ਵਿੱਚ ਤੂੰ ਲੱਗੀ ਹੈਂ, ਗੋਬਿੰਦ ਮਾਧੋ ਦਾਮੋਦਰ ਇਨ੍ਹਾਂ ਚੰਗੇ ਅੱਖਰਾਂ ਦਾ ਜਾਪ ਕਰ।
੩੯ ਲੱਗੀ ।
੪੦ ਨਾਰੀ ਦੀ ਮਸਤੀ ਵਿੱਚ ਮਤਾ ਗਰਬ ਕਰਦਾ ਹੈ। ਬਲਵਾਨ ਬਲ ਦੇ ਕਾਰਨ ਹੰਕਾਰੀ ਹੈ ।
੪੧ ਉਹ ਤੀਲ੍ਹੇ ਸਮਾਨ ਹੌਲਾ ਹੈ ਤੇ ਉਸ ਦਾ ਜਨਮ ਧ੍ਰਿਗ ਹੈ ।
੪੨ ਕੀੜੀ । ਹੇ ਕੀੜੀ ਵਤ ਨਿੰਮ੍ਰਤਾ ਵਾਲੀ ! ਤੂੰ ਗੁਸਟ (ਭਾਰੀ) ਹੈਂ ਕਿਉਂਕਿ ਤੇਰੇ ਪਾਸ ਨਾਮ-ਧਨ ਹੈ ।

* ਹਰੀ ਅਪਾਰ ਸ਼ਕਤੀ ਵਾਲਾ ਹੈ (੫੩) । ਇਹ ਮਹਾਨ ਹਸਤੀ ਵੀ ਸੰਤਾਂ ਦੀ ਸੰਗਤ ਰਾਹੀਂ ਮਿਲ ਸਕਦੀ ਹੈ (੫੪) । ਸਾਧ-ਸੰਗਤ ਰਾਹੀਂ ਸਿਮਰਨ ਵਿੱਚ ਵੱਡੀ ਤਾਕਤ ਹੈ (੫੫) । ਇਸ ਸਿਮਰਨ ਬਿਨਾਂ ਕੋਈ ਸਾਧ ਨਹੀਂ ਅਖਵਾ ਸਕਦਾ । (੫੬) । ਹਰੀ ਜਿਹੀ ਉੱਚੀ ਹਸਤੀ ਸਾਧ ਦੇ ਦਿਲ ਵਿੱਚ ਵਸਦੀ ਹੈ (੫੭)। ਹਰੀ ਸਿਮਰਨ ਨਾਲ ਸੰਸਾਰ ਦਾ ਮੋਹ ਕਟੀਂਦਾ (੫੮), ਤੇ ਸਾਰੇ ਰੋਗ ਦੂਰ ਹੁੰਦੇ ਹਨ (੫੯) ਪਰ ਸਿਮਰਨ ਹੀਣ ਮਨੁੱਖ ਭਾਵੇਂ ਸੋਹਣਾ ਹੋਵੇ, ਖੋਟਾ ਹੈ (੬੦) । ਉਸ ਦਾ ਜਨਮ ਬਿਰਥਾ ਜਾਂਦਾ ਹੈ । (੬੧-੬੩) ।

† ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਪੁਰਹ' ਹੈ ।

ਬਿਨਾਸਨਹ ॥ [੧]ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ[੨] ॥ ੫੨ ॥ *[੩]ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ[੪] ॥ ਜੇਨ ਕਲਾ ਸਸਿ[੫] ਸੂਰ[੬] ਨਖ੍ਯ੍ਤ੍ਰ[੭] ਜੋਤਿ੍ੰ ਸਾਸੰ[੮] ਸਰੀਰ ਧਾਰਣੰ ॥ ਜੇਨ ਕਲਾ ਮਾਤ ਗਰਭ ਪ੍ਰਤਿਪਾਲੰ [੯]ਨਹ ਛੇਦੰਤ ਜਠਰ ਰੋਗਣਹ ॥ [੧੦]ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥ ੫੩ ॥ ਗੁਸਾਂਈ ਗਰਿਸ੍ਟ[੧੧] ਰੂਪੇਣ ਸਿਮਰਣੰ ਸਰਬਤ੍ਰ ਜੀਵਣਹ ॥ ਲਬਧੵੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ ॥ ੫੪ ॥ [੧੨]ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ ॥ ਸਾਗਰੰ ਲੰਘੰਤਿ ਪਿੰਗੰ ਤਮ[੧੩] ਪਰਗਾਸ ਅੰਧਕਹ ॥ ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ ॥ ੫੫ ॥ [੧੪]ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ ॥ ਆਵਧ[੧੫] ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ[੧੬] ਬੈਸ੍ਨਵਹ[੧੭] ॥ ੫੬ ॥ ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ[੧੮] ॥ ਅਸ੍ਚਰਜ ਰੂਪੰ ਰਹੰਤ ਜਨਮੰ ॥ [੧੯]ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ[੨੦] ਅਪਾਰ ਗੋਬਿੰਦਹ ॥ [੨੧]ਬਸੰਤਿ ਸਾਧ ਰਿਦਯੰ ਅਚੁਤ[੨] ਬੁਝੰਤਿ ਨਾਨਕ ਬਡਭਾਗੀਅਹ ॥ ੫੭ ॥ [੨੨]ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥ ਬਿਖਮ ਸਥਾਨ ਮਨ ਮੋਹ ਮਦਿਰੰ[੨੩] ਮਹਾਂ ਅਸਾਧ ਪੰਚ ਤਸਕਰਹ[੨੪] ॥ ਹੀਤ[੨੫] ਮੋਹ ਭੈ ਭਰਮ ਭ੍ਰਮਣੰ [੨੬]ਅਹੰ ਫਾਂਸ ਤੀਖ੍ਯ੍ਣ ਕਠਿਨਹ ॥ ਪਾਵਕ[੨੭] ਤੋਅ[੨੮] ਅਸਾਧ[੨੯] ਘੋਰੰ ਅਗਮ ਤੀਰ[੩੦] ਨਹ ਲੰਘਨਹ ॥ ਭਜੁ ਸਾਧਸੰਗਿ ਗੁੋਪਾਲ ਨਾਨਕ ਹਰਿ ਚਰਣ ਸਰਣ ਉਧਰਣ ਕ੍ਰਿਪਾ ॥ ੫੮ ॥ ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੵੰ ਰੋਗ ਖੰਡਣਹ ॥ ਸਾਧ ਸੰਗੇਣਿ ਗੁਣ ਰਮਤ[੩੧] ਨਾਨਕ ਸਰਣਿ ਪੂਰਨ ਪਰਮੇਸੁਰਹ ॥ ੫੯ ॥ [੩੨]ਸਿਆਮਲੰ ਮਧੁਰ ਮਾਨੁਖੵੰ ਰਿਦਯੰ ਭੂਮਿ ਵੈਰਣਹ ॥ ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ ॥ ੬੦ ॥ ਅਚੇਤ ਮੂੜਾ ਨ ਜਾਣੰਤ [੩੩]ਘਟੰਤ ਸਾਸਾ ਨਿਤ ਪ੍ਰਤੇ ॥ ਛਿਜੰਤ[੩੪] ਮਹਾ ਸੁੰਦਰੀ ਕਾਂਇਆ [੩੫]ਕਾਲ ਕੰਨਿਆ ਗ੍ਰਾਸਤੇ ॥ ਰਚੰਤਿ ਪੁਰਖਹ† ਕੁਟੰਬ ਲੀਲਾ [੩੬]ਅਨਿਤ ਆਸਾ ਬਿਖਿਆ ਬਿਨੋਦ ॥ ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣਾ ਮਯਹ[੩੭] ॥ ੬੧ ॥ [੩੮]ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ ॥ ਸਤ ਹਤੰ ਪਰਮ ਬਾਦੰ ਅਵਰਤ[੩੯] ਏਥਹ ਸੁਧ ਅਛਰਣਹ ॥ ਗੋਬਿੰਦ ਦਾਮੋਦਰ ਮਾਧਵੇ ॥ ੬੨ ॥ [੪੦]ਗਰਬੰਤਿ ਨਾਰੀ ਮਦੋਨ ਮਤੰ ॥ ਬਲਵੰਤ ਬਲਾਤ ਕਾਰਣਹ ॥ ਚਰਨ ਕਮਲ ਨਹ ਭਜੰਤ [੪੧]ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥ ਹੇ ਪਪੀਲਕਾ[੪੨] ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥ ਨਾਨਕ

੧ ਔਖੇ ਥਾਂ ਸੌਖੇ ਹੋ ਜਾਂਦੇ ਹਨ ।
੨ ਦੁਰਬਚਨ ਭਰਮ ਆਦਿ ਸਭ ਭਲੇ ਹੋ ਜਾਂਦੇ ਹਨ।
੩ ਚੁਗਲ ।
੪ ਭਲੇ ਪੁਰਸ਼, ਸੱਜਣ ।
੫ ਸੋਗ ਖੁਸ਼ੀ ਵਿੱਚ ਟਿਕਾਉ ਵਾਲਾ ਹੋ ਜਾਂਦਾ ਹੈ । ਤੇ ਭੈ ਨਾਲ ਟੁਟਿਆ ਹੋਇਆ ਨਿਰਭੈ ਹੋ ਜਾਂਦਾ ਹੈ ।
੬ ਜੰਗਲ । ਭੈਦਾਇਕ ਜੰਗਲ ਭਾਵ ਸੰਸਾਰ ਵੱਡੇ ਵਸੇ ਹੋਏ ਨਗਰ ਵਾਂਗ ਹੋ ਜਾਂਦਾ ਹੈ, ਭਾਵ ਜੀਵਨ ਸੁਖੀ ਹੁੰਦਾ ਹੈ ।
੭ ਇਹ ਧਰਮ ਦੇ ਲਖਣ ਹਨ ਜੋ ਪ੍ਰਭੂ ਦੀ ਕ੍ਰਿਪਾ ਨਾਲ ਮਿਲਦੇ ਹਨ ।
੮ ਸਿਮਰਨ ਨਾਲ ।
੯ ਹੇ ਨਾ ਜਿਤੇ ਜਾਵਣ ਵਾਲੇ ਸੂਰਮੇ ! (ਮੋਹ ਨੂੰ ਸੰਬੋਧਨ ਹੈ ।)
੧੦ ਬਹੁਤ ਬਲ ਵਾਲੇ ਅਤੇ ਮਲ ਦੇਣ ਵਾਲੇ !
੧੧ ਦੇਵਤਿਆਂ ਦੇ ਸੇਵਕ ਅਤੇ ਗਵੱਯੇ ।
੧੨ ਇਨ੍ਹਾਂ ਸਭਨਾਂ ਨੂੰ ਮੋਹਣ ਵਾਲੇ ।
੧੩ ਮੈਂ ਇਸ ਤੋਂ ਬਚਣ ਲਈ ਹਰੀ ਦੀ ਸ਼ਰਨ ਲੈਂਦਾ ਹਾਂ ।
੧੪ ਨਰਕ ਵਿੱਚ ਵਾਸਾ ਦਿਵਾਣ ਵਾਲੇ, ਹੇ ਕਾਮ !
੧੫ ਤਿੰਨਾਂ ਲੋਕਾਂ ਤੱਕ ਜਿਸ ਦੀ ਪਹੁੰਚ ਹੈ ।
੧੬ ਨਾਸ ਕਰਨ ਵਾਲੇ ।
੧੭ ਥੋੜ੍ਹਾ ਸੁਖ ਦੇਣ ਵਾਲਾ ਹੈਂ ਅਵਿਤ (ਧਨ ਹੀਨ) ਤੇ ਚੰਚਲ ਕਰਨ ਵਾਲਾ ਹੈਂ ਤੇ ਊਚ ਨੀਚ ਸਭ ਨੂੰ ਇਕੋ ਜਿਹਾ ਦੁੱਖ ਦੇਣ ਵਾਲਾ ਹੈਂ ।
੧੮ ਤੇਰੇ ਡਰ ਨੂੰ ਸਾਧ ਸੰਗਤ ਦਵਾਰਾ ਕਟੀਦਾ ਹੈ ।
੧੯ ਹੇ ਝਗੜੇ ਦੇ ਮੂਲ, ਕ੍ਰੋਧ ! ਜਿਸ ਨੂੰ ਕਦੀ ਦਇਆ ਨਹੀਂ ਆਈ । ਤੂੰ ਵਿਸ਼ਈ ਜੀਵਾਂ ਨੂੰ ਵਸ ਕੀਤਾ ਹੈ ਜੋ ਤੇਰੇ ਅੱਗੇ ਬਾਂਦਰ ਵਾਂਗ ਨਾਚ ਕਰਦੇ ਹਨ।
੨੦ ਤਾੜਨਾ । ਅੱਗੇ ਜਮਦੂਤ ਕਈ ਤਰ੍ਹਾਂ ਦੀ ਸਜ਼ਾ ਨਾਲ ਤਾੜਦੇ ਹਨ ।
੨੧ ਤੇਰੀ ਸੰਗਤ ਵਿੱਚ ਨਰ ਨੀਚ ਹੋ ਜਾਂਦੇ ਹਨ ।
੨੨ ਸ਼੍ਰੋਮਣੀ ਪੁਰਸ਼ । ਹੇ ਲੋਭ ! ਤੂੰ ਵੱਡੇ-ਵੱਡੇ ਲੋਕਾਂ ਨੂੰ ਫਸਾਇਆ ਹੈ ਤੇ ਜੀਵ ਅਨੇਕ ਲਹਿਰਾਂ ਦੇ ਕਲੋਲ ਕਰਦੇ ਹਨ ।
੨੩ ਨਹੀਂ । ਇਨ੍ਹਾਂ ਵਿੱਚੋਂ ਕਿਸੇ ਦੀ ਤੈਨੂੰ ਲਜਿਆ (ਸ਼ਰਮ) ਨਹੀਂ ਹੈ ।
੨੪ ਪੂਜਨੀਕ ਹਸਤੀ, ਗੁਰੂ ਆਦਿ ।
੨੫ ਸੰਬੰਧੀ ।
੨੬ ਨਾ ਕਰਨ ਯੋਗ ਕੰਮ ਨੂੰ ਕਰਾਉਂਦਾ ਹੈ, ਨਾ ਖਾਣ ਯੋਗ ਨੂੰ ਖਵਾਉਂਦਾ ਹੈਂ ਤੇ ਨਾ ਬਣਨ ਯੋਗ ਨੂੰ ਚੰਗੀ ਤਰ੍ਹਾਂ ਤੂੰ ਬਣਾਉਂਦਾ ਹੈਂ ।
੨੭ ਸਿਧ ਕਰਦਾ ਹੈਂ ।
੨੮ ਵਾਸਤਾ ਪਾ ਕੇ ਮੈਂ ਤੇਰੀ ਸ਼ਰਨ ਆਇਆ ਹਾਂ ।
੨੯ ਬੇਨਤੀ ਕਰਦਾ ਹਾਂ ।
੩੦ ਵਾਹਿਗੁਰੂ ।
੩੧ ਇਹ ਹੰਕਾਰ ਸੱਜਣਾਂ ਮਿਤ੍ਰਾਂ ਨੂੰ ਛੁਡਾ ਦਿੰਦਾ ਹੈ ਤੇ ਦੁਸ਼ਮਣ ਪੱਕੇ ਕਰ ਦਿੰਦਾ ਹੈ ਅਤੇ ਅਨੇਕ ਤਰ੍ਹਾਂ ਦੀ ਮਾਇਆ ਦੇ ਜਾਲ ਖਿਲਾਰਦਾ ਹੈ ।
੩੨ ਜੰਗਲ ਵਿੱਚ ।
੩੩ ਫਿਰਦੇ ਹਨ ।
੩੪ ਕਠਿਨ ।
੩੫ ਵੈਦ । ਇਨ੍ਹਾਂ ਅਸਾਧ ਰੋਗਾਂ ਦਾ ਤੂੰ ਹੀ ਵੈਦ ਹੈਂ।
੩੬ ਹੇ ਸੰਸਾਰ ਦੇ ਦੁੱਖ ਦੂਰ ਕਰਨ ਵਾਲੇ !
੩੭ ਤਰਸਵਾਨ, ਕਿਰਪਾਲੂ ।
੩੮ ਕ੍ਰਿਪਾ ।
੩੯ ਕ੍ਰਿਪਾ ਕਰੋ ਕਿ ਸਰੀਰ ਦੇ ਸੁਖ ਤੇ ਦੁੱਖ ਸਮੇਂ ਤੈਨੂੰ ਸਿਮਰਦਾ ਰਹਾਂ ।
੪੦ [ਜਿਸ ਦੇ ਉਦਰ (ਪੇਟ) ਦੁਆਲੇ ਦਾਮ (ਰੱਸੀ) ਹੈ, ਕ੍ਰਿਸ਼ਨ] ਹਰੀ !
੪੧ [ਮਾਇਆ ਦਾ ਧਵ (ਪਤੀ), ਵਿਸ਼ਨੂੰ] ਹਰੀ ।
੪੨ ਸਿਮਰਾਂ ।
੪੩ ਔਖਾ ਤਰਿਆ ਜਾਣ ਵਾਲਾ ਸਾਗਰ ।

* ਸਭ ਤਬਦੀਲੀ ਹਰੀ ਦੀ ਮਿਹਰ ਨਾਲ ਹੁੰਦੀ ਹੈ (੪੪) । ਅਗਲਿਆਂ ਪੰਜਾਂ ਸ਼ਲੋਕਾਂ ਵਿੱਚ ਪੰਜ ਬੱਜਰ ਪਾਪਾਂ (ਮੋਹ, ਕਾਮ, ਕ੍ਰੋਧ, ਲੋਭ, ਅਹੰਕਾਰ) ਨੂੰ ਸੰਬੋਧਨ ਕਰ ਕੇ ਉਨ੍ਹਾਂ ਦੇ ਲੱਖਣ ਬਿਆਨ ਕੀਤੇ ਹਨ (੪੫-੪੯) । ਫਿਰ ਸਭ ਪਾਪਾਂ ਤੇ ਦੁੱਖਾਂ ਨੂੰ ਦੂਰ ਕਰਨ ਵਾਲੇ ਹਰੀ ਨੂੰ ਸੰਬੋਧਨ ਕਰ ਕੇ ਇਨ੍ਹਾਂ ਵੈਰੀਆਂ ਤੋਂ ਛੁਟਕਾਰਾ ਦੇਣ ਵਾਲਾ ਹਰੀ-ਸਿਮਰਨ ਮੰਗਿਆ ਹੈ (੫੦-੫੧) । ਫਿਰ ਸਭ ਅੰਗਾਂ ਦੀ ਰਖਿਆ ਮੰਗੀ ਹੈ ਕਿ ਓਹ ਮਾੜੇ ਪਾਸੇ ਨਾ ਜਾਣ (੫੨) ।

*[੧]ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ ॥ [੨]ਦੁਰਬਚਨ ਭੇਦ
ਭਰਮੰ ਸਾਕਤ ਪਿਸਨੰ[੩] ਤ ਸੁਰਜਨਹ[੪] ॥ [੫]ਅਸਥਿਤੰ ਸੋਗ ਹਰਖੰ ਭੈ ਖੀਣੰ ਤ
ਨਿਰਭਵਹ ॥ ਭੈ ਅਟਵੀਅੰ[੬] ਮਹਾ ਨਗਰ ਬਾਸੰ [੭]ਧਰਮ ਲਖ੍ਯਣ ਪ੍ਰਭ ਮਇਆ ॥
ਸਾਧ ਸੰਗਮ ਰਾਮ ਰਾਮ ਰਮਣੰ[੮] ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥
੪੪ ॥ [੯]ਹੇ ਅਜਿਤ ਸੂਰ ਸੰਗ੍ਰਾਮੰ [੧੦]ਅਤਿ ਬਲਨਾ ਬਹੁ ਮਰਦਨਹ ॥ [੧੧]ਗਣ
ਗੰਧਰਬ ਦੇਵ ਮਾਨੁਖ੍ਯੰ ਪਸੁ ਪੰਖੀ ਬਿਮੋਹਨਹ[੧੨] ॥ ਹਰਿ ਕਰਣਹਾਰੰ ਨਮਸਕਾਰੰ
[੧੩]ਸਰਣਿ ਨਾਨਕ ਜਗਦੀਸ੍ਵਰਹ ॥ ੪੫ ॥ ਹੇ ਕਾਮੰ [੧੪]ਨਰਕ ਬਿਸ੍ਰਾਮੰ ਬਹੁ
ਜੋਨੀ ਭ੍ਰਮਾਵਣਹ ॥ ਚਿਤ ਹਰਣੰ [੧੫]ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ
ਬਿਦਾਰਣਹ[੧੬] ॥ [੧੭]ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
[੧੮]ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥ ੪੬ ॥ [੧੯]ਹੇ
ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸ੍ਯੰ ਕਰੋਤਿ
ਨਿਰਤ੍ਯੰ ਕਰੋਤਿ ਜਥਾ ਮਰਕਟਹ ॥ ਅਨਿਕ ਸਾਸਨ[੨੦] ਤਾੜੰਤਿ
ਜਮਦੂਤਹ [੨੧]ਤਵ ਸੰਗੇ ਅਧਮੰ ਨਰਹ ॥ ਦੀਨ ਦੁਖ ਭੰਜਨ ਦਯਾਲ
ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥ ੪੭ ॥ ਹੇ ਲੋਭਾ ਲੰਪਟ
ਸੰਗ ਸਿਰਮੋਰਹ[੨੨] ਅਨਿਕ ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ ਪ੍ਰਕਾਰੰ
ਅਨਿਕ ਭਾਂਤਿ ਬਹੁ ਡੋਲਤੇ ॥ ਨਚ[੨੩] ਮਿਤ੍ਰੰ ਨਚ ਇਸਟੰ[੨੪] ਨਚ ਬਾਧਵ[੨੫]
ਨਚ ਮਾਤ ਪਿਤਾ ਤਵ ਲਜਯਾ ॥ [੨੬]ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ
ਅਸਾਜ੍ਯੰ ਸਾਜਿ ਸਮਜਯਾ[੨੭] ॥ [੨੮]ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ[੨੯]
ਨਾਨਕ ਹਰਿ ਨਰਹਰਹ[੩੦] ॥ ੪੮ ॥ ਹੇ ਜਨਮ ਮਰਣ ਮੂਲੰ ਅਹੰਕਾਰੰ
ਪਾਪਾਤਮਾ ॥ [੩੧]ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥ ਭ੍ਰਮ ਭਯਾਨ
ਉਦਿਆਨ[੩੨] ਰਮਣੰ[੩੩] ਮਹਾ ਬਿਕਟ[੩੪] ਅਸਾਧ ਰੋਗਣਹ ॥ ਬੈਦ੍ਯੰ[੩੫] ਪਾਰਬ੍ਰਹਮ
ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥ ੪੯ ॥ ਹੇ ਪ੍ਰਾਣ ਨਾਥ ਗੋਬਿੰਦਹ
ਕ੍ਰਿਪਾ ਨਿਧਾਨ ਜਗਦ ਗੁਰੋ ॥ [੩੬]ਹੇ ਸੰਸਾਰ ਤਾਪ ਹਰਣਹ ਕਰੁਣਾ ਮੈ[੩੭] ਸਭ
ਦੂਖ ਹਰੋ ॥ ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ[੩੮] ਕਰੋ ॥ [੩੯]ਸਰੀਰ
ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ[੪੦] ਮਾਧਵਹ[੪੧] ॥ ੫੦ ॥
ਚਰਣ ਕਮਲ ਸਰਣੰ ਰਮਣੰ[੪੨] ਗੋਪਾਲ ਕੀਰਤਨਹ ॥ ਸਾਧ ਸੰਗੇਣ
ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ[੪੩] ॥ ੫੧ ॥ ਸਿਰ ਮਸ੍ਤਕ ਰਖ੍ਯਾ
ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ ॥ ਆਤਮ ਰਖ੍ਯਾ ਗੋਪਾਲ ਸੁਆਮੀ
ਧਨ ਚਰਣ ਰਖ੍ਯਾ ਜਗਦੀਸ੍ਵਰਹ ॥ ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ

੧ ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ ਤੇ ਸੱਪ ਜਿਹਾ ਭੀ ਨਹੀਂ ਹੈ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਸਰਪਨ ਤੁਲਿ' ਹੈ ।

੨ [ਚਰਣ ਅਰਵਿੰਦ] ਚਰਨ ਕਮਲ ।

੩ ਉਹ ਜਮਦੂਤਾਂ ਨੂੰ ਨਹੀਂ ਵੇਖੇਗਾ ।

੪ ਨਹੀਂ ਹੈ ।

੫ [ਵਜੰਜਨ] ਸਵਾਦੀ ਖਾਣੇ ।

੬ ਸਾਫ ਕਪੜੇ ।

੭ ਸੰਬੰਧੀ ।

੮ ਇਸਤਰੀ ਨਾਲ ਅਨੰਦ।

੯ ਸਿਆਣਾ ਹੋਣਾ ਵਿਦਿਆ ਵਿੱਚ ।

੧੦ ਚਾਲਾਕ ।

੧੧ ਮਾਤ ਲੋਕ ਤੇ ਪਾਤਾਲ ਜਿਥੇ ਕਿਥੇ ਵੇਖਦਾ ਹਾਂ ਉਥੇ ਹਰੀ ਹੀ ਵਿਆਪਕ ਹੋ ਰਿਹਾ ਹੈ ।

੧੨ ਦਾਗ ।

੧੩ ਜ਼ਹਿਰ ਅੰਮ੍ਰਿਤ ਹੋ ਜਾਂਦਾ ਹੈ ਤੇ ਵੈਰੀ ਵੀ ਸੱਜਣ ਦਿਸਦੇ ਹਨ ।

੧੪ ਥਾਨ ਵਿਹੂਣਿਆਂ ਦਾ ਬਿਸਰਾਮ ਨਾਮ ਵਿੱਚ ਹੁੰਦਾ ਹੈ ।

੧੫ ਮੈਨੂੰ । ਸਰਬਸੀਲ ਹਰੀ, ਮੈਨੂੰ ਸੀਲ ਦਿੰਦਾ ਹੈ । ਸੀਲ=ਸ਼ਾਂਤ ਸੁਭਾਵ ।

੧੬ ਪਵਿਤ੍ਰ ਕਰਨ ਵਾਲਾ ।

੧੭ ਸਭ ਦੇ ਕਰਨ ਵਾਲਾ ਹਰੀ ਮੇਰਾ ਭੀ ਕਰਤਾ ਹੈ।

੧੮ ਪ੍ਰਕਾਸ਼ ਰੂਪ । ਪ੍ਰਕਾਸ਼ ਰੂਪ ਚੰਦਰਮਾ ਵੀ ਸੀਤਲ ਨਹੀਂ ਹੈ ।

੧੯ ਰੁੱਤ ।

੨੦ ਐਸੇ ਮਨੁੱਖਾਂ ਦਾ 'ਧਿਆਨ' ਇਹ ਹੈ ਕਿ ਹਰੀ ਸਭ ਥਾਂ ਵਿਆਪਕ ਹੈ ।

੨੧ ਉਨ੍ਹਾਂ ਦਾ 'ਗਿਆਨ' ਇਹ ਹੈ ਸੁਖ ਦੁੱਖ ਨੂੰ ਇਕੋ ਜੇਹਾ ਸਮਝਦੇ ਹਨ ਤੇ 'ਜੁਗਤੀ' ਉਨ੍ਹਾਂ ਦੀ ਨਿਰਮਲ ਨਿਰਵੈਰ ਹੋਣਾ ਹੈ ।

੨੨ ਰੋਕਦੇ ਹਨ ।

੨੩ ਨਿਰਲੇਪ । ਮਾਇਆ ਤੋਂ ਇਸ ਤਰ੍ਹਾਂ ਨਿਰਲੇਪ ਹਨ ਜਿਵੇਂ ਜਲ ਤੋਂ ਕਮਲ ।

੨੪ ਕੰਨਾਂ ਨਾਲ ।

੨੫ ਧੂੜੀ ।

੨੬ ਛੇ ਲੱਖਣ । ਇਹ ਉਪਰ ਦੱਸੇ ਛੇ ਲੱਖਣ ਹਨ ਪੂਰਨ ਪੁਰਖਾਂ ਦੇ ।

੨੭ ਬੱਕਰੀ । ਬੱਕਰੀ ਫਲ ਫੁੱਲ ਖਾਂਦੀ ਹੋਵੇ, ਪਰ ਵਸਦੀ ਹੋਵੇ ਕੇਹਰ (ਸ਼ੇਰ) ਪਾਸ, ਤਿਵੇਂ ਹੀ ਸੰਸਾਰ ਦੀ ਗਤੀ (ਹਾਲਾਤ) ਹੈ ਕਿ ਇਸ ਨੂੰ ਸੁਖ ਦੁੱਖ ਵਿਆਪਦੇ ਰਹਿੰਦੇ ਹਨ ।

੨੮ ਦੋਸ਼ । ਛਲ ਆਦਿਕ ਕਰ ਕੇ ।

੨੯ ਪਾਪ । ਪਾਪਾਂ ਦੀ ਮੈਲ ।

੩੦ ਮਸਤੀ।

੩੧ ਮੌਤ ।

੩੨ ਸਫਲ। ੩੩ ਸਦਾ ।

੩੪ ਬੇੜੀ । ਉਸ ਦੀ ਸ਼ਰਨ ਬੇੜੀ ਹੈ, ਵਿਆਪਕ ਹੈ ਤੇ ਸੀਲ ਰੂਪ ਹੈ ।

੩੫ ਸਾਰੇ ਪਦਾਰਥਾਂ ਦਾ ਘਰ ਹੈ ।

੩੬ ਗੁਣਾਂ ਦਾ ਖਜ਼ਾਨਾ ।

੩੭ ਜਿਸ ਤੋਂ ਸਾਰੇ ਮੰਗਤੇ ਮੰਗਦੇ ਹਨ ।

* ਭਜਨ ਕਰਨ ਦੇ ਲਾਭ (੩੪) । ਭਜਨ ਕਰਨ ਦੇ ਤੁਲ ਕੋਈ ਹੋਰ ਚੀਜ਼ ਦੁਰਲਭ ਨਹੀਂ (੩੫) । ਹਰੀ ਹਰ ਥਾਂ ਬਹੁੜਦਾ ਹੈ (੩੬) । ਉਹ ਦੁੱਖਾਂ ਨੂੰ ਸੁਖਾਂ ਵਿੱਚ ਤਬਦੀਲ ਕਰ ਦਿੰਦਾ ਹੈ (੩੭) । ਅਤੇ ਆਪਣੇ ਗੁਣ ਆਪਣੇ ਸੇਵਕਾਂ ਵਿੱਚ ਭਰ ਦਿੰਦਾ ਹੈ (੩੮) । ਉਸ ਦੇ ਪਠਾਏ ਸਾਧ ਜਨ ਪੂਰਨ ਸ਼ਾਂਤ ਸਰੂਪ ਹੁੰਦੇ ਹਨ (੩੯) । ਓਹ ਹਰ ਤਰ੍ਹਾਂ ਨਾਲ ਪੂਰਨ ਪੁਰਖ ਹੁੰਦੇ ਹਨ ਜੋ ਛੇ ਵੱਡੇ ਵੱਡੇ ਲਛਣਾਂ ਤੋਂ ਪਛਾਣੇ ਜਾਂਦੇ ਹਨ (੪੦) । ਉਨ੍ਹਾਂ ਤੋਂ ਛੁਟ ਜੋ ਸੰਸਾਰੀ ਲੋਕ ਹਨ, ਉਨ੍ਹਾਂ ਨੂੰ ਦੁੱਖ ਸੁਖ ਵਿਆਪਦੇ ਰਹਿੰਦੇ ਹਨ (੪੧)। [ਜਿਨ੍ਹਾਂ ਦੇ ਨਮੂਨੇ ਅਗਲੇ ਸ਼ਲੋਕ ਵਿੱਚ ਹਨ] ਇਨ੍ਹਾਂ ਤੋਂ ਛੁਟਕਾਰਾ ਸਾਧ ਸੰਗ ਤੋਂ ਮਿਲਦਾ ਹੈ (੪੨)। ਛੁਟਕਾਰੇ ਦਾ ਸਾਧਨ ਭੀ ਹਰੀ ਦੀ ਸ਼ਰਨ ਤੋਂ ਪ੍ਰਾਪਤ ਹੁੰਦਾ ਹੈ (੪੩) ।

ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ [੧]ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥ ੩੩ ॥ *ਚਰਣਾਰਬਿੰਦ[੨] ਭਜਨੰ ਰਿਦਯੰ ਨਾਮ ਧਾਰਣਹ ॥ ਕੀਰਤਨੰ ਸਾਧਸੰਗੇਣ ਨਾਨਕ [੩]ਨਹ ਦ੍ਰਿਸਟੰਤਿ ਜਮਦੂਤਨਹ ॥ ੩੪ ॥ ਨਚ[੪] ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥ ਨਚ ਦੁਰਲਭੰ ਭੋਜਨੰ ਬਿੰਜਨੰ[੫] ਨਚ ਦੁਰਲਭੰ [੬]ਸ੍ਵਛ ਅੰਬਰਹ ॥ ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ[੭] ਨਚ ਦੁਰਲਭੰ [੮]ਬਨਿਤਾ ਬਿਲਾਸਹ ॥ ਨਚ ਦੁਰਲਭੰ [੯]ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ[੧੦] ॥ ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿੵ ਸਾਧਸੰਗਿ ਕ੍ਰਿਪਾ ਪ੍ਰਭੰ ॥ ੩੫ ॥ [੧੧]ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ ॥ ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ[੧੨] ਨ ਲਿਪ੍ਯਤੇ ॥ ੩੬ ॥ [੧੩]ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ ॥ ਦੁਖੰ ਭਯੰਤਿ ਸੁਖੵੰ ਭੈ ਭੀਤੰ ਤ ਨਿਰਭਯਹ ॥ [੧੪]ਥਾਨ ਬਿਹੂਨ ਬਿਸ੍ਰਾਮ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥ ੩੭ ॥ ਸਰਬ ਸੀਲ ਮਮੰ[੧੫] ਸੀਲੰ ਸਰਬ ਪਾਵਨ[੧੬] ਮਮ ਪਾਵਨਹ ॥ [੧੭]ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ[੧੨] ਨ ਲਿਪ੍ਯਤੇ ॥ ੩੮ ॥ ਨਹ ਸੀਤਲੰ ਚੰਦ੍ਰ ਦੇਵਹ[੧੮] ਨਹ ਸੀਤਲੰ ਬਾਵਨ ਚੰਦਨਹ ॥ ਨਹ ਸੀਤਲੰ ਸੀਤ ਰੁਤੇਣ[੧੯] ਨਾਨਕ ਸੀਤਲੰ ਸਾਧ ਸ੍ਵਜਨਹ ॥ ੩੯ ॥ ਮੰਤ੍ਰੰ ਰਾਮ ਰਾਮ ਨਾਮੰ[੨੦] ਧ੍ਯਾਨੰ ਸਰਬਤ੍ਰ ਪੂਰਨਹ ॥ [੨੧]ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ[੨੨] ॥ ਭੋਜਨੰ ਗੋਪਾਲ ਕੀਰਤਨੰ ਅਲਪ[੨੩] ਮਾਯਾ ਜਲ ਕਮਲ ਰਹਤਹ ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ[੨੪] ਆਪੁ ਤੵਿਾਗਿ ਸਗਲ ਰੇਣੁਕਹ[੨੫] ॥ [੨੬]ਖਟ ਲਖੵਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥ ੪੦ ॥ ਅਜਾ[੨੭] ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ ॥ ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ ॥ ੪੧ ॥ ਛਲੰ ਛਿਦ੍ਰੰ[੨੮] ਕੋਟਿ ਬਿਘਨੰ ਅਪਰਾਧੰ ਕਿਲਬਿਖ[੨੯] ਮਲੰ ॥ ਭਰਮ ਮੋਹੰ ਮਾਨ ਅਪਮਾਨੰ ਮਦੰ[੩੦] ਮਾਯਾ ਬਿਆਪਿਤੰ ॥ ਮ੍ਰਿਤੵੁ[੩੧] ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ[੩੨] ॥ ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ ॥ ਰਮੰਤਿ ਗੁਣ ਗੋਬਿੰਦ [੩੩]ਨਿਤ ਪ੍ਰਤਹ ॥ ੪੨ ॥ ਤਰਣ[੩੪] ਸਰਣ ਸੁਆਮੀ ਰਮਣ ਸੀਲ ਪਰਮੇਸੁਰਹ ॥ ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ ॥ ਨਿਰਾਸ ਆਸ ਕਰਣੰ [੩੫]ਸਗਲ ਅਰਥ ਆਲਯਹ ॥ [੩੬]ਗੁਣ ਨਿਧਾਨ ਸਿਮਰੰਤਿ ਨਾਨਕ [੩੭]ਸਗਲ ਜਾਚੰਤ ਜਾਚਿਕਹ ॥ ੪੩ ॥

(੧੩੫੬)

੧ ਵਾਹਿਗੁਰੂ ਦਾ । ੨ ਹਰੀ । ੩ ਸਾਰੇ ਜੀਵਾਂ ਦਾ । ੪ ਅਬਿਨਾਸੀ । ੫ ਦੀਨਾਂ ਦਾ ਸਰਬੰਧੀ । ੬ [ਜਿਸ ਦੇ ਉਦਰ (ਪੇਟ) ਦੁਆਲੇ ਰੱਸੀ ਹੈ, ਕ੍ਰਿਸ਼ਨ] ਵਾਹਿਗੁਰੂ । ੭ ਸਭ ਕੁਝ ਜਾਨਣਹਾਰ । ੮ ਭਗਤੀ ਭਾਵ ਨੂੰ ਪਿਆਰਨ ਵਾਲਾ, ਹਰੀ । ੯ ਦਇਆ ਸਰੂਪ । ੧੦ ਵਸਦਾ ਹੈ । ੧੧ ਹਰੀ । ੧੨ ਇਹੋ ਕ੍ਰਿਪਾ ਮੰਗਦਾ ਹਾਂ ਕਿ ਤੂੰ ਨਾ ਵਿਸਰ । ੧੩ ਨਾ ਕੋਈ ਤਾਕਤ ਹੈ, ਨਾ ਹੀ ਮੈਂ ਚੰਗਾ ਸੇਵਕ ਹਾਂ। ੧੪ ਤੇਰੀ ਕ੍ਰਿਪਾ ਨਾਲ । ੧੫ ਅੰਨ ਦਾਨ ਦਿੰਦਾ ਹੈ ਤੇ ਪਾਲਨਾ ਕਰਦਾ ਹੈ । ੧੬ ਬਸਤ੍ਰ ਦਾਨ ਕਰਦਾ ਹੈ । ੧੭ ਪੈਦਾ ਕੀਤਾ ਅਮੋਲਕ ਮਨੁੱਖਾ ਜਨਮ ਦੇ ਕੇ ਜੋ ਸਿਆਣਾ ਤੇ ਚੇਤੰਨ ਹੈ । ੧੮ ਨਾਸਵੰਤ ਸੰਸਾਰ ਤੋਂ ਨਿਰਮੋਹ ਹੋ ਜਾਈਦਾ ਹੈ । ੧੯ ਪਿਛਲੇ ਜਨਮਾਂ ਦੇ ਦਾਨਾਂ ਦਾ ਫਲ ਰਾਜੇ ਭੋਗਦੇ ਹਨ । ੨੦ ਉਲਟੀ ਬੁੱਧੀ ਦੇ ਕਾਰਨ ਮਾਤ ਲੋਕ ਵਿੱਚ ਬਹੁਤ ਦੇਰ ਦੁੱਖ ਭੋਗਦੇ ਹਨ । ੨੧ ਪੀੜ ਨੂੰ ਹਰੀ ਦੀ ਕ੍ਰਿਪਾ ਓਹ ਸਮਝਦੇ ਹਨ ਜਿਨ੍ਹਾਂ ਦੇ ਹਿਰਦੇ ਵਿੱਚ ਸਿਮਰਨ ਹੈ । ੨੨ ਜੋ ਮਿਹਰਵਾਨ ਹਰੀ ਨੂੰ ਭੁਲਾਂਦਾ ਹੈ ਉਹ ਅਰੋਗੀ ਹੁੰਦਾ ਹੋਇਆ ਭੀ ਮਹਾਂ ਰੋਗੀ ਹੈ । ੨੩ ਦੇਹ ਧਾਰਨ ਦਾ ਉੱਤਮ ਧਰਮ ਕੇਵਲ ਸਿਮਰਨ ਹੈ। ੨੪ ਪੀਂਦਿਆਂ ਰੱਜਦੇ ਨਹੀਂ ਸੰਤ ਲੋਕ । ੨੫ ਸੰਤ ਲੋਕ ਜਰਨ ਵਾਲੇ ਹੁੰਦੇ ਹਨ । ੨੬ ਵੈਰੀ ਮਿਤ੍ਰ ਇਕੋ ਜੇਹਾ ਵੇਖਦੇ ਹਨ । ੨੭ ਸ਼ਸਤ੍ਰ। ੨੮ ਖੜਾ ਹੋਵੇ । ਕੋਈ ਅਨੇਕ ਭੋਜਨ ਦੇਵੇ, ਕੋਈ ਨਿੰਦਾ ਕਰੇ ਜਾਂ ਸ਼ਸਤ੍ਰ ਖਿੱਚ ਕੇ ਮਾਰਨ ਨੂੰ ਖੜਾ ਹੋਵੇ, ਸਭ ਨੂੰ ਇਕੋ ਜੇਹਾ ਵੇਖਦੇ ਹਨ ।	੨੯ ਹੁੰਦਾ । ਉਨ੍ਹਾਂ ਦਾ ਅਨਾਦਰ ਨਹੀਂ ਹੁੰਦਾ ਅਤੇ ਨਾ ਬੇਇਜ਼ਤੀ ਹੁੰਦੀ ਹੈ । ੩੦ ਸਭ ਸਾਧੂ ਨਾ ਜਿਤੇ ਜਾਣ ਵਾਲੇ ਸੂਰਮਿਆਂ ਦੀ ਸੈਨਾ ਹਨ; ਉਨ੍ਹਾਂ ਦੇ ਸਰੀਰ ਉਤੇ ਨਿਮ੍ਰਤਾ ਰੂਪ ਸੰਜੋਅ ਹੈ । ੩੧ ਸ਼ਸਤ੍ਰ । ੩੨ ਹੱਥ ਦੀ ਢਾਲ ਹੈ । ੩੩ ਚੜ੍ਹਦੇ ਹਨ । ੩੪ ਘੋੜੇ । ੩੫ ਹਾਥੀ । ਹਰੀ ਦੇ ਮਾਰਗ ਨੂੰ ਬੁਝਣਾ ਹੀ ਉਨ੍ਹਾਂ ਲਈ ਹਾਥੀ ਤੇ ਘੋੜਿਆਂ ਦੇ ਰੱਥਾਂ ਉੱਤੇ ਚੜ੍ਹਨਾ ਹੈ। ੩੬ ਕਾਮਾਦਿਕ ਦੀ ਸੈਨਾ ਵਿੱਚ ਖੁਲ੍ਹਾ ਫਿਰਦੇ ਹਨ ਨਿਰਭੈ ਹੋ ਕੇ (ਉਨ੍ਹਾਂ 'ਤੇ ਅਸਰ ਨਹੀਂ ਹੁੰਦਾ) ਤੇ ਹਰੀ ਕੀਰਤਨ ਰੂਪ ਹੱਲਾ ਬੋਲਦੇ ਹਨ । ੩੭ ਸੰਸਾਰ । ਸਾਰੇ ਸੰਸਾਰ ਨੂੰ ਜਿੱਤਦੇ ਹਨ ਤੇ ਵੱਸ ਕਰ ਲੈਂਦੇ ਹਨ ਪੰਜ (ਕਾਮਾਦਿ) ਚੋਰਾਂ ਨੂੰ । ੩੮ ਦੁਰਮਤ ਦੇ ਕਾਰਨ ਮ੍ਰਿਗ ਤ੍ਰਿਸ਼ਨਾ ਆਦਿ ਵਿੱਚ ਰਚਿਆ ਹੈ । ਦੇਖੋ ਪੰ: ੧੧੨੦, ਨੋਟ ੨੧ । ੩੯ ਰੁੱਖ ਦੀ ਛਾਂ । ੪੦ ਤਿਵੇਂ । ਤਿਵੇਂ ਹੀ ਕੁਟੰਬ ਦਾ ਮੋਹ ਝੂਠਾ ਹੈ । ੪੧ ਨਾ ਵੇਦਾਂ ਦੀ ਵਿਦਿਆ ਦਾ ਖਜ਼ਾਨਾ ਹੈ, ਨਾ ਗੁਣਾਂ ਦਾ ਗਿਆਤਾ, ਨਾ ਨਾਮ ਤੇ ਨਾ ਕੀਰਤਨ ਹੈ । ੪੨ ਵੇਦ । ੪੩ ਨਾ ਹੀ ਰਾਗ ਰਤਨ ਵਾਲਾ ਗਲਾ ਹੈ । ੪੪ ਚਾਲਾਕ । ੪੫ ਭਾਗਾਂ ਤੇ ਉੱਦਮ ਨਾਲ ਇਹ ਉਤੇ ਦਸੇ ਮਾਇਕ ਪਦਾਰਥ ਲਭਦੇ ਹਨ । ੪੬ ਮੂਰਖ । ੪੭ ਰਾਮ ਨਾਮ ਸਿਮਰਨ ਇਹ ਗਲੇ ਦੀ ਮਾਲਾ ਹੈ। ੪੮ ਗੋ-ਮੁਖ (ਇਕ ਤਰ੍ਹਾਂ ਦੀ ਗੁਥੀ ਜਿਸ ਅੰਦਰ ਗੁਪਤ ਤਰੀਕੇ ਨਾਲ ਮਾਲਾ ਫੇਰੀ ਜਾਂਦੀ ਹੈ) । ਪ੍ਰੇਮ ਧਾਰਨਾ ਗੋ-ਮੁਖ ਹੈ । ੪੯ ਨੈਣਾਂ ਨੂੰ ਅਨੰਦ ਦੇਣ ਵਾਲੀ ਭਾਵ ਮਾਇਆ । ਜੋ ਜੀਭ ਦਵਾਰਾ ਉੱਤਮ ਸ਼ਲੋਕ ਆਖਦਾ ਹੈ, ਉਹ ਮਾਇਆ ਤੋਂ ਬਚ ਜਾਂਦਾ ਹੈ । ੫੦ ਖਾਲੀ ।

* ਅਧੀਨ ਹੋ ਕੇ ਬੇਨਤੀ ਕਰਦੇ ਹਨ ਕਿ ਨਾਮ ਦਾਨ ਦਿਓ (੨੨) । ਜਿਸ ਨਾਲ ਅਨਿਤ ਰਸਾਂ ਵੱਲੋਂ ਉਪਰਾਮ ਹੋ ਕੇ ਹਰੀ ਨੂੰ ਹੀ ਸਭ ਸੁਖਾਂ ਦਾ ਦਾਤਾ ਮੰਨੀਏ (੨੩) । ਕਈ ਜਨਮਾਂ ਦੇ ਸ਼ੁਭ ਕਰਮਾਂ ਦਾ ਫਲ (ਸਿਮਰਨ ਤੋਂ ਮੂੰਹ ਮੋੜਨ ਵਾਲੀ) ਉਲਟੀ ਬ੍ਰਿਤੀ ਗੁਆ ਕੇ ਦੁੱਖ ਭੁਗਾਉਂਦੀ ਹੈ (੨੪) । ਸਿਮਰਨ ਵਾਲਾ ਆਦਮੀ ਦੁੱਖਾਂ ਨੂੰ ਭੀ ਹਰੀ ਦੀ ਦਾਤ ਸਮਝਦਾ ਹੈ, ਪਰ ਹਰੀ ਨੂੰ ਵਿਸਾਰਨ ਵਾਲਾ ਚੰਗਾ ਭਲਾ ਹੁੰਦਾ ਹੋਇਆ ਭੀ ਕਸ਼ਟ ਪਿਆ ਮਹਿਸੂਸ ਕਰਦਾ ਹੈ (੨੫) । ਸੰਤ ਲੋਕ ਸਿਮਰਨ ਨੂੰ ਜੀਵਨ ਦਾ ਮਨੋਰਥ ਸਮਝਦੇ ਹਨ (੨੬)। ਸਿਮਰਨ ਵਾਲੇ ਸੰਤਾਂ ਦਾ ਸੁਭਾਓ ਬਿਆਨ ਕਰਦੇ ਹਨ (੨੭-੨੮) । ਸਿਮਰਨ ਦੀ ਥਾਂ ਘਰ ਦੇ ਮੋਹ ਵਿੱਚ ਪਏ ਰਹਿਣ ਨਾਲ ਜੋ ਸੁਭਾਅ ਬਣਦਾ ਹੈ, ਉਸ ਦਾ ਜ਼ਿਕਰ ਹੈ (੩੦-੩੧) । ਸਿਮਰਨ ਦੇ ਲਾਭ (੩੨)। ਸਿਮਰਨ ਨਾ ਕਰਨ ਵਾਲਾ ਮਾੜਿਆਂ ਤੋਂ ਮਾੜਾ ਹੈ (੩੩) ।

ਨਾਮ ਨਰਹਰਹ[੧] ॥ ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ[੨] ॥
[੩]ਸਰਬ ਭੂਤ ਦਯਾਲ ਅਚੁਤ[੪] [੫]ਦੀਨ ਬਾਂਧਵ ਦਾਮੋਦਰਹ[੬] ॥ ਸਰਬਗ੍[੭] ਪੂਰਨ
ਪੁਰਖ ਭਗਵਾਨਹ [੮]ਭਗਤਿ ਵਛਲ ਕਰੁਣਾ ਮਯਹ ॥ [੯]ਘਟਿ ਘਟਿ ਬਸੰਤ[੧੦]
ਬਾਸੁਦੇਵਹ[੧੧] ਪਾਰਬ੍ਰਹਮ ਪਰਮੇਸੁਰਹ ॥ [੧੨]ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ
ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥ ੨੧ ॥ *[੧੩]ਨਹ ਸਮਰਥੰ ਨਹ
ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ॥ [੧੪]ਤਵ ਪ੍ਰਸਾਦਿ ਸਿਮਰਤੇ ਨਾਮੰ
ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥ ੨੨ ॥ [੧੫]ਭਰਣ ਪੋਖਣ ਕਰੰਤ ਜੀਆ
ਬਿਸ੍ਰਾਮ [੧੬]ਛਾਦਨ ਦੇਵੰਤ ਦਾਨੰ ॥ [੧੭]ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ ॥
ਵਰਤੰਤਿ ਸੁਖ ਆਨੰਦ ਪ੍ਰਸਾਦਹ ॥ ਸਿਮਰੰਤ ਨਾਨਕ ਹਰਿ ਹਰਿ ਹਰੇ ॥
[੧੮]ਅਨਿਤ੍ ਰਚਨਾ ਨਿਰਮੋਹ ਤੇ ॥ ੨੩ ॥ [੧੯]ਦਾਨੰ ਪਰਾ ਪੂਰਬੇਣ ਭੁੰਚੰਤੇ
ਮਹੀਪਤੇ ॥ [੨੦]ਬਿਪਰੀਤ ਬੁਧੵੰ ਮਾਰਤ ਲੋਕਹ ਨਾਨਕ ਚਿਰੰਕਾਲ ਦੂਖ ਭੋਗਤੇ ॥
੨੪ ॥ [੨੧]ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸੵ ਸਿਮਰਣ ਰਿਦੰਤਰਹ ॥ [੨੨]ਆਰੋਗੵੰ
ਮਹਾ ਰੋਗੵੰ ਬਿਸਿਮ੍ਰਿਤੇ ਕਰੁਣਾ ਮਯਹ ॥ ੨੫ ॥ [੨੩]ਰਮਣੰ ਕੇਵਲੰ ਕੀਰਤਨੰ
ਸੁਧਰਮੰ ਦੇਹ ਧਾਰਣਹ ॥ ਅੰਮ੍ਰਿਤ ਨਾਮੁ ਨਾਰਾਇਣ ਨਾਨਕ [੨੪]ਪੀਵਤੰ ਸੰਤ
ਨ ਤ੍ਰਿਪੵਤੇ ॥੨੬ ॥ [੨੫]ਸਹਣ ਸੀਲ ਸੰਤੰ [੨੬]ਸਮ ਮਿਤ੍ਰਸੵ ਦੁਰਜਨਹ ॥ ਨਾਨਕ
ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ[੨੭] ਹੋਇ ਉਪਤਿਸਟਤੇ[੨੮] ॥ ੨੭ ॥
ਤਿਰਸਕਾਰ ਨਹ ਭਵੰਤਿ[੨੯] ਨਹ ਭਵੰਤਿ ਮਾਨ ਭੰਗਨਹ ॥ ਸੋਭਾ ਹੀਨ ਨਹ
ਭਵੰਤਿ ਨਹ ਪੋਹੰਤਿ ਸੰਸਾਰ ਦੂਖਨਹ ॥ ਗੋਬਿੰਦ ਨਾਮ ਜਪੰਤਿ ਮਿਲਿ ਸਾਧ
ਸੰਗਹ ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥ ੨੮ ॥ [੩੦]ਸੈਨਾ ਸਾਧ ਸਮੂਹ ਸੂਰ
ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥ ਆਵਧਹ[੩੧] ਗੁਣ ਗੋਬਿੰਦ ਰਮਣੰ ਓਟ
ਗੁਰ ਸਬਦ [੩੨]ਕਰ ਚਰਮਣਹ ॥ ਆਰੂੜਤੇ[੩੩] ਅਸ੍ਵ[੩੪] ਰਥ ਨਾਗਹ[੩੫] ਬੁਝੰਤੇ
ਪ੍ਰਭ ਮਾਰਗਹ ॥ [੩੬]ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲ
ਕੀਰਤਨਹ ॥ ਜਿਤਤੇ ਬਿਸ੍ਵ[੩੭] ਸੰਸਾਰਹ ਨਾਨਕ ਵਸੵੰ ਕਰੋਤਿ ਪੰਚ
ਤਸਕਰਹ ॥ ੨੯ ॥ [੩੮]ਮ੍ਰਿਗ ਤ੍ਰਿਸਨਾ ਗੰਧਰਬ ਨਗਰੰ [੩੯]ਦ੍ਰੁਮ ਛਾਯਾ ਰਚਿ
ਦੁਰਮਤਿਹ ॥ ਤਤਹ[੪੦] ਕੁਟੰਬ ਮੋਹ ਮਿਥੵਾ ਸਿਮਰੰਤਿ ਨਾਨਕ ਰਾਮ ਰਾਮ
ਨਾਮਹ ॥ ੩੦ ॥ [੪੧]ਨਚ ਬਿਦਿਆ ਨਿਧਾਨ ਨਿਗਮੰ[੪੨] ਨਚ ਗੁਣਗੵ ਨਾਮ
ਕੀਰਤਨਹ ॥ [੪੩]ਨਚ ਰਾਗ ਰਤਨ ਕੰਠੰ ਨਹ ਚੰਚਲ[੪੪] ਚਤੁਰ ਚਾਤੁਰਹ ॥
[੪੫]ਭਾਗ ਉਦਿਮ ਲਬਧੵੰ ਮਾਇਆ ਨਾਨਕ ਸਾਧਸੰਗਿ ਖਲ[੪੬] ਪੰਡਿਤਹ ॥ ੩੧ ॥
[੪੭]ਕੰਠ ਰਮਣੀਯ ਰਾਮ ਰਾਮ ਮਾਲਾ [੪੮]ਹਸਤ ਊਚ ਪ੍ਰੇਮ ਧਾਰਣੀ ॥ ਜੀਹ
ਭਣਿ ਜੋ ਉਤਮ ਸਲੋਕ ਉਧਰਣੰ [੪੯]ਨੈਨ ਨੰਦਨੀ ॥ ੩੨ ॥ ਗੁਰ ਮੰਤ੍ਰ ਹੀਣਸੵ[੫੦]

੧ ਇਤਨੀ ਮਾਇਆ ਲੱਗੀ ਸੁ ਕਿ ਸੋਭਨੀਕ ਬਸਤ੍ਰਾਂ ਵਿੱਚ ਵਿਆਪ ਰਿਹਾ ਹੈ ।
੨ ਅਬਿਨਾਸੀ, ਅਟੱਲ ।
੩ ਹੇ । ਹੇ ਹਰੀ ! ਤੈਨੂੰ ਨਮਸਕਾਰ ਹੈ ।
੪ ਖੁਸ਼ੀ ।
੫ ਨਿੱਕਾ । ਜੇ ਵਿਸਥਾਰ ਹੈ ਤਾਂ ਨਿੱਕਾ ਹੋਣਾ ਵੀ ਹੈ ।
੬ ਤਾਂ ਹੀਣਾ ਭੀ ਹੋਣਾ ਪੈਂਦਾ ਹੈ ।
੭ ਪਰਵਿਰਤੀ (ਭਾਵ ਸੰਸਾਰ) ਦਾ ਵਰਤਾਵਾ ਨਾਸਵਾਨ ਹੈ ।
੮ ਹਰੀ ਦੀ ਕ੍ਰਿਪਾ ਨਾਲ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ ।
੯ ਖਿੜਦੀ ਹੈ ਬੁੱਧੀ ਤੇ ਸੁਖ ਵਾਲਾ ਥਾਂ ਮਿਲਦਾ ਹੈ।
੧੦ ਵਸ ਹੋ ਜਾਂਦੀਆਂ ਹਨ ਇੰਦ੍ਰੀਆਂ ।
੧੧ ਠੰਢਾ ਹੁੰਦਾ ਹੈ ਹਿਰਦਾ ।
੧੨ ਮੁੱਕ ਜਾਂਦਾ ਹੈ ।
੧੩ ਜਗਿਆਸੂ । ਬਹੁਤੀਆਂ ਬਿਧੀਆਂ ਨਾਲ ਸਿੱਖ ਸੁਣਦੇ ਹਨ ।
੧੪ ਉੱਤਮ ਵਿਦਿਆ (ਗਿਆਨ) ਓਹ ਪ੍ਰਾਪਤ ਕਰਦੇ ਹਨ ਜਿਨ੍ਹਾਂ 'ਤੇ ਹਰੀ ਕ੍ਰਿਪਾਲ ਹੋਵੇ ।
੧੫ ਮੰਗਦਾ ਹੈ ।
੧੬ ਲੋਕਾਂ ਦੀ ।
੧੭ ਉਨ੍ਹਾਂ ਵਿੱਚ ਪ੍ਰਵਿਰਤ ਹੋਣਾ ਮਾਇਆ ਦਾ ਸੰਬੰਧ ਹੈ।
੧੮ ਨਾਸਵਾਨ ।
੧੯ ਮਾਇਆ, ਧਨ ।
੨੦ ਮਨ ।
੨੧ ਅਨਿਤ ਹੈ ਪਿਆਰ ਹਉਮੈ ਦੇ ਬੰਧਨ ਵਾਲਾ ।
੨੨ ਅਪਵਿਤ੍ਰ ।
੨੩ ਪੇਟ ਦੀ ਅਗਨੀ ।
੨੪ ਕ੍ਰਿਪਾ ।
੨੫ ਡਿੱਗ ਪਵੇ ਪਹਾੜਾਂ ਤੋਂ ਤੇ ਜਾ ਪਵੇ ਪਾਤਾਲ ਵਿੱਚ ਸੜ ਜਾਵੇ ਬਲ ਰਹੀ ਅੱਗ ਅੰਦਰ, ਵਹਿ ਤੁਰੇ ਅਥਾਹ ਪਾਣੀ ਦੀਆਂ ਲਹਿਰਾਂ ਅੰਦਰ ਪਰ ਇਨ੍ਹਾਂ ਸਭਨਾਂ ਤੋਂ ਵਧੀਕ ਦੁਖਦਾਇਕ ਘਰ ਦੀ ਚਿੰਤਾ ਹੈ ਜੋ ਜਨਮ ਮਰਨ ਦਾ ਮੂਲ ਹੈ ।
੨੬ ਕਈ ਸਾਧਨਾਂ ਦੇ ਕਰਨ ਨਾਲ ਘਰ ਦੇ ਟੰਟੇ ਨਹੀਂ ਮੁਕਦੇ ।
੨੭ ਆਸਰਾ । ਸਾਧ ਜਨਾਂ ਦਾ ਸ਼ਬਦ ਹੀ ਟਿਕਾਉ ਦੇਣ ਵਾਲਾ ਆਸਰਾ ਹੈ ।
੨੮ ਜੇ ਕਰੜੇ ਦੁੱਖ ਪੈ ਜਾਵਣ ਤੇ ਅਨੇਕ ਵਾਰ ਜਨਮ ਹਤੰ (ਮਰਨ) ਹੋਵੇ, ਗਰੀਬੀ ਤੇ ਬਿਪਤਾ ਪਈ ਹੋਵੇ।
੨੯ ਜਿਵੇਂ ਅਗਨੀ ਲੱਕੜੀ ਨੂੰ ਭਸਮ ਕਰਦੀ ਹੈ ।
੩੦ ਹਨੇਰੇ ਵਿੱਚ ਪ੍ਰਕਾਸ਼ ਹੁੰਦਾ ਹੈ ਸਿਮਰਨ ਨਾਲ ਤੇ ਗੁਣ ਸਿਮਰਦਿਆਂ ਪਾਪ ਨਾਸ ਹੁੰਦੇ ਹਨ, ਚੰਗੇ ਕਰਮ ਕਰਨ ਨਾਲ ਦੂਤਾਂ ਦੇ ਹਿਰਦੇ ਵਿੱਚ ਭੈ ਵਸਦਾ ਹੈ।
੩੧ ਸੁਣਨ ਨਾਲ ਜਨਮ ਮਰਨ ਰਹਿਤ ਹੁੰਦਾ ਹੈ ।
੩੨ ਸਫਲ ।
੩੩ ਸ਼ਰਨ ਦੇ ਯੋਗ ਹੈ ਸੰਤਾਂ ਦਾ ਪਿਆਰਾ ਹੈ ਤੇ ਸਭ ਨੂੰ ਸੁਖ ਅਨੰਦ ਕਰਦਾ ਹੈ ।
੩੪ ਪਿਛਲਿਆਂ ਨੂੰ ਅੱਗੇ ਕਰ ਦਿੰਦਾ ਹੈ ਤੇ ਨਿਰਾਸਿਆਂ ਦੀ ਆਸ ਪੂਰੀ ਕਰਦਾ ਹੈ ।
੩੫ ਹੋ ਜਾਂਦੇ ਹਨ ।
੩੬ ਗੁਰ ਸੇਵਾ ਰਾਹੀਂ ਉਸ ਤੋਂ ਕੀ ਨਹੀਂ ਲਭਦਾ ? ਭਾਵ ਸਭ ਕੁਝ ਲਭਦਾ ਹੈ ।
੩੭ ਨਿਆਸਰਿਆਂ ਦਾ ਆਸਰਾ ਬਣਦਾ ਹੈ ।

* ਸੰਸਾਰੀ ਰਹਿਣੀ ਦੇ ਕਾਰਣ ਜਨਮ ਮਰਨ, ਹਰਖ ਸੋਗ ਆਦਿ ਬਣੇ ਰਹਿੰਦੇ ਹਨ । ਹਰੀ-ਭਜਨ ਹੀ ਸਥਿਰ ਚੀਜ਼ ਹੈ (੧੨) । ਹਰੀ ਦਿਆਲ ਹੋਵੇ ਤਾਂ ਤਤ ਗਿਆਨ ਦੀ ਸਮਝ ਮਿਲਦੀ ਹੈ (੧੩-੧੪) । ਫਿਰ ਘਰ-ਬਾਰ ਦੀ ਚਿੰਤਾ ਨਹੀਂ ਰਹਿੰਦੀ (੧੫) ਅਤੇ ਘਰ ਦੀ ਸੰਪਦਾ ਅਨਿਤ ਭਾਸਣ ਲਗਦੀ ਹੈ (੧੬) । ਘਰ ਦੀ ਚਿੰਤਾ ਦੇ ਨਾਲ ਦਾ ਹੋਰ ਕੋਈ ਦੁੱਖ ਨਹੀਂ (੧੭) । ਇਹ ਮਹਾਨ ਦੁੱਖ ਹਰੀ ਸਿਮਰਨ ਕੱਟ ਦਿੰਦਾ ਹੈ (੧੮-੧੯) । ਇਹ ਸਿਮਰਨ ਸਾਡੀ ਕਿਸਮਤ ਬਦਲ ਦਿੰਦਾ ਹੈ (੨੦-੨੧) ।

ਬਚਿਤ੍ਰ ਮੰਦਿਰ [1]ਸੋਭੰਤਿ ਬਸਤ੍ਰਾ ਇਤੰਤ ਮਾਇਆ ਬ੍ਯਾਪਿਤੰ ॥ ਹੇ ਅਚੁਤ[2]
ਸਰਣਿ ਸੰਤ ਨਾਨਕ ਭੋ[3] ਭਗਵਾਨਏ ਨਮਹ ॥ ੧੧ ॥ *ਜਨਮੰ ਤ ਮਰਣੰ
ਹਰਖੰ[4] ਤ ਸੋਗੰ ਭੋਗੰ ਤ ਰੋਗੰ ॥ ਊਚੰ ਤ ਨੀਚੰ ਨਾਨ੍ਹ੍ਹਾ[5] ਸੁਮੂਚੰ ॥ ਰਾਜੰ ਤ
ਮਾਨੰ ਅਭਿਮਾਨੰ [6]ਤ ਹੀਨੰ ॥ [7]ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥
ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ ਨਾਨਕ ਭਗਵੰਤ ਭਜਨਾਸਨੰ ॥੧੨ ॥
[8]ਕਿਰਪੰਤ ਹਰੀਅੰ ਮਤਿ ਤਤੁ ਗਿਆਨੰ ॥ [9]ਬਿਗਸੀਧ੍ਯਿ ਬੁਧਾ ਕੁਸਲ ਥਾਨੰ ॥
[10]ਬਸ੍ਯੰਤ ਰਿਖਿਅੰ ਤਿਆਗਿ ਮਾਨੰ ॥ [11]ਸੀਤਲੰਤ ਰਿਦਯੰ ਦ੍ਰਿੜੁ ਸੰਤ
ਗਿਆਨੰ ॥ ਰਹੰਤ[12] ਜਨਮੰ ਹਰਿ ਦਰਸ ਲੀਣਾ ॥ ਬਾਜੰਤ ਨਾਨਕ ਸਬਦ
ਬੀਣਾਂ ॥ ੧੩ ॥ ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ[13] ਬਹੁ ਬਿਧਿ
ਪ੍ਰਕਾਰਾ ॥ [14]ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ ॥ ਨਾਮ ਦਾਨੁ ਜਾਚੰਤ[15]
ਨਾਨਕ ਦੈਨਹਾਰ ਗੁਰ ਗੋਪਾਲਾ ॥ ੧੪ ॥ ਨਹ ਚਿੰਤਾ ਮਾਤ ਪਿਤ ਭ੍ਰਾਤਹ
ਨਹ ਚਿੰਤਾ ਕਛੁ [16]ਲੋਕ ਕਹ ॥ ਨਹ ਚਿੰਤਾ ਬਨਿਤਾ ਸੁਤ ਮੀਤਹ [17]ਪ੍ਰਵਿਰਤਿ
ਮਾਇਆ ਸਨਬੰਧਨਹ ॥ ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ
ਜੀਅ ਪ੍ਰਤਿਪਾਲਕਹ ॥ ੧੫ ॥ ਅਨਿਤ੍ਯ[18] ਵਿਤੰ[19] ਅਨਿਤ੍ਯ ਚਿਤੰ[20] ਅਨਿਤ੍ਯ
ਆਸਾ ਬਹੁ ਬਿਧਿ ਪ੍ਰਕਾਰੰ ॥ [21]ਅਨਿਤ੍ਯ ਹੇਤੰ ਅਹੰ ਬੰਧੰ ਭਰਮ ਮਾਇਆ
ਮਲਨੰ[22] ਬਿਕਾਰੰ ॥ ਫਿਰੰਤ ਜੋਨਿ ਅਨੇਕ ਜਠਰਾਗਨਿ[23] ਨਹ ਸਿਮਰੰਤ
ਮਲੀਣ ਬੁਧ੍ਯੰ ॥ ਹੇ ਗੋਬਿੰਦ ਕਰਤ ਮਇਆ[24] ਨਾਨਕ ਪਤਿਤ ਉਧਾਰਣ ਸਾਧ
ਸੰਗਮਹ ॥ ੧੬ ॥ [25]ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਯ
ਬੈਸ੍ਵਾਂਤਰਹ ॥ ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰਤ
ਮਰਣਹ ॥ [26]ਅਨਿਕ ਸਾਧਨੰ ਨ ਸਿਧ੍ਯਤੇ ਨਾਨਕ ਅਸਥੰਭੰ[27] ਅਸਥੰਭੰ ਅਸਥੰਭੰ
ਸਬਦ ਸਾਧ ਸ੍ਵਜਨਹ ॥ ੧੭ ॥ [28]ਘੋਰ ਦੁਖ੍ਯੰ ਅਨਿਕ ਹਤ੍ਯੰ ਜਨਮ ਦਾਰਿਦ੍ਰੰ
ਮਹਾ ਬਿਖ੍ਯਾਦੰ ॥ ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ [29]ਜੈਸੇ ਪਾਵਕ
ਕਾਸਟ ਭਸਮੰ ਕਰੋਤਿ ॥ ੧੮ ॥ [30]ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ
ਅਘ ਖੰਡਨਹ ॥ ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ
ਨਿਰਮਲਹ ॥ [31]ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ[32]
ਦਰਸਨਹ ॥ [33]ਸਰਣਿ ਜੋਗੰ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ ॥
੧੯ ॥ [34]ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥
ਨਿਰਧਨ ਭਯੰ[35] ਧਨਵੰਤਹ ਰੋਗੀਅੰ ਰੋਗ ਖੰਡਨਹ ॥ ਭਗਤ੍ਯੰ ਭਗਤਿ
ਦਾਨੰ ਰਾਮ ਨਾਮ ਗੁਣ ਕੀਰਤਨਹ ॥ ਪਾਰਬ੍ਰਹਮ ਪੁਰਖ ਦਾਤਾਰਹ ਨਾਨਕ
[36]ਗੁਰ ਸੇਵਾ ਕਿੰ ਨ ਲਭ੍ਯਤੇ ॥ ੨੦ ॥ [37]ਅਧਰੰ ਧਰੰ ਧਾਰਣਹ ਨਿਰਧਨੰ ਧਨ

੧ ਪਿਆਰ । ੨ ਸੰਬੰਧੀ ।
੩ ਚੰਚਲ (ਮਾਇਆ) ।
੪ ਜੋ ਕਿ ਵੇਖਦਿਆਂ ਹੀ ਛੱਡ ਜਾਂਦੀ ਹੈ ।
੫ ਰਹਿੰਦਾ ਹੈ ।
੬ ਪੁਤ੍ਰ ਭਾਵ ਸੰਤ ਜਨ । ਅਚੁਤ (ਅਬਿਨਾਸੀ) ਹਰੀ ਦੇ ਸੰਤਾਂ ਤੋਂ ਸਿਮਰਨ ਪ੍ਰਾਪਤ ਹੁੰਦਾ ਹੈ ।
੭ ਧ੍ਰਿਕਾਰ ।
੮ ਇਸਤਰੀ ਤੇ ਪੁਤ੍ਰਾਂ ਦੇ ਸੁਖ ।
੯ ਘਰ ਦੇ ਪਦਾਰਥਾਂ ਦੇ । ੧੦ ਸੱਚਾ ।
੧੧ ਸੁਖ ਵਿੱਚ ਵਾਸਾ ਦਿੰਦਾ ਹੈ ।
੧੨ ਦੇਹੀ ਝੂਠੀ ਹੈ ਤੇ ਇਸ ਦਾ ਬਲ ਟੁੱਟ ਜਾਂਦਾ ਹੈ।
੧੩ ਬੁਢੇਪਾ ਵਧਦਾ ਹੈ ਜਦ ਮਾਇਆ ਦਾ ਮੋਹ ਹੁੰਦਾ ਹੈ ।
੧੪ ਬਹੁਤ ।
੧੫ [ਅਤਿਥਿ] ਪ੍ਰਾਹੁਣਾ । ਸਰੀਰ ਰੂਪ ਭਵਨ (ਘਰ) ਵਿੱਚ ਇਹ ਜੀਵ ਪ੍ਰਾਹੁਣਾ ਹੈ ਪਰ ਆਸਾ ਬਹੁਤ ਹੈ।
੧੬ ਭਿਆਨਕ ਧਰਮ ਰਾਜਾ ਸੁਆਸ ਗਿਣ ਰਿਹਾ ਹੈ। ਧਰਮਰਾਜ ਤੋਂ ਭਾਵ ਮੌਤ ਹੈ ।
੧੭ ਦੁਰਲਭ ਦੇਹ ਮੋਹ ਰੂਪ ਵਿੱਚ ਡਿੱਗੀ ਹੈ, ਪਰ ਤੱਤ (ਤਿਸ ਹਰੀ) ਦਾ ਆਸਰਾ ਹੈ ।
੧੮ ਸਰੀਰ ਕੱਚਾ ਕੋਟ ਹੈ ਜੋ ਤੋਅ (ਜਲ) ਤੋਂ ਬਣਿਆ ਹੈ । ਚਮੜੇ ਦੇ ਲਹੂ ਦਾ ਪੋਚਾ ਦਿੱਤਾ ਹੈ । ਨੌਂ ਗੋਲਕਾਂ ਭੀਤ (ਦਰਵਾਜ਼ੇ) ਰਹਿਤ ਹਨ । ਬਾਦ (ਵਾਯੂ) ਰੂਪ ਉਸ ਦੇ ਥੰਮ੍ਹ ਹਨ ।
੧੯ ਸਰੀਰ ਨੂੰ ਅਸਥਿਰ ਜਾਣਦਾ ਹੈ ।
੨੦ ਹੇ ਸੋਭਨ ਵਾਲੇ, ਹੇ ਅਟੱਲ, ਹੇ ਅਬਿਨਾਸੀ, ਹੇ ਗੁਣਾਂ ਦੇ ਗਿਆਤਾ, ਹੇ ਬਹੁਤ ਲੋਕਾਂ ਵਿੱਚ ਵਿਆਪਕ ਤੇ ਉਨ੍ਹਾਂ ਨੂੰ ਪਾਲਣਹਾਰੇ ! 'ਲੋਕ' ਦੋਹਾਂ ਪਾਸੇ ਲੱਗਦਾ ਹੈ ।
੨੧ ਸਭ ਦੀ ਜਾਣਨਹਾਰ ।
੨੨ ਭਗਤਾਂ ਦੇ ਪਿਆਰੇ ਤੇ ਉਨ੍ਹਾਂ ਨੂੰ ਚਰਨਾਂ ਵਿੱਚ ਨਿਵਾਸ ਦੇਣ ਵਾਲੇ ।
੨੩ ਇਕ ਮਿਰਗਣੀ ਨੂੰ ਸ਼ਿਕਾਰੀ ਨੇ ਤਾੜਿਆ ਤੇ ਲਖ ਕੇ (ਤਾੜ ਕੇ) ਨਿਸ਼ਾਨਾ ਮਾਰਨ ਲੱਗਾ ।
੨੪ ਸ਼ਸਤ੍ਰ ।
੨੫ ਪਰ ਜਿਸ ਨੂੰ ਉਹ ਹਰੀ ਰੱਖੇ ਉਸ ਦਾ ਵਾਲ ਵਿੰਗਾ ਨਹੀਂ ਹੁੰਦਾ ।
੨੬ ਉਸ ਨੂੰ ਚਾਰੇ ਤਰਫ਼ ਸੂਰਮੇ ਵੀ ਸੇਂਵਦੇ ਹੋਵਨ ਔਖੇ ਤੇ ਉਚੇ ਥਾਂ 'ਤੇ ਵਸਦਾ ਹੋਵੇ ਤੇ ਮਰਨ ਕਦੀ ਚਿੱਤ ਚੇਤੇ ਵਿੱਚ ਨਾ ਹੋਵੇ ।
੨੭ ਐਸੇ ਆਦਮੀ ਦੇ ਸੁਆਸ ਕੀੜੀ ਖਿੱਚ ਲੈਂਦੀ ਹੈ।
੨੮ ਸ਼ਬਦ ਵਿੱਚ ਜੁੜਨਾ, ਜੀਵਾਂ ਪਰ ਦਇਆ, ਕੀਰਤਨ ਹਰੀ ਦਾ ਕਰਨਾ ਇਹ ਕਲਯੁਗ ਦੇ ਕਰਨ ਵਾਲੇ ਕੰਮ ਹਨ ।
੨੯ ਉਸ ਅੰਦਰ ਆਏ ਹੋਏ ਭਰਮ ।
੩੦ ਵਸਦਾ ਹੈ ।
੩੧ ਸਫਲ । ਹੇ ਹਰੀ ! ਤੇਰਾ ਸਫਲ ਦਰਸ਼ਨ ਦਿੱਸ ਪੈਂਦਾ ਹੈ ।
੩੨ ਸਾਧਾਂ ਦੀ ਜੀਭ 'ਤੇ ਵਸਦਾ ਹੈ ।
੩੩ ਪਿਆਰੇ ਦਾ । ੩੪ ਸੂਰਜ ।
੩੫ ਚੰਦ੍ਰਮਾ । ੩੬ ਤਾਰੇ ।
੩੭ ਧਰਤੀ, ਪਹਾੜ, ਰੁੱਖ ਤੇ ਦੇਸ਼ ।
੩੮ ਇਸਤ੍ਰੀ । ੩੯ ਸੋਨਾ ।
੪੦ ਅਬਿਨਾਸੀ, ਅਟੱਲ ।
੪੧ ਦੇਰ ਨਾ ਕਰ ਧਰਮ ਦੇ ਕੰਮ ਕਰਨ ਵਿੱਚ ।
੪੨ ਪਾਪ ।
੪੩ ਧਰਮ ਦੇ ਲਖਣ ਪ੍ਰਾਪਤ ਹੁੰਦੇ ਹਨ ।
੪੪ [ਮਾਇਆ ਦਾ ਪਤੀ, ਵਿਸ਼ਨੂੰ] ਵਾਹਿਗੁਰੂ ।
੪੫ ਥੋੜ੍ਹੀ ਬੁਧ ਵਾਲਾ ਮਾਇਆ ਦੇ ਮੋਹ ਵਿੱਚ ਮਰ ਰਿਹਾ ਹੈ ਤੇ ਇਸਤ੍ਰੀ ਸਮੇਤ ਰੰਗਾਂ ਤਮਾਸ਼ਿਆਂ ਦੇ ਵਿੱਚ ਰਚ ਰਿਹਾ ਹੈ ।
੪੬ ਸੇਹਤ । ੪੭ ਅਵਸਥਾ ।

* ਸਰੀਰ ਅਤੇ ਇਸ ਦੀਆਂ ਆਸਾਂ ਝੂਠੀਆਂ ਹਨ । ਸਥਿਰ ਚੀਜ਼ ਹਰੀ ਦਾ ਆਸਰਾ ਹੈ (੩-੪)

† ਸਰਬ ਗੁਣੀ ਹਰੀ ਦੀ ਸ਼ਰਨ ਲੈਣੀ ਚਾਹੀਦੀ ਹੈ (੫) ।

‡ ਜੇ ਹਰੀ ਰਖੇ ਤਾਂ ਕੋਈ ਨਹੀਂ ਮਾਰ ਸਕਦਾ (੬) ਅਤੇ ਜੇ ਹਰੀ ਦੀ ਆਗਿਆ ਹੋਵੇ ਤਾਂ ਹਰ ਤਰ੍ਹਾਂ ਸੁਰੱਖਿਅਤ ਮਨੁੱਖ ਨੂੰ ਇਕ ਨਿੱਕੀ ਜਹੀ ਕੀੜੀ ਭੀ ਮਾਰ ਸਕਦੀ ਹੈ (੭) ।

§ ਅੱਜ ਕਲ੍ਹ ਦੇ ਘੋਰ ਸਮੇਂ ਵਿੱਚ ਸਾਨੂੰ ਬਚਾਉਣ ਵਾਲੇ ਕਰਮ ਕੀਰਤਨ ਤੇ ਦਇਆ ਦੇ ਗੁਣ ਹਨ (੮)।

¶ ਹੋਰ ਸਭ ਚੀਜ਼ਾਂ ਨਾਸਮਾਨ ਹੋ ਸਕਦੀਆਂ ਹਨ, ਪਰ ਹਰੀ ਤੇ ਉਸ ਦੇ ਜਨ ਸਦਾ ਅਟੱਲ ਰਹਿੰਦੇ ਹਨ (੯)।

:: ਧਰਮ ਦੇ ਕੰਮ ਕਰਨ ਤੇ ਨਾਮ ਜਪਣ ਵਿੱਚ ਦੇਰ ਨਹੀਂ ਕਰਨੀ ਚਾਹੀਦੀ (੧੦) । ਇਨ੍ਹਾਂ ਦੇ ਉਲਟ ਸੰਸਾਰੀ ਰਸਾਂ ਭੋਗਾਂ ਵਿੱਚ ਰਚਣਾ ਮੂਰਖਤਾ ਹੈ (੧੧) ।

ਭ੍ਰਾਤ ਮੀਤ ਹਿਤ[੧] ਬੰਧਵ[੨] ਕਤੰਚ ਮੋਹ ਕੁਟੰਬ੍ਹਤੇ ॥ ਕਤੰਚ ਚਪਲ[੩] ਮੋਹਨੀ ਰੂਪੰ
[੪]ਪੇਖੰਤੇ ਤਿਆਗੰ ਕਰੋਤਿ ॥ ਰਹੰਤ[੫] ਸੰਗ ਭਗਵਾਨ ਸਿਮਰਣ ਨਾਨਕ ਲਬਧੵੰ
ਅਚੁਤ ਤਨਹ[੬] ॥ ੧ ॥ ਧ੍ਰਿਗੰਤ[੭] ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ
ਬਾਂਧਵਹ[੨] ॥ ਧ੍ਰਿਗ ਸ੍ਨੇਹੰ[੮] ਬਨਿਤਾ ਬਿਲਾਸ ਸੁਤਹ ॥ ਧ੍ਰਿਗ ਸ੍ਨੇਹੰ ਗ੍ਰਿਹਾਰਥ
ਕਹ[੯] ॥ ਸਾਧਸੰਗ ਸ੍ਨੇਹ ਸਤ੍ਯਿੰ[੧੦] [੧੧]ਸੁਖਯੰ ਬਸੰਤਿ ਨਾਨਕਹ ॥ ੨ ॥ *[੧੨]ਮਿਥੵੰਤ
ਦੇਹੰ ਖੀਣੰਤ ਬਲਨੰ ॥ [੧੩]ਬਰਧੰਤਿ ਜਰੂਆ ਹਿਤੵੰਤ ਮਾਇਆ ॥ ਅਤੵੰਤ[੧੪]
ਆਸਾ ਆਥਿਤੵ[੧੫] ਭਵਨੰ ॥ [੧੬]ਗਨੰਤ ਸ੍ਵਾਸਾ ਭੈਯਾਨ ਧਰਮੰ ॥ [੧੭]ਪਤੰਤਿ ਮੋਹ
ਕੂਪ ਦੁਰਲਭੵ ਦੇਹੰ ਤਤ ਆਸ੍ਰਯੰ ਨਾਨਕ ॥ ਗੋਬਿੰਦ ਗੋਬਿੰਦ ਗੋਬਿੰਦ ਗੋਪਾਲ
ਕ੍ਰਿਪਾ ॥ ੩ ॥ [੧੮]ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ ॥ ਨਵੰਤ
ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ ॥ ਗੋਬਿੰਦ ਨਾਮੰ ਨਹ ਸਿਮਰੰਤਿ
ਅਗਿਆਨੀ [੧੯]ਜਾਨੰਤਿ ਅਸਥਿਰੰ ॥ ਦੁਰਲਭ ਦੇਹ ਉਧਰੰਤ ਸਾਧ ਸਰਣ
ਨਾਨਕ ॥ ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥ ੪ ॥ †[੨੦]ਸੁਭੰਤ ਤੁਯੰ
ਅਚੁਤ ਗੁਣਗੵੰ ਪੂਰਨੰ ਬਹੁਲੋ ਕ੍ਰਿਪਾਲਾ ॥ ਗੰਭੀਰੰ ਊਚੈ ਸਰਬਗਿ[੨੧] ਅਪਾਰਾ ॥
[੨੨]ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥ ਅਨਾਥ ਨਾਥੇ ਨਾਨਕ ਸਰਣੰ ॥ ੫ ॥
‡[੨੩]ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ[੨੪] ॥ [੨੫]ਅਹੋ ਜਸੵ ਰਖੇਣ
ਗੋਪਾਲਹ ਨਾਨਕ ਰੋਮ ਨ ਛੇਦ੍ਯਤੇ ॥ ੬ ॥ ਬਹੁ ਜਤਨ ਕਰਤਾ ਬਲਵੰਤ ਕਾਰੀ
[੨੬]ਸੇਵੰਤ ਸੂਰਾ ਚਤੁਰ ਦਿਸਹ ॥ ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ
ਮਰਣੰ ਕਦਾਂਚਹ ॥ ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ [੨੭]ਕੀਟੀ
ਸਾਸ ਅਕਰਖਤੇ ॥ ੭ ॥ §[੨੮]ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ
ਕ੍ਰਿਤੁਆ ॥ ਮਿਟੰਤਿ [੨੯]ਤਤ੍ਰਾਗਤ ਭਰਮ ਮੋਹੰ ॥ ਭਗਵਾਨ ਰਮਣੰ[੩੦] ਸਰਬਤ੍ਰ
ਥਾਨੵਿੰ ॥ ਦ੍ਰਿਸਟ ਤੁਯੰ ਅਮੋਘ[੩੧] ਦਰਸਨੰ [੩੨]ਬਸੰਤ ਸਾਧ ਰਸਨਾ ॥ ਹਰਿ ਹਰਿ
ਹਰਿ ਹਰੇ ਨਾਨਕ ਪ੍ਰਿਅੰ[੩੩] ਜਾਪੁ ਜਪਨਾ ॥ ੮ ॥ ¶ਘਟੰਤ ਰੂਪੰ ਘਟੰਤ ਦੀਪੰ
ਘਟੰਤ ਰਵਿ[੩੪] ਸਸੀਅਰ[੩੫] ਨਖੵਤ੍ਰ[੩੬] ਗਗਨੰ ॥ ਘਟੰਤ [੩੭]ਬਸੁਧਾ ਗਿਰਿ ਤਰ
ਸਿਖੰਡੰ ॥ ਘਟੰਤ ਲਲਨਾ[੩੮] ਸੁਤ ਭ੍ਰਾਤ ਹੀਤੰ ॥ ਘਟੰਤ ਕਨਿਕ[੩੯] ਮਾਨਿਕ
ਮਾਇਆ ਸ੍ਵਰੂਪੰ ॥ ਨਹ ਘਟੰਤ ਕੇਵਲ ਗੋਪਾਲ ਅਚੁਤ[੪੦] ॥ ਅਸਥਿਰੰ ਨਾਨਕ
ਸਾਧ ਜਨ ॥ ੯ ॥ ::[੪੧]ਨਹ ਬਿਲੰਬ ਧਰਮੰ ਬਿਲੰਬ ਪਾਪੰ ॥ ਦ੍ਰਿੜੰਤ ਨਾਮੰ
ਤਜੰਤ ਲੋਭੰ ॥ ਸਰਣਿ ਸੰਤੰ ਕਿਲਬਿਖ[੪੨] ਨਾਸੰ [੪੩]ਪ੍ਰਾਪਤੰ ਧਰਮ ਲਖੵਿਣ ॥
ਨਾਨਕ ਜਿਹ ਸੁਪ੍ਰਸੰਨ ਮਾਧਵਹ[੪੪] ॥ ੧੦ ॥ [੪੫]ਮਿਰਤ ਮੋਹੰ ਅਲਪ
ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ[੪੬] ॥ ਜੌਬਨ ਬਹਿਕ੍ਰਮ[੪੭] ਕਨਿਕ ਕੁੰਡਲਹ ॥

੧ ਰਾਤ । ੨ ਮੂਰਖ ।
੩ ਮੌਤ ਤਾਂ ਆ ਪਹੁੰਚੀ ਆ, ਭੱਜ ਕੇ ਕਿਥੇ ਜਾਵੇਂਗਾ?
੪ ਸਦਾ ਰਹਿਣ ਵਾਲੀ ।
੫ ਤੇਰੀ ।
੬ ਨਿਰਲੱਜ, ਬੇਗੈਰਤਾ ।
੭ ਲਿਆ । ਦਿਲ ਵਿੱਚ ਵਸਾ ।
੮ ਕਹਿੰਦਾ ਹੈ ।
੯ ਟਿਕ । ਇਸ ਤਰ੍ਹਾਂ ਦੇ ਜੀਵਨ ਵਿੱਚ ਟਿਕ ।
੧੦ ਜਿਵੇਂ ਪੁਰਾਣੇ ਜ਼ਮਾਨੇ ਵਿੱਚ ਪ੍ਰਾਕ੍ਰਿਤ ਦੇ ਮੁਕਾਬਲੇ ਤੇ ਸੰਸਕ੍ਰਿਤ ਹੁੰਦੀ ਸੀ ਤਿਵੇਂ ਗੁਰੂ ਸਾਹਿਬ ਦੇ ਵਕਤ ਆਮ ਪ੍ਰਾਂਤਿਕ ਬੋਲੀਆਂ ਦੇ ਮੁਕਾਬਲੇ ਵਿੱਚ ਇਕ ਬਣਾਉਟੀ ਜਹੀ ਬੋਲੀ ਪ੍ਰਚੱਲਤ ਸੀ ਜਿਸ ਨੂੰ 'ਗਾਥਾ' ਜਾਂ ਸਹਸਕ੍ਰਿਤੀ ਕਹਿੰਦੇ ਸਨ । ਇਹ ਸਾਧਾਂ ਸੰਤਾਂ ਦੇ ਡੇਰਿਆਂ ਉੱਤੇ ਸਾਰੇ ਹਿੰਦ ਵਿੱਚ ਸਮਝੀ ਜਾਂਦੀ ਸੀ । ਇਹ ਵੱਖੋ ਵੱਖਰੇ ਸੂਬਿਆਂ ਦੀਆਂ ਬੋਲੀਆਂ ਦੇ ਵਿਆਕਰਣ ਵਖੇਵਿਆਂ ਤੋਂ ਆਜ਼ਾਦ ਹੁੰਦੀ ਸੀ । ਮਸਲਨ, ਕਰਤੇ ਹੈਂ ਕਰਦੇ ਹਨ ਆਦਿ ਪ੍ਰਾਂਤਿਕ ਰੂਪਾਂ ਦੀ ਥਾਂ 'ਕਰੰਤਿ' ਹੀ ਕੰਮ ਦੇ ਜਾਂਦਾ ਸੀ ।
੧੧ ਇਸ ਸ਼ਲੋਕ ਦੇ ਅਰਥਾਂ ਲਈ ਵੇਖੋ ਆਸਾ ਦੀ ਵਾਰ, ਪੰਨਾ ੪੭੦, ਫੁਟ ਨੋਟ ¶ ।
੧੨ ਦੇਖੋ ਪੰ: ੧੩੫੧, ਨੋਟ ੪੫ ।
੧੩ ਇਹ ਸ਼ਲੋਕ ਵਾਰ ਮਾਝ, ਪੌ: ੨੩ ਦੇ ਨਾਲ ਮ: ੨ ਦਾ ਕਰ ਕੇ ਦਿੱਤਾ ਹੈ । ਦੇਖੋ ਪੰ: ੧੪੮ । (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਇਸ ਸ਼ਲੋਕ ਦੇ ਪਹਿਲਾਂ "੧ੴ" ਦਿੱਤਾ ਹੋਇਆ ਹੈ)।
੧੪ ਉਸ ਦਾ ।
੧੫ ਜਦ ਤਾਈਂ ਉਸ ਦਾ ਜਨਮ ਤਦ ਤੱਕ ਨਿਸਫਲ ਹੈ ਜਦ ਤੱਕ ਹਰੀ ਨੂੰ ਨਹੀਂ ਬੁਝਦਾ ਸੰਸਾਰ-ਸਮੁੰਦਰ ਦੀ ਨਿਆਈਂ ਹੈ ਤੇ ਇਸ ਨੂੰ ਕੋਈ ਵਿਰਲਾ ਹੀ ਤਰਦਾ ਹੈ ।
੧੬ ਸ਼ਕਤੀ ।
੧੭ ਇਸ ਸ਼ਲੋਕ ਦੇ ਅਰਥਾਂ ਲਈ ਦੇਖੋ ਆਸਾ ਦੀ ਵਾਰ ਪੰ: ੪੬੯ । ਉਥੇ ਇਹ ਸ਼ਲੋਕ ਮ: ੨ ਦਾ ਕਰ ਕੇ ਦਿੱਤਾ ਹੈ ।
੧੮ ਇਹ ਸ਼ਲੋਕ ਆਸਾ ਦੀ ਵਾਰ ਵਿੱਚ ਮ: ੨ ਦਾ ਕਰ ਕੇ ਦਿੱਤਾ ਹੈ । ਦੇਖੋ ਪੰ: ੪੬੯ ।
੧੯ ਕਦ ਦੀ ? ਕੌਣ ਕਿਸੇ ਦੀ ਮਾਤਾ ਹੈ ?
੨੦ ਇਸਤ੍ਰੀਆਂ ਨਾਲ ਕੌਤਕ (ਭੋਗ ਅਨੰਦ ਆਦਿ) ਤੇ ਸੁਤ (ਪੁਤ੍ਰਾਂ) ਦੇ ਸੰਬੰਧ ਕਦ ਦੇ ਹਨ ?

* ਸਾਕਾਂ ਸੰਬੰਧੀਆਂ ਦਾ ਪਿਆਰ ਹਰੀ ਦੇ ਪਿਆਰ ਦੇ ਮੁਕਾਬਲੇ ਵਿੱਚ ਕੁਝ ਨਹੀਂ (੧-੨) ।

ਨਿਸਿ[੧] ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ[੨] ॥ [੩]ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥ ੧ ॥ ਰਹਾਉ ॥ ਅਸਥਿਰੁ[੪] ਜੋ ਮਾਨਿਓ ਦੇਹ ਸੋ ਤਉ ਤੇਰਉ[੫] ਹੋਇ ਹੈ ਖੇਹ ॥ ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ[੬] ਰੇ ॥ ੧ ॥ ਰਾਮ ਭਗਤਿ ਹੀਏ ਆਨਿ[੭] ਛਾਡਿ ਦੇ ਤੈ ਮਨ ਕੋ ਮਾਨੁ ॥ ਨਾਨਕ ਜਨ ਇਹ ਬਖਾਨਿ[੮] ਜਗ ਮਹਿ ਬਿਰਾਜੁ[੯] ਰੇ ॥ ੨ ॥ ੪ ॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸਲੋਕ ਸਹਸਕ੍ਰਿਤੀ[੧੦] ਮਹਲਾ ੧ ॥

[੧੧]ਪੜ੍ਹਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥ ਕਹੁ ਨਾਨਕ ਨਿਸਚੌ ਧ੍ਹਿਾਵੈ ॥ [੧੨]ਬਿਨੁ ਸਤਿਗੁਰ ਬਾਟ ਨ ਪਾਵੈ ॥ ੧ ॥ [੧੩]ਨਿਹਫਲੰ ਤਸ੍ਯ[੧੪] ਜਨਮਸ੍ਯ [੧੫]ਜਾਵਦ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ[੧੬] ਰਖੀ ਧਾਰਿ ॥ ੨ ॥ [੧੭]ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥ ਖ੍ਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥ [੧੮]ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾਤ ਆਤਮਹ ॥ ਆਤਮੰ ਸ੍ਰੀ ਬਾਸ੍ਵਦੇਵਸ੍ਯ ਜੇ ਕੋਈ ਜਾਨਸਿ ਭੇਵ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥

ਸਲੋਕ ਸਹਸਕ੍ਰਿਤੀ[੧੦] ਮਹਲਾ ੫

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*ਕਤੰਚ[੧੯] ਮਾਤਾ ਕਤੰਚ ਪਿਤਾ ਕਤੰਚ [੨੦]ਬਨਿਤਾ ਬਿਨੋਦ ਸੁਤਹ ॥ ਕਤੰਚ

੧ ਤੇਰੇ ਕਰਨ ਲਈ ਇਹੋ ਕੰਮ ਹੈ ।
੨ ਜਗਤ ਦੇ ਸੁਖਾਂ ਨੂੰ ਝੂਠੇ ਸਮਝ ।
੩ ਧਰਤੀ । ਧਰਤੀ ਦਾ ਰਾਜ ਰੇਤ ਦੀ ਕੰਧ ਵਤ ਹੈ ।
੪ ਸਰੀਰ ।
੫ ਕਲ੍ਹ ਦਾ ਸਮਾਂ ਬੀਤ ਗਿਆ ਹੈ, ਤਿਵੇਂ ਅੱਜ ਦਾ ਬੀਤ ਰਿਹਾ ਹੈ ।
੬ ਬੀਤ ਰਿਹਾ ਹੈ ।
੭ ਦੇਰ, ਢਿਲ ।
੮ ਓਲੇ, ਗੜੇ । ਸਰੀਰ ਗੜੇ ਵਾਂਗ ਗਲ ਜਾਣ ਵਾਲਾ ਹੈ ।
੯ ਛੱਡ ਦੇ ।
੧੦ ਮਾਇਕ ਵਿਸ਼ੇ ਨੂੰ ਵਿਹੁ ਵਾਕੁਰ ਛੱਡ ਦੇ ।
੧੧ ਹਿਰਦੇ ਵਿੱਚ ।
੧੨ ਸਮਾਂ । ਮੌਕਾ ਲੰਘ ਰਿਹਾ ਹੈ ।
੧੩ ਕੀ ਹਾਲ ?
੧੪ ਕੰਨਾਂ ਨਾਲ ।
੧੫ ਉਲਟਾਈ ।
੧੬ ਇਸਤ੍ਰੀ ਦੇ ਸੁਖਾਂ ਹਿਤ ਤੂੰ ਅਧੀਨ ਹੋਇਆ ਹੈਂ। (ਕਈਆਂ ਬੀੜਾਂ ਵਿੱਚ ਪਾਠ 'ਸੁਖ' ਦੀ ਥਾਂ 'ਸੁਤ' ਹੈ ।)
੧੭ ਪੈਰਾਂ ਵਿੱਚ ਬੇੜੀ ਪੈ ਗਈ ਹੈ ।
੧੮ [ਮੁਰ ਰਾਖਸ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।
੧੯ ਬੇਅਰਥ ।

* (ਇਸ ਰਾਗ ਦੇ ਸ਼ਬਦ ਕਈ ਲਿਖਤੀ ਬੀੜਾਂ ਵਿੱਚ ਰਾਗ ਜੈਤਸਰੀ ਤੋਂ ਉਪਰੰਤ ਦਿੱਤੇ ਹੁੰਦੇ ਹਨ ।) ਇਨ੍ਹਾਂ ਚਵ੍ਹਾਂ ਸ਼ਬਦਾਂ ਵਿੱਚ ਮਾਇਆ ਦੇ ਰਸਾਂ ਵੱਲੋਂ ਉਪ੍ਰਾਮ ਕਰ ਕੇ ਹਰੀ ਦੀ ਭਗਤੀ ਵੱਲ ਪ੍ਰੇਰਦੇ ਹਨ ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਜੈਜਾਵੰਤੀ ਮਹਲਾ ੯ ॥

*ਰਾਮੁ ਸਿਮਰਿ ਰਾਮੁ ਸਿਮਰਿ [੧]ਇਹੈ ਤੇਰੈ ਕਾਜਿ ਹੈ ॥ ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥ [੨]ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥ ੧ ॥ ਰਹਾਉ ॥ ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥ ਬਾਰੂ ਕੀ ਭੀਤਿ ਜੈਸੇ ਬਸੁਧਾ[੩] ਕੋ ਰਾਜੁ ਹੈ ॥ ੧ ॥ ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ[੪] ॥ ਛਿਨੁ ਛਿਨੁ ਕਰਿ [੫]ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥ ੨ ॥ ੧ ॥ ਜੈਜਾਵੰਤੀ ਮਹਲਾ ੯ ॥ ਰਾਮੁ ਭਜੁ ਰਾਮੁ ਭਜੁ ਜਨਮੁ [੬]ਸਿਰਾਤੁ ਹੈ ॥ ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ ॥ ਬਿਨਸਤ ਨਹ ਲਗੈ ਬਾਰ[੭] ਓਰੇ[੮] ਸਮ ਗਾਤੁ[੪] ਹੈ ॥ ੧ ॥ ਰਹਾਉ ॥ ਸਗਲ ਭਰਮ [੯]ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ ॥ ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥ ੧ ॥ [੧੦]ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ[੧੧] ਧਾਰਿ ॥ ਨਾਨਕ ਜਨ ਕਹਿ ਪੁਕਾਰਿ ਅਉਸਰੁ[੧੨] ਬਿਹਾਤੁ ਹੈ ॥ ੨ ॥ ੨ ॥ ਜੈਜਾਵੰਤੀ ਮਹਲਾ ੯ ॥ ਰੇ ਮਨ [੧੩]ਕਉਨ ਗਤਿ ਹੋਇ ਹੈ ਤੇਰੀ ॥ ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸੁਨਿਓ ਕਾਨਿ[੧੪] ॥ ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ[੧੫] ॥ ੧ ॥ ਰਹਾਉ ॥ ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ ॥ [੧੬]ਦਾਰਾ ਸੁਖ ਭਇਓ ਦੀਨੁ [੧੭]ਪਗਹੁ ਪਰੀ ਬੇਰੀ ॥ ੧ ॥ ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ ॥ ਸਿਮਰਤ ਨਹ ਕਿਉ ਮੁਰਾਰਿ[੧੮] ਮਾਇਆ ਜਾ ਕੀ ਚੇਰੀ ॥ ੨ ॥ ੩ ॥ ਜੈਜਾਵੰਤੀ ਮਹਲਾ ੯ ॥ ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ[੧੯] ਰੇ ॥

੧ ਉੱਤਮ ਪੁਰਖ ਹਰੀ ਨੂੰ ।
੨ ਉਸ ਦੀ ।
੩ ਅਬਿਨਾਸੀ, ਅਟੱਲ ।
੪ ਅਸਚਰਜ ਰੂਪ ।
੫ ਚੰਗੀ ਤਰ੍ਹਾਂ ਅੰਦਰ ।
੬ ਵਿਆਪਕ ।
੭ ਕਿਹਾ ਗਿਆ ਹੈ ।
੮ ਪ੍ਰਗਟ ਹੋ ਰਿਹਾ ਹੈ । ਦੇਖੋ ਪੰ: ੪੫੩, ਨੋਟ ੩ ।
੯ ਹੁਕਮ ।
੧੦ ਬਿਰਛ ।
੧੧ ਵਿਖੇ, ਵਿੱਚ । ਬਾਵਨ (ਚੰਦਨ ਦਾ) ਰੁੱਖ ਬਨ ਵਿੱਚ ਹੈ; ਉਸ ਦੀ ਖੁਸ਼ਬੋ ਤੋਂ ਸੁਖ ਹੋ ਰਿਹਾ ਹੈ । ਸਭ ਦਾ ਆਦਿ ਹੋਣ ਕਰ ਕੇ ਜੋ ਪਰਮਲ (ਚੰਦਨ) ਆਦਿਕ ਦਾ ਭੀ ਮੁੱਢ ਹੈ; ਉਸ ਤੋਂ ਸਭ ਲੱਕੜਾਂ ਚੰਦਨ ਹੋ ਜਾਂਦੀਆਂ ਹਨ; ਭਾਵ ਉਨ੍ਹਾਂ ਦੀ ਸੁਗੰਧਤਾ ਹਰੀ ਤੋਂ ਨਿਕਲਦੀ ਹੈ।
੧੨ ਸੋਨਾ ।
੧੩ ਕੁਲ ਰਹਿਤ ।
੧੪ ਖੇਲ ।
੧੫ ਅਤੇ ਜੋ ਮੈਂ ਕਰਦਾ ਹਾਂ ਉਹ ਉਸ ਨੂੰ ਪਤਾ ਹੁੰਦਾ ਹੈ ।
੧੬ ਜਿਵੇਂ ਮਿੱਟੀ ਤੋਂ ਘੜਾ ਬਣਦਾ ਹੈ, ਤਿਵੇਂ ਹਰੀ ਹੀ ਅੱਡਰੇ-ਅੱਡਰੇ ਰੂਪਾਂ ਵਿੱਚ ਦਿਸ ਰਿਹਾ ਹੈ ।
੧੭ ਵਾਹਿਗੁਰੂ । ਦੇਖੋ ਪੰ: ੧੧੯੬, ਨੋਟ ੪ ।
੧੮ ਕਰਮ ਜੀਵਾਂ ਨੂੰ ਬੰਧਨ ਹੋ ਢੁਕਦੇ ਹਨ, ਪਰ ਇਹ ਸਭ ਹਰੀ ਆਪ ਕਰਦਾ ਹੈ ।
੧੯ ਬੇਨਤੀ ਕਰਦਾ ਹੈ ।
੨੦ ਜੋ ਭਾਵਨਾ ਹੁੰਦੀ ਹੈ ਸੋ ਫਲ ਲੈਂਦਾ ਹੈ ।
੨੧ ਜੇ ਅਕੁਲ ਹਰੀ ਵਿੱਚ ਰਹੇ ਤਾਂ ਅਮਰ ਹੋ ਜਾਂਦਾ ਹੈ ।
੨੨ ਇਕ ਭਗਤ ਹੋਇਆ ਹੈ । ਦੇਖੋ ਭਾ: ਗੁਰਦਾਸ ਵਾਰ ੧੦, ਪੌੜੀ ੧੪ ।
੨੩ ਮੱਥੇ 'ਤੇ ।
੨੪ ਪਤੇ ।
੨੫ ਹਿਰਦੇ ਅੰਦਰ ਇਉਂ ਹੋ ਰਿਹਾ ਹੈ; ਜਿਵੇਂ ਹੱਥ ਦੀ ਤਲੀ ਵਿੱਚ ਛੁਰੀ ਪਕੜੀ ਹੁੰਦੀ ਹੈ ।
੨੬ ਠੱਗ ਦ੍ਰਿਸ਼ਟੀ ਹੈ ਤੇ ਬਗਲੇ ਵਾਂਗ ਮੋਨਧਾਰੀ ਹੈ ।
੨੭ ਦੇਖਣ ਵਿੱਚ ਤਾਂ ਵੈਸ਼ਨੋ ਪ੍ਰਤੀਤ ਹੁੰਦਾ ਹੈ ਤੇ ਇਉਂ ਸ਼ਾਂਤ ਲੱਗਦਾ ਹੈ ਜਿਵੇਂ ਮੂੰਹ ਵਿੱਚੋਂ ਸੁਆਸ ਨੱਸ ਗਏ ਹਨ ।
੨੮ ਸੋਹਣੇ ਭਗਤ ਨੂੰ ਚਿਰ ਤੱਕ ਬੰਦਨਾ (ਨਮਸਕਾਰ) ਕਰਦਾ ਹੈ, ਪਰ ਦ੍ਰਿਸ਼ਟੀ (ਨਜ਼ਰ) ਖੋਟੀ ਹੈ ।
੨੯ ਰਾਤ, ਭਾਵ ਸਦਾ ਝਗੜੇ ਕਰਦਾ ਰਹਿੰਦਾ ਹੈ ।
੩੦ ਹਰ ਰੋਜ਼ ।
੩੧ ਦੋ ਧੋਤੀਆਂ ਬੰਨ੍ਹਦਾ ਤੇ ਹੋਰ ਕਰਮ ਕਰਦਾ ਹੈ ਤੇ ਮੂੰਹ ਵਿੱਚ ਦੁੱਧ ਹੈ, ਭਾਵ ਦੁਧਾਧਾਰੀ ਹੈ ।
੩੨ ਰਿਦੇ ਵਿੱਚ ਛੁਰੀ ਖਿੱਚੀ ਹੋਈ ਹੈ ।
੩੩ ਪਰਾਇਆ ਧਨ ਚੁਰਾਣ ਦੀ ਆਦਤ ਹੈ ।
੩੪ ਗਣੇਸ਼ ਦੇ ਨਿਸ਼ਾਨ ਲਾਉਂਦਾ ਹੈ ।
੩੫ ਭਗਤੀ ਦੇ ਅੰਦਰ ਪ੍ਰਵੇਸ਼ ਕਰ ਕੇ ਰਾਤ ਜਾਗਦਾ ਹੈ ।
੩੬ ਪੈਰ ।
੩੭ ਮਾੜੇ ਕਰਮਾਂ ਵਿੱਚ ।
੩੮ ਹੇ ਲੋਭੀ !
੩੯ ਉੱਜਲ ਹੱਥਾਂ ਨਾਲ ਮੱਥੇ 'ਤੇ ਤਿਲਕ ਲਾਂਦਾ ਹੈ।
੪੦ ਗਲੇ ਵਿੱਚ ਰੁਦ੍ਰਾਖ ਦੀ ਮਾਲਾ ਪਾਈ ਸੁ । ਰੁਦ੍ਰਾਖ= ਰੁਦ੍ਰ ਦੀ ਅੱਖ ਵਾਕੁਰ ਜਿਸ ਦਾ ਫਲ ਹੈ । ਸ਼ੈਵ ਲੋਕ ਇਸ ਦੀ ਮਾਲਾ ਪਾਂਦੇ ਹਨ ।
੪੧ ਕ੍ਰਿਸ਼ਨ ਨੂੰ ਆਖ ਨਹੀਂ ਰਿਹਾ ਸਗੋਂ ਇਸ ਦੇ ਉਲਟ ਕੁਝ ਕਰ ਰਿਹਾ ਹੈ ।
੪੨ ਸਮਝਿਆ ।
੪੩ ਅੰਨ੍ਹੇ (ਕਰਮ ਧਰਮ) ।
੪੪ ਗੁਰੂ ਦੁਆਰਾ ।
੪੫ ਰਸਤਾ । ਦੇਖੋ ਪੰ: ੧੩੫੩, ਨੋਟ ੧੨ ।

* ਸਭ ਦਾ ਆਦਿ ਹਰੀ ਸਭ ਦੇ ਅੰਦਰ ਵਸਦਾ ਹੈ । ਉਹ ਚੰਦਨ ਹੈ ਜਿਸ ਤੋਂ ਸਭ ਜੀਵ ਸੁਗੰਧਤ ਹੁੰਦੇ ਹਨ । ਉਹ ਪਾਰਸ ਭੀ ਹੈ ਜਿਸ ਦੀ ਛੁਹ ਨਾਲ ਲੋਹੇ ਵਤ ਕਰੜੇ ਜੀਵ ਸੋਨਾ ਬਣ ਜਾਂਦੇ ਹਨ ।

† ਹਰੀ ਸਭ ਦੀ ਅੰਦਰਲੀ ਜੋਤਿ ਹੈ, ਇਸ ਲਈ ਜੋ ਕੁਝ ਅਸੀਂ ਕਰਦੇ ਹਾਂ, ਉਹ ਜਾਣਦਾ ਹੈ, ਬਲਕਿ ਕਰਦਾ ਹੀ ਉਹ ਆਪ ਹੈ ।

‡ ਪਾਖੰਡੀ ਵੈਸ਼ਨਵਾਂ, ਸ਼ੈਵਾਂ ਅਤੇ ਹੋਰ ਸਾਧੂਆਂ ਦੇ ਬਾਹਰਲੇ ਕਰਮਾਂ ਧਰਮਾਂ ਨੂੰ ਰੱਦ ਕਰ ਕੇ ਆਤਮ ਤੱਤ ਦ੍ਰਿੜ੍ਹਾਉਂਦੇ ਹਨ, ਜਿਸ ਦੀ ਸੂਝ ਗੁਰੂ ਤੋਂ ਹੁੰਦੀ ਹੈ ।

ਬੀਚਾਰੀ ॥ ੩ ॥ ਜੋ ਜਨ ਜਾਨਿ ਭਜਹਿ ਪੁਰਖੋਤਮੁ[੧] ਤਾ ਚੀ[੨] ਅਬਿਗਤੁ[੩] ਬਾਣੀ ॥ ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ[੪] ॥ ੪ ॥ ੧ ॥ ਪ੍ਰਭਾਤੀ * ॥ ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥ ਸਰਬ ਨਿਰੰਤਰਿ[੫] ਰਾਮੁ ਰਹਿਆ ਰਵਿ[੬] ਐਸਾ ਰੂਪੁ ਬਖਾਨਿਆ[੭] ॥ ੧ ॥ ਗੋਬਿਦੁ ਗਾਜੈ[੮] ਸਬਦੁ[੯] ਬਾਜੈ ਆਨਦ ਰੂਪੀ ਮੇਰੋ ਰਾਮਈਆ ॥ ੧ ॥ ਰਹਾਉ ॥ ਬਾਵਨ ਬੀਖੂ[੧੦] ਬਾਨੈ ਬੀਖੇ[੧੧] ਬਾਸੁ ਤੇ ਸੁਖ ਲਾਗਿਲਾ ॥ ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥ ੨ ॥ ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ[੧੨] ਭੈਇਲਾ ॥ ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ ॥ ੩ ॥ ੨ ॥ ਪ੍ਰਭਾਤੀ † ॥ ਅਕੁਲ[੧੩] ਪੁਰਖ ਇਕੁ [੧੪]ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥ ੧ ॥ ਜੀਅ ਕੀ ਜੋਤਿ ਨ ਜਾਨੈ ਕੋਈ ॥ [੧੫]ਤੈ ਮੈ ਕੀਆ ਸੁ ਮਾਲੂਮੁ ਹੋਈ ॥ ੧ ॥ ਰਹਾਉ ॥ [੧੬]ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ[੧੭] ਦੇਉ ॥ ੨ ॥ [੧੮]ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥ ੩ ॥ ਪ੍ਰਣਵਤਿ[੧੯] ਨਾਮਦੇਉ ਇਹੁ ਜੀਉ [੨੦]ਚਿਤਵੈ ਸੁ ਲਹੈ ॥ [੨੧]ਅਮਰੁ ਹੋਇ ਸਦ ਆਕੁਲ ਰਹੈ ॥ ੪ ॥ ੩ ॥

ਪ੍ਰਭਾਤੀ ਭਗਤ ਬੇਣੀ[੨੨] ਜੀ ਕੀ   ੧ਓ ਸਤਿਗੁਰ ਪ੍ਰਸਾਦਿ ॥

‡ਤਨਿ ਚੰਦਨੁ ਮਸਤਕਿ[੨੩] ਪਾਤੀ[੨੪] ॥ [੨੫]ਰਿਦ ਅੰਤਰਿ ਕਰ ਤਲ ਕਾਤੀ ॥ [੨੬]ਠਗ ਦਿਸਟਿ ਬਗਾ ਲਿਵ ਲਾਗਾ ॥ [੨੭]ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥ ੧ ॥ ਕਲਿ[੨੮] ਭਗਵਤ ਬੰਦ ਚਿਰਾਂਮੰ ॥ ਕ੍ਰੂਰ ਦਿਸਟਿ ਰਤਾ [੨੯]ਨਿਸਿ ਬਾਦੰ ॥ ੧ ॥ ਰਹਾਉ ॥ ਨਿਤਪ੍ਰਤਿ[੩੦] ਇਸਨਾਨੁ ਸਰੀਰੰ ॥ [੩੧]ਦੁਇ ਧੋਤੀ ਕਰਮ ਮੁਖਿ ਖੀਰੰ ॥ [੩੨]ਰਿਦੈ ਛੁਰੀ ਸੰਧਿਆਨੀ ॥ [੩੩]ਪਰ ਦਰਬੁ ਹਿਰਨ ਕੀ ਬਾਨੀ ॥ ੨ ॥ ਸਿਲ ਪੂਜਸਿ [੩੪]ਚਕ੍ਰ ਗਣੇਸੰ ॥ [੩੫]ਨਿਸਿ ਜਾਗਸਿ ਭਗਤਿ ਪ੍ਰਵੇਸੰ ॥ ਪਗ[੩੬] ਨਾਚਸਿ ਚਿਤੁ ਅਕਰਮੰ[੩੭] ॥ [੩੮]ਏ ਲੰਪਟ ਨਾਚ ਅਧਰਮੰ ॥ ੩ ॥ ਮ੍ਰਿਗ ਆਸਣੁ ਤੁਲਸੀ ਮਾਲਾ ॥ [੩੯]ਕਰ ਊਜਲ ਤਿਲਕੁ ਕਪਾਲਾ ॥ ਰਿਦੈ ਕੂੜੁ [੪੦]ਕੰਠਿ ਰੁਦ੍ਰਾਖੰ ॥ ਰੇ ਲੰਪਟ [੪੧]ਕ੍ਰਿਸਨੁ ਅਭਾਖੰ ॥ ੪ ॥ ਜਿਨਿ ਆਤਮ ਤਤੁ ਨ ਚੀਨ੍ਹਿਆ[੪੨] ॥ ਸਭ ਫੋਕਟ ਧਰਮ ਅਬੀਨਿਆ[੪੩] ॥ ਕਹੁ ਬੇਣੀ ਗੁਰਮੁਖਿ[੪੪] ਧਿਆਵੈ ॥ ਬਿਨੁ ਸਤਿਗੁਰ ਬਾਟ[੪੫] ਨ ਪਾਵੈ ॥ ੫ ॥ ੧ ॥

੧ ਇਸ ਵਿੱਚ ਸ੍ਰਿਸ਼ਟੀ ਦੀ ਅਸਲੀਅਤ ਦੱਸੀ ਹੈ ਕਿ ਇਹ ਕਰਤਾਰ ਤੋਂ ਵੱਖਰੀ ਨਹੀਂ; ਸਗੋਂ ਇਹ ਹਭਥੇ ਕਰਤਾਰ ਨਾਲ ਭਰਪੂਰ ਹੈ ।

੨ ਥਾਈਂ ।

੩ ਮਿੱਟੀ ਇਕ ਹੀ ਹੈ, ਪਰ ਸਿਰਜਣਹਾਰ ਨੇ ਕਈ, ਤਰ੍ਹਾਂ ਨਾਲ ਬਣਾਈ ਹੈ, ਭਾਵ ਇਸ ਇਕੋ ਮਿੱਟੀ ਤੋਂ ਤਰ੍ਹਾਂ-ਤਰ੍ਹਾਂ ਦੀਆਂ ਸ਼ਕਲਾਂ ਘੜੀਆਂ ਹਨ ।

੪ ਨੁਕਸ ।

੫ ਕੁਮਿਹਾਰ, ਘੜਨਹਾਰ-ਵਾਹਿਗੁਰੂ ਵਿੱਚ ।

੬ ਮੈਂ ਗੁੰਗੇ ਨੂੰ ਗੁਰੂ ਨੇ ਗੁੜ ਦਿੱਤਾ ਹੈ, ਜਿਸ ਦਾ ਸ੍ਵਾਦ ਮੈਂ ਨਹੀਂ ਦੱਸ ਸਕਦਾ ।

੭ ਸ਼ੱਕ, ਸੰਸਾ ।

੮ ਹਰ ਥਾਂ ਨਿਰਲੇਪ ਹਰੀ ਹੀ ਦੇਖਿਆ ।

੯ ਵੇਦ=ਹਿੰਦੂਆਂ ਦੀਆਂ ਕਿਤਾਬਾਂ, ਕਤੇਬ= ਮੁਸਲਮਾਨਾਂ ਦੀਆਂ ਕਿਤਾਬਾਂ ।

੧੦ ਤੂੰ ਦੱਸ, ਕੀ ਇਹ ਖ਼ੁਦਾ ਦਾ ਨਿਆਉਂ ਹੈ ?

੧੧ ਲਿਆਂਦਾ ।

੧੨ [ਜਾਨਵਰ ਨੂੰ ਜ਼ਿਬਹ ਕਰਨ ਵੇਲੇ ਮੁਸਲਮਾਨ 'ਬਿਸਮਿਲਾ' ਕਹਿੰਦੇ ਹਨ, ਇਸ ਲਈ ਕੁਹੀਣ ਦੀ ਹਾਲਤ ਨੂੰ ਭੀ 'ਬਿਸਮਿਲਾ' ਕਹਿੰਦੇ ਹਨ] ਕੋਹਿਆ।

੧੩ ਅਨਾਹਤ ਸਰੂਪ ਵਿੱਚ, ਨਾ ਮਰਨ ਵਾਲੇ ਹਰੀ ਵਿੱਚ। ਉਸ ਜੀਵ ਦੀ ਜੋਤ ਅਮਰ ਹਰੀ ਨਾਲ ਮਿਲ ਜਾਂਦੀ ਹੈ । ਹਲਾਲ, ਫਿਰ, ਕਿਹੜੀ ਚੀਜ਼ ਹੋਈ ?

੧੪ [ਅ.] ਨਮਾਜ਼ ਪੜ੍ਹਨ ਲਈ ਹੱਥ ਪੈਰ ਧੋਣ ਦੀ ਕਿਰਿਆ ।

੧੫ ਨਿਵਾਇਆ (ਕਈਆਂ ਬੀੜਾਂ ਵਿੱਚ ਪਾਠ 'ਨਾਇਆ' ਹੈ)।

੧੬ ਜੇ ਦਿਲ ਵਿੱਚ ਧੋਖਾ ਹੈ, ਤਾਂ ਕੀਹ ਨਮਾਜ਼ ਪੜ੍ਹਦੇ ਹੋ ਤੇ ਕੀਹ ਹਜ ਕੀਤਾ ਜਾਂ ਕੀਹ ਕਾਹਬੇ ਗਏ ?

੧੭ ਪਵਿੱਤਰ ਹਰੀ । ੧੮ ਭੇਦ ।

੧੯ ਬਹਿਸ਼ਤ ਤੋਂ ਰਹਿ ਗਿਆ ।

੨੦ ਤੇਰੀ ਸੰਧਿਆ ਸੁੰਨ ਦੀ ਹੈ। ਹੇ ਦੇਵ ! ਹੇ ਦੇਵਾਕਰ (ਚਾਨਣ ਦੀ ਖਾਣ) ! ਹੇ ਅਧਪਤਿ (ਮਾਲਕ) ! ਹੇ ਆਦਿ ! ਹੇ ਸਮਾਈ (ਵਿਆਪਕ ਹਰੀ) ! ਤੇਰੀ ਸੰਧਿਆ ਪੂਜਾ ਇਹ ਹੀ ਹੈ ਕਿ ਮੈਂ ਸੁੰਨ (ਅਫੁਰ ਹਰੀ) ਵਿੱਚ ਰਹਾਂ ।

੨੧ ਹੇ ਭਾਈ ! ਆਓ ਮੈਂ ਤੁਹਾਨੂੰ ਨਿਰੰਜਨ ਪੁਰਖ ਦੀ ਆਰਤੀ ਦੱਸਾਂ: ਉਹ ਇਹ ਹੈ ਕਿ ਸਤਿਗੁਰੂ ਨੂੰ ਪੂਜੋ ।

੨੨ ਬ੍ਰਹਮਾ ਖਲੋਤਾ ਹੋਇਆ ਵੇਦਾਂ ਦਾ ਵਿਚਾਰ ਕਰਦਾ ਹੈ । ੨੩ ਗਿਆਨ ।

੨੪ ਸਰੀਰ ਅੰਦਰ ਤੇਰੇ ਨਾਮ ਦਾ ਚਾਨਣਾ ਦੀਪਕ ਹੈ।

੨੫ ਜਗਦੀਸ਼ ਦੀ ਜੋਤ ਨਾਲ ਇਹ ਦੀਪਕ ਬਾਲਿਆ ਹੈ।

੨੬ ਦੇਖੋ ਪੰ: ੧੨੦੧, ਨੋਟ ੬ ।

੨੭ ਦੇਖੋ ਪੰ: ੧੧੩੭, ਨੋਟ ੨੧ ।

੨੮ [ਜਿਸ ਦੇ ਹੱਥ ਵਿੱਚ ਧਰਤੀ ਹੈ] ਵਾਹਿਗੁਰੂ ।

੨੯ ਨਿਰਦੁੱਖ ਹਰੀ ।

੩੦ ਦੇਖੋ ਪੰ: ੧੧੬੩, ਨੋਟ ੨੪ ।

੩੧ [ਵਜਥਾ] ਦਿਲ ਦੇ ਦੁੱਖ ਦਾ ਹਾਲ ।

੩੨ ਜਾਂ । ਜਾਂ ਕਿਸੇ ਜਾਣੂ ਭਾਵ ਹਰੀ ਅੱਗੇ ਹੀ ਉਚਾਰਨ ਕਰੀਏ । ੩੩ ਜਪਦਾ ਹਾਂ ।

੩੪ ਮੈਨੂੰ ਕਿਉਂ ਡਰਨਾ ਚਾਹੀਦਾ ਹੈ ।

੩੫ ਵਿਨ੍ਹਿਆਂ ਹੈ ਮੈਨੂੰ ਉਸ ਹਰੀ ਨੇ ਜੋ ਸਰਬ ਵਿਆਪਕ ਹੈ ।

੩੬ ਮਨ ਹੀ ਹੱਟੀ ਹੈ, ਮਨ ਹੀ ਪਟਣ (ਨਗਰ) ਹੈ, ਮਨ ਦਾ ਹੀ ਸਾਰਾ ਖਿਲਾਰਾ ਹੈ ।

੩੭ ਮਨ ਹੀ ਕਈ ਰੰਗਾਂ ਵਿੱਚ ਵਸਦਾ ਤੇ ਸੰਸਾਰ ਵਿੱਚ ਇਧਰ-ਉਧਰ ਫਿਰਦਾ ਹੈ । ੩੮ ਮੁੱਕ ਗਈ।

੩੯ ਇਕ ਸਮਾਨ । ਉਸ ਨੂੰ ਸਭ ਹੁਕਮ ਹੀ ਦਿੱਸ ਰਿਹਾ ਹੈ ਤੇ ਨਿਰਭਉ ਹਰੀ ਨੂੰ ਇਕ ਸਮਾਨ ਸਮਝਦਾ ਹੈ ।

* ਲੋਕ ਆਪਣੀਆਂ ਧਰਮ ਪੁਸਤਕਾਂ ਦੇ ਅਸਲੀ ਭਾਵ ਨੂੰ ਸਮਝਦੇ ਨਹੀਂ ਤੇ ਐਵੇਂ ਪਏ ਝਗੜਦੇ ਹਨ । ਮਸਲਨ, ਮੁਸਲਮਾਨ ਕੁਰਬਾਨੀ ਉੱਤੇ ਜ਼ੋਰ ਦਿੰਦੇ ਹਨ । ਓਹ ਕਹਿੰਦੇ ਹਨ ਕਿ ਜੇ ਮੁਰਗੀ ਮਾਰਨ ਵੇਲੇ ਕਲਮਾ ਪੜ੍ਹੀਏ ਤਾਂ ਮੁਰਗੀ ਹਲਾਲ ਹੋ ਜਾਂਦੀ ਹੈ । ਜੇ ਅਲਹ ਸਭ ਥਾਂ ਹੈ ਤਾਂ ਮੁਰਗੀ ਵਿੱਚ ਭੀ ਹੋਇਆ, ਫਿਰ ਉਸ ਨੂੰ ਕਿਉਂ ਜ਼ਿਬਹ ਕਰਦੇ ਹਨ ? ਜ਼ਿਬਹ ਕਰਨ ਵੇਲੇ ਛੁਰੀ ਤਾਂ ਕੇਵਲ ਸਰੀਰ ਨੂੰ ਪਹੁੰਚਦੀ ਹੈ, ਅੰਦਰ ਦੀ ਜੋਤ ਤਾਂ ਅਨਾਹਤ ਹੈ, ਉਹ ਨਹੀਂ ਮਰ ਸਕਦੀ । ਫਿਰ ਹਲਾਲ ਕਿਸ ਨੂੰ ਕੀਤਾ ? ਇਸੇ ਤਰ੍ਹਾਂ ਮੁਸਲਮਾਨਾਂ ਦੀ ਨਮਾਜ਼ ਤੇ ਹਜ ਆਦਿ ਨੂੰ ਲੈ ਕੇ ਦੱਸਦੇ ਹਨ ਕਿ ਅੰਦਰਾ ਸ਼ੁੱਧ ਹੋਣ ਤੋਂ ਬਿਨਾਂ ਸਭ ਕਰਮ ਨਿਸਫਲ ਹਨ।

† ਹਿੰਦੂਆਂ ਦੀ ਨਕਲੀ ਆਰਤੀ ਦੀ ਥਾਂ ਅਸਲ ਆਰਤੀ ਕਰ ਕੇ ਦਸਦੇ ਹਨ ।

‡ ਜਦ ਤੋੜੀ ਸਭਥੇ ਹਰੀ ਦਾ ਹੁਕਮ ਵਰਤਦਾ ਨਾ ਦੇਖੀਏ, ਤਦ ਤੋੜੀ ਮਨ ਦੁਬਿਧਾ ਵਿੱਚ ਪਿਆ ਰਹਿੰਦਾ ਹੈ। ਮਨ ਦਾ ਟਿਕਾਉ ਗੁਰੂ ਦੇ ਉਪਦੇਸ਼ ਰਾਹੀਂ ਮਿਲਦਾ ਹੈ ।

[੧]ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ[੨] ॥ ੧ ॥ ਰਹਾਉ ॥ [੩]ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ[੪] ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ[੫] ॥ ੨ ॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥ ਅਲਹੁ ਅਲਖੁ ਨ ਜਾਈ ਲਖਿਆ [੬]ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ[੭] ਨਾਸੀ [੮]ਸਰਬ ਨਿਰੰਜਨੁ ਡੀਠਾ ॥ ੪ ॥ ੩ ॥ ਪ੍ਰਭਾਤੀ * ॥ [੯]ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥ ੧ ॥ ਮੁਲਾਂ [੧੦]ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥ ੧ ॥ ਰਹਾਉ ॥ ਪਕਰਿ ਜੀਉ ਆਨਿਆ[੧੧] ਦੇਹ ਬਿਨਾਸੀ ਮਾਟੀ ਕਉ [੧੨]ਬਿਸਮਿਲਿ ਕੀਆ ॥ ਜੋਤਿ [੧੩]ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥ ੨ ॥ ਕਿਆ ਉਜੂ[੧੪] ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ[੧੫] ॥ [੧੬]ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥ ੩ ॥ ਤੂੰ ਨਾਪਾਕੁ ਪਾਕੁ[੧੭] ਨਹੀ ਸੂਝਿਆ ਤਿਸ ਕਾ ਮਰਮੁ[੧੮] ਨ ਜਾਨਿਆ ॥ ਕਹਿ ਕਬੀਰ [੧੯]ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥ ੪ ॥ ੪ ॥ ਪ੍ਰਭਾਤੀ † ॥ [੨੦]ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥ ੧ ॥ [੨੧]ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥ [੨੨]ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥ ੧ ॥ ਰਹਾਉ ॥ ਤਤੁ[੨੩] ਤੇਲੁ ਨਾਮੁ ਕੀਆ ਬਾਤੀ [੨੪]ਦੀਪਕੁ ਦੇਹ ਉਜ੍ਯਾਰਾ ॥ [੨੫]ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥ ੨ ॥ [੨੬]ਪੰਚੇ ਸਬਦ ਅਨਾਹਦ[੨੭] ਬਾਜੇ ਸੰਗੇ ਸਾਰਿੰਗਪਾਨੀ[੨੮] ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ[੨੯] ॥ ੩ ॥ ੫ ॥

ਪ੍ਰਭਾਤੀ ਬਾਣੀ ਭਗਤ ਨਾਮਦੇਵ[੩੦] ਜੀ ਕੀ ੴ ਸਤਿਗੁਰ ਪ੍ਰਸਾਦਿ ॥

‡ਮਨ ਕੀ ਬਿਰਥਾ[੩੧] ਮਨੁ ਹੀ ਜਾਨੈ ਕੈ[੩੨] ਬੂਝਲ ਆਗੈ ਕਹੀਐ ॥ ਅੰਤਰਜਾਮੀ ਰਾਮੁ ਰਵਾਂਈ[੩੩] [੩੪]ਮੈ ਡਰੁ ਕੈਸੇ ਚਹੀਐ ॥ ੧ ॥ [੩੫]ਬੇਧੀਅਲੇ ਗੋਪਾਲ ਗੋੁਸਾਈ ॥ ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥ ੧ ॥ ਰਹਾਉ ॥ [੩੬]ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥ [੩੭]ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥ ੨ ॥ ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ[੩੮] ॥ ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ[੩੯]

੧ ਬੇਸੁਰ-ਪੁਣੇ ।
੨ ਉਲਟੇ ਹੋ ਕੇ ਤਪ ਕਰਨੇ ।
੩ ਸਵਾਰਦਾ ਹੈ ।
੪ ਉੱਚੀ ਤੋਂ ਉੱਚੀ ਸ਼ਾਂਤੀ ਵਾਲੀ ਹਾਲਤ ਵਿੱਚ ।
੫ ਮੰਗਦਾ ਹਾਂ ਚਰਨ-ਧੂੜੀ ।
੬ ਜੋ ਨੇੜੇ ਹੈ ।
੭ ਹੱਥ ।
੮ ਗੁਣਾਂ ਦੇ ਖ਼ਜ਼ਾਨੇ ।
੯ ਦੇਖੋ ਪੰਨਾ ੧੧੨੩, ਨੋਟ ੮ ।
੧੦ ਫ਼ਿਕਰ ।
੧੧ ਸਹਜ ਰੂਪ ਹਰੀ ਆਪਣੀ ਮੌਜ ਵਿੱਚ ਪ੍ਰਗਟ ਹੋਇਆ ।
੧੨ ਵਿਚਾਰ ਕਰਦਿਆਂ-ਕਰਦਿਆਂ ਰਾਮ ਨਾਮ ਰੂਪ ਰਤਨ ਮਿਲ ਗਿਆ ।
੧੩ ਜਿਥੇ ਅਨੰਦ ਹੋਵੇ ਉਥੋਂ ਦੁੱਖ ਦੂਰ ਹੋ ਜਾਂਦਾ ਹੈ।
੧੪ ਮਨ ਰੂਪ ਮਾਣਕ ਉਸ ਅਸਲੀਅਤ (ਹਰੀ) ਦੀ ਲਿਵ ਨਾਲ ਜੁੜ ਗਿਆ ਹੈ ।
੧੫ ਇਉਂ ਕਰ ਕੇ ।
੧੬ ਪਾਪ ।
੧੭ ਨਾਸ਼ ।
੧੮ ਮਨ ਜਗਤ ਦੇ ਜੀਵਨ (ਭਾਵ ਹਰੀ) ਵਿੱਚ ਲੀਨ ਹੋ ਗਿਆ ।
੧੯ ਹਿੰਦੂਆਂ ਦੇ ਖ਼ਿਆਲ ਅਨੁਸਾਰ ਹਰੀ ਨਾਮ ਮੂਰਤੀ ਵਿੱਚ ਰਹਿੰਦਾ ਹੈ, ਓਹ ਨਾਮ ਤੇ ਮੂਰਤੀ ਵਿੱਚ ਕੋਈ ਫ਼ਰਕ ਨਹੀਂ ਦੇਖਦੇ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਦੁਹੁ' ਹੈ) ।
੨੦ ਹੇ ਅਲਹ ਰਾਮ ! ਮੈਂ ਜੀਂਵਦਾ ਹਾਂ ਤੇਰੇ ਨਾਮ ਨਾਲ ।
੨੧ [ਅ. ਮਹਰਮਤ] ਮੇਹਰ, ਕਿਰਪਾ ।
੨੨ ਹਿੰਦੂਆਂ ਦੇ ਨਿਸਚੇ ਮੁਤਾਬਿਕ, ਹਰੀ ਦਾ ਘਰ ਦੱਖਣ ਦੇ ਇਲਾਕੇ ਵਿੱਚ ਹੈ, ਭਾਵ ਜਗਨ ਨਾਥ ਪੁਰੀ ਵਿੱਚ, ਜੋ ਬਨਾਰਸ ਤੋਂ ਦੱਖਣ ਵੱਲ ਹੈ ।
੨੩ ਦਿਲ ਹੀ ਦਿਲ ਵਿੱਚ; ਕੇਵਲ ਦਿਲ ਵਿੱਚ ਹੈ।
੨੪ ਇਕਾਦਸ਼ੀ ਵਰਤ ਜੋ ਮਹੀਨੇ ਵਿੱਚ ਦੋ ਵੇਰ ਤੇ ਵਰ੍ਹੇ ਵਿੱਚ ੨੪ ਵੇਰ ਹੁੰਦਾ ਹੈ ।
੨੫ ਮਹੀਨਾ ਰਮਜ਼ਾਨ ਦਾ । ਕਾਜ਼ੀ ਰੋਜ਼ੇ ਰਖਦੇ ਹਨ।
੨੬ ਬਾਕੀ ਯਾਰਾਂ ਮਹੀਨੇ ਲਾਂਭੇ ਕਰ ਦਿੰਦੇ ਹਨ ਤੇ ਸੁਖਾਂ ਦੇ ਖ਼ਜ਼ਾਨੇ ਹਰੀ ਨੂੰ ਕੇਵਲ ਇਸ ਮਹੀਨੇ ਪ੍ਰਾਪਤ ਕਰਨ ਦਾ ਸਮਾਂ ਸਮਝਦੇ ਹਨ ।
੨੭ ਉੜੀਸਾ ਵਿੱਚ, ਜਿਥੇ ਜਗਨ ਨਾਥ ਪੁਰੀ ਦਾ ਮੰਦਰ ਹੈ ।
੨੮ ਇਸ਼ਨਾਨ ।
੨੯ ਨਿਵਾਉਂਦਾ ਹੈ ।
੩੦ ਨਮਾਜ਼ ।
੩੧ ਪੁੱਤਰ ।
੩੨ ਸਭ ਗੁਰੂ ਪੀਰ ਮੈਨੂੰ ਆਪਣੇ ਦਿਸਦੇ ਹਨ ।
੩੩ ਨਾਰੀਓ, ਔਰਤੋ !
੩੪ ਜੋਤ, ਚਾਨਣ ।
੩੫ ਸਾਰੇ ਲੋਕ ਉਸੇ ਦੀ ਕੁਦਰਤ ਦੇ ਪੈਦਾ ਕੀਤੇ ਹੋਏ ਹਨ ।
੩੬ ਖ਼ਾਲਕ ਖ਼ਲਕਤਿ ਵਿੱਚ ਹੈ, ਸਿਰਜਣਹਾਰ ਸ੍ਰਿਸ਼ਟੀ ਵਿੱਚ ਹੈ । ਇਥੇ ਕਰਤਾਰ ਦਾ ਗੁਣ ਦੱਸਿਆ ਹੈ ਕਿ ਉਹ ਸ੍ਰਿਸ਼ਟੀ ਤੋਂ ਲਾਂਭੇ ਨਹੀਂ ਸਗੋਂ ਉਹ ਸ੍ਰਿਸ਼ਟੀ ਵਿੱਚ ਵਿਆਪਕ ਹੈ ।

* ਪੂਰਨ ਸ਼ਾਂਤ ਤੇ ਗਿਆਨ ਰੂਪ ਹਰੀ ਹਿਰਦੇ ਵਿੱਚ ਪ੍ਰਗਟ ਹੋਵੇ ਤਾਂ ਦੁੱਖ ਪਾਪ ਦੂਰ ਹੋ ਕੇ ਸੁਖ ਮਿਲ ਜਾਂਦਾ ਹੈ ।

† ਮੁਸਲਮਾਨ ਅਤੇ ਹਿੰਦੂਆਂ ਦੀ ਫ਼ਿਰਕਾ-ਪ੍ਰਸਤੀ ਦੇ ਨਿਸ਼ਾਨ (ਮਸੀਤ, ਮੂਰਤੀ, ਹਜ, ਤੀਰਥ ਯਾਤਰਾ, ਰੋਜ਼ੇ, ਵਰਤ) ਲੈ ਕੇ ਦਸਦੇ ਹਨ ਕਿ ਹਰੀ ਦਾ ਵਾਸਾ ਮਨੁੱਖ ਦੇ ਨਿਸ਼ਕਪਟ ਦਿਲ ਵਿੱਚ ਹੈ । ਸਾਰੇ ਗੁਰੂ ਪੀਰ ਸਾਂਝੇ ਹਨ । ਕੇਵਲ ਨਾਮ ਹੀ ਤਾਰਨਹਾਰ ਹੈ ।

‡ ਸਭ ਲੋਕਾਂ ਦਾ ਅਸਲਾ ਜੋਤਿ ਰੂਪ ਹਰੀ ਹੈ, ਇਸ ਲਈ ਕੋਈ ਨਫਰਤ ਦੇ ਲਾਇਕ ਨਹੀਂ, ਸਾਰੇ ਹਰੀ ਦਾ ਰੂਪ ਹੋਣ ਕਰ ਕੇ ਮਾਨਯੋਗ ਹਨ ।

ਜਹ ਸੇਵਕ ਗੋਪਾਲ ਗੁਸਾਈ ॥ ਪ੍ਰਭ ਸੁਪ੍ਰਸੰਨ ਭਏ ਗੋਪਾਲ ॥ ਜਨਮ ਜਨਮ ਕੇ ਮਿਟੇ ਬਿਤਾਲ[੧] ॥੫॥ ਹੋਮ ਜਗ [੨]ਉਰਧ ਤਪ ਪੂਜਾ ॥ ਕੋਟਿ ਤੀਰਥ ਇਸਨਾਨੁ ਕਰੀਜਾ ॥ ਚਰਨ ਕਮਲ ਨਿਮਖ ਰਿਦੈ ਧਾਰੇ ॥ ਗੋਬਿੰਦ ਜਪਤ ਸਭਿ ਕਾਰਜ ਸਾਰੇ[੩] ॥ ੬ ॥ ਊਚੇ ਤੇ ਊਚਾ ਪ੍ਰਭ ਥਾਨੁ ॥ ਹਰਿ ਜਨ ਲਾਵਹਿ ਸਹਜਿ[੪] ਧਿਆਨੁ ॥ ਦਾਸ ਦਾਸਨ ਕੀ [੫]ਬਾਂਛਉ ਧੂਰਿ ॥ ਸਰਬ ਕਲਾ ਪ੍ਰੀਤਮ ਭਰਪੂਰਿ ॥ ੭ ॥ ਮਾਤ ਪਿਤਾ ਹਰਿ ਪ੍ਰੀਤਮੁ ਨੇਰਾ[੬] ॥ ਮੀਤ ਸਾਜਨ ਭਰਵਾਸਾ ਤੇਰਾ ॥ ਕਰੁ[੭] ਗਹਿ ਲੀਨੇ ਅਪੁਨੇ ਦਾਸ ॥ ਜਪਿ ਜੀਵੈ ਨਾਨਕੁ [੮]ਗੁਣਤਾਸ ॥ ੮ ॥ ੩ ॥ ੨ ॥ ੭ ॥ ੧੨ ॥

ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ[੯] ਜੀ ਕੀ ੴ ਸਤਿਗੁਰ ਪ੍ਰਸਾਦਿ ॥
*ਮਰਨ ਜੀਵਨ ਕੀ ਸੰਕਾ[੧੦] ਨਾਸੀ ॥ [੧੧]ਆਪਨ ਰੰਗਿ ਸਹਜ ਪਰਗਾਸੀ ॥ ੧ ॥ ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ [੧੨]ਰਾਮ ਰਤਨੁ ਪਾਇਆ ਕਰਤ ਬੀਚਾਰਾ ॥ ੧ ॥ ਰਹਾਉ ॥ [੧੩]ਜਹ ਅਨੰਦੁ ਦੁਖੁ ਦੂਰਿ ਪਇਆਨਾ ॥ [੧੪]ਮਨੁ ਮਾਨਕੁ ਲਿਵ ਤਤੁ ਲੁਕਾਨਾ ॥ ੨ ॥ ਜੋ ਕਿਛੁ ਹੋਆ ਸੁ ਤੇਰਾ ਭਾਣਾ ॥ ਜੋ ਇਵ[੧੫] ਬੂਝੈ ਸੁ ਸਹਜਿ ਸਮਾਣਾ ॥ ੩ ॥ ਕਹਤੁ ਕਬੀਰੁ ਕਿਲਬਿਖ[੧੬] ਗਏ ਖੀਣਾ[੧੭] ॥ [੧੮]ਮਨੁ ਭਇਆ ਜਗਜੀਵਨ ਲੀਣਾ ॥ ੪ ॥ ੧ ॥ ਪ੍ਰਭਾਤੀ † ॥ ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥ [੧੯]ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥ ੧ ॥ [੨੦]ਅਲਹ ਰਾਮ ਜੀਵਉ ਤੇਰੇ ਨਾਈ ॥ ਤੂ ਕਰਿ ਮਿਹਰਾਮਤਿ[੨੧] ਸਾਈ ॥ ੧ ॥ ਰਹਾਉ ॥ [੨੨]ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥ ਦਿਲ ਮਹਿ ਖੋਜਿ [੨੩]ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥ ੨ ॥ ਬ੍ਰਾਹਮਨ ਗਿਆਸ[੨੪] ਕਰਹਿ ਚਉਬੀਸਾ ਕਾਜੀ [੨੫]ਮਹ ਰਮਜਾਨਾ ॥ [੨੬]ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥ ੩ ॥ ਕਹਾ ਉਡੀਸੇ[੨੭] ਮਜਨੁ[੨੮] ਕੀਆ ਕਿਆ ਮਸੀਤਿ ਸਿਰੁ ਨਾਂਏਂ[੨੯] ॥ ਦਿਲ ਮਹਿ ਕਪਟੁ ਨਿਵਾਜ[੩੦] ਗੁਜਾਰੈ ਕਿਆ ਹਜ ਕਾਬੈ ਜਾਂਏਂ ॥ ੪ ॥ ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਾਰੇ ॥ ਕਬੀਰੁ ਪੂੰਗਰਾ[੩੧] ਰਾਮ ਅਲਹ ਕਾ [੩੨]ਸਭ ਗੁਰ ਪੀਰ ਹਮਾਰੇ ॥ ੫ ॥ ਕਹਤੁ ਕਬੀਰੁ ਸੁਨਹੁ ਨਰ ਨਰਵੈ[੩੩] ਪਰਹੁ ਏਕ ਕੀ ਸਰਨਾ ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥ ੬ ॥ ੨ ॥ ਪ੍ਰਭਾਤੀ ‡ ॥ ਅਵਲਿ ਅਲਹ ਨੂਰੁ[੩੪] ਉਪਾਇਆ [੩੫]ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥ ਲੋਗਾ ਭਰਮਿ ਨ ਭੂਲਹੁ ਭਾਈ ॥ [੩੬]ਖਾਲਿਕੁ ਖਲਕ

(੧੩੪੮)

੧ ਦੇਖੋ ਪੰਨਾ ੯੬੦, ਨੋਟ ੪ ।
੨ ਤਰੀਕੇ ਨਾਲ ।
੩ ਨਿਸ਼ਾਨ । ਭਗਉਤੀ (ਵਿਸ਼ਨੂੰ ਦੇ ਭਗਤਾਂ ਵਾਲੇ) ਨਿਸ਼ਾਨ ਲਾਏ ਹਨ ।
੪ ਕਾਮਾਦਿਕ ਪੰਜਾਂ ਦੇ ਵੱਸ ਹੋ ਕੇ ।
੫ ਤੀਰਥ ਉੱਤੇ ਨ੍ਹਾ ਕੇ ਕਹਿਣ ਲੱਗ ਪੈਂਦੇ ਹਨ ਕਿ ਬਸ ਸਾਡੇ ਸਾਰੇ ਪਾਪ ਲੱਥ ਗਏ ਹਨ ।
੬ ਫਿਰ ਨਿਧੱੜਕ ਹੋ ਕੇ ਹੋਰ ਪਾਪ ਕਰਦੇ ਹਨ।
੭ ਬੰਨ੍ਹ ਖੜੀਦੇ ਹਨ ਇਨ੍ਹਾਂ ਪਾਪਾਂ ਕਰ ਕੇ ।
੮ ਬੇਸੁਰੇ ਹੋ ਕੇ ।
੯ ਸੱਪ ਦੀ ਖੁੱਡ ।
੧੦ ਧੂਣੀ । ਦੇਖੋ ਪੰਨਾ ੧੦੧੩, ਨੋਟ ੩ ।
੧੧ ਗੇਰੂ ਰੰਗ ।
੧੨ ਦੁੱਖਾਂ ਦਾ ।
੧੩ ਕਾਮਾਦਿਕ ਪੰਜਾਂ ਨੂੰ ।
੧੪ ਕੰਨ ਪਾਟੇ ਹਨ ਤੇ ਟੁੱਕਰ ਮੰਗ ਲਿਆਉਂਦੇ ਹਨ।
੧੫ ਵੇਖਦਾ ਹੈ ਬਿਗਾਨੇ ਟੁੱਕਰਾਂ ਵੱਲ ।
੧੬ ਰੱਜਣ ਰਹਿ ਗਿਆ ਹੈ ।
੧੭ ਆਪਣੀ ਇਸਤਰੀ ਛੱਡ ਕੇ ਪਰਾਈਆਂ ਇਸਤਰੀਆਂ ਵੱਲ ਬੁਰੀ ਨਜ਼ਰ ਨਾਲ ਵੇਖਦਾ ਹੈ।
੧੮ ਵੇਸ ਕਰਿਆਂ ਹਰੀ ਨਹੀਂ ਮਿਲਦਾ, ਸਗੋਂ ਦੁਖੀ ਹੋਈਦਾ ਹੈ ।
੧੯ ਕਲਪਣਾ ਹੋਣ ਕਰ ਕੇ ।
੨੦ ਬੇਅਰਥ, ਫ਼ਜ਼ੂਲ ।
੨੧ ਰੇਤ ਦਾ ।
੨੨ ਪੱਲੇ ।
੨੩ ਕੂੜਾਂ ਵਿੱਚੋਂ ਕੋਈ ਇਕ ।
੨੪ ਪਾਪ ।
੨੫ ਕਾਗ਼ਜ਼, ਲੇਖੇ ।
੨੬ ਸਿਮਰਨ ਨਾਲ ।
੨੭ ਮੁਕ ਗਿਆ ਭਟਕਣਾ ।
੨੮ ਦੂਸਰਾ ।
੨੯ ਕੱਟ ਦਿੱਤੇ ।
੩੦ ਭਲਾ ਚਾਹੁੰਣ ਵਾਲੇ ਹਰੀ ਨੇ ਬਿਰਦ ਪਾਲਿਆ ਹੈ।
੩੧ ਲਹਿਰਾਂ ।
੩੨ ਕੰਢੇ ਲਾ ਦਿੱਤਾ ।
੩੩ ਮਨ ਇੰਦ੍ਰਿਆਂ ਨੂੰ ਰੋਕਣ ਦੀ ਕਿਰਿਆ ।
੩੪ ਮੇਹਰ ਦੀ ਨਜ਼ਰ ਨਾਲ ਵੇਖਿਆ ।
੩੫ ਖ਼ੁਸ਼ੀ ਦੇ ਗੀਤ ।
੩੬ ਸੁਖ ਅਨੰਦ ।
੩੭ ਓਥੇ ।

* ਗੁਰੂ ਦੇ ਵਚਨ ਦੇ ਰਾਹੀਂ ਨਾਮ ਮਿਲਦਾ ਹੈ ਜਿਸ ਦੇ ਸਿਮਰਨ ਨਾਲ ਪਾਪ ਦੂਰ ਹੋ ਜਾਂਦੇ ਹਨ ਤੇ ਆਵਾਗੌਣ ਦੀ ਭਟਕਣਾ ਮੁੱਕ ਜਾਂਦੀ ਹੈ । ਨਾਲ ਹੀ ਹਰੀ ਦੀ ਪ੍ਰੇਮਾ-ਭਗਤੀ ਵਿੱਚ ਲਗਨ ਲੱਗ ਜਾਂਦੀ ਹੈ, ਜਿਸ ਨਾਲ ਹਰ ਪਾਸੇ ਹਰੀ ਦਾ ਵਾਸਾ ਦਿਸਦਾ ਹੈ ਅਤੇ ਦਿਲ ਸਦਾ ਖਿੜਿਆ ਰਹਿੰਦਾ ਹੈ, ਇਹ ਮਹਿਸੂਸ ਕਰ ਕਿ ਸਭ ਪੁੰਨ ਕਰਮਾਂ ਦਾ ਫਲ ਅਤੇ ਸਭ ਸੰਬੰਧੀਆਂ ਦੇ ਪਿਆਰ ਦਾ ਸਵਾਦ ਮਿਲ ਗਿਆ ਹੈ ।

ਚਕ੍ਰ[੧] ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥ ੧ ॥ ਇਤੁ ਸੰਜਮਿ[੨] ਪ੍ਰਭੁ
ਕਿਨਹੀ ਨ ਪਾਇਆ ॥ ਭਗਉਤੀ ਮੁਦ੍ਰਾ[੩] ਮਨੁ ਮੋਹਿਆ ਮਾਇਆ ॥ ੧ ॥
ਰਹਾਉ ॥ ਪਾਪ ਕਰਹਿ [੪]ਪੰਚਾਂ ਕੇ ਬਸਿ ਰੇ ॥ [੫]ਤੀਰਥਿ ਨਾਇ ਕਹਹਿ ਸਭਿ
ਉਤਰੇ ॥ [੬]ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ[੭] ਬਾਂਧਿ ਖਰੇ ਕਾਲੰਕ ॥
੨ ॥ ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ[੮] ॥
ਵਰਮੀ[੯] ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥ ੩ ॥
ਪੂੰਅਰ[੧੦] ਤਾਪ ਗੇਰੀ[੧੧] ਕੇ ਬਸਤ੍ਰਾ ॥ [੧੨]ਅਪਦਾ ਕਾ ਮਾਰਿਆ ਗ੍ਰਿਹ ਤੇ
ਨਸਤਾ ॥ ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ[੧੩] ਚੰਡਾਲ ਨਾਲੇ ਲੈ
ਆਇਆ ॥ ੪ ॥ [੧੪]ਕਾਨ ਫਰਾਇ [੧੫]ਹਿਰਾਏ ਟੂਕਾ ॥ ਘਰਿ ਘਰਿ ਮਾਂਗੈ
[੧੬]ਤ੍ਰਿਪਤਾਵਨ ਤੇ ਚੂਕਾ ॥ [੧੭]ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ [੧੮]ਵੇਸਿ
ਨ ਪਾਈਐ ਮਹਾ ਦੁਖਿਆਰੀ ॥ ੫ ॥ ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ
ਕਲਪ [੧੯]ਭਵਾਈਐ ਜੋਨੀ ॥ ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥ ਹੁਕਮੁ ਨ
ਬੂਝੈ ਵਿਆਪਿਆ ਮਮਤਾ ॥ ੬ ॥ ਬਿਨੁ ਸਤਿਗੁਰ ਕਿਨੈ ਨ ਪਾਈ ਪਰਮ
ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥ ਮਨਮੁਖ ਕਰਮ ਕਰੈ ਅਜਾਈ[੨੦] ॥
ਜਿਉ ਬਾਲੂ[੨੧] ਘਰ ਠਉਰ ਨ ਠਾਈ ॥ ੭ ॥ ਜਿਸ ਨੋ ਭਏ ਗੋੁਬਿੰਦ
ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ[੨੨] ॥ [੨੩]ਕੋਟਿ ਮਧੇ ਕੋਈ
ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥ ੮ ॥ ਜੇ ਹੋਵੈ
ਭਾਗੁ ਤਾ ਦਰਸਨੁ ਪਾਈਐ ॥ ਆਪਿ ਤਰੈ ਸਭੁ ਕੁਟੰਬੁ ਤਰਾਈਐ ॥ ੧ ॥
ਰਹਾਉ ਦੂਜਾ ॥ ੨ ॥ ਪ੍ਰਭਾਤੀ ਮਹਲਾ ੫* ॥ ਸਿਮਰਤ ਨਾਮੁ ਕਿਲਬਿਖ[੨੪]
ਸਭਿ ਕਾਟੇ ॥ ਧਰਮ ਰਾਇ ਕੇ ਕਾਗਰ[੨੫] ਫਾਟੇ ॥ ਸਾਧਸੰਗਤਿ ਮਿਲਿ ਹਰਿ ਰਸੁ
ਪਾਇਆ ॥ ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥ ੧ ॥ ਰਾਮ ਰਮਤ[੨੬] ਹਰਿ
ਹਰਿ ਸੁਖੁ ਪਾਇਆ ॥ ਤੇਰੇ ਦਾਸ ਚਰਨ ਸਰਨਾਇਆ ॥ ੧ ॥ ਰਹਾਉ ॥
[੨੭]ਚੂਕਾ ਗਉਣੁ ਮਿਟਿਆ ਅੰਧਿਆਰੁ ॥ ਗੁਰਿ ਦਿਖਲਾਇਆ ਮੁਕਤਿ
ਦੁਆਰੁ ॥ ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥ ਪ੍ਰਭੂ ਜਨਾਇਆ ਤਬ
ਹੀ ਜਾਤਾ ॥ ੨ ॥ ਘਟਿ ਘਟਿ ਅੰਤਰਿ ਰਵਿਆ ਸੋਇ ॥ ਤਿਸੁ ਬਿਨੁ ਬੀਜੋ[੨੮]
ਨਾਹੀ ਕੋਇ ॥ ਬੈਰ ਬਿਰੋਧ ਛੇਦੇ[੨੯] ਭੈ ਭਰਮਾਂ ॥ [੩੦]ਪ੍ਰਭਿ ਪੁੰਨਿ ਆਤਮੈ
ਕੀਨੇ ਧਰਮਾ ॥ ੩ ॥ ਮਹਾ ਤਰੰਗ[੩੧] ਤੇ [੩੨]ਕਾਂਢੈ ਲਾਗਾ ॥ ਜਨਮ ਜਨਮ ਕਾ
ਟੂਟਾ ਗਾਂਢਾ ॥ ਜਪੁ ਤਪੁ ਸੰਜਮੁ[੩੩] ਨਾਮੁ ਸਮ੍ਾਲਿਆ ॥ ਅਪੁਨੈ ਠਾਕੁਰਿ
[੩੪]ਨਦਰਿ ਨਿਹਾਲਿਆ ॥ ੪ ॥ ਮੰਗਲ[੩੫] ਸੂਖ ਕਲਿਆਣ[੩੬] ਤਿਥਾਈਂ[੩੭] ॥

੧ ਹਰੀ ਤੋਂ ਬਿਨਾਂ ਹੋਰਸ ਨਾਲ ਪਿਆਰ ।
੨ ਮਿਲਿਆ ।
੩ ਉੱਤੋਂ ।
੪ ਬਲਿਹਾਰ, ਕੁਰਬਾਨ ।
੫ ਇਉਂ ਸੱਚੇ ਗੁਰੂ ਦੇ ਰਾਹੀਂ, ਸੱਚੇ ਹਰੀ ਵਿੱਚ ਲੀਨ ਹੋ ਜਾਵਾਂ ।
੬ ਕਿਸ ਜਤਨ ਨਾਲ ।
੭ ਪੂਰਨ ਗਿਆਨ ਤੇ ਸ਼ਾਂਤੀ ਵਾਲੀ ਅਵਸਥਾ ।
੮ ਜੋ ਕੁਝ ਉਹ ਕਰਦਾ ਹੈ, ਓਹੀ ਹੁੰਦਾ ਹੈ ।
੯ ਪੁੱਤਰ ।
੧੦ ਇਸਤਰੀ ।
੧੧ ਭਾਵ ਭੋਗ ਭੋਗਦੇ ਹਨ ।
੧੨ ਜੁੜ ਕੇ, ਇਕੱਠੇ ਰਲ ਕੇ ।
੧੩ ਫਸਿਆ ਹੈ ਮਨ ਮਿੱਠੇ ਮੋਹ ਵਿੱਚ ।
੧੪ ਗੁਣਾਂ ਦੇ ਗਾਹਕ ਭਾਵ ਸੰਤ-ਜਨ ਮੇਰੇ ਪ੍ਰਾਣਾਂ ਦਾ ਆਸਰਾ ਹਨ ।
੧੫ ਅੰਦਰ ਦੀਆਂ ਜਾਣਨ ਵਾਲਾ ।
੧੬ ਆਸਰਾ । ੧੭ ਟੇਕ ।
੧੮ ਛਲ ਕਰਨ ਵਾਲੀ ਸਰਪਣੀ (ਮਾਇਆ) ।
੧੯ ਟੁੱਟ ਗਈ ।
੨੦ ਧਰੋਹ ਕਰਨ ਵਾਲੀ ।
੨੧ ਭੋਗਿਆਂ ਕੌੜੀ ਹੋ ਜਾਂਦੀ ਹੈ ।
੨੨ ਰੱਜਿਆ ।
੨੩ ਨਿਖੁਟ ।
੨੪ ਮੈਨੂੰ ਬਚਾਅ ਲਿਆ ।
੨੫ ਠਗਣੀ ।
੨੬ ਮੇਲ ।
੨੭ ਕੰਨਾਂ ਨਾਲ ।
੨੮ ਦਸਾਂ ਇੰਦ੍ਰਿਆਂ ਨੂੰ ਮੈਂ ਰੰਡਿਆਂ ਕੀਤਾ ਹੈ, ਭਾਵ ਛੱਡ ਦਿੱਤਾ ਹੈ ।
੨੯ ਇਹ ਰਸ ਵਿਸ਼ਿਆਂ ਦੀ ਅੱਗ ਹਨ ।
੩੦ ਮੇਲ ਕਰਨ ਵਾਲਾ ।
੩੧ ਨਰਕ ਨੂੰ ।
੩੨ ਹੰਕਾਰ ।
੩੩ [ਮਸ਼ੂਰਤ] ਸਲਾਹ ।
੩੪ ਜ਼ਿੱਦੀ ।
੩੫ ਇਹ ਹੰਕਾਰ ਬੇ-ਘਰਾ ਹੋ ਗਿਆ ਹੈ ।
੩੬ ਓਪਰੇ ।
੩੭ ਸਮਾਅ ਸਕਦੇ ।
੩੮ ਪਾਸ ।
੩੯ ਪੱਲੇ ।
੪੦ ਨਿਆਉਂ ।
੪੧ ਹੇ ਸਰਵੱਗਯ ਹਰੀ ! ਸਭ ਕੁਝ ਜਾਣਨ ਵਾਲੇ ਹਰੀ।
੪੨ ਮਾਲਕ ।
੪੩ ਵਿਸਥਾਰ ਸਹਿਤ, ਲੰਮੀਆਂ ਚੌੜੀਆਂ ।

* ਮਨੁੱਖ ਦਾ ਮਨ ਟੱਬਰ-ਟੌਰ ਦੇ ਮੋਹ ਵਿੱਚ ਲੱਗਾ ਰਹਿੰਦਾ ਹੈ (੧) । ਪਰ ਗੁਰੂ ਦਸਦਾ ਹੈ ਕਿ ਇਹ ਮੋਹ ਮਾਇਆ ਦਾ ਛਲ ਹੈ, ਜੋ ਉੱਤੋਂ ਉੱਤੋਂ ਤਾਂ ਮਿੱਠੀ ਹੁੰਦੀ ਹੈ ਪਰ ਫਲ ਇਸ ਦਾ ਕੌੜਾ ਹੁੰਦਾ ਹੈ (੨)। ਗੁਰੂ ਦੀ ਕਿਰਪਾ ਨਾਲ ਇਸ ਤੋਂ ਛੁਟਕਾਰਾ ਮਿਲਦਾ ਹੈ (੩-੪) । ਗੁਰੂ ਦੇ ਉਪਦੇਸ਼ ਦੁਆਰਾ ਸਮਝ ਆ ਜਾਂਦੀ ਹੈ ਕਿ ਇੰਦ੍ਰਿਆਂ ਦੇ ਸੁਆਦ ਵਿਸ਼ੇ ਦੀ ਅੱਗ ਹਨ ਜੋ ਮਨੁੱਖ ਨੂੰ ਗਾਲ ਦਿੰਦੀ ਹੈ (੫)। ਗੁਰੂ ਜੀ ਇਹ ਭੀ ਸਮਝਾ ਦਿੰਦੇ ਹਨ ਕਿ ਮਨੁੱਖ ਹੰਕਾਰ ਨਾਲ ਜ਼ਿੱਦੀ ਬਣ ਜਾਂਦਾ ਹੈ, ਜਿਸ ਕਰ ਕੇ ਕੋਈ ਉਸ ਦਾ ਆਪਣਾ ਨਹੀਂ ਬਣਦਾ (੬) । ਅਸੀਂ ਤਾਂ ਹਰੀ ਅੱਗੇ ਅਰਦਾਸ ਕਰਦੇ ਹਾਂ ਕਿ ਇਨ੍ਹਾਂ ਔਗੁਣਾਂ ਤੋਂ ਬਚਾਈ ਰੱਖੇ (੭) । ਹਰੀ ਨੇ ਖ਼ੁਸ਼ੀ-ਖ਼ੁਸ਼ੀ ਸਾਡੀ ਅਰਦਾਸ ਮੰਨ ਲਈ ਤੇ ਉੱਤੇ ਦੱਸੇ ਮੋਹ ਹੰਕਾਰ ਆਦਿ ਵਿਸ਼ੇ ਸਾਡੇ ਅਧੀਨ ਕਰ ਦਿੱਤੇ (੮) ।

† ਜਦ ਤਕ ਕਾਮ ਕ੍ਰੋਧ ਵਸ ਨਹੀਂ ਹੁੰਦੇ, ਬਾਹਰੋਂ-ਬਾਹਰੋਂ ਪੂਜਾ, ਤੀਰਥ ਅਸ਼ਨਾਨ, ਭੇਖ, ਮੋਨ ਆਦਿ ਕਰਮ ਸਭ ਪਖੰਡ ਹਨ । ਇਨ੍ਹਾਂ ਦੀ ਥਾਂ ਗੁਰੂ ਦੇ ਵਚਨ ਦਾ ਆਸਰਾ ਲੈਣਾ ਚਾਹੀਦਾ ਹੈ ।

ਦਰਿ ਢੋਈ ਨਾ ਲਹਹਿ [੧]ਭਾਇ ਦੂਜੈ ਕਰਮ ਕਮਾਇ ॥ ੪ ॥ ਧ੍ਰਿਗੁ ਖਾਣਾ
ਧ੍ਰਿਗੁ ਪੈਨ੍ਣਾ ਜਿਨ੍ਾ ਦੂਜੈ ਭਾਇ ਪਿਆਰੁ ॥ ਬਿਸਟਾ ਕੇ ਕੀੜੇ ਬਿਸਟਾ ਰਾਤੇ
ਮਰਿ ਜੰਮਹਿ ਹੋਹਿ ਖੁਆਰੁ ॥ ੫ ॥ ਜਿਨ ਕਉ ਸਤਿਗੁਰੁ ਭੇਟਿਆ[੨] ਤਿਨਾ
ਵਿਟਹੁ[੩] ਬਲਿ[੪] ਜਾਉ ॥ ਤਿਨ ਕੀ ਸੰਗਤਿ ਮਿਲਿ ਰਹਾਂ [੫]ਸਚੇ ਸਚਿ ਸਮਾਉ ॥
੬ ॥ ਪੂਰੈ ਭਾਗਿ ਗੁਰੁ ਪਾਈਐ [੬]ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ[੭] ਊਪਜੈ ਹਉਮੈ ਸਬਦਿ ਜਲਾਇ ॥ ੭ ॥ ਹਰਿ ਸਰਣਾਈ
ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ ॥ ਨਾਨਕ ਨਾਮੁ ਨ ਵੀਸਰੈ [੮]ਜੋ ਕਿਛੁ
ਕਰੈ ਸੁ ਹੋਗੁ ॥ ੮ ॥ ੨ ॥ ੭ ॥ ੨ ॥ ੯ ॥

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥

*ਮਾਤ ਪਿਤਾ ਭਾਈ ਸੁਤੁ[੯] ਬਨਿਤਾ[੧੦] ॥ [੧੧]ਚੂਗਹਿ ਚੋਗ ਅਨੰਦ ਸਿਉ
ਜੁਗਤਾ[੧੨] ॥ [੧੩]ਉਰਝਿ ਪਰਿਓ ਮਨ ਮੀਠ ਮੋੁਹਾਰਾ ॥ [੧੪]ਗੁਨ ਗਾਹਕ ਮੇਰੇ
ਪ੍ਰਾਨ ਅਧਾਰਾ ॥ ੧ ॥ ਏਕੁ ਹਮਾਰਾ ਅੰਤਰਜਾਮੀ[੧੫] ॥ ਧਰ[੧੬] ਏਕਾ ਮੈ ਟਿਕ[੧੭]
ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥ ੧ ॥ ਰਹਾਉ ॥ [੧੮]ਛਲ ਨਾਗਨਿ
ਸਿਉ ਮੇਰੀ [੧੯]ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ[੨੦] ॥ ਮੁਖਿ
ਮੀਠੀ [੨੧]ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ[੨੨] ॥ ੨ ॥
ਲੋਭ ਮੋਹ ਸਿਉ ਗਈ ਵਿਖੋਟਿ[੨੩] ॥ ਗੁਰਿ ਕ੍ਰਿਪਾਲਿ [੨੪]ਮੋਹਿ ਕੀਨੀ ਛੋਟਿ ॥
ਇਹ ਠਗਵਾਰੀ[੨੫] ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥
੩ ॥ ਕਾਮ ਕ੍ਰੋਧ ਸਿਉ ਠਾਟੁ[੨੬] ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ[੨੭]
ਸੁਨਿਆ ॥ ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ
ਗੋਪਾਲ ॥ ੪ ॥ [੨੮]ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰਿ ਕਹਿਆ [੨੯]ਏਹ
ਰਸਹਿ ਬਿਖਾਗਨਿ ॥ ਇਨ ਸਨਬੰਧੀ[੩੦] ਰਸਾਤਲਿ[੩੧] ਜਾਇ ॥ ਹਮ ਗੁਰਿ ਰਾਖੇ
ਹਰਿ ਲਿਵ ਲਾਇ ॥ ੫ ॥ ਅਹੰਮੇਵ[੩੨] ਸਿਉ ਮਸਲਤਿ[੩੩] ਛੋਡੀ ॥ ਗੁਰਿ ਕਹਿਆ
ਇਹੁ ਮੂਰਖੁ ਹੋਡੀ[੩੪] ॥ [੩੫]ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ
ਲੀਏ ਲਿਵ ਲਾਏ ॥ ੬ ॥ ਇਨ ਲੋਗਨ ਸਿਉ ਹਮ ਭਏ ਬੈਰਾਈ[੩੬] ॥ ਏਕ ਗ੍ਰਿਹ
ਮਹਿ ਦੁਇ ਨ ਖਟਾਂਈ[੩੭] ॥ ਆਏ ਪ੍ਰਭ ਪਹਿ[੩੮] ਅੰਚਰਿ[੩੯] ਲਾਗਿ ॥ ਕਰਹੁ
ਤਪਾਵਸੁ[੪੦] ਪ੍ਰਭ ਸਰਬਾਗਿ[੪੧] ॥ ੭ ॥ ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ
ਦੂਤ ਮੇਰੀ ਸੇਵਾ ਲਾਏ ॥ ਤੂੰ ਠਾਕੁਰੁ[੪੨] ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ
ਗੁਰਿ ਕੀਆ ਨਿਬੇਰਾ ॥ ੮ ॥ ੧ ॥ ਪ੍ਰਭਾਤੀ ਮਹਲਾ ੫† ॥ ਮਨ ਮਹਿ ਕ੍ਰੋਧੁ
ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ[੪੩] ॥ ਕਰਿ ਇਸਨਾਨੁ ਤਨਿ

੧ ਕ੍ਰਿਪਾ ਨਾਲ ।

੨ ਹਰੀ ਦਾ ਘਰ, ਹਰੀ ਦੇ ਵੱਸਣ ਦੀ ਥਾਂ । ਭਾਵ ਹਰੀ ਸਰੀਰ ਵਿੱਚ ਹੀ ਵੱਸਦਾ ਹੈ, ਪਰ ਦਿਸਦਾ ਗੁਰੂ ਦੀ ਕ੍ਰਿਪਾ ਨਾਲ ਹੈ ।

੩ ਰੰਗੀਜੇ । ਸ਼ਬਦ ਰਾਹੀਂ ਰੰਗਿਆ ਜਾਵੇ ਤਾਂ ਹੀ ਰੰਗ ਚੜ੍ਹਦਾ ਹੈ ।

੪ ਸੋਭਾ ।

੫ ਗਿਆਨ-ਰਤਨ ਦੁਆਰਾ । ਭਾਵ ਗਿਆਨ ਦਾ ਰਤਨ ਜਗਮਗਾ ਕੇ ਚਾਨਣਾ ਦਿੰਦਾ ਹੈ । ਜਿਸ ਚਾਨਣੇ ਦੁਆਰਾ ਸਰੀਰ ਵਿੱਚ ਹਰੀ ਦਾ ਵਾਸਾ ਦਿਸਦਾ ਹੈ ।

੬ ਆਪ ਹੁਦਰੇ ਲੋਕ ਮੂਲ ਨੂੰ ਪਛਾਣਦੇ ਨਹੀਂ ਤੇ ਕਹਿੰਦੇ ਹਨ ਕਿ ਮਨੁੱਖ ਅੰਦਰ ਹਰੀ-ਮੰਦਰ ਨਹੀਂ ਹੈ ।

੭ ਸਮਝ ਕੇ । ਸ਼ਬਦ ਨੂੰ ਸਮਝ ਕੇ ਸੱਚੇ ਨਾਮ ਵਿੱਚ ਪਿਆਰ ਪਾ ਕੇ ਸੁਖ ਪਾਇਆ ।

੮ ਸੁਨਹਿਰੀ ਕਿਲ੍ਹਾ ਬਹੁਤ ਸੋਹਣਾ ਹੈ ।

੯ ਘੋਰ ਅੰਧਾਰ, ਘੁਪ ਹਨੇਰਾ (ਕਈ ਵਾਰੀ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਦਿੱਤਾ ਹੁੰਦਾ ਹੈ, ਜਿਵੇਂ ਏਥੇ 'ਘੋਰੰਧਾਰ' ਅਤੇ ਪਿਛਲੀਆਂ ਤੁਕਾਂ ਵਿੱਚ 'ਪਿਆਰ' ਅਤੇ 'ਅਪਾਰ') ।

੧੦ ਹਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨਾ।

੧੧ ਤਰੇ ।

੧੨ ਸੁਖਾਂ ਦਾ ਘਰ ।

੧੩ ਦਿਲ ਵਿੱਚ ਟਿਕਾਅ ਕੇ ।

੧੪ ਪਵਿੱਤਰ ('ਪਵਿਤ੍ਰ' ਵਿੱਚ 'ਤ੍ਰ' ਦੀ ਥਾਂ 'ਤੁ' ਆਇਆ ਹੈ । ਦੇਖੋ ਨੇਮ ੨੫ ਦਾ ਨੋਟ) ।

੧੫ ਗੁਰਾਂ ਦੁਆਰਾ ।

੧੬ ਲੋਹਾ ।

੧੭ ਗੁਰੂ-ਪਾਰਸ ਨਾਲ ਛੋਹਣ ਨਾਲ ।

੧੮ ਸੋਨਾ ।

੧੯ ਵਿਸ਼ੇਸ਼ ਕਰ ਕੇ ਅੰਦਰ ।

੨੦ ਜਾਗਦੇ ਹਨ ।

੨੧ ਕਾਮਾਦਿਕ ਚੋਰ ।

੨੨ ਰਸਤੇ ।

੨੩ ਦੇਖੋ ਪੰਨਾ ੧੧੮੪, ਨੋਟ ੧੩ ।

੨੪ ਸੁਤੇ ਸਿੱਧ ਹੀ, ਸੁਭਾਵਕ ਹੀ ।

੨੫ ਬਹੁਤਾ ।

* ਜੇ ਗੁਰੂ ਦੇ ਸ਼ਬਦ ਰਾਹੀਂ ਵਿਚਾਰ ਕਰੀਏ, ਤਾਂ ਇਹ ਮਨੁੱਖੀ-ਸਰੀਰ ਹੀ ਹਰੀ ਦਾ ਘਰ ਬਣ ਜਾਂਦਾ ਹੈ। ਜਿਥੇ ਮਨਮੁਖਤਾ ਦੀ ਹਾਲਤ ਵਿੱਚ ਸਰੀਰ ਇਕ ਹਨੇਰੇ ਮਾਦਾ ਦੀ ਅੰਨ੍ਹੀ ਕੋਠੜੀ ਦਿਸਦਾ ਸੀ, ਉੱਤੇ ਗੁਰੂ ਗਿਆਨ ਦੁਆਰਾ ਰਤਨ ਚਮਕ ਪੈਂਦਾ ਹੈ ਤੇ ਹਰੀ ਦੇ ਨਾਮ ਦਾ ਪ੍ਰਕਾਸ਼ ਦਿਸਦਾ ਹੈ । ਇਸ ਨਾਮ ਦੀ ਪਾਰਸ ਛੋਹ ਨਾਲ ਲੋਹੇ ਵਤ ਜ਼ਿੰਦਗੀ ਸੋਨੇ ਵਰਗੀ ਕੀਮਤੀ ਹੋ ਜਾਂਦੀ ਹੈ ।

† ਗੁਰੂ ਦੇ ਮੇਲ ਤੋਂ ਬਿਨਾਂ ਮਨੁੱਖ ਦੂਜੇ ਭਾਵ ਵਿੱਚ ਰਹਿੰਦਾ ਹੈ, ਜਿਸ ਨਾਲ ਹਉਮੈ ਦੀ ਗੁਬਾਰ ਬਣੀ ਰਹਿੰਦੀ ਹੈ ਤੇ ਆਤਮਕ ਜਾਗਰਤਾ ਨਹੀਂ ਪੈਦਾ ਹੁੰਦੀ । ਗੁਰੂ ਦੇ ਮੇਲ ਨਾਲ ਮਨ ਵਿਚੋਂ ਹਉਮੈ ਤੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਦਿਲ ਹਰੀ ਦੇ ਵੱਸਣ ਜੋਗਾ ਬਣ ਜਾਂਦਾ ਹੈ ।

ਪ੍ਰਭਾਤੀ ਮਹਲਾ ੩ ਬਿਭਾਸ ੴ ਸਤਿਗੁਰ ਪ੍ਰਸਾਦਿ ॥

*ਗੁਰ ਪਰਸਾਦੀ[੧] ਵੇਖੁ ਤੂ [੨]ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਾਲਿ ॥ ੧ ॥ ਮਨ ਮੇਰੇ ਸਬਦਿ ਰਪੈ[੩] ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ[੪] ॥ ੧ ॥ ਰਹਾਉ ॥ ਹਰਿ ਮੰਦਰੁ ਏਹੁ ਸਰੀਰੁ ਹੈ [੫]ਗਿਆਨਿ ਰਤਨਿ ਪਰਗਟੁ ਹੋਇ ॥ [੬]ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥ ੨ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥ ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥ ਸਬਦੁ ਚੀਨਿ੍[੭] ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ [੮]ਕੰਚਨੁ ਕੋਟੁ ਅਪਾਰ ॥ ੪ ॥ ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ[੯] ॥ [੧੦]ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥ ੫ ॥ ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ[੧੧] ਦੁਖੀਏ ਦੂਜੈ ਭਾਇ ॥ ੬ ॥ ਹਰਿ ਮੰਦਰ ਮਹਿ ਨਾਮੁ ਨਿਧਾਨੁ[੧੨] ਹੈ ਨਾ ਬੂਝਹਿ ਮੁਗਧ ਗਵਾਰ ॥ ਗੁਰ ਪਰਸਾਦੀ ਚੀਨਿ੍ਆ ਹਰਿ ਰਾਖਿਆ [੧੩]ਉਰਿ ਧਾਰਿ ॥ ੭ ॥ ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥ ਪਵਿਤੁ ਪਾਵਨ[੧੪] ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥ ੮ ॥ ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥ ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ[੧੫] ਲੈਨਿ ਸਵਾਰਿ ॥ ੯ ॥ ਹਰਿ ਮੰਦਰ ਮਹਿ ਮਨੁ ਲੋਹਟੁ[੧੬] ਹੈ ਮੋਹਿਆ ਦੂਜੈ ਭਾਇ ॥ [੧੭]ਪਾਰਸਿ ਭੇਟਿਐ ਕੰਚਨੁ[੧੮] ਭਇਆ ਕੀਮਤਿ ਕਹੀ ਨ ਜਾਇ ॥ ੧੦ ॥ ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ [੧੯]ਸੋਇ ॥ ਨਾਨਕ ਗੁਰਮੁਖਿ[੧੫] ਵਣਜੀਐ ਸਚਾ ਸਉਦਾ ਹੋਇ ॥ ੧੧ ॥ ੧ ॥ ਪ੍ਰਭਾਤੀ ਮਹਲਾ ੩† ॥ ਭੈ ਭਾਇ ਜਾਗੇ ਸੇ ਜਨ [੨੦]ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥ ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ[੨੧] ਕਾਢਹਿ ਮਾਰਿ ॥ ੧ ॥ ਮਨ ਮੇਰੇ ਗੁਰਮੁਖਿ[੧੫] ਨਾਮੁ ਧਿਆਇ ॥ ਜਿਤੁ ਮਾਰਗਿ[੨੨] ਹਰਿ ਪਾਈਐ ਮਨ ਸੇਈ ਕਰਮ ਕਮਾਇ ॥ ੧ ॥ ਰਹਾਉ ॥ ਗੁਰਮੁਖਿ[੧੫] [੨੩]ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥ ਹਰਿ ਨਾਮਾ ਹਰਿ ਮਨਿ ਵਸੈ ਸਹਜੇ[੨੪] ਹਰਿ ਗੁਣ ਗਾਇ ॥ ੨ ॥ ਗੁਰਮਤੀ ਮੁਖ ਸੋਹਣੇ ਹਰਿ ਰਾਖਿਆ [੧੩]ਉਰਿ ਧਾਰਿ ॥ ਐਥੈ ਓਥੈ ਸੁਖੁ ਘਣਾ[੨੫] ਜਪਿ ਹਰਿ ਹਰਿ ਉਤਰੇ ਪਾਰਿ ॥ ੩ ॥ ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥ ਮਨਮੁਖ

੧ ਸ੍ਰੇਸ਼ਟ ।

੨ ਜਿਸ ਨੇ ਹਰੀ-ਜਸ ਨੂੰ ਕਰਮ-ਕਾਂਡ, ਇੱਜ਼ਤ, ਪੂਜਾ ਆਦਿ ਸਮਝਿਆ ਹੈ, ਉਸ ਨੇ ਕਾਮ ਕ੍ਰੋਧ ਨੂੰ ਗਿਆਨ-ਅਗਨੀ ਵਿੱਚ ਭੁੰਨਿਆ (ਸਾੜਿਆ) ਹੈ।

੩ ਭਿੱਜਾ (ਰਸ ਵਾਲਾ ਹੋਇਆ) ।

੪ ਬੇਨਤੀ ਕਰਦਾ ਹੈ ।

੫ ਨਾਮ ਜਪਣ ਨਾਲ ਦਿਲ ਦੇ ਅੰਦਰ ਹੀ ਪੂਜਾ ਹੋ ਜਾਂਦੀ ਹੈ ।

੬ ਵਿਆਪਕ ।

੭ ਥਾਈਂ ।

੮ ਸਾਡਾ ਮਨ ਤੇ ਸਰੀਰ ਆਪ ਦੇ ਅੱਗੇ ਭੇਟਾ ਹੈ ਅਤੇ ਦਿਲ ਭੀ ਆਪ ਦੇ ਹਵਾਲੇ ਹੈ, ਇਨ੍ਹਾਂ ਨੂੰ ਜਿਵੇਂ ਚਾਹੋ ਰੱਖੋ, ਇਹ ਸਾਡੀ ਬੇਨਤੀ ਹੈ ।

੯ ਸੱਚ ਨੇ ਜੀਭ ਹਰੀ-ਰਸ ਵਿੱਚ ਰਸ ਵਾਲੀ ਬਣਾਈ।

੧੦ ਨਾਮ ਨੂੰ ਕਰਮਾਂ ਉੱਤੇ ਫ਼ਜ਼ੀਲਤ ਦਿਤੀ, ਭਾਵ ਨਾਮ ਕਰਮ-ਕਾਂਡ ਤੋਂ ਉੱਤੇ ਹੈ ।

੧੧ ਦੇਖੋ ਪੰਨਾ ੧੨੦੧, ਫੁਟ ਨੋਟ * ।

੧੨ ਉਨ੍ਹਾਂ ਵਿਚੋਂ ਤਿੰਨ ਪਦਾਰਥ (ਧਰਮ, ਅਰਥ ਅਤੇ ਕਾਮ) ਮੁਕ ਜਾਂਦੇ ਹਨ; ਤੇ ਚੌਥਾ (ਮੋਖ) ਸਫਲ ਹੁੰਦਾ ਹੈ, ਕਿਉਂਕਿ (ਜਿਵੇਂ ਅਗਲੀ ਤੁਕ ਵਿੱਚ ਦੱਸਿਆ ਹੈ) ਗੁਰੂ ਜੀ ਆਪਣੇ ਸਿੱਖ ਦਾ ਧਿਆਨ ਕੇਵਲ ਮੁਕਤੀ ਵੱਲ ਲਾ ਦਿੰਦੇ ਹਨ (ਅਤੇ ਉਹ ਹੋਰਨਾਂ ਪਦਾਰਥਾਂ ਨੂੰ ਨੀਵਾਂ ਸਮਝਣ ਲੱਗ ਪੈਂਦਾ ਹੈ) ।

੧੩ ਸਮਝ ਕੇ ।

੧੪ ਠੰਢਾ ।

੧੫ ਜਿਨ੍ਹਾਂ ਨੂੰ ਹਰੀ ਨੇ ਇਉਂ ਵਡਿਆਇਆ ਹੈ, ਉਨ੍ਹਾਂ ਦੀ ਕਦਰ ਕੌਣ ਜਾਣ ਸਕਦਾ ਹੈ ?

੧੬ ਮੁਕਤ ਅਵਸਥਾ ।

੧੭ ਧੁਰੋਂ ਹੀ, ਮੁਢੋਂ ਹੀ ।

੧੮ ਦੇਰ ।

੧੯ ਕੋਈ, ਰਤਾ ਵੀ ।

੨੦ ਗੁਰੂ ਦੇ ਰਾਹੀਂ ਜਾਣਿਆਂ ਜਾਂਦਾ ਹੈ ਤੇ ਗੁਰੂ ਹੀ ਆਪਣੀ ਸ਼ਰਨ ਦੇ ਕੇ ਹਰੀ ਨਾਲ ਮੇਲ ਲੈਂਦਾ ਹੈ।

੨੧ ਦਿਲੀ ਭਗਤੀ ।

੨੨ ਸੜਦੇ ਹਨ ।

੨੩ ਸ਼ੁਦਾਈ, ਮੂਰਖ ।

੨੪ ਕਦੀ ਅਸਮਾਨਾਂ ਵਿੱਚ ਤੇ ਕਦੀ ਪਾਤਾਲ ਵਿੱਚ ਭਾਵ ਅਨਿਸਥਿਰ ।

੨੫ ਜਦੋਂ ਤੱਕ ।

੨੬ ਤ੍ਰਿਪਤੀ, ਰਜੇਵਾਂ, ਸ਼ਾਂਤੀ ।

੨੭ ਸਹਜ ਦੁਆਰਾ ਸ਼ਹਜ ਮਿਲੇ, ਭਾਵ ਤ੍ਰਿਸ਼ਨਾ ਨੂੰ ਛੱਡ ਕੇ ਸ਼ਾਂਤੀ ਵਿੱਚ ਹੋਵੀਏ ਤਾਂ ਪੂਰਨ ਗਿਆਨ ਵਾਲੀ ਹਾਲਤ ਮਿਲਦੀ ਹੈ ।

੨੮ ਇੱਜ਼ਤ ਨਾਲ ।

੨੯ [ਫ਼ਾ. ਜਾਣਨ ਵਾਲਾ ਤੇ ਵੇਖਣ ਵਾਲਾ] ਸਿਆਣਾ।

੩੦ ਆਤਮਕ ਸਮਝ ਵਾਲਾ ।

੩੧ ਦੁੱਖ ਰਹਿਤ ਅਵਸਥਾ ।

੩੨ ਲਹਿਰ ਦਾ ਪਾਣੀ, ਅੱਗ ਅਤੇ ਹਵਾ ਇਹ ਤ੍ਰੈ ਤੱਤ ਪੈਦਾ ਕਰ ਕੇ ਫਿਰ ਇਨ੍ਹਾਂ ਦੇ ਮੇਲ ਤੋਂ ਜਗਤ ਪੈਦਾ ਕੀਤਾ ।

੩੩ ਪਰ ਉਸ ਦੇ ਹੁਕਮ ਵਿੱਚ ਬੱਧੇ ਪਏ ਹਨ ।

੩੪ ਜੋ ਜਾਤ ਪਾਤ ਦੇ ਖ਼ਿਆਲ ਤੋਂ ਆਜ਼ਾਦ ਹਨ। 'ਵਰਨ' ਚਾਰ ਹਨ (ਬ੍ਰਾਹਮਣ, ਖੱਤਰੀ ਆਦਿ) ਅਤੇ ਜ਼ਾਤਾਂ ਹਜ਼ਾਰਾਂ ਹਨ ।

੩੫ ਦੂਰ ਕੀਤਾ ।

੩੬ ਧੋਂਦਾ ਹੈ ।

੩੭ ਗੁਰਾਂ ਦੁਆਰਾ ।

* ਨਾਮ ਦੇ ਤੁਲ ਹੋਰ ਕੋਈ ਕਰਮ ਧਰਮ ਨਹੀਂ । ਜਿਸ ਨੂੰ ਇਹ ਮਿਲ ਜਾਏ ਉਸ ਨੂੰ ਕਿਸੇ ਹੋਰ ਪਦਾਰਥ ਜਾਂ ਵਡਿਆਈ ਦੀ ਲੋੜ ਨਹੀਂ ਰਹਿੰਦੀ । ਇਸੇ ਵਿੱਚ ਮੁਕਤੀ ਆ ਜਾਂਦੀ ਹੈ ।

† ਮਨਮੁਖ ਪਏ ਚਲਾਕੀਆਂ ਕਰਨ, ਉਨ੍ਹਾਂ ਦਾ ਮਨ ਕਦੀ ਟਿਕਾਉ ਵਿੱਚ ਨਹੀਂ ਹੋ ਸਕਦਾ ਅਤੇ ਨਾ ਹੀ ਸੁਖ ਮਿਲ ਸਕਦਾ ਹੈ । ਮਨ ਵਿੱਚ ਕੁਦਰਤੀ ਤੌਰ 'ਤੇ ਬਹੁਤ ਲਹਾਉ ਚੜ੍ਹਾਉ ਰਹਿੰਦਾ ਹੈ, ਪਰ ਜੇ ਇਸ ਨੂੰ ਗੁਰੂ ਦੇ ਹਵਾਲੇ ਕਰ ਦੇਈਏ ਤਾਂ ਇਹ ਟਿਕ ਜਾਂਦਾ ਹੈ ਅਤੇ ਨਿਰਮਲ ਹੋ ਕੇ ਨਾਮ ਨੂੰ ਪਿਆਰ ਕਰਨ ਲੱਗ ਪੈਂਦਾ ਹੈ ।

ਕਰਣੀ ਹੈ ਸਾਰੁ[੧] ॥ ੭ ॥ [੨]ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ ਹਰਿ ਰਸੁ ਚਾਖਿਆ ਤਉ ਮਨੁ ਭੀਜਾ[੩] ॥ ਪ੍ਰਣਵਤਿ[੪] ਨਾਨਕੁ ਅਵਰੁ ਨ ਦੂਜਾ ॥ ੮ ॥ ੫ ॥ ਪ੍ਰਭਾਤੀ ਮਹਲਾ ੧* ॥ [੫]ਰਾਮ ਨਾਮੁ ਜਪਿ ਅੰਤਰਿ ਪੂਜਾ ॥ ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ ॥ ੧ ॥ ਏਕੋ ਰਵਿ[੬] ਰਹਿਆ ਸਭ ਠਾਈ[੭] ॥ ਅਵਰੁ ਨ ਦੀਸੈ ਕਿਸੁ ਪੂਜ ਚੜਾਈ ॥ ੧ ॥ ਰਹਾਉ ॥ [੮]ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥ ਜਿਉ ਭਾਵੈ ਤਿਉ ਰਖਹੁ ਅਰਦਾਸਿ ॥ ੨ ॥ [੯]ਸਚੁ ਜਿਹਵਾ ਹਰਿ ਰਸਨ ਰਸਾਈ ॥ ਗੁਰਮਤਿ ਛੂਟਸਿ ਪ੍ਰਭ ਸਰਣਾਈ ॥ ੩ ॥ ਕਰਮ ਧਰਮ ਪ੍ਰਭਿ ਮੇਰੈ ਕੀਏ ॥ [੧੦]ਨਾਮੁ ਵਡਾਈ ਸਿਰਿ ਕਰਮਾਂ ਕੀਏ ॥ ੪ ॥ ਸਤਿਗੁਰ ਕੈ ਵਸਿ [੧੧]ਚਾਰਿ ਪਦਾਰਥ ॥ [੧੨]ਤੀਨਿ ਸਮਾਏ ਏਕ ਕ੍ਰਿਤਾਰਥ ॥ ੫ ॥ ਸਤਿਗੁਰਿ ਦੀਏ ਮੁਕਤਿ ਧਿਆਨਾਂ ॥ ਹਰਿ ਪਦੁ ਚੀਨ੍ਹਿ[੧੩] ਭਏ ਪਰਧਾਨਾ ॥ ੬ ॥ ਮਨੁ ਤਨੁ ਸੀਤਲੁ[੧੪] ਗੁਰਿ ਬੂਝ ਬੁਝਾਈ ॥ [੧੫]ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ ॥ ੭ ॥ ਕਹੁ ਨਾਨਕ ਗੁਰਿ ਬੂਝ ਬੁਝਾਈ ॥ ਨਾਮ ਬਿਨਾ ਗਤਿ[੧੬] ਕਿਨੈ ਨ ਪਾਈ ॥ ੮ ॥ ੬ ॥ ਪ੍ਰਭਾਤੀ ਮਹਲਾ ੧† ॥ ਇਕਿ ਧੁਰਿ[੧੭] ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥ ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥ ੧ ॥ ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ[੧੮] ਨ ਲਾਗੈ ਕਾਈ[੧੯] ॥ ੧ ॥ ਰਹਾਉ ॥ ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ ॥ ਸੁਖ ਦੁਖ ਦਾਤਾ [੨੦]ਗੁਰਮੁਖਿ ਜਾਤਾ ਮੇਲਿ ਲਏ ਸਰਣਾਈ ॥ ੨ ॥ ਮਨਮੁਖ ਤੇ [੨੧]ਅਭ ਭਗਤਿ ਨ ਹੋਵਸਿ ਹਉਮੈ ਪਚਹਿ[੨੨] ਦਿਵਾਨੇ[੨੩] ॥ ਇਹੁ ਮਨੂਆ ਖਿਨੁ [੨੪]ਊਭਿ ਪਇਆਲੀ [੨੫]ਜਬ ਲਗਿ ਸਬਦ ਨ ਜਾਨੇ ॥ ੩ ॥ ਭੂਖ ਪਿਆਸਾ ਜਗੁ ਭਇਆ ਤਿਪਤਿ[੨੬] ਨਹੀ ਬਿਨੁ ਸਤਿਗੁਰ ਪਾਏ ॥ [੨੭]ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ[੨੮] ਜਾਏ ॥ ੪ ॥ ਦਰਗਹ [੨੯]ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥ ਆਪੇ ਸੁਰਤਾ[੩੦] ਸਚੁ ਵੀਚਾਰਸਿ ਆਪੇ ਬੂਝੈ [੩੧]ਪਦੁ ਨਿਰਬਾਣੀ ॥ ੫ ॥ [੩੨]ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥ ਐਸਾ ਬਲੁ ਛਲੁ ਤਿਨ ਕਉ ਦੀਆ [੩੩]ਹੁਕਮੀ ਠਾਕਿ ਰਹਾਇਆ ॥ ੬ ॥ ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥ [੩੪]ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ[੩੫] ॥ ੭ ॥ ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥ ਨਾਨਕੁ ਤਿਨ ਕੇ ਚਰਨ ਪਖਾਲੈ[੩੬] ਜਿਨਾ ਗੁਰਮੁਖਿ[੩੭] ਸਾਚਾ ਭਾਇਆ ॥ ੮ ॥ ੭ ॥

੧ ਭਗ ਦੇ ਨਿਸ਼ਾਨ ।
੨ ਜਾਣ-ਬੁੱਝ ਕੇ ।
੩ ਕਾਗਜ਼ । ਮੱਥੇ 'ਤੇ ਕਰਮ ਰੂਪ ਲੇਖ ਦੀ ਕੀਮਤ ਨਾ ਪਾਈ ।
੪ ਜੇ ਪੁੰਨ ਕਰਨ ਨੂੰ ਅਵਗਣ ਜਾਣਦਾ ਤਾਂ ਕਿਉਂ ਮੰਡੀ ਵਿੱਚ ਜਾ ਕੇ ਵਿਕਦਾ, ਭਾਵ ਉਸ ਨੂੰ ਪਿਛਲੇ ਕਰਮਾਂ ਅਨੁਸਾਰ ਇਹ ਦਸ਼ਾ ਪ੍ਰਾਪਤ ਹੋਈ ਸੀ । ਨੇਖ਼ਾਸ [ਅ. ਨਖ਼ਾਸ] ਮੰਡੀ ।
੫ ਢਾਈ ਕਰਮ । ਹਰੀ ਨੇ ਬਉਣੇ ਰੂਪ ਵਿੱਚ ਬਹਾਨੇ ਨਾਲ ਰਾਜਾ ਬਲ ਪਾਸੋਂ ਢਾਈ ਕਦਮ ਜ਼ਿਮੀਂ ਮੰਗੀ ਸੀ । ਦੇਖੋ ਪੰਨਾ ੨੨੪, ਫੁਟ ਨੋਟ* ।
੬ ਪਾਤਾਲ ਵਿੱਚ । ਜੇ ਬਲ ਰੂਪ (ਬਉਣੇ ਰੂਪ ਵਿੱਚ ਹਰੀ ਬਲ ਨੂੰ ਛਲਣ ਲਈ ਆਇਆ ਸੀ) ਪਛਾਣ ਲੈਂਦਾ ਤਾਂ ਪਤਾਲ ਵਿੱਚ ਜਾ ਕੇ ਕਿਉਂ ਛਲਿਆ ਜਾਂਦਾ ? ਰੂਪੁ= ਜੋ ਰੂਪ ਹਰੀ ਨੇ ਧਾਰਨ ਕੀਤਾ ਸੀ ।
੭ ਰਾਜੇ ਜਨਮੇਜੇ ਨੂੰ ਬਿਆਸ ਮੱਤਾਂ ਦੇ ਰਿਹਾ ਸੀ (ਕਿ ਤੂੰ ਘੋੜੇ 'ਤੇ ਨਾ ਚੜ੍ਹੀਂ ਤੇ ਅਪੱਛਰਾਂ ਨੂੰ ਘਰ ਨਾ ਲਿਆਵੀਂ ਤੇ ਉਸ ਦੇ ਆਖੇ ਨਾ ਲੱਗੀਂ, ਪਰ ਉਸ ਸਭ ਕੁਝ ਕੀਤਾ) ਅਪੱਛਰਾਂ ਨੇ ਯਗ ਕਰਨ ਲਈ ਕਿਹਾ; ਉਸ ਨੇ ਮੰਨ ਲਿਆ ਤੇ ੧੮ ਬ੍ਰਾਹਮਣ ਸੱਦੇ, ਰਾਣੀ ਪਤਲੇ ਕਪੜਿਆਂ ਵਿੱਚ ਆਈ ਤੇ ਬ੍ਰਾਹਮਣ ਹੱਸ ਪਏ । ਰਾਜੇ ਗੁੱਸਾ ਖਾ ਕੇ ਮਰਵਾ ਦਿੱਤੇ; ਜਿਸ 'ਤੇ ਉਸ ਨੂੰ ਕੋੜ੍ਹ ਹੋ ਗਿਆ ।
੮ ਕਰਮਾਂ ਤੋਂ ਬਣੇ ਭਾਗ ਟਲਦੇ ਨਹੀਂ ।
੯ ਸਹਜ ਭਾ ਬੋਲਦਾ ਹਾਂ ।
੧੦ ਗੁਰੂ ਦਾ ਅਨੁਸਾਰੀ ਨਿਰਲੇਪ ਰਹਿੰਦਾ ਹੈ ।
੧੧ ਆਪ ਹੁਦਰਾ ਮੂਰਖ ਹੈ; ਮਰਨ ਤੋਂ ਪਹਿਲਾਂ ਹਰੀ ਨੂੰ ਯਾਦ ਨਹੀਂ ਕਰਦਾ । ਆਗੈ= ਅੱਗੋਂ ਦੀ, ਵੇਲੇ ਸਿਰ । 'ਅਗੋ ਦੇ ਜੇ ਚੇਤੀਐ' ਪੰਨਾ ੪੧੭, ਨੋਟ ੧੫ ।
੧੨ ਦਿਲ ਵਿੱਚ ।
੧੩ ਸੜੀਦਾ ਹੈ ।
੧੪ ਛੁਟੇ । ਦੇਖੋ ਪੰਨਾ ੯੩੩, ਨੋਟ ੪੨ ।
੧੫ ਨਾਮ ਨੂੰ ਆਖਣਾ ਤੇ ਸੁਨਣਾ ਹੀ ਆਸਰਾ ਹੋ ਗਿਆ ਹੈ ਅਤੇ ਫ਼ਜ਼ੂਲ ਕਰਮਾਂ ਦਾ ਧੰਧਾ ਛੁੱਟ ਗਿਆ ਹੈ ।
੧੬ ਜਿਵੇਂ ਮਨਮੁਖ ਦ੍ਵੈਤ ਭਾਵ ਵਿੱਚ ਖੇਹ ਖਾਂਦਾ ਫਿਰਦਾ ਹੈ (ਪਰ ਹਠ ਨਹੀਂ ਛੱਡਦਾ); ਤਿਵੇਂ ਮੈਂ ਨਾਮ ਨੂੰ ਆਸਰਾ ਬਣਾਣ ਦਾ ਹਠ ਕੀਤਾ ਹੈ।
੧੭ ਸ਼ਰਮ ।
੧੮ ਡੁੱਬਦਾ ਹੈ ।
੧੯ ਕਿਸ ਨੂੰ ?
੨੦ ਸਮਝਦਾ ਹੈ । ੨੧ ਖਾਲੀ ।
੨੨ ੮੪ ਲੱਖ ਜੂਨਾਂ ਵਿੱਚ ਭੌਂ ਭੌਂ ਕੇ ਪਿਆ ਭਟਕਦਾ ਹੈ ।
੨੩ ਕਦੀ ਆਕਾਸ਼ ਤੇ ਕਦੀ ਪਾਤਾਲ ਵਿੱਚ ਭਾਵ ਕਦੇ ਉੱਚਾ ਕਦੀ ਨੀਵਾਂ ਹੁੰਦਾ ਹੈ ।
੨੪ ਸੌਖਾ ।
੨੫ ਪੂਰਨ ਅਡੋਲਤਾ ਵਿੱਚ ਰੱਖਦਾ ਹੈ ।
੨੬ ਰੋਕ ਰੱਖੇ (ਮਰਨ ਜੀਵਨ) ।
੨੭ ਹਰੀ ਦਾ ਭਉ ।
੨੮ ਸ੍ਰੇਸ਼ਟ ।
੨੯ ਹਰੀ ਦਾ ਜਨ ਸੱਚ ਬੋਲਦਾ ਹੈ ਕਿਉਂਕਿ ਇਹ ਸੱਚ ਉਸ ਕੋਲੋਂ ਪਿਆਰ ਹੀ ਬੁਲਵਾਉਂਦਾ ਹੈ, ਭਾਵ ਸੱਚ ਬੁਲਾਣ ਵਾਲਾ ਪਿਆਰ ਹੀ ਹੈ । ਉਹ ਸੱਚ ਕਿਸੇ ਨੂੰ ਦੁਖਾਣ ਵਾਸਤੇ ਨਹੀਂ ਬੋਲਦਾ; ਸਗੋਂ ਇਸ ਵਾਸਤੇ ਬੋਲਦਾ ਹੈ ਕਿ ਉਹ ਪਿਆਰ ਕਰਦਾ ਹੈ।

* ਮਨ ਨੂੰ ਤੱਦ ਤਕ ਧੰਧੇ ਵਿੱਚ ਪਿਆ ਭਟਕਾਂਦਾ ਹੈ, ਜਦ ਤੱਕ ਇਹ ਨਾਮ ਨੂੰ ਆਸਰਾ ਨਹੀਂ ਬਣਾ ਲੈਂਦਾ। ਜਦ ਗੁਰੂ ਤੋਂ ਨਾਮ ਮਿਲ ਜਾਏ ਤਾਂ ਮਨ ਦਾ ਝਗੜਾ ਮੁਕ ਜਾਂਦਾ ਹੈ ਅਤੇ ਅਡੋਲ ਹੋ ਕੇ ਸੱਚ ਦੀ ਰਹਿਣੀ ਬਣਾ ਲੈਂਦਾ ਹੈ, ਜਿਸ ਵਿੱਚ ਕੋਈ ਮੈਲ ਨਹੀਂ ਰਹਿੰਦੀ । ਇਸ ਸੱਚ ਵਿੱਚ ਪਿਆਰ ਹੈ ਕੋਈ ਕਾਮ ਕ੍ਰੋਧ ਨਹੀਂ, ਹਰੀ-ਰਸ ਹੈ, ਪੂਰਨ ਤ੍ਰਿਪਤੀ ਹੈ ।

[੧]ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥ ੧ ॥ ਕੋਈ ਜਾਣਿ[੨] ਨ ਭੂਲੈ
ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥ ੧ ॥ ਰਹਾਉ ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ[੩] ਕੀਮ ਨ ਪਾਈ ॥ [੪]ਅਉਗਣੁ
ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥ ੨ ॥ [੫]ਕਰਉ ਅਢਾਈ
ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥ ਕਿਉ ਪਇਆਲਿ[੬] ਜਾਇ ਕਿਉ ਛਲੀਐ
ਜੇ ਬਲਿ ਰੂਪੁ ਪਛਾਨੈ ॥ ੩ ॥ [੭]ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ
ਪੜ੍ਹਾਇਆ ॥ ਤਿਨ੍ਹਿ ਕਰਿ ਜਗ ਅਠਾਰਹ ਘਾਏ [੮]ਕਿਰਤੁ ਨ ਚਲੈ
ਚਲਾਇਆ ॥ ੪ ॥ ਗਣਤ ਨ ਗਣੀ ਹੁਕਮੁ ਪਛਾਣਾ [੯]ਬੋਲੀ ਭਾਇ ਸੁਭਾਈ ॥
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ ॥ ੫ ॥ [੧੦]ਗੁਰਮੁਖਿ
ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥ [੧੧]ਮਨਮੁਖੁ ਮੁਗਧੁ
ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ॥ ੬ ॥ ਆਪੇ ਕਰੇ ਕਰਾਏ ਕਰਤਾ
ਜਿਨਿ ਏਹ ਰਚਨਾ ਰਚੀਐ ॥ ਹਰਿ ਅਭਿਮਾਨੁ ਨ ਜਾਈ ਜੀਅਹੁ[੧੨] ਅਭਿਮਾਨੇ
ਪੈ ਪਚੀਐ[੧੩] ॥ ੭ ॥ ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ[੧੪] ॥ ੮ ॥ ੪ ॥
ਪ੍ਰਭਾਤੀ ਮਹਲਾ ੧* ॥ [੧੫]ਆਖਣਾ ਸੁਨਣਾ ਨਾਮੁ ਅਧਾਰੁ ॥ ਧੰਧਾ
ਛੁਟਕਿ ਗਇਆ ਵੇਕਾਰੁ ॥ [੧੬]ਜਿਉ ਮਨਮੁਖਿ ਦੂਜੈ ਪਤਿ ਖੋਈ ॥ ਬਿਨੁ
ਨਾਵੈ ਮੈ ਅਵਰੁ ਨ ਕੋਈ ॥ ੧ ॥ ਸੁਣਿ ਮਨ ਅੰਧੇ ਮੂਰਖ ਗਵਾਰ ॥
ਆਵਤ ਜਾਤ ਲਾਜ[੧੭] ਨਹੀ ਲਾਗੈ ਬਿਨੁ ਗੁਰ ਬੂਡੈ[੧੮] ਬਾਰੋ ਬਾਰ ॥
੧ ॥ ਰਹਾਉ ॥ ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ
ਤਾਂ ਕਹੀਐ ਕਾਸੁ[੧੯] ॥ ਗੁਰਮੁਖਿ ਵਿਰਲਾ ਚੀਨ੍ਹੈ[੨੦] ਕੋਈ ॥ ਨਾਮ ਬਿਹੂਨਾ[੨੧]
ਮੁਕਤਿ ਨ ਹੋਈ ॥ ੨ ॥ [੨੨]ਭੂਮਿ ਭੂਮਿ ਡੋਲੈ ਲਖ ਚਉਰਾਸੀ ॥ ਬਿਨੁ ਗੁਰ
ਬੂਝੇ ਜਮ ਕੀ ਫਾਸੀ ॥ ਇਹੁ ਮਨੂਆ ਖਿਨੁ ਖਿਨੁ [੨੩]ਊਭਿ ਪਇਆਲਿ ॥
ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥ ੩ ॥ ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ
ਸਹਿਲਾ[੨੪] ਜੀਵੈ ਸੋਇ ॥ ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ
ਸੋਇ ॥ ੪ ॥ ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ [੨੫]ਸਹਜਿ
ਸਮਾਵੈ ॥ ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ
ਕਾਰ ਕਮਾਵੈ ॥ ੫ ॥ ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ
ਧੋਵੈ ਵਿਰਲਾ ਕੋਇ ॥ ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ
[੨੬]ਠਾਕਿ ਰਹਾਵੈ ॥ ੬ ॥ ਭਉ[੨੭] ਖਾਣਾ ਪੀਣਾ ਸੁਖੁ ਸਾਰੁ[੨੮] ॥ ਹਰਿ ਜਨ
ਸੰਗਤਿ ਪਾਵੈ ਪਾਰੁ ॥ [੨੯]ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ

੧ ਨਾਮ ਰੂਪ ਪਾਣੀ ਨਾਲ ਤ੍ਰਿਸ਼ਨਾ ਰੂਪ ਅਗਨੀ ਨੂੰ ਉਸ ਨੇ ਹਰੀ ਨੂੰ ਦੇਖ ਕੇ (ਪ੍ਰਾਪਤ ਕਰ ਕੇ) ਦੂਰ ਕੀਤਾ ਹੈ ।
੨ ਦੂਰ ਕਰੇ ।
੩ ਹਰ ਰੋਜ਼, ਨਿਤ ।
੪ ਜਦ ਸ਼ਬਦ ਵਿੱਚ ਵਿਚਾਰ ਕਰਨ ਨਾਲ ਮਨੁੱਖ ਦੀ ਸੁਰਤੀ ਸੇਵਾ ਵਿੱਚ ਲੱਗ ਜਾਂਦੀ ਹੈ, ਤਾਂ ਉਹਦੀ ਹਉਮੈ ਮਰ ਜਾਂਦੀ ਅਤੇ ਜਪ ਤਪ ਸੰਜਮ ਮਾਨੋ ਹੋ ਜਾਂਦੇ ਹਨ ।
੫ ਮਨ ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ ।
੬ ਦੂਜੇ ਕੰਮ ।
੭ ਦੇਖੋ ਪੰਨਾ ੧੦੪੩, ਨੋਟ ੨੪ ਅਤੇ ਪੰਨਾ ੧੨੨੯, ਨੋਟ ੩੭ ।
੮ ਕੁੰਡਲਨੀ ਨਾੜੀ ਨੂੰ ਭੱਠੀ ਬਣਾਵੇ । ਦੇਖੋ ਪੰਨਾ ੧੦੪੩, ਨੋਟ ੨੫ ।
੯ ਸੁਆਸਾਂ ਦਾ ਇੜਾ, ਪਿੰਗਲਾ ਤੇ ਸੁਖਮਨਾ ਵਿਚੋਂ ਲੰਘਣਾ । ਦੇਖੋ ਪੰਨਾ ੧੦੪੩, ਨੋਟ ੨੬ ।
੧੦ ਭੁਲਾਉਂਦਾ ਹੈ ।
੧੧ ਹਰੀ ਦਾ ਪਵਿੱਤਰ ਨਾਮ ਹੀ ਖਟ ਕਰਮ (ਸ਼ਾਸਤ੍ਰਾਂ ਦੇ ਦੱਸੇ ਛੇ ਪ੍ਰਕਾਰ ਦੇ ਕਰਮ) ਹੈ । ਦੇਖੋ ਪੰਨਾ ੧੧੧੯, ਨੋਟ ੨੦ ।
੧੨ ਮੇਰੇ ਵਿੱਚ ।
੧੩ ਮਾਇਆ ਦੇ ਧੰਧਿਆਂ ਵਿੱਚ ਦੌੜ-ਭੱਜ ਕਰਨੀ ਖੋਟੀ ਮਤ ਵਾਲੀ ਨਿਕੰਮੀ ਕਾਰ ਹੈ ।
੧੪ ਆਪਣੇ ਆਪ ਨੂੰ ।
੧੫ ਅਸਲੀ ਕਾਰ (ਭਗਤੀ ਵਾਲੀ) ।
੧੬ ਉਸ ਦੀ ਵਾਸ਼ਨਾ ਮੋਹਣੀ ਮਾਇਆ ਵਾਲੀ ਹੋ ਜਾਂਦੀ ਹੈ ਤੇ ਉਸ ਦੇ ਬੋਲ ਮਨਮੁਖਾਂ ਵਾਲੇ ਮਾੜੇ ਹੁੰਦੇ ਹਨ ।
੧੭ ਇਸ਼ਨਾਨ ।
੧੮ ਕਰਮ-ਕਾਂਡ । ਰਸਮੀ ਕਰਮਾਂ ਦਾ ਸ਼ਿੰਗਾਰ ਫ਼ਜ਼ੂਲ ਹੈ ।
੧੯ ਫ਼ਜ਼ੂਲ ।
੨੦ ਝਗੜੇ ਵਾਲੀ ।
੨੧ ਹੰਕਾਰ ।
੨੨ ਮਾੜੀ ਸੰਗਤ ਰਾਹੀਂ ਬਰਬਾਦ ਹੋਵੀਦਾ ਹੈ ।
੨੩ ਮੂੰਹ ਵਿੱਚ ।
੨੪ ਵਿਅਰਥ ।
੨੫ ਹੇ ਭਰਮ ਵਿੱਚ ਭੁੱਲੇ ਹੋਏ ਲੋਕੋ !
੨੬ ਤ੍ਰੈ ਗੁਣੀ ਮਾਇਆ ਰੂਪ । ਦੇਖੋ ਪੰਨਾ ੧੧੧੯ ਫੁਟ ਨੋਟ ‡ ।
੨੭ ਹੰਕਾਰ ।
੨੮ ਮਿਲਣ ਦੇ ।
੨੯ ਸ੍ਰੇਸ਼ਟ ।
੩੦ ਸੁਆਹ ।
੩੧ ਉੱਤਮ ਕਰਣੀ ਗੁਰਮਤ ਅਨੁਸਾਰ ਹਰੀ ਜਸ ਹੈ।
੩੨ ਜੋ ਮਨ ਮਾਰਦਾ ਹੈ ਉਹ ਜੀਵਤ ਭਾਵ ਤੋਂ ਮਰਨਾ ਜਾਣਦਾ ਹੈ । ਤੇ ਉਹਦੀ ਕ੍ਰਿਪਾ ਨਾਲ ਹਰੀ ਨੂੰ ਪਛਾਣਦਾ ਹੈ ।
੩੩ ਦੱਖਣੀ ਤਰਜ਼ ਦੀ ।
੩੪ ਇਕ ਰਿਖੀ ਜਿਸ ਦੀ ਇਸਤ੍ਰੀ ਅਹਿੱਲਿਆ ਸੀ। ਦੇਖੋ ਪੰਨਾ ੮੭੪, ਨੋਟ ੩੨ ।
੩੫ ਉਸ ਦੇ ਰੂਪ 'ਤੇ ਮੋਹਤ ਹੋਇਆ ।
੩੬ ਹਜ਼ਾਰ । ਗੌਤਮ ਦੇ ਸਰਾਪ ਨਾਲ ਇੰਦਰ ਦੇ ਸਰੀਰ ਤੇ ਹਜ਼ਾਰ ਭਗ ਦੇ ਨਿਸ਼ਾਨ ਹੋ ਗਏ ਸਨ।

* ਮਾਇਆ ਦੇ ਭਰਮ ਵਿੱਚ ਲੱਗ ਕੇ ਜੋ ਕਰਮ ਕੀਤੇ ਜਾਂਦੇ ਹਨ (ਜੋਗੀਆਂ ਦੇ ਨਿਵਲੀ, ਭੁਅੰਗਮ ਆਦਿ ਅਤੇ ਬ੍ਰਾਹਮਣਾਂ ਦੇ ਖਟ ਕਰਮ, ਮਜਨ ਆਦਿ) ਓਹ ਫੋਕਟ ਹਨ । ਅਸਲੀ ਕਾਰ ਜਿਸ ਨਾਲ ਮੁਕਤੀ ਮਿਲਦੀ ਹੈ, ਕੇਵਲ ਸਤਿਗੁਰੂ ਦੀ ਰਾਹੀਂ ਨਾਮ ਜਪਣਾ ਹੈ । ਇਸੇ ਨਾਲ ਦੁਬਿਧਾ ਦੂਰ ਹੁੰਦੀ ਹੈ ਤੇ ਹਰ ਥਾਂ ਹਰੀ ਪਸਰਿਆ ਦਿਸਦਾ ਹੈ ਜਿਸ ਦੀ ਸਿਫਤ ਕਰ ਕੇ ਮਨ ਮਰਦਾ ਤੇ ਹਰੀ ਦੀ ਪਛਾਣ ਹੁੰਦੀ ਹੈ ।

† ਇੰਦਰ, ਹਰੀ ਚੰਦ, ਬਲ ਅਤੇ ਜਨਮੇਜੇ ਦੀਆਂ ਉਦਾਹਰਣਾਂ ਲੈ ਕੇ ਦਸਦੇ ਹਨ ਕਿ ਕਿਵੇਂ ਵੱਡੇ-ਵੱਡੇ ਲੋਕ ਭੁੱਲਦੇ ਆਏ ਹਨ, ਇਸ ਲਈ ਕਿਸੇ ਨੂੰ ਆਪਣੀ ਕਰਨੀ ਉੱਤੇ ਮਾਣ ਨਹੀਂ ਕਰਨਾ ਚਾਹੀਦਾ । ਸਾਰੀ ਡੋਰੀ ਹਰੀ ਉੱਤੇ ਛੱਡਣੀ ਚਾਹੀਦੀ ਹੈ, ਓਹੀ ਸਭ ਕੁਝ ਕਰਦਾ ਕਰਾਉਂਦਾ ਹੈ ।

ਮਾਨਿਆ ਏਕ ਲਿਵ ਲਾਗੀ ॥ [੧]ਦੇਖਿ ਨਿਵਾਰਿਆ ਜਲ ਮਹਿ ਆਗੀ ॥ ਸੋ
ਬੂਝੈ ਹੋਵੈ ਵਡਭਾਗੀ ॥ ੫ ॥ ਸਤਿਗੁਰੁ ਸੇਵੇ ਭਰਮੁ ਚੁਕਾਏ[੨] ॥ ਅਨਦਿਨੁ[੩] ਜਾਗੈ
ਸਚਿ ਲਿਵ ਲਾਏ ॥ ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ
ਹੋਇ ॥ ੬ ॥ [੪]ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ[੫] ਹਉਮੈ
ਮਾਰਿ ॥ ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥
੭ ॥ ਸੁਖਦਾਤਾ ਦੁਖੁ ਮੇਟਣਹਾਰਾ ॥ ਅਵਰੁ ਨ ਸੂਝਸਿ [੬]ਬੀਜੀ ਕਾਰਾ ॥ ਤਨੁ
ਮਨੁ ਧਨੁ ਹਰਿ ਆਗੈ ਰਾਖਿਆ ॥ ਨਾਨਕੁ ਕਹੈ ਮਹਾ ਰਸੁ ਚਾਖਿਆ ॥ ੮ ॥
੨ ॥ ਪ੍ਰਭਾਤੀ ਮਹਲਾ ੧* ॥ [੭]ਨਿਵਲੀ ਕਰਮ [੮]ਭੁਅੰਗਮ ਭਾਠੀ [੯]ਰੇਚਕ ਪੂਰਕ
ਕੁੰਭ ਕਰੈ ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥ ਨਾਮ ਬਿਨਾ
ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ[੧੦] ॥ ੧ ॥ [੧੧]ਖਟੁ ਕਰਮ ਨਾਮੁ
ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ[੧੨] ॥ ੧ ॥ ਰਹਾਉ ॥
[੧੩]ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ[੧੪] ਗਣਾਇਦਾ
ਬੂਝਿ ਨ ਸਕੈ ਕਾਰ[੧੫] ॥ [੧੬]ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥
ਮਜਨੁ[੧੭] ਝੂਠਾ ਚੰਡਾਲ ਕਾ ਫੋਕਟ ਚਾਰ[੧੮] ਸੀਂਗਾਰ ॥ ੨ ॥ ਝੂਠੀ ਮਨ ਕੀ ਮਤਿ
ਹੈ ਕਰਣੀ ਬਾਦਿ[੧੯] ਬਿਬਾਦੁ[੨੦] ॥ ਝੂਠੇ ਵਿਚਿ ਅਹੰਕਰਣੁ[੨੧] ਹੈ ਖਸਮ ਨ ਪਾਵੈ
ਸਾਦੁ ॥ ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ [੨੨]ਦੁਸਟੀ ਸਭਾ
ਵਿਗੁਚੀਐ ਬਿਖੁ ਵਾਤੀ[੨੩] ਜੀਵਣ ਬਾਦਿ[੨੪] ॥ ੩ ॥ [੨੫]ਏ ਭ੍ਰਮਿ ਭੂਲੇ ਮਰਹੁ ਨ
ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ
ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥ ੪ ॥ ਏਹੁ ਸਰੀਰੁ ਹੈ [੨੬]ਤ੍ਰੈ ਗੁਣ
ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ[੨੭] ॥ ੫ ॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ[੨੮] ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ[੨੯] ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ ੬ ॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ
ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ[੨੯] ॥ ਵਿਚਿ ਦੁਬਿਧਾ ਮਾਥੈ
ਪਵੈ ਛਾਰੁ[੩੦] ॥ ੭ ॥ [੩੧]ਕਰਣੀ ਕੀਰਤਿ ਗੁਰਮਤਿ ਸਾਰੁ[੨੯] ॥ ਸੰਤ ਸਭਾ ਗੁਣ
ਗਿਆਨੁ ਬੀਚਾਰੁ ॥ [੩੨]ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ
ਪਛਾਣੁ ॥ ੮ ॥ ੩ ॥ ਪ੍ਰਭਾਤੀ ਮਹਲਾ ੧ ਦਖਣੀ[੩੩]† ॥ ਗੋਤਮੁ[੩੪] ਤਪਾ
ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ[੩੫] ॥ ਸਹਸ[੩੬] ਸਰੀਰ

੧ ਕਮਲੀ ਦੁਬਿਧਾ ਨੇ ਮਨ ਨੂੰ ਕਮਲਾ ਕਰ ਦਿੱਤਾ ਹੈ ।
੨ ਚੰਬੜ ਗਈ ਹੈ ਤੇ ਉਸ ਨੂੰ ਫਿਰ ਕੋਈ ਰੋਕ ਨਹੀਂ ਪਾ ਸਕਦਾ ।
੩ ਪੱਕੀ ਤਰ੍ਹਾਂ ਸਮਝਾਇਆ ।
੪ ਮਨ ਦੇ ਸੰਕਲਪ ਵਿਕਲਪ ਜੋ ਮਾਇਆ ਲਈ ਅੰਦਰ ਲਹਿਰਾਂ ਪੈਦਾ ਕਰਦੇ ਹਨ ।
੫ ਕੱਠੀ ਕਰਦੇ ।
੬ ਜਿਵੇਂ ਆਪਣਾ ਮਨ ਹੁੰਦਾ ਹੈ, ਤਿਵੇਂ ਹੋਰਸ ਦਾ ਨਜ਼ਰ ਆਉਂਦਾ ਹੈ: 'ਰੋਗੀ ਕੈ ਭਾਣੈ ਸਭ ਰੋਗੀ' ਜਿਵੇਂ ਮਨ ਦੀਆਂ ਖ਼ਾਹਸ਼ਾਂ ਹੁੰਦੀਆਂ ਹਨ, ਤਿਵੇਂ ਉਸ ਦੀ ਹਾਲਤ ਬਣ ਜਾਂਦੀ ਹੈ ।
੭ ਜੈਸੇ ਅਮਲ ਹੁੰਦੇ ਹਨ, ਤਿਵੇਂ ਸੁਰਤੀ ਬਣ ਜਾਂਦੀ ਹੈ ।
੮ ਪੂਰਨ ਅਡੋਲ ਤੇ ਸ਼ਾਂਤੀ ਵਾਲੀ ਅਵਸਥਾ ।
੯ ਦੁਨੀਆਂ ਦੇ ਰਾਗਾਂ ਨਾਦਾਂ ਵਿੱਚ ਲੱਗਾ ਮਨ ਦ੍ਵੈਤ ਭਾਵ ਵਿੱਚ ਰਹਿੰਦਾ ਹੈ । ਨਾਦ= ਗਾਉਣਾ ।
੧੦ ਮਿਲੇ ।
੧੧ ਆਪਣੇ ਅਸਲੀ ਘਰ ਵਿੱਚ ਮਨ ਦੀ ਹਜ਼ੂਰੀ ਹਾਲਤ ਵਿੱਚ ।
੧੨ ਸ੍ਰੇਸ਼ਟ ।
੧੩ ਹਨੇਰਾ ।
੧੪ ਦਿਲ ਵਿੱਚ ਟਿਕਾਅ ਕੇ ।
੧੫ ਮੁਕਤੀ ।
੧੬ ਹਰੀ ਤੋਂ ਬਿਨਾਂ ਹੋਰ ਕੋਈ ਨਹੀਂ ਜੋ ਪੈਦਾ ਕਰ ਕੇ ਫਿਰ ਸੰਭਾਲਣਾ ਕਰਦਾ ਹੈ ।
੧੭ ਇਸਤਰੀ ।
੧੮ ਕਾਮੀ ਪੁਰਸ਼ ।
੧੯ ਪੁੱਤਰ ।
੨੦ ਸੋਨਾ ।
੨੧ ਮਾਲਾਂ ।
੨੨ ਦੁੱਖ ਸੁਖ ਦੂਰ ਕਰ ਕੇ ਕੇਵਲ ਭਗਤੀ ਕਰਾਂ ।
੨੩ ਹੇ ਗੁਣਾਂ ਦੇ ਭੰਡਾਰ !
੨੪ ਹਰੀ । ਨਿਰਬਾਣ (ਦੁੱਖ ਰਹਿਤ) ਹਰੀ ਦਾ ਗਿਆਨ ਧਿਆਨ ਸਤਗੁਰ ਮਿਲੇ ਬਿਨਾਂ ਕੋਈ ਨਹੀਂ ਜਾਣ ਸਕਦਾ ।
੨੫ ਸਾਰੇ ਸਰੋਵਰਾਂ ਭਾਵ ਦਿਲਾਂ ਵਿੱਚ ।
੨੬ ਉੱਤੋਂ ।
੨੭ ਦੌੜਦੇ ਮਨ ਨੂੰ ਰੋਕ ਕੇ ਰੱਖੇ ।
੨੮ ਤਮਾਸ਼ੇ ।
੨੯ ਮਸਤੀ । ਮਸਤੀ ਪੈਦਾ ਕਰਨ ਵਾਲੇ ਅਚਰਜ ਖੇਲ ਤਮਾਸ਼ੇ ਮੁੱਕ ਗਏ ।

* ਮਨੁੱਖ ਦਾ ਮਨ ਮਾਇਆ-ਮੋਹ ਕਰ ਕੇ ਦੁਚਿੱਤੀ ਵਿੱਚ ਰਹਿੰਦਾ ਹੈ । ਇਸ ਤੋਂ ਛੁਟਕਾਰਾ ਗੁਰੂ ਹੀ ਦੇ ਸਕਦਾ ਹੈ (੧) । ਉਹ ਕਿਵੇਂ ? ਗੁਰੂ ਸਮਝਾਉਂਦਾ ਹੈ ਕਿ ਮਾਇਆ ਸਾਥ ਨਹੀਂ ਜਾਂਦੀ, ਨਾਮ ਹੀ ਸਦੀਵੀ ਸਾਥੀ ਹੋ ਸਕਦਾ ਹੈ (੨) । ਜਿਹੀਆਂ ਮਨ ਦੀਆਂ ਖਾਹਿਸ਼ਾਂ ਹੁੰਦੀਆਂ ਹਨ, ਤਿਹੋ ਜਿਹੀ ਮਨ ਦੀ ਹਾਲਤ ਹੋ ਜਾਂਦੀ ਹੈ (੩) । ਜੇ ਮਨ ਭੋਗ ਬਿਲਾਸ ਵਿੱਚ ਲੱਗਾ ਰਹੇ ਤਾਂ ਉਸ ਵਿੱਚ ਸੰਸਾਰੀ ਰਸ ਪ੍ਰਬਲ ਹੁੰਦਾ ਹੈ, ਜਿਸ ਤੋਂ ਗੁਰੂ ਨਾਮ ਦਾ ਪਿਆਰ ਦੇ ਕੇ ਬਚਾਂਦਾ ਹੈ (੪) । ਗੁਰੂ ਆਪਣੀ ਸੱਚੀ ਬਾਣੀ ਦੇ ਕੇ ਹਰੀ-ਗੁਣ ਗਾਣ ਦੀ ਰੁਚੀ ਦਿੰਦਾ ਹੈ, ਜਿਸ ਤੋਂ ਮਨ ਠਹਿਰ ਜਾਂਦਾ ਹੈ (੫)। ਫਿਰ ਸੇਵਾ ਕਰ ਕੇ ਨਿਰਮਲ ਭਗਤੀ ਵਿੱਚ ਲੱਗਦਾ ਹੈ (੬) । ਸ਼ਬਦ ਦੀ ਕਮਾਈ ਗਿਆਨ ਧਿਆਨ ਸਿਖਾ ਕੇ ਮੁਕਤੀ ਵੱਲ ਲਿਜਾਂਦੀ ਹੈ (੭) ਅਤੇ ਨਿਸਚਾ ਦੁਆਂਦੀ ਹੈ ਕਿ ਹਰੀ ਹੀ ਸਰਬ ਸਮਰੱਥ ਹੈ (੮) ।

† ਮਾਇਆ-ਮੋਹ ਬਹੁਤ ਪ੍ਰਬਲ ਹੈ । ਇਸ ਵਿੱਚ ਮਨੁੱਖ ਹਰੀ ਨੂੰ ਵਿਸਾਰ ਬਹਿੰਦਾ ਹੈ (੧) । ਗੁਰ ਸ਼ਬਦ ਰਾਹੀਂ ਇਸ ਤੋਂ ਛੁਟਕਾਰਾ ਮਿਲਦਾ ਤੇ ਹਰੀ ਵਿੱਚ ਚਿੱਤ ਲੱਗਦਾ ਹੈ (੨) । ਇਹ ਤਬਦੀਲੀ ਕੇਵਲ ਗੁਰੂ ਲਿਆ ਸਕਦਾ ਹੈ (੩) । ਉਹ ਕਿਵੇਂ ? ਗੁਰੂ ਹਉਮੈ ਕੱਢ ਕੇ ਮਨ ਨੂੰ ਟਿਕਾਉ ਵਿੱਚ ਲਿਆਉਂਦਾ ਤੇ ਭਾਉ ਭਗਤਿ ਸਿਖਾਂਦਾ ਹੈ (੪) । ਫਿਰ ਰੰਗ-ਤਮਾਸ਼ਿਆਂ ਵਲੋਂ ਰੁਚੀ ਹਟ ਕੇ ਇਕ ਹਰੀ ਵਿੱਚ ਲੱਗ ਜਾਂਦੀ ਹੈ (੫) । ਗੁਰੂ ਦੀ ਸੇਵਾ ਭਰਮ ਦੂਰ ਕਰਦੀ ਤੇ ਸੱਚ ਵਾਲੀ ਜਾਗਰਤ ਦਿੰਦੀ ਹੈ (੬) । ਇਸ ਸੇਵਾ ਵਾਲੀ ਸੁਰਤਿ ਦੁਆਰਾ ਰਹਿਣੀ ਸੱਚੀ ਹੋ ਜਾਂਦੀ ਹੈ (੭) ਅਤੇ ਸਾਰੀ ਜ਼ਿੰਦਗੀ ਹਰੀ ਦੇ ਹਵਾਲੇ ਹੋ ਜਾਂਦੀ ਹੈ (੮) ।

ਪ੍ਰਭਾਤੀ ਅਸਟਪਦੀਆ ਮਹਲਾ ੧ ਬਿਭਾਸ ੴ ਸਤਿਗੁਰ ਪ੍ਰਸਾਦਿ ॥
*[੧]ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥
[੨]ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥ ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ[੩] ॥
੧ ॥ ਨਾ ਮਨੁ[੪] ਮਰੈ ਨ ਮਾਇਆ ਮਰੈ ॥ ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ
ਵੀਚਾਰਿ ਭਉ ਸਾਗਰੁ ਤਰੈ ॥ ੧ ॥ ਰਹਾਉ ॥ ਮਾਇਆ ਸੰਚਿ[੫] ਰਾਜੇ
ਅਹੰਕਾਰੀ ॥ ਮਾਇਆ ਸਾਥਿ ਨ ਚਲੈ ਪਿਆਰੀ ॥ ਮਾਇਆ ਮਮਤਾ ਹੈ ਬਹੁ
ਰੰਗੀ ॥ ਬਿਨੁ ਨਾਵੈ ਕੋ ਸਾਥਿ ਨ ਸੰਗੀ ॥ ੨ ॥ [੬]ਜਿਉ ਮਨੁ ਦੇਖਹਿ ਪਰ ਮਨੁ
ਤੈਸਾ ॥ ਜੈਸੀ ਮਨਸਾ ਤੈਸੀ ਦਸਾ ॥ [੭]ਜੈਸਾ ਕਰਮੁ ਤੈਸੀ ਲਿਵ ਲਾਵੈ ॥
ਸਤਿਗੁਰੁ ਪੂਛਿ [੮]ਸਹਜ ਘਰੁ ਪਾਵੈ ॥ ੩ ॥ [੯]ਰਾਗਿ ਨਾਦਿ ਮਨੁ ਦੂਜੈ ਭਾਇ ॥
ਅੰਤਰਿ ਕਪਟੁ ਮਹਾ ਦੁਖੁ ਪਾਇ ॥ ਸਤਿਗੁਰੁ ਭੇਟੈ[੧੦] ਸੋਝੀ ਪਾਇ ॥ ਸਚੈ ਨਾਮਿ
ਰਹੈ ਲਿਵ ਲਾਇ ॥ ੪ ॥ ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ
ਗਾਵੈ ॥ ਨਿਜ ਘਰਿ[੧੧] ਵਾਸੁ ਅਮਰ ਪਦੁ ਪਾਵੈ ॥ ਤਾ ਦਰਿ ਸਾਚੈ ਸੋਭਾ ਪਾਵੈ ॥
੫ ॥ ਗੁਰ ਸੇਵਾ ਬਿਨੁ ਭਗਤਿ ਨ ਹੋਈ ॥ ਅਨੇਕ ਜਤਨ ਕਰੈ ਜੇ ਕੋਈ ॥
ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ ॥ ੬ ॥ ਇਸੁ ਜਗ
ਮਹਿ ਸਬਦੁ ਕਰਣੀ ਹੈ ਸਾਰੁ[੧੨] ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ[੧੩] ॥
ਸਬਦੇ ਨਾਮੁ ਰਖੈ [੧੪]ਉਰਿ ਧਾਰਿ ॥ ਸਬਦੇ ਗਤਿ[੧੫] ਮਤਿ ਮੋਖ ਦੁਆਰੁ ॥ ੭ ॥
[੧੬]ਅਵਰੁ ਨਾਹੀ ਕਰਿ ਦੇਖਣਹਾਰੋ ॥ ਸਾਚਾ ਆਪਿ ਅਨੂਪੁ ਅਪਾਰੋ ॥
ਰਾਮ ਨਾਮ ਊਤਮ ਗਤਿ ਹੋਈ ॥ ਨਾਨਕ ਖੋਜਿ ਲਹੈ ਜਨੁ ਕੋਈ ॥ ੮ ॥ ੧ ॥
ਪ੍ਰਭਾਤੀ ਮਹਲਾ ੧† ॥ ਮਾਇਆ ਮੋਹਿ ਸਗਲ ਜਗੁ ਛਾਇਆ ॥
ਕਾਮਣਿ[੧੭] ਦੇਖਿ ਕਾਮਿ[੧੮] ਲੋਭਾਇਆ ॥ ਸੁਤ[੧੯] ਕੰਚਨ[੨੦] ਸਿਉ ਹੇਤੁ
ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ ੧ ॥ ਐਸਾ ਜਾਪੁ
ਜਪਉ ਜਪਮਾਲੀ[੨੧] ॥ [੨੨]ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥ ੧ ॥
ਰਹਾਉ ॥ ਗੁਣ ਨਿਧਾਨ[੨੩] ਤੇਰਾ ਅੰਤੁ ਨ ਪਾਇਆ ॥ ਸਾਚ ਸਬਦਿ ਤੁਝ ਮਾਹਿ
ਸਮਾਇਆ ॥ ਆਵਾ ਗਉਣੁ ਤੁਧੁ ਆਪਿ ਰਚਾਇਆ ॥ ਸੇਈ ਭਗਤ ਜਿਨ
ਸਚਿ ਚਿਤੁ ਲਾਇਆ ॥ ੨ ॥ ਗਿਆਨੁ ਧਿਆਨੁ ਨਰਹਰਿ[੨੪] ਨਿਰਬਾਣੀ ॥
ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥ [੨੫]ਸਗਲ ਸਰੋਵਰ ਜੋਤਿ ਸਮਾਣੀ ॥
ਆਨਦ ਰੂਪ ਵਿਟਹੁ[੨੬] ਕੁਰਬਾਣੀ ॥ ੩ ॥ ਭਾਉ ਭਗਤਿ ਗੁਰਮਤੀ ਪਾਏ ॥
ਹਉਮੈ ਵਿਚਹੁ ਸਬਦਿ ਜਲਾਏ ॥ [੨੭]ਧਾਵਤੁ ਰਾਖੈ ਠਾਕਿ ਰਹਾਏ ॥ ਸਚਾ
ਨਾਮੁ ਮੰਨਿ ਵਸਾਏ ॥ ੪ ॥ ਬਿਸਮ ਬਿਨੋਦ[੨੮] ਰਹੇ ਪਰਮਾਦੀ[੨੯] ॥ ਗੁਰਮਤਿ

੧ ਚਾਨਣਾ (ਤੁਕ ਦਾ ਅੰਤਲਾ ਅੱਖਰ ਕਈ ਵਾਰੀ ਲਗ ਰਹਿਤ ਛੱਡਿਆ ਜਾਂਦਾ ਹੈ) ।
੨ ਖ਼ੈਰੀਅਤ, ਸੁਖ ਸਾਂਦ ।
੩ ਵਸੇ ।
੪ ਕ੍ਰਿਪਾਲੂ ਹੋਣ ਨਾਲ ।
੫ ਥਾਂ ।
੬ ਕਾਮਯਾਬੀਆਂ ।
੭ ਸ਼ਰਨ ਵਿੱਚ ਆਏ ਦੀ ਪਾਲਣਾ ਕਰਦਾ ਹੈ ।
੮ ਤਾੜਦਾ, ਡਾਂਟਦਾ । ਜਿਸ ਨੂੰ ਹਰੀ ਵਲੋਂ ਚੰਗੇ ਭਾਗ ਹੋਣ ਉਸ ਨੂੰ ਸਤਿਗੁਰੂ ਮਿਲਦਾ ਹੈ ਅਤੇ ਜਮ ਨਹੀਂ ਤਾੜਦਾ ।
੯ ਰਾਤ ਦਿਨ ।
੧੦ ਜਿਸ ਦੇ ਪੂਰੇ ਭਾਗ ਹੋਣ ।
੧੧ ਕਲੇਸ਼ ।
੧੨ ਪਰਤਾਓ ਤਾਲ । ਇਥੇ ਮੁੜ-ਮੁੜ ਤਾਲ ਪਰਤਾਇਆ ਜਾਂਦਾ ਹੈ ।
੧੩ ਵਿਆਪਕ ।
੧੪ ਹਉਮੈ ਦਾ ਸਾੜਾ ।
੧੫ ਆਪਾ ਭਾਵ ।
੧੬ ਬਾਲਕ ।
੧੭ ਵੱਡਾ ।
੧੮ ਜੀਵਨ ਦਾ ਆਸਰਾ, ਦੁੱਖਾਂ ਦੇ ਕੱਟਣ ਵਾਲਾ ਅਤੇ ਬਿਬੇਕ (ਵਿਚਾਰ) ਵਾਲੀ ਬੁੱਧੀ ਦੇਣ ਵਾਲਾ।
੧੯ ਇਕ ।
੨੦ ਧੂੜੀ (ਚਰਨਾਂ ਦੀ) ।
੨੧ ਇਸ਼ਨਾਨ ।

* ਧੰਨ ਹੈ ਗੁਰੂ, ਜਿਸ ਦੇ ਮਿਲਣ ਨਾਲ ਦਿਲ ਵਿੱਚ ਚਾਨਣਾ ਹੋਇਆ ਅਤੇ ਹਰੀ-ਸਿਮਰਨ ਕਰ ਕੇ ਹਰ ਤਰ੍ਹਾਂ ਦਾ ਸੁਖ ਪਾਇਆ ।

† ਹਰੀ ਨਾਮ ਜਪਣ ਦੇ ਫਾਇਦੇ ਦਸਦੇ ਹਨ । ਇਹ ਨਾਮ ਗੁਰੂ ਜਾਂ ਉਸ ਦੀ ਸਾਧ ਸੰਗਤਿ ਤੋਂ ਮਿਲਦਾ ਹੈ ।

‡ ਵਿਆਪਕ ਹਰੀ ਨੂੰ ਜਪੋ, ਤਾਂ ਜੋ ਦੁੱਖ ਤੇ ਪਾਪ ਦੂਰ ਹੋ ਜਾਣ । ਉਹ ਕਿਵੇਂ ? ਹਉਮੈ ਛੱਡ ਕੇ ਸੰਤਾਂ ਦੀ ਸ਼ਰਨ ਲਓ, ਜਿਸ ਦੁਆਰਾ ਪਾਪ ਦੂਰ ਹੋ ਕੇ ਮਨ ਪਵਿੱਤਰ ਹੋ ਜਾਏਗਾ । ਫੇਰ ਬਾਲਕ ਵਾਂਗੂੰ ਨਿਰਛਲ ਹੋ ਕੇ ਹਰੀ ਦੀ ਗੋਦੀ ਵਿੱਚ ਸਮਾਅ ਜਾਓਗੇ, ਜਿਥੇ ਕੋਈ ਦੁੱਖ ਪਾਪ ਨਹੀਂ ਪਹੁੰਚ ਸਕਦੇ ।

§ ਇਕੋ ਵੱਡੇ ਤੇ ਉੱਚੇ ਹਰੀ ਦੀ ਸ਼ਰਨ ਲਓ, ਜੋ ਅਕਲ ਨੂੰ ਸਾਫ ਕਰਦਾ ਤੇ ਦੁੱਖਾਂ ਨੂੰ ਦੂਰ ਕਰਦਾ ਹੈ। ਇਹ ਸ਼ਰਨ ਸੰਤਾਂ ਦੀ ਸੰਗਤ ਤੋਂ ਮਿਲਦੀ ਹੈ ।

ਨਾਮੁ ਜਪਤ ਹੋਆ ਪਰਗਾਸੁ ॥ ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥ ੩ ॥ ਗੁਰ ਸਮਰਥ ਸਦਾ ਦਇਆਲ ॥ ਹਰਿ ਜਪਿ ਜਪਿ ਨਾਨਕ ਭਏ ਨਿਹਾਲ ॥ ੪ ॥ ੧੧ ॥ ਪ੍ਰਭਾਤੀ ਮਹਲਾ ੫* ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥ ਦੀਨ ਦਇਆਲ ਭਏ ਕਿਰਪਾਲਾ ਅਪਣਾ ਨਾਮੁ ਆਪਿ ਜਪਾਇਆ ॥ ੧ ॥ ਰਹਾਉ ॥ ਸੰਤਸੰਗਤਿ ਮਿਲਿ ਭਇਆ ਪ੍ਰਗਾਸ[੧] ॥ ਹਰਿ ਹਰਿ ਜਪਤ ਪੂਰਨ ਭਈ ਆਸ ॥ ੧ ॥ ਸਰਬ ਕਲਿਆਣ[੨] ਸੂਖ ਮਨਿ ਵੂਠੇ[੩] ॥ ਹਰਿ ਗੁਣ ਗਾਏ ਗੁਰ ਨਾਨਕ ਤੂਠੇ[੪] ॥ ੨ ॥ ੧੨ ॥

ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ ੴ ਸਤਿਗੁਰ ਪ੍ਰਸਾਦਿ ॥

†ਅਵਰੁ ਨ ਦੂਜਾ ਠਾਉ[੫] ॥ ਨਾਹੀ ਬਿਨੁ ਹਰਿ ਨਾਉ ॥ ਸਰਬ ਸਿਧਿ[੬] ਕਲਿਆਨ[੨] ॥ ਪੂਰਨ ਹੋਹਿ ਸਗਲ ਕਾਮ ॥ ੧ ॥ ਹਰਿ ਕੋ ਨਾਮੁ ਜਪੀਐ ਨੀਤ ॥ ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ ॥ ੧ ॥ ਰਹਾਉ ॥ ਨਾਮਿ ਲਾਗੈ ਦੂਖੁ ਭਾਗੈ [੭]ਸਰਨਿ ਪਾਲਨ ਜੋਗੁ ॥ ਸਤਿਗੁਰੁ ਭੇਟੈ ਜਮੁ ਨ ਤੇਟੈ[੮] ਜਿਸੁ ਧੁਰਿ ਹੋਵੈ ਸੰਜੋਗੁ ॥ ੨ ॥ [੯]ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥ ਸਾਧਸੰਗਤਿ ਹਰਿ ਮਿਲੈ [੧੦]ਜਿਸਹਿ ਪੂਰਨ ਕਰਮ ॥ ੩ ॥ ਜਨਮ ਜਨਮ ਬਿਖਾਦ[੧੧] ਬਿਨਸੇ ਰਾਖਿ ਲੀਨੇ ਆਪਿ ॥ ਮਾਤ ਪਿਤਾ ਮੀਤ ਭਾਈ ਜਨ ਨਾਨਕ ਹਰਿ ਹਰਿ ਜਾਪਿ ॥ ੪ ॥ ੧ ॥ ੧੩ ॥

ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ[੧੨] ੴ ਸਤਿਗੁਰ ਪ੍ਰਸਾਦਿ ॥

‡ਰਮ[੧੩] ਰਾਮ ਰਾਮ ਰਾਮ ਜਾਪ ॥ ਕਲਿ ਕਲੇਸ ਲੋਭ ਮੋਹ ਬਿਨਸਿ ਜਾਇ [੧੪]ਅਹੰ ਤਾਪ ॥ ੧ ॥ ਰਹਾਉ ॥ ਆਪੁ[੧੫] ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ ॥ ੧ ॥ ਨਾਨਕੁ ਬਾਰਿਕੁ[੧੬] ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ ॥ ੨ ॥ ੧ ॥ ੧੪ ॥ ਪ੍ਰਭਾਤੀ ਮਹਲਾ ੫§ ॥ ਚਰਨ ਕਮਲ ਸਰਨਿ ਟੇਕ ॥ ਊਚ ਮੂਚ[੧੭] ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ ॥ ੧ ॥ ਰਹਾਉ ॥ [੧੮]ਪ੍ਰਾਨ ਅਧਾਰ ਦੂਖ ਬਿਦਾਰ ਦੈਨਹਾਰ ਬੁਧਿ ਬਿਬੇਕ ॥ ੧ ॥ ਨਮਸਕਾਰ ਰਖਨਹਾਰ ਮਨਿ ਅਰਾਧਿ ਪ੍ਰਭੂ ਮੇਕ[੧੯] ॥ ਸੰਤ ਰੇਨੁ[੨੦] ਕਰਉ ਮਜਨੁ[੨੧] ਨਾਨਕ ਪਾਵੈ ਸੁਖ ਅਨੇਕ ॥ ੨ ॥ ੨ ॥ ੧੫ ॥

੧ ਉਹ ਮੁਕਤ ਹੈ ਜੋ ਸਾਧੂਆਂ ਦੀ ਚਰਨ-ਧੂੜ ਵਿੱਚ ਨ੍ਹਾਉਂਦਾ ਹੈ ।
੨ ਕਿਰਪਾ ਨਾਲ ।
੩ ਦੇਖੋ ਪੰਨਾ ੧੧੧੭, ਨੋਟ ੩ ।
੪ ਬਹੁਤੇ ।
੫ ਪਾਪ ।
੬ ਸੁਖੀ ।
੭ ਖੁਸ਼ੀ ਦੇ ਗੀਤ ।
੮ ਸੁਖ ਅਨੰਦ, ਖ਼ੈਰੀਅਤ ।
੯ ਸਾਰਾ ਕੰਮ ਠੀਕ ਹੋ ਗਿਆ ।
੧੦ ਵੱਸੇ ।
੧੧ ਹੱਥ ।
੧੨ ਗੁਣਾਂ ਦੇ ਖਜ਼ਾਨੇ ਹਰੀ ਨੂੰ ।
੧੩ ਸਿਆਣਾ ।
੧੪ ਗੁਰਬਾਣੀ ਰਾਹੀਂ ਪਾਪ ਦੂਰ ਕੀਤੇ ਤੇ ਸੰਤੋਖ ਹਾਸਲ ਕੀਤਾ ।
੧੫ ਨਾਮ ਅਰਾਧਣ ਦੇ ਲਾਇਕ ਹੋ ਗਿਆ ।
੧੬ ਜਿਸ ਹਰੀ ਨੇ ਪੈਦਾ ਕੀਤਾ ਸੀ, ਉਸੇ ਨੇ ਬਚਾਅ ਲਿਆ ।
੧੭ ਨਿਖਸਮਿਆਂ ਦਾ ਮਾਲਕ ਬਣਦਾ ਹੈ ।
੧੮ ਰਹਿਣੀ, ਆਚਰਣ ।
੧੯ ਏਥੇ ਓਥੇ, ਲੋਕ ਪ੍ਰਲੋਕ ।
੨੦ ਮੱਥੇ 'ਤੇ ।
੨੧ ਵਿਚੋਂ । 'ਕੋਟਿ ਮਧੇ ਕੋ ਵਿਰਲਾ ਸੇਵਕੁ...' ਗੂਜਰੀ ਮ: ੫, ੪੯੫) ।
੨੨ ਪਾਣੀ ਵਿੱਚ, ਸੁਖੀ ਧਰਤੀ ਵਿੱਚ ਅਤੇ ਧਰਤੀ ਅਸਮਾਨ ਦੇ ਦਰਮਿਆਨ ਜੋ ਪੁਲਾੜ ਹੈ ਉਸ ਵਿੱਚ ਹਰੀ ਨੂੰ ਵਿਆਪਕ ਦੇਖਦਾ ਹੈ ।
੨੩ ਤਰਦਾ ਹੈ ।
੨੪ ਵਿਹੁ ਰੂਪ ਮਾਇਆ ਦੇ ਧੰਦੇ ।

* ਗੁਰੂ ਦੀ ਬਾਣੀ ਨੂੰ ਪਿਆਰ ਕਰਨ ਨਾਲ ਦੁੱਖ ਤੇ ਭਰਮ ਦੂਰ ਹੁੰਦੇ, ਮਨ ਸੁਖੀ ਹੁੰਦਾ ਅਤੇ ਹਰ ਥਾਂ ਹਰੀ ਵਸਦਾ ਅਤੇ ਸਹਾਇਤਾ ਕਰਦਾ ਦਿਸਦਾ ਹੈ ।

† ਗੁਰੂ ਦੀ ਬਾਣੀ ਦੇ ਉਪਦੇਸ਼ ਦੁਆਰਾ ਪਾਪ ਦੂਰ ਕਰੀਦਾ ਅਤੇ ਸੰਤੋਖ ਧਾਰਨ ਕਰੀਦਾ ਹੈ, ਐਸਾ ਸੁਧਰਿਆ ਹੋਇਆ ਮਨ ਸਿਮਰਨ ਕਰਨ ਦੇ ਲਾਇਕ ਹੋ ਜਾਂਦਾ ਹੈ, ਹਰੀ ਦੇ ਗੁਣ ਗਾਂਦਾ ਹੋਇਆ ਆਵਾ-ਗੌਣ ਤੋਂ ਛੁੱਟ ਕੇ ਲੋਕ ਪ੍ਰਲੋਕ ਵਿੱਚ ਪੂਜਣ ਜੋਗ ਹੋ ਜਾਂਦਾ ਹੈ । ਐਸਾ ਕੋਈ ਵਿਰਲਾ ਹੀ ਹੁੰਦਾ ਹੈ ।

‡ (ਅੰਤਲੇ ਦੋਹਾਂ ਸ਼ਬਦਾਂ ਵਿੱਚ ਗੁਰੂ ਦਾ ਧੰਨਵਾਦ ਕਰਦੇ ਹਨ ।) ਧੰਨ ਹੈ ਗੁਰੂ, ਜਿਸ ਦੀ ਬਾਣੀ ਹਰੀ-ਸਿਮਰਨ ਵਿੱਚ ਲਾ ਕੇ ਨਿਹਾਲ ਕਰਦੀ ਹੈ ।

ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥ ੧ ॥
ਹਰਿ ਰੰਗਿ ਰਾਤਾ ਮਨੁ ਰਾਮ ਗੁਨ ਗਾਵੈ ॥ [੧]ਮੁਕਤੋੁ ਸਾਧੂ ਧੂਰੀ ਨਾਵੈ ॥ ੧ ॥
ਰਹਾਉ ॥ ਗੁਰ ਪਰਸਾਦੀ[੨] ਉਤਰੇ ਪਾਰਿ ॥ ਭਉ ਭਰਮੁ ਬਿਨਸੇ ਬਿਕਾਰ ॥
ਮਨ ਤਨ ਅੰਤਰਿ ਬਸੇ ਗੁਰ ਚਰਨਾ ॥ ਨਿਰਭੈ ਸਾਧ ਪਰੇ ਹਰਿ ਸਰਨਾ ॥ ੨ ॥
[੩]ਅਨਦ ਸਹਜ ਰਸ ਸੂਖ ਘਨੇਰੇ[੪] ॥ ਦੁਸਮਨੁ ਦੂਖੁ ਨ ਆਵੈ ਨੇਰੇ ॥ ਗੁਰਿ
ਪੂਰੈ ਅਪੁਨੇ ਕਰਿ ਰਾਖੇ ॥ ਹਰਿ ਨਾਮੁ ਜਪਤ ਕਿਲਬਿਖ[੫] ਸਭਿ ਲਾਥੇ ॥ ੩ ॥
ਸੰਤ ਸਾਜਨ ਸਿਖ ਭਏ ਸੁਹੇਲੇ[੬] ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥ ਜਨਮ
ਮਰਨ ਦੁਖ ਫਾਹਾ ਕਾਟਿਆ ॥ ਕਹੁ ਨਾਨਕ ਗੁਰਿ ਪੜਦਾ ਢਾਕਿਆ ॥ ੪ ॥
੮ ॥ ਪ੍ਰਭਾਤੀ ਮਹਲਾ ੫* ॥ ਸਤਿਗੁਰਿ ਪੂਰੈ ਨਾਮੁ ਦੀਆ ॥ ਅਨਦ ਮੰਗਲ[੭]
ਕਲਿਆਣ[੮] ਸਦਾ ਸੁਖੁ [੯]ਕਾਰਜੁ ਸਗਲਾ ਰਾਸਿ ਥੀਆ ॥ ੧ ॥ ਰਹਾਉ ॥
ਚਰਨ ਕਮਲ ਗੁਰ ਕੇ ਮਨਿ ਵੂਠੇ[੧੦] ॥ ਦੂਖ ਦਰਦ ਭ੍ਰਮ ਬਿਨਸੇ ਝੂਠੇ ॥ ੧ ॥
ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥
੨ ॥ ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥ ਸੰਗਿ ਸਹਾਈ ਜਹ ਹਉ ਜਾਈ ॥
੩ ॥ ਦੁਇ ਕਰ[੧੧] ਜੋੜਿ ਕਰੀ ਅਰਦਾਸਿ ॥ ਸਦਾ ਜਪੇ ਨਾਨਕੁ [੧੨]ਗੁਣਤਾਸੁ ॥
੪ ॥ ੯ ॥ ਪ੍ਰਭਾਤੀ ਮਹਲਾ ੫† ॥ ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ[੧੩] ॥ ਗੁਰੁ
ਪੂਰਾ ਪਾਈਐ ਵਡਭਾਗੀ ਦਰਸਨ ਕਉ ਜਾਈਐ ਕੁਰਬਾਣੁ ॥ ੧ ॥ ਰਹਾਉ ॥
[੧੪]ਕਿਲਬਿਖ ਮੇਟੇ ਸਬਦਿ ਸੰਤੋਖੁ ॥ [੧੫]ਨਾਮੁ ਅਰਾਧਨ ਹੋਆ ਜੋਗੁ ॥
ਸਾਧਸੰਗਿ ਹੋਆ ਪਰਗਾਸੁ ॥ ਚਰਨ ਕਮਲ ਮਨ ਮਾਹਿ ਨਿਵਾਸੁ ॥ ੧ ॥
[੧੬]ਜਿਨਿ ਕੀਆ ਤਿਨਿ ਲੀਆ ਰਾਖਿ ॥ ਪ੍ਰਭੁ ਪੂਰਾ [੧੭]ਅਨਾਥ ਕਾ ਨਾਥੁ ॥
ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ[੧੮] ॥ ੨ ॥
ਗੁਣ ਗਾਵੈ ਨਿਤ ਨਿਤ ਨਿਤ ਨਵੇ ॥ ਲਖ ਚਉਰਾਸੀਹ ਜੋਨਿ ਨ ਭਵੇ ॥
[੧੯]ਈਹਾਂ ਊਹਾਂ ਚਰਣ ਪੂਜਾਰੇ ॥ ਮੁਖੁ ਊਜਲੁ ਸਾਚੇ ਦਰਬਾਰੇ ॥ ੩ ॥
ਜਿਸੁ ਮਸਤਕਿ[੨੦] ਗੁਰਿ ਧਰਿਆ ਹਾਥੁ ॥ ਕੋਟਿ ਮਧੇ[੨੧] ਕੋ ਵਿਰਲਾ ਦਾਸੁ ॥
[੨੨]ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥ ਨਾਨਕ ਉਧਰਸਿ[੨੩] ਤਿਸੁ ਜਨ ਕੀ
ਧੂਰਿ ॥ ੪ ॥ ੧੦ ॥ ਪ੍ਰਭਾਤੀ ਮਹਲਾ ੫‡ ॥ ਕੁਰਬਾਣੁ ਜਾਈ ਗੁਰ ਪੂਰੇ
ਅਪਨੇ ॥ ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ ॥ ੧ ॥ ਰਹਾਉ ॥ ਅੰਮ੍ਰਿਤ
ਬਾਣੀ ਸੁਣਤ ਨਿਹਾਲ ॥ ਬਿਨਸਿ ਗਏ [੨੪]ਬਿਖਿਆ ਜੰਜਾਲ ॥ ੧ ॥ ਸਾਚ
ਸਬਦ ਸਿਉ ਲਾਗੀ ਪ੍ਰੀਤਿ ॥ ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥ ੨ ॥

੧ ਪਾਪ ।
੨ ਗੁਰੂ ਨੇ ਸੱਚਾ ਨਾਮ ਪੂੰਜੀ ਦੇ ਤੌਰ 'ਤੇ ਦਿੱਤਾ।
੩ ਸੇਵਕ ਸੇਵਾ ਕਰਦੇ ਸਦਾ ਸੋਹਣੇ ਲੱਗਦੇ ਹਨ।
੪ ਕੌੜਾਂ ।
੫ ਭਲਾ ਹੋਵੇਗਾ ।
੬ ਕੁਰਬਾਨ ਜਾਂਦਾ ਹਾਂ ।
੭ ਕਿਰਪਾ ਨਾਲ ।
੮ ਹੇ ਸਾਰਿਆਂ ਦਿਲਾਂ ਦੇ ਅੰਦਰ ਦੀ ਜਾਣਨ ਵਾਲੇ!
੯ ਪ੍ਰਭੂ ਨੇ ਕਿਰਪਾ ਕਰ ਕੇ ਆਪਣੇ ਬਣਾ ਲਏ ।
੧੦ ਚਿੰਤਾ । ੧੧ ਬਚ ਗਏ ।
੧੨ ਮਨ ਤੇ ਤਨ ਦੇ ਦੁੱਖ ।
੧੩ ਹਰੀ ਨਾਮ ਦੇ ਪਿਆਰ ਕਰ ਕੇ ।
੧੪ ਰਸਤਾ ।
੧੫ ਅਪਹੁੰਚ, ਜਿਸ ਦਾ ਅੰਤ ਨਾ ਲੈ ਸਕੀਏ ।
੧੬ ਗੁਣਾਂ ਦਾ ਸਮੁੰਦਰ ।
੧੭ ਸ਼ਾਹੂਕਾਰ ।
੧੮ ਖਰੀਦਿਆ ।
੧੯ ਹੇ ਮਨ, ਹੇ ਮਿੱਤਰ !
੨੦ ਵਧਾਈ ਦੇ ਵਾਜੇ ਵੱਜੇ, ਖੁਸ਼ੀ ਹੋਈ ।
੨੧ ਗੁਰੂ-ਸੰਤ ਦੀ ਕਿਰਪਾ ਨਾਲ ।
੨੨ ਗੁਰੂ ਦੁਆਰਾ ।
੨੩ ਸ਼ਕਤੀ ।

* ਉਤਲਾ ਭਾਵ ਈ ਹੈ ।

† ਹਰੀ ਨੇ ਸਾਨੂੰ ਆਪਣਾ ਬਣਾ ਲਿਆ ਅਤੇ ਜਪਣ ਲਈ ਆਪਣਾ ਨਾਮ ਦਿੱਤਾ । ਉਹ ਕਿਵੇਂ ? ਇਹ ਗੱਲ ਰਹਾਉ ਵਿੱਚ ਦੱਸੀ ਹੈ, ਅਰਥਾਤ ਹਉਮੈ ਤਿਆਗ ਕੇ ਗੁਰੂ ਮਿਲਿਆ ਅਤੇ ਉਸ ਦੇ ਰਾਹੀਂ ਸਭ ਕੁਝ ਪ੍ਰਾਪਤ ਹੋਇਆ । ਜੋ ਕੁਝ ਮਿਲਿਆ, ਉਹ ਬਾਕੀ ਦੇ ਸ਼ਬਦ ਵਿੱਚ ਦੱਸਿਆ ਹੈ ।

‡ ਅਸਲੀ ਵਣਜਾਰੇ ਓਹੀ ਹਨ ਜੋ ਗੁਰੂ ਰਾਹੀਂ ਹਰੀ ਨਾਮ ਵਿਹਾਜਦੇ ਅਤੇ ਇਸੇ ਦਾ ਲਾਹਾ ਖਟਦੇ ਹਨ।

§ ਗੁਰੂ ਸਰਬ ਸਮਰੱਥ ਹੈ । ਉਸ ਦੀ ਬਾਣੀ ਨੂੰ ਪਿਆਰ ਕਰਨ ਵਾਲੇ ਦੇ ਦਿਲ ਵਿਚੋਂ ਦੁੱਖ ਭਰਮ ਭਉ ਦੂਰ ਹੁੰਦੇ ਤੇ ਉੱਚੇ ਤੋਂ ਉੱਚੇ ਸੁਖ ਆ ਵਸਦੇ ਹਨ । ਗੁਰਬਾਣੀ ਦੇ ਪਿਆਰ ਵਿਚੋਂ ਹਰੀ ਦਾ ਪਿਆਰ ਉਪਜਦਾ ਹੈ ਤੇ ਜਨਮ ਸਫਲਾ ਹੁੰਦਾ ਹੈ ।

ਪਾਰਬ੍ਰਹਮੁ ਧਿਆਈ ਸਦਾ ਸਦਾ ਗੁਨ ਗਾਇਆ॥ ਕਹੁ ਨਾਨਕ ਮੇਰੇ ਪੂਰੇ ਮਨੋਰਥ ਪਾਰਬ੍ਰਹਮੁ ਗੁਰੁ ਪਾਇਆ॥ ੪॥ ੪॥ ਪ੍ਰਭਾਤੀ ਮਹਲਾ ੫* ॥ ਸਿਮਰਤ ਨਾਮੁ ਕਿਲਬਿਖ[1] ਸਭਿ ਨਾਸੇ ॥ [2]ਸਚੁ ਨਾਮੁ ਗੁਰਿ ਦੀਨੀ ਰਾਸੇ ॥ ਪ੍ਰਭ ਕੀ ਦਰਗਹ ਸੋਭਾਵੰਤੇ ॥ [3]ਸੇਵਕ ਸੇਵਿ ਸਦਾ ਸੋਹੰਤੇ ॥ ੧ ॥ ਹਰਿ ਹਰਿ ਨਾਮੁ ਜਪਹੁ ਮੇਰੇ ਭਾਈ॥ ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ॥ ੧ ॥ ਰਹਾਉ ॥ ਜਨਮ ਮਰਨ ਗੁਰਿ ਰਾਖੇ ਮੀਤ॥ ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥ ਕੋਟਿ[4] ਜਨਮ ਕੇ ਗਏ ਕਲੇਸ ॥ ਜੋ ਤਿਸੁ ਭਾਵੈ ਸੋ [5]ਭਲ ਹੋਸ॥ ੨॥ ਤਿਸੁ ਗੁਰ ਕਉ ਹਉ ਸਦ [6]ਬਲਿ ਜਾਈ॥ ਜਿਸੁ ਪ੍ਰਸਾਦਿ[7] ਹਰਿ ਨਾਮੁ ਧਿਆਈ॥ ਐਸਾ ਗੁਰੁ ਪਾਈਐ ਵਡਭਾਗੀ॥ ਜਿਸੁ ਮਿਲਤੇ ਰਾਮ ਲਿਵ ਲਾਗੀ॥ ੩॥ ਕਰਿ ਕਿਰਪਾ ਪਾਰਬ੍ਰਹਮ ਸੁਆਮੀ॥ [8]ਸਗਲ ਘਟਾ ਕੇ ਅੰਤਰਜਾਮੀ॥ ਆਠ ਪਹਰ ਅਪੁਨੀ ਲਿਵ ਲਾਇ॥ ਜਨੁ ਨਾਨਕੁ ਪ੍ਰਭ ਕੀ ਸਰਣਾਇ॥ ੪॥ ੫॥ ਪ੍ਰਭਾਤੀ ਮਹਲਾ ੫† ॥ [9]ਕਰਿ ਕਿਰਪਾ ਅਪੁਨੇ ਪ੍ਰਭਿ ਕੀਏ ॥ ਹਰਿ ਕਾ ਨਾਮੁ ਜਪਨ ਕਉ ਦੀਏ ॥ ਆਠ ਪਹਰ ਗੁਨ ਗਾਇ ਗੁਬਿੰਦ॥ ਭੈ ਬਿਨਸੇ ਉਤਰੀ ਸਭ ਚਿੰਦ[10]॥ ੧॥ ਉਬਰੇ[11] ਸਤਿਗੁਰ ਚਰਨੀ ਲਾਗਿ॥ ਜੋ ਗੁਰੁ ਕਹੈ ਸੋਈ ਭਲ ਮੀਠਾ ਮਨ ਕੀ ਮਤਿ ਤਿਆਗਿ॥ ੧ ॥ ਰਹਾਉ ॥ ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ॥ [12]ਕਲਿ ਕਲੇਸ ਕਿਛੁ ਬਿਘਨੁ ਨ ਹੋਈ॥ ਸਦਾ ਸਦਾ ਪ੍ਰਭੁ ਜੀਅ ਕੈ ਸੰਗਿ॥ ਉਤਰੀ ਮੈਲੁ [13]ਨਾਮ ਕੈ ਰੰਗਿ॥ ੨॥ ਚਰਨ ਕਮਲ ਸਿਉ ਲਾਗੋ ਪਿਆਰੁ॥ ਬਿਨਸੇ ਕਾਮ ਕ੍ਰੋਧ ਅਹੰਕਾਰ॥ ਪ੍ਰਭ ਮਿਲਨ ਕਾ ਮਾਰਗੁ[14] ਜਾਨਾਂ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ॥ ੩॥ ਸੁਣਿ ਸਜਣ ਸੰਤ ਮੀਤ ਸੁਹੇਲੇ॥ ਨਾਮੁ ਰਤਨੁ ਹਰਿ ਅਗਹ[15] ਅਤੋਲੇ॥ ਸਦਾ ਸਦਾ ਪ੍ਰਭੁ [16]ਗੁਣ ਨਿਧਿ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥੪॥੬॥ ਪ੍ਰਭਾਤੀ ਮਹਲਾ ੫‡॥ ਸੇ ਧਨਵੰਤ ਸੇਈ ਸਚੁ ਸਾਹਾ[17] ॥ ਹਰਿ ਕੀ ਦਰਗਹ ਨਾਮੁ ਵਿਸਾਹਾ[18] ॥ ੧॥ ਹਰਿ ਹਰਿ ਨਾਮੁ ਜਪਹੁ [19]ਮਨ ਮੀਤ॥ ਗੁਰੁ ਪੂਰਾ ਪਾਈਐ ਵਡਭਾਗੀ ਨਿਰਮਲ ਪੂਰਨ ਰੀਤਿ॥ ੧॥ ਰਹਾਉ॥ ਪਾਇਆ ਲਾਭੁ [20]ਵਜੀ ਵਾਧਾਈ॥ [21]ਸੰਤ ਪ੍ਰਸਾਦਿ ਹਰਿ ਕੇ ਗੁਨ ਗਾਈ॥ ੨॥ ਸਫਲ ਜਨਮੁ ਜੀਵਨ ਪਰਵਾਣੁ॥ ਗੁਰ ਪਰਸਾਦੀ ਹਰਿ ਰੰਗੁ ਮਾਣੁ॥ ੩॥ ਬਿਨਸੇ ਕਾਮ ਕ੍ਰੋਧ ਅਹੰਕਾਰ॥ ਨਾਨਕ ਗੁਰਮੁਖਿ[22] ਉਤਰਹਿ ਪਾਰਿ॥ ੪॥ ੭॥ ਪ੍ਰਭਾਤੀ ਮਹਲਾ ੫§॥ ਗੁਰੁ ਪੂਰਾ ਪੂਰੀ ਤਾ ਕੀ ਕਲਾ[23] ॥ ਗੁਰ ਕਾ ਸਬਦੁ ਸਦਾ ਸਦ ਅਟਲਾ॥

੧ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ ।
੨ ਹਰੀ ਦੀ ਸੇਵਾ ਕਰਨ ਨਾਲ ਜਨ ਦੀ ਵਡਿਆਈ ਹੁੰਦੀ ਹੈ ।
੩ ਇਸ ਸੇਵਾ ਤੋਂ ਕਾਮ, ਕ੍ਰੋਧ ਅਤੇ ਲੋਭ ਦੂਰ ਹੁੰਦੇ ਹਨ ।
੪ (ਹਰੀ ਦੇ ਸੇਵਕ) ਪ੍ਰਭੂ ਦੇ ਦਰਸ਼ਨਾਂ ਦੇ ਪਿਆਰ ਕਰ ਕੇ ਉਸ ਦੇ ਗੁਣ ਗਾਂਦੇ ਹਨ, ਭਾਵ ਉਹ ਕਿਸੇ ਸ੍ਵਰਗ ਆਦਿ ਦੇ ਲਾਲਚ ਕਰ ਕੇ ਗੁਣ ਨਹੀਂ ਗਾਉਂਦੇ, ਉਹ ਤਾਂ ਕੇਵਲ ਹਰੀ ਦਰਸ਼ਨ ਚਾਹੁੰਦੇ ਹਨ । 'ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥' (ਆਸਾ ਮ: ੧-੩੬੦)
੫ ਤੂੰ ਆਪ ਹੀ ਦੱਸੀ ।
੬ ਰੱਸੀ, ਫਾਹੀ ।
੭ ਪ੍ਰੇਮ ਵਿੱਚ ।
੮ ਦੇਖ-ਦੇਖ ।
੯ ਹਰ ਰੋਜ਼ ।
੧੦ ਮੇਰੇ ਉੱਤੇ ।
੧੧ ਪਾਪ ।
੧੨ ਜੋ ਮੈਨੂੰ ਤਾਰ ਦੇਵੇ ।
੧੩ ਜਿਸ ਗੁਰੂ ਨੇ ਸਿੱਧਾ ਰਾਹ ਦੱਸਿਆ ਹੈ ਤੇ ਹੋਰ ਸਭ ਕੁਝ ਛੱਡਵਾ ਕੇ ਨਾਮ ਵਿੱਚ ਗਿਝਵਾਇਆ ਹੈ।
੧੪ ਬਲਿਹਾਰ ।
੧੫ ਡੁੱਬਦਾ ਹੋਇਆ ।
੧੬ ਜਿਸ ਗੁਰੂ ਨੇ ।
੧੭ ਕਿਰਪਾ ਦੁਆਰਾ ।
੧੮ ਲੋਕ ਪ੍ਰਲੋਕ ।
੧੯ ਮੂਰਖ ।
੨੦ ਸੇਵਾ ਹਰੀ ਦੀ ।
੨੧ [ਦੁਰਤਿ] ਪਾਪ, ਦੋਸ਼ ।
੨੨ ਮੇਰੇ ਗੁਰ-ਗੁਪਾਲ ਨੇ (ਸਾਨੂੰ ਬਚਾਅ ਲਿਆ) ।
੨੩ ਅੰਦਰ ।
੨੪ [ਪ੍ਰਿਥਵੀ ਦਾ ਮਾਲਕ] ਵਾਹਿਗੁਰੂ ।
੨੫ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੨੬ ਲਾਭ ।

* ਹਰੀ ਦੀ ਸੇਵਾ ਪ੍ਰੇਮ ਨਾਲ ਕਰਨ ਦੇ ਲਾਭ ਦੱਸ ਕੇ ਹਰੀ ਦੇ ਗੁਣ ਗਾਉਣ ਲਈ ਪ੍ਰੇਰਨਾ ਕਰਦੇ ਹਨ।

† ਹਰੀ ਦੇ ਗੁਣ ਗਾਉਣ ਦੇ ਇਤਨੇ ਫ਼ਾਇਦੇ ਹਨ, ਫਿਰ ਉਸ ਗੁਰੂ ਦੀ ਕਿਉਂ ਨਾ ਸਿਫ਼ਤ ਕਰੀਏ, ਜੋ ਇਹੋ ਜਿਹਾ ਹਰੀ ਅਤੇ ਉਸ ਦੀ ਸੇਵਾ ਤੇ ਕੀਰਤ ਦਿੰਦਾ ਹੈ ?

‡ ਬਲਿਹਾਰ ਹਾਂ ਗੁਰੂ ਤੋਂ, ਜਿਸ ਨੇ ਅਗਮ ਅਗੋਚਰ ਹਰੀ ਦਾ ਨਾਮ ਦੇ ਕੇ ਦੁੱਖ ਪਾਪ ਕੱਟੇ ਅਤੇ ਹਰੀ ਦੇ ਮਿਲਣ ਜੋਗਾ ਬਣਾ ਦਿੱਤਾ ।

ਜਨ ਨਾਨਕ ਦਰਸਨੁ ਦੇਹੁ ਮੁਰਾਰਿ[੧] ॥ ੪ ॥ ੧ ॥ ਪ੍ਰਭਾਤੀ ਮਹਲਾ ੫* ॥
[੨]ਪ੍ਰਭ ਕੀ ਸੇਵਾ ਜਨ ਕੀ ਸੋਭਾ ॥ [੩]ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥ ਨਾਮੁ ਤੇਰਾ
ਜਨ ਕੈ ਭੰਡਾਰਿ ॥ [੪]ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥ ੧ ॥ ਤੁਮਰੀ
ਭਗਤਿ ਪ੍ਰਭ [੫]ਤੁਮਹਿ ਜਨਾਈ ॥ ਕਾਟਿ ਜੇਵਰੀ[੬] ਜਨ ਲੀਏ ਛਡਾਈ ॥ ੧ ॥
ਰਹਾਉ ॥ ਜੋ ਜਨੁ ਰਾਤਾ ਪ੍ਰਭ ਕੈ ਰੰਗਿ[੭] ॥ ਤਿਨਿ ਸੁਖੁ ਪਾਇਆ ਪ੍ਰਭ ਕੈ
ਸੰਗਿ ॥ ਜਿਸੁ ਰਸੁ ਆਇਆ ਸੋਈ ਜਾਨੈ ॥ [੮]ਪੇਖਿ ਪੇਖਿ ਮਨ ਮਹਿ ਹੈਰਾਨੈ ॥
੨ ॥ ਸੋ ਸੁਖੀਆ ਸਭ ਤੇ ਊਤਮੁ ਸੋਇ ॥ ਜਾ ਕੈ ਹ੍ਰਿਦੈ ਵਸਿਆ ਪ੍ਰਭੁ ਸੋਇ ॥
ਸੋਈ ਨਿਹਚਲੁ ਆਵੈ ਨ ਜਾਇ ॥ ਅਨਦਿਨੁ[੯] ਪ੍ਰਭ ਕੇ ਹਰਿ ਗੁਣ ਗਾਇ ॥
੩ ॥ ਤਾ ਕਉ ਕਰਹੁ ਸਗਲ ਨਮਸਕਾਰੁ ॥ ਜਾ ਕੈ ਮਨਿ ਪੂਰਨੁ ਨਿਰੰਕਾਰੁ ॥
ਕਰਿ ਕਿਰਪਾ ਮੋਹਿ[੧੦] ਠਾਕੁਰ ਦੇਵਾ ॥ ਨਾਨਕੁ ਉਧਰੈ ਜਨ ਕੀ ਸੇਵਾ ॥ ੪ ॥
੨ ॥ ਪ੍ਰਭਾਤੀ ਮਹਲਾ ੫† ॥ ਗੁਨ ਗਾਵਤ ਮਨਿ ਹੋਇ ਅਨੰਦ ॥ ਆਠ ਪਹਰ
ਸਿਮਰਉ ਭਗਵੰਤ ॥ ਜਾ ਕੈ ਸਿਮਰਨਿ ਕਲਮਲ[੧੧] ਜਾਹਿ ॥ ਤਿਸੁ ਗੁਰ ਕੀ
ਹਮ ਚਰਨੀ ਪਾਹਿ ॥ ੧ ॥ ਸੁਮਤਿ ਦੇਵਹੁ ਸੰਤ ਪਿਆਰੇ ॥ ਸਿਮਰਉ ਨਾਮੁ
[੧੨]ਮੋਹਿ ਨਿਸਤਾਰੇ ॥ ੧ ॥ ਰਹਾਉ ॥ [੧੩]ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥
ਸਗਲ ਤਿਆਗਿ ਨਾਮਿ ਹਰਿ ਗੀਧਾ ॥ ਤਿਸੁ ਗੁਰ ਕੈ ਸਦਾ ਬਲਿ[੧੪] ਜਾਈਐ ॥
ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ ॥ ੨ ॥ ਬੂਡਤ[੧੫] ਪ੍ਰਾਨੀ [੧੬]ਜਿਨਿ
ਗੁਰਹਿ ਤਰਾਇਆ ॥ ਜਿਸੁ ਪ੍ਰਸਾਦਿ[੧੭] ਮੋਹੈ ਨਹੀ ਮਾਇਆ ॥ [੧੮]ਹਲਤੁ ਪਲਤੁ
ਜਿਨਿ ਗੁਰਹਿ ਸਵਾਰਿਆ ॥ ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥ ੩ ॥
ਮਹਾ ਮੁਗਧ[੧੯] ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ [੨੦]ਹਰਿ ਸੇਵ ॥ ੪ ॥ ੩ ॥
ਪ੍ਰਭਾਤੀ ਮਹਲਾ ੫‡ ॥ ਸਗਲੇ ਦੂਖ ਮਿਟੇ ਸੁਖ ਦੀਏ ਅਪਨਾ ਨਾਮੁ
ਜਪਾਇਆ ॥ ਕਰਿ ਕਿਰਪਾ ਅਪਨੀ ਸੇਵਾ ਲਾਏ ਸਗਲਾ ਦੂਰਤੁ[੨੧]
ਮਿਟਾਇਆ ॥ ੧ ॥ ਹਮ ਬਾਰਿਕ ਸਰਨਿ ਪ੍ਰਭ ਦਇਆਲ ॥ ਅਵਗਣ ਕਾਟਿ
ਕੀਏ ਪ੍ਰਭਿ ਅਪੁਨੇ ਰਾਖਿ ਲੀਏ [੨੨]ਮੇਰੈ ਗੁਰ ਗੋਪਾਲਿ ॥ ੧ ॥ ਰਹਾਉ ॥ ਤਾਪ
ਪਾਪ ਬਿਨਸੇ ਖਿਨ ਭੀਤਰਿ[੨੩] ਭਏ ਕ੍ਰਿਪਾਲ ਗੁਸਾਈ[੨੪] ॥ ਸਾਸਿ
ਸਾਸਿ ਪਾਰਬ੍ਰਹਮੁ ਅਰਾਧੀ ਅਪੁਨੇ ਸਤਿਗੁਰ ਕੈ ਬਲਿ ਜਾਈ ॥ ੨ ॥
ਅਗਮ ਅਗੋਚਰੁ[੨੫] ਬਿਅੰਤੁ ਸੁਆਮੀ ਤਾ ਕਾ ਅੰਤੁ ਨ ਪਾਈਐ ॥ ਲਾਹਾ[੨੬]
ਖਾਟਿ ਹੋਈਐ ਧਨਵੰਤਾ ਅਪੁਨਾ ਪ੍ਰਭੂ ਧਿਆਈਐ ॥ ੩ ॥ ਆਠ ਪਹਰ

੧ ਇਕ ਰੂਪ ।
੨ ਪੱਕੀ ਤਰ੍ਹਾਂ ਸਮਝਾਇਆ ।
੩ ਜਪ ਕੇ ।
੪ ਕੱਢ ਲਿਆ ਹੈ ।
੫ ਅਰਾਧਣ ਯੋਗ ਹਰੀ ।
੬ [ਉਦੈ ਕਾਲ, ਸਵੇਰੇ । ਦੇਖੋ ਪੰਨਾ ੨੨੮, ਨੋਟ੬] ਨਿੱਤ ਉਠਦੇ । ਨਿੱਤ ਨਵੇਂ ਉਪਾਵਾਂ ਨਾਲ ਨਹੀਂ ਮਿਲਦਾ ।
੭ ਰਸਾਂ ਦਾ ਘਰ ।
੮ ਰਸ (ਸਵਾਦ) ਨਾਲ ।
੯ ਲੋਹਾ ।
੧੦ ਨਿਕੰਮਾ ਲੋਹਾ ।
੧੧ ਸੋਨਾ ।
੧੨ ਦਿਲ ਵਿੱਚ ਰੱਖੀ ਗੁਰੂ ਨੇ ਹਰੀ ਦੀ ਜੋਤਿ । 'ਗੁਰਿ' ਲਈ ਦੇਖੋ ਨੇਮ ੨੦-ੳ ।
੧੩ ਹਰੀ ਦੀ ਜੋਤਿ ।
੧੪ ਲੁਭਾਇਮਾਨ ਹੋਇਆ (ਪੁੱਤਰ ਤੇ ਇਸਤਰੀ ਦੇ ਮੋਹ ਵਿੱਚ) ।
੧੫ ਚਰਨ ।
੧੬ ਭੁਬਲ (ਗਰਮ ਸੁਆਹ) ਨਾਲ ਭਰੇ ਹੋਏ ਭਾਵ ਤ੍ਰਿਸ਼ਨਾਲੂ ।
੧੭ ਸਰਨੀ ।
੧੮ ਤੇਰਾ ।
੧੯ ਪੜਤਾਓ ਤਾਲ । ਇਥੇ ਮੁੜ-ਮੁੜ ਤਾਲ ਪਰਤਾਇਆ ਜਾਂਦਾ ਹੈ (ਇਹ ਸ਼ਬਦ 'ਘਰੁ ੩' ਦਾ ਹੈ) ।
੨੦ ਸੁਖਾਂ ਦਾ ਘਰ (ਇਥੇ 'ਨਿਧਾਨ' ਤੇ ਅਗਲੀ ਤੁਕ ਵਿੱਚ 'ਮਾਨ' ਦੇ ਅੰਤ ਔਂਕੜ ਨਹੀਂ ਦਿੱਤਾ; ਕਿਉਂਕਿ ਕਈ ਵੇਰ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਛੱਡਿਆ ਜਾਂਦਾ ਹੈ) ।
੨੧ ਪਏ ਹਨ ।
੨੨ ਇਸ਼ਨਾਨ । ਹਰੀ-ਜਸ ਵਿੱਚ ਸਾਰੇ ਤੀਰਥਾਂ ਦਾ ਇਸ਼ਨਾਨ ਆ ਜਾਂਦਾ ਹੈ ।
੨੩ ਗੁਰੂ ਦੁਆਰਾ ।
੨੪ ਕੂੜ੍ਹਾਂ ।
੨੫ ਹਰੀ ਨੇ ਮਨ ਤਨ ਸਾਜਿਆ ਹੈ ।
੨੬ ਮਿੱਟੀ, ਹਵਾ, ਪਾਣੀ ਆਦਿ ਪੈਦਾ ਕਰ ਕੇ ਉਨ੍ਹਾਂ ਵਿੱਚ ਆਤਮਕ ਜੋਤਿ ਪਾ ਕੇ ਉੱਚਾ ਕੀਤਾ ।
੨੭ ਬਿਛੌਣਾ ।
੨੮ [ਜਿਸ ਦੇ ਹੱਥ ਵਿੱਚ ਧਰਤੀ ਹੈ] ਵਾਹਿਗੁਰੂ ।
੨੯ ਉੱਚੀ ਤੋਂ ਉੱਚੀ ਗਤੀ ।
੩੦ ਖੁਸ਼ੀ ।
੩੧ ਨਿਰਲੇਪ ।
੩੨ ਸੁਆਸਾਂ (ਜਿੰਦਗੀ) ਦਾ ਮਾਲਕ, ਹਰੀ ।
੩੩ ਕੱਪੜੇ ।
੩੪ ਭੋਗ ਕਰਵਾਂਦਾ ਹੈ, ਖੁਵਾਂਦਾ ਹੈ ।
੩੫ ਅਪੜਾਂਦਾ ਹੈ; ਹੇ ਮਿੱਤਰ ! ਜਿਹੜਾ ਹਰੀ ਪਾਣੀ ਤੇ ਸੁਖੀ ਧਰਤੀ ਵਿੱਚ ਰੋਜ਼ੀ ਪੁਚਾਂਦਾ ਹੈ, ਉਸ ਨੂੰ ਯਾਦ ਕਰ ।
੩੬ ਸਹਾਈ, ਸਾਥੀ ।
੩੭ ਕੂੜ੍ਹਾਂ ਪਾਪ ।
੩੮ ਇਕੋ ਵੇਰੀ ਸਭ ਬਖਸ਼ ਦਿੰਦਾ ਹੈ, ਮੁੜ-ਮੁੜ ਨਹੀਂ ਬੁਲਾਂਦਾ (ਕਿ ਆ ਕੇ ਲੈ ਜਾਓ) ।
੩੯ ਕੀਤੇ ਕਰਮਾਂ ਅਨੁਸਾਰ, ਭਾਵ ਭਾਗਾਂ ਨਾਲ ਲੱਭ ਲਿਆ ਹੈ ।

* ਹਰੀ ਸਾਡੀਆਂ ਆਪਣੀਆਂ ਨਿੱਤ ਨਵੀਆਂ ਕਾਢਾਂ ਨਾਲ ਨਹੀਂ ਲੱਭਦਾ । ਉਸ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਹਉਮੈ ਤੇ ਲੋਭ ਮੋਹ ਵਾਲੇ ਰਸ ਛੱਡ ਕੇ ਗੁਰੂ ਦੀ ਸੇਵਾ ਕਰ ਕੇ ਉਸ ਦੀ ਮਤ ਧਾਰਨ ਕਰੀਏ ਜਿਸ ਨਾਲ ਹਰੀ-ਨਾਮ-ਰਸ ਮਿਲੇਗਾ, ਅਤੇ ਅਸੀਂ ਮਨੂਰੋਂ ਕੰਚਨ ਹੋ ਕੇ ਹਰੀ ਨਾਲ ਮਿਲ ਜਾਵਾਂਗੇ ।

† ਹਰੀ ਨਾਮ ਸਿਮਰਨ ਵਿੱਚ ਤੀਰਥ ਇਸ਼ਨਾਨ ਅਤੇ ਇੱਜ਼ਤ ਆ ਜਾਂਦੀ ਹੈ, ਪਾਪ ਦੂਰ ਹੁੰਦੇ ਅਤੇ ਹਰੀ ਨਾਲ ਮੇਲ ਹੋ ਜਾਂਦਾ ਹੈ ।

‡ (ਏਹ ੧੨ ਸ਼ਬਦ 'ਘਰੁ ੧' ਦੇ ਹਨ) । ਹਰੀ ਦੇ ਗੁਣ ਉਪਕਾਰ ਦੱਸ ਕੇ ਪ੍ਰੇਰਨਾ ਕਰਦੇ ਹਨ ਕਿ ਉਸ ਨੂੰ ਗੁਰੂ ਦੇ ਰਾਹੀਂ ਸਿਮਰੋ ।

ਹਰਿ ਜਨ ਮਹਿ ਜਨ ਨਾਨਕੁ ਹਰਿ ਪ੍ਰਭੁ ਇਕਫਾ[੧] ॥ ੪ ॥ ੫ ॥ ਪ੍ਰਭਾਤੀ ਮਹਲਾ ੪[*] ॥ ਗੁਰ ਸਤਿਗੁਰਿ ਨਾਮੁ ਦ੍ਰਿੜਾਇਓ[੨] ਹਰਿ ਹਰਿ ਹਮ ਮੁਏ ਜੀਵੇ ਹਰਿ ਜਪਿਭਾ[੩] ॥ ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ[੪] ॥ ੧ ॥ ਜਪਿ ਮਨ ਰਾਮ ਨਾਮੁ ਅਰਧਾਂਭਾ[੫] ॥ ਉਪਜੰਪਿ[੬] ਉਪਾਇ ਨ ਪਾਈਐ ਕਤਹੂ ਗੁਰਿ ਪੂਰੈ ਹਰਿ ਪ੍ਰਭੁ ਲਾਭਾ ॥ ੧ ॥ ਰਹਾਉ ॥ ਰਾਮ ਨਾਮੁ ਰਸੁ ਰਾਮ ਰਸਾਇਣੁ[੭] ਰਸੁ ਪੀਆ ਗੁਰਮਤਿ ਰਸਭਾ[੮] ॥ ਲੋਹ[੯] ਮਨੂਰ[੧੦] ਕੰਚਨੁ[੧੧] ਮਿਲਿ ਸੰਗਤਿ ਹਰਿ [੧੨]ਉਰ ਧਾਰਿਓ ਗੁਰਿ ਹਰਿਭਾ[੧੩] ॥ ੨ ॥ ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ[੧੪] ॥ ਤਿਨ ਪਗ[੧੫] ਸੰਤ ਨ ਸੇਵੇ ਕਬਹੂ ਤੇ ਮਨਮੁਖ [੧੬]ਭੂੰਭਰ ਭਰਭਾ ॥ ੩ ॥ ਤੁਮਰੇ ਗੁਨ ਤੁਮ ਹੀ ਪ੍ਰਭ ਜਾਨਹੁ ਹਮ ਪਰੇ ਹਾਰਿ ਤੁਮ ਸਰਨਭਾ[੧੭] ॥ ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ ਤੁਮਨਭਾ[੧੮] ॥ ੪ ॥ ੬ ॥ ਛਕਾ ੧ ॥

ਪ੍ਰਭਾਤੀ ਬਿਭਾਸ ਪੜਤਾਲ[੧੯] ਮਹਲਾ ੪ ੴ ਸਤਿਗੁਰ ਪ੍ਰਸਾਦਿ ॥

†ਜਪਿ ਮਨ ਹਰਿ ਹਰਿ ਨਾਮੁ ਨਿਧਾਨ[੨੦] ॥ ਹਰਿ ਦਰਗਹ ਪਾਵਹਿ ਮਾਨ ॥ ਜਿਨਿ ਜਪਿਆ ਤੇ ਪਾਰਿ ਪਰਾਨ[੨੧] ॥ ੧ ॥ ਰਹਾਉ ॥ ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥ ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ[੨੨] ॥ ਸੁਨਿ ਮਨ ਗੁਰਮੁਖਿ[੨੩] ਪਾਵਹਿ ਮਾਨੁ ॥ ੧ ॥ ਜਪਿ ਮਨ ਪਰਮੇਸੁਰੁ ਪਰਧਾਨੁ ॥ ਖਿਨ ਖੋਵੈ ਪਾਪ ਕੋਟਾਨ[੨੪] ॥ ਮਿਲੁ ਨਾਨਕ ਹਰਿ ਭਗਵਾਨ ॥ ੨ ॥ ੧ ॥ ੭ ॥

ਪ੍ਰਭਾਤੀ ਮਹਲਾ ੫ ਬਿਭਾਸ ੴ ਸਤਿਗੁਰ ਪ੍ਰਸਾਦਿ ॥

‡[੨੫]ਮਨੁ ਹਰਿ ਕੀਆ ਤਨੁ ਸਭੁ ਸਾਜਿਆ ॥ [੨੬]ਪੰਚ ਤਤ ਰਚਿ ਜੋਤਿ ਨਿਵਾਜਿਆ ॥ ਸਿਹਜਾ[੨੭] ਧਰਤਿ ਬਰਤਨ ਕਉ ਪਾਨੀ ॥ ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ[੨੮] ॥ ੧ ॥ ਮਨ ਸਤਿਗੁਰੁ ਸੇਵਿ ਹੋਇ [੨੯]ਪਰਮ ਗਤੇ ॥ ਹਰਖ[੩੦] ਸੋਗ ਤੇ ਰਹਹਿ ਨਿਰਾਰਾ[੩੧] ਤਾਂ ਤੂ ਪਾਵਹਿ [੩੨]ਪ੍ਰਾਨਪਤੇ ॥ ੧ ॥ ਰਹਾਉ ॥ ਕਾਪੜ[੩੩] ਭੋਗ ਰਸ ਅਨਿਕ ਭੁੰਚਾਏ[੩੪] ॥ ਮਾਤ ਪਿਤਾ ਕੁਟੰਬ ਸਗਲ ਬਨਾਏ ॥ ਰਿਜਕੁ ਸਮਾਹੇ[੩੫] ਜਲਿ ਥਲਿ ਮੀਤ ॥ ਸੋ ਹਰਿ ਸੇਵਹੁ ਨੀਤਾ ਨੀਤ ॥ ੨ ॥ ਤਹਾ ਸਖਾਈ[੩੬] ਜਹ ਕੋਇ ਨ ਹੋਵੈ ॥ [੩੭]ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ ॥ ਦਾਤਿ ਕਰੈ ਨਹੀ ਪਛੋੁਤਾਵੈ ॥ [੩੮]ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥ ੩ ॥ [੩੯]ਕਿਰਤ ਸੰਜੋਗੀ ਪਾਇਆ ਭਾਲਿ ॥ ਸਾਧਸੰਗਤਿ ਮਹਿ ਬਸੇ ਗੁਪਾਲ ॥ ਗੁਰ ਮਿਲਿ ਆਏ ਤੁਮਰੈ ਦੁਆਰ ॥

੧ ਸਵਾਦ ਨਾਲ ।
੨ ਰਸ ਦੇ ਰਸੀਆਂ ਨੇ ।
੩ ਗੁਰੂ ਦੁਆਰਾ ।
੪ ਪੀਤਾ ਹੈ (ਨਾਮ-ਰਸ ਨੂੰ) ।
੫ ਟਿਕਾਅ ਦਿਉ ।
੬ ਡੀਕ ਲਾ ਕੇ ।
੭ ਮੱਥੇ 'ਤੇ ।
੮ ਟਿੱਕਾ ।
੯ ਤਾਰੇ ।
੧੦ ਚੰਨ ।
੧੧ ਕੀਤਾ ਹੋਇਆ । ਜਿਵੇਂ ਤਾਰਿਆਂ ਵਿੱਚ ਚੰਦ ਹੁੰਦਾ ਹੈ ।
੧੨ ਨਕਟੇ ਦਾ ਕੀ ਨੱਕ ਹੈ ?
੧੩ ਵਿਆਪਕ ਰਾਮ । ਹਰ ਇਕ ਵਿੱਚ ਵਿਆਪਕ ਹੋਣ ਵਾਲਾ ਰਾਮ ਸਾਰਿਆਂ ਵਿੱਚ ਇਕ ਹੋ ਕੇ ਵਰਤ ਰਿਹਾ ਹੈ ।
੧੪ ਇਕ ਹੋ ਕੇ ।
੧੫ ਇਕ । ਇਕ ਘੜੀ ।
੧੬ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ।
੧੭ ਪਾਪ ।
੧੮ ਜੋ ਵਿਆਪਕ ਹੈ ।
੧੯ ਦੁੱਖ ਕੱਟਣ ਵਾਲਾ ।
੨੦ ਨਾਮ ਜਹੀ ਅਮੋਲਕ ਵਸਤੂ ਲੱਭੀ ।
੨੧ ਸਹੀ (ਪ੍ਰਗਟ) ਕੀਤਾ ਹਰੀ ਨੂੰ ।
੨੨ ਜੰਗਲ ਵਿੱਚ ।
੨੩ ਮੁੱਠੇ ਗਏ, ਲੁੱਟੇ ਗਏ ।
੨੪ ਵਾਸ਼ਨਾ ।
੨੫ ਨਾਫ਼ਾ (ਕਸਤੂਰੀ ਦਾ) ।
੨੬ ਝਾੜੀਆਂ ਗਾਂਹਦਾ ਹੈ ।
੨੭ ਜਿਸ ਦਾ ਬੋਧ (ਗਿਆਨ) ਅਥਾਹ ਹੈ ।
੨੮ ਐਸੀ ਸਮਝ ਦਿਓ ਕਿ ਹਰੀ-ਮਾਲਕ ਜੀ ਲੱਭ ਪੈਣ। ੨੯ ਵੱਡਾ ।
੩੦ ਹਿਰਦੇ ਵਿੱਚ ।
੩੧ ਕ੍ਰਿਪਾ ।
੩੨ ਨਿਮਖ ਭਰ ।
੩੩ ਵੱਸਦਾ ਹੈ ।
੩੪ ਕਰਦੇ ਹਨ ।
੩੫ ਲੋਕ ਪ੍ਰਲੋਕ ।
੩੬ ਸੁਖੀ ।
੩੭ ਤਰੇ ਹਨ ।
੩੮ ਦਿਲ ਵਿੱਚ ਟਿਕਾਇਆ ।
੩੯ ਪੱਲ ਵਿੱਚ ।
੪੦ ਹੇ ਹਰੀ ! ਤੇਰੇ ਭਗਤ ਤੈਥੋਂ ਹੀ ਜਾਣੇ ਗਏ (ਭਾਵ ਤੇਰੀ ਭਗਤੀ ਕਰ ਕੇ ਹੀ ਪ੍ਰਗਟ ਹੋਏ); ਅਤੇ ਤੂੰ ਭਗਤਾਂ ਕਰ ਕੇ ਮੁਖੀ ਜਾਂ ਸ੍ਰੇਸ਼ਟ ਕਰ ਕੇ ਜਾਣਿਆਂ ਗਿਆ (ਤੇਰੀ ਮਹਿਮਾ ਭਗਤਾਂ ਕਰ ਕੇ ਹੋਈ ਹੈ)।

* ਹਰੀ ਦੀ ਕਿਰਪਾ ਹੋਈ ਤਾਂ ਪਵਿੱਤਰ ਕਰਨ ਵਾਲਾ ਨਾਮ ਸਿਮਰ ਕੇ ਸਾਰੇ ਪਾਪ ਲਾਹ ਸੁੱਟੇ । ਉਹ ਕਿਵੇਂ ? ਗੁਰੂ ਨੇ ਸਰੀਰ ਵਿੱਚ ਵੱਸਦਾ ਹਰੀ ਪ੍ਰਗਟ ਕਰ ਦੱਸਿਆ ਅਤੇ ਅਸੀਂ ਘਰ ਬਾਹਰ ਹਰੀ ਨੂੰ ਦੇਖਣ ਲੱਗ ਪਏ । ਮਨਮੁਖ ਲੋਕ ਅੰਦਰ ਵਸਦੇ ਹਰੀ ਨੂੰ ਨਹੀਂ ਦੇਖ ਸਕਦੇ, ਜਿਵੇਂ ਅੰਦਰ ਵਸਦੀ ਕਸਤੂਰੀ ਨੂੰ ਮਿਰਗ ਨਹੀਂ ਮਹਿਸੂਸ ਕਰਦਾ ਅਤੇ ਬਾਹਰ ਪਿਆ ਭੌਂਦਾ ਹੈ । ਹਰੀ ਨੂੰ ਬੇਨਤੀ ਕਰਦੇ ਹਨ ਕਿ ਐਸੀ ਬੁਧਿ ਦਿਓ ਕਿ ਅਸੀਂ ਤੈਨੂੰ ਲੱਭ ਲਈਏ । ਉਹ ਗੁਰੂ ਨੇ ਕਿਰਪਾ ਕੀਤੀ ਤੇ ਮਿਲ ਪਿਆ ।

† ਹਰੀ ਨੇ ਕਿਰਪਾ ਕੀਤੀ ਤੇ ਗੁਰੂ ਦਾ ਸ਼ਬਦ ਚੰਗਾ ਲੱਗਾ, ਜਿਸ ਦੇ ਰਾਹੀਂ ਹਰੀ ਆਪਣੇ ਅੰਦਰ ਦਿਸ ਪਿਆ ਅਤੇ ਨਾਮ ਜਪ ਕੇ ਲੋਕ ਪ੍ਰਲੋਕ ਸਫਲ ਕਰ ਲਿਆ ਅਤੇ ਹਰੀ ਨਾਲ ਇਕ-ਮਿਕ ਹੋ ਗਏ ।

ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ[੧] ਰਸੀਕ[੨] ॥ ਗਾਵਤ ਸੁਨਤ ਦੋਊ ਭਏ ਮੁਕਤੇ ਜਿਨਾ ਗੁਰਮੁਖਿ[੩] ਖਿਨੁ ਹਰਿ ਪੀਕ[੪] ॥ ੧ ॥ ਮੇਰੈ ਮਨਿ ਹਰਿ ਹਰਿ ਰਾਮ ਨਾਮੁ ਰਸੁ ਟੀਕ[੫] ॥ ਗੁਰਮੁਖਿ[੩] ਨਾਮੁ ਸੀਤਲ ਜਲੁ ਪਾਇਆ ਹਰਿ ਹਰਿ ਨਾਮੁ ਪੀਆ ਰਸੁ ਝੀਕ[੬] ॥ ੧ ॥ ਰਹਾਉ ॥ ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ[੭] ਊਜਲ ਟੀਕ[੮] ॥ ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ[੯] ਸਸਿ[੧੦] ਕੀਕ[੧੧] ॥ ੨ ॥ ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ ॥ ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ [੧੨]ਨਕਟੇ ਨਕ ਕੀਕ ॥ ੩ ॥ ਘਟਿ ਘਟਿ ਰਮਈਆ[੧੩] ਰਮਤ ਰਾਮ ਰਾਇ ਸਭ ਵਰਤੈ ਸਭ ਮਹਿ ਈਕ[੧੪] ॥ ਜਨ ਨਾਨਕ ਕਉ ਹਰਿ ਕਿਰਪਾ ਧਾਰੀ ਗੁਰ ਬਚਨ ਧਿਆਇਓ ਘਰੀ ਮੀਕ[੧੫] ॥ ੪ ॥ ੩ ॥ ਪ੍ਰਭਾਤੀ ਮਹਲਾ ੪* ॥ ਅਗਮ ਦਇਆਲ ਕ੍ਰਿਪਾ ਪ੍ਰਭਿ ਧਾਰੀ ਮੁਖਿ ਹਰਿ ਹਰਿ ਨਾਮੁ ਹਮ ਕਹੇ ॥ [੧੬]ਪਤਿਤ ਪਾਵਨ ਹਰਿ ਨਾਮੁ ਧਿਆਇਓ ਸਭਿ ਕਿਲਬਿਖ[੧੭] ਪਾਪ ਲਹੇ ॥ ੧ ॥ ਜਪਿ ਮਨ ਰਾਮ ਨਾਮੁ [੧੮]ਰਵਿ ਰਹੇ ॥ ਦੀਨ ਦਇਆਲੁ [੧੯]ਦੂਖ ਭੰਜਨੁ ਗਾਇਓ ਗੁਰਮਤਿ [੨੦]ਨਾਮੁ ਪਦਾਰਥੁ ਲਹੇ ॥ ੧ ॥ ਰਹਾਉ ॥ ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ [੨੧]ਹਰਿ ਹਰਿ ਸਹੇ ॥ ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥ ੨ ॥ ਜੋ ਨਰ ਭਰਮਿ ਭਰਮਿ ਉਦਿਆਨੇ[੨੨] ਤੇ ਸਾਕਤ ਮੂੜ ਮੁਹੇ[੨੩] ॥ ਜਿਉ ਮ੍ਰਿਗ ਨਾਭਿ ਬਸੈ ਬਾਸੁ[੨੪] ਬਸਨਾ[੨੫] ਭ੍ਰਮਿ ਭ੍ਰਮਿਓ [੨੬]ਝਾਰ ਗਹੇ ॥ ੩ ॥ ਤੁਮ ਵਡ ਅਗਮ [੨੭]ਅਗਾਧਿ ਬੋਧਿ ਪ੍ਰਭ [੨੮]ਮਤਿ ਦੇਵਹੁ ਹਰਿ ਪ੍ਰਭ ਲਹੇ ॥ ਜਨ ਨਾਨਕ ਕਉ ਗੁਰਿ ਹਾਥੁ ਸਿਰਿ ਧਰਿਓ ਹਰਿ ਰਾਮ ਨਾਮਿ ਰਵਿ ਰਹੇ ॥ ੪ ॥ ੪ ॥ ਪ੍ਰਭਾਤੀ ਮਹਲਾ ੪† ॥ ਮਨਿ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ[੨੯] ॥ ਸਤਿਗੁਰ ਬਚਨ ਸੁਖਾਨੇ ਹੀਅਰੈ[੩੦] ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ[੩੧] ॥ ੧ ॥ ਮੇਰੇ ਮਨ ਭਜੁ ਰਾਮ ਨਾਮ ਹਰਿ ਨਿਮਖਫਾ[੩੨] ॥ ਹਰਿ ਹਰਿ ਦਾਨੁ ਦੀਓ ਗੁਰਿ ਪੂਰੈ ਹਰਿ ਨਾਮਾ ਮਨਿ ਤਨਿ ਬਸਫਾ[੩੩] ॥ ੧ ॥ ਰਹਾਉ ॥ ਕਾਇਆ ਨਗਰਿ ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ[੩] ਕਰਪਫਾ[੩੪] ॥ [੩੫]ਹਲਤਿ ਪਲਤਿ ਜਨ ਭਏ ਸੁਹੇਲੇ[੩੬] ਮੁਖ ਊਜਲ ਗੁਰਮੁਖਿ[੩] ਤਰਫਾ[੩੭] ॥ ੨ ॥ ਅਨਭਉ ਹਰਿ ਹਰਿ ਹਰਿ ਲਿਵ ਲਾਗੀ ਹਰਿ ਉਰ ਧਾਰਿਓ[੩੮] ਗੁਰਿ ਨਿਮਖਫਾ ॥ ਕੋਟਿ ਕੋਟਿ ਕੇ ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ ਪਲਫਾ[੩੯] ॥ ੩ ॥ [੪੦]ਤੁਮਰੇ ਜਨ ਤੁਮ ਹੀ ਤੇ ਜਾਨੇ ਪ੍ਰਭ ਜਾਨਿਓ ਜਨ ਤੇ ਮੁਖਫਾ ॥ ਹਰਿ ਹਰਿ ਆਪੁ ਧਰਿਓ

੧ ਜੇ ਤੇਰੇ ਮੂੰਹ ਮੱਥੇ 'ਤੇ ਚੰਗੇ ਭਾਗ ਹੋਣ ਤਾਂ ਸਦਾ ਹਰੀ ਦੇ ਗੁਣ ਵਿਚਾਰਦਾ ਰਹੇਂ । "ਮੁਖਿ ਮਸਤਕਿ ਭਾਗੋ ਸਚਿ ਬੈਰਾਗੋ" (ਵਡਹੰਸੁ ਮ: ੩, ਪੰਨਾ ਪ੬੯) ।
੨ ਕ੍ਰੋੜਾਂ ਵਿੱਚ ਕੋਈ ਟਾਂਵਾਂ ।
੩ ਆਸਰਾ ।
੪ ਸਿਆਣਾ ।
੫ [ਸੰ. ਵਿਭਾਸ= ਚਾਨਣਾ] ਇਹ ਇਕ ਸਵੇਰ ਵੇਲੇ ਗਾਉਣ ਵਾਲਾ ਰਾਗ ਹੈ, ਜੋ ਇਥੇ ਪ੍ਰਭਾਤੀ ਨਾਲ ਰਲਾ ਕੇ ਗਾਣਾ ਦੱਸਿਆ ਹੈ ।
੬ ਸ੍ਵਾਦ ਲਾ-ਲਾ ਕੇ ।
੭ ਸਹਿਜ ਵਿੱਚ ਲਹਾਉ ਚੜ੍ਹਾਉ ਤੋਂ ਉੱਚੀ ਹੋ ਕੇ।
੮ ਲੱਗੀ ਹੈ ।
੯ ਉੱਤੋਂ ।
੧੦ ਮੰਤਰ, ਉਪਦੇਸ਼ ।
੧੧ ਕੰਨੀਂ ।
੧੨ ਬਿਆਨ ਕਰੀਏ, ਉਚਾਰੀਏ ।
੧੩ ਭੇਟ ਕੇ, ਮਿਲ ਕੇ ।
੧੪ ਸੂਰਜ ।
੧੫ ਗੁਰੂ ਨੂੰ ਮੰਨਣ ਵਾਲੇ ।
੧੬ ਯਾਦ ਕਰਦੇ ਹਨ ਗੱਲਾਂ ਹਰੀ ਦੀਆਂ ('ਸਮ੍ਾਲਹਿ' ਵਿੱਚ ਲੱਲਾ ਛਣਕਣਾ ਹੈ, ਇਸ ਲਈ ਇਹਦੇ ਤਲੇ ਬਿੰਦੀ ਹੈ)।
੧੭ ਢੂੰਢ ।
੧੮ ਮਿੱਟੀ ।
੧੯ ਕੇਸਾਂ ਨਾਲ ।
੨੦ ਮਾਦਾਪ੍ਰਸਤ, ਸੰਸਾਰੀ ਰਸ ਵਾਲਾ ।
੨੧ ਰਾਤ ।
੨੨ ਕਰਜ਼ੇ ਵਿੱਚ ਵਾਲ-ਵਾਲ ਬੱਧੇ ਹੋਏ ਹਾਂ ।
੨੩ ਹੇ ਗੁਪਾਲ, ਅਸੀਂ ਤੇਰੇ ਬੱਚੇ ਹਾਂ ।

* ਹਰੀ ਦਾ ਅੰਮ੍ਰਿਤ-ਨਾਮ ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ ।

† ਗੁਰਮੁਖਿ ਲੋਕ ਅੰਮ੍ਰਿਤ ਵੇਲੇ ਹਰੀ ਦਾ ਨਾਮ ਉਚਾਰਦੇ ਹਨ । ਪਰ ਮਨਮੁਖ ਮੋਹ-ਮਾਇਆ ਵਿੱਚ ਫਸੇ ਹੋਏ ਅਗਿਆਨਤਾ ਦੇ ਹਨੇਰੇ ਵਿੱਚ ਹੀ ਪਏ ਰਹਿੰਦੇ ਹਨ । ਪਰ ਜੇ ਸਾਧ-ਸੰਗਤ ਵਿੱਚ ਜੁੜਨ ਤਾਂ ਇਨ੍ਹਾਂ ਨੂੰ ਭੀ ਚਾਨਣਾ ਮਿਲ ਸਕਦਾ ਹੈ ਤੇ ਹਰੀ ਨਾਮ ਪਿਆਰਾ ਲੱਗ ਸਕਦਾ ਹੈ । ਇਸ ਲਈ ਬਾਲਕ ਹੋ ਕੇ ਗੁਰੂ ਦੀ ਸ਼ਰਨ ਵਿੱਚ ਢਹਿ ਪੈਣਾ ਚਾਹੀਦਾ ਹੈ ਕਿ ਉਹ ਆਪਣੀ ਬਾਣੀ ਦੁਆਰਾ ਨਾਮ ਮਿੱਠਾ ਕਰ ਕੇ ਦੱਸੇ ।

‡ ਹਰੀ ਦੀ ਕਿਰਪਾ ਹੋਵੇ ਤਾਂ ਮਨੁੱਖ ਗੁਰੂ ਦੁਆਰਾ ਸਵਾਦ ਲਾ-ਲਾ ਕੇ ਹਰੀ ਨਾਮ ਦਾ ਰਸ ਪੀਂਦੇ ਹਨ। ਐਸੇ ਭਗਤ ਜਗਤ ਵਿੱਚ ਪ੍ਰਸਿੱਧ ਹੋ ਜਾਂਦੇ ਹਨ, ਨਹੀਂ ਤਾਂ ਜ਼ਿੰਦਗੀ ਫਿੱਕੀ ਜਿਹੀ, ਬੇਸ਼ਰਮ ਜਿਹੀ ਬਣ ਜਾਂਦੀ ਹੈ । ਪਰ ਜੇ ਇਨ੍ਹਾਂ ਉੱਤੇ ਭੀ ਹਰੀ ਦੀ ਮਿਹਰ ਹੋ ਜਾਵੇ ਤਾਂ ਗੁਰ-ਸ਼ਬਦ ਰਾਹੀਂ ਸਰਵ ਵਿਆਪਕ ਹਰੀ ਨੂੰ ਹਰ ਥਾਂ ਵੱਸਦਾ ਦੇਖ ਸਕਦੇ ਹਨ ।

[੧]ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ ॥ ੧ ॥ ਰਹਾਉ ॥ ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ [੨]ਕੋਟਿ ਮਧੇ ਕੋਈ ਵਿਰਲਾ ਲੇਇ ॥ ਜਿਸ ਨੋ ਅਪਣੀ ਨਦਰਿ ਕਰੇਇ ॥ ੧ ॥ ਗੁਰ ਕੇ ਚਰਣ ਮਨ ਮਾਹਿ ਵਸਾਇ ॥ ਦੁਖੁ ਅਨ੍ਹੇਰਾ ਅੰਦਰਹੁ ਜਾਇ ॥ ਆਪੇ ਸਾਚਾ ਲਏ ਮਿਲਾਇ ॥ ੨ ॥ ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ ਐਥੈ ਓਥੈ ਏਹੁ ਅਧਾਰੁ[੩] ॥ ਆਪੇ ਦੇਵੈ ਸਿਰਜਨਹਾਰੁ ॥ ੩ ॥ ਸਚਾ ਮਨਾਏ ਅਪਣਾ ਭਾਣਾ ॥ ਸੋਈ ਭਗਤੁ ਸੁਘੜੁ ਸੋੁਜਾਣਾ[੪] ॥ ਨਾਨਕੁ ਤਿਸ ਕੈ ਸਦ ਕੁਰਬਾਣਾ ॥ ੪ ॥ ੭ ॥ ੧੭ ॥ ੭ ॥ ੨੪ ॥

ਪ੍ਰਭਾਤੀ ਮਹਲਾ ੪ ਬਿਭਾਸ[੫] ੴ ਸਤਿਗੁਰ ਪ੍ਰਸਾਦਿ ॥

❀[੬]ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ[੭] ਨਾਮਿ ਲਗਾਨ[੮] ॥ ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ[੯] ਕੁਰਬਾਨ ॥ ੧ ॥ ਹਮਰੇ ਜਗਜੀਵਨ ਹਰਿ ਪ੍ਰਾਨ ॥ ਹਰਿ ਊਤਮੁ ਰਿਦ ਅੰਤਰਿ ਭਾਇਓ ਗੁਰਿ ਮੰਤੁ[੧੦] ਦੀਓ ਹਰਿ ਕਾਨ[੧੧] ॥ ੧ ॥ ਰਹਾਉ ॥ ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ[੧੨] ॥ ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥ ੨ ॥ ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥ ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ[੧੩] ਭਗਵਾਨ ॥ ੩ ॥ ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਹਰਿ ਨਾਮੁ ਦੀਓ ਖਿਨ ਦਾਨ ॥ ੪ ॥ ੧ ॥ ਪ੍ਰਭਾਤੀ ਮਹਲਾ ੪† ॥ ਉਗਵੈ ਸੂਰੁ[੧੪] ਗੁਰਮੁਖਿ[੧੫] ਹਰਿ ਬੋਲਹਿ ਸਭ ਰੈਨਿ [੧੬]ਸਮ੍ਹਾਲਹਿ ਹਰਿ ਗਾਲ ॥ ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ[੧੭] ॥ ੧ ॥ ਮੇਰਾ ਮਨੁ ਸਾਧੂ ਧੂਰਿ ਰਵਾਲ[੧੮] ॥ ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ[੧੯] ॥ ੧ ॥ ਰਹਾਉ ॥ ਸਾਕਤ[੨੦] ਕਉ ਦਿਨੁ ਰੈਨਿ[੨੧] ਅੰਧਾਰੀ ਮੋਹਿ ਫਾਥੇ ਮਾਇਆ ਜਾਲ ॥ ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ [੨੨]ਰਿਨਿ ਬਾਧੇ ਬਹੁ ਬਿਧਿ ਬਾਲ ॥ ੨ ॥ ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ ॥ ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ ॥ ੩ ॥ ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ ॥ ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ [੨੩]ਬਾਲ ਗੁਪਾਲ ॥ ੪ ॥ ੨ ॥ ਪ੍ਰਭਾਤੀ ਮਹਲਾ ੪‡ ॥

੧ ਤਾਂਕਿ ਤੂੰ ਗੁਰੂ ਦੇ ਸੱਚੇ ਸ਼ਬਦ ਰਾਹੀਂ (ਹਰੀ ਦੀ ਸ਼ਰਨ ਵਿੱਚ) ਸਮਾਅ ਜਾਵੇਂ ।
੨ ਗੁਰੂ ਰਾਹੀਂ ਹਰੀ ਨੂੰ ਸਦਾ ਯਾਦ ਕਰੋ ਜਦ ਤੋੜੀ ਜੀਉਂਦੇ ਹੋ ।
੩ ਦੂਰ ਹੋਇਆ ।
੪ ਸਮਾਉਂਦਾ ਹੈ ।
੫ ਨਿਰਯਤਨ ਹੀ, ਕੁਦਰਤੀ ਤੌਰ 'ਤੇ ।
੬ ਆਪਣੇ ਅਸਲੀ ਘਰ, ਭਾਵ ਹਰੀ ਦੀ ਹਜ਼ੂਰੀ ਵਿੱਚ ।
੭ ਹਿਰਦਾ ਰੂਪ ਕਮਲ ਖਿੜਿਆ ।
੮ ਤਤ ਰੂਪ ਅੰਮ੍ਰਿਤ ਨਾਮ ਉਚਾਰਦਾ ਹੈ ।
੯ ਪਤੀਜਦਾ ਹੈ ਦੇਖੋ ਪੰਨਾ ੫੯੭, ਨੋਟ ੨੧ ।
੧੦ ਉੱਤੋਂ ।
੧੧ ਹਰੀ ਨੂੰ ।
੧੨ ਸੁਤੇ ਸਿੱਧ ਹੀ ਪੂਰਨ ਅਡੋਲਤਾ ਵਾਲੀ ਅਵਸਥਾ ਵਿੱਚ ਪਹੁੰਚ ਗਿਆ ।
੧੩ ਅੱਡ-ਅੱਡ ਕਿਸਮ ਦੀ ਰਚਨਾ ।
੧੪ ਬਣਾ ਬਣਾ ਕੇ ਨਜ਼ਰ ਵਿੱਚ ਰੱਖਦਾ ਹੈ (ਭਾਵ ਸੰਭਾਲਨਾ ਕਰਦਾ ਹੈ) ।
੧੫ ਕਲਜੁਗ ਦੇ ਸਮੇਂ ਵਿੱਚ ਵਿਆਪਕ ਹਰੀ ਹੀ ਹੈ; ਭਾਵ ਇਸ ਸਮੇਂ ਵਿੱਚ ਮੰਨਣ ਯੋਗ ਸਿੱਖਿਆ ਏਹੀ ਹੈ ਕਿ ਹਰੀ ਨੂੰ ਹਰ ਥਾਂ ਸਮਾਇਆ ਵੇਖੋ । ਅੱਗੇ ਜਾ ਕੇ ਭੀ ਏਹੋ ਕਿਹਾ ਹੈ ਕਿ 'ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ।'
੧੬ ਗੁਰਾਂ ਦਵਾਰੇ ।
੧੭ ਪੰਜੇ ਹੀ ।
੧੮ ਲਿਆਂਦੇ ।
੧੯ ਜਿਹੜਾ ਹਰੀ ਦੇ ਡਰ ਵਿੱਚ ਹੋ ਕੇ ਅਤੇ ਸੰਸਾਰ ਵਲੋਂ ਬੇਲਾਗ ਰਹਿ ਕੇ ਹਰੀ ਦੇ ਗੁਣ ਗਾਉਂਦਾ ਹੈ।
੨੦ ਧਾਰਮਕ ਕਰਮ, ਹੋਮ ਜੱਗ ਆਦਿ ।
੨੧ ਧਨ 'ਕੱਠਾ ਕਰੇ ।
੨੨ ਹੁਕਮ ।

* ਗੁਰੂ ਦੀ ਮਤ ਲੈਣ ਨਾਲ ਮਨ ਅਭਿਮਾਨ ਆਦਿ ਦੁਰਮਤ ਤੋਂ ਖਾਲੀ ਹੋ ਕੇ ਨਿਰਮਲ ਹੋ ਜਾਂਦਾ ਹੈ। ਫਿਰ ਉਸ ਵਿੱਚ ਤੱਤ ਸਰੂਪ ਹਰੀ ਦਾ ਖਿਆਲ ਸਮਾਅ ਸਕਦਾ ਹੈ ਅਤੇ ਸਭਨਾਂ ਵਿੱਚ ਇਕੋ ਹਰੀ ਵਰਤਦਾ ਦਿਸ ਪੈਂਦਾ ਹੈ । ਇਉਂ ਗੁਰੂ ਦੇ ਰਾਹੀਂ ਮਨੁੱਖ ਸਹਿਜ ਨੂੰ ਪ੍ਰਾਪਤ ਹੁੰਦਾ ਹੈ ।

† ਗੁਰੂ ਦੇ ਰਾਹੀਂ ਸਭ ਥਾਂ ਹਰੀ ਵਿਆਪ ਰਿਹਾ ਦਿਸਦਾ ਹੈ, ਇੰਦਰੇ ਵੱਸ ਹੁੰਦੇ ਅਤੇ ਸ਼ੁਭ ਗੁਣ ਪ੍ਰਵੇਸ਼ ਕਰਦੇ ਹਨ । ਗੁਰੂ ਨੂੰ ਨਾ ਮੰਨਣ ਨਾਲ ਧਾਰਮਕ ਕੰਮ ਜਾਂ ਸੰਸਾਰੀ ਦੌਲਤ ਕਿਸੇ ਕੰਮ ਦੀ ਨਹੀਂ।

‡ ਗੁਰੂ ਦਾ ਜਸ ਕਰੋ ਤਾਂ ਕਿ ਤੁਹਾਡੇ ਭਾਗ ਖੁਲ੍ਹਣ ਅਤੇ ਹਰੀ ਦੇ ਗੁਣ ਗਾਉਣ ਦਾ ਵੱਲ ਆਵੇ । ਗੁਰੂ ਦੀ ਸੇਵਾ ਵਿੱਚ ਲੱਗਣਾ ਭੀ ਹਰੀ ਦੀ ਆਪਣੀ ਮਿਹਰ ਦੇ ਆਸਰੇ ਹੈ ।

ਕਰਿ ਰਾਖਹੁ ਹਰਿ ਜੀਉ ਪੋਹਿ ਨ ਸਕੈ ਜਮਕਾਲੁ ॥ ੨ ॥ ਤੇਰੀ ਸਰਣਾਈ ਸਚੀ ਹਰਿ ਜੀਉ ਨਾ ਓਹ ਘਟੈ ਨ ਜਾਇ ॥ ਜੋ ਹਰਿ ਛੋਡਿ ਦੂਜੈ ਭਾਇ ਲਾਗੈ ਓਹੁ ਜੰਮੈ ਤੈ ਮਰਿ ਜਾਇ ॥ ੩ ॥ ਜੋ ਤੇਰੀ ਸਰਣਾਈ ਹਰਿ ਜੀਉ ਤਿਨਾ ਦੂਖ ਭੂਖ ਕਿਛੁ ਨਾਹਿ ॥ ਨਾਨਕ ਨਾਮੁ ਸਲਾਹਿ ਸਦਾ ਤੂ [1]ਸਚੈ ਸਬਦਿ ਸਮਾਹਿ ॥ ੪ ॥ ੪ ॥ ਪ੍ਰਭਾਤੀ ਮਹਲਾ ੩* ॥ [2]ਗੁਰਮੁਖਿ ਹਰਿ ਜੀਉ ਸਦਾ ਧਿਆਵਹੁ ਜਬ ਲਗੁ ਜੀਅ ਪਰਾਨ ॥ ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ [3]ਮਨਿ ਅਭਿਮਾਨੁ ॥ ਸਫਲੁ ਜਨਮੁ ਤਿਸੁ ਪ੍ਰਾਨੀ ਕੇਰਾ ਹਰਿ ਕੈ ਨਾਮਿ ਸਮਾਨ[4] ॥ ੧ ॥ ਮੇਰੇ ਮਨ ਗੁਰ ਕੀ ਸਿਖ ਸੁਣੀਜੈ ॥ ਹਰਿ ਕਾ ਨਾਮੁ ਸਦਾ ਸੁਖਦਾਤਾ ਸਹਜੇ[5] ਹਰਿ ਰਸੁ ਪੀਜੈ ॥ ੧ ॥ ਰਹਾਉ ॥ ਮੂਲੁ ਪਛਾਣਨਿ ਤਿਨ ਨਿਜ ਘਰਿ[6] ਵਾਸਾ ਸਹਜੇ[5] ਹੀ ਸੁਖੁ ਹੋਈ ॥ ਗੁਰ ਕੈ ਸਬਦਿ [7]ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥ ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ ॥ ੨ ॥ ਗੁਰਮਤੀ ਮਨੁ ਨਿਰਮਲੁ ਹੋਆ [8]ਅੰਮ੍ਰਿਤੁ ਤਤੁ ਵਖਾਨੈ ॥ ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ[9] ॥ ਸਦ ਬਲਿਹਾਰੀ ਗੁਰ ਅਪੁਨੇ ਵਿਟਹੁ[10] ਜਿਤੁ ਆਤਮਰਾਮੁ[11] ਪਛਾਨੈ ॥ ੩ ॥ ਮਾਨਸ ਜਨਮਿ ਸਤਿਗੁਰੂ ਨ ਸੇਵਿਆ ਬਿਰਥਾ ਜਨਮੁ ਗਵਾਇਆ ॥ ਨਦਰਿ ਕਰੇ ਤਾਂ ਸਤਿਗੁਰੁ ਮੇਲੇ [12]ਸਹਜੇ ਸਹਜਿ ਸਮਾਇਆ ॥ ਨਾਨਕ ਨਾਮੁ ਮਿਲੈ ਵਡਿਆਈ ਪੂਰੈ ਭਾਗਿ ਧਿਆਇਆ ॥ ੪ ॥ ੫ ॥ ਪ੍ਰਭਾਤੀ ਮਹਲਾ ੩† ॥ ਆਪੇ ਭਾਂਤਿ[13] ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ [14]ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥ ੧ ॥ [15]ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ[16] ਪਰਗਟੁ ਹਰਿ ਹਰਿ ਨਾਮੁ ॥ ੧ ॥ ਰਹਾਉ ॥ ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥ ੨ ॥ ਇੰਦ੍ਰੀ ਪੰਚ ਪੰਚੇ[17] ਵਸਿ ਆਣੈ[18] ਖਿਮਾ ਸੰਤੋਖੁ ਗੁਰਮਤਿ ਪਾਵੈ ॥ ਸੋ ਧਨੁ ਧਨੁ ਹਰਿ ਜਨੁ ਵਡ ਪੂਰਾ [19]ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥ ੩ ॥ ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ[20] ਬਹੁ [21]ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥ ੪ ॥ ਏਕੋ ਸਬਦੁ[22] ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥ ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ[16] ਹਰਿ ਹਰਿ ਜਾਇ ਰਲੈ ॥ ੫ ॥ ੬ ॥ ਪ੍ਰਭਾਤੀ ਮਹਲਾ ੩‡ ॥ ਮੇਰੇ ਮਨ ਗੁਰੁ ਅਪਣਾ ਸਾਲਾਹਿ ॥

੧ ਕਿਰਪਾ ਨਾਲ ।
੨ ਟਿਕਦਾ ਹੈ ।
੩ ਹਰ ਰੋਜ਼ ।
੪ ਰਜਿਆ ਰਹਿੰਦਾ ਹੈ ।
੫ ਸੁਖ ਵਾਲਾ ਸ਼ਿੰਗਾਰ; ਉਹ ਫੈਸ਼ਨ ਜਿਸ ਤੋਂ ਸੁਖ ਮਿਲੇ (ਸੰਸਾਰਕ ਸ਼ਿੰਗਾਰਾਂ ਵਾਕੁਰ ਨਹੀਂ ਜੋ ਦੁੱਖ ਦਾ ਕਾਰਨ ਹੁੰਦੇ ਹਨ) । ਅੱਗੇ ਇਸੇ ਤੁਕ ਵਿੱਚ ਦੱਸਿਆ ਹੈ ਕਿ ਇਹ ਸ਼ਿੰਗਾਰ ਨਾਮ ਹੈ, ਜਿਸ ਦੀ ਸ਼ੋਭਾ ਵੱਡੀ ਹੈ ।
੬ ਸ਼ਬਦ ਦੁਆਰਾ, ਗੁਰ-ਉਪਦੇਸ਼ ਦੁਆਰਾ ।
੭ ਉੱਤੋਂ ।
੮ ਬਲਿਹਾਰ, ਕੁਰਬਾਨ ਜਾਵਾਂ ।
੯ ਅਰਪਾਂ, ਸੌਂਪਾਂ, ਹਵਾਲੇ ਕਰਾਂ ।
੧੦ ਪੂਰਨ ਅਡੋਲਤਾ ਤੇ ਸ਼ਾਂਤੀ ਵਿੱਚ ।
੧੧ ਗੁਰੂ ਦੇ ਰਾਹੀਂ ।
੧੨ ਉਨ੍ਹਾਂ ਨੂੰ ਹੀ ਸਲਾਹੁਣ ਦੀ ਜਾਚ ਆਈ ਹੈ ।
੧੩ ਦ੍ਵੈਤ ਭਾਵ ਵਾਲਾ ।
੧੪ ਪਹੁੰਚ ਤੇ ਮਿਣਤੀ ਜਾਂ ਅੰਦਾਜ਼ਾ । ਤੇਰੀ ਪਹੁੰਚ ਤੇ ਮਿਣਤੀ ਤੂੰ ਆਪ ਹੀ ਜਾਣ ਸਕਦਾ ਹੈਂ ।
੧੫ ਸ੍ਰੇਸ਼ਟ ।
੧੬ ਆਪਾ ਭਾਵ, ਹਉਮੈ ।
੧੭ ਜੋ ਕੁਝ ਕੋਈ ਚਾਹੇ ਉਸ ਕੋਲੋਂ ਉਹੋ ਕੁਝ ਮਿਲ ਜਾਂਦਾ ਹੈ ।
੧੮ ਰੱਖਿਆ ਕਰਨ ਦੇ ਸਮਰੱਥ ।

* ਹਰੀ ਅੱਗੇ ਸਨਮੁਖ ਹੋ ਕੇ ਅਰਦਾਸ ਕਰਦੇ ਹਨ ਕਿ ਗੁਰ-ਸ਼ਬਦ ਰਾਹੀਂ ਨਾਮ ਦੀ ਦਾਤ ਬਖ਼ਸ਼ੋ ਤੇ ਭਾਣੇ ਵਿੱਚ ਰੱਖੋ ।

† ਵਾਹਿਗੁਰੂ ਕੋਲੋਂ ਆਪਣੇ ਭਾਣੇ ਵਿੱਚ ਰੱਖਣ ਦੀ ਦਾਤ ਮੰਗਦੇ ਹਨ । ਇਹ ਦਾਤ ਨਾਮ ਦੀ ਪ੍ਰਾਪਤੀ ਤੋਂ ਮਿਲਦੀ ਹੈ । ਇਹ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ ।

‡ (ਏਥੇ ਕਈ ਬੀੜਾਂ ਵਿੱਚ 'ਮਹਲਾ ੩' ਦੇ ਹੇਠਾਂ ਛੋਟਾ ਜਿਹਾ ਅੰਕ '੫' ਲੱਗਾ ਹੋਇਆ ਹੈ । ਇਹ 'ਘਰੁ ੫' ਦਾ ਸੂਚਕ ਹੋ ਸਕਦਾ ਹੈ : ਭਾਵ ਇਸ ਤੋਂ ਪਹਿਲਾਂ ਦੇ ਤਿੰਨ ਸ਼ਬਦ 'ਘਰੁ ੧' ਦੇ ਹਨ ਅਤੇ ਅੱਗੋਂ ਚਾਰ ਸ਼ਬਦ 'ਘਰੁ ੫' ਵਿੱਚ ਗਾਉਣੇ ਹਨ ।) ਹਰੀ ਦੀ ਸ਼ਰਨ ਲੈਣ ਦੇ ਲਾਭ ਦੱਸ ਕੇ ਕਹਿੰਦੇ ਹਨ ਕਿ ਗੁਰੂ ਦੇ ਸ਼ਬਦ ਰਾਹੀਂ ਹਰੀ ਦੀ ਸ਼ਰਨ ਵਿੱਚ ਸਮਾਅ ਜਾਈਦਾ ਹੈ ।

ਗੁਰ ਪ੍ਰਸਾਦਿ[1] ਮਨੁ [2]ਅਸਥਿਰੁ ਹੋਵੈ ਅਨਦਿਨੁ[3] ਹਰਿ ਰਸਿ [4]ਰਹਿਆ ਅਘਾਈ ॥ ੧ ॥ ਰਹਾਉ ॥ ਅਨਦਿਨੁ ਭਗਤਿ ਕਰਹੁ ਦਿਨੁ ਰਾਤੀ ਇਸੁ ਜੁਗ ਕਾ ਲਾਹਾ ਭਾਈ ॥ ਸਦਾ ਜਨ ਨਿਰਮਲ ਮੈਲੁ ਨ ਲਾਗੈ ਸਚਿ ਨਾਮਿ ਚਿਤੁ ਲਾਈ ॥ ੨ ॥ [5]ਸੁਖੁ ਸੀਗਾਰੁ ਸਤਿਗੁਰੂ ਦਿਖਾਇਆ ਨਾਮਿ ਵਡੀ ਵਡਿਆਈ ॥ ਅਖੁਟ ਭੰਡਾਰ ਭਰੇ ਕਦੇ ਤੋਟਿ ਨ ਆਵੈ ਸਦਾ ਹਰਿ ਸੇਵਹੁ ਭਾਈ ॥ ੩ ॥ ਆਪੇ ਕਰਤਾ ਜਿਸ ਨੋ ਦੇਵੈ ਤਿਸੁ ਵਸੈ ਮਨਿ ਆਈ ॥ ਨਾਨਕ ਨਾਮੁ ਧਿਆਇ ਸਦਾ ਤੂ ਸਤਿਗੁਰਿ ਦੀਆ ਦਿਖਾਈ ॥ ੪ ॥ ੧ ॥ ਪ੍ਰਭਾਤੀ ਮਹਲਾ ੩* ॥ ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ ਆਪੇ ਲੈਹੁ ਮਿਲਾਈ ॥ ਤੂ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ[6] ਦੇਹੁ ਬੁਝਾਈ ॥ ੧ ॥ ਹਰਿ ਜੀਉ ਤੁਧੁ ਵਿਟਹੁ[7] [8]ਬਲਿ ਜਾਈ ॥ ਤਨੁ ਮਨੁ ਅਰਪੀ[9] ਤੁਧੁ ਆਗੈ ਰਾਖਉ ਸਦਾ ਰਹਾਂ ਸਰਣਾਈ ॥ ੧ ॥ ਰਹਾਉ ॥ ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ ਵਡਿਆਈ ॥ ਪੂਰੇ ਗੁਰ ਤੇ ਭਾਣਾ ਜਾਪੈ ਅਨਦਿਨੁ ਸਹਜਿ[10] ਸਮਾਈ ॥ ੨ ॥ ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ ਆਪੇ ਬਖਸਿ ਮਿਲਾਈ ॥ ਤੇਰੈ ਭਾਣੈ ਸਦਾ ਸੁਖੁ ਪਾਇਆ ਗੁਰਿ ਤ੍ਰਿਸਨਾ ਅਗਨਿ ਬੁਝਾਈ ॥ ੩ ॥ ਜੋ ਤੂ ਕਰਹਿ ਸੁ ਹੋਵੈ ਕਰਤੇ ਅਵਰੁ ਨ ਕਰਣਾ ਜਾਈ ॥ ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ ਪੂਰੇ ਗੁਰ ਤੇ ਪਾਈ ॥ ੪ ॥ ੨ ॥ ਪ੍ਰਭਾਤੀ ਮਹਲਾ ੩† ॥ ਗੁਰਮੁਖਿ[11] ਹਰਿ ਸਾਲਾਹਿਆ ਜਿੰਨਾ [12]ਤਿਨ ਸਲਾਹਿ ਹਰਿ ਜਾਤਾ ॥ ਵਿਚਹੁ ਭਰਮੁ ਗਇਆ ਹੈ ਦੂਜਾ[13] ਗੁਰ ਕੈ ਸਬਦਿ ਪਛਾਤਾ ॥ ੧ ॥ ਹਰਿ ਜੀਉ ਤੂ ਮੇਰਾ ਇਕੁ ਸੋਈ ॥ ਤੁਧੁ ਜਪੀ ਤੁਧੈ ਸਾਲਾਹੀ [14]ਗਤਿ ਮਤਿ ਤੁਝ ਤੇ ਹੋਈ ॥ ੧ ॥ ਰਹਾਉ ॥ ਗੁਰਮੁਖਿ[11] ਸਾਲਾਹਨਿ ਸੇ ਸਾਦੁ ਪਾਇਨਿ ਮੀਠਾ ਅੰਮ੍ਰਿਤੁ ਸਾਰੁ[15] ॥ ਸਦਾ ਮੀਠਾ ਕਦੇ ਨ ਫੀਕਾ ਗੁਰ ਸਬਦੀ ਵੀਚਾਰੁ ॥ ੨ ॥ ਜਿਨਿ ਮੀਠਾ ਲਾਇਆ ਸੋਈ ਜਾਣੈ ਤਿਸੁ ਵਿਟਹੁ ਬਲਿ ਜਾਈ ॥ ਸਬਦਿ ਸਲਾਹੀ ਸਦਾ ਸੁਖਦਾਤਾ ਵਿਚਹੁ ਆਪੁ[16] ਗਵਾਈ ॥ ੩ ॥ ਸਤਿਗੁਰੁ ਮੇਰਾ ਸਦਾ ਹੈ ਦਾਤਾ [17]ਜੋ ਇਛੈ ਸੋ ਫਲੁ ਪਾਏ ॥ ਨਾਨਕ ਨਾਮੁ ਮਿਲੈ ਵਡਿਆਈ ਗੁਰ ਸਬਦੀ ਸਚੁ ਪਾਏ ॥ ੪ ॥ ੩ ॥ ਪ੍ਰਭਾਤੀ ਮਹਲਾ ੩‡ ॥ ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ [18]ਰਾਖਨ ਜੋਗੁ ॥ ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ ॥ ੧ ॥ ਹਰਿ ਜੀਉ ਸਦਾ ਤੇਰੀ ਸਰਣਾਈ ॥ ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ ਏਹ ਤੇਰੀ ਵਡਿਆਈ ॥ ੧ ॥ ਰਹਾਉ ॥ ਜੋ ਤੇਰੀ ਸਰਣਾਈ ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ ॥ ਆਪਿ ਕ੍ਰਿਪਾ

੧ ਮਨ ।
੨ ਗੁਰੂ ਦਵਾਰਾ ਇਹ ਗਿਆਨ ਵਿਚਾਰਿਆ ਹੈ ਕਿ ਜੋ ਬਿਧੀ ਹੈ, ਉਹ ਕਰਤਾਰ ਹੀ ਜਾਣਦਾ ਹੈ ।
੩ ਗੁਰ-ਗਿਆਨ ਰੂਪ ਕਿਰਣ ਫੈਲੀ ।
੪ ਹਿਰਦਾ ਰੂਪ ਕਮਲ ਰਸ ਵਾਲਾ ਹੋ ਕੇ ਖਿੜ ਪਿਆ ।
੫ ਚੰਨ ਦੇ ਅੰਦਰ ਸੂਰਜ ਦਾ ਵਾਸਾ ਹੋ ਗਿਆ; ਮਨੁੱਖੀ-ਮਨ ਦੇ ਅੰਦਰ ਗੁਰ-ਗਿਆਨ ਦਾ ਪ੍ਰਕਾਸ਼ ਹੋ ਗਿਆ । ਦੇਖੋ ਪੰਨਾ ੯੪੩, ਨੋਟ ੨੪, ਪੰਨਾ ੧੦੪੧, ਨੋਟ ੨੮ ।
੬ ਕਾਲ ਨੂੰ ਮਾਰ ਕੇ ਖ਼ਾਹਿਸ਼ ਮਨ ਵਿੱਚ ਹੀ ਸ਼ਾਂਤ ਹੋ ਕੇ ਸਮਾਅ ਗਈ ।
੭ ਕ੍ਰਿਪਾ ਦੁਆਰਾ ।
੮ [ਫ਼ਾ. ਚੂੰ ਲਾਲਹ= ਗੁਲੇ ਲਾਲਹ ਵਾਕੁਰ ਗੂੜ੍ਹਾ ਲਾਲ] (ਪ੍ਰੇਮ ਦੇ) ਗੂੜੇ ਰੰਗ ਵਿੱਚ ।
੯ ਰਸਨਾ (ਜੀਭ) ਨੂੰ ਰਸ ਵਾਲੀ ਬਣਾ ਕੇ ਰਤੇ ਗਏ ਹਾਂ ਤੇ ਹਰੀ ਵਿਆਪਕ ਦਿਸਦਾ ਹੈ ।
੧੦ ਬਾਰਾਂ ਫ਼ਿਰਕੇ ਜੋਗੀਆਂ ਦੇ ਅਤੇ ਛੇ ਤੇ ਚਾਰ (ਦਸ) ਸੰਨਿਆਸੀਆਂ ਦੇ । ਦੇਖੋ ਪੰਨਾ ੯੪੧, ਨੋਟ ੩੭, ੩੮ ।
੧੧ ਜੋਗੀ ।
੧੨ ਜੋਗੀਆਂ ਦਾ ਇਕ ਫ਼ਿਰਕਾ ।
੧੩ ਦਿਲ ਰੂਪ ਹੱਥ ਵਿੱਚ ਭਿੱਛਿਆ ਮੰਗੀ । ਦੇਖੋ ਪੰਨਾ ੯੦੭, ਨੋਟ ੨੨ ।
੧੪ ਝਗੜਾ ।
੧੫ ਸੱਚ ਆਚਾਰ ਵਾਲੇ ।
੧੬ ਹਰ ਰੋਜ਼, ਨਿੱਤ ।
੧੭ ਸਾਰੇ ਕਰਮ-ਕਾਂਡ ਗੁਰੂ ਦੇ ਸ਼ਬਦ ਵਿੱਚ ਆ ਜਾਂਦੇ ਹਨ ।
੧੮ ਮਨ ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ ।
੧੯ ਗੁਰੂ ਸਾਨੂੰ ਹਰੀ ਦਾ ਮਿਲਾਇਆ ਹੀ ਮਿਲਦਾ ਹੈ।
੨੦ ਪਾਪ ।
੨੧ ਚਰਣ-ਧੂੜ ।
੨੨ ਤੂੰ ਇਹ ਤਾਰੀ ਤਰ । ਸੰਤਾਂ ਦੀ ਚਰਨ-ਧੂੜ ਲੈ, ਸਾਧ ਜਨਾਂ ਦੀ ਸੰਗਤ ਵਿੱਚ ਹਰੀ-ਜਸ ਕਰ, ਇਉਂ ਤਰ ਜਾਵੇਂਗਾ । ਪੰਨਾ ੧੫੩, ਨੋਟ ੧੦ ।
੨੩ ਵਿਚਾਰਾ ।
੨੪ ਡਰਦਾ ਹੈ ।
੨੫ ਗੁਰੂ ਦੇ ਅਨੁਸਾਰੀ ਦੇ ।
੨੬ ਹਰੀ ।
੨੭ ਗੁਰੂ ਦੁਆਰਾ ।
੨੮ ਸਵਾਦ ।
੨੯ ਵਿਚਾਰੇ ।
੩੦ ਨਿਰ-ਆਸਰਾ ਜੋ ਹੈ ।
੩੧ ਜੋ ਖਾਂਦਾ ਕੁਝ ਨਹੀਂ ।
੩੨ ਸ਼ੁਧ ਹਰੀ । ਐਸੇ ਹਰੀ ਨੂੰ ਜੋ ਸੁਰਤ ਵਿੱਚ ਟਿਕਾਉਂਦਾ ਹੈ ।
੩੩ ਸੱਤ ਸਰੋਵਰ । ਪੰਜ ਗਿਆਨ ਇੰਦਰੇ, ਮਨ ਅਤੇ ਬੁਧ । ਦੇਖੋ ਪੰਨਾ ੧੦੩੬, ਨੋਟ ੨੩ ।
੩੪ ਸੁਰਤ ਨੂੰ ਮਾਇਆ ਵਲੋਂ ਉਲਟਾ ਕੇ ।
੩੫ ਬਾਹਰ ਦੌੜਦੇ ਮਨ ਨੂੰ ਰੋਕ ਕੇ ਰੱਖਦਾ ਹੈ ।
੩੬ ਗੁਰੂ ਦੁਆਰਾ ਪੂਰਨ ਅਡੋਲ ਅਵਸਥਾ ਵਿੱਚ ਲੀਨ ਹੋ ਜਾਂਦਾ ਹੈ ।
੩੭ ਗ੍ਰਿਹਸਤੀ ।
੩੮ ਆਪਣੇ ਆਪ ਨੂੰ ।
੩੯ ਸ਼ਬਦ ਵਿੱਚ । ਕੋਈ ਟਾਵਾਂ-ਟਾਵਾਂ ਹੀ ਗੁਰੂ ਦੇ ਰਾਹੀਂ ਹੋ ਕੇ ਇਹ ਗੱਲ ਸਮਝਦਾ ਹੈ ਕਿ ਹਰੀ ਗੁਰੂ ਦੇ ਸ਼ਬਦ ਵਿੱਚ ਸਮਾਅ ਰਿਹਾ ਹੁੰਦਾ ਹੈ।

* ਜੋਗੀ, ਸੰਨਿਆਸੀ, ਵੈਰਾਗੀ, ਬ੍ਰਾਹਮਣ ਆਦਿ ਲੋਕ ਜੋ ਗੁਰੂ ਦੇ ਸ਼ਬਦ ਦਾ ਆਸਰਾ ਨਹੀਂ ਲੈਂਦੇ ਆਪੋ ਆਪਣੇ ਵਹਿਮਾਂ ਵਿੱਚ ਪਏ ਹੋਏ ਅਸਲੀਅਤ ਨੂੰ ਨਹੀਂ ਸਮਝਦੇ ਤੇ ਵਿਛੜ ਕੇ ਦੁੱਖ ਪਾਂਦੇ ਰਹਿੰਦੇ ਹਨ, ਪਰ ਜਿਹੜੇ ਗੁਰਮੁਖ ਹੋ ਕੇ ਸ਼ਬਦ ਵਿੱਚ ਦਿਲ ਲਾਂਦੇ ਹਨ, ਓਹ ਦਰ-ਦਰ ਮੰਗਣ ਦੀ ਥਾਂ ਆਪਣੇ ਦਿਲ ਦੇ ਰਾਹੀਂ ਇਕੋ ਹਰੀ ਦੀ ਭਿੱਛਾ ਮੰਗਦੇ ਹਨ ਅਤੇ ਕਰਮ-ਕਾਂਡ ਦੀ ਥਾਂ ਅਮੋਲਕ ਨਾਮ ਵਿੱਚ ਲਿਵ ਲਾ ਕੇ ਦੁੱਖ ਪਾਪ ਤੋਂ ਬਚੇ ਰਹਿੰਦੇ ਹਨ ।

† ਗੁਰੂ ਦੀ ਸਾਧ-ਸੰਗਤ ਵਿੱਚ ਹੋ ਕੇ ਮਨੁੱਖ ਜਦ ਹਰੀ ਦੇ ਗੁਣ ਗਾਉਂਦਾ ਹੈ ਤਾਂ ਉਸ ਨੂੰ ਮੌਤ ਦਾ ਡਰ ਨਹੀਂ ਰਹਿੰਦਾ, ਉਸ ਦੀ ਜ਼ਿੰਦਗੀ ਰਸ ਵਾਲੀ, ਭਰੀ-ਭਰੀ ਹੋਈ, ਟਿਕਾਉ ਵਾਲੀ ਹੋ ਜਾਂਦੀ ਹੈ।

‡ ਇਹ ਗੱਲ ਗੁਰੂ ਤੋਂ ਹੀ ਸਮਝ ਆਉਂਦੀ ਹੈ ਕਿ ਹਰੀ ਦਾ ਨਾਮ ਗੁਰੂ ਦੇ ਸ਼ਬਦ ਵਿਚੋਂ ਲੱਭਦਾ ਹੈ। ਇਸ ਨਾਮ ਨੂੰ ਜਪੀਏ ਤਾਂ ਸੁਖ ਮਿਲਦਾ, ਮੈਲ ਦੂਰ ਹੁੰਦੀ ਤੇ ਹਰੀ ਦੇ ਦੀਦਾਰੇ ਹੁੰਦੇ ਹਨ ।

ਪੀਵਣਹਾਰਾ[੧] ॥ [੨]ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ
ਵੀਚਾਰਾ ॥ ੨ ॥ [੩]ਪ੍ਰਸਰੀ ਕਿਰਣਿ [੪]ਰਸਿ ਕਮਲ ਬਿਗਾਸੇ [੫]ਸਸਿ ਘਰਿ ਸੂਰੁ
ਸਮਾਇਆ ॥ [੬]ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ[੭] ਪ੍ਰਭੁ
ਪਾਇਆ ॥ ੩ ॥ ਅਤਿ ਰਸਿ ਰੰਗਿ ਚਲੂਲੈ[੮] ਰਾਤੀ ਦੂਜਾ ਰੰਗੁ ਨ ਕੋਈ ॥
ਨਾਨਕ [੯]ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥ ੪ ॥ ੧੫ ॥
ਪ੍ਰਭਾਤੀ ਮਹਲਾ ੧* ॥ [੧੦]ਬਾਰਹ ਮਹਿ ਰਾਵਲ[੧੧] ਖਪਿ ਜਾਵਹਿ ਚਹੁ ਛਿਅ
ਮਹਿ ਸੰਨਿਆਸੀ ॥ ਜੋਗੀ ਕਾਪੜੀਆ[੧੨] ਸਿਰਖੂਥੇ ਬਿਨੁ ਸਬਦੈ ਗਲਿ
ਫਾਸੀ ॥੧ ॥ ਸਬਦਿ ਰਤੇ ਪੂਰੇ ਬੈਰਾਗੀ ॥ [੧੩]ਅਉਹਠਿ ਹਸਤ ਮਹਿ ਭੀਖਿਆ
ਜਾਚੀ ਏਕ ਭਾਇ ਲਿਵ ਲਾਗੀ ॥ ੧ ॥ ਰਹਾਉ ॥ ਬ੍ਰਹਮਣ ਵਾਦੁ[੧੪] ਪੜਹਿ
ਕਰਿ ਕਿਰਿਆ ਕਰਣੀ ਕਰਮ ਕਰਾਏ ॥ ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ
ਵਿਛੁੜਿ ਦੁਖੁ ਪਾਏ ॥ ੨ ॥ ਸਬਦਿ ਮਿਲੇ ਸੇ ਸੂਚਾਚਾਰੀ[੧੫] ਸਾਚੀ ਦਰਗਹ
ਮਾਨੇ ॥ ਅਨਦਿਨੁ[੧੬] ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥
੩ ॥ [੧੭]ਸਗਲੇ ਕਰਮ ਧਰਮ ਸੁਚਿ ਸੰਜਮ[੧੮] ਜਪ ਤਪ ਤੀਰਥ ਸਬਦਿ ਵਸੇ ॥
ਨਾਨਕ [੧੯]ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ[੨੦] ਕਾਲ ਨਸੇ ॥ ੪ ॥
੧੬ ॥ ਪ੍ਰਭਾਤੀ ਮਹਲਾ ੧† ॥ ਸੰਤਾ ਕੀ ਰੇਣੁ[੨੧] ਸਾਧ ਜਨ ਸੰਗਤਿ ਹਰਿ
ਕੀਰਤਿ [੨੨]ਤਰੁ ਤਾਰੀ ॥ ਕਹਾ ਕਰੈ ਬਪੁਰਾ[੨੩] ਜਮੁ ਡਰਪੈ[੨੪] ਗੁਰਮੁਖਿ[੨੫] ਰਿਦੈ
ਮੁਰਾਰੀ[੨੬] ॥ ੧ ॥ ਜਲਿ ਜਾਉ ਜੀਵਨੁ ਨਾਮ ਬਿਨਾ ॥ ਹਰਿ ਜਪਿ ਜਾਪੁ ਜਪਉ
ਜਪਮਾਲੀ ਗੁਰਮੁਖਿ[੨੭] ਆਵੈ ਸਾਦੁ[੨੮] ਮਨਾ ॥ ੧ ॥ ਰਹਾਉ ॥ ਗੁਰ ਉਪਦੇਸ
ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ ॥ ਲਾਲ ਜਵੇਹਰ ਰਤਨ
ਪਦਾਰਥ ਖੋਜਤ ਗੁਰਮੁਖਿ[੨੭] ਲਹੀਐ ॥ ੨ ॥ ਚੀਨੈ[੨੯] ਗਿਆਨੁ ਧਿਆਨੁ ਧਨੁ
ਸਾਚੌ ਏਕ ਸਬਦਿ ਲਿਵ ਲਾਵੈ ॥ ਨਿਰਾਲੰਬੁ[੩੦] ਨਿਰਹਾਰੁ[੩੧] ਨਿਹਕੇਵਲੁ[੩੨]
ਨਿਰਭਉ ਤਾੜੀ ਲਾਵੈ ॥ ੩ ॥ [੩੩]ਸਾਇਰ ਸਪਤ ਭਰੇ ਜਲ ਨਿਰਮਲਿ [੩੪]ਉਲਟੀ
ਨਾਵ ਤਰਾਵੈ ॥ [੩੫]ਬਾਹਰਿ ਜਾਤੌ ਠਾਕਿ ਰਹਾਵੈ [੩੬]ਗੁਰਮੁਖਿ ਸਹਜਿ ਸਮਾਵੈ ॥
੪ ॥ ਸੋ ਗਿਰਹੀ[੩੭] ਸੋ ਦਾਸੁ ਉਦਾਸੀ ਜਿਨਿ ਗੁਰਮੁਖਿ[੨੭] ਆਪੁ[੩੮] ਪਛਾਨਿਆ ॥
ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ ॥ ੫ ॥ ੧੭ ॥

ਰਾਗੁ ਪ੍ਰਭਾਤੀ ਮਹਲਾ ੩ ਚਉਪਦੇ ੴ ਸਤਿਗੁਰ ਪ੍ਰਸਾਦਿ ॥

‡ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ[੩੯] ਰਹਿਆ ਸਮਾਈ ॥ ਨਾਮਿ ਰਤੇ ਸਦਾ ਸੁਖੁ
ਪਾਵੈ ਸਾਚਿ ਰਹੈ ਲਿਵ ਲਾਈ ॥ ੧ ॥ ਹਰਿ ਹਰਿ ਨਾਮੁ ਜਪਹੁ ਜਨ ਭਾਈ ॥

੧ ਨਾਮ ਵਿੱਚ ।
੨ ਮੂਰਖ ਤੇ ਅਵੈੜਾ ।
੩ ਖਾਲੀ, ਨਿਕੰਮਾ । ੪ ਬੁਰੇ ਤੋਂ ਬੁਰਾ ।
੫ ਨਿਰਧਨ ਲਈ ਧਨ ਇਹ ਹੈ ਕਿ ਨਾਮ ਨੂੰ ਪਿਆਰ ਕਰੇ ।
੬ ਸਰੇਸ਼ਟ । ੭ ਸੁਆਹ ।
੮ ਕਿਸੇ ਨੂੰ ਉਸਤਤਿ, ਕਿਸੇ ਨੂੰ ਨਿੰਦਾ ਤੇ ਕਿਸੇ ਨੂੰ ਸ਼ਬਦ ਵਿਚਾਰ ਦੀ ਦਾਤ ਕਰਦਾ ਹੈ । ਜੋ ਇਹ ਕੁਝ ਦਿੰਦਾ ਹੈ, ਉਸੇ ਨੂੰ ਨਮਸਕਾਰ ਕਰਨੀ ਚਾਹੀਦੀ ਹੈ, ਭਾਵ ਇਹ ਮੰਨਣਾ ਚਾਹੀਦਾ ਹੈ ਕਿ ਜੋ ਉਸ ਦੀ ਰਜ਼ਾ ਹੈ, ਉਹੀ ਦੇਂਦਾ ਹੈ ।
੯ ਜੇ ਤੂੰ ਬਖਸ਼ੇਂ ਤਾਂ ਜਾਤ ਦੀ ਵਡਿਆਈ ਆਪੇ ਮਿਲ ਗਈ ।
੧੦ ਨਾਨਕ ਕਹਿੰਦਾ ਹੈ ਕਿ ਉਹ ਆਪ ਹੀ ਸਭ ਕੁਝ ਕਹਾਉਂਦਾ ਹੈ ।
੧੧ ਬਹੁਤ ਖਾ ਕੇ ਮੈਲਾ ਹੀ ਵਧਾਂਦਾ ਹੈ ਤੇ ਪਹਿਨ ਕੇ ਘਰ ਦੀ, ਭਾਵ ਆਪਣੇ ਅਸਲੇ ਦੀ ਹਾਨੀ ਹੀ ਕਰਦਾ ਹੈ ।
੧੨ ਬੋਲ ਬੋਲ ਕੇ ਝਗੜਾ ਖੜਾ ਕਰ ਦਿੰਦਾ ਹੈ ।
੧੩ ਇਉਂ ਕਠਿਨ ਜਾਲ ਵਿੱਚ ਵਸਿਆ ਹੋਇਆ (ਪਿਆ ਹੋਇਆ) ਮਨ ਝਗੂੜ ਵਿੱਚੋਂ ਲੰਘ ਕੇ ਸੁਤੇ ਹੀ ਉੱਜਲਾ ਹੋ ਗਿਆ ਹੈ ।
੧੪ [ਬਿੰਬਲ] ਲਹਿਰਾਂ ਸਮੇਤ ਝੱਗ ਵਾਲਾ ਪਾਣੀ । ਇਸ ਨੂੰ ਲੰਘ ਕੇ ਸਹਿਜੇ ਹੀ ਮਨ ਪ੍ਰਕਾਸ਼ਿਆ ਗਿਆ ਹੈ ।
੧੫ ਜਿਵੇਂ ਗੁਣ-ਹੀਣ ਜੰਮਿਆਂ ਸੀ, ਤਿਵੇਂ ਗੁਣ-ਹੀਣ ਹੀ ਮੋਇਆ, ਸਗੋਂ ਕੀਤੇ ਕੁਕਰਮਾਂ ਦਾ ਲੇਖਾ ਲਿਖ ਕੇ ਨਾਲ ਲੈ ਗਿਆ ।
੧੬ ਆਪ-ਹੁਦਰੇ ਨੇ ।
੧੭ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਵਾਹਿਗਰੂ ਦਾ ।
੧੮ ਜੇ ਨਾ ਸਹਾਰੀ ਜਾਣ ਵਾਲੀ ਗਿਆਨ ਅਵਸਥਾ ਨੂੰ ਜਰ ਲਵੇ, ਤਾਂ ਅਮਰ ਅਨੰਦ ਸਰੂਪ ਦਾ ਇਕ ਰਸ ਪ੍ਰਵਾਹ ਚੱਲ ਪੈਂਦਾ ਹੈ ।
੧੯ ਜਿਵੇਂ ਹੈ ।
੨੦ ਤੈਨੂੰ । ਦੇਖੋ ਪੰਨਾ ੧੨੭੫, ਨੋਟ ੧੦ । ਨਾਨਕ ਕਹਿੰਦਾ ਹੈ, ਜਿਵੇਂ ਪਾਣੀ ਨੂੰ ਮੱਛੀ ਹੈ; ਭਾਵ ਜਿਵੇਂ ਮੱਛੀ ਚਾਹੁੰਦੀ ਹੈ, ਤਿਵੇਂ ਨਾਨਕ ਤੈਨੂੰ ਚਾਹੁੰਦਾ ਹੈ; ਜੇ ਤੈਨੂੰ ਭਾਵੇ ਤਾਂ ਮੇਰੀ ਪ੍ਰੀਤੀ ਰੱਖੀ।
੨੧ ਗਾਣਾ ।
੨੨ ਸੁਖ । ੨੩ ਅਨੰਦ ।
੨੪ [ਲਿਹੰਦੀ] ਕੁਝ । ਇਨ੍ਹਾਂ ਸਭਨਾਂ ਗੀਤ ਆਦਿ ਵਿੱਚੋਂ ਕੁਝ ਭਾਂਵਦਾ ਨਹੀਂ, ਕਿਉਂਕਿ ਸੱਚਾ ਸੁਖ ਨਾਮ ਵਿੱਚ ਹੈ । ਸਹਜੁ ਸੁਖੁ= ਪੂਰਨ ਸੁਖ । ਦੇਖੋ ਪੰਨਾ ੧੧੧੨, ਨੋਟ ੩ ।
੨੫ ਮੇਰੀ ਮੌਜ ਵਿੱਚ ਸਹਜ ਸੁਭਾਏ, ਭਗਤੀ ਟਿਕੀ ਹੈ, ਇਸ ਲਈ ਜੋਗ ਦੇ ਕੌਤਕ, ਸਵਾਦ ਅਨੰਦ ਆਦਿ ਸਭ ਪ੍ਰਾਪਤ ਹੋ ਗਏ ਹਨ ।
੨੬ ਮੇਰਾ ਆਪਣਾ ਕੰਮ ।
੨੭ ਰਵੀ (ਸੂਰਜ) ਤੇ ਇੰਦ (ਚੰਦ੍ਰਮਾ) ਦਾ ਪ੍ਰਕਾਸ਼ਕ ਹਰੀ ਅੰਦਰ ਵੱਜ ਪਿਆ ਹੈ । ਰਵਿੰਦ+ਰਵਿ ਇੰਦ= ਸੂਰਜ ਤੇ ਚੰਨ ਦਾ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਰਵੰਦਾ' ਹੈ)।
੨੮ ਪ੍ਰਕਾਸ਼ਕ ।
੨੯ ਪਿਆਰੇ ਦੀ ਪ੍ਰੀਤ ਹਿਰਦੇ ਵਿੱਚ ਧਾਰੀ ਹੈ ।
੩੦ ਪਿਆਰਾ ।
੩੧ [ਬਨ ਜਿਸ ਦੀ ਮਾਲਾ ਹਨ] ਹਰੀ ।
੩੨ ਹਰ ਰੋਜ਼, ਨਿੱਤ ।
੩੩ ਨਾਮ ਹੀ ਬ੍ਰਤ ਆਦਿ ਕਿਰਿਆ ਹੈ ।
੩੪ ਤਤ (ਅਸਲੀਅਤ) ਨੂੰ ਵਿਚਾਰ ਕੇ ਵਿਸ਼ੇ ਵਿਕਾਰਾਂ ਦੀਆਂ ਲਹਿਰਾਂ ਤੋਂ ਤ੍ਰਿਪਤ ਹੋ ਗਿਆ ਹਾਂ ।
੩੫ ਮੇਰੇ ਵਿੱਚ ਕੀ ਤਾਕਤ ਹੈ ਕਿ ਮੈਂ ਅਕਥ ਹਰੀ ਨੂੰ ਕਥਾਂ ?
੩੬ ਜੇ ਮੈਥੋਂ ਭਗਤੀ ਕਰਾਏ ਤਾਂ ਕਰਾਂ ।
੩੭ ਮੇਰਾ । ੩੮ ਪੂਰੀ ਅਵਸਥਾ ।
੩੯ ਰਜਿਆ ।
੪੦ ਗੁਰ ਸ਼ਬਦ ਦੁਆਰਾ ਹਰੀ ਨੂੰ ਅੰਦਰ ਹੀ ਦੇਖ ਕੇ ਮਨ ਦੀ ਨਿਸ਼ਾ ਹੋ ਗਈ ਕਿ ਮਨ ਨੂੰ ਹਰੀ ਤੋਂ ਬਿਨਾਂ ਹੋਰ ਕੋਈ ਰੰਗਣ ਵਾਲਾ ਨਹੀਂ ।
੪੧ ਓਹ ਜੀਵਾਂ ਨੂੰ ਰਾਤ ਦਿਨ ਦੇਖ-ਦੇਖ ਕੇ ਸਮ੍ਹਾਲਦਾ ਹੈ ।
੪੨ ਬਾਦਸ਼ਾਹੀ । ੪੩ ਗੂੜੇ ਰੰਗ ਵਾਲਾ ।
੪੪ ਸੁੰਦਰ । ੪੫ ਗੂੜ੍ਹਾ ਲਾਲ ।
੪੬ ਅੰਮ੍ਰਿਤ ਦਾ ਖੂਹ, ਦਸਮ ਦੁਆਰ ।
੪੭ ਬੁੱਧੀ ।

* ਨਾਮ ਤੋਂ ਖਾਲੀ ਮਨ ਮੈਲਾ, ਬਕਵਾਸੀ ਤੇ ਐਸਾ ਜ਼ਹਿਰੀਲੇ ਅਸਰ ਵਾਲਾ ਹੋ ਜਾਂਦਾ ਹੈ ਕਿ ਸਾਰੀ ਰਹਿਣੀ-ਬਹਿਣੀ ਵਿੱਚ ਜ਼ਹਿਰ ਪਸਰ ਜਾਂਦਾ ਹੈ ਤੇ ਕੋਈ ਆਚਰਨ ਨਹੀਂ ਬਣਦਾ । ਗੁਰ-ਸ਼ਬਦ ਦੇ ਵਿਚਾਰ ਨਾਲ ਮਨ ਵਿੱਚੋਂ ਇਹ ਖੋਟ ਨਿਕਲ ਸਕਦਾ ਹੈ ਅਤੇ ਨਿਰਮਲ ਹੋ ਕੇ ਉੱਚੀ ਤੋਂ ਉੱਚੀ ਸਮਝ ਦਾ ਭਾਰ ਝੱਲ ਸਕਦਾ ਤੇ ਅਨੰਦ ਮੈ ਹਰੀ ਦੀ ਪ੍ਰੀਤੀ ਧਾਰਨ ਦੇ ਯੋਗ ਹੋ ਜਾਂਦਾ ਹੈ ।

† ਨਾਮ ਤੋਂ ਬਿਨਾਂ ਕੋਈ ਸੁਖ ਨਹੀਂ । ਜੇ ਨਾਮ ਦੀ ਪ੍ਰੀਤ ਅੰਦਰ ਹੋਵੇ ਤਾਂ ਸਾਰੇ ਧਾਰਮਕ ਸਾਧਨ ਹੋ ਗਏ ਸਮਝੋ । ਇਸ ਨਾਲ ਐਸਾ ਰਜੇਵਾਂ ਹੋ ਜਾਂਦਾ ਹੈ ਕਿ ਵਿਸ਼ੇ-ਵਿਕਾਰ ਕੋਈ ਖਿੱਚ ਨਹੀਂ ਪਾਉਂਦੇ, ਹਉਮੈ ਦੂਰ ਹੋ ਕੇ ਇਕੋ ਹਰੀ ਦੇ ਅੰਦਰੋਂ ਦਰਸ਼ਨ ਹੁੰਦੇ ਤੇ ਪੂਰਨ ਪਦ ਦੀ ਪ੍ਰਾਪਤੀ ਹੁੰਦੀ ਹੈ ।

‡ ਗੁਰੂ ਦੇ ਦਿੱਤੇ ਗਿਆਨ ਨਾਲ ਮਨੁੱਖ ਦੇ ਹਨੇਰੇ ਦਿਲ ਅੰਦਰ ਚਾਨਣਾ ਹੋ ਜਾਂਦਾ ਹੈ ਅਤੇ ਉਸ ਨੂੰ ਸਮਝ ਆ ਜਾਂਦੀ ਹੈ ਕਿ ਹਰੀ ਆਪ ਹੀ ਸਾਡੇ ਅੰਦਰ ਵੱਸ ਕੇ ਆਪਣਾ ਪ੍ਰੇਮ-ਰਸ ਭਰਦਾ ਹੈ ।

ਹੋਇ ਸੁ ਰਾਚੈ ਨਾਇ[੧] ॥ ੩ ॥ ਅੰਧੌ ਬੋਲੌ [੨]ਮੁਗਧੁ ਗਵਾਰੁ ॥ ਹੀਣੌ[੩] ਨੀਚੁ [੪]ਬੁਰੌ ਬੁਰਿਆਰੁ ॥ [੫]ਨੀਧਨ ਕੌ ਧਨੁ ਨਾਮੁ ਪਿਆਰੁ ॥ ਇਹੁ ਧਨੁ ਸਾਰੁ[੬] ਹੋਰੁ ਬਿਖਿਆ ਛਾਰੁ[੭] ॥ ੪ ॥ [੮]ਉਸਤਤਿ ਨਿੰਦਾ ਸਬਦੁ ਵੀਚਾਰੁ ॥ ਜੋ ਦੇਵੈ ਤਿਸ ਕਉ ਜੈਕਾਰੁ ॥ [੯]ਤੂ ਬਖਸਹਿ ਜਾਤਿ ਪਤਿ ਹੋਇ ॥ [੧੦]ਨਾਨਕੁ ਕਹੈ ਕਹਾਵੈ ਸੋਇ ॥ ੫ ॥ ੧੨ ॥ ਪ੍ਰਭਾਤੀ ਮਹਲਾ ੧* ॥ [੧੧]ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥ [੧੨]ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥ ੧ ॥ ਬਾਬਾ [੧੩]ਐਸਾ ਬਿਖਮ ਜਾਲਿ ਮਨੁ ਵਾਸਿਆ ॥ ਬਿਬਲੁ[੧੪] ਝਾਗਿ ਸਹਜਿ ਪਰਗਾਸਿਆ ॥ ੧ ॥ ਰਹਾਉ ॥ ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥ ੨ ॥ [੧੫]ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ॥ ਮਨਮੁਖਿ[੧੬] ਮੂਲੁ ਗਵਾਇਆ ਦਰਗਹ ਮਿਲੈ ਸਜਾਇ ॥ ੩ ॥ ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥ ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ[੧੭] ॥ ੪ ॥ [੧੮]ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ ॥ ਨਾਨਕੁ ਜਲ ਕੌ ਮੀਨੁ ਸੈ[੧੯] ਥੇ[੨੦] ਭਾਵੈ ਰਾਖਹੁ ਪ੍ਰੀਤਿ ॥ ੫ ॥ ੧੩ ॥ ਪ੍ਰਭਾਤੀ ਮਹਲਾ ੧† ॥ ਗੀਤ ਨਾਦ[੨੧] ਹਰਖ[੨੨] ਚਤੁਰਾਈ ॥ ਰਹਸ[੨੩] ਰੰਗ ਫੁਰਮਾਇਸਿ ਕਾਈ[੨੪] ॥ ਪੈਨ੍ਣੁ ਖਾਣਾ ਚੀਤਿ ਨ ਪਾਈ ॥ ਸਾਚੁ ਸਹਜੁ ਸੁਖੁ ਨਾਮਿ ਵਸਾਈ ॥ ੧ ॥ ਕਿਆ ਜਾਨਾਂ ਕਿਆ ਕਰੈ ਕਰਾਵੈ ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥ ੧ ॥ ਰਹਾਉ ॥ [੨੫]ਜੋਗ ਬਿਨੋਦ ਸ੍ਵਾਦ ਆਨੰਦਾ ॥ ਮਤਿ ਸਤ ਭਾਇ ਭਗਤਿ ਗੋਬਿੰਦਾ ॥ ਕੀਰਤਿ ਕਰਮ [੨੬]ਕਾਰ ਨਿਜ ਸੰਦਾ ॥ [੨੭]ਅੰਤਰਿ ਰਵਤੌ ਰਾਜ[੨੮] ਰਵਿੰਦਾ ॥ ੨ ॥ [੨੯]ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ ਦੀਨਾ ਨਾਥੁ ਪੀਉ[੩੦] ਬਨਵਾਰੀ[੩੧] ॥ ਅਨਦਿਨੁ[੩੨] [੩੩]ਨਾਮੁ ਦਾਨੁ ਬ੍ਰਤਕਾਰੀ ॥ [੩੪]ਤ੍ਰਿਪਤਿ ਤਰੰਗ ਤਤੁ ਬੀਚਾਰੀ ॥ ੩ ॥ [੩੫]ਅਕਥੌ ਕਥਉ ਕਿਆ ਮੈ ਜੋਰੁ ॥ [੩੬]ਭਗਤਿ ਕਰੀ ਕਰਾਇਹਿ ਮੋਰ ॥ ਅੰਤਰਿ ਵਸੈ ਚੂਕੈ ਮੈ ਮੋਰ[੩੭] ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥ ੪ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥ ਜਿਨਿ ਚਾਖਿਆ [੩੮]ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ[੩੯] ਤਨਿ ਸੁਖੁ ਹੋਇ ॥ ੫ ॥ ੧੪ ॥ ਪ੍ਰਭਾਤੀ ਮਹਲਾ ੧‡ ॥ [੪੦]ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥ [੪੧]ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ[੪੨] ॥ ੧ ॥ ਮੇਰਾ ਪ੍ਰਭੁ [੪੩]ਰਾਂਗਿ ਘਣੌ ਅਤਿ ਰੂੜੌ[੪੪] ॥ ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ [੪੫]ਲਾਲ ਸਗੂੜੌ ॥ ੧ ॥ ਰਹਾਉ ॥ ਊਪਰਿ ਕੂਪੁ[੪੬] ਗਗਨ ਪਨਿਹਾਰੀ[੪੭] ਅੰਮ੍ਰਿਤੁ

੧ ਜੇਕਰ ਕੋਈ ਆਪ ਭੁੱਲਦਾ ਹੋਵੇ ।
੨ ਸਵੇਰ ਵੇਲੇ ਗੁਰਬਾਣੀ ਦੁਆਰਾ ਹਰੀ ਨਾਮ ਸਿਮਰਨਾ ਚਾਹੀਦਾ ਹੈ ।
੩ ਦੁਨੀਆਂ ਦੀ ਪ੍ਰੀਤੀ ।
੪ ਬੇਨਤੀ ਕਰਦਾ ਹੈ ।
੫ ਜੋ ਜਗਤ ਵਿੱਚ ਨੀਵਾਂ ਹੋਇਆ ਹੈ, ਉਸੇ ਨੇ ਜਿੱਤ ਪ੍ਰਾਪਤ ਕੀਤੀ ਹੈ ।
੬ ਦੌੜਨਹਾਰ (ਮਨ ਦੀਆਂ ਬਦਲਦੀਆਂ ਹਾਲਤਾਂ ਦਾ ਵਰਣਨ ਹੈ)।
੭ ਚੋਰਾਂ (ਕਾਮ, ਕ੍ਰੋਧ ਆਦਿ) ਨੂੰ ਸ਼ਬਦ ਦਵਾਰਾ ਦੂਰ ਕੀਤਾ ਹੈ; ਚੋਰਾਂ ਦੇ ਦੂਰ ਹੋਣ ਨਾਲ ਹੁਣ ਜ਼ਿੰਦਗੀ ਦਾ ਨਗਰ ਵੱਸ ਪਿਆ ਹੈ ਤੇ ਸ਼ਾਬਾਸ਼ ਮਿਲੀ ਹੈ।
੮ ਇਹ ਮੇਰੇ ਪਾਸ ਖ਼ਜ਼ਾਨਾ ਹੈ ।
੯ ਚਰਨੀਂ ।
੧੦ ਕਦੀ ਮਨ ਇਹ ਸਮਝਦਾ ਹੈ ਕਿ ਮੇਰੇ ਸਿਰ 'ਤੇ ਗੁਰੂ ਕਰਤਾਰ ਹੈ ।
੧੧ ਕਾਮ ਕ੍ਰੋਧ ਆਦਿ ।
੧੨ ਕਿਸੇ ਤੋਂ ।
੧੩ ਖੋਟਿਆਂ ਨੂੰ ਗਰਭ ਵਿੱਚ ਪੁੱਠੇ ਕਰ ਕੇ ਸੁੱਟਿਆ ਜਾਂਦਾ ਹੈ । ਰਾਲੀਐ= ਰੋਲਿਆ ਜਾਂਦਾ ਹੈ ।
੧੪ ਹਰੀ ਦੀ ਦਰਗਾਹ ਵਿੱਚ ਜਾਤ-ਜਨਮ ਦੀ ਪੁੱਛ ਨਹੀਂ ਹੋਣੀ, ਇਸ ਲਈ ਸੱਚੇ ਘਰ ਦਾ ਪਤਾ ਭਾਵ ਉੱਤਮ ਜ਼ਿੰਦਗੀ ਦਾ ਢੰਗ ਸਿੱਖਣਾ ਚਾਹੀਦਾ ਹੈ ।
੧੫ ਜਾਗਦਾ ਹੋਇਆ ਵੀ ਇਹ ਅੰਨ੍ਹਾ ਜੀਵ ਲੁੱਟਿਆ ਜਾ ਰਿਹਾ ਹੈ ਤੇ ਇਸ ਵਿੱਚ ਵੀ ਸੁਖ ਮੰਨਦਾ ਹੈ।
੧੬ ਆਸਾਂ ਲੈ ਕੇ ਜੰਮਦਾ ਹੈ, ਪਰ ਪ੍ਰਾਪਤ ਨਹੀਂ ਹੁੰਦੀਆਂ ਤੇ ਮਨ ਵਿੱਚ ਹੀ ਲੈ ਕੇ ਤੁਰ ਜਾਂਦਾ ਹੈ।
੧੭ ਤਾਣੀ ਭਾਵ ਜੀਵਨ ਗੁੰਝਲਦਾਰ ਹੈ ਤੇ ਵੱਸ ਨਹੀਂ ਸੁ ਚਲਦਾ ।
੧੮ ਹਰੀ ਸਭ ਦਾ ਜੀਵਣ ਸਦਾ ਜਾਗਦਾ ਹੈ ।
੧੯ ਭੈੜੇ ਕੰਮ ।
੨੦ ਹਰੀ ਆਪੇ ਹੀ ਪ੍ਰੀਤ ਲਾਂਦਾ ਹੈ ।
੨੧ ਜ਼ਿੰਦਗੀ ਦੇ ਦਿਨ ਆ ਤੇ ਜਾ ਰਹੇ ਹਨ ।
੨੨ ਟੁੱਟਦੀ ਹੈ ।
੨੩ ਘਟ (ਹਿਰਦੇ) ਵਿੱਚ ।
੨੪ ਡੁੱਬਦਾ ।
੨੫ ਥਾਂ, ਟਿਕਾਣਾ ।
੨੬ ਜਿਨਾਂ ਚਿਰ ਦੂਜਾ ਭਾਵ ਰਤਾ ਭਰ ਵੀ ਹੈ ।
੨੭ ਹਰੀ ਦਿਨ ਰਾਤ ਜੀਵਾਂ ਨੂੰ ਦੇਖ ਕੇ (ਉਨ੍ਹਾਂ ਦੀਆਂ ਲੋੜਾਂ ਨੂੰ ਦੇਖ ਕੇ) ਸੰਭਾਲਨਾ ਕਰਦਾ ਹੈ ਅਤੇ ਉਨ੍ਹਾਂ ਨੂੰ ਪਿਛਲੀ ਕਮਾਈ ਅਨੁਸਾਰ ਸੁਖ-ਦੁੱਖ ਦਿੰਦਾ ਹੈ।
੨੮ ਮੈਂ ਅਭਾਗਾ ।
੨੯ ਜੇ ਚੁੱਪ ਕਰ ਰਹਾਂ ਤਾਂ ਕਹਿੰਦੇ ਹਨ ਕਿ ਇਹ ਮੂਰਖ ਹੈ ।
੩੦ ਜੇ ਬਹੁਤ ਬੋਲਾਂ ਤਾਂ ਤੇਰੀ ਪ੍ਰੀਤੀ ਰਹਿ ਜਾਂਦੀ ਹੈ।
੩੧ ਭੁੱਲਾਂ ਤੇਰੇ ਦਰਬਾਰ ਤੇ ਪਰਖੀਆਂ ਜਾਂਦੀਆਂ ਹਨ।
੩੨ ਬਿਨਾਂ ਨਾਮ ਦੇ ਕਰਮਾਂ ਦਾ ਕੀ ਲਾਭ ?
੩੩ ਝੂਠ ਵਿੱਚ ਲੁੱਟੇ ਜਾ ਰਹੇ ਹਨ ।
੩੪ ਜਿਸ ਨੂੰ ਨਿੰਦਕ ਨਿੰਦਦਾ ਹੈ, ਉਹ ਮੈਨੂੰ ਪਿਆਰਾ ਹੈ ।
੩੫ ਜਿਸ ਨੂੰ ਨਿੰਦਦੇ ਹਨ, ਉਹ ਜੀਵਨ ਦੀ ਜੁਗਤੀ ਨੂੰ ਜਾਣਦਾ ਹੈ ।
੩੬ ਪ੍ਰਗਟ ਹੁੰਦਾ ਹੈ ।
੩੭ ਹਰੀ ਕਾਰਣ ਰੂਪ ਨੂੰ ਅੰਦਰ ਜਾਣਦਾ ਹੈ ।
੩੮ ਉੱਤਮ ਆਖਣ ਨਾਲ ਉੱਚਾ ਨਹੀਂ ਹੋ ਸਕਦਾ।
੩੯ ਖੁਲ੍ਹ ਕੇ, ਪ੍ਰਤੱਖ ।

* ਗੁਰੂ ਦੁਆਰਾ ਨਾਮ ਦੇ ਅਭਿਆਸ ਨਾਲ ਇਹ ਚੰਚਲ ਮਨ ਵੱਸ ਹੁੰਦਾ ਹੈ ਤੇ ਬ੍ਰਹਮ ਵਿਚਾਰ ਆਉਂਦੀ ਹੈ, ਸਭਨਾਂ ਵਿੱਚ ਇਕੋ ਬ੍ਰਹਮ ਵੱਸਦਾ ਦਿਸਦਾ ਹੈ, ਜਿਸ ਕਰ ਕੇ ਕੋਈ ਜ਼ਾਤ-ਪਾਤ ਦਾ ਖਿਆਲ ਬਾਕੀ ਨਹੀਂ ਰਹਿੰਦਾ ।

† ਲੋਕੀਂ ਹਰੀ ਨੂੰ ਵਿਸਾਰ ਕੇ ਆਪਣੀ ਆਸਾ-ਮਨਸਾ ਵਿੱਚ ਜੀਉਂਦੇ ਮਰਦੇ ਹਨ, ਜਿਸ ਕਰ ਕੇ ਜੀਵਨ ਵਿੱਚ ਉਲਝਣ ਪਈ ਰਹਿੰਦੀ ਹੈ ਅਤੇ ਦ੍ਵੈਤ ਵਿੱਚ ਚੱਜ ਦਾ ਕੰਮ ਨਹੀਂ ਹੁੰਦਾ ।

‡ ਨਾਮ ਤੋਂ ਬਿਨਾਂ ਚੱਜ ਦਾ ਕੰਮ ਕਿਵੇਂ ਹੋ ਸਕਦਾ ਹੈ ? ਚੱਜ ਦਾ ਕੰਮ ਤਾਂ ਗੁਰੂ ਹੀ ਦੱਸ ਸਕਦਾ ਹੈ, ਕਿਉਂਕਿ ਜੀਵਨ-ਜਾਚ ਉਸੇ ਨੂੰ ਆਉਂਦੀ ਹੈ । ਆਪ-ਹੁਦਰੇ ਲੋਕ, ਆਪਣੇ ਆਪ ਨੂੰ ਸਿਆਣਾ ਸਮਝ ਕੇ ਗੁਰੂ ਦੇ ਤਰੀਕੇ ਨੂੰ ਨਿੰਦਦੇ ਹਨ, ਪਰ ਆਪਣੇ ਆਪ ਨੂੰ ਉੱਚਾ ਆਖਣ ਨਾਲ ਕੋਈ ਉੱਚਾ ਨਹੀਂ ਹੋ ਸਕਦਾ। ਉੱਚਾ ਤਾਂ ਨਾਮ ਹੀ ਕਰ ਸਕਦਾ ਹੈ, ਜੋ ਗੁਰੂ ਤੋਂ ਮਿਲਦਾ ਹੈ ।

੧ [ਫ਼ਾ.] ਮੌਤ ।

੨ ਤਕੜੀ । ਬਲਵਾਨ ਮੌਤ ਨੂੰ ਯਾਦ ਕਰ ।

੩ [ਲਹਿੰਦੀ] ਜਾਣਾ ਹੈ ।

੪ ਹੋਵੇਂ ।

੫ [ਭਰਾਂਤਿ] ਭਰਮ ।

੬ ਰੁੱਖਾਂ ਜੇਹਾ ਜੇਰਾ, ਸਬਰ, ਜਿਗਰਾ ।

੭ ਗੁਨਾਹਾਂ ਨਾਲ ।

੮ ਪਾਣੀ ਵਿੱਚ । ਜੋ ਖੇਤੀ ਪਾਣੀ ਵਿੱਚ ਸੜ ਗਈ ਹੈ, ਉਹ ਪਾਣੀ ਵਿੱਚ ਡੁੱਬ ਕੇ ਭੀ ਨਹੀਂ ਪਲੁਰ ਸਕਦੀ, ਤਿਵੇਂ ਨਿਰੇ ਦਿਮਾਗੀ ਗਿਆਨੀ ਹੋਰ ਵਧੇਰੇ ਗਿਆਨ ਨਾਲ ਸੁਖੀ ਨਹੀਂ ਹੋ ਸਕਦੇ ।

੯ ਪਰਮਾਰਥ ਦੇ ਰਾਹ 'ਤੇ ਤੁਰਨ ਲਈ ਚਾਉ ।

੧੦ ਜ਼ਿੰਮੇਵਾਰੀਆਂ ।

੧੧ ਇਹ ਪਛਤਾਵਾ ਹੈ ਕਿ ਮੁੜ ਕੁਵਾਰੀ ਨਹੀਂ ਹੋ ਸਕਦੀ । ਭਾਵ ਇਹ ਹੈ ਕਿ ਪਰਮਾਰਥ ਦੇ ਰਾਹ 'ਤੇ ਚਲਦਾ ਮਨੁੱਖ ਆਪਣੇ ਅੰਦਰ ਘਾਟੇ ਮਹਿਸੂਸ ਕਰਦਾ ਹੈ ਤੇ ਕਈ ਵੇਰ ਡਿਗਦਾ ਹੈ । ਡਿੱਗਣ ਸਮੇਂ ਦੇ ਇਹ ਜਜ਼ਬਾਤ ਹਨ ਕਿ ਇਸ ਤੋਂ ਚੰਗਾ ਤਾਂ ਇਹ ਸੀ ਕਿ ਜ਼ਿੰਮੇਵਾਰੀਆਂ ਤੋਂ ਬਚਿਆ ਰਹਿੰਦਾ ।

੧੨ ਹੰਸ ।

੧੩ ਤਾਂਘ । ਭਾਵ ਸੰਤ ਜਨ ਫਸਦੇ ਨਹੀਂ ਹਨ ।

੧੪ ਕੋਧਰੇ ਦੇ ਖੇਤ ਵਿੱਚ, ਭਾਵ ਜਗਤ ਦੇ ਮੋਹ ਪਿਆਰ ਵਿੱਚ । ਗੁਰਮੁਖ ਜਗਤ ਦੀਆਂ ਜ਼ਿੰਮੇਵਾਰੀਆਂ ਨਿਬਾਹੁੰਦੇ ਲੋਕਾਂ ਨੂੰ ਮਲੂਮ ਹੁੰਦੇ ਹਨ ਕਿ ਮੋਹ ਪਿਆਰ ਵਿੱਚ ਫਸੇ ਹਨ ।

੧੫ ਉਡਾਣ ।

੧੬ ਗਾਫਲ ।

੧੭ ਦੇਖੋ ਪੰਨਾ ੪੬੫, ਨੋਟ ੨੩ ।

੧੮ ਤਲਾਅ, ਛੰਭ ।

੧੯ ਰਹਿ ਗਏ । ਤਲਾਅ ਨੂੰ ਰੌਣਕ ਦੇਣ ਵਾਲੇ ਪੰਛੀ (ਜੀਵ ਰੂਪ) ਤੁਰ ਗਏ, ਤਲਾਅ ਵੀ ਸੁੱਕ ਗਿਆ ਤੇ ਪਿਛੇ ਇਕੱਲੇ ਕਵਲ ਰਹਿ ਗਏ, ਭਾਵ ਪਰਮਾਰਥ ਦੇ ਰਾਹ 'ਤੇ ਆਖਰ ਨੂੰ ਗੁਰਮੁਖ ਹੀ ਲਗਦੇ ਹਨ।

੨੦ ਸੁੰਦਰ ਘੜੀ (ਦੇਹ) ਭੱਜ ਗਈ ਤੇ ਨਾਗਰ (ਸੋਹਣੀ) ਲੱਜ (ਸੁਆਸਾਂ ਦੀ ਲੜੀ) ਮੁੱਕ ਗਈ ।

੨੧ ਪ੍ਰਾਹੁਣਾ । ਅਜ਼ਰਾਈਲ (ਮੌਤ ਦਾ ਫ਼ਰਿਸ਼ਤਾ) ਅੱਜ ਕਿਸ ਘਰ ਪ੍ਰਾਹੁਣਾ ਹੈ ?

੨੨ ਧਰਤੀ ਉੱਤੇ ਨਿਰੇ ਭਾਰ ਸਨ ।

੨੩ ਨਮਾਜ਼ ਪੜ੍ਹਨ ਲਈ ਹੱਥ ਪੈਰ ਤੇ ਮੂੰਹ ਧੋਣਾ ।

੨੪ ਕੀ ਕਰੀਏ ।

੨੫ ਪਤੀਜਿਆ, ਨਿਸਚਾ ਹੋਇਆ (ਕਿ ਮੈਂ ਭੀ ਮਰ ਜਾਣਾ ਹੈ) ।

੨੬ ਭਾਵ ਵਿਥਾਂ ਵਿਖੇਵੇਂ ਦੂਰ ਕਰ ਕੇ ਸਾਫ-ਸੁਥਰਾ ਮੈਦਾਨ ਵਾਂਗ ਹੋ ਜਾ ।

੨੭ ਅਗਨੀ ।

੨੮ ਕਰਤਾਰ ਆਪਣੀ ਰਚਨਾ ਵਿੱਚ ਵਿਆਪਕ ਹੈ ਤੇ ਰਚਨਾ ਕਰਤਾਰ ਵਿੱਚ ।

੨੯ ਰੱਤਾ । ਜਦੋਂ ਮੇਰੇ ਜੰਮਣ ਵੇਲੇ ਨਾੜੂਆ ਕਟਿਆ ਸੀ, ਜੇ ਰਤਾ ਕੁ ਮੇਰੀ ਗਰਦਨ ਵੀ ਕੱਟ ਦੇਂਦੇ।

੩੦ ਦੰਦ ।

੩੧ ਪੈਰ ।

੩੨ ਨੇਤ੍ਰ, ਅੱਖਾਂ ।

੩੩ ਕੰਨ ।

੩੪ ਸਰੀਰ ਨੇ ਧਾਹ ਮਾਰੀ ਕਿ ਮੇਰੇ ਸਾਰੇ ਅੰਗ ਰਹਿ ਗਏ ਹਨ ।

* (ਕਬਰ ਵਿੱਚ) ਇਕੋ ਪਾਸੇ ਪਿਆਂ ਨੂੰ ਕਿਤਨੇ ਜੁਗ ਲੰਘ ਗਏ । ਇਹ ਮੁਸਲਮਾਨੀ ਖਿਆਲ ਹੈ ਕਿ ਮਨੁੱਖ ਮਰ ਕੇ ਫੇਰ ਜਨਮ ਨਹੀਂ ਧਾਰਦਾ, ਸਗੋਂ ਕਿਆਮਤ ਤਕ ਕਬਰ ਵਿੱਚ ਹੀ ਪਿਆ ਰਹਿੰਦਾ ਹੈ ।

ਬੁਰੇ ਦਾ ਭਲਾ ਕਰਿ ਗੁਸਾ ਮਨਿ [੧]ਨ ਹਢਾਇ ॥ [੨]ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ੭੮ ॥ ਫਰੀਦਾ ਪੰਖ[੩] ਪਰਾਹੁਣੀ ਦੁਨੀ ਸੁਹਾਵਾ ਬਾਗੁ ॥ ਨਉਬਤਿ[੪] ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥ ੭੯ ॥ ਫਰੀਦਾ ਰਾਤਿ ਕਥੂਰੀ[੫] ਵੰਡੀਐ ਸੁਤਿਆ ਮਿਲੈ ਨ ਭਾਉ[੬] ॥ ਜਿੰਨ੍ਾ ਨੈਣ ਨੀਂਦ੍ਰਾਵਲੇ[੭] ਤਿੰਨ੍ਾ ਮਿਲਣੁ ਕੁਆਉ[੮] ॥ ੮੦ ॥ ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ ੮੧ ॥ ਮਹਲਾ ੫* ॥ ਫਰੀਦਾ ਭੂਮਿ ਰੰਗਾਵਲੀ [੯]ਮੰਝਿ ਵਿਸੂਲਾ ਬਾਗ ॥ ਜੋ ਜਨ ਪੀਰਿ[੧੦] ਨਿਵਾਜਿਆ ਤਿੰਨ੍ਾ ਅੰਚ[੧੧] ਨ ਲਾਗ ॥ ੮੨ ॥ ਮਹਲਾ ੫ ॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ[੧੨] ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ ॥ ੮੩ ॥ [੧੩]ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥ ਜਿਧਰਿ ਰਬ ਰਜਾਇ ਵਹਣੁ ਤਿਦਾਊ[੧੪] [੧੫]ਗੰਉ ਕਰੇ ॥ ੮੪ ॥ ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥ ਖੜਾ ਪੁਕਾਰੇ ਪਾਤਣੀ[੧੬] ਬੇੜਾ [੧੭]ਕਪਰ ਵਾਤਿ ॥ ੮੫ ॥ [੧੮]ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ[੧੯] ਰਹੈ ਸੁਚੇਤਿ ॥ ੮੬ ॥ ਫਰੀਦਾ ਗਲੀਂ[੨੦] ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ ਧੁਖਾਂ ਜਿਉ ਮਾਂਲੀਹ[੨੧] ਕਾਰਣਿ [੨੨]ਤਿੰਨ੍ਾ ਮਾ ਪਿਰੀ ॥ ੮੭ ॥ ਫਰੀਦਾ ਇਹੁ [੨੩]ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥ ਕੰਨੀ ਬੁਜੇ ਦੇ ਰਹਾਂ [੨੪]ਕਿਤੀ ਵਗੈ ਪਉਣੁ ॥ ੮੮ ॥ ਫਰੀਦਾ [੨੫]ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ੍ ॥ [੨੬]ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥ ੮੯ ॥ ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ ੯੦ ॥ ਕਾਗਾ ਕਰੰਗ[੨੭] ਢੰਢੋਲਿਆ ਸਗਲਾ ਖਾਇਆ ਮਾਸੁ ॥ ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ ੯੧ ॥ ਕਾਗਾ ਚੂੰਡਿ ਨ ਪਿੰਜਰਾ [੨੮]ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ[੨੯] ਖਾਹਿ ॥ ੯੨ ॥ ਫਰੀਦਾ ਗੋਰ[੩੦] ਨਿਮਾਣੀ ਸਡੁ[੩੧] ਕਰੇ [੩੨]ਨਿਘਰਿਆ ਘਰਿ ਆਉ ॥ ਸਰਪਰ[੩੩] ਮੈਥੈ[੩੪] ਆਵਣਾ ਮਰਣਹੁ ਨਾ ਡਰਿਆਹੁ ॥ ੯੩ ॥ [੩੫]ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥ ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥ ੯੪ ॥ ਆਪੁ[੩੬] ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥ ੯੫॥ ਕੰਧੀ[੩੭] ਉਤੈ ਰੁਖੜਾ [੩੮]ਕਿਚਰਕੁ ਬੰਨੈ ਧੀਰੁ ॥ ਫਰੀਦਾ [੩੯]ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥ ੯੬ ॥ ਫਰੀਦਾ ਮਹਲ ਨਿਸਖਣ[੪੦] ਰਹਿ ਗਏ ਵਾਸਾ ਆਇਆ ਤਲਿ[੪੧] ॥

੧ ਨਾ ਆਉਣ ਦੇ । ਰੋਹ ਨੂੰ ਦਿਲ ਵਿੱਚ ਨਾ ਲਿਆ।
੨ 'ਕਾਮੁ ਕ੍ਰੋਧੁ ਕਾਇਆ ਕਉ ਗਾਲੈ'
(ਰਾਮਕਲੀ ਮ: ੧ ਦਖਣੀ, ਪੰਨਾ ੯੩੨)
੩ ਜਿੰਦ ਰੂਪ ਪੰਛੀ । ਇਸਤਰੀ-ਲਿੰਗ ਹੈ । ਦੇਖੋ ਪੰਨਾ ੪੯੫, ਨੋਟ ੨੩ ਅਤੇ ਪੰਨਾ ੧੩੮੧, ਨੋਟ ੧੭।
੪ ਨਗਾਰਾ (ਮੌਤ ਦਾ) ।
੫ ਕਸਤੂਰੀ ।
੬ ਹਿੱਸਾ ।
੭ ਅਗਿਆਨਤਾ ਵਿੱਚ ।
੮ ਕਿਵੇਂ ।
੯ ਪਰ ਵਿੱਚ ਇਸ ਦੇ ਵਿਹੁਲਾ ਬਾਗ਼ ਹੈ (ਵਿਸ਼ੇ-ਵਿਕਾਰਾਂ ਦਾ) ।
੧੦ ਪੀਰ ਨੇ । ਦੇਖੋ ਨੇਮ ੨੦ (ੳ) ।
੧੧ [ਆਂਚ] ਸੇਕ, ਦੁੱਖ ।
੧੨ ਸੁੰਦਰ ।
੧੩ ਹੇ ਦਰਿਆ ਦੇ ਵਹਿਣ ! ਤੂੰ ਕੰਧੀ (ਕਿਨਾਰੇ) ਨੂੰ ਨਾ ਢਾਹ ।
੧੪ ਉਧਰ ਹੀ ।
੧੫ ਗਵਨ ਕਰਦਾ ਹੈ, ਟੁਰਦਾ ਹੈ । ਜਿੱਧਰ ਰੱਬ ਦੀ ਮਰਜ਼ੀ ਹੁੰਦੀ ਹੈ, ਦਰਿਆ ਉਧਰੇ ਮੁੜਦਾ ਹੈ ।
੧੬ ਮਲਾਹ ।
੧੭ ਕਪਰ (ਲਹਿਰਾਂ) ਦੇ ਵਾਤ (ਮੂੰਹ) ਵਿੱਚ ਹੈ ।
੧੮ ਜੀਵਨ ਦੇ ਲੰਮੇ ਦਰਿਆ ਵੱਗਦੇ ਹਨ ਇਸ ਦੇ ਕਿਨਾਰੇ ਢਾਹੁੰਣ ਲਈ ।
੧੯ ਗੁਰੂ-ਮਲਾਹ । ਜਦ ਗੁਰੂ ਫਿਕਰ ਕਰਨ ਵਾਲਾ ਹੈ।
੨੦ ਗੱਲਾਂ ਨਾਲ । ਆਖਣ ਨੂੰ ਤਾਂ ਵੀਹ ਮਿੱਤਰ ਹੋਣਗੇ, ਪਰ ਜਦ ਲੋੜਨ ਚੜ੍ਹੋ, ਤਾਂ ਇਕ ਵੀ ਨਹੀਂ ਲੱਭਦਾ।
੨੧ ਮਲੀਹ ਵਾਂਗ, ਗੋਹੇ ਵਾਂਗ ।
੨੨ ਉਨ੍ਹਾਂ ਆਪਣੇ (ਚੰਗੇ) ਮਿੱਤਰਾਂ ਲਈ ।
੨੩ ਸਰੀਰ ਤਾਂ ਨਿਰਾ ਭੌਂਕਾ ਹੋ ਗਿਆ ਹੈ, ਇਸ ਲਈ ਕੌਣ ਰੋਜ਼ ਮਰਦਾ ਫਿਰੇ ?
੨੪ ਕਿਤਨੀ ਹਵਾ ਪਿਆ ਭਖੇ, ਬਕਵਾਸ ਪਿਆ ਕਰੇ (ਇਹ ਸਰੀਰ) ।
੨੫ ਰੱਬ ਦੀਆਂ ਖਜੂਰਾਂ ਪੱਕੀਆਂ ਹਨ ਤੇ ਮਾਖਿਉਂ ਦੀਆਂ ਨਦੀਆਂ ਵਗਦੀਆਂ ਹਨ । ਮੁਸਲਮਾਨਾਂ ਦੇ ਬਹਿਸ਼ਿਤ ਵਿੱਚ ਖਜੂਰਾਂ ਤੇ ਸ਼ਹਿਤ ਦੀਆਂ ਵਗਦੀਆਂ ਨਦੀਆਂ ਦੱਸੀਆਂ ਹਨ । ਫਰੀਦ ਜੀ ਕਹਿੰਦੇ ਹਨ ਕਿ ਇਹ ਬਹਿਸ਼ਤੀ ਚੀਜ਼ਾਂ ਦਾ ਸਵਾਦ ਇਥੇ ਹੀ (ਸਾਧ ਸੰਗਤ ਵਿੱਚ) ਮਿਲ ਸਕਦਾ ਹੈ, ਛੇਤੀ ਕਰੋ, ਕਿਉਂਕਿ ਉਮਰ ਲੰਘ ਰਹੀ ਹੈ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਵਾਹੰਨਿ੍' ਹੈ) ।
੨੬ ਜੋ ਜੋ ਦਿਨ ਗੁਜ਼ਰਦਾ ਹੈ ਉਮਰ ਨੂੰ ਹੱਥ ਪੈ ਰਹੇ ਹਨ ।
੨੭ ਪਿੰਜਰ ।
੨੮ ਜੇ ਬੈਠਾ ਹੈਂ ਤਾਂ ਵੀ ਉਡ ਜਾ (ਕਈਆਂ ਬੀੜਾਂ ਵਿੱਚ ਪਾਠ 'ਬੈਸਤ' ਹੈ)।
੨੯ ਉਥੋਂ ।
੩੦ ਮੜ੍ਹੀ, ਕਬਰ ।
੩੧ ਸੱਚ, ਆਵਾਜ਼ ।
੩੨ ਹੇ ਬੇਘਰੇ ਜੀਵ ! ਤੇਰਾ ਅਸਲ ਟਿਕਾਣਾ ਇਥੇ ਹੈ, ਆਓ ।
੩੩ ਜ਼ਰੂਰ ।
੩੪ ਮੇਰੇ ਪਾਸ ।
੩੫ ਇਨ੍ਹਾਂ ਅੱਖਾਂ ਨਾਲ ।
੩੬ ਆਪਣੇ ਆਪ ਨੂੰ । ਇਹ ਸ਼ਲੋਕ ਰੱਬ ਦੇ ਮੂੰਹ ਵਿੱਚ ਪਾਇਆ ਹੈ ।
੩੭ ਕਿਨਾਰੇ 'ਤੇ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਕੰਢੀ' ਹੈ)।
੩੮ ਕਿੰਨਾਂ ਚਿਰ ਠਹਿਰ ਸਕਦਾ ਹੈ ?
੩੯ 'ਕਾਚੈ ਕਰਵੈ ਰਹੈ ਨ ਪਾਨੀ' (ਸੂਹੀ ਕਬੀਰ) ।
੪੦ ਖਾਲੀ । ੪੧ ਥੱਲੇ, ਧਰਤੀ ਹੇਠ ।

* ਫਰੀਦ ਜੀ ਦੇ ਉਤਲੇ ਸ਼ਲੋਕ ਵਿੱਚ ਉਪਰਾਮਤਾ ਵਾਲਾ ਖ਼ਿਆਲ ਸੀ, ਜਿਸ ਨੂੰ ਗੁਰੂ ਜੀ ਦਰੁੱਸਤ ਕਰਦੇ ਹਨ । ਫਰੀਦ ਜੀ ਨੇ ਕਿਹਾ ਕਿ ਸਾਰਾ ਜਹਾਨ ਦੁਖੀ ਹੈ । ਗੁਰੂ ਜੀ ਕਹਿੰਦੇ ਹਨ ਕਿ ਜਹਾਨ ਦੁੱਖ ਦਾ ਘਰ ਨਹੀਂ, ਇਹ ਤਾਂ ਇਕ ਸੋਹਣੇ ਬਾਗ਼ ਵਾਂਗ ਹੈ, ਜਿਸ ਵਿੱਚ ਫੁੱਲਾਂ ਤੋਂ ਇਲਾਵਾ ਜ਼ਹਿਰੀਲੇ ਬੂਟੇ ਭੀ ਹਨ, ਜਿਨ੍ਹਾਂ ਨੂੰ ਗੁਰੂ ਨੇ ਬਚਾਅ ਲਿਆ ਹੁੰਦਾ ਹੈ, ਉਨ੍ਹਾਂ ਨੂੰ ਕੋਈ ਹਰਜ਼ ਨਹੀਂ ਪੁੱਜਦਾ । ਦੇਖੋ ਇਹੋ ਦੋਵੇਂ ਸ਼ਲੋਕ ਪੰ: ੯੬੬ ਉੱਤੇ ਵਾਰ ਰਾਮਕਲੀ ਮ: ੫ ਵਿੱਚ ਆਏ ਹਨ ।

[੧]ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥ [੨]ਆਖੀਂ ਸੇਖਾ ਬੰਦਗੀ ਚਲਣੁ
ਅਜੁ ਕਿ ਕਲਿ ॥ ੯੭ ॥ ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ [੩]ਜਿਉ
ਦਰੀਆਵੈ ਢਾਹਾ ॥ ਅਗੈ ਦੋਜਕੁ ਤਪਿਆ ਸੁਣੀਐ ਹੂਲ[੪] ਪਵੈ ਕਾਹਾਹਾ[੫] ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥ ਅਮਲ ਜਿ
ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥ ੯੮ ॥ ਫਰੀਦਾ ਦਰੀਆਵੈ
ਕੰਨੑੈ ਬਗੁਲਾ ਬੈਠਾ ਕੇਲ[੬] ਕਰੇ ॥ ਕੇਲ ਕਰੇਦੇ ਹੰਝ[੭] ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ [੮]ਚਿਤਿ ਨ ਚੇਤੇ ਸਨਿ
ਸੋ ਗਾਲੀ ਰਬ ਕੀਆਂ ॥ ੯੯ ॥ ਸਾਢੇ ਤ੍ਰੈ ਮਣ ਦੇਹੁਰੀ [੯]ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ [੧੦]ਵਤਿ ਆਸੂਣੀ ਬੰਨਿੑ ॥ [੧੧]ਮਲਕਲ ਮਉਤ ਜਾਂ
ਆਵਸੀ ਸਭ ਦਰਵਾਜੇ ਭੰਨਿ ॥ ਤਿਨੑਾ ਪਿਆਰਿਆ ਭਾਈਆਂ ਅਗੈ ਦਿਤਾ
ਬੰਨਿੑ ॥ ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿੑ[੧੨] ॥ ਫਰੀਦਾ ਅਮਲ
ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥ ੧੦੦ ॥ ਫਰੀਦਾ ਹਉ
ਬਲਿਹਾਰੀ ਤਿਨੑ ਪੰਖੀਆ ਜੰਗਲਿ ਜਿੰਨੑਾ ਵਾਸੁ ॥ ਕਕਰੁ[੧੩] ਚੁਗਨਿ ਥਲਿ
ਵਸਨਿ ਰਬ ਨ ਛੋਡਨਿ ਪਾਸੁ[੧੪] ॥ ੧੦੧ ॥ ਫਰੀਦਾ [੧੫]ਰੁਤਿ ਫਿਰੀ ਵਣੁ
ਕੰਬਿਆ ਪਤ ਝੜੇ ਝੜਿ ਪਾਹਿ ॥ ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ
ਨਾਹਿ ॥ ੧੦੨ ॥ ਫਰੀਦਾ ਪਾੜਿ ਪਟੋਲਾ[੧੬] [੧੭]ਧਜ ਕਰੀ ਕੰਬਲੜੀ ਪਹਿਰੇਉ ॥
ਜਿਨੑੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ ੧੦੩ ॥ ਮਃ ੩ ॥ [੧੮]ਕਾਇ
ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ
ਜੇ ਨੀਅਤਿ ਰਾਸਿ ਕਰੇਇ ॥ ੧੦੪ ॥ ਮਃ ੫ ॥ ਫਰੀਦਾ [੧੯]ਗਰਬੁ ਜਿਨੑਾ
ਵਡਿਆਈਆ ਧਨਿ ਜੋਬਨਿ ਆਗਾਹ ॥ [੨੦]ਖਾਲੀ ਚਲੇ ਧਣੀ ਸਿਉ ਟਿਬੇ
ਜਿਉ ਮੀਹਾਹੁ[੨੧] ॥ ੧੦੫ ॥ ਫਰੀਦਾ ਤਿਨਾ ਮੁਖ ਡਰਾਵਣੇ ਜਿਨਾ
ਵਿਸਾਰਿਓਨੁ ਨਾਉ ॥ ਐਥੈ ਦੁਖ ਘਣੇਰਿਆ[੨੨] ਅਗੈ ਠਉਰ ਨ ਠਾਉ ॥
੧੦੬ ॥ ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥ ਜੇ ਤੈ
ਰਬੁ ਵਿਸਾਰਿਆ [੨੩]ਤ ਰਬਿ ਨ ਵਿਸਰਿਓਹਿ ॥ ੧੦੭ ॥ ਮਃ ੫ ॥ ਫਰੀਦਾ
ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥ [੨੪]ਅਲਹ ਸੇਤੀ ਰਤਿਆ ਏਹੁ ਸਚਾਵਾਂ
ਸਾਜੁ ॥ ੧੦੮ ॥ ਮਃ ੫ ॥ ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ
ਵਿਕਾਰੁ ॥ ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥ ੧੦੯ ॥ ਮਃ ੫ ॥
ਫਰੀਦਾ *ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥ ਸੋਈ ਜੀਉ ਨ
ਵਜਦਾ ਜਿਸੁ ਅਲਹੁ ਕਰਦਾ ਸਾਰ[੨੫] ॥ ੧੧੦ ॥ ਮਃ ੫ ॥ ਫਰੀਦਾ ਦਿਲੁ
ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥ [੨੬]ਮਿਸਲ ਫਕੀਰਾਂ ਗਾਖੜੀ ਸੁ

੧ ਵਿਚਾਰੀਆਂ ਕਬਰਾਂ ਨੂੰ ਰੂਹਾਂ ਮਲ ਕੇ ਬਹਿ ਰਹਿਣਗੀਆਂ (ਇਹ ਮੁਸਲਮਾਨੀ ਖਿਆਲ ਹੈ ਕਿ ਰੂਹਾਂ ਸਦੀਆਂ ਤੀਕ ਕਬਰਾਂ ਵਿੱਚ ਪਈਆਂ ਕਿਆਮਤ ਨੂੰ ਉਡੀਕਦੀਆਂ ਰਹਿੰਦੀਆਂ ਹਨ)।

੨ ਸ਼ੇਖਾਂ ਨੂੰ ਆਖੀਂ ਕਿ ਬੰਦਗੀ ਕਰੋ ।

੩ ਜਿਵੇਂ ਦਰਿਆ ਨੇ ਕੰਢਿਆਂ ਨੂੰ ਢਾਹ ਲਾਈ ਹੁੰਦੀ ਹੈ ।

੪ ਰੌਲਾ ।

੫ ਹਾਹਾਕਾਰ ।

੬ ਕਲੋਲ ।

੭ ਬਗਲੇ ਨੂੰ ।

੮ ਜੋ ਗੱਲਾਂ ਚਿਤ ਚੇਤੇ ਵੀ ਨਹੀਂ ਸਨ, ਓਹ ਰੱਬ ਨੇ ਕਰ ਦੱਸੀਆਂ ।

੯ ਪਾਣੀ ਤੇ ਅੰਨ ਆਸਰੇ ਚਲਦੀ ਫਿਰਦੀ ਹੈ ।

੧੦ ਵੱਥ ਆਸ ਵਾਲੀ ਬੰਨ੍ਹ ਕੇ । ਆਸ਼ਾ ਦਾ ਤੋਸਾ ਪੱਲੇ ਬੰਨ੍ਹ ਕੇ ਆਇਆ । [ਪੀਰ ਮੁਹੰਮਦ ਹੁਸੈਨ ਆਪਣੀ ਕਿਤਾਬ 'ਅਰਸ਼ਾਦਾਤਿ ਫਰੀਦੀ' ਵਿੱਚ ਪਾਠ 'ਵਤਿਆ ਸੂਨੀ ਬੰਨ੍ਹਿ= ਫਿਰਿਆ (ਉਮੀਦ ਬੰਨ੍ਹ ਕੇ) ਦਿੰਦਾ ਹੈ ।]

੧੧ [ਅ.] ਮੌਤ ਦਾ ਫਰਿਸ਼ਤਾ, ਜਮ ।

੧੨ ਕੰਧੇ 'ਤੇ, ਮੋਢੇ 'ਤੇ ।

੧੩ ਕੰਕਰ, ਰੋੜੇ । ਸਾਦਾ ਜੀਵਣ ਵੱਲ ਇਸ਼ਾਰਾ ਹੈ।

੧੪ ਪਾਸਾ ਰੱਬ ਵਾਲਾ ।

੧੫ ਭਾਵ ਤਬਦੀਲੀ ਕੁਦਰਤ ਦਾ ਨੇਮ ਹੈ ।

੧੬ ਬਸਤ੍ਰ ।

੧੭ ਲੀਰਾਂ ਲੀਰਾਂ ਕਰ ਦਿਆਂ ।

੧੮ ਜੇਕਰ ਮਨ ਦਾ ਇਰਾਦਾ ਠੀਕ ਕਰ ਲਵੇਂ ।

੧੯ ਜਿਨ੍ਹਾਂ ਨੂੰ ਵਡਿਆਈਆਂ ਤੇ ਧਨ ਜੋਬਨ ਵਿੱਚ ਅਗਾਧ (ਬੇਅੰਤ) ਹੋਣ ਦਾ ਹੰਕਾਰ ਸੀ ।

੨੦ ਰੱਬ ਵਲੋਂ ਖਾਲੀ ਤੁਰ ਗਏ, ਜਿਵੇਂ ਮੀਂਹ ਪਏ ਤੇ ਟਿਬੇ ਖਾਲੀ ਰਹਿ ਜਾਂਦੇ ਹਨ । ਟਿਬਿਆਂ 'ਤੇ ਮੀਂਹ ਦਾ ਪਾਣੀ ਨਹੀਂ ਠਹਿਰਦਾ ।

੨੧ ਮੀਂਹ ।

੨੨ ਬਹੁਤ ।

੨੩ ਤੈਨੂੰ ਤਾਂ ਰੱਬ ਨੇ ਨਹੀਂ ਵਿਸਾਰਿਆ ।

੨੪ ਸੱਚਾ ਵੇਸ ਇਹ ਹੈ ਕਿ ਰੱਬ ਨਾਲ ਰੱਤਾ ਜਾਵੇ।

੨੫ ਖ਼ਬਰਗੀਰੀ ।

੨੬ ਫ਼ਕੀਰਾਂ ਵਰਗੀ ਰਹਿਣੀ ਔਖੀ ਹੈ । ਮਿਸਲ [ਅ.] ਵਰਗੀ । ਗਾਖੜੀ=ਔਖੀ ।

* ਦੁਨੀਆਂ ਇਕ ਸਾਜ ਹੈ ਜੋ ਉਵੇਂ ਹੀ ਵੱਜਦਾ ਹੈ ਜਿਵੇਂ ਮਾਇਆ ਇਸ ਨੂੰ ਵਜਾਂਦੀ ਹੈ, ਭਾਵ ਦੁਨੀਆਂ ਭੇਡਾ ਚਾਲ ਚਲਦੀ ਹੈ ਅਤੇ ਤੂੰ ਭੀ ਇਸੇ ਚਾਲ ਪਿਆ ਹੈਂ ।

ਪਾਈਐ [੧]ਪੂਰ ਕਰੰਮਿ ॥ ੧੧੧ ॥ [*]ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ
ਰਾਤਿ ॥ ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ[੨] ਦਾਤਿ ॥ ੧੧੨ ॥ [੩]ਦਾਤੀ
ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕਿ ਜਾਗੰਦੇ ਨਾ ਲਹਨਿ੍
ਇਕਨ੍ਾ ਸੁਤਿਆ ਦੇਇ ਉਠਾਲਿ ॥ ੧੧੩ ॥ ਢੂਢੇਦੀਏ ਸੁਹਾਗ ਕੂ ਤਉ ਤਨਿ
ਕਾਈ ਕੋਰ[੪] ॥ ਜਿਨ੍ਾ ਨਾਉ ਸੁਹਾਗਣੀ [੫]ਤਿਨ੍ਾ ਝਾਕ ਨ ਹੋਰ ॥ ੧੧੪ ॥
[੬]ਸਬਰ ਮੰਝ ਕਮਾਣ ਏ [੭]ਸਬਰੁ ਕਾ ਨੀਹਣੋ ॥ [੮]ਸਬਰ ਸੰਦਾ ਬਾਣੁ ਖਾਲਕੁ
ਖਤਾ ਨ ਕਰੀ ॥ ੧੧੫ ॥ [੯]ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥ ਹੋਨਿ
ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ ੧੧੬ ॥ ਸਬਰੁ ਏਹੁ ਸੁਆਉ[੧੦]
ਜੇ ਤੂੰ ਬੰਦਾ ਦਿੜੁ ਕਰਹਿ ॥ [੧੧]ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ
ਵਾਹੜਾ[੧੨] ॥ ੧੧੭ ॥ ਫਰੀਦਾ [੧੩]ਦਰਵੇਸੀ ਗਾਖੜੀ ਚੋਪੜੀ ਪਰੀਤਿ ॥
[੧੪]ਇਕਨਿ ਕਿਨੈ ਚਾਲੀਐ ਦਰਵੇਸਾਵੀ[੧੫] ਰੀਤਿ ॥ ੧੧੮ ॥ ਤਨੁ ਤਪੈ ਤਨੂਰ
ਜਿਉ ਬਾਲਣੁ ਹਡ ਬਲੰਨਿ੍ ॥ [੧੬]ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥
੧੧੯ ॥ [੧੭]ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ
ਪੈਰੀ [੧੮]ਕਿਆ ਫੇੜਿਆ[੧੯] ਅੰਦਰਿ ਪਿਰੀ ਨਿਹਾਲਿ ॥ ੧੨੦ ॥ [੨੦]ਹਉ ਢੂਢੇਦੀ
ਸਜਣਾ ਸਜਣੁ ਮੈਡੇ ਨਾਲਿ ॥ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ
ਦਿਖਾਲਿ ॥ ੧੨੧ ॥ [੨੧]ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥ ੧੨੨ ॥ ਮੈ ਜਾਣਿਆ
ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ [੨੨]ਜੇ ਜਾਣਾ ਬਗੁ ਬਪੁੜਾ ਜਨਮਿ ਨ
ਭੇੜੀ ਅੰਗੁ ॥ ੧੨੩ ॥ [੨੩]ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ
ਧਰੇ ॥ ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ ੧੨੪ ॥ ਸਰਵਰ
[੨੪]ਪੰਖੀ ਹੇਕੜੋ ਫਾਹੀਵਾਲ ਪਚਾਸ ॥ ਇਹੁ ਤਨੁ [੨੫]ਲਹਰੀ ਗਡੁ ਥਿਆ
ਸਚੇ ਤੇਰੀ ਆਸ ॥ ੧੨੫ ॥ ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ
ਸੁ ਮਣੀਆ[੨੬] ਮੰਤੁ[੨੭] ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ
ਕੰਤੁ ॥ ੧੨੬ ॥ ਨਿਵਣੁ ਸੁ ਅਖਰੁ ਖਵਣੁ[੨੮] ਗੁਣੁ ਜਿਹਬਾ[੨੯] ਮਣੀਆ
ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ ੧੨੭ ॥ ਮਤਿ
ਹੋਦੀ ਹੋਇ ਇਆਣਾ ॥ ਤਾਣ[੩੦] ਹੋਦੇ ਹੋਇ ਨਿਤਾਣਾ ॥ [੩੧]ਅਣਹੋਦੇ
ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ ੧੨੮ ॥ [੩੨]ਇਕੁ ਫਿਕਾ ਨ
ਗਾਲਾਇ ਸਭਨਾ ਮੈ ਸਚਾ ਧਣੀ[੩੩] ॥ [੩੪]ਹਿਆਉ ਨ ਕੈਹੀ ਠਾਹਿ [੩੫]ਮਾਣਕ
ਸਭ ਅਮੋਲਵੇ ॥ ੧੨੯ ॥ ਸਭਨਾ ਮਨ ਮਾਣਿਕ [੩੬]ਠਾਹਣੁ ਮੂਲਿ ਮਚਾਂਗਵਾ ॥
[੩੭]ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ ੧੩੦ ॥

੧ ਪੂਰੇ ਭਾਗਾਂ ਨਾਲ ।
੨ ਕੋਲੋਂ ।
੩ ਦੇਖੋ ਵਾਰ ਸ੍ਰੀ ਰਾਗ ਮ: ੪, ਸਲੋਕ ਮ: ੧, ਪੰ: ੮੩ ।
੪ ਕਸਰ, ਘਾਟਾ । ਤੇਰੇ ਵਿੱਚ ਕੁਝ ਕੂਣ ਕਸਰ ਹੈ।
੫ ਓਹ ਕਿਸੇ ਹੋਰ ਪਾਸੇ ਦੀ ਤੱਕ ਨਹੀਂ ਰੱਖਦੀਆਂ।
੬ ਹਿਰਦੇ ਵਿੱਚ ਸਬਰ ਨੂੰ ਕਮਾਨ ਬਣਾਓ ।
੭ ਚਿੱਲਾ ਸਬਰ ਵਾਲਾ ਹੋਵੇ (ਪਾਠ 'ਸਬਰੁ ਕਾ' ਨਹੀਂ ਹੋ ਸਕਦਾ, ਕਿਉਂਕਿ 'ਸਬਰੁ' ਦੇ ਅੰਤ ਔਂਕੜ ਹੈ)।
੮ ਤੀਰ ਭੀ ਸਬਰ ਦਾ ਹੋਵੇ । ਐਸਾ ਤੀਰ ਚਲਾਇਆ ਹੋਇਆ ਮਾਲਕ ਵਿਅਰਥ ਨਹੀਂ ਜਾਣ ਦਿੰਦਾ ।
੯ ਸਬਰ ਵਾਲੇ ਸਬਰ ਵਿੱਚ ਰਹਿ ਕੇ ਇਸ ਤਰ੍ਹਾਂ ਤਨ ਦੀ ਮਮਤਾ ਨੂੰ ਸਾੜਦੇ ਹਨ ।
੧੦ ਮਨੋਰਥ ਜ਼ਿੰਦਗੀ ਦਾ ।
੧੧ ਵਧ-ਵਧ ਕੇ ਦਰਿਆ ਵਾਂਗ ਹੋ ਜਾਵੇਗਾ, ਪਰ ਘਟ-ਘਟ ਕੇ ਨਾਲਾ ਨਹੀਂ ਹੋਵੇਂਗਾ ।
੧੨ ਛੋਟੀ ਨਦੀ, ਨਾਲਾ ।
੧੩ ਤੇਰੀ ਪ੍ਰੀਤ ਉਪਰੋਂ-ਉਪਰੋਂ ਹੈ, ਪਰ ਫ਼ਕੀਰੀ ਔਖੀ ਚੀਜ਼ ਹੈ ।
੧੪ ਕਿਸੇ ਵਿਰਲੇ ਨੇ ।
੧੫ ਫ਼ਕੀਰਾਂ ਵਾਲੀ ।
੧੬ ਜੇ ਪੈਰਾਂ ਨਾਲ ਥੱਕ ਜਾਵਾਂ ਤਾਂ ਸਿਰ ਨਾਲ ਤੁਰਾਂ, ਜੇਕਰ ਮੇਰੇ ਪ੍ਰੀਤਮ ਜੀ ਮਿਲ ਪੈਣ ।
੧੭ ਦੇਖੋ ਸਲੋਕ ਵਾਰਾਂ ਤੇ ਵਧੀਕ ੧੮, ਮਹਲਾ ੧ ।
੧੮ ਕੀ ਮਾੜਾ ਕੀਤਾ, ਵਿਗਾੜਿਆ, ਗੰਵਾਇਆ ?
੧੯ ਅੰਦਰ ਹੀ ਪ੍ਰੀਤਮ ਨੂੰ ਵੇਖ ।
੨੦ ਦੇਖੋ ਕਾਨੜੇ ਕੀ ਵਾਰ ਮ: ੪, ਪੰਨਾ ੧੩੧੮ ।
੨੧ ਦੇਖੋ ਵਡਹੰਸ ਕੀ ਵਾਰ ਮ: ੪ ਵਿੱਚ ਸਲੋਕ ਮ: ੩, ਪੰਨਾ ੫੮੫ ।
੨੨ ਜੇ ਮੈਂ ਜਾਣਦੀ ਕਿ ਇਹ ਕਮਬਖਤ ਬਗਲਾ (ਪਖੰਡੀ) ਹੈ, ਤਾਂ ਸ਼ੁਰੂ ਤੋਂ ਹੀ ਇਸ ਦੇ ਨਾਲ ਅੰਗ ਨਾ ਛੁਹਾਂਦੀ ।
੨੩ ਦੇਖੋ ਸ੍ਰੀ ਰਾਗ ਕੀ ਵਾਰ ਮ: ੪ ਵਿੱਚ ਸਲੋਕ ਮ: ੧, ਪੰਨਾ ੯੧ ।
੨੪ ਪੰਛੀ ਇਕ ਹੈ ਤੇ ਇਸ ਨੂੰ ਫਾਹੀ ਲਾਣ ਵਾਲੇ ਪੰਜਾਹ ਹਨ ।
੨੫ ਆਸਾਂ ਰੂਪ ਲਹਿਰਾਂ ਵਿੱਚ ਫਸ ਗਿਆ ।
੨੬ ਰਤਨਾਂ ਜੇਹੇ ਕੀਮਤੀ ।
੨੭ ਮੰਤਰ ।
੨੮ ਖਿਮਾ ।
੨੯ ਜੀਭ ਦੀ ਮਿਠਾਸ ।
੩੦ ਬਲ । ਬਲਵਾਨ ਹੁੰਦਾ ਹੋਇਆ ਬਲ-ਹੀਨ ਸਮਝੇ।
੩੧ ਥੋੜ੍ਹਾ ਹੁੰਦਿਆਂ ਵੀ ਵੰਡ ਛਕੇ ।
੩੨ ਕਿਸੇ ਨੂੰ ਫਿੱਕੀ ਗੱਲ ਨਾ ਆਖ । ਗਲਾਇ=ਬੋਲ, ਆਖ ।
੩੩ ਮਾਲਕ ।
੩੪ ਕਿਸੇ ਦਾ ਹਿਰਦਾ ਨਾ ਢਾਹ, ਦਿਲ ਨਾ ਦੁਖਾ ।
੩੫ ਸਭ ਹਿਰਦੇ ਅਮੁਲਵੇਂ ਮੋਤੀ ਹਨ ।
੩੬ ਕਿਸੇ ਦਾ ਦਿਲ ਢਾਹੁਣਾ ਉੱਕਾ ਹੀ ਮਚਾਂਗਵਾ (ਚੰਗਾ ਨਹੀਂ) ।
੩੭ ਜੇ ਤੈਨੂੰ ਪਿਆਰੇ ਨੂੰ ਮਿਲਣ ਦੀ ਤਾਂਘ ਹੈ ਤਾਂ ਕਿਸੇ ਦੇ ਦਿਲ ਨੂੰ ਠੋਕਰ ਨਾ ਲਾ ।

* ਰਾਤ ਪਹਿਲੇ ਪਹਿਰ ਕੀਤਾ ਭਜਨ ਫੁੱਲ ਵਾਂਗ ਹੈ, ਪਿਛਲੀ ਰਾਤ ਦਾ ਭਜਨ ਫਲ ਵਾਂਗ ਹੈ ।

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ॥

*[੧]ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥ ਸਰਬ ਰਹਿਓ ਭਰਪੂਰਿ [੨]ਸਗਲ ਘਟ ਰਹਿਓ ਬਿਆਪੇ ॥ [੩]ਬ੍ਯ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯ੍ਯਾ ਕਰੈ ਆਪੇ ਹਰਿ ਪਤਿ[੪] ॥ ਅਬਿਨਾਸੀ ਅਬਿਗਤ[੫] [੬]ਆਪੇ ਆਪਿ ਉਤਪਤਿ ॥ ਏਕੈ ਤੂਹੀ ਏਕੈ [੭]ਅਨ ਨਾਹੀ ਤੁਮ ਭਤਿ ॥ ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ [੮]ਸ੍ਰਬ ਪ੍ਰਾਨ ਕੋ ਅਧਾਰੁ ॥ [੯]ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ [੧੦]ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੧ ॥ ਅੰਮ੍ਰਿਤ ਪ੍ਰਵਾਹ ਸਰਿ[੧੧] ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥ [੧੨]ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ ਤੁ ਘਰਿ ॥ [੧੩]ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥ [੯]ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੨ ॥

੧ ਹੇ ਸਭ ਤੋਂ ਪਹਿਲੋਂ ਦੀ ਸ਼ਖ਼ਸ਼ੀਅਤ ! ਹੇ ਕਰਤਾਰ!
੨ ਜੋ ਸਾਰਿਆਂ ਸਰੀਰਾਂ ਵਿੱਚ ਮੌਜੂਦ ਹੈਂ ।
੩ ਤੈਨੂੰ ਸੰਸਾਰ ਵਿੱਚ ਵਿਆਪਕ ਦੇਖੀਦਾ ਹੈ ।
੪ ਮਾਲਕ ।
੫ [ਅਵਿਅਕਤ] ਜਿਸ ਦਾ ਸਰੀਰ ਨਾ ਹੋਵੇ, ਨਿਰੰਕਾਰ।
੬ ਜੋ ਆਪਣੇ ਆਪ ਤੋਂ ਪੈਦਾ ਹੋਇਆ ਹੋਵੇ, ਸੈਭੰ।
੭ ਹੋਰ ਕੋਈ ਨਹੀਂ ਤੇਰੀ ਭਾਂਤ ਦਾ, ਤੇਰੇ ਵਰਗਾ ।
੮ ਸਾਰੇ ਪ੍ਰਾਣੀਆਂ ਦਾ ਆਸਰਾ ।
੯ ਦਾਸ ਨਾਨਕ ਤੇਰੇ ਦਰਵਾਜ਼ੇ 'ਤੇ ਤੁਲੇ ਹੋਏ ਤੇ ਇਕ-ਮਿਕ ਹੋਏ ਭਗਤ ਨੂੰ ਇਕ ਜੀਭ ਨਾਲ ਕਿਵੇਂ ਬਿਆਨ ਕਰ ਸਕਦਾ ਹੈ ?
੧੦ 'ਹਾਂ ਕਿ' ਸਵੱਯੇ ਦੀ ਟੇਕ ਹੈ । ਹਾਂ, ਇਤਨਾਂ ਕੁ ਕਹਿ ਸਕਦਾ ਹਾਂ ਕਿ ਮੈਂ ਉਸ ਤੋਂ ਸਦਾ ਕੁਰਬਾਨ ਹਾਂ ।
੧੧ ਚਲਦੇ ਹਨ ।
੧੨ ਤੂੰ ਆਪਣੀ ਮਰਜ਼ੀ ਹੀ ਕਰਦਾ ਹੈਂ, ਦੂਜੇ ਨੂੰ ਸਲਾਹ ਮਸ਼ਵਰੇ ਵਿੱਚ ਨਹੀਂ ਲਿਆਉਂਦਾ, ਤੇਰੇ ਘਰ ਪੈਦਾਇਸ਼ ਤੇ ਪਰਲੋ ਅੱਖ ਦੇ ਫੋਰ ਵਿੱਚ ਹੋ ਜਾਂਦੇ ਹਨ ।
੧੩ ਤੇਰੇ ਵਰਗਾ ਹੋਰ ਕੋਈ ਨਹੀਂ, ਤੇਰਾ ਚਾਨਣਾ ਸਾਫ਼ ਹੈ, ਤੇਰਾ ਨਾਮ ਲਿਆਂ ਕਰੋੜਾਂ ਪਾਪ ਦੂਰ ਹੁੰਦੇ ਹਨ ।

* ਇਨ੍ਹਾਂ ੯ ਸਵੱਯਾਂ ਵਿੱਚ ਪੰਚਮ ਪਾਤਸ਼ਾਹ ਨਿਰੰਕਾਰ ਦੀ ਉਸਤਤਿ ਕਰਦੇ ਹਨ, ਫਿਰ ਉਸ ਦੇ ਅਖੰਡ ਭਗਤ ਗੁਰੂ ਨਾਨਕ ਵਿੱਚ ਸ਼ਰਧਾ ਪਰਗਟ ਕਰਦੇ ਹਨ ।

[੧]ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥ ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ[੨] ਸਗਲ ਕੋ ਦਾਤਾ ਏਕੈ ਅਲਖ ਮੁਰਾਰੇ[੩] ॥ ਆਪ ਹੀ ਧਾਰਨ ਧਾਰੇ ਕੁਦਰਤਿ [੪]ਹੈ ਦੇਖਾਰੇ [੫]ਬਰਨੁ ਚਿਹਨੁ ਨਾਹੀ [੬]ਮੁਖ ਨ ਮਸਾਰੇ ॥ [੭]ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੩ ॥ [੮]ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥ ਮਨੁ ਧਨੁ ਤੇਰੋ ਪ੍ਰਾਨੰ [੯]ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ ॥ ਜਾਨੈ ਕਉਨੁ ਤੇਰੋ ਭੇਉ[੧੦] ਅਲਖ ਅਪਾਰ ਦੇਉ *ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ[੧੧] ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੪ ॥ ਨਿਰੰਕਾਰੁ ਆਕਾਰ ਅਛਲ[੧੨] ਪੂਰਨ ਅਬਿਨਾਸੀ ॥ ਹਰਖਵੰਤ[੧੩] [੧੪]ਆਨੰਤ ਰੂਪ ਨਿਰਮਲ ਬਿਗਾਸੀ[੧੫] ॥ ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥ ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥ ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ[੧੬] ਸਿ ਜਨਮ ਮਰਣ ਦੁਹ ਥੇ ਰਹਿਓ ॥ ੫ ॥ ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ[੧੭] ॥ ਦੂਸਰ ਆਨ[੧੮] ਨ ਅਵਰੁ ਪੁਰਖੁ ਪਊਰਾਤਨੁ[੧੯] ਸੁਣੀਐ ॥ ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥ [੨੦]ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥ [੨੧]ਜਿਹ ਠਾਕੁਰੁ ਸੁਪ੍ਰਸੰਨੁ ਭਯੋੁ ਸਤਸੰਗਤਿ ਤਿਹ ਪਿਆਰੁ ॥ [੨੨]ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ ॥ ੬ ॥ ਸਚੁ ਸਭਾ ਦੀਬਾਣੁ ਸਚੁ [੨੩]ਸਚੇ ਪਹਿ ਧਰਿਓ ॥ ਸਚੈ ਤਖਤਿ ਨਿਵਾਸੁ ਸਚੁ ਤਪਾਵਸੁ[੨੪] ਕਰਿਓ ॥ [੨੫]ਸਚਿ ਸਿਰਜ੍ਯਿਉ ਸੰਸਾਰੁ ਆਪਿ ਆਭੁਲੁ ਨ ਭੁਲਓ ॥ ਰਤਨ ਨਾਮੁ ਅਪਾਰੁ ਕੀਮ ਨਹੁ[੨੬] ਪਵੈ ਅਮੁਲਓ ॥ ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤੇ ਬਹੁੜਿ[੨੭] ਫਿਰਿ ਜੋਨਿ ਨ ਆਏ ॥ ੭ ॥ ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥ ਸਿਧ ਸਾਧਿਕ [੨੮]ਤੇਤੀਸ ਕੋਰਿ [੨੯]ਤਿਰੁ ਕੀਮ ਨ ਪਰੀਐ ॥ ਬ੍ਰਹਮਾਦਿਕ ਸਨਕਾਦਿ[੩੦] ਸੇਖ[੩੧] ਗੁਣ ਅੰਤੁ ਨ ਪਾਏ ॥ [੩੨]ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥ [੩੩]ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥ ਹਰਿ ਗੁਰੁ

੧ ਸ੍ਰਿਸ਼ਟੀ ਦੇ ਸਾਰੇ ਮੰਡਲ ਤੂੰ ਹੀ ਬਣਾਏ, ਇਕ ਤੇਰੇ ਵਿੱਚੋਂ ਹੀ ਨਿਕਲ ਕੇ ਖਿਲਾਰੇ ਗਏ ਹਨ, ਤੂੰ ਸਭ ਵਿੱਚ ਵਿਆਪਕ ਹੈਂ, ਫਿਰ ਨਿਰਲੇਪ ਵੀ ਹੈਂ ।
੨ ਤੇਰੇ ।
੩ [ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ] ਹਰੀ ।
੪ ਦਿਖਾਉਂਦਾ ਹੈ ।
੫ ਰੰਗ ਤੇ ਚਿਹਨ-ਚੱਕਰ ।
੬ ਨਾ ਮੂੰਹ ਹੈ ਨਾ ਦਾਹੜੀ ।
੭ ਦੇਖੋ ਪਿਛਲੇ ਪੰਨੇ ਦਾ ਨੋਟ ੯ ।
੮ ਸਾਰੇ ਗੁਣਾਂ ਦੇ ਭੰਡਾਰੇ । ਤੇਰੇ ਗਿਆਨ ਧਿਆਨ ਦੀ ਕੋਈ ਕੀਮਤ ਨਹੀਂ, ਭਾਵ ਅੰਤ ਨਹੀਂ ।
੯ ਸਾਰਾ ਜਹਾਨ ਤੇਰੇ ਇਕੋ ਨੇਮ ਜਾਂ ਸਿਸਟਮ ਵਿੱਚ ਪਰੋਤਾ ਹੈ ।
੧੦ ਭੇਦ ।
੧੧ [ਅੰਨ] ਆਸਰਾ ।
੧੨ ਨਾ ਛਲਿਆ ਜਾਣ ਵਾਲਾ ।
੧੩ ਖੁਸ਼ ਰਹਿਣ ਵਾਲਾ ।
੧੪ ਬੇਅੰਤ ਰੂਪਾਂ ਵਾਲਾ ।
੧੫ ਖਿੜਾਉ ਵਾਲਾ ।
੧੬ ਛੁਹਿਆ, ਮਿਲੇ ।
੧੭ ਕਹੀਦਾ ਹੈ ।
੧੮ ਹੋਰ ।
੧੯ ਪੁਰਾਤਨ, ਪੁਰਾਣਾ, ਸਭ ਤੋਂ ਪਹਿਲੋਂ ਦਾ ।
੨੦ ਜਿਨ੍ਹਾਂ ਨੇ ਜੀਭ ਨਾਲ ਚਖਿਆ ਹੈ । (ਅੰਮ੍ਰਿਤ ਨਾਮ) ਓਹ ਆਦਮੀ ਰੱਜ ਗਏ ਹਨ ।
੨੧ ਜਿਨ੍ਹਾਂ ਉੱਤੇ ਮਾਲਕ ਖੁਸ਼ ਹੋਇਆ ਉਨ੍ਹਾਂ ਦਾ ਸਤਸੰਗਤ ਵਿੱਚ ਪਿਆਰ ਪੈ ਗਿਆ ।
੨੨ ਐਸੇ ਹਰੀ ਅਤੇ ਉਸ ਦੇ ਪਠਾਏ ਗੁਰੂ ਨਾਨਕ ਨੂੰ ਜੋ ਮਿਲੇ ਹਨ, ਉਨ੍ਹਾਂ ਨੇ ਆਪਣੇ ਸਾਰੇ ਖ਼ਾਨਦਾਨ ਦਾ ਬੇੜਾ ਪਾਰ ਕਰ ਲਿਆ ਹੈ ।
੨੩ (ਆਪਣੇ ਆਪ ਨੂੰ) ਸੱਚੇ ਗੁਰੂ ਪਾਸ ਰੱਖਿਆ ਹੈ।
੨੪ ਇਨਸਾਫ਼, ਨਿਆਂ ।
੨੫ ਸੱਚੇ ਨੇ ਬਣਾਇਆ ਸੰਸਾਰ ।
੨੬ ਨਹੀਂ ।
੨੭ ਮੁੜ ਕੇ ।
੨੮ ਤੇਤੀ ਕਰੋੜ ਦੇਵਤਿਆਂ ਪਾਸੋਂ ਦੀ ।
੨੯ ਤਿਲ ਭਰ ਕੀਮਤ ਨਹੀਂ ਪਈ ।
੩੦ ਸਨਕ, ਸਨੰਦਨ ਆਦਿ, ਬ੍ਰਹਮਾ ਦੇ ਪੁਤ੍ਰ ।
੩੧ ਸ਼ੇਸ਼ਨਾਗ ।
੩੨ ਉਹ ਪਹੁੰਚ ਤੋਂ ਪਰ੍ਹੇ ਹੋਣ ਕਰ ਕੇ ਫੜਿਆ ਨਹੀਂ ਜਾਂਦਾ, ਫਿਰ ਭੀ ਉਹ ਸਭ ਥਾਂ ਵਿਆਪਕ ਹੈ ।
੩੩ ਜਿਨ੍ਹਾਂ ਦੀ ਮਾਇਆ ਦੀ ਫਾਹੀ ਕ੍ਰਿਪਾਲੂ ਪ੍ਰਭੂ ਨੇ ਕੱਟ ਦਿੱਤੀ ਹੈ, ਓਹੀ ਉਸ ਦੀ ਭਗਤੀ ਵਿੱਚ ਲੱਗੇ ਹਨ ।

* ਪ੍ਰਭੂ ਦੀ ਅਕਲ ਕਲਾ ਹੈ, ਭਾਵ ਜਿਸ ਸ਼ਕਤੀ ਨਾਲ ਪ੍ਰਵੇਸ਼ ਕਰਦਾ ਹੈ ਬਿਆਨ ਤੋਂ ਬਾਹਰ ਹੈ । ਦੇਖੋ ਪੰ: ੪੧੪, ਫੁਟ ਨੋਟ † ।

ਨਾਨਕੁ ਜਿਨ੍ ਪਰਸਿਓ[੧] ਤੇ [੨]ਇਤ ਉਤ ਸਦਾ ਮੁਕਤੇ ॥ ੮ ॥ ਪ੍ਰਭ ਦਾਤਉ
ਦਾਤਾਰ ਪਰ੍ਹਿਉ ਜਾਚਕੁ[੩] ਇਕੁ ਸਰਨਾ ॥ ਮਿਲੈ ਦਾਨੁ [੪]ਸੰਤ ਰੇਨ [੫]ਜੇਹ ਲਗਿ
ਭਉਜਲੁ ਤਰਨਾ ॥ ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥ ਦੇਹੁ
ਦਰਸੁ ਮਨਿ ਚਾਉ [੬]ਭਗਤਿ ਇਹੁ ਮਨੁ ਠਹਰਾਵੈ ॥ ਬਲਿਓ ਚਰਾਗੁ[੭] [੮]ਅੰਧ੍ਯ੍ਯਾਰ
ਮਹਿ ਸਭ ਕਲਿ ਉਧਰੀ [੯]ਇਕ ਨਾਮ ਧਰਮ ॥ ਪ੍ਰਗਟੁ ਸਗਲ ਹਰਿ ਭਵਨ
ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥ ੯ ॥

ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

[੧੦]ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ ॥ [੧੧]ਧਾਵਤ
ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥ ਜੋਬਨ ਰੂਪ
ਮਾਇਆ ਮਦ ਮਾਤਾ [੧੨]ਬਿਚਰਤ ਬਿਕਲ ਬਡੌ ਅਭਿਮਾਨੀ ॥ [੧੩]ਪਰ ਧਨ ਪਰ
ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥ [੧੪]ਬਲਬੰਚ ਛਪਿ
ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ ॥ ਸੀਲ[੧੫] ਧਰਮ ਦਯਾ ਸੁਚ
ਨਾਸ੍ਤਿ[੧੬] ਆਇਓ ਸਰਨਿ [੧੭]ਜੀਅ ਕੇ ਦਾਨੀ ॥ ਕਾਰਣ ਕਰਣ
ਸਮਰਥ ਸਿਰੀਧਰ[੧੮] ਰਾਖਿ ਲੇਹੁ ਨਾਨਕ ਕੇ ਸੁਆਮੀ ॥ ੧ ॥ [੧੯]ਕੀਰਤਿ
ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥ ਹਰਿ ਤਾਰਨ
ਤਰਨ [੨੦]ਸਮਰਥ ਸਭੈ ਬਿਧਿ [੨੧]ਕੁਲਹ ਸਮੂਹ ਉਧਾਰਨ ਸਉ ॥ [੨੨]ਚਿਤ
ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ ॥ ਮੂਰਤ[੨੩]
ਘਰੀ ਚਸਾ ਪਲੁ ਸਿਮਰਨ [੨੪]ਰਾਮ ਨਾਮੁ ਰਸਨਾ ਸੰਗਿ ਲਉ ॥ [੨੫]ਹੋਛਉ
ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥ [੨੬]ਸਿਖ੍ਯ੍ਯਾ ਸੰਤ
ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥ ੨ ॥ *ਰੰਚਕ ਰੇਤ ਖੇਤ
ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥ ਖਾਨ ਪਾਨ ਸੋਧੇ ਸੁਖ
ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥ ਮਾਤ ਪਿਤਾ ਭਾਈ ਅਰੁ ਬੰਧਪ
ਬੂਝਨ ਕੀ ਸਭ ਸੂਝ ਪਰੀ ॥ [੨੭]ਬਰਧਮਾਨ ਹੋਵਤ ਦਿਨ ਪ੍ਰਤਿਨਿਤ[੨੮]
[੨੯]ਆਵਤ ਨਿਕਟਿ ਬਿਖੰਮ ਜਰੀ ॥ ਰੇ ਗੁਨ ਹੀਨ ਦੀਨ ਮਾਇਆ ਕ੍ਰਿਮ
ਸਿਮਰਿ ਸੁਆਮੀ ਏਕ ਘਰੀ ॥ [੩੦]ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ[੩੧]
ਨਾਨਕ ਕਾਟਿ [੩੨]ਭਰੰਮ ਭਰੀ ॥ ੩ ॥ ਰੇ ਮਨ [੩੩]ਮੂਸ ਬਿਲਾ ਮਹਿ ਗਰਬਤ
ਕਰਤਬ ਕਰਤ ਮਹਾਂ ਮੁਘਨਾਂ[੩੪] ॥ [੩੫]ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ
ਮਗਨ ਭ੍ਰਮਤ ਘੁਘਨਾ ॥ ਸੁਤ ਬਨਿਤਾ[੩੬] ਸਾਜਨ ਸੁਖ ਬੰਧਪ ਤਾ ਸਿਉ
ਮੋਹੁ ਬਢਿਓ ਸੁ ਘਨਾ[੩੭] ॥ ਬੋਇਓ ਬੀਜੁ ਅਹੰ ਮਮ ਅੰਕੁਰੁ [੩੮]ਬੀਤਤ ਅਉਧ

੧ ਛੁਹਿਆ, ਮਿਲੇ ।
੨ ਇਥੇ ਉਥੇ, ਲੋਕ ਪ੍ਰਲੋਕ ਵਿੱਚ ।
੩ ਮੰਗਤਾ ।
੪ ਗੁਰੂ-ਸੰਤ ਦੀ ਚਰਨ-ਧੂੜ ।
੫ ਜਿਸ ਨਾਲ ਲੱਗ ਕੇ ਇਹ ਸੰਸਾਰ-ਸਮੁੰਦਰ ਤਰ ਜਾਵਾਂ ।
੬ ਇਹ ਮੇਰਾ ਮਨ ਤੇਰੀ ਭਗਤੀ ਵਿੱਚ ਟਿਕ ਜਾਵੇ।
੭ [ਫਾ. ਚਿਰਾਗ] ਦੀਵਾ ।
੮ ਕਲੂਕਾਲ ਦੀ ਲੁਕਾਈ, ਅੱਜ ਕਲ੍ਹ ਦੇ ਘੋਰ ਸਮੇਂ ਦੇ ਲੋਕ ।
੯ ਕੇਵਲ ਨਾਮ ਦੇ ਆਸਰੇ ।
੧੦ ਇਕ ਤਾਂ ਮੇਰੀ ਦੇਹੀ ਅੱਗੇ ਹੀ ਕੱਚੀ (ਅਸਥਿਰ) ਹੈ; ਫਿਰ ਮੋਹ ਦੀ ਬੱਧੀ ਹੋਈ ਹੈ; ਮੈਂ ਮੂਰਖ, ਕਰੜਾ, ਗੰਦਾ ਅਤੇ ਬੇਸਮਝ ਹਾਂ ।
੧੧ ਮਨ ਭਟਕਦਾ ਫਿਰਦਾ ਹੈ; ਟਿਕ ਕੇ ਨਹੀਂ ਰਹਿੰਦਾ।
੧੨ ਮੈਂ ਵੱਡਾ ਹੰਕਾਰੀ ਵਿਆਕੁਲ ਹੋਇਆ ਫਿਰਦਾ ਹਾਂ।
੧੩ ਪਰਾਏ ਧਨ, ਪਰਾਏ ਝਗੜੇ, ਪਰਾਈ ਇਸਤ੍ਰੀ ਤੇ ਪਰਾਈ ਨਿੰਦਾ-ਇਹ ਗੱਲਾਂ ਮੇਰੇ ਜੀਅ ਨੂੰ ਚੰਗੀਆਂ ਲੱਗਦੀਆਂ ਹਨ ।
੧੪ ਮੈਂ ਲੁਕ-ਲੁਕ ਠੱਗੀ ਦੇ ਉਪਾਅ ਕਰਦਾ ਹਾਂ ਭਾਵੇਂ ਅੰਦਰ ਦੀਆਂ ਜਾਣਨ ਵਾਲਾ, ਹਰੀ ਸਭ ਕੁਝ ਦੇਖਦਾ ਤੇ ਸੁਣਦਾ ਰਹਿੰਦਾ ਹੈ ।
੧੫ ਭਲਮਣਸਊ, ਸ਼ਰਾਫ਼ਤ, ਸਾਊਪੁਣਾ ।
੧੬ ਨਹੀਂ ਹੈ ।
੧੭ ਹੇ ਜੀਅ ਦਾਨ ਦੇਣ ਵਾਲੇ !
੧੮ [ਲਖਸ਼ਮੀ ਦੇ ਧਾਰਨ ਵਾਲੇ, ਵਿਸ਼ਨੂੰ] ਹਰੀ ।
੧੯ ਹਰੀ ਦੀ ਸਿਫ਼ਤ ਕਰਨਾ ਤੇ ਉਸ ਦੀ ਸ਼ਰਨ ਆਉਣਾ-ਇਹ ਦੋਵੇਂ ਕਰਮ ਪਾਪਾਂ ਨੂੰ ਜੋਹਣ (ਦਬਾਉਣ) ਤੇ ਦੂਰ ਕਰਨ ਲਈ ਹਨ ।
੨੦ ਹਰ ਤਰ੍ਹਾਂ ਨਾਲ ਸਮ੍ਰਥ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਸਮੰਥ' ਹੈ)।
੨੧ ਸਾਰੀਆਂ ਕੁਲਾਂ ਨੂੰ ਤਾਰਨ ਲਈ ।
੨੨ ਹੇ ਅਚੇਤ ਚਿੱਤ (ਗ਼ਾਫ਼ਲ ਮਨ) ! ਹਰੀ ਨੂੰ ਸਿਮਰ ਸਤ-ਸੰਗਤਿ ਦੁਆਰਾ ਸਮਝ ਕੇ, ਭਰਮ ਦੇ ਹਨੇਰੇ ਦਾ ਠੱਗਿਆ ਹੋਇਆ ਕਿੱਧਰ ਪਿਆ ਭਟਕਦਾ ਹੈਂ?
੨੩ [ਮਹੂਰਤ] ਅੱਧੀ ਘੜੀ ਦਾ ਸਮਾਂ ।
੨੪ ਹਰੀ-ਨਾਮ ਜੀਭ ਨਾਲ ਸਿਮਰ ।
੨੫ ਮਾਇਆ ਦਾ ਕੰਮ ਨਿਕੰਮਾ ਹੈ, ਇਹਦੇ ਬੜੇ ਸੁਖ ਬੰਧਨ ਹਨ, ਇਨ੍ਹਾਂ ਲਈ ਕਰੋੜਾਂ ਜਨਮ ਦੁੱਖਾਂ ਵਿੱਚ ਕਾਹਨੂੰ ਭਉਣਾ ਹੋਇਆ ?
੨੬ ਸੰਤਾਂ ਦੀ ਸਿੱਖਿਆ ਅਨੁਸਾਰ ਨਾਮ ਭਜੋ ਅਤੇ ਰਾਮ ਦੇ ਪਿਆਰ ਵਿੱਚ ਆਤਮਾ ਦੇ ਚਾਉ ਨਾਲ ਸਿਮਰੋ।
੨੭ ਵਧਦਾ ਹੈ ।
੨੮ ਨਿਤਾ ਪ੍ਰਤਿ= ਸਦਾ ।
੨੯ ਡਰਾਉਣਾ ਬੁਢੇਪਾ ਨੇੜੇ ਆ ਰਿਹਾ ਹੈ ।
੩੦ ਹੱਥ ਫੜ ਕੇ ।
੩੧ ਕਿਰਪਾ ਦੇ ਸਮੁੰਦਰ ।
੩੨ ਭਰਮਾਂ ਦੀ ਭਰੀ (ਪੰਡ) ।
੩੩ ਜਿਵੇਂ ਚੂਹਾ ਖੁੱਡ ਵਿੱਚ ਮਾਣ ਕਰਦਾ ਹੈ ।
੩੪ ਮੁਗਧਾਂ (ਮੂਰਖਾਂ) ਵਾਲੇ ।
੩੫ ਮਾਇਆ ਰੂਪ ਪੰਘੂੜੇ ਵਿੱਚ ਹੁਲਾਰੇ ਨਾਲ ਝੂਟ ਰਿਹਾ ਹੈਂ ਤੇ ਮਾਇਆ ਦੀ ਮਗਨਤਾ ਵਿੱਚ ਉਲੂ ਵਾਂਗ ਭੌਂਦਾ ਹੈਂ ।
੩੬ ਇਸਤਰੀ ।
੩੭ ਬਹੁਤ ।
੩੮ ਉਮਰ ਪਾਪ ਕਰਦਿਆਂ ਬੀਤ ਰਹੀ ਹੈ ।

* ਰਤਾ ਕੁ ਵੀਰਜ ਮਾਤਾ ਦੇ ਪੇਟ ਰੂਪ ਖੇਤ ਵਿੱਚ ਨਿੰਮਿਆ (ਰਖਿਆ) ਤੇ ਅਮੋਲਕ ਸਰੀਰ ਬਣਾ ਦਿੱਤਾ। ਖਾਣ ਪਾਨ, ਖੁਸ਼ਬੋਆਂ ਆਦਿ ਮਾਣਨ ਲਈ ਸੁਖ ਦਿੱਤੇ ਅਤੇ ਮੁਸ਼ਕਲਾਂ ਕੱਟ ਕੇ ਮੁਸੀਬਤ ਦੂਰ ਕੀਤੀ । ਰਤ [ਸੰ. ਰੇਤਸ] ਵੀਰਜ । ਖੇਤ ਤਨਿ= ਮਾਂ ਦੇ ਪੇਟ ਰੂਪ ਖੇਤ ਵਿੱਚ । ਨਿਰਮਿਤ= ਨਿੰਮਿਆ, ਰਖਿਆ । ਸੋਂਧੇ= ਸੁਗੰਧੀਆਂ।

ਕਰਤ ਅਘਨਾਂ[੧] ॥ [੨]ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ[੩] [੪]ਭੁੰਚਤ ਭੁਗਤਿ ਭੂਖ ਭੁਖਨਾ ॥ ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ[੫] ਸੁਪਨਾ ॥ ੪ ॥ [੬]ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ ॥ *ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ ॥ ਰਥ ਨ ਅਸ੍ਵ[੭] ਨ ਗਜ[੮] ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥ ਸੂਰ ਨ ਬੀਰ ਨ ਮੀਰ[੯] ਨ ਖਾਨਮ[੧੦] ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥ ਕੋਟ[੧੧] ਨ ਓਟ ਨ ਕੋਸ[੧੨] ਨ ਛੋਟਾ[੧੩] ਕਰਤ ਬਿਕਾਰ [੧੪]ਦੋਊ ਕਰ ਝਾਰਹੁ ॥ ਮਿਤ੍ਰ ਨ ਪੁਤ੍ਰ ਕਲਤ੍ਰ[੧੫] ਸਾਜਨ ਸਖ [੧੬]ਉਲਟਤ ਜਾਤ ਬਿਰਖ ਕੀ ਛਾਂਰਹੁ ॥ ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥ ਸ੍ਰੀਪਤਿ[੧੭] ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥੫ ॥ [੧੮]ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ ॥ ਸਾਜਨ ਸੈਨ[੧੯] ਮੀਤ ਸੁਤ ਭਾਈ ਤਾਹੂ ਤੇ ਲੇ ਰਖੀ ਨਿਰਾਰੀ[੨੦] ॥ [੨੧]ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ [੨੨]ਅਉਧ ਤਨ ਜਾਰੀ ॥ ਕਰਮ ਧਰਮ ਸੰਜਮ ਸੁਚ ਨੇਮਾ [੨੩]ਚੰਚਲ ਸੰਗਿ ਸਗਲ ਬਿਧਿ ਹਾਰੀ ॥ ਪਸੂ ਪੰਖੀ ਬਿਰਖ ਅਸਥਾਵਰ[੨੪] ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ ਦੀਨਾ ਨਾਥ ਪ੍ਰਾਨਪਤਿ ਸਾਰੀ[੨੫] ॥ ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ[੨੬] ਖਾਰੀ[੨੭] ॥ ਨਾਨਕ ਸੰਤ ਚਰਨ ਸੰਗਿ ਉਧਰੇ [੨੮]ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥ ੬ ॥ ਬ੍ਰਹਮਾਦਿਕ ਸਿਵ ਛੰਦ[੨੯] ਮੁਨੀਸੁਰ ਰਸਕਿ ਰਸਕਿ[੩੦] ਠਾਕੁਰ ਗੁਨ ਗਾਵਤ ॥ ਇੰਦ੍ਰ ਮੁਨਿੰਦ੍ਰ[੩੧] ਖੋਜਤੇ ਗੋਰਖ [੩੨]ਧਰਣਿ ਗਗਨ ਆਵਤ ਫੁਨਿ ਧਾਵਤ ॥ ਸਿਧ ਮਨੁਖ੍ਯ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ[੩੩] ਨ ਪਾਵਤ ॥ ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ ॥ [੩੪]ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ ॥ ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥ ੭ ॥ [੩੫]ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥ [੩੬]ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ ॥ ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ[੩੭] ਹੈ ॥ ਜੋਬਨ ਬੀਤਿ ਜਰਾ[੩੮] ਰੋਗਿ ਗ੍ਰਸਿਓ ਜਮਦੂਤਨ ਡੰਨੁ [੩੯]ਮਿਰਤੁ ਮਰਿਓ ਹੈ ॥ [੪੦]ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥ ਪ੍ਰੇਮ ਭਗਤਿ

(੧੩੯੮)

੧ ਪਾਪ ।
੨ ਮੌਤ ਰੂਪ ਬਿੱਲਾ ।
੩ ਦੇਖ ਰਿਹਾ ਹੈ ।
੪ ਖਾਣੇ ਖਾਂਦਾ ਹੋਇਆ ਭੀ ਤ੍ਰਿਸ਼ਨਾ ਕਰ ਕੇ ਭੁੱਖਾ ਹੀ ਰਹਿੰਦਾ ਹੈਂ ।
੫ ਜਾਣਦਿਆਂ ਹੋਇਆਂ ।
੬ ਦੇਹੀ, ਘਰ, ਪਿਆਰ-ਇਹ ਸਦੀਵੀ ਨਹੀਂ । ਮਾਇਆ ਦਾ ਮੱਤਾ ਹੋਇਆ ਇਨ੍ਹਾਂ ਉੱਤੇ ਕਦ ਤੋੜੀ ਗਰਬੇਂਗਾ (ਹੰਕਾਰ ਕਰੇਂਗਾ) ?
੭ ਘੋੜੇ ।
੮ ਹਾਥੀ ।
੯ ਪਾਤਸ਼ਾਹ ।
੧੦ ਸਰਦਾਰ । ਇਨ੍ਹਾਂ ਵਿੱਚੋਂ ਕੋਈ ਵੀ ਨਾਲ ਜਾਂਦਾ ਨਹੀਂ ਵੇਖੇਂਗਾ ।
੧੧ ਕਿਲ੍ਹੇ ।
੧੨ [ਕੋਸ਼] ਖ਼ਜ਼ਾਨੇ ।
੧੩ ਛੁਟਕਾਰਾ ।
੧੪ ਦੋਵੇਂ ਹੱਥ ਝਾੜ ਦੇਵੇਂਗਾ, ਭਾਵ ਇਥੋਂ ਖਾਲੀ ਹੱਥ ਜਾਏਂਗਾ ।
੧੫ ਇਸਤਰੀ ।
੧੬ ਰੁੱਖ ਦੀ ਛਾਂ ਵਤ ਉਲਟ ਜਾਂਦੇ ਹਨ, ਚਲਾਇਮਾਨ ਹਨ ।
੧੭ [ਲਛਮੀ ਦਾ ਮਾਲਕ, ਵਿਸ਼ਨੂੰ] ਹਰੀ ।
੧੮ ਜਾਨ ਲਾ ਕੇ, ਇੱਜ਼ਤ ਲਾ ਕੇ, ਦਾਨ ਲੈ ਲੈ ਕੇ, ਡਾਕੇ ਮਾਰ-ਮਾਰ ਕੇ, ਦਿਲ ਦੇ ਦੇ ਕੇ ਮਾਇਆ ਜੋੜੀ ।
੧੯ ਸੰਬੰਧੀ ।
੨੦ ਵੱਖਰੀ, ਲੁਕਾ ਕੇ ।
੨੧ ਪੈਰੀਂ ਦੌੜਨਾ । ਦੇਖੋ ਪੰ: ੧੩੦੩ ਨੋਟ ੨੨ ।
੨੨ ਸਰੀਰ ਦੀ ਉਮਰ ਜਾਲ ਦਿੱਤੀ, ਲੰਘਾ ਦਿੱਤੀ ।
੨੩ (ਕਰਮ ਧਰਮ ਆਦਿ) ਸਾਰੀਆਂ ਬਿਧਾਂ ਚੰਚਲ ਮਾਇਆ ਦੀ ਸੰਗਤ ਵਿੱਚ ਹਾਰ ਦਿਤੀਆਂ ।
੨੪ ਜੋ ਥਾਂ ਤੋਂ ਨਾ ਹਿਲਣ, ਪਰਬਤ ਆਦਿ ।
੨੫ ਸਾਰੀ ਸ੍ਰਿਸ਼ਟੀ ਦਾ ।
੨੬ ਕਤਈ, ਬਿਲਕੁਲ ।
੨੭ ਕੌੜੇ ।
੨੮ ਹੋਰ ਜੋ ਮਾਇਆ ਵਿੱਚ ਮਸਤ ਹਨ, ਓਹ ਸਭ ਕੁਝ ਡਾਰ ਕੇ (ਸੁੱਟ ਕੇ) ਚਲੇ ਜਾਂਦੇ ਹਨ ।
੨੯ ਵੇਦ ।
੩੦ ਸਵਾਦ ਲਾ ਲਾ ਕੇ ।
੩੧ ਵਿਸ਼ਨੂੰ ।
੩੨ ਕਦੀ ਧਰਤੀ ਉੱਤੇ ਆਉਂਦੇ ਹਨ, ਕਦੀ ਮੁੜ ਅਸਮਾਨ ਵੱਲ ਭਜਦੇ ਹਨ ।
੩੩ ਭੇਦ ।
੩੪ ਉਸ ਨੂੰ ਛੱਡ ਕੇ ਤੂੰ ਹੋਰਨਾਂ ਤੋਂ ਮੰਗਦਾ ਹੈਂ ਤੇ ਮੰਗਦਿਆਂ ਮੰਗਦਿਆਂ ਤੇਰਾ ਮੂੰਹ, ਦੰਦ ਤੇ ਜੀਭ ਸਾਰੇ ਹੀ ਘਸ ਜਾਂਦੇ ਹਨ ।
੩੫ ਮਾਇਆ ਦੇ ਰੰਗ ਬਦਰੰਗ ਹੋ ਜਾਣ ਵਾਲੇ ਹਨ ਭਰਮ ਕਰਕੇ ਮੋਹ ਦੇ ਹਨੇਰੇ ਖੂਹ ਵਿੱਚ ਜਾ ਪਈਦਾ ਹੈ; "ਮਾਇਆ ਰੰਗ ਬਿਰੰਗ ਖਿਨੈ ਮਹਿ" (ਮਾਰੂ ਮ: ੫, ਪੰ. ੧੦੦੩) ।
੩੬ ਇਤਨਾ ਗਰਬ ਕਰਦਾ ਹੈ ਕਿ ਅਸਮਾਨ ਤਕ ਮੇਉਂਦਾ ਨਹੀਂ, ਪਰ ਵਿੱਚੋਂ ਹੈ ਕੀ ? ਮੈਲੇ, ਹੱਡੀਆਂ ਤੇ ਕੀੜਿਆਂ ਨਾਲ ਢਿਡ ਭਰਿਆ ਪਿਆ ਹੈ ।
੩੭ ਠਗਿਆ ਹੋਇਆ ।
੩੮ ਬੁਢੇਪੇ ਦੇ ।
੩੯ ਐਸੀ ਮੌਤ ਮੋਇਆ ਹੈ ।
੪੦ ਕਈ ਜੂਨਾਂ ਦੇ ਦੁੱਖ ਤੇ ਨਰਕ ਭੋਗਦਾ ਹੈ ਤੇ ਜਮਾਂ ਦੀ ਤਾੜਨਾ ਤੇ ਦੁੱਖਾਂ ਦੇ ਟੋਏ ਵਿੱਚ ਗਲਦਾ ਹੈ।

* ਇਹ ਸ਼ਾਹਾਨਾ ਠਾਠ-ਬਾਠ ਦੇ ਨਿਸ਼ਾਨ—ਛਤਰ, ਫੁਰਮਾਣ, ਚੌਰ ਤੇ ਚੌਰ—ਬਰਦਾਰ ਨਹੀਂ ਰਹਿਣਗੇ । ਤੇਰੀ ਉਮਰ ਨਦੀ ਵਾਂਗ ਵਹਿੰਦੀ ਜਾਂਦੀ ਹੈ, ਤੂੰ ਦਿਲ ਵਿੱਚ ਸੋਚਦਾ ਨਹੀਂ । ਦੇਖੋ ਪੰ: ੭੪੩, ਨੋਟ ੨੩ ।

ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ ੮ ॥ ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥ [੧]ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥ ਕਾਮ ਕ੍ਰੋਧ ਮਦ[੨] ਮਤਸਰ[੩] ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥ ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ ॥ ਸਾਜਨ ਮੀਤ ਸਖਾ ਹਰਿ ਬੰਧਪ[੪] [੫]ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥ [੬]ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥ ੯ ॥ *ਆਵਧ[੭] ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ ॥ ਦਾਵਨਿ[੮] ਬੰਧਿਓ ਨ ਜਾਤ ਬਿਧੇ[੯] ਮਨ ਦਰਸ ਮਗਿ ॥ ਪਾਵਕ[੧੦] ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ ॥ ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ[੧੧] ॥ ਨਾਨਕ ਰੋਗ ਦੋਖ ਅਘ[੧੨] ਮੋਹ ਛਿਦੇ ਹਰਿ ਨਾਮ ਖਗਿ ॥ ੧ ॥ ੧੦ ॥ ਉਦਮੁ ਕਰਿ ਲਾਗੇ ਬਹੁ ਭਾਤੀ [੧੩]ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥ ਭਸਮ ਲਗਾਇ ਤੀਰਥ ਬਹੁ ਭ੍ਰਮਤੇ [੧੪]ਸੂਖਮ ਦੇਹ ਬੰਧਹਿ ਬਹੁ ਜਟੂਆ ॥ ਬਿਨੁ ਹਰਿ ਭਜਨ ਸਗਲ ਦੂਖ ਪਾਵਤ ਜਿਉ ਪ੍ਰੇਮ ਬਢਾਇ [੧੫]ਸੂਤ ਕੇ ਹਟੂਆ ॥ ਪੂਜਾ ਚਕ੍ਰ[੧੬] ਕਰਤ ਸੋਮਪਾਕਾ[੧੭] ਅਨਿਕ ਭਾਂਤਿ [੧੮]ਥਾਟਹਿ ਕਰਿ ਥਟੂਆ ॥ ੨ ॥ ੧੧ ॥ ੨੦ ॥

ਸਵਈਏ ਮਹਲੇ ਪਹਿਲੇ ਕੇ ੧ ੴ ਸਤਿਗੁਰ ਪ੍ਰਸਾਦਿ ॥

†ਇਕ ਮਨਿ ਪੁਰਖੁ ਧਿਆਇ ਬਰਦਾਤਾ[੧੯] ॥ [੨੦]ਸੰਤ ਸਹਾਰੁ ਸਦਾ ਬਿਖਿਆਤਾ[੨੧] ॥ ਤਾਸੁ ਚਰਨ ਲੇ ਰਿਦੈ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ ੧ ॥ ਗਾਵਉ ਗੁਨ ਪਰਮ ਗੁਰੂ ਸੁਖ ਸਾਗਰ [੨੨]ਦੁਰਤ ਨਿਵਾਰਣ ਸਬਦ ਸਰੇ ॥ [੨੩]ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥ ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥ [੨੪]ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੨ ॥ ਗਾਵਹਿ [੨੫]ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥ ਗਾਵਹਿ ਸਨਕਾਦਿ[੨੬] ਸਾਧ ਸਿਧਾਦਿਕ ਮੁਨਿ ਜਨ ਗਾਵਹਿ [੨੭]ਅਛਲ ਛਲਾ ॥ ਗਾਵੈ ਗੁਣ ਧੋਮੁ[੨੮] [੨੯]ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੩ ॥ ਗਾਵਹਿ ਕਪਿਲਾਦਿ[੩੦] ਆਦਿ ਜੋਗੇਸੁਰ [੩੧]ਅਪਰੰਪਰ ਅਵਤਾਰ ਵਰੋ ॥ [੩੨]ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥ ਉਧੌ[੩੩]

੧ ਨਾਮ ਪਰਾਏ ਦੁੱਖ ਦੂਰ ਕਰਨ ਲਈ ਦਵਾਈ ਰੂਪ, ਮੰਤਰ ਰੂਪ ਤੇ ਤੰਤਰ ਰੂਪ ਹੈ; ਸਾਰੇ ਰੋਗ ਦੂਰ ਕਰਨ ਲਈ ਫ਼ਾਇਦੇਮੰਦ ਹੈ ।

੨ ਹੰਕਾਰ ।

੩ ਈਰਖ਼ਾ ।

੪ ਸੰਬੰਧੀ ।

੫ (ਪ੍ਰਭੂ) ਜ਼ਿੰਦਗੀ ਦੀ ਖੁਰਾਕ ਤੇ ਪ੍ਰਾਣਾਂ ਦਾ ਆਸਰਾ ਹੈ ।

੬ ਸਮਰੱਥ ਪ੍ਰਭੂ ਦੀ ਟੇਕ ।

੭ [ਸੰ. ਆਯੁਧ] ਸ਼ਸਤਰਾਂ ਨਾਲ । ਜਿਸ ਨੇ ਹਰੀ ਦੇ ਚਰਨ-ਕਮਲਾਂ ਨਾਲ ਪ੍ਰੇਮ ਕਰਨ ਦਾ ਸਵਾਦ ਮਾਣਿਆਂ ਹੈ, ਉਹ ਸ਼ਸਤ੍ਰਾਂ ਨਾਲ ਨਹੀਂ ਕੱਟਿਆ ਜਾ ਸਕਦਾ ।

੮ ਰੱਸੀ ਨਾਲ ।

੯ ਵਿੰਨ੍ਹਿਆਂ ਹੋਇਆ । ਜਿਸ ਦਾ ਮਨ ਹਰੀ-ਦਰਸ਼ਨ ਦੇ ਰਾਹ ਵਿੱਚ ਵਿੰਨ੍ਹਿਆਂ ਗਿਆ ਹੈ, ਉਹ ਰੱਸੀ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ ।

੧੦ ਅੱਗ ਨਾਲ ।

੧੧ ਪੈਰਾਂ ਨਾਲ ।

੧੨ ਪਾਪ । ਰੋਗ, ਦੋਖ ਆਦਿ ਨਾਮ ਦੇ ਤੀਰ ਨਾਲ ਵਿੰਨ੍ਹ ਜਾਂਦੇ ਹਨ ।

੧੩ ਕਈ ਲੋਕ ਛੀ ਸ਼ਾਸਤਰਾਂ ਨੂੰ ਬਹੁਤ ਵਿਚਾਰਦੇ ਹਨ। ਖਟੂਆ (ਖਟ)= ਛੀ ।

੧੪ ਕਈ (ਅੰਨ ਛੱਡ ਕੇ) ਸਰੀਰ ਨੂੰ ਹੌਲਾ ਕਰ ਲੈਂਦੇ ਹਨ ਤੇ ਬਹੁਤੇ ਲਿਟਾਂ ਬੰਨ੍ਹ ਲੈਂਦੇ ਹਨ ।

੧੫ ਸੂਤ ਦੇ ਘਰ, ਤੰਦਾਂ ਦੇ ਜਾਲ । ਜਿਵੇਂ (ਮੱਕੜੀ) ਸੂਤ ਦੇ ਜਾਲ ਨਾਲ ਪ੍ਰੇਮ ਵਧਾ ਲੈਂਦੀ ਹੈ (ਪਰ ਅੰਤ ਆਪੇ ਫਸ ਕੇ ਦੁੱਖ ਪਾਂਦੀ ਹੈ) ।

੧੬ ਗਣੇਸ਼ ਆਦਿ ਦੇ ਨਿਸ਼ਾਨ ।

੧੭ ਸ੍ਵਯੰ ਪਾਕ= ਆਪਣੇ ਹੱਥੀਂ ਰੋਟੀ ਪਕਾਉਣਾ ।

੧੮ ਬਣਾਵਟਾਂ ਬਣਾਉਂਦੇ ਹਨ ।

੧੯ ਵਰ ਦੇਣ ਵਾਲਾ, ਬਖਸ਼ਿੰਦ ।

੨੦ ਸੰਤਾਂ ਦਾ ਸਹਾਰਾ ।

੨੧ ਪ੍ਰਤੱਖ, ਹਾਜ਼ਰ-ਨਾਜ਼ਰ ।

੨੨ ਜੋ ਪਾਪਾਂ ਦੇ ਦੂਰ ਕਰਨ ਵਾਲਾ ਅਤੇ ਬਾਣੀ ਦਾ ਸਰ (ਸਰੋਵਰ, ਚਸ਼ਮਾ) ਹੈ ।

੨੩ ਗਾਉਂਦੇ ਹਨ ਗੰਭੀਰਤਾ ਵਾਲੇ, ਧੀਰਜ ਵਾਲੇ ਅਤੇ ਮਤ ਦੇ ਸਾਗਰ (ਵੱਡੀ ਅਕਲ ਵਾਲੇ) ।

੨੪ 'ਕਲ' ਨਾਮ ਕਵੀ ਕਹਿੰਦਾ ਹੈ, ਮੈਂ ਉਸ ਗੁਰੂ ਨਾਨਕ ਦਾ ਸੋਹਣਾ ਜਸ ਗਾਉਂਦਾ ਹਾਂ, ਜਿਸ ਨੇ ਰਾਜ ਤੇ ਜੋਗ ਮਾਣੇ ਹਨ ।

੨੫ ਰਾਜਾ ਜਨਕ ਆਦਿ ਅਤੇ ਜੁਗਤੀ ਵਾਲੇ ਵੱਡੇ ਜੋਗੀ ਉਸ ਨੂੰ ਗਾਉਂਦੇ ਹਨ ਜੋ ਹਰੀ-ਰਸ ਨਾਲ ਅਤੇ ਸਾਰੀਆਂ ਸ਼ਕਤੀਆਂ ਨਾਲ ਭਰਪੂਰ ਹੈ ।

੨੬ ਬ੍ਰਹਮਾ ਦੇ ਪੁੱਤਰ ।

੨੭ ਕਿ ਉਹ ਛਲਣ ਵਾਲੀ (ਮਾਇਆ) ਦੇ ਹੱਥੋਂ ਭੀ ਨਹੀਂ ਛਲਿਆ ਗਿਆ ।

੨੮ ਇਕ ਰਿਸ਼ੀ ।

੨੯ ਅਚਲ ਪਦਵੀ ਵਾਲਾ, ਧ੍ਰੂਅ ਭਗਤ ।

੩੦ ਕਪਿਲ ਰਿਸ਼ੀ ਆਦਿ ।

੩੧ ਬਿਅੰਤ (ਹਰੀ) ਦੇ ਸ੍ਰੇਸ਼ਟ ਅਵਤਾਰ (ਗੁਰੂ ਨਾਨਕ ਨੂੰ) ।

੩੨ ਜਮਦਗਨ ਦਾ ਪੁੱਤਰ ਪਰਸ਼ ਰਾਮ ਭੀ ਗਾਉਂਦਾ ਹੈ, ਜਿਸ ਦੇ ਹੱਥ ਦਾ ਕੁਹਾੜਾ ਤੇ ਜ਼ੋਰ ਰਘੁਬੀਰ (ਰਾਮਚੰਦਰ) ਨੇ ਖੋਹ ਲਿਆ ਸੀ ।

੩੩ [ਊਧਵ] ਕ੍ਰਿਸ਼ਨ ਦਾ ਭਗਤ ।

* ਇਹ ਦੋ ਅੰਤਲੇ ਸਵੱਯੇ, ਪਹਿਲੇ ਨੌਆਂ ਵਾਂਗ, ਹੈਨ ਤਾਂ ਪੰਚਮ ਪਤਾਸ਼ਾਹ ਦੇ, ਪਰ ਇਨ੍ਹਾਂ ਦੀ ਤਰਜ਼ ਬਦਲ ਜਾਣ ਕਰ ਕੇ ਛੋਟੇ ਅੰਕ (੧ ਤੇ ੨) ਵੱਖ ਦਿੱਤੇ ਹਨ । ਵੱਡੇ ਅੰਕ; ੧੦ ਤੇ ੧੧, ਉਸੇ ਤਰ੍ਹਾਂ ਜਾਰੀ ਹਨ।

† ਇਨ੍ਹਾਂ ਦਸਾਂ ਸਵੱਯਾਂ ਵਿੱਚ ਭਟ ਕਲ੍ਯ-ਸਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਰੀ ਦਾ ਰੂਪ ਜਾਣ ਕੇ ਸਿਫ਼ਤ ਕਰਦਾ ਹੈ ਚੂੰਕਿ ਗੁਰੂ ਜੀ ਪਰਮਾਦਿ ਹਰੀ ਦਾ ਰੂਪ ਹਨ, ਇਸ ਲਈ ਜੋ ਭੀ ਗੁਣ ਰਿਸ਼ੀ ਮੁਨੀ ਜਾਂ ਭਗਤ ਗਾਂਦੇ ਆਏ ਹਨ, ਓਹ ਗੁਰੂ ਜੀ ਦੇ ਹੀ ਸਨ ।

[੧]ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ[੨] ਜਿਨਿ ਜਾਣਿਓ ॥ ਕਬਿ ਕਲ ਸੁਜਸੁ
ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੪ ॥ ਗਾਵਹਿ ਗੁਣ [੩]ਬਰਨ
ਚਾਰਿ [੪]ਖਟ ਦਰਸਨ [੫]ਬ੍ਰਹਮਾਦਿਕ ਸਿਮਰੰਥਿ ਗੁਨਾ ॥ *ਗਾਵੈ ਗੁਣ ਸੇਸੁ
ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥ ਗਾਵੈ ਗੁਣ ਮਹਾਦੇਉ
ਬੈਰਾਗੀ ਜਿਨਿ ਧਿਆਨ ਨਿਰੰਤਰਿ[੬] ਜਾਣਿਓ ॥ ਕਬਿ ਕਲ ਸੁਜਸੁ ਗਾਵਉ
ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੫ ॥ ਰਾਜੁ ਜੋਗੁ ਮਾਣਿਓ ਬਸਿਓ
ਨਿਰਵੈਰੁ ਰਿਦੰਤਰਿ ॥ [੭]ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ[੬] ॥
ਗੁਣ ਗਾਵਹਿ ਸਨਕਾਦਿ[੮] ਆਦਿ ਜਨਕਾਦਿ [੯]ਜੁਗਹ ਲਗਿ ॥ ਧੰਨਿ ਧੰਨਿ ਗੁਰੁ
ਧੰਨਿ ਜਨਮੁ ਸਕਯਥੁ[੧੦] ਭਲੌ ਜਗਿ ॥ [੧੧]ਪਾਤਾਲਪੁਰੀ ਜੈਕਾਰ ਧੁਨਿ ਕਬਿ ਜਨ
ਕਲ ਵਖਾਣਿਓ ॥ [੧੨]ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥
੬ ॥ ਸਤਜੁਗਿ ਤੈ ਮਾਣਿਓ[੧੩] [੧੪]ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ
ਮਾਣਿਓ ਰਾਮੁ ਰਘੁਵੰਸੁ ਕਹਾਇਓ ॥ ਦੁਆਪੁਰਿ ਕ੍ਰਿਸਨ ਮੁਰਾਰਿ [੧੫]ਕੰਸੁ
ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ [੧੬]ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ[੧੭] ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੂ ਰਾਜੁ
ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥ ਗੁਣ ਗਾਵੈ ਰਵਿਦਾਸੁ
ਭਗਤੁ ਜੈਦੇਵ ਤ੍ਰਿਲੋਚਨ ॥ ਨਾਮਾ ਭਗਤੁ ਕਬੀਰੁ ਸਦਾ [੧੮]ਗਾਵਹਿ ਸਮ
ਲੋਚਨ ॥ [੧੯]ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥ ਜੋਗ
ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥ ਸੁਖਦੇਉ[੨੦] ਪਰੀਖ੍ਯ੍ਯਤੁ[੨੧]
ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥ ਕਬਿ ਕਲ ਸੁਜਸੁ ਨਾਨਕ ਗੁਰ ਨਿਤ
ਨਵਤਨੁ[੨੨] ਜਗਿ ਛਾਇਓ ॥ ੮ ॥ [੨੩]ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ
ਭੁਯੰਗਮ ॥ ਮਹਾਦੇਉ ਗੁਣ ਰਵੈ ਸਦਾ [੨੪]ਜੋਗੀ ਜਤਿ ਜੰਗਮ ॥ ਗੁਣ ਗਾਵੈ
ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ† ॥ ਬ੍ਰਹਮਾ ਗੁਣ ਉਚਰੈ
ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ[੨੫] ॥ [੨੬]ਬ੍ਰਹਮੰਡ ਖੰਡ ਪੂਰਨ ਬ੍ਰਹਮੁ
ਗੁਣ ਨਿਰਗੁਣ ਸਮ ਜਾਣਿਓ ॥ ਜਪੁ ਕਲ ਸੁਜਸੁ ਨਾਨਕ ਗੁਰ ਸਹਜੁ
ਜੋਗੁ ਜਿਨਿ ਮਾਣਿਓ ॥ ੯ ॥ ਗੁਣ ਗਾਵਹਿ [੨੭]ਨਵ ਨਾਥ ਧੰਨਿ ਗੁਰੁ
ਸਾਚਿ ਸਮਾਇਓ ॥ ਮਾਂਧਾਤਾ[੨੮] ਗੁਣ ਰਵੈ [੨੯]ਜੇਨ ਚਕ੍ਰਵੈ ਕਹਾਇਓ ॥ ਗੁਣ
ਗਾਵੈ [੩੦]ਬਲਿ ਰਾਉ ਸਪਤ ਪਾਤਾਲਿ ਬਸੰਤੌ ॥ [੩੧]ਭਰਥਰਿ ਗੁਣ ਉਚਰੈ ਸਦਾ
ਗੁਰ ਸੰਗਿ ਰਹੰਤੌ ॥ ਦੂਰਬਾ[੩੨] ਪਰੂਰਉ[੩੩] ਅੰਗਰੈ[੩੪] ਗੁਰ ਨਾਨਕ ਜਸੁ ਗਾਇਓ ॥
ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥ ੧੦ ॥

੧ ਇਹ ਦੋਵੇਂ ਕ੍ਰਿਸ਼ਨ ਜੀ ਦੇ ਭਗਤ ਹੋਏ ਹਨ ।
੨ ਸਭ ਦਾ ਆਤਮਾ ਹਰੀ ।
੩ ਚਾਰ ਵਰਨ (ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੁਦਰ) ।
੪ ਛੀ ਭੇਖ ਦੇਖੋ ਪੰ: ੧੧੧੬, ਨੋਟ ੧੮ ।
੫ ਬ੍ਰਹਮਾ ਆਦਿ ਦੇਵਤੇ ਗੁਣ ਸਿਮਰਦੇ ਹਨ ।
੬ ਇਕ ਰਸ, ਲਗਾਤਾਰ ।
੭ ਸਾਰੀ ਸ੍ਰਿਸ਼ਟਿ ਤਰ ਗਈ ਉਸ ਨਾਮ ਦੁਆਰਾ ਜਿਸ ਨੂੰ ਇਕ-ਰਸ ਲੈ ਕੇ ਗੁਰੂ ਨਾਨਕ ਜੀ ਤਰ ਗਏ। 'ਨਾਮਿ' ਦੇਹਲੀ ਦੀਪਕ ਕਰ ਕੇ ਦੋਹਾਂ ਪਾਸੇ ਵਰਤਿਆ ਹੈ, ਅਰਥਾਂ ਲਈ ਇਹ ਤੁਕ ਇਉਂ ਲੈਣੀ ਹੈ : 'ਸ੍ਰਿਸਟਿ ਸਗਲ ਉਧਰੀ ਨਾਮਿ, ਨਾਮਿ ਲੇ ਤਰਿਓ ਨਿਰੰਤਰਿ' ।
੮ ਬ੍ਰਹਮਾ ਦੇ ਪੁੱਤਰ ਸਨਕ, ਸਨੰਦਨ ਆਦਿ ।
੯ ਜੁਗਾਂ ਤੋੜੀ ।
੧੦ [ਸੰ. ਸ਼ਕਜਾਰਥ] ਸਕਯਾਰਥਾ, ਸਫ਼ਲ ।
੧੧ ਕਵੀ ਕਲੁ ਕਹਿੰਦਾ ਹੈ ਕਿ ਪਤਾਲ ਤੋਂ ਭੀ ਤੇਰੇ ਜੈਕਾਰ ਦੀ ਆਵਾਜ਼ ਆ ਰਹੀ ਹੈ ।
੧੨ ਹੇ ਹਰੀ ਨਾਮ ਦੇ ਰਸੀਏ ਗੁਰੂ ਨਾਨਕ !
੧੩ ਰਾਜ ਜੋਗ ਮਾਣਿਆ ।
੧੪ ਰਾਜਾ ਬਲ ਨੂੰ ਛਲਿਆ (ਢਾਈ ਕਰੂੰ ਜ਼ਿਮੀ ਮੰਗ ਕੇ) ਬਾਵਨ ਰੂਪ ਧਾਰ ਕੇ ਜੋ ਤੈਨੂੰ ਉਸ ਵੇਲੇ ਚੰਗਾ ਲੱਗਾ ਸੀ ।
੧੫ ਕੰਸ ਨੂੰ ਮੁਕਤ ਕੀਤਾ ਸੀ ।
੧੬ ਅਤੇ ਭਗਤ ਜਨਾਂ ਨੂੰ ਨਿਰਭੈ ਪਦ ਦਿੱਤਾ ਸੀ ।
੧੭ ਪ੍ਰਮਾਣਿਕ, ਮਕਬੂਲ, ਪ੍ਰਸਿੱਧ ।
੧੮ ਤੈਨੂੰ ਸਮਾਨ ਨੇਤ੍ਰਾਂ ਵਾਲਾ ਜਾਣ ਕੇ ਗਾਂਦੇ ਹਨ, ਭਾਵ ਇਹ ਜਾਣ ਕੇ ਕਿ ਤੂੰ ਸਭ ਨੂੰ (ਊਚ ਨੀਚ, ਹਿੰਦੂ ਮੁਸਲਮਾਨ ਨੂੰ) ਇਕੋ ਨਜ਼ਰ ਨਾਲ ਦੇਖਣ ਵਾਲਾ ਹੈ ।
੧੯ ਬੇਣੀ ਭਗਤ ਤੇਰੇ ਇਹ ਗੁਣ ਯਾਦ ਕਰਦਾ ਹੈ ਕਿ ਗੁਰੂ ਨਾਨਕ ਅਡੋਲ ਅਵਸਥਾ ਵਿੱਚ ਆਤਮ ਚਾਉ ਦਾ ਸਵਾਦ ਲੈਂਦਾ ਹੈ ਅਤੇ ਗੁਰ ਗਿਆਨ ਦੁਆਰਾ ਮੇਲ ਵਾਲੀ ਸੁਰਤੀ ਵਿੱਚ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਨੂੰ ਪਛਾਣਦਾ ਹੀ ਨਹੀਂ ।
੨੦ ਬਿਆਸ ਦਾ ਪੁੱਤਰ ।
੨੧ ਅਰਜਨ ਦਾ ਪੋਤਾ (ਜਿਸ ਨੂੰ ਸੁਕਦੇਵ ਰਿਸ਼ੀ ਨੇ ਭਾਗਵਤ ਪੁਰਾਣ ਸੁਣਾਇਆ ਸੀ) । ਇਸ ਉਪਰੰਤ ਕਲਿਯੁਗ ਸ਼ੁਰੂ ਹੋਇਆ ।
੨੨ ਨਵਾਂ ।
੨੩ ਪਤਾਲ ਵਿੱਚ ਸ਼ੇਸ਼ਨਾਗ ਆਦਿ ਸਰਪ ਦੇ ਰੂਪ ਵਾਲੇ ਭਗਤ ਤੇਰਾ ਜਸ ਗਾਂਦੇ ਹਨ ।
੨੪ ਜੋਗੀ, ਜਤੀ ਤੇ ਜੰਗਮ (ਇਕ ਭੇਖ) ।
੨੫ ਰਚੀ, ਬਣਾਈ ।
੨੬ ਜਿਸ (ਗੁਰੂ ਨਾਨਕ) ਨੇ ਸਭ ਸ੍ਰਿਸ਼ਟੀ ਵਿੱਚ ਵਿਆਪਕ ਬ੍ਰਹਮ ਨੂੰ ਸਰਗੁਣ ਤੇ ਨਿਰਗੁਣ ਰੂਪਾਂ ਵਿੱਚ ਇਕੋ ਜਿਹਾ ਜਾਣਿਆ ਹੈ ।
੨੭ ਨੌਂ ਨਾਥ- ਗੋਰਖ ਨਾਥ, ਮਛੰਦਰ ਨਾਥ ਆਦਿ ।
੨੮ ਮਾਨਧਾਤਾ, ਇਕ ਬਲੀ ਰਾਜਾ ।
੨੯ ਜਿਹੜਾ ਚੱਕਰਵਰਤੀ ਅਖਵਾਉਂਦਾ ਸੀ ।
੩੦ ਸਤਵੇਂ ਪਤਾਲ ਵਿੱਚ ਵਸਦਾ ਰਾਜਾ ਬਲਿ ।
੩੧ ਭਰਥਰੀ ਜੋ ਸਦਾ ਆਪਣੇ ਗੁਰੂ ਗੋਰਖ ਨਾਲ ਰਹਿੰਦਾ ਹੈ ।
੩੨ ਦੁਰਵਾਸ਼ਾ ਰਿਸ਼ੀ । ੩੩ ਰਾਜਾ ਪੁਰੂ ।
੩੪ ਅੰਗਿਰਾ ਰਿਖੀ ਨੇ ।

* ਸ਼ੇਸ਼ਨਾਗ ਹਜ਼ਾਰ ਜੀਭਾਂ ਦੁਆਰਾ ਰਸ ਨਾਲ (ਸੁਆਦ ਲਾ ਕੇ) ਆਦਿ ਅੰਤਿ (ਲਗਾਤਾਰ) ਲਿਵ ਦੀ ਤਾਰ ਬੰਨ੍ਹ ਕੇ (ਗੁਰੂ ਨਾਨਕ ਦੇ) ਗੁਣ ਗਾਉਂਦਾ ਹੈ ।

† ਬੀਚਾਰੇ ।

ਸਵਈਏ ਮਹਲੇ ਦੂਜੇ ਕੇ ੨ ੴ ਸਤਿਗੁਰ ਪ੍ਰਸਾਦਿ ॥

ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥ ਸਤਿਗੁਰੂ ਧੰਨੁ ਨਾਨਕੁ [੧]ਮਸਤਕਿ ਤੁਮ ਧਰਿਓ ਜਿਨਿ ਹਥੋ ॥ ਤ[੨] ਧਰਿਓ ਮਸਤਕਿ ਹਥੁ ਸਹਜਿ[੩] [੪]ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ [੫]ਬੋਹਿਯ ਅਗਾਜਿ ॥ ਮਾਰਿਓ ਕੰਟਕੁ[੬] ਕਾਲੁ ਗਰਜਿ [੭]ਧਾਵਤੁ ਲੀਓ ਬਰਜਿ [੮]ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥ ਜਗੁ ਜੀਤਉ ਗੁਰ ਦੁਆਰਿ [੯]ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥ [੧੦]ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੧ ॥ [੧੧]ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ ਤਿਮਰ ਅਗ੍ਯਾਨ ਜਾਹਿ ਦਰਸ ਦੁਆਰ ॥ [੧੨]ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥ [੧੩]ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ ਨਿੰਮਰੀ ਭੂਤ ਸਦੀਵ ਪਰਮ ਪਿਆਰਿ ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੨ ॥ ਤੈ ਤਉ ਦ੍ਰਿੜਿਓ ਨਾਮੁ ਅਪਾਰੁ [੧੪]ਬਿਮਲ ਜਾਸੁ ਬਿਥਾਰੁ ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ ॥ [੧੫]ਤੂ ਤਾ ਜਨਿਕ ਰਾਜਾ ਅਉਤਾਰੁ [੧੬]ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ ॥ [੧੭]ਕਲਿਪ ਤਰੁ ਰੋਗ ਬਿਦਾਰੁ[੧੮] ਸੰਸਾਰ ਤਾਪ ਨਿਵਾਰੁ [੧੯]ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੩ ॥ ਤੈ ਤਾ ਹਦਰਥਿ[੨੦] ਪਾਇਓ ਮਾਨੁ [੨੧]ਸੇਵਿਆ ਗੁਰੁ ਪਰਵਾਨੁ ਸਾਧਿ ਅਜਗਰੁ ਜਿਨਿ ਕੀਆ ਉਨਮਾਨੁ ॥ *ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ ਜਾਣੀਅ ਅਕਲ ਗਤਿ ਗੁਰ ਪਰਵਾਨ ॥ ਜਾ ਕੀ ਦ੍ਰਿਸਟਿ ਅਚਲ ਠਾਣ [੨੨]ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੪ ॥ [੨੩]ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥ [੨੪]ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥ ਲੋਭ ਮੋਹ ਵਸਿ ਕਰਣ [੨੫]ਸਰਣ ਜਾਚਿਕ ਪ੍ਰਤਿਪਾਲਣ ॥ [੨੬]ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥ [੨੭]ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥ [੨੮]ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥ ੫ ॥ ਸਦਾ ਅਕਲ

੧ ਤੇਰੇ ਮੱਥੇ 'ਤੇ (ਹੇ ਗੁਰੂ ਅੰਗਦ !) ।
੨ ਤਦੋਂ ।
੩ ਸਹਿਜੇ ਹੀ ।
੪ ਅੰਮ੍ਰਿਤ ਵਸਿਆ ਛੱਜੀਂ, ਭਾਵ ਝੜੀ ਲਾ ਕੇ ।
੫ ਸੁਗੰਧਤ ਹੋ ਗਏ, ਭਿਜ ਗਏ ਪ੍ਰਤੱਖ ਤੌਰ 'ਤੇ ।
੬ [ਸੰ. ਕੰਡਾ] ਦੁਖਦਾਈ ।
੭ ਦੌੜਦਾ (ਮਨ) ਰੋਕ ਲਿਆ ।
੮ ਕਾਮਾਦਿ ਪੰਜੇ ਸਮੇਟ ਕੇ (ਸਮਜਿ) ਇਕ ਥਾਂ ਕਾਬੂ ਕਰ ਲਏ ।
੯ ਤੂੰ ਖੇਡਦਾ ਹੈਂ ਸਮਤਾ (ਸਭ ਨੂੰ ਇਕੋ ਜਿਹਾ, ਵੇਖਣ) ਦੀ ਬਾਜੀ (ਸਾਰਿ (ਸਾਰੀ)= ਨਰਦਾਂ ਖੇਡ), ਅਡੋਲ ਲਿਵ ਦੇ ਰੱਥ (ਪ੍ਰਵਾਹ) ਨੂੰ ਨਿਰੰਕਾਰ ਵਿੱਚ ਰੱਖ ਕੇ ।
੧੦ ਹੇ ਕਲ-ਸਹਾਰ ! ਤੂੰ ਸੱਤਾਂ ਦੀਪਾਂ ਵਿੱਚ ਭਾਈ ਲਹਿਣਾ ਜੀ ਦੀ ਸਿਫ਼ਤ ਆਖ, ਜੋ ਮੁਰਾਰੀ ਰੂਪ ਨਾਨਕ ਨੂੰ ਛੁਹ ਕੇ ਜਗਤ-ਗੁਰੂ ਬਣ ਗਏ।
੧੧ ਜਿਸ ਦੀ ਅੰਮ੍ਰਿਤ ਚੋਣ ਵਾਲੀ ਨਜ਼ਰ (ਪਾਪਾਂ ਦੀ) ਕਾਲਖ ਨੂੰ ਪੁੱਟ ਕੇ ਲਾਹ ਦੇਂਦੀ ਹੈ ਅਤੇ ਜਿਸ ਦੇ ਦਰ ਦੇ ਦਰਸ਼ਨ ਨਾਲ ਅਗਿਆਨ ਦਾ ਹਨੇਰਾ ਦੂਰ ਹੁੰਦਾ ਹੈ ।
੧੨ ਜਿਹੜੇ ਉਸ ਦੇ ਸ੍ਰੇਸ਼ਟ ਸ਼ਬਦ ਨੂੰ ਜਪਦੇ ਹਨ, ਜੋ ਇਕ ਔਖੀ ਕਾਰ ਹੈ, ਉਨ੍ਹਾਂ ਮਨੁੱਖਾਂ ਨੂੰ ਗੁਰੂ ਨੇ ਸੰਸਾਰ ਤੋਂ ਪਾਰ ਕਰ ਕੇ ਭਾਰ ਰਹਿਤ ਕਰ ਦਿੱਤਾ ਹੈ ।
੧੩ ਸਤ-ਸੰਗ ਰਾਹੀਂ ਸਹਜ ਅਵਸਥਾ ਸੰਭਾਲਣ ਨਾਲ ਗੁਰੂ ਵਾਲੀ ਵਿਚਾਰ ਦੁਆਰਾ ਬੁੱਧੀ ਜਾਗੀ ਰਹਿੰਦੀ ਹੈ ਅਤੇ ਅਤਿ ਪ੍ਰੇਮ ਵਿੱਚ ਸਦਾ ਨਰਮੀ (ਨਿਮ੍ਰਤਾ ਵਾਲਾ) ਸੁਭਾਉ ਬਣਿਆਂ ਰਹਿੰਦਾ ਹੈ ।
੧੪ ਜਿਸ ਦਾ ਵਿਸਥਾਰ ਪਵਿੱਤਰ ਹੈ ।
੧੫ ਭਾਵ ਜਿਵੇਂ ਜਨਕ ਰਾਜਾ ਰਾਜ-ਭਾਗ ਮਾਣਦਾ ਹੋਇਆ ਫਿਰ ਨਿਰਲੇਪ ਰਹਿੰਦਾ ਸੀ, ਤਿਵੇਂ ਤੂੰ ਰਹਿੰਦਾ ਹੈਂ । ਦੇਖੋ ਗੀਤਾ, ਅਧਿ. ੩-੨੦ ।
੧੬ ਜਗਤ ਵਿੱਚ ਤੇਰੀ ਬਾਣੀ ਤੱਤ ਵਸਤੂ ਹੈ; ਤੂੰ ਜਗਤ ਵਿੱਚ ਇਉਂ ਰਹਿੰਦਾ ਹੈਂ, ਜਿਵੇਂ ਜਲ ਤੇ ਪਦਮ (ਕਉਲ) ਦਾ ਵਿਚਾਰ ਹੈ ।
੧੭ ਤੂੰ ਸਵਰਗ ਦੇ ਕਲਪ ਬ੍ਰਿਛ ਵਾਂਗ ਕਾਮਨਾ ਪੂਰੀਆਂ ਕਰਨ ਵਾਲਾ ਹੈਂ ।
੧੮ ਦੂਰ ਕਰਨ ਵਾਲਾ ।
੧੯ ਤਿੰਨਾਂ ਵਿਧੀਆਂ (ਗੁਣਾਂ) ਵਾਲੇ ਜੀਵ, ਸੰਸਾਰੀ ਲੋਕ ਤੇਰੀ ਲਿਵ ਵਿੱਚ ਮਗਨ ਹਨ ।
੨੦ ਹਜ਼ਰਤ (ਨਾਨਕ) ਤੋਂ ।
੨੧ ਤੁਸਾਂ ਉਸ ਪ੍ਰਮਾਣਿਕ ਗੁਰੂ ਨੂੰ ਸੇਵਿਆ, ਜਿਸ ਨੇ ਅਜਗਰ (ਸੱਪ) ਰੂਪ ਮਨ ਨੂੰ ਕਾਬੂ ਕਰ ਕੇ ਉੱਚਾ ਕੀਤਾ ।
੨੨ ਜਿਸ ਦੀ ਬੁੱਧੀ ਸਾਫ ਤੇ ਚੰਗੇ ਟਿਕਾਣੇ ਲੱਗੀ ਹੋਈ ਹੈ ਅਤੇ ਜਿਸ ਨੇ ਸ਼ਾਂਤੀ ਦੀ ਸੰਜੋਇ ਪਹਿਨ ਕੇ ਮਾਇਆ ਦਾ ਨਾਸ ਕੀਤਾ ਹੈ ।
੨੩ ਨਜ਼ਰ ਧਰਦਿਆਂ ਹੀ ਹਨੇਰਾ ਦੂਰ ਕਰਨ ਵਾਲੇ ਹੋ, ਪਾਪ ਸਾੜਨ ਵਾਲੇ ਤੇ ਪਾਪ ਨਾਸ ਕਰਨ ਵਾਲੇ ਹੋ।
੨੪ ਬਚਨ ਦੇ ਬਲੀ ਸੂਰਮੇ ਹੋ ।
੨੫ ਸ਼ਰਨ ਲੈਣ ਵਾਲੇ ਨੂੰ ਪਾਲਣ ਵਾਲੇ ਹੋ ।
੨੬ ਰੂਹਾਨੀ ਲਗਨ ਨੂੰ ਇਕੱਠਾ ਕਰਨ ਵਾਲੇ ਹੋ, ਤੁਹਾਡਾ ਕਥਨ ਅੰਮ੍ਰਿਤ ਢਾਲਣ ਦੀ ਕਲਾ ਹੈ ।
੨੭ ਹੇ ਕਲ-ਸਹਾਰ ! ਸਤਿਗੁਰ (ਅੰਗਦ) ਤਿਲਕ-ਗੁਰੂ ਹੈ, ਭਾਵ ਸ਼੍ਰੋਮਣੀ ਗੁਰੂ ਹੈ; ਜੋ ਸੱਚੀ ਮੁੱਚੀ ਚਰਨੀਂ ਲੱਗਦਾ ਹੈ ਤਰ ਜਾਂਦਾ ਹੈ ।
੨੮ ਫੇਰੂ ਦਾ ਸ਼ੀਂਹ ਵਰਗਾ ਪੁੱਤਰ, ਭਾਈ ਲਹਿਣਾ ਜਗਤ-ਗੁਰੂ ਅੰਗਦ ਹੋ ਕੇ ਰਾਜ ਜੋਗ ਮਾਣਦਾ ਹੈ।

* ਜਿਸ ਦਾ ਦਰਸ਼ਨ ਹਰੀ ਦਰਸ ਵਰਗਾ ਹੈ, ਜਿਸ ਦਾ ਆਤਮਾ ਗਿਆਨਵਾਨ ਹੈ, ਜਿਸ ਨੇ ਜਾਣੀ ਹੈ ਪਰਵਾਨ ਗੁਰੂ (ਨਾਨਕ) ਦੀ ਅਕਲ ਗਤੀ (ਉਹ ਹਾਲਤ ਜਿਸ ਤੱਕ ਕੋਈ ਹੁਨਰ ਨਾ ਪਹੁੰਚ ਸਕੇ, ਅਗਮ ਹਾਲਤ)।

ਲਿਵ ਰਹੇ [੧]ਕਰਨ ਸਿਉ ਇਛਾ ਚਾਰਹ ॥ [੨]ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ ॥ ਇਹੈ ਤਤੁ ਜਾਣਿਓ [੩]ਸਰਬ ਗਤਿ ਅਲਖੁ ਬਿਡਾਣੀ ॥ [੪]ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ ॥ [੫]ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ ॥ [੬]ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ ॥ ੬ ॥ ਮਨਿ ਬਿਸਾਸੁ[੭] ਪਾਇਓ [੮]ਗਹਰਿ ਗਹੁ ਹਦਰਥਿ ਦੀਓ ॥ ਗਰਲ[੯] ਨਾਸੁ ਤਨਿ ਨਠਯੋ [੧੦]ਅਮਿਉ ਅੰਤਰਗਤਿ ਪੀਓ ॥ ਰਿਦਿ ਬਿਗਾਸੁ ਜਾਗਿਓ [੧੧]ਅਲਖਿ ਕਲ ਧਰੀ ਜੁਗੰਤਰਿ ॥ ਸਤਿਗੁਰੁ [੧੨]ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ ॥ [੧੩]ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ ॥ [੧੪]ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ ॥ ੭ ॥ ਨਾਮੁ ਅਵਖਧੁ[੧੫] ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ ॥ ਰੰਗਿ ਰਤੌ ਨਾਮ ਸਿਉ ਕਲ ਨਾਮੁ [੧੬]ਸੁਰਿ ਨਰਹ ਬੋਹੈ ॥ ਨਾਮ [੧੭]ਪਰਸੁ ਜਿਨਿ ਪਾਇਓ [੧੮]ਸਤੁ ਪ੍ਰਗਟਿਓ ਰਵਿ ਲੋਇ ॥ ਦਰਸਨਿ ਪਰਸਿਐ ਗੁਰੂ ਕੈ [੧੯]ਅਠਸਠਿ ਮਜਨੁ ਹੋਇ ॥ ੮ ॥ ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ[੨੦] ਸੋਹੈ ॥ ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ[੨੧] ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ[੨੨] ॥ ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥ ੯ ॥ [੨੩]ਅਮਿਅ ਦ੍ਰਿਸਟਿ ਸੁਭ ਕਰੈ [੨੪]ਹਰੈ ਅਘ ਪਾਪ ਸਕਲ ਮਲ ॥ ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥ ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ[੨੫] ਦਰੀਆਉ ਜਨਮ ਹਮ ਕਾਲਖ ਧੋਵੈ ॥ ਸੁ ਕਹੁ ਟਲ[*] ਗੁਰੁ ਸੇਵੀਐ ਅਹਿਨਿਸਿ[੨੬] ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥ ੧੦ ॥

ਸਵਈਏ ਮਹਲੇ ਤੀਜੇ ਕੇ ੩ ੴ ਸਤਿਗੁਰ ਪ੍ਰਸਾਦਿ ॥

ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥ ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ ॥ [੨੭]ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ ॥ ਕਵਿ ਜਨ ਕਲ੍ਹ [੨੮]ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ ॥ [੨੯]ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ ॥ ਉਤਰਿ ਦਖਿਣਹਿ ਪੁਬਿ[੩੦] ਅਰੁ ਪਸ੍ਚਮਿ ਜੈ ਜੈਕਾਰੁ ਜਪੰਥਿ[੩੧] ਨਰਾ ॥ ਹਰਿ ਨਾਮੁ ਰਸਨਿ

੧ ਕਰਨੀ ਵਿੱਚ । ਆਪ ਦੀ ਲਿਵ ਬਣਾਵਟ ਤੋਂ ਰਹਿਤ ਹੈ ਅਤੇ ਤੁਸੀਂ ਕਰਨੀ ਵਿੱਚ ਅਜ਼ਾਦ ਹੋ।
੨ ਜਿਵੇਂ ਫਲਾਂ ਨਾਲ ਭਰਪੂਰ ਬ੍ਰਿਛ ਨਿਉਂਦਾ ਹੈ ਅਤੇ ਤਕਲੀਫ਼ ਸਹਾਰਦਾ ਹੈ, ਤਿਵੇਂ ਆਪ ਦੀ ਵਿਚਾਰ ਵੀ ਸਾਫ਼ ਹੈ ।
੩ ਕਿ ਹਰੀ ਸਰਵ-ਵਿਆਪਕ, ਨ ਲਖਿਆ ਜਾਣ ਵਾਲਾ ਤੇ ਅਸਚਰਜ ਹੈ ।
੪ ਆਪ ਨੇ ਅੰਮ੍ਰਿਤ-ਬਾਣੀ ਦੀ ਕਲਾ ਨਾਲ ਸਹਜੇ ਹੀ ਲੋਕਾਂ ਵਿੱਚ ਗਿਆਨ ਦੀ ਕਿਰਣ ਖਿਲਾਰੀ ਹੈ ।
੫ ਜਿੱਥੇ ਤੱਕ ਗੁਰੂ ਦੀ ਪਹੁੰਚ ਹੈ । ਤੈਨੂੰ ਉਹ ਦਰਜਾ ਮਿਲਿਆ ਜਿੱਥੇ ਤੱਕ ਗੁਰੂ ਨਾਨਕ ਦੀ ਪਹੁੰਚ ਸੀ, ਤੂੰ ਸਤ-ਸੰਤੋਖ ਨੂੰ ਗ੍ਰਹਿਣ ਕਰ ਲਿਆ ।
੬ ਕਲ-ਸਹਾਰ ਪੁਕਾਰ ਕੇ ਕਹਿੰਦਾ ਹੈ ਕਿ ਜਿਨ੍ਹਾਂ ਨੂੰ ਲਹਣੇ ਦਾ ਦਰਸ਼ਨ ਹੋਇਆ ਉਨ੍ਹਾਂ ਨੂੰ ਹਰੀ ਮਿਲ ਪਿਆ । ੭ ਵਿਸ਼ਵਾਸ, ਸ਼ਰਧਾ ।
੮ ਹਜ਼ਰਤ ਨਾਨਕ ਨੇ ਆਪ ਨੂੰ ਗਹਿਰ-ਗੰਭੀਰ ਹਰੀ ਵਿੱਚ ਗਹੁ (ਪਹੁੰਚ) ਦਿੱਤੀ ।
੯ ਜ਼ਹਿਰ ।
੧੦ ਆਪਣੇ ਅੰਦਰੋਂ ਹੀ ਅੰਮ੍ਰਿਤ ਪੀਤਾ ।
੧੧ ਅਲਖ (ਹਰੀ) ਨੇ ਜੁਗ (ਸੰਸਾਰ) ਵਿੱਚ ਆਪਣੀ ਸੱਤਾ ਰੱਖੀ ।
੧੨ ਪੰਨਾ ੧੧੯੯, ਨੋਟ ੨੧ । ਸਤਿਗੁਰੂ ਨੇ ਹਰੀ ਨੂੰ ਅਡੋਲ ਅਵਸਥਾ ਵਿੱਚ ਇਕ-ਰਸ ਹੋ ਕੇ ਸਿਮਰਿਆ।
੧੩ ਖੁਲ੍ਹੇ ਦਿਲ ਵਾਲਾ, ਗਰੀਬੀ ਦੂਰ ਕਰਨ ਵਾਲਾ, ਜਿਸ ਨੂੰ ਵੇਖਦਿਆਂ ਪਾਪ ਤ੍ਰਹਿੰਦੇ ਹਨ ।
੧੪ ਕਲ੍ਯ-ਸਹਾਰ ਸਦੀਵੀ ਪ੍ਰੇਮ ਨਾਲ ਸਹਜੇ ਹੀ ਜੀਭ ਨਾਲ ਲਹਣੇ ਦਾ ਜਸ ਉਚਾਰਦਾ ਹੈ ।
੧੫ ਦਵਾਈ ।
੧੬ ਚੰਗੇ ਮਨੁੱਖਾਂ ਨੂੰ ਸੁਗੰਧਤ ਕਰਦਾ ਹੈ ।
੧੭ ਪਾਰਸ ।
੧੮ ਉਸ ਦਾ ਸਤ ਰੂਪ ਸੂਰਜ ਸੰਸਾਰ ਵਿੱਚ ਚਮਕਿਆ ਹੈ ।
੧੯ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ ।
੨੦ ਆਖਦਿਆਂ ।
੨੧ ਸੁਗੰਧਤ ਕਰਦਾ ਹੈ ।
੨੨ ਆਖ ।
੨੩ ਅੰਮ੍ਰਿਤ-ਦ੍ਰਿਸ਼ਟੀ, ਮਿਹਰ ਦੀ ਨਜ਼ਰ ।
੨੪ ਪਾਪ ਤੇ ਸਾਰੀਆਂ ਮੈਲਾਂ ਦੂਰ ਕਰਦਾ ਹੈ ।
੨੫ ਦੇਖੋ ਪੰ: ੧੧੨੯, ਫੁਟ ਨੋ* ।
੨੬ ਦਿਨ ਰਾਤ ।
੨੭ ਉਸੇ ਨਾਮ ਦੁਆਰਾ ਨਾਨਕ ਰਸੀਆ ਹੋਇਆ, (ਉਸੇ ਨਾਮ ਦੁਆਰਾ) ਲਹਿਣਾ ਗੁਰੂ ਬਣਿਆ, ਜਿਸ ਕਰ ਕੇ ਸਾਰੀਆਂ ਤਾਕਤਾਂ ਮਿਲੀਆਂ ।
੨੮ ਚੰਗੀ ਬੁੱਧੀ ਵਾਲੇ ਅਮਰਦਾਸ ਦੀ ਕੀਰਤੀ ਲੋਕਾਂ ਵਿੱਚ ਖਿਲਰੀ ।
੨੯ ਸਿਫ਼ਤ ਦੇ ਸੂਰਜ ਦੀ ਕਿਰਨ ਸੰਸਾਰ ਵਿੱਚ ਇਵੇਂ ਪ੍ਰਗਟ ਹੋਈ ਜਿਵੇਂ ਮੌਲਸਰੀ ਬ੍ਰਿਛ ਦੀਆਂ ਸ਼ਾਖਾਂ ਖਿਲਰ ਕੇ ਖੁਸ਼ਬੂ ਖਿਲਾਰਦੀਆਂ ਹਨ ।
੩੦ ਪੂਰਬ ਵਿੱਚ । ੩੧ ਜਪਦੇ ਹਨ ।

* 'ਟਲ' 'ਕਲ' 'ਕਲ-ਸਹਾਰ' ਇਕੋ ਕਵੀ ਦੇ ਨਾਮ ਹਨ । ਇਸ ਸਵੱਯੇ ਦੀ ਅੰਤਲੀ ਤੁਕ ਭੀ ਓਹੀ ਹੈ ਜੋ ਉਤਲੇ ਦੋਹਾਂ ਸਵੱਯਾਂ ਦੀ ਹੈ । ਨਾਲੇ ਅੰਕ ਨਹੀਂ ਬਦਲਦਾ ।

[੧]ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ ॥ ਸੋਈ ਨਾਮੁ ਅਛਲੁ
ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੧ ॥ ਸਿਮਰਹਿ ਸੋਈ
ਨਾਮੁ [੨]ਜਖ੍ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ[੩] ॥ ਸਿਮਰਹਿ ਨਖ੍ਤ੍ਰ[੪]
ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ[੫] ॥ ਸਸੀਅਰੁ[੬] ਅਰੁ ਸੂਰੁ[੭]
ਨਾਮੁ ਉਲ੍ਾਸਹਿ[੮] [੯]ਸੈਲ ਲੋਅ ਜਿਨਿ ਉਧਰਿਆ ॥ ਸੋਈ ਨਾਮੁ ਅਛਲੁ ਭਗਤਹ
ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੨ ॥ ਸੋਈ ਨਾਮੁ ਸਿਵਰਿ
[੧੦]ਨਵ ਨਾਥ ਨਿਰੰਜਨੁ ਸਿਵ ਸਨਕਾਦਿ[੧੧] ਸਮੁਧਰਿਆ[੧੨] ॥ ਚਵਰਾਸੀਹ ਸਿਧ
ਬੁਧ ਜਿਤੁ ਰਾਤੇ ਅੰਬਰੀਕ[੧੩] ਭਵਜਲੁ ਤਰਿਆ ॥ [੧੪]ਉਧਉ ਅਕ੍ਰੂਰੁ ਤਿਲੋਚਨੁ
ਨਾਮਾ ਕਲਿ[੧੫] ਕਬੀਰ [੧੬]ਕਿਲਵਿਖ ਹਰਿਆ ॥ ਸੋਈ ਨਾਮੁ ਅਛਲੁ ਭਗਤਹ
ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੩ ॥ ਤਿਤੁ ਨਾਮਿ ਲਾਗਿ
ਤੇਤੀਸ[੧੭] ਧਿਆਵਹਿ ਜਤੀ ਤਪੀਸੁਰ ਮਨਿ ਵਸਿਆ ॥ ਸੋਈ ਨਾਮੁ ਸਿਮਰਿ
[੧੮]ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ[੧੯] ॥ ਤਿਤੁ ਨਾਮਿ ਗੁਰੂ
ਗੰਭੀਰ [੨੦]ਗਰੂਅ ਮਤਿ [੨੧]ਸਤ ਕਰਿ ਸੰਗਤਿ ਉਧਰੀਆ ॥ ਸੋਈ ਨਾਮੁ
ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੪ ॥
[੨੨]ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ ॥ ਉਤਰਿ
ਦਖਿਣਿ ਪੁਬਿ[੨੩] ਦੇਸਿ ਪਸ੍ਚਮਿ ਜਸੁ ਭਾਖਹ ॥ ਜਨਮੁ ਤ ਇਹੁ ਸਕਯਥੁ[੨੪]
ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥ [੨੫]ਸੁਰਿ ਨਰ ਗਣ[੨੬] ਗੰਧਰਬ[੨੭]
[੨੮]ਛਿਅ ਦਰਸਨ ਆਸਾਸੈ[੨੯] ॥ [੩੦]ਭਲਉ ਪ੍ਰਸਿਧੁ ਤੇਜੋ ਤਨੌ ਕਲ੍ [੩੧]ਜੋੜਿ
ਕਰ ਧ੍ਯਾਇਅਓ ॥ ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ
ਤੈ ਪਾਇਓ ॥ ੫ ॥ ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ
ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ ॥ ਜਹ ਨਾਮੁ ਸਮਾਧਿਓ[੩੨]
ਹਰਖੁ ਸੋਗੁ ਸਮ ਕਰਿ ਸਹਾਰੇ ॥ ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ
ਧਾਰਿ ॥ ਸੋਈ ਨਾਮੁ ਪਦਾਰਥੁ ਅਮਰ ਗੁਰ [੩੩]ਤੁਸਿ ਦੀਓ ਕਰਤਾਰਿ ॥ ੬ ॥
[੩੪]ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ [੨੦]ਗਰੂਅ ਮਤਿ
[੩੫]ਨਿਰਵੈਰਿ ਲੀਣਾ ॥ ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ* ਬੈਕੁੰਠ ਬੀਣਾ ॥
[੩੬]ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ ॥ ਸਤਿਗੁਰੂ ਸੇਵਿ
ਸੁਖੁ ਪਾਇਓ [੩੭]ਅਮਰਿ ਗੁਰਿ ਕੀਤਉ ਜੋਗੁ ॥ ੭ ॥ ਨਾਮੁ ਨਾਵਣੁ ਨਾਮੁ
ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਟ[੩੮] ਬਾਣੀ ॥ ਧਨਿ
ਸਤਿਗੁਰੁ ਸੇਵਿਓ ਜਿਸੁ ਪਸਾਇ[੩੯] ਗਤਿ ਅਗਮ ਜਾਣੀ ॥ ਕੁਲ ਸੰਬੂਹ
ਸਮੁਧਰੇ[੧੨] ਪਾਯਉ ਨਾਮ ਨਿਵਾਸੁ ॥ ਸਕਯਥੁ[੪੦] ਜਨਮੁ ਕਲ੍ਚਰੈ[੪੧] ਗੁਰੁ ਪਰਸਿ੍ਉ

੧ (ਜਿਹੜਾ ਨਾਮ ਆਪਣੀ ਜੀਭ ਦੁਆਰਾ) ਮੁਖੀ ਗੁਰੂ (ਨਾਨਕ) ਨੇ ਵਰਤਾਇਆ ਅਤੇ ਗੰਗਾ ਨੂੰ ਉਲਟਾ ਕੇ ਲਹਿੰਦੇ ਵੱਲ ਚਲਾ ਦਿੱਤਾ, ਭਾਵ ਲੋਕਾਂ ਦਾ ਸੁਭਾਉ ਬਦਲ ਦਿੱਤਾ, ਓਹੀ ਅਛਲ ਨਾਮ ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਗੁਰੂ ਅਮਰਦਾਸ ਜੀ ਨੂੰ ਅਨੁਭਵ ਹੋਇਆ ।

੨ ਯਖਸ਼ ਤੇ ਕਿਨਰ ਦੇਵਤਿਆਂ ਦੀਆਂ ਜ਼ਾਤਾਂ ਹਨ ।

੩ [ਹਰ] ਸ਼ਿਵ ਜੀ ।

੪ ਤਾਰੇ ।

੫ ਸ੍ਰੇਸ਼ਟ ।

੬ ਚੰਨ ।

੭ ਸੂਰਜ ।

੮ ਚਾਹੁੰਦੇ ਹਨ ।

੯ ਚਟਾਨਾਂ ਦੇ ਲੜ੍ਹੇ, ਪਹਾੜਾਂ ਦੇ ਸਮੂਹ ।

੧੦ ਜੋਗੀਆਂ ਦੇ ਨੌਂ ਗੁਰੂ ਗੋਰਖਨਾਥ ਆਦਿ ।

੧੧ ਸਨਕ ਸਨੰਦਨ ਆਦਿ ਬ੍ਰਹਮਾ ਦੇ ਚਾਰ ਪੁੱਤਰ ।

੧੨ ਚੰਗੀ ਤਰ੍ਹਾਂ ਤਰੇ ।

੧੩ ਇਕ ਭਗਤ ।

੧੪ ਊਧੋ ਤੇ ਅਕਰੂਰ ਕ੍ਰਿਸ਼ਨ ਜੀ ਦੇ ਭਗਤ ਸਨ ।

੧੫ ਕਲਯੁਗ ਵਿੱਚ ।

੧੬ ਪਾਪ ਦੂਰ ਕੀਤੇ ।

੧੭ ਤੇਤੀ ਕ੍ਰੋੜ ਦੇਵਤੇ ।

੧੮ ਗੰਗਾ ਦਾ ਪੁੱਤਰ ਭੀਸ਼ਮ ਪਿਤਾਮਾ ।

੧੯ ਚੋਇਆ ।

੨੦ ਭਾਰੀ ਮਤ ਵਾਲੇ, ਡੂੰਘੀ ਸਮਝ ਵਾਲੇ ।

੨੧ ਨਿਸਚੇ ਕਰ ਕੇ ।

੨੨ ਨਾਮ ਦੀ ਕੀਰਤੀ ਸੰਸਾਰ ਵਿੱਚ ਇਉਂ ਫੈਲ ਰਹੀ ਹੈ ਜਿਵੇਂ ਸੂਰਜ ਦੀ ਕਿਰਨ ਰੌਸ਼ਨੀ ਖਿਲਾਰਦੀ ਹੈ ਜਾਂ ਸਵਰਗ ਦੇ ਬ੍ਰਿਛ (ਮੌਲਸਰੀ) ਦੀਆਂ ਸ਼ਾਖਾਂ ਖ਼ੁਸ਼ਬੂ ਖਿਲਾਰਦੀਆਂ ਹਨ ।

੨੩ ਪੂਰਬ ਵਿੱਚ ।

੨੪ ਸਕਾਰਥਾ ।

੨੫ ਦੈਵੀ ਸੰਪਦਾ ਦੇ ਮਨੁੱਖ ।

੨੬ ਦੇਵਤਿਆਂ ਦੇ ਸੇਵਕ ।

੨੭ ਸੁਰਗ ਦੇ ਗਵੱਯੇ ।

੨੮ ਛੇ ਭੇਖ : ਜੋਗੀ, ਜੰਗਮ ਆਦਿ ਦੇਖੋ ਪੰ: ੧੧੧੬, ਨੋਟ ੧੮ ।

੨੯ ਲੋਚਦੇ ਹਨ ।

੩੦ ਭੱਲਿਆਂ ਦੀ ਕੁਲ ਵਿੱਚ ਪ੍ਰਸਿੱਧ ਤੇਜ ਭਾਨ ਦਾ ਪੁੱਤਰ (ਗੁਰੂ ਅਮਰ ਦਾਸ ਜੀ) ।

੩੧ ਹੱਥ ਜੋੜ ਕੇ ।

੩੨ ਲਿਵ ਲਾ ਕੇ ਧਿਆਇਆ ਹੈ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਸਾਮਾਧਿਓ' ਹੈ) ।

੩੩ ਕਰਤਾਰ ਨੇ ਤਰੁੱਠ ਕੇ ਦਿੱਤਾ ।

੩੪ ਸਚ ਦਾ ਸੂਰਮਾ, ਸ਼ੀਲ ਵਿੱਚ ਤਕੜਾ, ਸਦ-ਭਾਵ (ਨੇਕ ਸੁਭਾ) ਵਾਲਾ ਤੇ ਘਣੀ ਸੰਗਤ-ਵਾਲਾ ।

੩੫ ਨਿਰਵੈਰ ਹਰੀ ਵਿੱਚ ਲੀਨ ।

੩੬ ਸੰਤ ਲੋਕ ਉਸ ਗੁਰੂ ਦੇ ਪਿਆਰ ਨੂੰ ਪਰਸਦੇ ਹਨ ਜਿਸ ਗੁਰੂ ਦਾ ਕਰਤਾਰ ਨਾਮ ਮੇਲ ਹੈ ।

੩੭ ਗੁਰੂ ਅਮਰ ਦੇਵ ਨੇ ਉਨ੍ਹਾਂ ਨੂੰ ਇਸ ਯੋਗ ਬਣਾਇਆ ਹੈ ।

੩੮ ਮਿੱਠੀ ।

੩੯ ਕਿਰਪਾ ਨਾਲ ।

੪੦ ਸਕਾਰਥਾ ।

੪੧ [ਕਲ+ਉਚਰੈ] ਕਲ੍ਹ ਆਖਦਾ ਹੈ । ਦੇਖੋ ਪੰ: ੧੩੯੨, ਨੋਟ ੧੪ ।

* ਪੁਲ ਉੱਤੇ । ਜਿਸ ਦਾ ਧੁਰ ਹਜ਼ੂਰੋਂ ਧੀਰਜ ਰੂਪ ਧੌਲਾ (ਚਿੱਟਾ) ਝੰਡਾ ਬੈਕੁੰਠ ਦੇ ਪੁਲ ਉੱਤੇ ਬਣਿਆ ਹੋਇਆ ਹੈ । ਭਾਵ ਗੁਰੂ ਜੀ ਦੀ ਧੀਰਜ ਨੂੰ ਦੇਖ ਕੇ ਲੋਕ ਅਗਵਾਈ ਲੈਂਦੇ ਅਤੇ ਬੈਕੁੰਠ ਦੇ ਰਸਤੇ ਪੈਂਦੇ ਹਨ।

ਅਮਰ ਪ੍ਰਗਾਸੁ ॥ ੮ ॥ ਬਾਰਿਜੁ[੧] ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ ॥ ਰਿਦੈ ਬਸੈ ਅਕਹੀਉ[੨] ਸੋਇ ਰਸੁ ਤਿਨ ਹੀ ਜਾਤਉ ॥ ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ ॥ [੩]ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰ[੪] ਧ੍ਯਾਇਅਉ ॥ [੫]ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥ ੯ ॥ *ਚਰਣ ਤ [੬]ਪਰ ਸਕਯਥ ਚਰਣ [੭]ਗੁਰ ਅਮਰ ਪਵਲਿ ਰਯ ॥ ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ[੮] ॥ ਜੀਹ[੯] ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ[੧੦] ॥ ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ[੧੧] ॥ ਸ੍ਰਵਣ[੧੨] ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥ ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥ ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥ ੧ ॥ ੧੦ ॥ [੧੩]ਤਿਨਰ ਦੁਖ ਨਹ ਭੁਖ [੧੪]ਤਿਨਰ ਨਿਧਨ ਨਹੁ ਕਹੀਅਹਿ ॥ ਤਿਨਰ ਸੋਕੁ ਨਹੁ ਹੂਐ[੧੫] ਤਿਨਰ ਸੇ ਅੰਤੁ ਨ ਲਹੀਅਹਿ ॥ [੧੬]ਤਿਨਰ ਸੇਵ ਨਹੁ ਕਰਹਿ ਤਿਨਰ ਸਯ ਸਹਸ ਸਮਪਹਿ ॥ ਤਿਨਰ ਦੁਲੀਚੈ ਬਹਹਿ ਤਿ ਨਰ ਉਥਪਿ ਬਿਥਪਹਿ ॥ ਸੁਖ ਲਹਹਿ ਤਿਨਰ ਸੰਸਾਰ ਮਹਿ [੧੭]ਅਭੈ ਪਟੁ ਰਿਪ ਮਧਿ ਤਿਹ ॥ ਸਕਯਥ ਤਿਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ ॥ ੨ ॥ ੧੧ ॥ ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥ [੧੮]ਨਯਣਿ ਬਯਣਿ ਮੁਹਿ ਇਕੁ ਇਕੁ [੧੯]ਦੁਹੁ ਠਾਂਇ ਨ ਜਾਣਿਓ ॥ ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥ [੨੦]ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥ [੨੧]ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥ ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥ ੩ ॥ ੧੨ ॥ [੨੨]ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ[੨੩] ਸੰਮਾਣੀ ॥ ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ ॥ [੨੪]ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ ॥ ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ ॥ ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁਮਤਿ ਜਲ੍ਯ[੨੫] ਜਾਣੀ ਜੁਗਤਿ ॥ ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥ ੪ ॥ ੧੩ ॥ ਗੁਰੁ ਅਮਰਦਾਸੁ ਪਰਸੀਐ [੨੬]ਪੁਹਮਿ ਪਾਤਿਕ ਬਿਨਾਸਹਿ ॥ ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ[੨੭] ॥ ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ [੨੮]ਪਉ ਮੁਕਿਹਿ ॥ ਗੁਰੁ ਅਮਰਦਾਸੁ ਪਰਸੀਐ ਅਭਉ ਲਭੈ [੨੯]ਗਉ ਚੁਕਿਹਿ ॥

੧ [ਪਾਣੀ ਤੋਂ ਪੈਦਾ ਹੋਇਆ] ਕਮਲ । ਜਿਸ ਦੇ ਸੱਜੇ ਹੱਥ ਵਿੱਚ ਕਮਲ ਦਾ ਨਿਸ਼ਾਨ ਹੈ; ਜਿਸ ਦੇ ਸਾਮ੍ਹਣੇ ਪਾਸਿਉਂ ਸਿੱਧੀਆਂ (ਆਤਮਕ ਤਾਕਤਾਂ) ਮੂੰਹ ਨੂੰ ਤੱਕ ਰਹੀਆਂ ਹਨ, ਜਿਸ ਦੇ ਖੱਬੇ ਪਾਸੇ ਰਿਧੀਆਂ (ਮਾਇਕ ਤਾਕਤਾਂ) ਵਸਦੀਆਂ ਹਨ ਜੋ ਤਿੰਨਾਂ ਲੋਕਾਂ ਨੂੰ ਮੋਂਹਦੀਆਂ ਹਨ ।

੨ ਅਕਹਿ, ਜੋ ਕਥਨ ਨਹੀਂ ਹੋ ਸਕਦਾ ।

੩ ਮੱਥੇ 'ਤੇ ਨਿਸ਼ਾਨ ਹੈ ਸੱਚੀ ਮਿਹਰ ਰੂਪ ।

੪ ਹੱਥ ।

੫ ਜਿਸ ਨੇ ਸ਼੍ਰੋਮਣੀ ਗੁਰੂ ਨੂੰ ਛੋਹਿਆ ਹੈ ।

੬ ਪਰ=ਚੰਗੀ ਤਰ੍ਹਾਂ । ਸਕਯਥ=ਸਕਾਰਥੇ । ਸਫ਼ਲ ।

੭ ਜੋ ਗੁਰੂ ਅਮਰਦਾਸ ਜੀ ਦੇ ਰਸਤੇ ਪੈਂਦੇ ਹਨ ।

੮ ਪੈਰਾਂ 'ਤੇ ।

੯ ਜੀਭ ।

੧੦ ਉਚਾਰਨ ਕਰੇ; ਭਜੇ ।

੧੧ ਵੇਖੀਏ । ੧੨ ਕੰਨ ।

੧੩ ਤਿਨ੍ਹਾਂ ਨੂੰ ।

੧੪ ਉਨ੍ਹਾਂ ਨੂੰ ਗਰੀਬ ਨਹੀਂ ਕਹਿ ਸਕਦੇ ।

੧੫ ਹੁੰਦਾ ।

੧੬ ਓਹ ਕਿਸੇ ਦੀ ਚਾਕਰੀ ਨਹੀਂ ਕਰਦੇ, ਗ਼ੁਲਾਮੀ ਨਹੀਂ ਕਰਦੇ, ਬਲਕਿ ਓਹ ਸੈਂਕੜੇ, ਹਜ਼ਾਰਾਂ ਹੋਰਨਾਂ ਨੂੰ ਦੇਂਦੇ ਹਨ; ਆਪ ਗਲੀਚਿਆਂ 'ਤੇ ਬਹਿੰਦੇ ਹਨ ਤੇ ਕਈਆਂ ਨੂੰ ਰਾਜ-ਗੱਦੀ ਤੋਂ ਉਠਾਦੇ ਜਾਂ ਬਿਠਾਂਦੇ ਹਨ ।

੧੭ ਨਿਰਭੈਤਾ ਦਾ ਵਸਤਰ ਪਾ ਕੇ ਵੈਰੀਆਂ ਦੇ ਵਿਚਕਾਰ ਓਹ ਰਹਿੰਦੇ ਹਨ ।

੧੮ ਵੇਖਣ ਵਿੱਚ ਇਕ, ਬੋਲਣ ਵਿੱਚ ਇਕ ।

੧੯ ਦਵੈਤ ਨੂੰ ਦਿਲ ਵਿੱਚ ਪਛਾਤਾ ਹੀ ਨਹੀਂ ।

੨੦ ਫ਼ਾਰਸੀ ਦੇ ਤੀਹ ਤੇ ਗੁਰਮੁਖੀ ਦੇ ਪੈਂਤੀ ਅੱਖਰਾਂ ਵਿੱਚ ਲਿਖੀਆਂ ਰਚਨਾਵਾਂ ਅਤੇ ਸੰਗੀਤ ਦੇ ਪੰਜ ਅੰਗਾਂ (ਗਾਇਨ, ਵਾਦਨ, ਲੈ, ਤਾਲ, ਨ੍ਰਿਤ) ਦੁਆਰਾ ਇਕ ਹੀ ਸਾਬਤ ਕੀਤਾ ਤੇ ਉਸ ਨੂੰ ਨਾਸਮਾਨ ਨਾ ਮੰਨਿਆਂ (ਭਾਵ ਇਹ ਅੱਖਰ ਤੇ ਸੰਗੀਤ ਨਾਸਮਾਨ ਹਨ) ਕਈ ਏਥੇ ਦਿੱਤੇ ਅੰਕਾਂ ਨੂੰ ਜੋੜ ਕੇ ਗੁਰੂ ਜੀ ਦੀ ਉਮਰ ੮੧ ਵਰ੍ਹੇ ਦੀ ਲੈਂਦੇ ਹਨ, ਜਦੋਂ ਉਨ੍ਹਾਂ ਇਕ ਹਰੀ ਨੂੰ ਸਿੱਧ ਕੀਤਾ ਤੇ ਇਤਨੀ ਵੱਡੀ ਉਮਰ ਦੇ ਬਾਵਜੂਦ ਕਮਜ਼ੋਰੀ (ਖੀਣਉ) ਮਹਿਸੂਸ ਨਾ ਕੀਤੀ ।

੨੧ ਇਕ ਰੂਪ ਤੋਂ ਜੋ ਲੱਖ (ਅਨੇਕ) ਰੂਪ ਹੈ ਤੇ ਲੱਖਾਂ ਕੋਲੋਂ ਭੀ ਉਹ ਲਖਿਆ ਨਹੀਂ ਜਾਂਦਾ ।

੨੨ ਜਿਹੜੀ ਮਤ ਜੈਦੇਵ ਨੇ ਲਈ ।

੨੩ ਨਾਮਦੇਵ ਵਿੱਚ ।

੨੪ ਜੋ ਰਾਜਾ ਰੁਕਮਾਂਗਦ ਦੀ ਨਿੱਤ-ਕਾਰ ਸੀ (ਨਾਮ ਜਪਣਾ) । ਦੇਖੋ ਇਸ ਦੀ ਕਥਾ ਨਾਰਦ ਪੁਰਾਣ, ਉਤਰ ਭਾਗ ਅਧਿਆਇ ੯ ਤੋਂ ੩੮ ਤੱਕ ।

੨੫ ਜਾਲਪ ਭੱਟ ।

੨੬ ਧਰਤੀ ਦੇ ਪਾਪ ।

੨੭ ਲੋਚਦੇ ਹਨ ।

੨੮ ਰਸਤੇ, ਸਫ਼ਰ ਮੁੱਕ ਜਾਂਦੇ ਹਨ । ਗੁਰੂ ਜੀ ਦੇ ਦਰਸ਼ਨ ਕਰਨ ਨਾਲ ਧਿਆਨ ਲੱਗ ਜਾਂਦਾ ਹੈ ਤੇ ਆਵਾ-ਗਉਣ ਦੇ ਗੇੜੇ ਮੁੱਕ ਜਾਂਦੇ ਹਨ ।

੨੯ ਗਉਣ, ਭਟਕਣਾ ਦੂਰ ਹੋ ਜਾਂਦੀਆਂ ਹਨ ।

* ਪਿਛਲੇ ਨੌਂ ਸਵੱਯੇ ਕਵੀ ਕਲ-ਸਹਾਰ ਦੇ ਸਨ । ਅਗਲੇ ਚਾਰ ਸਵੱਯੇ ਜਾਲਪ ਜਾਂ ਜਲ੍ਹ ਦੇ ਹਨ । ਇਸੇ ਲਈ ਏਥੋਂ ਅੱਗੇ ਸਵੱਯਾਂ ਦਾ ਅੰਕ ਬਦਲ ਗਿਆ ਹੈ ।

[੧]ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵ ਹਿਲਹਿ ॥ ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥ ੫ ॥ ੧੪ ॥ ਸਚੁ ਨਾਮੁ ਕਰਤਾਰੁ [੨]ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥ ਤਾ ਤੇ ਅੰਗਦੁ ਲਹਣਾ ਪ੍ਰਗਟਿ [੩]ਤਾਸੁ ਚਰਣਹ ਲਿਵ ਰਹਿਅਉ ॥ ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥ ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥ [੪]ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ ॥ ਗੁਰ ਅਮਰਦਾਸ ਕੀਰਤੁ* ਕਹੈ [੫]ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥ ੧ ॥ ੧੫ ॥ ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ[੬] ॥ [੭]ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ [੮]ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥ [੯]ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥ [੧੦]ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥ ੨ ॥ ੧੬ ॥ ਜਪੁ ਤਪੁ ਸਤੁ ਸੰਤੋਖੁ ਪਿਖਿ[੧੧] ਦਰਸਨੁ ਗੁਰਸਿਖਹ ॥ ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ[੧੨] ॥ ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥ ਗੁਰੁ ਗਉਹਰੁ[੧੩] ਦਰੀਆਉ ਪਲਕ ਡੁਬੰਤ੍ਹ ਤਾਰੈ ॥ ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਗੁਣ ਕਰਤਾਰੈ ਉਚਰੈ ॥ ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ[੧੪] ਪਰੈ ॥ ੩ ॥ ੧੭ ॥ ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥ ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥ ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥ ਜਬ ਗੁਰੁ ਦੇਖੈ [੧੫]ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥ ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥ ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥ ੪ ॥ ੧੮ ॥ ਭਿਖੇ ਕੇ ॥ ਗੁਰੁ ਗਿਆਨੁ ਅਰੁ ਧਿਆਨੁ [੧੬]ਤਤ ਸਿਉ ਤਤੁ ਮਿਲਾਵੈ ॥ [੧੭]ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥ ਕਾਮ ਕ੍ਰੋਧ ਵਸਿ ਕਰੈ [੧੮]ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥ ਕਲਿ ਮਾਹਿ ਰੂਪੁ ਕਰਤਾ ਪੁਰਖੁ [੧੯]ਸੋ ਜਾਣੈ ਜਿਨਿ ਕਿਛੁ ਕੀਅਉ ॥ ਗੁਰੁ ਮਿਲ੍ਹਿਉ ਸੋਇ ਭਿਖਾ ਕਹੈ [੨੦]ਸਹਜ ਰੰਗਿ ਦਰਸਨੁ ਦੀਅਉ ॥ ੧ ॥ ੧੯ ॥ †ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ[੨੧] ਲਾਯਉ ॥ [੨੨]ਕਹਤਿਅਹ

੧ ਇਕ (ਹਰੀ) ਨੂੰ ਜਾਣ ਕੇ ਦੁਗਣ (ਦ੍ਵੈਤ ਭਾਵ) ਜੋ ਹੈ ਉਹ ਤਦ ਰਹੈ (ਦੂਰ ਹੁੰਦਾ ਹੈ), ਜਦ ਮਨੁੱਖ ਚੰਗੇ ਗੁਰ-ਉਪਦੇਸ਼ ਨਾਲ ਹਿਲ ਜਾਂਦੇ ਹਨ, ਪਿਆਰ ਕਰਦੇ ਹਨ । ਜਿਵੇਂ 'ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ' (ਗਉੜੀ ਛੰਤ ਮ: ੫, ਪੰਨਾ ੨੪੯) ।

੨ ਉਸ ਨੂੰ ਪੱਕੀ ਤਰ੍ਹਾਂ ਨਾਨਕ ਨੇ ਇਕੱਠਾ ਕੀਤਾ (ਆਪਣੇ ਅੰਦਰ ਜਮ੍ਹਾਂ ਕੀਤਾ) ।

੩ ਉਸ (ਗੁਰੂ ਨਾਨਕ) ਦੇ ਚਰਨਾਂ ਵਿੱਚ ਉਸ (ਗੁਰੂ ਅੰਗਦ) ਦੀ ਬ੍ਰਿਤੀ ਜੁੜੀ ਰਹੀ ।

੪ ਜਹਾਜ਼ ਕਰਤਾਰ ਨੇ ਬਣਾਇਆ ।

੫ ਬਚਾ ਲੈਂ । ਬਚਾ ਲੈਂ, ਤੇਰੇ ਚਰਨਾਂ ਦੀ ਸ਼ਰਨ ਆਇਆ ਹਾਂ ।

੬ ਪ੍ਰਵਿਰਤ ਹੋਇਆ, ਪ੍ਰਵੇਸ਼ ਕੀਤਾ ।

੭ ਨਿਰਾਕਾਰ ਹਰੀ ਨੇ ਗੁਰੂ ਅਮਰਦਾਸ ਦਾ ਆਕਾਰ ਧਾਰ ਕੇ ਸੰਸਾਰ ਵਿੱਚ ਚਾਨਣਾ ਕੀਤਾ ।

੮ ਹਰੀ ਨੇ ਹਰ ਥਾਂ ਵਿਆਪਕ ਨਾਮ ਨੂੰ ਗੁਰੂ-ਦੀਪਕ ਦੇ ਰਾਹੀਂ ਪ੍ਰਗਟਾਇਆ ।

੯ ਜਿਨ੍ਹਾਂ ਸਿੱਖਾਂ ਨੇ ਇਹ ਨਾਮ ਗ੍ਰਹਿਣ ਕੀਤਾ, ਉਨ੍ਹਾਂ ਨੂੰ ਤੁਰੰਤ ਹਰੀ ਦੇ ਚਰਨਾਂ ਨਾਲ ਮਿਲਾ ਦਿੱਤਾ ।

੧੦ ਲਹਣੇ-ਅੰਗਦ ਸਮੇਤ ਗੁਰੂ ਅਮਰਦਾਸ ਦਾ ਨਿਰਮਲ ਅਵਤਾਰ ਗੁਰੂ ਨਾਨਕ ਦੀ ਕੁਲ ਵਿੱਚ ਹੋਇਆ ।

੧੧ ਦੇਖ ਕੇ ।

੧੨ ਲਿਖਤ, ਲੇਖਾ ।

੧੩ ਡੂੰਘਾ ।

੧੪ ਦੂਰ ਹੋ ਜਾਂਦਾ ਹੈ ।

੧੫ ਮਿਹਰ ਦੀ ਨਜ਼ਰ ਨਾਲ ।

੧੬ ਹਰੀ ਪਰਮ-ਤਤ ਨਾਲ ਆਪਣਾ ਤਤ ।

੧੭ ਸੱਚ ਦੁਆਰਾ ਸੱਚੇ ਹਰੀ ਨੂੰ ਜਾਣਦਾ ਹੈ ਅਤੇ ਉਸ ਵਿੱਚ ਇਕ-ਚਿਤ ਹੋ ਕੇ ਬ੍ਰਿਤੀ ਜੋੜਦਾ ਹੈ ।

੧੮ ਉਡਦੀ ਹਵਾ ਵਰਗਾ ਮਨ (ਇਧਰ-ਉਧਰ) ਨਹੀਂ ਦੌੜਦਾ ।

੧੯ ਇਹ ਗੱਲ ਉਹੀ ਸਮਝਦਾ ਹੈ ਜਿਸ ਨੇ ਪਿੱਛੇ ਕੁਝ (ਚੰਗਾ ਕੰਮ) ਕੀਤਾ ਹੈ ।

੨੦ ਪੂਰਨ ਅਡੋਲਤਾ ਦੀ ਹਾਲਤ ਵਿੱਚ ।

੨੧ ਸਿਧੀ ਦਾ ਚਮਤਕਾਰ । ਦੇਖੋ ਪੰ: ੪੧੮, ਨੋਟ ੪। ਕਿਸੇ ਨੇ ਹੈਰਾਨ ਕਰਨ ਵਾਲੀ ਤਬਦੀਲੀ ਨਾ ਲਿਆਂਦੀ ।

੨੨ ਸਾਰੀ ਲੁਕਾਈ ਕਹਿੰਦੀ ਕਹਿੰਦੀ ਹੀ ਸੁਣੀ ਪਰ ਕਿਸੇ ਦੀ ਰਹਿਣੀ ਵੇਖ ਕੇ ਖੁਸ਼ੀ ਨਹੀਂ ਹੋਈ ।

* ਇਹ ਅਗਲੇ ੩ ਸਵੱਯੇ ਕੀਰਤ ਭੱਟ ਦੇ ਹਨ, ਇਸੇ ਲਈ ਏਥੋਂ ਅੰਕ ਬਦਲਦਾ ਹੈ ।

† ਏਥੋਂ ਅੰਕ ਬਦਲ ਜਾਂਦਾ ਹੈ, ਕਿਉਂਕਿ ਭਿਖੇ ਦੇ ਸਵੱਯੇ ਸ਼ੁਰੂ ਹੁੰਦੇ ਹਨ ।

ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥ [੧]ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥ ੨ ॥ ੨੦ ॥ [੨]ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥ [੩]ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥ ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥ ਕਾਮ ਕ੍ਰੋਧ ਲੋਭ ਮੋਹ ਅਪਤੁ[੪] ਪੰਚ ਦੂਤ ਬਿਖੰਡਿਓ ॥ ਭਲਉ [੫]ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥ ਗੁਰ ਅਮਰਦਾਸ ਸਚੁ ਸਲ੍[*] ਭਣਿ[੬] ਤੈ ਦਲੁ ਜਿਤਉ ਇਵ ਜੁਧੁ ਕਰਿ ॥ ੧ ॥ ੨੧ ॥ [੭]ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥ [੮]ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥ [੯]ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍† [੧੦]ਉਨਹ ਜੋ ਗਾਵੈ ॥ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥ ੧ ॥ ੨੨ ॥

ਸਵਈਏ ਮਹਲੇ ਚਉਥੇ ਕੇ ੪ ੴ ਸਤਿਗੁਰ ਪ੍ਰਸਾਦਿ ॥

ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥ ਗੁਰ ਪ੍ਰਸਾਦਿ[੧੧] ਹਰਿ ਗੁਣ ਸਦ ਗਾਵਉ ॥ ਗੁਨ ਗਾਵਤ ਮਨਿ ਹੋਇ ਬਿਗਾਸਾ[੧੨] ॥ ਸਤਿਗੁਰ ਪੂਰਿ ਜਨਹ ਕੀ ਆਸਾ ॥ ਸਤਿਗੁਰੁ ਸੇਵਿ [੧੩]ਪਰਮ ਪਦੁ ਪਾਯਉ ॥ ਅਬਿਨਾਸੀ ਅਬਿਗਤੁ[੧੪] ਧਿਆਯਉ ॥ [੧੫]ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥ [੧੬]ਕਲ੍ ਸਹਾਰੁ ਤਾਸੁ ਗੁਣ ਜੰਪੈ ॥ ਜੰਪਉ ਗੁਣ ਬਿਮਲ ਸੁਜਨ ਜਨ ਕੇਰੇ [੧੭]ਅਮਿਅ ਨਾਮੁ ਜਾ ਕਉ ਫੁਰਿਆ ॥ ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ [੧੮]ਉਰਿ ਧਰਿਆ ॥ ਹਰਿ ਨਾਮ ਰਸਿਕੁ[੧੯] ਗੋਬਿੰਦ ਗੁਣ ਗਾਹਕੁ [੨੦]ਚਾਹਕੁ ਤਤ ਸਮਤ ਸਰੇ ॥ ਕਵਿ ਕਲ੍ ਠਕੁਰ[੨੧] [੨੨]ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੧ ॥ ਛੁਟਤ ਪਰਵਾਹ ਅਮਿਅ[੨੩] ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ ॥ ਤੇ ਪੀਵਹਿ ਸੰਤ ਕਰਹਿ ਮਨਿ ਮਜਨੁ[੨੪] ਪੁਬ[੨੫] ਜਿਨਹੁ ਸੇਵਾ ਕਰੀਆ ॥ ਤਿਨ ਭਉ ਨਿਵਾਰਿ[੨੬] ਅਨਭੈ ਪਦੁ ਦੀਨਾ [੨੭]ਸਬਦ ਮਾਤ੍ਰ ਤੇ ਉਧਰ ਧਰੇ ॥ ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੨ ॥ [੨੮]ਸਤਗੁਰ ਮਤਿ ਗੂੜ੍ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥ ਜਾਗ੍ਯਾ ਮਨੁ ਕਵਲੁ

(੧੩੯੬)

੧ ਹੇ ਭਿਖਾ ! ਹਰੀ ਨੇ ਗੁਰੂ ਮਿਲਾ ਦਿੱਤਾ ਹੈ ।
੨ ਸਮਾਧੀ (ਇਕਾਗਰ ਬ੍ਰਿਤੀ) ਦੀ ਸੰਜੋ ਪਹਿਨ ਕੇ ਗਿਆਨ ਰੂਪ ਹਯ (ਘੋੜੇ) ਦੀ ਕਾਠੀ 'ਤੇ ਚੜ੍ਹਿਆ।
੩ ਧਰਮ ਦੀ ਕਮਾਨ ਹੱਥ ਵਿੱਚ ਫੜੀ ਤੇ ਭਗਤਾਂ ਵਾਲੀ ਸ਼ਾਂਤੀ ਦੇ ਤੀਰ ਨਾਲ ਲੜਿਆ ।
੪ ਆਪਾ ਭਾਵ ।
੫ ਭੂ ਪਾਲ= ਰਾਜਾ । ਹੇ ਭੱਲਿਆਂ ਦੀ ਕੁਲ ਦੇ ਸ਼੍ਰੋਮਣੀ ਤੇਜਭਾਨ ਦੇ ਸਪੁੱਤਰ ! ਤੁਸੀਂ ਨਾਨਕ ਦੇ ਵਰ ਨਾਲ ਰਾਜਿਆਂ ਦੇ ਰਾਜਾ ਹੋਏ ਹੋ ।
੬ ਕਹਿੰਦਾ ਹੈ ।
੭ ਬੱਦਲਾਂ ਦੀਆਂ ਕਣੀਆਂ, ਧਰਤੀ ਦੀ ਬਨਸਪਤੀ, ਬਹਾਰ ਦੇ ਫੁੱਲਾਂ ਦੀ ਗਿਣਤੀ ਨਹੀਂ ਹੋ ਸਕਦੀ ।
੮ ਸੂਰਜ ਤੇ ਚੰਨ ਦੀਆਂ ਕਿਰਣਾਂ ਦਾ, ਸਮੁੰਦਰ ਦੇ ਪੇਟ ਦਾ, ਗੰਗਾ ਦੀਆਂ ਲਹਿਰਾਂ ਦਾ ਅੰਤ ਕੌਣ ਪਾ ਸਕਦਾ ਹੈ ?
੯ ਸ਼ਿਵ ਜੀ ਦੇ ਧਿਆਨ ਨਾਲ, ਭਾਵ ਅਖੰਡ ਲਿਵ ਨਾਲ ।
੧੦ ਉਨ੍ਹਾਂ ਨੂੰ (ਭਾਵ ਉੱਤੇ ਦੱਸੀਆਂ ਕਣੀਆਂ, ਫੁੱਲਾਂ ਆਦਿ ਨੂੰ) ਜੇ ਬਿਆਨ ਕਰ ਲਵੇ ਤਾਂ ਕਰ ਲਵੇ, ਪਰ ਹੇ ਗੁਰੂ ਜੀ ! ਆਪ ਦੇ ਗੁਣ ਬਿਆਨ ਨਹੀਂ ਹੋ ਸਕਦੇ ।
੧੧ ਕਿਰਪਾ ਦੁਆਰਾ ।
੧੨ ਖੁਸ਼ੀ, ਖਿੜਾਉ ।
੧੩ ਉੱਚੀ ਤੋਂ ਉੱਚੀ ਪਦਵੀ, ਜਿਥੋਂ ਤੱਕ ਮਨੁੱਖ ਅੱਪੜ ਸਕਦਾ ਹੈ ।
੧੪ ਅਵਿਅਕਤ, ਅਦਿੱਖ ।
੧੫ ਉਸ ਨੂੰ ਮਿਲਿਆਂ ਗਰੀਬੀ ਨਹੀਂ ਚੰਬੜਦੀ ।
੧੬ ਕਲ-ਸਹਾਰ ਕਵੀ ਉਸ ਦੇ ਗੁਣ ਜਪਦਾ ਹੈ ।
੧੭ ਅੰਮ੍ਰਿਤ-ਨਾਮ ਜਿਸ ਨੂੰ ਅਹੁੜਿਆ, ਮਲੂਮ ਹੋਇਆ।
੧੮ ਦਿਲ ਵਿੱਚ ਟਿਕਾਇਆ ।
੧੯ ਰਸੀਆ ।
੨੦ ਤੱਤ (ਹਰੀ) ਦਾ ਚਾਹੁਣ ਵਾਲਾ ਤੇ ਸਮਤਾ ਦਾ ਚਸ਼ਮਾ ਹੈ ।
੨੧ ਠਾਕੁਰ= ਮਾਲਕ, ਸਵਾਮੀ ।
੨੨ ਹਰਦਾਸ ਦੇ ਸਪੁੱਤਰ, ਗੁਰੂ ਰਾਮਦਾਸ ਜੀ, ਜੋ ਖਾਲੀ ਸਰੋਵਰਾਂ ਦੇ ਭਰਨ ਵਾਲੇ ਹਨ ।
੨੩ ਅੰਮ੍ਰਿਤ ਦਾ ।
੨੪ ਇਸ਼ਨਾਨ ।
੨੫ ਪੂਰਬ= ਪਿਛਲੇ ਜਨਮਾਂ ਵਿਚ । ਜਿਨ੍ਹਾਂ ਨੇ ਪਿਛਲੇ ਜਨਮਾਂ ਵਿੱਚ ਸੇਵਾ ਕੀਤੀ ਹੋਈ ਹੈ ।
੨੬ ਦੂਰ ਕਰ ਕੇ ।
੨੭ ਆਪਣੀ ਬਾਣੀ ਸੁਣਾਉਂਦਿਆਂ ਹੀ ਉਨ੍ਹਾਂ ਨੂੰ ਤਾਰ ਦਿੱਤਾ ।
੨੮ ਗੁਰੂ ਦੀ ਸਮਝ ਡੂੰਘੀ ਹੈ, ਉਸ ਦੀ ਸਤਸੰਗਤਿ ਪਵਿੱਤਰ ਹੈ, ਉਸ ਦੀ ਆਤਮਾ ਹਰੀ ਦੇ ਪ੍ਰੇਮ ਵਿੱਚ ਗੂੜ੍ਹੀ ਲਾਲ ਹੋ ਗਈ ਹੈ ।

* ਇਹ ਸਵੱਯਾ ਸਲ੍ਹ ਭੱਟ ਦਾ ਹੈ, ਇਸ ਲਈ ਅੰਕ ਬਦਲ ਗਿਆ ਹੈ ।
† ਏਥੋਂ ਸਵੱਯਾ ਭਲ੍ਹ ਭੱਟ ਦਾ ਹੈ, ਇਸ ਲਈ ਅੰਕ ਫੇਰ ਬਦਲਿਆ ਹੈ ।

[੧]ਸਹਜਿ ਪਰਕਾਸ੍ਹਾ ਅਭੈ ਨਿਰੰਜਨੁ ਘਰਹਿ ਲਹਾ ॥ ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ [੨]ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥ ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੩ ॥ ਅਨਭਉ ਉਨਮਾਨਿ[੩] ਅਕਲ[੪] ਲਿਵ ਲਾਗੀ [੫]ਪਾਰਸੁ ਭੇਟਿਆ ਸਹਜ ਘਰੇ ॥ ਸਤਗੁਰ ਪਰਸਾਦਿ [੬]ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥ ਮੇਟਿਆ ਜਨਮਾਂਤੁ[੭] ਮਰਣ ਭਉ ਭਾਗਾ ਚਿਤੁ ਲਾਗਾ [੮]ਸੰਤੋਖ ਸਰੇ ॥ ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੪ ॥ ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥ [੯]ਦੁਖ ਭੰਜਨੁ [੧੦]ਆਤਮ ਪ੍ਰਬੋਧੁ ਮਨਿ ਤਤੁ[੧੧] ਬੀਚਾਰਿਓ ॥ ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ ॥ ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ ॥ [੧੨]ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥ ਗੁਰ ਰਾਮਦਾਸ ਕਲ੍ਯ੍ਯੁਚਰੈ[੧੩] ਤੈਂ ਅਟਲ ਅਮਰ ਪਦੁ ਪਾਇਓ ॥ ੫ ॥ ਸੰਤੋਖ ਸਰੋਵਰਿ ਬਸੈ [੧੪]ਅਮਿਅ ਰਸੁ ਰਸਨ ਪ੍ਰਕਾਸੈ ॥ ਮਿਲਤ ਸਾਂਤਿ ਉਪਜੈ [੧੫]ਦੁਰਤੁ ਦੂਰੰਤਰਿ ਨਾਸੈ ॥ ਸੁਖ ਸਾਗਰੁ ਪਾਇਅਉ ਦਿੰਤੁ[੧੬] [੧੭]ਹਰਿ ਮਗਿ ਨ ਹੁਟੈ ॥ ਸੰਜਮੁ ਸਤੁ ਸੰਤੋਖੁ [੧੮]ਸੀਲ ਸੰਨਾਹੁ ਮਫੁਟੈ ॥ *ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥ ਗੁਰ ਰਾਮਦਾਸ ਕਲ੍ਯ੍ਯੁਚਰੈ ਤੈ ਅਭੈ ਅਮਰ ਪਦੁ ਪਾਇਅਉ ॥ ੬ ॥ ਜਗੁ ਜਿਤਉ [੧੯]ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥ ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥ [੨੦]ਨਵ ਨਿਧਿ ਨਾਮੁ ਨਿਧਾਨੁ [੨੧]ਰਿਧਿ ਸਿਧਿ ਤਾ ਕੀ ਦਾਸੀ ॥ ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥ [੨੨]ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਅਉ ॥ ਗੁਰ ਰਾਮਦਾਸ ਕਲ੍ਯ੍ਯੁਚਰੈ ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥ ੭ ॥ [੨੩]ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥ ਸਤਿਗੁਰ ਸਬਦੁ ਅਥਾਹੁ [੨੪]ਅਮਿਅ ਧਾਰਾ ਰਸੁ ਗੁਟਇ ॥ ਮਤਿ ਮਾਤਾ ਸੰਤੋਖੁ ਪਿਤਾ [੨੫]ਸਰਿ ਸਹਜ ਸਮਾਯਉ ॥ ਆਜੋਨੀ[੨੬] ਸੰਭਵਿਅਉ[੨੭] ਜਗਤੁ ਗੁਰ ਬਚਨਿ ਤਰਾਯਉ ॥ ਅਬਿਗਤ[੨੮] ਅਗੋਚਰੁ[੨੯] ਅਪਰਪਰੁ ਮਨਿ ਗੁਰ ਸਬਦੁ ਵਸਾਇਅਉ ॥ ਗੁਰ ਰਾਮਦਾਸ ਕਲ੍ਯ੍ਯੁਚਰੈ ਤੈ [੩੦]ਜਗਤ ਉਧਾਰਣੁ ਪਾਇਅਉ ॥ ੮ ॥ ਜਗਤ ਉਧਾਰਣੁ ਨਵ ਨਿਧਾਨੁ [੩੧]ਭਗਤਹ ਭਵ ਤਾਰਣੁ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ[੩੨] ਨਿਵਾਰਣੁ ॥ [੩੩]ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥ ਤੇ ਮੁਕਤੇ ਭਏ ਸਤਿਗੁਰ

੧ ਪੂਰਨ ਖਿੜਾਉ ਵਿੱਚ ਚਮਕਿਆ ਹੈ ।
੨ ਉਸ ਦੀ ਕਿਰਪਾ ਨਾਲ ਕਾਮਾਦਿ ਪੰਜ ਵੈਰੀ ਕਾਬੂ ਕੀਤੇ ਹਨ ।
੩ ਉੱਨਤ ਮਨ ਨਾਲ, ਬੇਲਾਗ ਮਨ ਦੁਆਰਾ ।
੪ ਬਣਾਵਟ ਤੋਂ ਰਹਿਤ, ਕੁਦਰਤੀ, ਸੁਭਾਵਕ ।
੫ ਪਾਰਸ ਗੁਰੂ ਅਮਰਦਾਸ ਨੂੰ ਮਿਲੇ ਪੂਰਨ ਅਡੋਲ ਅਵਸਥਾ ਵਿੱਚ ।
੬ ਉੱਚੀ ਤੋਂ ਉੱਚੀ ਪਦਵੀ ।
੭ ਜਨਮਾਂਤਰ, ਹੋਰ ਜਨਮ ।
੮ ਸ਼ਾਂਤੀ ਦੇ ਸਰੋਵਰ (ਹਰੀ) ਵਿੱਚ ।
੯ ਦੁੱਖ ਦੂਰ ਕਰਨ ਵਾਲਾ ।
੧੦ ਆਤਮਾ ਨੂੰ ਜਗਾਉਣ ਵਾਲਾ ।
੧੧ ਅਸਲੀਅਤ, ਮੂਲ (ਹਰੀ) ।
੧੨ ਗੁਰੂ ਨਾਨਕ ਦੀ ਮਿਹਰ ਨਾਲ, ਗੁਰੂ ਅੰਗਦ ਦੀ ਦਿੱਤੀ ਚੰਗੀ ਸਮਝ ਨਾਲ, ਗੁਰੂ ਅਮਰਦਾਸ ਨੇ ਹਰੀ ਦਾ ਹੁਕਮ ਪ੍ਰਚਲਤ ਕੀਤਾ ।
੧੩ ਕਲੁ ਕਵੀ ਕਹਿੰਦਾ ਹੈ ।
੧੪ ਨਾਮ ਦੇ ਮਿੱਠੇ ਰਸ ਨੂੰ ਜੀਭ ਦੁਆਰਾ ਜ਼ਾਹਰ ਕਰਦਾ ਹੈ ।
੧੫ ਪਾਪ ਦੂਰੋਂ ਹੀ ਨੱਠ ਜਾਂਦਾ ਹੈ ।
੧੬ (ਗੁਰੂ ਅਮਰਦਾਸ ਦਾ) ਦਿੱਤਾ ਹੋਇਆ (ਸੁਖ-ਸਾਗਰ, ਹਰੀ ।
੧੭ ਹਰੀ ਦੇ ਰਸਤੇ ਤੋਂ ਨਹੀਂ ਥਕਦਾ ।
੧੮ ਸ਼ਾਂਤ ਸੁਭਾ ਦੀ ਸੰਜੋ ਨਹੀਂ ਫੁਟਦੀ ।
੧੯ ਪ੍ਰਮਾਣੀਕ ਗੁਰੂ ਨੇ (ਜਗ ਜਿਤਿਆ) । ਦੇਖੋ ਨੇਮ ੨੦ (ੳ)
੨੦ ਦੇਖੋ ਪੰਨਾ ੧੧੨੯, ਫੁਟ ਨੋਟ * ।
੨੧ ਕਰਾਮਾਤੀ ਸ਼ਕਤੀਆਂ ।
੨੨ ਮੁੱਢ ਤੋਂ ਲੈ ਕੇ ।
੨੩ ਪ੍ਰੇਮਾ-ਭਗਤੀ ਦਾ ਵਹਾਉ ਤੇ ਪੂਰਬਲੀ (ਪਿਛਲੀ) ਪ੍ਰੀਤ ਨਹੀਂ ਰੁਕਦੀ ।
੨੪ (ਉਸ ਸ਼ਬਦ ਦੀ) ਅੰਮ੍ਰਿਤਧਾਰਾ ਦਾ ਰਸ ਪੀਂਦੇ ਹਨ।
੨੫ ਸ਼ਾਂਤੀ ਦੇ ਸਮੁੰਦਰ ਵਿੱਚ ਲੀਨ ਹਨ ।
੨੬ ਅਜੂਨੀ, ਨਾ ਪੈਦਾ ਹੋਣ ਵਾਲੇ ਹਰੀ ਦਾ ਰੂਪ ਹਨ।
੨੭ ਸੈਭੰ, ਆਪਣੇ ਆਪ ਤੋਂ ਹੈ ਹਰੀ, ਉਸ ਦਾ ਰੂਪ ਹਨ ।
੨੮ [ਅਵਿਅਕਤ] ਅਦਿੱਖ ।
੨੯ ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ।
੩੦ ਜਗਤ ਦਾ ਤਾਰਨ ਵਾਲਾ ਹਰੀ ।
੩੧ ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਹਰੀ ।
੩੨ ਵਿਹੁ, ਜ਼ਹਿਰ (ਦੂਰ ਕਰਨ ਵਾਲਾ) ।
੩੩ ਸ਼ਾਂਤੀ ਦਾ ਦਰਖ਼ਤ ।

* ਵਿਧਾਤੇ ਨੇ (ਗੁਰੂ ਰਾਮਦਾਸ ਨੂੰ) ਪ੍ਰਮਾਣੀਕ ਗੁਰੂ ਬਣਾਇਆ ਅਤੇ ਜਗਤ ਨੇ ਉਸ ਦੇ ਜਸ ਦਾ ਵਾਜਾ ਵਜਾਇਆ। 'ਪ੍ਰਮਾਣੁ' ਦਾ ਅਰਥ ਬਰਾਬਰ ਜਾਂ ਤੁਲ ਨਹੀਂ ਹੋ ਸਕਦਾ, ਕਿਉਂਕਿ 'ਸਤਿਗੁਰੁ' ਅਤੇ 'ਪ੍ਰਮਾਣੁ' ਦੋਹਾਂ ਦੇ ਅੰਤ ਔਂਕੜ ਹੈ ।

ਸਬਦਿ [੧]ਮਨਿ ਗੁਰ ਪਰਚਾ ਪਾਇਅਉ ॥ ਗੁਰ ਰਾਮਦਾਸ ਕਲੵਚਰੈ ਤੈ ਸਬਦ
ਨੀਸਾਨੁ[੨] ਬਜਾਇਅਉ ॥ ੯ ॥ ਸੇਜ ਸਧਾ[੩] ਸਹਜੁ ਛਾਵਾਣੁ[੪] ਸੰਤੋਖੁ
ਸਰਾਇਚਉ[੫] ਸਦਾ [੬]ਸੀਲ ਸੰਨਾਹੁ ਸੋਹੈ ॥ [੭]ਗੁਰ ਸਬਦਿ ਸਮਾਚਰਿਓ ਨਾਮੁ
ਟੇਕ ਸੰਗਾਦਿ ਬੋਹੈ ॥ ਅਜੋਨੀਉ ਭਲੵੁ[੮] ਅਮਲੁ[੯] ਸਤਿਗੁਰ ਸੰਗਿ ਨਿਵਾਸੁ ॥
ਗੁਰ ਰਾਮਦਾਸ ਕਲੵਚਰੈ ਤੁਅ ਸਹਜ ਸਰੋਵਰਿ ਬਾਸੁ ॥ ੧੦ ॥ ਗੁਰੁ ਜਿਨ੍
ਕਉ ਸੁਪ੍ਰਸੰਨੁ[੧੦] ਨਾਮੁ ਹਰਿ ਰਿਦੈ ਨਿਵਾਸੈ ॥ ਜਿਨ੍ ਕਉ ਗੁਰੁ ਸੁਪ੍ਰਸੰਨੁ [੧੧]ਦੁਰਤੁ
ਦੂਰੰਤਰਿ ਨਾਸੈ ॥ ਗੁਰੁ ਜਿਨ੍ ਕਉ ਸੁਪ੍ਰਸੰਨੁ [੧੨]ਮਾਨੁ ਅਭਿਮਾਨੁ ਨਿਵਾਰੈ ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥ [੧੩]ਪਰਚਉ ਪ੍ਰਮਾਣੁ
ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ ॥ ਸ੍ਰੀ ਗੁਰੂ ਸਰਣਿ ਭਜੁ ਕਲੵ
ਕਬਿ ਭੁਗਤਿ[੧੪] ਮੁਕਤਿ ਸਭ ਗੁਰੂ ਲਗਿ ॥ ੧੧ ॥ ਸਤਿਗੁਰਿ ਖੇਮਾ[੧੫] ਤਾਣਿਆ
[੧੬]ਜੁਗ ਜੂਥ ਸਮਾਣੇ ॥ ਅਨਭਉ ਨੇਜਾ ਨਾਮੁ ਟੇਕ [੧੭]ਜਿਤੁ ਭਗਤ ਅਘਾਣੇ ॥
ਗੁਰੁ ਨਾਨਕੁ ਅੰਗਦੁ [੧੮]ਅਮਰੁ ਭਗਤ ਹਰਿ ਸੰਗਿ ਸਮਾਣੇ ॥ [੧੯]ਇਹੁ ਰਾਜ
ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ ॥ ੧੨ ॥ ਜਨਕੁ ਸੋਇ ਜਿਨਿ
ਜਾਣਿਆ ਉਨਮਨਿ[੨੦] ਰਥੁ[੨੧] ਧਰਿਆ ॥ ਸਤੁ ਸੰਤੋਖੁ ਸਮਾਚਰੇ[੨੨] [੨੩]ਅਭਰਾ
ਸਰੁ ਭਰਿਆ ॥ [੨੪]ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥ ਇਹੁ
ਜਨਕ ਰਾਜੁ ਗੁਰ ਰਾਮਦਾਸ ਤੁਝ ਹੀ [੨੫]ਬਣਿ ਆਵੈ ॥ ੧੩ ॥ *ਸਤਿਗੁਰ
ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ ਤਿਨ੍ ਜਨ ਦੁਖ ਪਾਪੁ ਕਹੁ ਕਤ
ਹੋਵੈ ਜੀਉ ॥ ਤਾਰਣ ਤਰਣ ਖਿਨ ਮਾਤ੍ਰ ਜਾ ਕਉ [੨੬]ਦ੍ਰਿਸ੍ਟਿ ਧਾਰੈ ਸਬਦੁ
ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥ [੨੭]ਜੀਅਨ ਸਭਨ ਦਾਤਾ ਅਗਮ
ਗ੍ਯਾਨ ਬਿਖ੍ਯਾਤਾ ਅਹਿਨਿਸਿ[੨੮] ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥ ਜਾ
ਕਉ ਦੇਖਤ ਦਰਿਦ੍ਰੁ[੨੯] ਜਾਵੈ ਨਾਮੁ ਸੋ ਨਿਧਾਨੁ ਪਾਵੈ [੩੦]ਗੁਰਮੁਖਿ
ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥ ਸਤਿਗੁਰ ਨਾਮੁ ਏਕ ਲਿਵ ਮਨਿ ਜਪੈ
ਦ੍ਰਿੜੁ ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥ ੧ ॥ [੩੧]ਧਰਮ ਕਰਮ ਪੂਰੈ
ਸਤਿਗੁਰੁ ਪਾਈ ਹੈ ॥ ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ[੩੨]
ਜਾਚਹਿ[੩੩] [੩੪]ਸਬਦ ਸਾਰੁ ਏਕ ਲਿਵ ਲਾਈ ਹੈ ॥ [੩੫]ਫੁਨਿ ਜਾਨੈ ਕੋ ਤੇਰਾ
ਅਪਾਰੁ ਨਿਰਭਉ ਨਿਰੰਕਾਰੁ ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥ [੩੬]ਭਰਮ
ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥
[੩੭]ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ[੨੮] ਜਪੁ ਧਰਮ ਕਰਮ ਪੂਰੈ
ਸਤਿਗੁਰੁ ਪਾਈ ਹੈ ॥ ੨ ॥ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ
ਪਰ ॥ ਕਵਨ ਉਪਮਾ ਦੇਉ ਕਵਨ ਸੇਵਾ ਸਰੇਉ[੩੮] ਏਕ ਮੁਖ ਰਸਨਾ ਰਸਹੁ

੧ ਜਿਨ੍ਹਾਂ ਨੇ ਮਨ ਵਿੱਚ ਗੁਰੂ ਦਾ ਨਿਸ਼ਾ ਕਰਨ ਵਾਲਾ ਗਿਆਨ ਪ੍ਰਾਪਤ ਕੀਤਾ । ਪਰਚਾ [ਪਰਿਚਯ] ਵਾਕਫ਼ੀ, ਗਿਆਨ ।
੨ ਧੌਂਸਾ, ਨਗਾਰਾ ।
੩ ਸ਼ਰਧਾ, ਨਿਸਚੇ ਦੀ ।
੪ ਵਿਛੌਣਾ ।
੫ ਸਰਾਇਚਾ, ਛੋਟਾ ਤੰਬੂ ।
੬ ਸ਼ਾਂਤ ਸੁਭਾਅ ਦੀ ਸੰਜੋਅ ਸ਼ੋਭਦੀ ਹੈ ।
੭ ਗੁਰੂ (ਅਮਰਦਾਸ) ਦੇ ਸ਼ਬਦ ਦੁਆਰਾ ਨਾਮ ਕਮਾਇਆ ਹੈ, ਉਸੇ ਦੀ ਟੇਕ ਨਾਲ ਸੰਗੀ ਆਦਿਕਾਂ ਨੂੰ ਬੋਹੈ (ਸੁਗੰਧਤ ਕਰਦਾ ਹੈ) ।
੮ ਭਲਾ, ਚੰਗਾ ।
੯ ਮਲ-ਰਹਿਤ, ਨਿਰਮਲ ।
੧੦ ਚੰਗੀ ਤਰ੍ਹਾਂ ਖੁਸ਼ ਹੁੰਦਾ ਹੈ ।
੧੧ ਪਾਪ ਦੂਰੋਂ ਹੀ ਨੱਠ ਜਾਂਦਾ ਹੈ ।
੧੨ ਮਾਨ ਅਪਮਾਨ ਦਾ ਖਿਆਲ ਛੱਡ ਦਿੰਦਾ ਹੈ ।
੧੩ ਜਿਸ ਨੂੰ ਗੁਰੂ ਦਾ ਪ੍ਰਮਾਣੀਕ ਪਰਚਾ (ਗਿਆਨ) ਮਿਲਿਆ, ਉਸ ਦਾ ਜਨਮ ਸੰਸਾਰ ਵਿਚ ਸਫਲ ਹੋ ਗਿਆ ।
੧੪ ਖਾਣ ਦੇ ਪਦਾਰਥ, ਰੋਜ਼ੀ ।
੧੫ [ਅ. ਖੇਮਹ] ਤੰਬੂ (ਸਿੱਖ ਧਰਮ ਰੂਪ) ।
੧੬ ਉਸ ਤੰਬੂ ਹੇਠ ਸਾਰੇ ਜੁਗ (ਸਾਰੇ ਲੋਕ) ਸਮਾਅ ਗਏ ।
੧੭ ਜਿਸ ਨਾਲ ਭਗਤ ਲੋਕ ਰੱਜ ਗਏ ।
੧੮ ਗੁਰੂ ਅਮਰਦਾਸ ਅਤੇ ਹੋਰ ਭਗਤ ਹਰੀ ਵਿਚ ਲੀਨ ਹੋ ਗਏ ।
੧੯ ਰਾਜ-ਜੋਗ ਦੇ ਐਸੇ ਰਸ ਨੂੰ ਤੂੰ ਹੀ ਜਾਣਦਾ ਹੈਂ, ਹੇ ਗੁਰੂ ਰਾਮਦਾਸ !
੨੦ ਪੂਰਨ ਗਿਆਨ ਵਾਲੀ ਅਵਸਥਾ ਵਿਚ ।
੨੧ ਮਨ ਰੂਪ ।
੨੨ ਇਕੱਠੇ ਕੀਤੇ ।
੨੩ ਨਾ ਭਰੇ ਜਾਣ ਵਾਲਾ ਸਰੋਵਰ (ਨਾ ਰੱਜਣ ਵਾਲਾ ਮਨ) ਭਰ ਦਿੱਤਾ ।
੨੪ ਅਮਰ-ਪਦਵੀ (ਪੂਰਨ ਅਡੋਲਤਾ ਵਾਲੀ ਅਵਸਥਾ) ਦੀ ਗੱਲ ਅਕਹਿ ਹੈ । ਇਹ ਪਦਵੀ ਉਸੇ ਨੂੰ ਮਿਲਦੀ ਹੈ ਜਿਸ ਨੂੰ ਹਰੀ ਦਿੰਦਾ ਹੈ ।
੨੫ ਫੱਬਦਾ ਹੈ ।
੨੬ ਮਿਹਰ ਦੀ ਨਜ਼ਰ ਕਰੇ ।
੨੭ ਗੁਰੂ ਰਾਮਦਾਸ ਸਾਰਿਆਂ ਜੀਵਾਂ ਦਾ ਦਾਤਾ ਹੈ, ਅਪਹੁੰਚ ਹਰੀ ਦੇ ਗਿਆਨ ਦਾ ਪ੍ਰਗਟ ਕਰਨ ਵਾਲਾ ਹੈ ।
੨੮ ਦਿਨ ਰਾਤ (ਕਈਆਂ ਬੀੜਾਂ ਵਿਚ ਪਾਠ 'ਅਹਿਨਿਸ ਜਪੁ ਮੁਰਾਰੁ' ਹੈ, ਜੋ 'ਮਨੁ ਪ੍ਰਾਣੀ ਮੁਗਧ ਬੀਚਾਰੁ' ਦੇ ਮੁਕਾਬਲੇ ਤੇ ਛੰਦ-ਪੂਰਤੀ ਲਈ ਆਉਂਦਾ ਹੈ) । ੨੯ ਗ਼ਰੀਬੀ ।
੩੦ ਮੁਖੀ ਗੁਰੂ ਦੇ ਗਿਆਨ ਦੁਆਰਾ ।
੩੧ ਪੂਰੇ ਸਤਿਗੁਰੂ ਨੂੰ ਪਾਉਣ ਨਾਲ ਧਰਮ ਕਰਮ ਪਾਈਦਾ ਹੈ ।
੩੨ ਦੈਵੀ ਗੁਣਾਂ ਵਾਲੇ ਆਦਮੀ ।
੩੩ ਮੰਗਦੇ ਹਨ ।
੩੪ ਜਿਸ ਦਾ ਸ਼ਬਦ ਸ੍ਰੇਸ਼ਟ ਹੈ ਤੇ ਜਿਸ ਨੇ ਇਕ ਹਰੀ ਵਿਚ ਲਗਨ ਲਾਈ ਹੈ ।
੩੫ ਫਿਰ ਤੇਰਾ ਅੰਤ ਕੌਣ ਜਾਣ ਸਕਦਾ ਹੈ ? ਤੂੰ ਬਿਅੰਤ, ਅਭੈ ਤੇ ਨਿਰੰਕਾਰ ਦਾ ਰੂਪ ਹੈਂ, ਤੂੰ ਅਕਥ ਹਰੀ ਦਾ ਬਿਆਨ ਕਰਨ ਵਾਲਾ ਹੈਂ, ਉਸ ਦੀ ਸਮਝ ਤੈਨੂੰ ਹੀ ਹੈ ।
੩੬ ਹੇ ਵਹਿਮਾਂ ਦੇ ਭੁੱਲੇ ਸੰਸਾਰੀ ਜੀਵੋ ! ਗੁਰਮਤ ਰਾਹੀਂ ਧਿਆਓ ਤਾਂ ਜੂਨੀਆਂ ਦੀ ਮਾਰ ਤੋਂ ਛੁੱਟ ਜਾਓਗੇ ਤੇ ਜਮ-ਕਾਲ ਦੀ ਸਜ਼ਾ ਭੀ ਨਹੀਂ ਹੋਵੇਗੀ ।
੩੭ ਹੇ ਮੂਰਖ ਮਨ, ਹੇ ਪ੍ਰਾਣੀ ਸੋਚ ।
੩੮ ਕਰਾਂ ।

* ਏਥੋਂ ਸਵੱਯੇ ਦਾ ਅੰਕ ਬਦਲ ਜਾਂਦਾ ਹੈ ਤੇ 'ਨਲ੍ਹ' ਭੱਟ ਦੀ ਬਾਣੀ ਸ਼ੁਰੂ ਹੁੰਦੀ ਹੈ । ਅਗਲੇ ੧੨ ਸਵੱਯੇ ਇਸੇ ਕਵੀ ਦੇ ਹਨ । ਇਸ ਦੇ ਪਹਿਲੇ ੪ ਸਵੱਯਾਂ ਤੋਂ ਉਪਰੰਤ ਅੰਕ ਬਦਲਿਆ ਹੈ, ਪਰ ਕਵੀ ਨਹੀਂ ਬਦਲਿਆ । ਇਸ ਬਦਲੀ ਦਾ ਕਾਰਨ ਛੰਦ ਦੀ ਚਾਲ ਦਾ ਬਦਲਨਾ ਹੈ ।

[੧]ਜੁਗ ਜੋਰਿ ਕਰ ॥ [੨]ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ[੩] ਦੀਨੋ ਗੁਰਿ ਰਿਦ ਧਰ ॥ ਨਲ੍ਯ ਕਵਿ [੪]ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ ॥ [੫]ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥ ੩ ॥ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ [੬]ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥ ਗੁਰ ਅੰਗਦ ਦੀਅਉ ਨਿਧਾਨੁ[੭] ਅਕਥ ਕਥਾ ਗਿਆਨੁ [੮]ਪੰਚ ਭੂਤ ਬਸਿ ਕੀਨੇ [੯]ਜਮਤ ਨ ਤ੍ਰਾਸ ॥ ਗੁਰ ਅਮਰੁ [੧੦]ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ [੧੧]ਅਘਨ ਦੇਖਤ ਗਤੁ ਚਰਨ ਕਵਲ ਜਾਸ ॥ ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ੪ ॥ ਰਡ[੧੨] ॥ ਜਿਸਹਿ[੧੩] ਧਾਰ੍ਹਿਉ ਧਰਤਿ ਅਰੁ ਵਿਉਮੁ[੧੪] ਅਰੁ ਪਵਣੁ [੧੫]ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ ॥ [੧੬]ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥ ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ[੧੭] ॥ ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥ ੧ ॥ ੫ ॥* ਕਚਹੁ ਕੰਚਨੁ[੧੮] ਭਇਅਉ ਸਬਦੁ ਗੁਰ ਸ੍ਰਵਣਹਿ[੧੯] ਸੁਣਿਓ ॥ [੨੦]ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ[੨੧] ॥ ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ [੨੨]ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ[੨੩] ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ [੨੪]ਪਸੁ ਪਰੇਤ ਸੁਰਿ ਨਰ ਭਇਅ ॥ ੨ ॥ ੬ ॥ [੨੫]ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥ ਜਾਮਿ ਗੁਰੂ ਹੋਇ ਵਲਿ [੨੬]ਲਖ ਬਾਹੇ ਕਿਆ ਕਿਜਇ ॥ ਜਾਮਿ ਗੁਰੂ ਹੋਇ ਵਲਿ [੨੭]ਗਿਆਨ ਅਰੁ ਧਿਆਨ ਅਨਨ ਪਰਿ ॥ ਜਾਮਿ ਗੁਰੂ ਹੋਇ ਵਲਿ [੨੮]ਸਬਦੁ ਸਾਖੀ ਸੁ ਸਚਹ ਘਰਿ ॥ ਜੋ ਗੁਰੂ ਗੁਰੂ ਅਹਿਨਿਸਿ[੨੯] ਜਪੈ ਦਾਸੁ ਭਟੁ ਬੇਨਤਿ ਕਹੈ ॥ ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥ ੩ ॥ ੭ ॥ ਗੁਰ ਬਿਨੁ [੩੦]ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ ਗੁਰ ਬਿਨੁ ਸੁਰਤਿ ਨ ਸਿਧਿ[੩੧] ਗੁਰੂ ਬਿਨੁ ਮੁਕਤਿ ਨ ਪਾਵੈ ॥ [੩੨]ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥ ਗੁਰੁ ਕਰੁ [੩੩]ਸਬਦ ਸਪੁੰਨ [੩੪]ਅਘਨ ਕਟਹਿ ਸਭ ਤੇਰੇ ॥ ਗੁਰੁ [੩੫]ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ ॥ [੩੬]ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥ ੪ ॥ ੮ ॥ ਗੁਰੂ ਗੁਰੂ ਗੁਰੁ ਕਰੁ

੧ ਦੋਵੇਂ ਹੱਥ ਜੋੜ ਕੇ ।

੨ ਹੋਰ ਇਹ ਕਿ ਮਨ ਬਚਨ ਤੇ ਕਰਮਾਂ ਕਰ ਕੇ (ਉਸੇ ਨਾਮ ਨੂੰ) ਜਾਣ, ਕਿਸੇ ਹੋਰ ਨੂੰ ਨਾ ਮੰਨ।

੩ ਤੱਤ ਵਸਤੂ ।

੪ ਜਿਸ ਦੇ ਸਿਮਰਨ ਨਾਲ ਇਉਂ ਤਬਦੀਲ ਹੋ ਜਾਈਦਾ ਹੈ ਜਿਵੇਂ ਪਾਰਸ ਦੀ ਛੋਹ ਨਾਲ ਕਚ ਸੋਨਾ ਹੋ ਜਾਂਦਾ ਹੈ ਤੇ ਚੰਦਨ ਦੀ ਛੋਹ ਨਾਲ ਹੋਰ ਰੁੱਖ ਸੁਗੰਧਤ ਹੋ ਜਾਂਦੇ ਹਨ ।

੫ ਜਿਸ ਦੇ ਦੁਆਰੇ ਨੂੰ ਦੇਖਣ ਨਾਲ ਕਾਮ ਕ੍ਰੋਧ ਆਦਿ ਦੂਰ ਹੋ ਜਾਂਦੇ ਹਨ ।

੬ ਪਹਿਲਾਂ ਨਾਨਕ ਜੀ ਚੰਨ ਰੂਪ ਹੋਏ, ਜਿਨ੍ਹਾਂ ਨੇ ਮਨੁੱਖ-ਜਨਾਂ ਦੇ ਤਾਰਨ ਲਈ ਚਾਨਣਾ ਕੀਤਾ ਤੇ ਸੰਸਾਰ ਨੂੰ ਖੁਸ਼ੀ ਹੋਈ ।

੭ ਖ਼ਜ਼ਾਨਾ । ੮ ਕਾਮਾਦਿ ।

੯ ਪੈਦਾ ਨਹੀਂ ਹੁੰਦਾ ਡਰ (ਉਨ੍ਹਾਂ ਭੂਤਾਂ ਦਾ) ।

੧੦ ਸ੍ਰੀ ਸਤਿਗੁਰੂ ।

੧੧ ਪਾਪ ਜਿਸ ਦੇ ਪਵਿੱਤਰ ਚਰਨ ਦੇਖਦਿਆਂ ਹੀ ਚਲੇ ਜਾਂਦੇ ਹਨ ।

੧੨ ਇਕ ਛੰਦ ਦਾ ਨਾਂ ਹੈ ।

੧੩ ਜਿਸ ਨੇ ।

੧੪ ਅਕਾਸ਼ ।

੧੫ ਅਤੇ ਸਰੋਵਰਾਂ ਦਾ ਪਾਣੀ ਅਤੇ ਅੱਗ ਅੰਨ ਆਦਿ ਪੈਦਾ ਕੀਤੇ ।

੧੬ ਰਾਤ ਨੂੰ ਚੰਨ ਤਾਰੇ, ਦਿਨ ਨੂੰ ਸੂਰਜ ਅਤੇ ਚਟਾਨਾਂ ਬਣਾਈਆਂ ਅਤੇ ਰੁੱਖਾਂ ਨੂੰ ਫਲ ਤੇ ਫੁੱਲ ਦਿੱਤੇ ।

੧੭ ਜਿਸ ਨੇ । ਜਿਸ ਨੇ ਦੈਵੀ ਮਨੁੱਖ, ਸੱਤ ਸਮੁੰਦਰ ਬਣਾਏ ਅਤੇ ਤਿੰਨ ਲੋਕ ਟਿਕਾਏ ਹਨ ।

੧੮ ਸੋਨਾ ।

੧੯ ਕੰਨੀਂ ।

੨੦ ਵਿਹੁ ਤੋਂ ।

੨੧ ਉਚਾਰਿਆ ।

੨੨ ਜਿਹੜੇ ਗੁਰੂ ਦੇ ਕਹੇ ਗਿਆਨ ਨੂੰ ਵਿਚਾਰਦੇ ਹਨ, ਉਨ੍ਹਾਂ ਨੂੰ ਗੁਰੂ ਪੱਥਰਾਂ ਤੋਂ ਹੀਰੇ ਬਣਾ ਦਿੰਦਾ ਹੈ।

੨੩ ਚੰਦਨ ।

੨੪ ਉਹ ਪਸ਼ੂ ਪਰੇਤੋਂ ਦੈਵੀ ਗੁਣਾਂ ਵਾਲੇ ਮਨੁੱਖ ਹੋ ਗਏ (ਪਿਛਲੀ ਤੁਕ ਦੇ ਅੰਤਲੇ ਲਫਜ਼ 'ਗਇਅ' ਨੂੰ 'ਗਏ' ਅਤੇ ਇਸ ਤੁਕ ਦੇ ਅੰਤਲੇ ਲਫ਼ਜ਼ 'ਭਇਅ' ਨੂੰ 'ਭਏ' ਪੜ੍ਹਨਾ ਹੈ)।

੨੫ ਜਦ ਗੁਰੂ ਕਿਸੇ ਦੇ ਵੱਲ (ਪੱਖ 'ਤੇ) ਹੋ ਜਾਵੇ, ਉਸ ਨੂੰ ਧਨ ਦਾ ਕੀ ਗਰਬ (ਹੰਕਾਰ) ਹੋ ਸਕਦਾ ਹੈ? (ਭਾਵ ਉਹ ਹੰਕਾਰ ਨਹੀਂ ਕਰਦਾ) ।

੨੬ ਉਸ ਨੂੰ ਲੱਖਾਂ ਬਾਹਾਂ, ਭਾਵ ਸਹਾਇਕਾਂ ਦੀ ਕੀ ਲੋੜ ਹੈ ?

੨੭ ਤਾਂ ਮਨੁੱਖ (ਹਰੀ ਤੋਂ ਬਿਨਾਂ) ਕਿਸੇ ਹੋਰ ਉੱਤੇ ਗਿਆਨ ਅਤੇ ਧਿਆਨ ਨਹੀਂ ਰੱਖਦਾ । ਅਨਨ [ਸੰ. ਅਨਨਜ]= ਅਨਨ, ਕੋਈ ਹੋਰ ਨਾ ।

੨੮ ਸ਼ਬਦ ਤੇ ਸਾਖੀ (ਸਿਖਿਆ) ਉਸੇ ਸੱਚੇ ਘਰ ਵਿੱਚ ਹੋ ਕੇ ਕਰਦਾ ਹੈ, ਭਾਵ ਸੱਚੇ ਘਰ ਵੱਲ ਲਿਜਾਣ ਵਾਲੀ ਬਾਣੀ ਤੇ ਉਪਦੇਸ਼ ਸੁਣਨਾ ਕਰਦਾ ਹੈ ।

੨੯ ਦਿਨ ਰਾਤ । ੩੦ ਘੁਪ ਹਨੇਰਾ ।

੩੧ ਕਾਮਯਾਬੀ, ਸਫ਼ਲਤਾ ।

੩੨ ਗੁਰੂ ਧਾਰਨ ਕਰ ਇਹੋ ਚੰਗੀ ਸਿਆਣਪ ਹੈ ।

੩੩ ਜੋ ਗੁਰੂ ਸ਼ਬਦ ਸੰਪੰਨ (ਅਹਿਲੇ ਕਲਾਮ, ਬਾਣੀ ਨਾਲ ਮਾਲਾ ਮਾਲ) ਹੈ ।

੩੪ ਤਾਂ ਕਿ, ਤੇਰੇ ਸਾਰੇ ਪਾਪ ਕੱਟੇ ਜਾਣ ।

੩੫ ਅੱਖਾਂ ਤੇ ਵਚਨਾਂ ਦੁਆਰਾ ਗੁਰੂ ਗੁਰੂ ਹੀ ਜਪੋ ।

੩੬ ਜਿਨ੍ਹਾਂ ਨੇ ਗੁਰੂ ਨੂੰ ਨਾ ਦੇਖਿਆ ਹੈ ਤੇ ਨਾ (ਗੁਰੂ-ਗੁਰੂ) ਕੀਤਾ ਹੈ, ਭਾਵ ਨਾ ਗੁਰੂ-ਗੁਰੂ ਜਪਿਆ ਹੈ, ਓਹ ਸੰਸਾਰ ਵਿਚ ਨਿਸਫਲ ਆਏ ਹਨ ।

* ਇਹ ਛੋਟਾ ਅੰਕ ਇਸ ਲਈ ਬਦਲਿਆ ਹੈ ਕਿ ਛੰਦ ਦੀ ਚਾਲ ਬਦਲੀ ਹੈ, ਕਵੀ ਨਹੀਂ ਬਦਲਿਆ । ਇਹ ਪਹਿਲਾ 'ਰੱਡ' ਛੰਦ ਹੈ ਤੇ 'ਨਲ੍ਯ' ਭੱਟ ਦਾ ਪੰਜਵਾਂ ਸਵੱਯਾ ਹੈ ।

ਮਨ ਮੇਰੇ ॥ ਤਾਰਣ ਤਰਣ ਸਮ੍ਰਥੁ[੧] ਕਲਿਜੁਗਿ [੨]ਸੁਨਤ ਸਮਾਧਿ ਸਬਦ ਜਿਸੁ ਕੇਰੇ ॥ [੩]ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥ [੪]ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ ॥ [੫]ਜਉ ਹਰਿ ਬੁਧਿ ਰਿਧਿ ਸਿਧਿ ਚਾਹਤ ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥ ੫ ॥ ੯ ॥ ਗੁਰੂ ਮੁਖੁ ਦੇਖਿ [੬]ਗਰੂ ਸੁਖੁ ਪਾਯਉ ॥ [੭]ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ ॥ [੮]ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ ॥ [੯]ਗੋਬਿੰਦਵਾਲੁ ਗੋਬਿੰਦਪੁਰੀ ਸਮ ਜਲ੍ਯ੍ਨ ਤੀਰਿ ਬਿਪਾਸ ਬਨਾਯਉ ॥ ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥ ੬ ॥ ੧੦ ॥ ਸਮਰਥ ਗੁਰੂ ਸਿਰਿ ਹਥੁ ਧਰ੍ਯ੍ਯਉ ॥ ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ [੧੦]ਅਘੰਨ ਹਰ੍ਯ੍ਯਉ ॥ [੧੧]ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ [੧੨]ਸੁਤੁ ਭਾਨ ਡਰ੍ਯ੍ਯਉ ॥ [੧੩]ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਯ੍ਯਉ ॥ ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯ੍ਯਉ ॥ ੭ ॥ ੧੧ ॥ ਅਬ ਰਾਖਹੁ ਦਾਸ ਭਾਟ ਕੀ ਲਾਜ ॥ ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ[੧੪] ਫਾਰੇ [੧੫]ਕਰ ਆਜ ॥ ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ [੧੬]ਛੀਨਤ ਬਸਤ੍ਰ ਦੀਨ ਬਹੁ ਸਾਜ ॥ ਸੋਦਾਮਾ[੧੭] ਅਪਦਾ[੧੮] ਤੇ ਰਾਖਿਆ [੧੯]ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥ ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥ ੮ ॥ ੧੨ ॥

ਝੋਲਨਾ* ॥ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥ ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ[੨੦] ਅਪੈ[੨੧] ਰਸਨਿ[੨੨] ਅਹਿਨਿਸਿ ਰਸੈ[੨੩] ਸਤਿ ਕਰਿ ਜਾਨੀਅਹੁ ॥ ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ[੨੪] ਧਿਆਈਐ [੨੫]ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯ੍ਯਾਨੀਅਹੁ ॥ ਬਚਨ ਗੁਰ ਰਿਦਿ ਧਰਹੁ [੨੬]ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ[੨੭] [੨੮]ਦ੍ਵਾਰਿ ਹਰਿ ਮਾਨੀਅਹੁ ॥ [੨੯]ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥ ੧ ॥ ੧੩ ॥ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥ [੩੦]ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ ਧ੍ਯ੍ਯਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥ [੩੧]ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ ॥ ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ ॥ ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ[੨੪] ਭਜਹੁ ਗੁਰੂ ਗੁਰੁ ਗੁਰੂ ਗੁਰੁ

੧ ਸਮਰੱਥ ।

੨ ਜਿਸ ਦੇ ਸ਼ਬਦ ਸੁਣਦਿਆਂ ਹੀ ਸਮਾਧੀ ਲੱਗ ਜਾਂਦੀ ਹੈ ।

੩ ਅਤੇ ਦੁੱਖਾਂ ਦੇ ਨਾਸ ਕਰਨ ਵਾਲਾ ਤੇ ਸੁਖਾਂ ਦੇ ਦੇਣ ਵਾਲਾ ।

੪ ਗੁਰੂ ਪੂਰਨ ਪੁਰਖ ਹੈ, ਦਿਲ ਵਿਚ ਹਰੀ ਨੂੰ ਜਾਪਦਾ ਹੈ; ਉਸ ਦਾ ਮੂੰਹ ਦੇਖਦਿਆਂ ਪਾਪ ਦੂਰ ਹੋ ਜਾਂਦੇ ਹਨ ।

੫ ਜੇ ਤੂੰ ਇਲਾਹੀ ਅਕਲ ਤੇ ਕਰਾਮਾਤੀ ਸ਼ਕਤੀਆਂ ਚਾਹੁੰਦਾ ਹੈਂ । ੬ ਵੱਡਾ ਸੁਖ ।

੭ ਜਿਹੜੀ ਪਿਆਸ ਲੱਗੀ ਹੋਈ ਸੀ ਅੰਮ੍ਰਿਤ ਪੀਵਣ ਦੀ, ਉਸ ਇੱਛਾ ਦੀ ਸਿੱਧੀ ਲਈ ਹਰੀ ਨੇ ਵਿਉਂਤ ਬਣਾ ਦਿੱਤੀ ।

੮ ਜਿਹੜਾ ਮਨ ਰਸਾਂ ਵਾਸ਼ਨਾਂ ਲਈ ਦਸੇ ਪਾਸੇ ਦੌੜਦਾ ਸੀ, ਉਹ ਵਾਸ਼ਨਾਂ ਪੂਰੀਆਂ ਹੋ ਗਈਆਂ ਤੇ ਮਨ ਥਾਂ 'ਤੇ ਟਿਕ ਗਿਆ ।

੯ ਗੋਇੰਦਵਾਲ ਬੈਕੁੰਠ ਵਰਗਾ ਬਿਆਸੇ ਦੇ ਪਾਣੀਆਂ ਦੇ ਕੰਢੇ ਬਣਾਇਆ ।

੧੦ ਪਾਪ ਦੂਰ ਹੋਏ ।

੧੧ ਰਾਤ ਦਿਨ ।

੧੨ ਸੂਰਜ ਦਾ ਪੁੱਤਰ (ਜਮ) ਡਰ ਗਿਆ ।

੧੩ ਹੇ ਦਾਸ ਨਲ੍ਯ ਕਵੀ ! ਤੂੰ ਆਖ ਕਿ ਉਸ ਨੂੰ (ਗੁਰੂ ਰਾਮਦਾਸ ਨੂੰ) ਜਗਤ-ਗੁਰੂ ਅਮਰਦਾਸ ਦੀ ਹੀ ਆਸ ਹੈ, ਜਿਸ ਨੇ ਪਾਰਸ ਰੂਪ ਆਪਣੇ ਆਪ ਨਾਲ ਛੂਹਾ ਕੇ ਪਾਰਸ ਬਣਾ ਦਿੱਤਾ ।

੧੪ ਦੇਖੋ ਪੰਨਾ ੧੧੩੩, ਫੁਟ ਨੋਟ * ।

੧੫ ਹੱਥਾਂ ਦੇ ਨਹੁੰਆਂ ਨਾਲ ।

੧੬ ਕਪੜੇ ਖੋਂਹਦਿਆਂ ਤੁਸਾਂ ਬਹੁਤ ਸਾਰੇ ਸਮਿਆਨ (ਕਪੜੇ) ਦਿੱਤੇ ਸਨ ।

੧੭ ਕ੍ਰਿਸ਼ਨ ਜੀ ਦਾ ਗਰੀਬ ਭਗਤ ਤੇ ਦੋਸਤ ।

੧੮ ਮੁਸੀਬਤ ।

੧੯ ਗਨਿਕਾ ਜੋ ਤੋਤੇ ਤੋਂ ਰਾਮ-ਰਾਮ ਪੜ੍ਹਦੀ ਸੀ । ਉਸ ਦੇ ਕੰਮ ਸਵਾਰੇ । ਦੇਖੋ ਪੰਨਾ ੧੧੨੪, ਨੋਟ ੪੧।

੨੦ ਦੇਖੋ ਪੰਨਾ ੧੧੨੯, ਫੁਟ ਨੋਟ * ।

੨੧ ਅਰਪੈ, ਦਿੰਦਾ ਹੈ । ਗੁਰੂ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਅਰਪਦਾ ਹੈ ।

੨੨ ਜੀਭ ਦੁਆਰਾ ।

੨੩ ਸੁਆਦ ਲੈਂਦਾ ਹੈ (ਨਾਮ ਦਾ) ।

੨੪ ਗੁਰੂ ਦੁਆਰਾ ।

੨੫ ਹੋਰ ਰਸਤੇ ਛੱਡ ਦਿਓ ।

੨੬ [ਪੰਜਾਂ ਤੱਤਾਂ ਤੋਂ ਹੋਇਆ] ਮਨ । 'ਇਹੁ ਮਨੁ ਪੰਚ ਤਤੁ ਤੇ ਜਨਮਾ' (ਆਸਾ ਮ: ੧ ਪੰਨਾ ੪੧੫) ।

੨੭ ਉਧਾਰ ਲਵੋ, ਤਾਰ ਲਵੋ ।

੨੮ ਹਰੀ ਦੇ ਦੁਆਰੇ ਮਾਣ ਪਾਓ ।

੨੯ ਜੇ ਤਾਂ ਤੁਸੀਂ ਇਥੇ ਉਥੇ (ਲੋਕ ਪ੍ਰਲੋਕ) ਦੇ ਸਾਰੇ ਸੁਖ ਚਾਹੁੰਦੇ ਹੋ ?

੩੦ ਹਰੀ ਨੂੰ ਅਪਹੁੰਚ ਗੁਣਾਂ ਦਾ ਖ਼ਜ਼ਾਨਾ ਜਾਣੋ, ਰਾਤ ਦਿਨ ਉਸੇ ਦਾ ਮਨ ਵਿੱਚ ਧਿਆਨ ਧਰੋ, ਗੁਰੂ ਦਾ ਬਚਨ ਦਿਲ ਵਿੱਚ ਟਿਕਾਅ ਕੇ ।

੩੧ ਫੇਰ ਗੁਰੂ ਰੂਪੀ ਪਵਿੱਤਰ ਤੇ ਡੂੰਘੇ ਜਲ ਵਿਚ ਇਸ਼ਨਾਨ ਕਰੋ ਤੇ ਹੇ ਸੰਤੋ, ਗੁਰਸਿਖੋ ! ਸੱਚੇ, ਨਾਮ ਦੇ ਪ੍ਰੇਮ-ਸਰੋਵਰ ਵਿਚ ਤਾਰੀਆਂ ਲਾਓ ।

* ਜਾਂ ਝੂਲਨਾ ਛੰਦ ਦਾ ਨਾਂ ਹੈ । ਇਥੋਂ ਛੰਦ ਦੀ ਕਿਸਮ ਬਦਲਣ ਕਰ ਕੇ ਛੋਟਾ ਅੰਕ ਭੀ ਬਦਲਿਆ ਹੈ। ਵੱਡਾ ਅੰਕ ਜਾਰੀ ਹੈ, ਕਿਉਂਕਿ ਕਵੀ ਨਹੀਂ ਬਦਲਿਆ । ਅੰਕ ੧੬ ਤੱਕ ਕਵੀ 'ਨਲ੍ਯ' ਦੀ ਹੀ ਰਚਨਾ ਹੈ ।

ਗੁਰੂ ਜਪੁ ਸਤਿ ਕਰਿ ॥ ੨ ॥ ੧੪ ॥ ਗੁਰੂ ਗੁਰੁ ਗੁਰੁ ਕਰਹੁ [੧]ਗੁਰੂ ਹਰਿ
ਪਾਈਐ ॥ ਉਦਧਿ[੨] ਗੁਰੁ ਗਹਿਰ[੩] ਗੰਭੀਰ ਬੇਅੰਤੁ [੪]ਹਰਿ ਨਾਮ ਨਗ ਹੀਰ
ਮਣਿ ਮਿਲਤ ਲਿਵ ਲਾਈਐ ॥ [੫]ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ
ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥ [੬]ਅੰਮ੍ਰਿਤ ਪਰਵਾਹ
ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥
ਨਾਮੁ ਨਿਰਬਾਣੁ[੭] ਨਿਧਾਨੁ ਹਰਿ ਉਰਿ[੮] ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ
ਪਾਈਐ ॥ ੩ ॥ ੧੫ ॥ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥ ਜਾ ਕੀ
ਸੇਵ ਸਿਵ ਸਿਧ ਸਾਧਿਕ [੯]ਸੁਰ ਅਸੁਰ ਗਣ ਤਰਹਿ ਤੇਤੀਸ[੧੦] ਗੁਰ ਬਚਨ
ਸੁਣਿ ਕੰਨ ਰੇ ॥ ਫੁਨਿ ਤਰਹਿ ਤੇ ਸੰਤ [੧੧]ਹਿਤ ਭਗਤ ਗੁਰੁ ਗੁਰੁ ਕਰਹਿ
ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ ॥ ਤਰਹਿ ਨਾਰਦਾਦਿ
ਸਨਕਾਦਿ[੧੨] [੧੩]ਹਰਿ ਗੁਰਮੁਖਹਿ ਤਰਹਿ ਇਕ ਨਾਮ ਲਗਿ [੧੪]ਤਜਹੁ ਰਸ ਅੰਨ
ਰੇ ॥ ਦਾਸੁ ਬੇਨਤਿ ਕਹੈ ਨਾਮੁ [੧੫]ਗੁਰਮੁਖਿ ਲਹੈ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ
ਮੰਨ ਰੇ ॥ ੪ ॥ ੧੬ ॥ ੨੯ ॥* ਸਿਰੀ ਗੁਰੂ ਸਾਹਿਬੁ ਸਭ ਊਪਰਿ ॥ ਕਰੀ
ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥ ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ [੧੬]ਹਸ੍ਤ
ਕਮਲ ਮਾਥੇ ਪਰ ਧਰੀਅੰ ॥ ਅਲਖ ਰੂਪ [੧੭]ਜੀਅ ਲਖ੍ਯਾ ਨ ਜਾਈ ॥ ਸਾਧਿਕ
ਸਿਧ ਸਗਲ ਸਰਣਾਈ ॥ ਗੁਰ ਕੇ ਬਚਨ ਸਤਿ ਜੀਅ ਧਾਰਹੁ ॥
ਮਾਣਸ ਜਨਮੁ ਦੇਹ ਨਿਸ੍ਤਾਰਹੁ[੧੮] ॥ ਗੁਰੁ ਜਹਾਜੁ ਖੇਵਟੁ[੧੯] ਗੁਰੂ ਗੁਰ ਬਿਨੁ
ਤਰਿਆ ਨ ਕੋਇ ॥ ਗੁਰ ਪ੍ਰਸਾਦਿ[੨੦] ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ
ਹੋਇ ॥ [੨੧]ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ
ਜਗਿ ਧਾਰੀ ॥ [੨੨]ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ
ਦੀਆ ॥ ਤਿਨਿ ਸ੍ਰੀ ਰਾਮਦਾਸੁ ਸੋਢੀ [੨੩]ਥਿਰੁ ਥਪ੍ਯਉ ॥ ਹਰਿ ਕਾ ਨਾਮੁ [੨੪]ਅਖੈ
ਨਿਧਿ ਅਪ੍ਯਉ ॥ ਅਪ੍ਯਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ
ਫਲੁ ਲਹੀਅੰ[੨੫] ॥ ਬੰਦਹਿ[੨੬] ਜੋ ਚਰਣ ਸਰਣਿ ਸੁਖੁ ਪਾਵਹਿ [੨੭]ਪਰਮਾਨੰਦ
ਗੁਰਮੁਖਿ ਕਹੀਅੰ ॥ [੨੮]ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ
ਭਰਣੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ
ਤਰਣੰ ॥ ੧ ॥ ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ [੨੯]ਕਰਿ
ਬਿਚਿਤਿ ਚਾਓ ॥ ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥
[੩੦]ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥
[੩੧]ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥
[੩੨]ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ ॥

੧ ਗੁਰੂ ਤੋਂ ਹਰੀ ਮਿਲਦਾ ਹੈ ।

੨ ਸਮੁੰਦਰ ।

੩ ਡੂੰਘਾ ।

੪ ਉਸ ਵਿੱਚ ਲਗਨ ਲਾਉਣ ਨਾਲ ਨਾਮ ਰੂਪ ਨਗ, ਹੀਰੇ ਤੇ ਮਣੀਆਂ ਮਿਲਦੀਆਂ ਹਨ ।

੫ ਅਤੇ ਗੁਰੂ ਸੁਗੰਧਤ ਤੇ ਰਸੀਲਾ ਬਣਾਂਦਾ ਹੈ, ਛੁਹ ਨਾਲ ਸੋਨਾ ਕਰ ਦਿੰਦਾ ਹੈ, ਖੋਟੀ ਬੁੱਧੀ ਦੀ ਮੈਲ ਦੂਰ ਕਰਦਾ ਹੈ, ਜੇ ਸ਼ਬਦ ਰਾਹੀਂ ਗੁਰੂ ਨੂੰ ਧਿਆਈਏ ।

੬ ਜਿਸ ਦੇ ਦੁਆਰੇ 'ਤੇ ਸਦਾ ਅੰਮ੍ਰਿਤ ਦੇ ਪ੍ਰਵਾਹ ਚੱਲਦੇ ਰਹਿੰਦੇ ਹਨ, ਜਿਸ ਗੁਰੂ ਦੇ ਨਿਰਮਲ ਗਿਆਨ-ਸਰੋਵਰ ਵਿੱਚ ਸੰਤ ਸਿੱਖ ਨ੍ਹਾਉਂਦੇ ਹਨ ।

੭ ਨਿਰੋਲ, ਸਾਫ਼ ।

੮ ਦਿਲ ਵਿੱਚ ।

੯ ਦੇਵਤੇ, ਦੈਂਤ ਅਤੇ ਦੇਵਤਿਆਂ ਦੇ ਸੇਵਕ ਤਰਦੇ ਹਨ।

੧੦ ਤੇਤੀ ਕ੍ਰੋੜ ਦੇਵਤੇ ।

੧੧ ਪਿਆਰ ਵਾਲੇ ਭਗਤ ।

੧੨ ਬ੍ਰਹਮਾ ਦੇ ਪੁੱਤਰ ਸਨਕ, ਸਨੰਦਨ ਆਦਿ ।

੧੩ ਹਰੀ ਰੂਪ ਗੁਰੂ ਦੁਆਰਾ ।

੧੪ ਹੋਰ ਸਵਾਦ ਛੱਡ ਦਿਓ ।

੧੫ ਗੁਰੂ ਦੁਆਰਾ ਲੱਭਦਾ ਹੈ ।

੧੬ ਪਵਿੱਤਰ ਹੱਥ ।

੧੭ ਜੀਆਂ ਤੋਂ ਲਖਿਆ ਨਹੀਂ ਜਾਂਦਾ ।

੧੮ ਤਾਰ ਲਓ ।

੧੯ ਮਲਾਹ ।

੨੦ ਕਿਰਪਾ ਨਾਲ ।

੨੧ ਗੁਰੂ ਨਾਨਕ ਹਰੀ ਦੇ ਨੇੜੇ ਵਸਦਾ ਹੈ ।

੨੨ ਲਹਿਣੇ ਨੇ ਧਰਮ ਦਾ ਰਸਤਾ ਚਲਾਇਆ ।

੨੩ ਅਟੱਲ, ਕਾਇਮ ਕੀਤਾ ।

੨੪ (ਨਾਮ ਰੂਪ) ਨਾ ਨਾਸ ਹੋਣ ਵਾਲਾ ਖ਼ਜ਼ਾਨਾ ਅਰਪਿਆ।

੨੫ ਪ੍ਰਾਪਤ ਕੀਤਾ ।

੨੬ ਬੰਦਨਾ (ਨਮਸਕਾਰ) ਕਰਦੇ ਹਨ ।

੨੭ ਉਨ੍ਹਾਂ ਨੂੰ ਪਰਮ ਸਖੀ ਗੁਰਮੁਖ ਕਹੀਦਾ ਹੈ ।

੨੮ ਗੁਰੂ ਦੀ ਦੇਹ ਪ੍ਰਗਟ ਤੌਰ 'ਤੇ ਆਦਿ-ਪੁਰਖ ਪਾਰਬ੍ਰਹਮ ਸੁਆਮੀ ਦਾ ਰੂਪ ਹੈ ਜੋ ਸਭ ਨੂੰ ਪਾਲਣ ਤੇ ਕਰਨ ਵਾਲਾ ਹੈ ।

੨੯ ਚਿਤ ਵਿੱਚ ਵਿਸ਼ੇਸ਼ ਕਰ ਕੇ ਚਾਉ ਰੱਖਦੇ ਹੋਏ ।

੩੦ ਸੰਸਾਰ ਵਿੱਚ ਗੁਰੂ ਦਾ ਦਰਸ਼ਨ ਗੰਗਾ ਵਤ ਫਲ ਦਾਤਾ ਹੈ, ਕਿਉਂਕਿ ਇਹ ਦਰਸ਼ਨ ਕਰਨ ਨਾਲ ਪਰਮ ਪਵਿੱਤਰ ਗਤੀ ਮਿਲਦੀ ਹੈ ।

੩੧ ਜਿਹੜੇ ਲੋਕ ਗਿਰੇ ਹੋਏ ਹੁੰਦੇ ਹਨ; ਉਹ ਕਲਿਆਣ ਸਰੂਪ ਗੁਰੂ ਦੇ ਗਿਆਨ ਵਿੱਚ ਰੰਗੀਜ ਕੇ ਹਰੀ ਦੇ ਭਗਤ ਹੋ ਜਾਂਦੇ ਹਨ ਤੇ ਜਮ-ਲੋਕ ਉੱਤੇ ਫਤ੍ਹੇ ਪਾ ਲੈਂਦੇ ਹਨ ।

੩੨ ਰਘੂ ਦੀ ਕੁਲ ਸ਼੍ਰੋਮਣੀ ਤੇ ਸੁੰਦਰ, ਜੋ ਦਸ਼ਰਥ ਦੇ ਘਰ ਜਨਮਿਆ (ਭਾਵ ਰਾਮ ਚੰਦਰ), ਉਹ ਗੁਰੂ ਰਾਮਦਾਸ ਜੀ ਹੀ ਸਨ, ਜਿਨ੍ਹਾਂ ਦੀ ਸ਼ਰਨ ਮੁਨੀ ਲੋਕ ਲੈਣਾ ਚਾਹੁੰਦੇ ਹਨ ।

* ਏਥੇ 'ਨਲ੍ਯ' ਭੱਟ ਦੇ ਸਵੱਯੇ ਮੁਕਦੇ ਹਨ ਤੇ 'ਗਯੰਦ' ਭੱਟ ਦੇ ਸ਼ੁਰੂ ਹੁੰਦੇ ਹਨ । ਇਸ ਲਈ ਪਿਛਲਿਆਂ ਦਾ ਵੱਡਾ ਜੋੜ ਕਰ ਦਿੱਤਾ ਹੈ ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥ ੨ ॥ ਸੰਸਾਰੁ ਅਗਮ ਸਾਗਰੁ ਤੁਲਹਾ[੧] ਹਰਿ ਨਾਮੁ ਗੁਰੂ ਮੁਖਿ ਪਾਯਾ ॥ [੨]ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥ ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥ ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ[੩] ਗਈ ॥ ਅਵਲੋਕੵਾ[੪] ਬ੍ਰਹਮੁ ਭਰਮੁ ਸਭੁ ਛੁਟਕੵਾ [੫]ਦਿਬੵ ਦ੍ਰਿਸ੍ਟਿ ਕਾਰਣ ਕਰਣੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥ ੩ ॥ ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ ॥ ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ ॥ ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ [੬]ਬਿਧਿ ਸਹਿਤ ਕਰੰ ॥ [੭]ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧੵਾਨੁ ਧਰੰ ॥ ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ[੮] ਬਹੁ ਬਿਧਿ ਬਰਨੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥ ੪ ॥ [੯]ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ ॥ ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ[੧੦] ਖਿਨ ਇਕ ਮਹਿ [੧੧]ਜਲਹਰ ਬਿੰਬ ਜੁਗਤਿ ਜਗੁ ਰਚਾ ॥ ਕੁੰਡਲਨੀ[੧੨] ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥ ਸਿਰੀ ਗੁਰੂ ਸਾਹਿਬੁ ਸਭ ਊਪਰਿ [੧੩]ਮਨ ਬਚ ਕ੍ਰੰਮ ਸੇਵੀਐ ਸਚਾ ॥ ੫ ॥*

[੧੪]ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ਕਵਲ ਨੈਨ [੧੫]ਮਧੁਰ ਬੈਨ [੧੬]ਕੋਟਿ ਸੈਨ ਸੰਗ ਸੋਭ [੧੭]ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥ ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥ [੧੮]ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ [੧੯]ਈਸੁ ਬੰਮੵੁ ਗੵਾਨੁ ਧੵਾਨੁ ਧਰਤ ਹੀਐ ਚਾਹਿ ਜੀਉ ॥ ਸਤਿ ਸਾਚੁ [੨੦]ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧ ॥ ੬ ॥ [੨੧]ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਬੇਸੁਮਾਰ ਸਰਬਰ ਕਉ ਕਾਹਿ ਜੀਉ ॥ [੨੨]ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥ [੨੩]ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੨ ॥ ੭ ॥ [੨੪]ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥ ਬੇਵਜੀਰ ਬਡੇ ਧੀਰ[੨੫] [੨੬]ਧਰਮ ਅੰਗ ਅਲਖ

੧ ਦਰਿਆ ਵਿਚ ਵਜ਼ਨ ਬਰਾਬਰ ਕਰਨ ਲਈ ਤਖਤਿਆਂ ਜਾਂ ਲੱਕੜਾਂ ਦਾ ਬਣਾਇਆ ਆਸਰਾ । ਹਰੀ-ਨਾਮ ਤੁਲ੍ਹਾ ਹੈ ਜੋ ਗੁਰੂ ਦੁਆਰਾ ਮਿਲਦਾ ਹੈ ।

੨ ਜਿਸ ਨੂੰ ਦਿਲ ਵਿਚ ਇਹ ਯਕੀਨ ਬੱਝ ਗਿਆ ਹੈ, ਉਸ ਦਾ ਸੰਸਾਰ ਵਿਚੋਂ ਜਨਮ ਮਰਨ ਮੁੱਕ ਗਿਆ ਹੈ । (ਭਗਾ) ਭਜ ਗਿਆ, ਦੂਰ ਹੋ ਗਿਆ।

੩ [ਵਜਥਾ] ਪੀੜਾ ।

੪ ਦੇਖਿਆ ।

੫ ਜਿਸ ਦੀ ਰੱਬੀ-ਜੋਤਿ ਵਾਲੀ ਨਜ਼ਰ ਹੈ ਅਤੇ ਜੋ ਰਚਨਾ ਦਾ ਮੂਲ ਕਾਰਨ ਹੈ (ਭਾਵ ਗੁਰੂ ਰਾਮਦਾਸ)।

੬ ਵਿਧੀ ਸਹਿਤ ਕਰਦੇ ਹਨ ।

੭ ਪ੍ਰਕਾਸ਼ ਸਰੂਪ ਗੁਰੂ ਦਾ ਧਿਆਨ ਧਰ ਕੇ ਅਤੇ ਪਾਰਸ-ਗੁਰੂ ਨੂੰ ਛੋਹ ਕੇ ਉਨ੍ਹਾਂ ਦਾ ਸਰੀਰ ਸੋਨੇ ਵਰਗਾ ਸ਼ੁੱਧ ਹੋ ਜਾਂਦਾ ਹੈ ।

੮ ਜਿਸ ਨੂੰ ਕਈ ਤਰ੍ਹਾਂ ਨਾਲ ਬਿਆਨ ਕੀਤਾ ਜਾਂਦਾ ਹੈ ।

੯ ਜਿਨ੍ਹਾਂ ਨੇ ਗੁਰੂ ਦਾ ਵਚਨ ਧਰੂਅ ਵਾਂਗ ਅਟੱਲ ਕਰ ਕੇ ਮੰਨਿਆ ਹੈ ।

੧੦ ਡਰਾਉਣਾ ।

੧੧ [ਜਲਧਰ] ਬੱਦਲ । ਜਗਤ ਨੂੰ ਓਹ ਬੱਦਲ ਦੀ ਛਾਂ ਵਾਂਗ (ਛਿੰਨ-ਭੰਗਰ) ਰਚਿਆ ਮੰਨਦੇ ਹਨ ।

੧੨ [ਕੁੰਡਲਿਨੀ, ਯੋਗੀਆਂ ਦੀ ਮੰਨੀ ਹੋਈ ਇਕ ਨਾੜੀ, ਜੋ ਸੁਖਮਨਾ ਨਾੜੀ ਦੀ ਜੜ੍ਹ ਵਿਚ ਸੱਪ ਵਾਂਗੂੰ ਸਾਢੇ ਤਿੰਨ ਕੁੰਡਲ ਮਾਰ ਕੇ ਸੁੱਤੀ ਰਹਿੰਦੀ ਹੈ । ਜੋਗ-ਅਭਿਆਸ ਕਰਨ ਨਾਲ ਇਹ ਜਾਗਦੀ ਹੈ ਅਤੇ ਸੁਖਮਨਾ ਦੇ ਰਸਤੇ ਛੀ ਚੱਕਰਾਂ ਵਿਚੋਂ ਲੰਘਦੀ ਹੋਈ ਦਸਮ ਦੁਆਰ ਵਿਚ ਸਮਾ ਜਾਂਦੀ ਹੈ ।] ਮਨ ਦੀ ਗੁੰਝਲ । ਉਨ੍ਹਾਂ ਦੇ ਮਨ ਦੀ ਗੁੰਝਲ ਸਤਿਸੰਗ ਦੁਆਰਾ ਖੁਲ੍ਹ ਗਈ ਅਤੇ ਪਰਮ ਅਨੰਦ ਰੂਪ ਹਰੀ ਨੂੰ ਗੁਰੂ ਦੁਆਰਾ ਮਾਣ ਕੇ ਖੁਸ਼ ਹੋਏ ।

੧੩ ਮਨ, ਵਚਨ ਤੇ ਅਮਲ ਰਾਹੀਂ ।

੧੪ ਹੇ ਗੁਰੂ ! ਤੂੰ ਧੰਨ ਹੈਂ ! ਧੰਨ ਹੈਂ !

੧੫ ਮਿਠੇ ਬਚਨਾਂ ਵਾਲਾ ।

੧੬ ਕ੍ਰੋੜਾਂ ਸੰਗੀ ਸਾਥੀ ਸੋਭਦੇ ਹਨ ।

੧੭ ਤੂੰ ਹੀ ਹੈਂ ਜਿਸ ਨੂੰ, ਮਾਤਾ ਜਸੋਧਾਂ ਆਖਦੀ ਸੀ, "ਦਹੀਂ ਚਾਉਲ ਖਾ ਲਓ ।" ਜਦ ਤੂੰ ਖੇਡ ਪਾਂਦਾ ਸੈਂ ਤਾਂ ਤੇਰੀ ਤੜਾਗੀ ਛਣ-ਛਣ ਦੀ ਆਵਾਜ਼ ਦੇਂਦੀ ਸੀ (ਜਿਸ ਨੂੰ ਸੁਣ ਕੇ) ਤੇ ਤੇਰੇ ਅਤੀ ਸੋਹਣੇ ਰੂਪ ਨੂੰ ਦੇਖ ਕੇ ਮੋਹ ਵਿਚ ਆ ਕੇ ਜਸੋਧਾਂ ਬਹੁਤ ਮਗਨ ਹੁੰਦੀ ਸੀ ।

੧੮ ਮੌਤ ਦੀ ਕਲਮ ਤੇ ਹੁਕਮ ਤੇਰੇ ਹੀ ਹੱਥ ਵਿਚ ਹੈ।

੧੯ ਸ਼ਿਵ ਤੇ ਬ੍ਰਹਮਾ ਤੇਰੇ ਹੀ ਗਿਆਨ ਧਿਆਨ ਨੂੰ ਦਿਲ ਵਿਚ ਧਾਰਨਾ ਚਾਹੁੰਦੇ ਹਨ ।

੨੦ ਲੱਛਮੀ ਦਾ ਤੇਰੇ ਵਿਚ ਨਿਵਾਸ ਹੈ ।

੨੧ ਰਾਮ ਨਾਮ ਵਾਲੇ, ਉੱਚੇ ਟਿਕਾਣੇ ਵਾਲੇ, ਸੂਝ-ਬੂਝ ਵਾਲੇ, ਆਕਾਰ-ਰਹਿਤ ਤੇ ਬੇਅੰਤ ਹੋ, ਤੇਰੀ ਬਰਾਬਰੀ ਵਾਲਾ ਕਉਣ ਹੋ ਸਕਦਾ ਹੈ ?

੨੨ ਜਿਸ ਨੇ ਸਾਫ਼ ਦਿਲ ਭਗਤ (ਪ੍ਰਹਲਾਦ) ਲਈ (ਨਰਸਿੰਘ ਦਾ) ਰੂਪ ਧਾਰਿਆ ਅਤੇ ਹਰਨਾਖਸ਼ ਨੂੰ ਨਹੁੰਆਂ ਨਾਲ ਪਾੜ ਕੇ ਮਾਰ ਦਿੱਤਾ ।

੨੩ ਸੰਖ ਚਕ੍ਰ ਆਦਿ ਵਿਸ਼ਨੂੰ ਦੇ ਚਿੰਨ੍ਹ ਧਾਰ ਕੇ ਤੂੰ ਆਪ ਹੀ ਆਪਣੇ ਆਪ ਨੂੰ ਛਲ (ਬਾਵਨ) ਰੂਪ ਬਣਾਇਆ ਸੀ ।

੨੪ (ਤੂੰ ਹੀ ਕ੍ਰਿਸ਼ਨ ਰੂਪ) ਪੀਲੇ ਵਸਤ੍ਰਾਂ ਵਾਲਾ, ਚਿੱਟੀਆਂ ਕਲੀਆਂ ਵਰਗੇ ਦੰਦਾਂ ਵਾਲਾ, (ਰਾਧਾ) ਪਿਆਰੀ ਸਮੇਤ, ਗਲੇ ਵਿਚ ਮਾਲਾ, ਸਿਰ 'ਤੇ ਮੋਰ ਦੇ ਖੰਭਾਂ ਵਾਲਾ ਮੁਕਟ ਚਾਅ ਨਾਲ ਪਹਿਨਿਆ ਹੈ ।

੨੫ ਧੀਰਜ ਵਾਲਾ ।

੨੬ ਧਰਮ ਪਾਲਣ ਵਾਲਾ ।

* ਏਥੋਂ ਅੱਗੋਂ ਛੋਟਾ ਅੰਕ ਬਦਲਿਆ ਹੈ, ਪਰ ਵੱਡਾ ਨਹੀਂ ਬਦਲਿਆ । ਜਿਸ ਦਾ ਭਾਵ ਹੈ ਕਿ ਕਵੀ ਨਹੀਂ ਬਦਲਿਆ, ਕੇਵਲ ਛੰਦ ਦੀ ਚਾਲ ਬਦਲੀ ਹੈ ।

ਇਨ੍ਹਾਂ ਸਵੱਯਾਂ ਵਿਚ ਗੁਰੂ ਦੀ ਸਿਫ਼ਤ ਹੋ ਰਹੀ ਹੈ । ਗੁਰੂ ਨੂੰ ਹੀ ਆਦਿ ਅਨੰਤ ਹਰੀ ਦਾ ਰੂਪ ਜਾਣ ਕੇ ਜੋ ਜੋ ਸਿਫ਼ਤਾਂ ਲੋਕ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਦੇਂਦੇ ਆਏ ਹਨ । ਇਹ ਭੱਟ ਆਪਣੇ ਗੁਰੂ ਨੂੰ ਦਿੰਦਾ ਹੈ ਅਤੇ ਉਨ੍ਹਾਂ ਵਿਚ ਗੁਰੂ ਨੂੰ ਹੀ ਕੰਮ ਕਰਦਾ ਦੇਖਦਾ ਹੈ ।

ਅਗਮ ਖੇਲੁ ਕੀਆ ਆਪਣੈ ਉਛਾਹਿ[੧] ਜੀਉ ॥ ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ ਸੁਤਹ ਸਿਧ[੨] ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੩ ॥ ੮ ॥ ਸਤਿਗੁਰੂ ਸਤਿਗੁਰੂ [੩]ਸਤਿਗੁਰੁ ਗੁਬਿੰਦ ਜੀਉ ॥ [੪]ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥ [੫]ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥ [੬]ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥ ਨਾਮੁ ਸਾਰੁ[੭] ਹੀਏ ਧਾਰੁ ਤਜੁ ਬਿਕਾਰੁ [੮]ਮਨ ਗਯੰਦ* ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ੪ ॥ ੯ ॥ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥ ਗੁਰ ਕਹਿਆ ਮਾਨੁ [੯]ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ [੧੦]ਨਿਸਿ ਬਾਸੁਰ ਹੋਇ ਕਲ੍ਯ੍ਯਾਨੁ ਲਹਹਿ ਪਰਮ ਗਤਿ ਜੀਉ ॥ ਕਾਮੁ ਕ੍ਰੋਧੁ ਲੋਭੁ ਮੋਹੁ [੧੧]ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ[੧੨] ਜੀਉ ॥ [੧੩]ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥ ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥ ੫ ॥ ੧੦ ॥ ਸੇਵਕ ਕੈ ਭਰਪੂਰ ਜੁਗੁ ਜੁਗੁ [੧੪]ਵਾਹ ਗੁਰੂ ਤੇਰਾ ਸਭੁ ਸਦਕਾ ॥ ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥ ਬ੍ਰਹਮਾ ਬਿਸਨੁ [੧੫]ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥ ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹ ਗੁਰੂ ਤੇਰਾ ਸਭੁ ਸਦਕਾ ॥ ੧ ॥ ੧੧ ॥† [੧੬]ਵਾਹੁ ਵਾਹੁ ਕਾ ਬਡਾ ਤਮਾਸਾ ॥ ਆਪੇ ਹਸੈ ਆਪਿ ਹੀ ਚਿਤਵੈ[੧੭] ਆਪੇ ਚੰਦੁ ਸੂਰੁ[੧੮] ਪਰਗਾਸਾ ॥ ਆਪੇ ਜਲੁ ਆਪੇ ਥਲੁ ਥੰਮ੍ਹ੍ਨੁ[੧੯] ਆਪੇ ਕੀਆ ਘਟਿ ਘਟਿ ਬਾਸਾ ॥ ਆਪੇ ਨਰੁ ਆਪੇ ਫੁਨਿ[੨੦] ਨਾਰੀ ਆਪੇ ਸਾਰਿ[੨੧] ਆਪ ਹੀ ਪਾਸਾ[੨੨] ॥ [੨੩]ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ ॥ ੨ ॥ ੧੨ ॥ ਕੀਆ ਖੇਲੁ [੨੪]ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥ [੨੫]ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥ ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ[੨੬] [੨੭]ਕਾਲ ਕਾ ਕਾਲੁ [੨੮]ਨਿਰੰਜਨ ਜਚਨਾ ॥ ਗੁਰ ਪ੍ਰਸਾਦਿ[੨੯] ਪਾਈਐ ਪਰਮਾਰਥੁ[੩੦] ਸਤਸੰਗਤਿ ਸੇਤੀ

੧ ਚਾਅ ਨਾਲ ।
੨ ਸਹਿਜੇ ਹੀ, ਸੁਭਾਵਕ ਹੀ ।
੩ ਗੁਰੂ ਹਰੀ ਦਾ ਰੂਪ ਹੈ ।
੪ ਆਪ ਹੀ ਰਾਜਾ ਬਲਿ ਨੂੰ ਛਲਣ ਵਾਲੇ ਹਨ । ਬਲ ਵਾਲਿਆਂ ਨੂੰ ਮਲ ਦੇਣ ਵਾਲੇ ਹਨ, ਭਗਤੀ ਦਾ ਫਲ ਦੇਣ ਵਾਲੇ ਹਨ, ਰਾਜ-ਕੁਮਾਰ ਕਾਨ੍ਹ ਹਨ, ਅੱਗੋਂ ਹੋਣ ਵਾਲੇ ਕਲਕੀ ਅਵਤਾਰ ਜਿਸ ਦਾ ਡੰਕਾ ਵਜੇਗਾ ਅਤੇ ਗਜਦਾ ਹੋਇਆ ਦਲ ਚੜ੍ਹੇਗਾ ।
੫ ਹਰੀ-ਸਿਮਰਨ ਵਾਲੇ, ਪਾਪ ਖੰਡਨ ਵਾਲੇ, ਸਭ ਥਾਂ ਸੁਖ ਵਰਤਾਉਣ ਵਾਲੇ ਹਨ, ਆਪ ਹੀ ਸਾਰੀਆਂ ਹਸਤੀਆਂ ਵਿਚ ਹਨ, ਦੇਵਤਿਆਂ ਦੇ ਦੇਵਤੇ ਹਜ਼ਾਰ ਮੂੰਹ ਵਾਲੇ ਸ਼ੇਸ਼ਨਾਗ ਹਨ ।
੬ ਗੁਰੂ ਹੀ ਹੈ ਜਿਸ ਨੇ ਮੱਛ ਤੇ ਕੱਛ ਤੇ ਵਰਾਹ ਆਦਿ (ਅਵਤਾਰਾਂ) ਦਾ ਜਨਮ ਤੇ ਕਰਮ ਧਾਰਨ ਕੀਤਾ ਅਤੇ (ਕ੍ਰਿਸ਼ਨ ਹੋ ਕੇ) ਜਮਨਾ ਦੇ ਕੰਢੇ ਗੇਂਦ ਦੀ ਖੇਡ ਖੇਡੀ ।
੭ ਸ੍ਰੇਸ਼ਟ ।
੮ ਹੇ ਗਯੰਦ ਦੇ ਮਨ !
੯ (ਤੇਰੇ ਲਈ) ਆਪਣਾ ਖ਼ਾਸ ਖ਼ਜ਼ਾਨਾ ਏਹੀ ਹੈ ।
੧੦ ਰਾਤ ਦਿਨ, ਸਦਾ ।
੧੧ ਜਣੇ ਖਣੇ ਨਾਲ ਧੋਖਾ ਕਰਨਾ ਛੱਡ ਦੇ ।
੧੨ ਪ੍ਰੇਮ ਪਾ, ਲਗਨ ਲਾ ।
੧੩ ਸਰੀਰ, ਘਰ, ਇਸਤਰੀ ਦਾ ਪਿਆਰ, ਆਦਿ ਇਹ ਸਭ ਕੁਝ ਸੰਸਾਰ ਦਾ ਦਿਲ ਪਰਚਾਵਾ ਹੈ; (ਤੂੰ ਇਸ ਦੀ ਥਾਂ) ਗੁਰੂ ਦੇ ਪਵਿੱਤਰ ਚਰਨਾਂ ਦੀ ਸਦਾ ਸੇਵਾ ਕਰ; ਇਹੋ ਸਿਖਿਆ ਪੱਕੀ ਤਰ੍ਹਾਂ ਗ੍ਰਹਿਣ ਕਰ ।
੧੪ ਧੰਨ ਹੈਂ, ਹੇ ਗੁਰੂ ! ('ਵਾਹ ਗੁਰੂ, ਅਤੇ ਵਾਹਿ ਗੁਰੂ' ਦੇ ਅਰਥਾਂ ਵਿਚ ਕੋਈ ਫਰਕ ਨਹੀਂ ।) ਗੁਰੂ ਨੂੰ ਵਾਹ-ਵਾਹ ਕਰਨ ਦਾ ਰਿਵਾਜ ਸ਼ੁਰੂ ਤੋਂ ਚਲਿਆ ਆਇਆ ਹੈ : "ਤਿਸੁ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ" (ਗਉੜੀ ਮ: ੧-੨੨੬) । "ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ" (ਵਾਰ ਗੂਜਰੀ, ਮ: ੫, ਪੰਨਾ ੫੨੨) ।
੧੫ ਤੂੰ ਬਣਾਏ ਅਣਗਿਣਤ (ਬ੍ਰਹਮਾ ਤੇ ਵਿਸ਼ਨੂੰ) ।
੧੬ ਧੰਨਤਾ ਯੋਗ ਗੁਰੂ ਦਾ ।
੧੭ ਸੋਚਦਾ, ਵਿਚਾਰਦਾ ਹੈ ।
੧੮ ਸੂਰਜ ।
੧੯ ਨਮੂਣਾ, ਆਸਰਾ ।
੨੦ ਭੀ ।
੨੧ ਨਰਦਾਂ । ਦੇਖੋ ਪੰਨਾ ੮੪੨, ਫੁਟ ਨੋਟ * ।
੨੨ ਚੌਪਟ ।
੨੩ ਹੇ ਗੁਰਮੁਖੋ ! ਸੰਗਤ ਰਾਹੀਂ ਵਿਚਾਰੋ ।
੨੪ ਤੱਤਾਂ ਦਾ ਵੱਡਾ ਮੇਲ ।
੨੫ ਤੂੰ ਪਾਣੀ, ਸੁੱਕੀ ਧਰਤੀ, ਅਸਮਾਨ ਅਤੇ ਪਤਾਲ ਵਿਚ ਵਿਆਪਕ ਹੈਂ ।
੨੬ ਸ਼ਿਵ ਜੀ ਆਦਿ ।
੨੭ ਤੂੰ ਕਾਲ ਦਾ ਕਾਲ ਹੈਂ ।
੨੮ ਹੇ ਨਿਰੰਜਨ ਰੂਪ ! ਤੈਨੂੰ ਸਭ ਮੰਗਦੇ ਹਨ ।
੨੯ ਕਿਰਪਾ ਨਾਲ ।
੩੦ ਜ਼ਿੰਦਗੀ ਦਾ ਉੱਚੇ ਤੋਂ ਉੱਚਾ ਆਦਰਸ਼ ।

* ਏਥੇ ਪਹਿਲੀ ਵੇਰ ਭੱਟ ਦਾ ਨਾਂ ਦਿੱਤਾ ਹੈ । ਏਹ ੯ ਅਤੇ ਅਗਲੇ ੪ ਸਵੱਯੇ, 'ਗਯੰਦ' ਦੇ ਹੀ ਹਨ ।
† ਛੰਦ ਦੀ ਚਾਲ ਬਦਲਣ ਕਰ ਕੇ ਛੋਟਾ ਅੰਕ ਬਦਲਿਆ ਹੈ; ਪਰ ਕਵੀ ਨਹੀਂ ਬਦਲਿਆ, ਇਸ ਲਈ ਵੱਡਾ ਅੰਕ ਜਾਰੀ ਹੈ ।

ਮਨੁ ਖਚਨਾ[੧] ॥ ਕੀਆ ਖੇਲੁ ਬਡ ਮੇਲੁ ਤਮਾਸਾ [੨]ਵਾਹਗੁਰੂ ਤੇਰੀ ਸਭ
ਰਚਨਾ ॥ ੩ ॥ ੧੩ ॥ ੪੨ ॥ *ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ
ਨ ਜਾਣੈ ॥ ਸਿਵ ਬਿਰੰਚਿ[੩] ਧਰਿ ਧ੍ਯਾਨੁ ਨਿਤਹਿ[੪] ਜਿਸੁ ਬੇਦੁ ਬਖਾਣੈ[੫] ॥
ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥ [੬]ਭੰਜਨ ਗੜ੍ਹਣ ਸਮਥੁ
ਤਰਣ ਤਾਰਣ ਪ੍ਰਭੁ ਸੋਈ ॥ ਨਾਨਾ ਪ੍ਰਕਾਰ ਜਿਨਿ ਜਗੁ ਕੀਓ [੭]ਜਨੁ ਮਥੁਰਾ
ਰਸਨਾ ਰਸੈ ॥ ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥
੧ ॥ [੮]ਗੁਰੂ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ ॥ [੯]ਫੁਨਿ
ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ ॥ [੧੦]ਮਥੁਰਾ ਜਨ
ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ ॥ ਹਰਿ ਨਾਮੁ
ਬੋਹਿਥੁ ਬਡੌ ਕਲਿ ਮੈ ਭਵ ਸਾਗਰ ਪਾਰਿ ਉਤਾਰਨ ਕਉ ॥ ੨ ॥ [੧੧]ਸੰਤਤ ਹੀ
ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ ॥ [੧੨]ਧ੍ਰਮ ਪੰਥੁ ਧਰਿਓ
ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ ॥ ਮਥੁਰਾ ਭਨਿ ਭਾਗ ਭਲੇ
ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ ॥ [੧੩]ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ
ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥ ੩ ॥ [੧੪]ਨਿਰਮਲ ਨਾਮੁ ਸੁਧਾ
ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥ ਗਹਿਰ ਗੰਭੀਰੁ ਅਥਾਹ
ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥ [੧੫]ਸੰਤ ਮਰਾਲ ਕਰਹਿ
ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥ ਕਲਜੁਗ ਦੁਰਤ[੧੬] ਦੂਰਿ
[੧੭]ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥ ੪ ॥ ਜਾ ਕਉ ਮੁਨਿ ਧ੍ਯਾਨੁ
ਧਰੈ ਫਿਰਤ ਸਗਲ ਜੁਗ [੧੮]ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ
ਕਉ ॥ [੧੯]ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ
ਨ ਤਜਾਤ ਕਬਿਲਾਸ ਕੰਉ ॥ ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ
ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥ [੨੦]ਸੁ ਤਿਨਿ ਸਤਿਗੁਰਿ ਸੁਖ
ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ ੫ ॥
[੨੧]ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥
ਦੇਖਤ ਦਰਸੁ [੨੨]ਭਟਕਿ ਭ੍ਰਮੁ ਭਜਤ [੨੩]ਦੂਖ ਪਰਹਰਿ ਸੁਖ ਸਹਜ ਬਿਗਾਸੇ ॥
ਸੇਵਕ ਸਿਖ ਸਦਾ ਅਤਿ ਲੁਭਿਤ [੨੪]ਅਲਿ ਸਮੂਹ ਜਿਉ ਕੁਸਮ ਸੁਬਾਸੇ ॥
[੨੫]ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥ ੬ ॥
ਤਾਰ੍ਉ ਸੰਸਾਰੁ ਮਾਇਆ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ ॥ ਫੁਨਿ
ਕੀਰਤਿਵੰਤ[੨੬] ਸਦਾ ਸੁਖ ਸੰਪਤਿ[੨੭] [੨੮]ਰਿਧਿ ਅਰੁ ਸਿਧਿ [੨੯]ਨ ਛੋਡਇ ਸਥੁ ॥

੧ ਖਚਿਤ ਹੋ ਜਾਂਦਾ ਹੈ, ਲੀਨ ਹੋ ਜਾਂਦਾ ਹੈ ।

੨ ਇਸ ਸਵੱਯੇ ਦੀ ਪਹਿਲੀ ਤੁਕ ਵਿਚ 'ਵਾਹਿਗੁਰੂ' ਆਇਆ ਹੈ, ਤੇ ਇਥੇ 'ਵਾਹ ਗੁਰੂ', ਜਿਸ ਤੋਂ ਜ਼ਾਹਰ ਹੈ ਕਿ ਦੋਏ ਰੂਪ ਇਕੋ ਅਰਥ ਰੱਖਦੇ ਹਨ।

੩ ਬ੍ਰਹਮਾ ।

੪ ਨਿੱਤ, ਸਦਾ ।

੫ ਬਿਆਨ ਕਰਦਾ ਹੈ ।

੬ ਨਾਸ ਕਰਨ ਤੇ ਬਣਾਉਣ ਦੀ ਤਾਕਤ ਰੱਖਣ ਵਾਲਾ।

੭ ਦਾਸ ਮਥੁਰਾ ਭੱਟ ਜੀਭ ਨਾਲ ਉਸ ਨੂੰ ਸਿਮਰਦਾ ਹੈ ।

੮ ਸਮਰੱਥ ਗੁਰੂ ਨੂੰ ਪਕੜਿਆ ਹੈ ਆਪਣੀ ਬੁੱਧੀ ਨੂੰ ਪੱਕੀ ਕਰਨ ਲਈ ਅਤੇ ਸੁਮਤ ਸੰਭਾਲਣ ਲਈ ।

੯ ਜਿਸ ਗੁਰੂ ਦਾ ਧਰਮ ਦਾ ਝੰਡਾ ਸਦਾ ਲਹਿਰਾਉਂਦਾ ਹੈ ਸਾਰੇ ਪਾਪਾਂ ਦੀਆਂ ਲਹਿਰਾਂ ਨੂੰ ਦੂਰ ਕਰਨ ਲਈ ।

੧੦ ਦਾਸ ਮਥੁਰਾ ਨੇ ਜੀ ਵਿਚ ਸੱਚ ਜਾਣ ਕੇ ਇਹ ਗੱਲ ਆਖੀ ਹੈ; ਇਸ ਤੋਂ ਬਿਨਾਂ ਹੋਰ ਕੋਈ ਗੱਲ ਵਿਚਾਰਨ ਯੋਗ ਨਹੀਂ ।

੧੧ ਇਕ ਰਸ ਸਤ ਸੰਗ ਰਾਹੀਂ ਪ੍ਰੇਮ ਵਿਚ ਰੰਗੀਜ ਕੇ ਹਰੀ ਦਾ ਜਸ ਗਾਉਂਦੇ ਹਨ ।

੧੨ ਧਰਨੀਧਰ (ਧਰਤੀ ਦੇ ਆਸਰੇ, ਹਰੀ) ਨੇ ਆਪ ਇਹ ਵਾਹਿਗੁਰੂ ਵਾਲਾ ਧਰਮ ਦਾ ਰਸਤਾ ਕਾਇਮ ਕੀਤਾ ਹੈ, ਇਸ ਲਈ ਉਹ ਲੋਕ ਇਸੇ ਵਿਚ ਦਿਲ ਲਾਉਂਦੇ ਹਨ ਤੇ ਕਿਸੇ ਹੋਰ ਪਾਸੇ ਨਹੀਂ ਦੌੜਦੇ ।

੧੩ ਸੂਰਜ ਦੇ ਪੁੱਤਰ, ਧਰਮਰਾਜ ਦਾ ਡਰ ਉਨ੍ਹਾਂ ਨੂੰ ਕਿਥੇ ? (ਇਥੇ 'ਤ੍ਰਾਸ' ਪੁਲਿੰਗ ਹੈ ।)

੧੪ ਗੁਰੂ ਪਵਿੱਤਰ ਨਾਮ ਰੂਪ ਅੰਮ੍ਰਿਤ ਦਾ ਨਕਾ-ਨੱਕ ਭਰਿਆ ਤਲਾਅ ਹੈ, ਜਿਸ ਵਿਚ ਦਿਨ ਚੜ੍ਹਨ ਤੋਂ ਪਹਿਲਾਂ (ਅੰਮ੍ਰਿਤ ਵੇਲੇ) ਬਾਣੀ ਦੀਆਂ ਲਹਿਰਾਂ ਉਠਦੀਆਂ ਹਨ । (ਇਹ ਤਲਾਅ) ਬਹੁਤ ਡੂੰਘਾ (ਅਥਾਹ) ਤੇ ਸਦਾ ਭਰਿਆ ਰਹਿੰਦਾ ਹੈ; ਇਹ ਸਭ ਤਰ੍ਹਾਂ ਦੇ ਰਤਨਾਂ ਦਾ ਭੰਡਾਰ ਹੈ ।

੧੫ ਸੰਤ ਰੂਪ ਹੰਸ (ਉਸ ਵਿਚ) ਕਲੋਲ ਕਰਦੇ ਹਨ; ਉਨ੍ਹਾਂ ਦਾ ਮੌਤ ਦਾ ਡਰ ਅਤੇ ਦੁੱਖਾਂ ਦਾ ਲੇਖਾ ਮਿਟ ਗਿਆ ਹੈ ।

੧੬ ਪਾਪ ।

੧੭ ਕਰਨ ਨੂੰ ।

੧੮ ਕਦੀ ਕਦੀ ਕੋਈ ਵਿਰਲਾ ਆਤਮਕ ਚਾਨਣਾ ਪਾਉਂਦਾ ਹੈ ।

੧੯ ਜਿਸ ਦਾ ਜਸ ਵੇਦ-ਬਾਣੀ ਸਹਿਤ ਬ੍ਰਹਮਾ ਗਾਉਂਦਾ ਹੈ ਅਤੇ ਜਿਸ ਦੇ ਲਈ ਸ਼ਿਵ ਜੀ ਕੈਲਾਸ਼ ਪਰਬਤ ਨੂੰ ਫੜ ਬਹਿੰਦਾ ਹੈ ਤੇ ਛੱਡਦਾ ਹੀ ਨਹੀਂ ।

੨੦ ਉਸ ਹਰੀ ਰੂਪ ਗੁਰੂ ਅਮਰਦਾਸ ਜੀ ਨੇ ਖੁਸ਼ ਹੋ ਕੇ ਕਿਰਪਾ ਕੀਤੀ ਜੀਵਾਂ ਉੱਤੇ ਅਤੇ ਨਾਮ ਦੀ ਵਡਿਆਈ ਬਖਸ਼ੀ ਗੁਰੂ ਰਾਮਦਾਸ ਜੀ ਨੂੰ ।

੨੧ ਗੁਰੂ ਨਾਮ ਰੂਪ ਖ਼ਜ਼ਾਨਾ ਹੈ, ਉਸ ਦਾ ਧਿਆਨ ਅੰਦਰਵਾਰ ਲੱਗਾ ਹੈ, ਉਹ ਤੇਜ਼ ਦਾ ਪੁੰਜ ਹੈ, ਜਿਸ ਨਾਲ ਤਿੰਨੇ ਲੋਕ ਪ੍ਰਜ੍ਵਲਿਤ ਹੋਂਦੇ ਹਨ ।

੨੨ ਭਰਮ ਚੱਕਰਾ ਕੇ ਭੱਜ ਜਾਂਦਾ ਹੈ ।

੨੩ ਦੁੱਖ ਦੂਰ ਹੋ ਕੇ ਸਹਜ-ਸੁਖ ਪੈਦਾ ਹੋ ਜਾਂਦਾ ਹੈ। ਦੇਖੋ ਪੰਨਾ ੧੧੧੨, ਨੋਟ ੩ ।

੨੪ ਜਿਵੇਂ ਭੌਰਿਆਂ ਦਾ ਇਕੱਠ ਫਲਾਂ ਦੀ ਵਾਸ਼ਨਾ ਉੱਤੇ।

੨੫ ਪ੍ਰਤੱਖ ਗੁਰੂ (ਅਮਰਦਾਸ ਜੀ) ਨੇ ।

੨੬ ਸਿਫ਼ਤ ਦੇ ਮਾਲਕ ।   ੨੭ ਧਨ ਮਾਲ ।

੨੮ ਕਰਾਮਾਤੀ ਸ਼ਕਤੀਆਂ ।

੨੯ ਸਾਥ ਨਹੀਂ ਛਡਦੀਆਂ ।

* ਇਥੇ ਕਵੀ ਗਯੰਦ ਦੇ ਸਵੱਯੇ ਮੁੱਕਦੇ ਹਨ ਤੇ ਅੱਗੋਂ ਮਥੁਰਾ ਭੱਟ ਦੇ ਸਵੱਯੇ ਸ਼ੁਰੂ ਹੁੰਦੇ ਹਨ ।

ਦਾਨਿ ਬਡੌ ਅਤਿਵੰਤੁ[੧] ਮਹਾਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ[੨] ॥ ਤਾਹਿ
ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ[੩] ਧਰਿਓ ਗੁਰਿ ਹਥੁ ॥ ੭ ॥ ੪੯ ॥*
ਤੀਨਿ ਭਵਨ ਭਰਪੂਰਿ ਰਹਿਓ ਸੋਈ ॥ ਅਪਨ ਸਰਸੁ[੪] ਕੀਅਉ ਨ ਜਗਤ
ਕੋਈ ॥ ਆਪੁਨ ਆਪੁ ਆਪ ਹੀ ਉਪਾਯਉ ॥ [੫]ਸੁਰਿ ਨਰ ਅਸੁਰ ਅੰਤੁ ਨਹੀ
ਪਾਯਉ ॥ ਪਾਯਉ ਨਹੀ ਅੰਤੁ [੬]ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ ॥
ਅਬਿਨਾਸੀ ਅਚਲੁ ਅਜੋਨੀ[੭] ਸੰਭਉ[੮] ਪੁਰਖੋਤਮੁ[੯] ਅਪਾਰ ਪਰੇ ॥ ਕਰਣ ਕਾਰਣ
ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧ੍ਯਾਇਯਉ ॥ ਸ੍ਰੀ ਗੁਰ ਰਾਮਦਾਸ
[੧੦]ਜਯੋ ਜਯ ਜਗ ਮਹਿ ਤੈ [੧੧]ਹਰਿ ਪਰਮ ਪਦੁ ਪਾਇਯਉ ॥ ੧ ॥ ਸਤਿਗੁਰਿ
ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ ॥
[੧੨]ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥
[੧੩]ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥
੨ ॥ [੧੪]ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ ॥
ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ[੧੫] ॥ [੧੬]ਤਿਨ ਕੌ
ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ ॥ ਸ੍ਰੀ ਗੁਰ
ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥ ੩ ॥
[੧੭]ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ[੧੮] ॥
[੧੯]ਬਾਚਾ ਕਰਿ ਸਿਮਰੰਤ ਤੁਝੈ ਤਿਨ੍ਹ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥
[੨੦]ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥
੪ ॥ [੨੧]ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ ॥ ਜਿਹ
ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥ ਜਿਹ ਸਤਿਗੁਰ
ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥ ਜਿਹ ਸਤਿਗੁਰ ਸਿਮਰੰਥਿ [੨੨]ਰਿਧਿ
ਸਿਧਿ [੨੩]ਨਵ ਨਿਧਿ ਪਾਵੈ ॥ ਸੋਈ ਰਾਮਦਾਸੁ ਗੁਰੁ [੨੪]ਬਲ੍ਯ ਭਣਿ ਮਿਲਿ
ਸੰਗਤਿ ਧੰਨਿ ਧੰਨਿ ਕਰਹੁ ॥ ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ
ਸਿਮਰਹੁ ਨਰਹੁ ॥ ੫ ॥ ੫੪ ॥† ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ
ਸੇਵਾ ਕਰਤ ਨ ਛੋਡਿਓ ਪਾਸੁ[੨੫] ॥ ਤਾ ਤੇ ਗਉਹਰੁ[੨੬] ਗ੍ਯਾਨ ਪ੍ਰਗਟੁ
ਉਜੀਆਰਉ ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ ॥ ਕਵਿ ਕੀਰਤ ਜੋ ਸੰਤ ਚਰਨ
ਮੁੜਿ ਲਾਗਹਿ ਤਿਨ੍ਹ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ[੨੭] ॥ ਜਿਵ ਅੰਗਦੁ
ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥ ੧ ॥

੧ ਅਤਿਅੰਤ ।
੨ ਤੱਤ, ਸਚਿਆਈ ।
੩ ਸਿਰ ਉੱਤੇ ।
੪ [ਸਦਰਸ] ਜੇਹਾ, ਵਰਗਾ । ਆਪਣੇ ਜਿਹਾ ਸੰਸਾਰ ਵਿੱਚ ਕੋਈ ਨਹੀਂ ਪੈਦਾ ਕੀਤਾ ।
੫ ਸੁਰੀ ਸੰਪਦਾ ਵਾਲੇ (ਦੈਵੀ ਗੁਣਾਂ ਵਾਲੇ) ਮਨੁੱਖਾਂ ਨੇ ਅਤੇ ਦੈਂਤ ਬਿਰਤੀ ਵਾਲੇ ਮਨੁੱਖਾਂ ਨੇ ।
੬ ਸੁਰੀ ਅਤੇ ਅਸੁਰੀ ਬਿਰਤੀ ਵਾਲੇ ਨਰਾਂ ਨੇ ਅੰਤ ਨਹੀਂ ਪਾਇਆ; ਦੇਵਤਿਆਂ ਦੇ ਸੇਵਕ ਤੇ ਗਵੱਯੇ ਢੂੰਡਦੇ ਫਿਰੇ ਹਨ (ਪਰ ਅੰਤ ਨਹੀਂ ਪਾਇਆ) ।
੭ ਜਨਮ ਵਿੱਚ ਨਾ ਆਉਣ ਵਾਲਾ ।
੮ [ਸ੍ਵਯੰ ਭੂ] ਆਪਣੇ ਆਪ ਤੋਂ ਹੋਇਆ ।
੯ ਚੰਗੇ ਤੋਂ ਚੰਗਾ ਪੁਰਖ ।
੧੦ ਤੇਰੀ ਜੈ ਹੀ ਜੈ ਹੋ ਰਹੀ ਹੈ ਜਗਤ ਵਿੱਚ ।
੧੧ ਹਰੀ ਵਾਲੀ ਉੱਚੀ ਤੋਂ ਉੱਚੀ ਪਦਵੀ ।
੧੨ ਗੁਰੂ ਅੰਗਦ ਨੇ ਬਿਅੰਤ ਹਰੀ ਦਾ ਰੂਪ ਆਪਣੇ ਉੱਤੇ ਧਾਰਨ ਕੀਤਾ ਅਤੇ ਅਪਹੁੰਚ ਹਰੀ ਦੇ ਗਿਆਨ ਅਤੇ ਪ੍ਰੇਮ ਨਾਲ ਆਪਣਾ ਦਿਲ ਰਸਾਇਆ ।
੧੩ ਗੁਰੂ ਅਮਰਦਾਸ ਨੇ ਕਰਤਾਰ ਨੂੰ ਵੱਸ ਵਿੱਚ ਕੀਤਾ। ਦੇਖੋ ਨੋਮ ੨੦ (ੳ) ।
੧੪ ਨਾਰਦ (ਰਿਸ਼ੀ), ਧਰੂ ਤੇ ਪ੍ਰਹਿਲਾਦ (ਭਗਤ), ਕ੍ਰਿਸ਼ਨ ਦਾ ਭਗਤ ਤੇ ਦੋਸਤ ਸਦਾਮਾ-ਇਹ ਜੋ ਹਰੀ ਦੇ ਪਿਛਲੇ ਭਗਤ ਗਿਣੇ ਜਾਂਦੇ ਹਨ । ਪੁਬ=ਪੂਰਬਲੇ, ਪਿਛਲੇ ਸਮੇਂ ਦੇ ।
੧੫ ਕਹੇ ਜਾਂਦੇ ਹਨ ।
੧੬ ਇਹ ਕਲਿਜੁਗ ਵਿੱਚ ਪੈਦਾ ਹੋਏ ਤੇ (ਭਗਤੀ ਕਰ ਕੇ) ਇਨ੍ਹਾਂ ਦਾ ਜਸ ਸੰਸਾਰ ਉੱਤੇ ਖਿਲਰ ਗਿਆ ।
੧੭ ਮਨ ਦੀ ਚਾਹਨਾ ਨਾਲ । ੧੮ ਤਿਨ੍ਹਾਂ ਦਾ ।
੧੯ ਜਿਹੜੇ ਬਚਨਾਂ ਕਰ ਕੇ ਤੈਨੂੰ ਸਿਮਰਦੇ ਹਨ, ਉਨ੍ਹਾਂ ਦਾ ਦੁੱਖ ਤੇ ਗਰੀਬੀ ਖਿਨ ਵਿੱਚ ਦੂਰ ਹੋ ਜਾਂਦੀ ਹੈ ।
੨੦ ਅਮਲਾਂ ਦੇ ਰਾਹੀਂ ਜੋ ਤੇਰੇ ਦਰਸ਼ਨ ਪਰਸਦੇ ਹਨ, ਓਹ ਪਾਰਸ ਵਰਗੇ ਹੋ ਜਾਂਦੇ ਹਨ ।
੨੧ ਜਿਸ ਗੁਰੂ ਨੂੰ ਸਿਮਰਦਿਆਂ ਅੱਖਾਂ ਦੇ ਹਨੇਰੇ ਖਿਨ ਵਿੱਚ ਦੂਰ ਹੁੰਦੇ ਹਨ ।
੨੨ ਕਰਾਮਾਤੀ ਸ਼ਕਤੀਆਂ ।
੨੩ ਦੇਖੋ ਪੰਨਾ ੧੧੨੯, ਫੁਟ ਨੋਟ * ।
੨੪ ਹੇ ਬਲ੍ਯ ! ਤੂੰ ਆਖ ।
੨੫ ਪਾਸਾ, ਪੱਖ, ਸਾਥ ।
੨੬ [ਫ਼ਾ.] ਮੋਤੀ ।
੨੭ ਡਰ ।

* ਇਥੇ ੭ ਸਵੱਯੇ 'ਮਥੁਰਾ' ਭੱਟ ਦੇ ਖ਼ਤਮ ਹੁੰਦੇ ਹਨ । ਅੱਗੋਂ 'ਬਲ੍ਯ' ਭੱਟ ਦੇ ਸਵੱਯੇ ਸ਼ੁਰੂ ਹੁੰਦੇ ਹਨ ।
† 'ਬਲ੍ਯ' ਦੇ ਪੰਜਾਂ ਸਵੱਯਾਂ ਤੋਂ ਉਪਰੰਤ 'ਕੀਰਤ' ਭੱਟ ਦੇ ਸਵੱਯੇ ਸ਼ੁਰੂ ਹੁੰਦੇ ਹਨ । ਜੋ ਚਾਰ ਹਨ ।

[੧]ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥ ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥ ਧ੍ਰੂ ਪ੍ਰਹਲਾਦ ਕਬੀਰ ਤਿਲੋਚਨ [੨]ਨਾਮੁ ਲੈਤ ਉਪਜੑੋ ਜੁ ਪ੍ਰਗਾਸੁ ॥ [੩]ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ[੪] ਗੁਰੂ ਰਾਮਦਾਸੁ ॥ ੨ ॥ ਨਾਨਕਿ[੫] ਨਾਮੁ ਨਿਰੰਜਨ ਜਾਨੑਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥ [੬]ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥ ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ[੭] ਕਛੁ ਕਹੀ ਨ ਜਾਈ ॥ ਸੋਢੀ ਸ੍ਰਿਸ੍ਟਿ ਸਕਲ[੮] ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥ ੩ ॥ ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ [੯]ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ [੧੦]ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ[੧੧] ਮਿਟਾਈ ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮ ॥☼ [੧੨]ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜੑਉ ॥ [੧੩]ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜੑਉ ॥ [੧੪]ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥ [੧੫]ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥ [੧੬]ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ[੧੭] ਬਲਿ ॥ ਗੁਰ ਰਾਮਦਾਸ ਸਚੁ ਸਲੑ ਭਣਿ [੧੮]ਤੂ ਅਟਲੁ ਰਾਜਿ ਅਭਗੁ ਦਲਿ ॥ ੧ ॥ ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ [੧੯]ਧੁਰਹ ਧੁਰੁ ॥ ਆਦਿ ਜੁਗਾਦਿ ਅਨਾਦਿ [੨੦]ਕਲਾ ਧਾਰੀ ਤ੍ਰਿਹੁ ਲੋਅਹ ॥ [੨੧]ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥ [੨੨]ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥ [੨੩]ਅਘ ਅੰਤਕ ਬਦੈ ਨ ਸਲੑ ਕਵਿ ਗੁਰ ਰਾਮਦਾਸ ਤੇਰੀ ਸਰਣ ॥ ੨ ॥ ੬੦ ॥

ਸਵਈਏ ਮਹਲੇ ਪੰਜਵੇ ਕੇ ੫ ੴ ਸਤਿਗੁਰ ਪ੍ਰਸਾਦਿ ॥

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰ ਅਰਜੁਨ ਗੁਣ ਸਹਜਿ

੧ ਜਿਸ (ਗੁਰੂ ਰਾਮਦਾਸ ਜੀ) ਨੇ ਸਤਿਗੁਰੂ (ਅਮਰਦਾਸ ਜੀ) ਨੂੰ ਸੇਵ ਕੇ ਨਾਮ ਪਦਾਰਥ ਪਾਇਆ ਤੇ ਰਾਤ ਦਿਨ ਹਰੀ ਦੇ ਚਰਨਾਂ ਵਿਚ ਧਿਆਨ ਜੋੜੀ ਰੱਖਿਆ, ਉਸ ਗੁਰੂ ਰਾਮਦਾਸ ਜੀ ਪਾਸੋਂ ਬਹੁਤੀਆਂ ਸੰਗਤਾਂ ਪ੍ਰੇਮ ਵਿੱਚ ਭਉ ਮੰਨਦੀਆਂ ਹਨ ਅਤੇ ਕਹਿੰਦੀਆਂ ਹਨ ਕਿ ਹੇ ਗੁਰੂ ਜੀ ! ਤੁਸੀਂ ਚੰਦਨ ਹੋ ਜਿਸ ਦੀ ਵਾਸ਼ਨਾ ਪ੍ਰਗਟ ਹੋ ਰਹੀ ਹੈ ।

੨ ਨਾਮ ਲੈਣ ਨਾਲ ਜੋ ਉਨ੍ਹਾਂ ਨੂੰ ਚਾਨਣਾ ਹੋਇਆ ।

੩ ਜਿਸ ਦਾ ਦਰਸ਼ਨ ਕਰਨ ਨਾਲ ਮਨ ਵਿੱਚ ਬਹੁਤ ਹੀ ਖ਼ੁਸ਼ੀ ਹੁੰਦੀ ਹੈ ।

੪ ਸਹਾਰਾ ।

੫ ਨਾਨਕ ਨੇ । ਦੇਖੋ ਨੇਮ ੨੦ (ੳ) ।

੬ ਉਨ੍ਹਾਂ ਤੋਂ (ਗੁਰੂ ਨਾਨਕ ਜੀ ਤੋਂ) ਸਮੁੰਦਰ ਰੂਪ ਗੁਰੂ ਅੰਗਦ ਜੀ ਹੋਏ ਜੋ ਉਨ੍ਹਾਂ ਦੇ ਨਾਲ ਰਹੇ ਤੇ ਜਿਨ੍ਹਾਂ ਨੇ ਸ਼ਬਦ ਸੁਰਤਿ ਦੀ ਨੀਂਹ ਰੱਖੀ ।

੭ ਜੀਭ । ੮ ਸਾਰੀ ।

੯ ਵਿਹੁ ਹੀ ਵਿਹੁ ਖਾਧੀ ।

੧੦ ਪੁੱਤਰ ਤੇ ਇਸਤਰੀ ਨਾਲ ।

੧੧ ਡਰ । (ਇਥੇ 'ਤ੍ਰਾਸ' ਇਸਤਰੀ-ਲਿੰਗ ਹੈ । ਜਦੋਂ ਪੁਲਿੰਗ ਹੁੰਦਾ ਹੈ, ਤਾਂ ਇਸ ਦੇ ਅੰਤਲੇ ਅੱਖਰ ਨਾਲ ਔਂਕੜ ਆਉਂਦਾ ਹੈ, ਜਿਵੇਂ ਪੰਨਾ ੧੪੦੪, ਨੋਟ ੧੩ ਵਾਲੀ ਤੁਕ ਵਿੱਚ)।

੧੨ ਮੋਹ ਨੂੰ ਮਲ ਕੇ ਕਾਬੂ ਕਰ ਲਿਆ ਤੇ ਕਾਮ ਨੂੰ ਕੇਸਾਂ ਤੋਂ ਫੜ ਕੇ ਪਟਾਕ ਮਾਰਿਆ ।

੧੩ ਕ੍ਰੋਧ ਨੂੰ ਆਪਣੇ ਤੇਜ਼ ਨਾਲ ਟੋਟੇ-ਟੋਟੇ ਕਰ ਦਿੱਤਾ ਅਤੇ ਲੋਭ ਨੂੰ ਬੇਇੱਜ਼ਤ ਕਰ ਕੇ ਪਰ੍ਹਾਂ ਸੁੱਟਿਆ ।

੧੪ 'ਜਨਮ ਮਰਨ' (ਆਵਾ-ਗੌਣ) ਹੱਥ ਜੋੜ ਕੇ ਜੋ ਤੇਰਾ ਹੁਕਮ ਹੁੰਦਾ ਹੈ ਮੰਨਦਾ ਹੈ ।

੧੫ ਖੁਸ਼ ਰਹਿਣ ਵਾਲੇ ਗੁਰੂ ਨੇ ਸੰਸਾਰ-ਸਮੁੰਦਰ ਨੂੰ ਬੰਨ੍ਹ ਦਿੱਤਾ ਤੇ ਸਿੱਖ ਤਾਰ ਲਏ ।

੧੬ ਸਿਰ ਉੱਤੇ ਛਤਰ ਹੈ ।

੧੭ [ਸੰਯੁਕਤ] ਸਹਿਤ, ਨਾਲ । ਜੋਗ ਤੇ ਭੋਗ ਸਹਿਤ ਬਲ ਵਾਲਾ ਹੈ ।

੧੮ ਤੂੰ ਅਟੱਲ ਰਾਜ ਵਾਲਾ ਤੇ ਨਾ ਤੁੱਟਣ ਵਾਲੇ ਦਲ ਵਾਲਾ ਹੈਂ; ਅੱਖਰੀਂ ਅਰਥ; ਤੂੰ ਰਾਜ ਕਰ ਕੇ ਅਟੱਲ ਹੈ ਤੇ ਦਲ ਕਰ ਕੇ ਅਭੱਗ ਹੈਂ ।

੧੯ ਧੁਰੋਂ ਹੀ, ਮੁੱਢ ਤੋਂ ।

੨੦ ਤਿਹਾਂ ਲੋਕਾਂ ਵਿਚ ਸ਼ਕਤੀ ਧਾਰਨ ਕੀਤੀ ਹੋਈ ਹੈ।

੨੧ ਆਪ ਵੇਦਾਂ ਨੂੰ ਬਚਾਉਣ ਵਾਲੇ ਹੋ (ਵਰਾਹ ਰੂਪ ਧਾਰ ਕੇ), ਅਤੇ ਬੁਢੇਪੇ ਤੇ ਜਮ ਉੱਤੇ ਸਵਾਰ ਹੋ (ਭਾਵ ਬੁਢੇਪਾ ਤੇ ਮੌਤ ਤੁਹਾਨੂੰ ਨਹੀਂ ਪੋਹ ਸਕਦੇ)।

੨੨ ਗੁਰੂ ਅਮਰਦਾਸ ਜੀ ਨੇ ਆਪ ਨੂੰ ਪੱਕਾ ਅਸਥਾਪਨ ਕੀਤਾ ਹੈ, ਲੋਕਾਂ ਨੂੰ ਮੁਕਤ ਕਰਨ ਵਾਲਾ ਤਾਰਨ ਵਾਲਾ ਬਣਾ ਕੇ ।

੨੩ ਸਲ੍ਯ ਕਵੀ ਤੇਰੇ ਜਿਹਾ ਪਾਪਾਂ ਨੂੰ ਅੰਤ ਕਰਨ ਵਾਲਾ ਹੋਰ ਕੋਈ ਨਹੀਂ ਸਮਝਦਾ । ਛੰਦ ਦੀ ਚਾਲ ਦੇਖੀਏ ਤਾਂ ਪਾਠ 'ਬਦੈਨ' ਨਹੀਂ ਹੋ ਸਕਦਾ । ਬਦੈਨ=ਨਹੀਂ ਬਦਦਾ, ਬਰਾਬਰ ਦਾ ਖ਼ਿਆਲ ਨਹੀਂ ਕਰਦਾ ।

* 'ਕੀਰਤ' ਭੱਟ ਦੇ ੪ ਸਵੱਯੇ ਇਥੇ ਖ਼ਤਮ ਹੁੰਦੇ ਹਨ । ਅਗਲੇ ਦੋ ਸਵੱਯੇ 'ਸਲ੍ਯ' ਭੱਟ ਦੇ ਹਨ ।

ਬਿਚਾਰੰ ॥ ਗੁਰ ਰਾਮਦਾਸ ਘਰਿ [੧]ਕੀਅਉ ਪ੍ਰਗਾਸਾ॥ ਸਗਲ ਮਨੋਰਥ ਪੂਰੀ ਆਸਾ॥ [੨]ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥ [੩]ਕਲ੍ਯ ਜੋੜਿ ਕਰ ਸੁਜਸੁ ਵਖਾਣਿਓ॥ [੪]ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥ ਸਬਦ ਗੁਰੂ ਪਰਕਾਸਿਓ[੫] ਹਰਿ ਰਸਨ[੬] ਬਸਾਯਉ॥ ਗੁਰ ਨਾਨਕ ਅੰਗਦ ਅਮਰ ਲਾਗਿ[੭] ਉਤਮ ਪਦੁ ਪਾਯਉ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥ ੧॥ ਬਡਭਾਗੀ ਉਨਮਾਨਿਅਉ[੮] ਰਿਦਿ ਸਬਦੁ ਬਸਾਯਉ॥ ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ॥ ਅਗਮੁ ਅਗੋਚਰੁ[੯] ਪਾਰਬ੍ਰਹਮੁ ਸਤਿਗੁਰਿ ਦਰਸਾਯਉ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ [੧੦]ਅਨਭਉ ਠਹਰਾਯਉ॥ ੨॥ ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ[੧੧]॥ ਗੁਰ ਸਬਦੇ ਮਨੁ ਮਾਨਿਆ [੧੨]ਅਪਤੀਜੁ ਪਤੀਣਾ॥ ਗੁਰੁ ਨਾਨਕੁ ਸਚੁ ਨੀਵ[੧੩] ਸਾਜਿ ਸਤਿਗੁਰ ਸੰਗਿ ਲੀਣਾ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ [੧੪]ਅਪਰੰਪਰੁ ਬੀਣਾ॥ ੩॥ ਖੇਲੁ ਗੂੜ੍ਹਉ[੧੫] ਕੀਅਉ ਹਰਿ ਰਾਇ [੧੬]ਸੰਤੋਖਿ ਸਮਾਚਰ੍ਯ੍ਯਿਓ [੧੭]ਬਿਮਲ ਬੁਧਿ ਸਤਿਗੁਰਿ ਸਮਾਣਉ॥ *ਆਜੋਨੀ ਸੰਭਵਿਅਉ ਸੁਜਸੁ ਕਲ੍ਯ ਕਵੀਅਣਿ ਬਖਾਣਿਅਉ॥ ਗੁਰਿ ਨਾਨਕਿ ਅੰਗਦੁ ਵਰ੍ਯ੍ਯਉ[੧੮] ਗੁਰਿ ਅੰਗਦਿ ਅਮਰ ਨਿਧਾਨੁ[੧੯]॥ ਗੁਰਿ ਰਾਮਦਾਸ ਅਰਜੁਨੁ ਵਰ੍ਯ੍ਯਉ [੨੦]ਪਾਰਸੁ ਪਰਸੁ ਪ੍ਰਮਾਣੁ॥ ੪॥ ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ॥ [੨੧]ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ॥ [੨੨]ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ॥ [੨੩]ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ॥ ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ॥ ਧਨੁ ਧੰਨੁ ਗੁਰੂ ਰਾਮਦਾਸ ਗੁਰੁ [੨੪]ਜਿਨਿ ਪਾਰਸੁ ਪਰਸਿ ਮਿਲਾਇਅਉ॥ ੫॥ ਜੈ ਜੈਕਾਰੁ ਜਾਸੁ[੨੫] ਜਗ ਅੰਦਰਿ [੨੬]ਮੰਦਰਿ ਭਾਗੁ ਜੁਗਤਿ ਸਿਵ ਰਹਤਾ॥ ਗੁਰੁ ਪੂਰਾ ਪਾਯਉ ਬਡ ਭਾਗੀ ਲਿਵ ਲਾਗੀ [੨੭]ਮੇਦਨਿ ਭਰੁ ਸਹਤਾ॥ ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ਯ ਸਹਾਰੁ [੨੮]ਤੋਹਿ ਜਸੁ ਬਕਤਾ॥ ਕੁਲਿ ਸੋਢੀ ਗੁਰ ਰਾਮਦਾਸ ਤਨੁ[੨੯] ਧਰਮ ਧੁਜਾ[੩੦] ਅਰਜੁਨੁ ਹਰਿ ਭਗਤਾ॥ ੬॥ [੩੧]ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ॥ ਸਬਦ ਸਾਰੁ[੩੨] [੩੩]ਹਰਿ ਸਮ ਉਦਾਰੁ [੩੪]ਅਹੰਮੇਵ ਨਿਵਾਰਣੁ॥ [੩੫]ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ[੩੬]॥ ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ[੩੭] ਨ ਨਿਖੁਟੈ॥ ਗੁਰ ਰਾਮਦਾਸ ਤਨੁ[੨੯] [੩੮]ਸਰਬ ਮੈ [੩੯]ਸਹਜਿ ਚੰਦੋਆ ਤਾਣਿਅਉ॥ ਗੁਰ ਅਰਜੁਨ ਕਲ੍ਯੁਚਰੈ[੪੦] ਤੈ ਰਾਜ ਜੋਗ ਰਸੁ ਜਾਣਿਅਉ॥ ੭॥ [੪੧]ਭੈ ਨਿਰਭਉ

੧ ਜਨਮ ਲਿਆ ।
੨ ਤੂੰ ਜਨਮ ਤੋਂ ਹੀ ਗੁਰ-ਸਿਖਿਆ ਦੇ ਅਨਕੂਲ ਹਰੀ ਨੂੰ ਪਛਾਣਿਆਂ ।
੩ 'ਕਲ੍ਯ' ਕਵੀ ਹੱਥ ਜੋੜ ਕੇ ਤੇਰਾ ਸੋਹਣਾ ਜਸ ਆਖਦਾ ਹੈ ।
੪ ਹਰੀ ਨੇ ਤੈਨੂੰ ਭਗਤੀ ਦੇ ਜੋਗ ਨੂੰ ਜਿੱਤਣ ਵਾਲਾ 'ਜਨਕ' ਪੈਦਾ ਕੀਤਾ ।
੫ ਤੂੰ ਪ੍ਰਗਟ ਕੀਤਾ ਹੈ ।
੬ ਜੀਭ ਉਤੇ ।
੭ ਨਾਲ ਲੱਗ ਕੇ, ਚਰਨੀਂ ਲੱਗ ਕੇ ।
੮ ਮਨ ਨੂੰ ਉੱਚਾ ਕੀਤਾ ਮਾਇਆ ਤੋਂ ।
੯ ਹਰੀ ਜੋ ਇੰਦਰਿਆਂ ਤੋਂ ਪਰੇ ਹੈ ।
੧੦ ਗੁਰੂ ਅਰਜਨ ਨੂੰ ਵਾਹਿਗੁਰੂ ਦਾ ਅਨੁਭਵ ਰੂਪ ਮੁਕਰੱਰ ਕੀਤਾ ।
੧੧ ਲੀਨ ਹੋਇਆ, ਸਮਾਇਆ, ਵਰਤ ਰਿਹਾ । ਕਲਿਯੁਗ ਵਿੱਚ ਸਤਿਯੁਗ ਵਰਤ ਰਿਹਾ ਹੈ ।
੧੨ ਨਾ ਪਤੀਜਣ ਵਾਲਾ (ਮਨ) ਪਤੀਜ ਗਿਆ ।
੧੩ ਨੀਂਹ ।
੧੪ ਜੋ ਪਰੇ ਤੋਂ ਪਰੇ ਹਰੀ ਹੈ ਉਸ ਨੂੰ (ਗੁਰੂ ਅਰਜਨ) ਦੇਖਣ ਵਾਲਾ ਹੈ । ਬੀਣਾ [ਫਾ: ਬੀਨਾ ਦੇਖਣ ਵਾਲਾ] ।
੧੫ ਗੁੱਝਾ, ਨਾ ਸਮਝ ਵਿਚ ਆਉਣ ਵਾਲਾ, ਅਸਚਰਜ।
੧੬ ਗੁਰੂ ਅਰਜਨ ਸੰਤੋਖ ਵਿਚ ਸਮਾਇਆ ਹੈ, ਵਿਚਰਦਾ ਹੈ ।
੧੭ ਨਿਰਮਲ ਬੁੱਧੀ ਗੁਰੂ ਵਿਚ ਸਮਾਈ ਹੈ ।
੧੮ ਵਰ ਪਾਇਆ । ੧੯ ਸੁਖਾਂ ਦਾ ਘਰ ।
੨੦ ਜਿਵੇਂ ਪਾਰਸ ਨੂੰ ਛੋਹਣਾ ਹੁੰਦਾ ਹੈ ।
੨੧ ਭੈ ਨੂੰ ਤੋੜਨ ਵਾਲਾ, ਦੂਜਿਆਂ ਦਾ ਦੁੱਖ ਦੂਰ ਕਰਨ ਵਾਲਾ, ਬਿਅੰਤ ਤੇ ਬੇਖ਼ੌਫ ਹੈ ।
੨੨ ਅਪਹੁੰਚ ਹਰੀ ਨੂੰ ਪਹੁੰਚਣ ਵਾਲਾ, ਭਰਮ ਤੇ ਭਟਕਣਾ ਨੂੰ ਸਾੜਨ ਵਾਲਾ, ਠੰਢਾ ਤੇ ਸੁਖ ਦਾਤਾ ਹੈ ।
੨੩ ਮਾਨੋ ਪੂਰਨ-ਪੁਰਖ ਕਰਤਾਰ, ਜੋ ਨਾ ਜੰਮਣ ਵਾਲਾ ਹੈ, ਪੈਦਾ ਹੋ ਪਿਆ ਹੈ (ਗੁਰੂ ਅਰਜਨ ਦੇ ਰੂਪ ਵਿਚ) ।
੨੪ ਜਿਸ ਨੇ (ਗੁਰੂ ਰਾਮਦਾਸ ਨੇ) ਪਾਰਸ ਵਾਂਗ ਗੁਰੂ ਅਰਜਨ ਨੂੰ ਛੋਹ ਕੇ ਆਪਣੇ ਵਰਗਾ ਕਰ ਦਿੱਤਾ ਹੈ । ੨੫ ਜਿਸ ਨੂੰ ।
੨੬ ਘਰ ਵਿਚ ਜਿਸ ਦੇ ਚੰਗੇ ਭਾਗ ਹਨ ਅਤੇ ਜੋ ਸ਼ਿਵ (ਹਰੀ) ਨਾਲ ਜੁੜਿਆ ਰਹਿੰਦਾ ਹੈ ।
੨੭ ਜੋ ਸ੍ਰਿਸ਼ਟੀ ਦਾ ਭਾਰ ਸਹਿੰਦਾ ਹੈ ।
੨੮ ਤੇਰਾ ਜਸ ਕਹਿੰਦਾ ਹੈ ।
੨੯ ਬੇਟਾ, ਪੁੱਤਰ ।
੩੦ ਝੰਡਾ ।
੩੧ ਧਰਮ ਦਾ ਸਹਾਰਾ ।
੩੨ ਸ੍ਰੇਸ਼ਟ ।
੩੩ ਹਰੀ ਵਾਂਗ ਖੁੱਲ੍ਹੇ ਦਿਲ ਵਾਲਾ ।
੩੪ ਹੰਕਾਰ ਦੂਰ ਕਰਨ ਵਾਲਾ ।
੩੫ ਮਹਾਂ ਦਾਨੀ ਹਨ, ਗੁਰੂ ਦੇ ਗਿਆਨ ਵਾਲੇ ਹਨ ।
੩੬ ਥੱਕਦਾ, ਘਟਦਾ ।
੩੭ ਦੇਖੋ ਪੰਨਾ ੧੧੨੯, ਫੁਟ ਨੋਟ * ।
੩੮ ਸਰਬ-ਵਿਆਪੀ ।
੩੯ ਭਾਵ ਪੂਰਨ ਸ਼ਾਂਤੀ ਵਾਲਾ ਆਲਾ ਦੁਆਲਾ ਪੈਦਾ ਕੀਤਾ ਹੈ ।
੪੦ ਕਲ੍ਯ ਕਵੀ ਉਚਰਦਾ ਹੈ ।
੪੧ ਭੈ ਦੁਆਰਾ ਨਿਰਭੈ ਨੂੰ ਮਾਣਿਆਂ ਹੈ ਅਤੇ ਲੱਖਾਂ ਜੀਵਾਂ ਵਿਚ ਵਿਆਪਕ ਹਰੀ ਨੂੰ, ਜੋ ਅਲਖ ਹੈ, ਸਮਝਿਆ ਹੈ ।

* ਨਾ ਪੈਦਾ ਹੋਣ ਵਾਲਾ ਅਤੇ ਆਪਣੇ ਆਪ ਤੋਂ ਹੋਣ ਵਾਲਾ। ਕਲ੍ਯ ਜਿਹੇ ਕਵੀਆਂ ਨੇ ਗੁਰੂ ਦਾ ਸੋਹਣਾ ਜਸ ਇਉਂ ਬਿਆਨ ਕੀਤਾ ਹੈ ਕਿ ਉਹ 'ਅਜੂਨੀ ਸੈਭੰ' ਹਰੀ ਦਾ ਰੂਪ ਹੈ।

ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥ ਅਗਮੁ [੧]ਅਗੋਚਰ ਗਤਿ ਗਭੀਰੁ [੨]ਸਤਿਗੁਰਿ ਪਰਚਾਯਉ ॥ [੩]ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥ ਧੰਨਿ ਧੰਨਿ ਗੁਰੁ ਧੰਨਿ [੪]ਅਭਰ ਸਰ ਸੁਭਰ ਭਰਾਯਉ ॥ [੫]ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥ ਗੁਰ ਅਰਜੁਨ ਕਲੁਚਰੈ[੬] [੭]ਤੈ ਸਹਜਿ ਜੋਗੁ ਨਿਜੁ ਪਾਇਯਉ ॥ ੮ ॥ [੮]ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਉ[੯] ॥ [੧੦]ਪੰਚਾਹਰੁਨਿ ਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਉ ॥ ਹਰਿ ਨਾਮਿ ਲਾਗਿ ਜਗ ਉਧਰ੍ਉ[੧੧] ਸਤਿਗੁਰੁ ਰਿਦੈ ਬਸਾਇਅਉ ॥ ਗੁਰ ਅਰਜੁਨ ਕਲੁਚਰੈ [੧੨]ਤੈ ਜਨਕਹ ਕਲਸੁ ਦੀਪਾਇਅਉ ॥ ੯ ॥ ਸੋਰਠੇ ॥ [੧੩]ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥ [੧੪]ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥ ੧ ॥ [੧੫]ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥ [੧੬]ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਉ ॥ ੨ ॥ ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥ ਅਬ ਨਾਹਿ [੧੭]ਅਵਰ ਸਰਿ ਕਾਮੁ [੧੮]ਬਾਰੰਤਰਿ ਪੂਰੀ ਪੜੀ ॥ ੩ ॥ ੧੨ ॥* ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ [੧੯]ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ [੨੦]ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ [੨੧]ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥ [੨੨]ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥ [੨੩]ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥ ੧ ॥ ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ[੨੪] ॥ ਆਦਿ ਪੁਰਖਿ ਪਰਤਖਿ [੨੫]ਲਿਖ੍ਉ ਅਛਰੁ ਮਸਤਕਿ ਧੁਰਿ ॥ ਪ੍ਰਗਟ ਜੋਤਿ ਜਗਮਗੈ ਤੇਜੁ [੨੬]ਭੂਅ ਮੰਡਲਿ ਛਾਯਉ ॥ [੨੭]ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥ ਭਨਿ[੨੮] ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥ ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ[੨੯] ॥ ੨ ॥ [੩੦]ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥ ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯ੍ਯੌ ਬਾਸਨਾ ਤੇ ਬਾਹਰਿ [੩੧]ਪੈ ਦੇਖੀਅਤੁ ਧਾਮ ਸਿਉ ॥ ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯ੍ਯੌ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥ ਮਥੁਰਾ ਕੋ ਪ੍ਰਭੁ [੩੨]ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ [੩੩]ਪਾਇ ਰਹਿਓ ਮਿਲਿ ਰਾਮ ਸਿਉ ॥ ੩ ॥ ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ [੩੪]ਜੋਗ ਕਰੀ ॥ [੩੫]ਫੁਨਿ ਬੇਦ ਬਿਰੰਚਿ

੧ ਅਗੋਚਰ ਗਤੀ ਵਾਲਾ, ਮਨ ਇੰਦਰਿਆਂ ਦੀ ਪਹੁੰਚ ਤੋਂ ਪਰੇ ਵਾਲੀ ਹਾਲਤ ਵਾਲਾ ।

੨ ਸਤਿਗੁਰੂ ਨੇ ਐਸੇ ਅਪਹੁੰਚ ਹਰੀ ਨਾਲ ਵਾਕਫ਼ੀ ਪਾ ਦਿੱਤੀ । ਪਰੀਚਯ= ਵਾਕਫ਼ੀ, ਜਾਣ ਪਛਾਣ ।

੩ ਗੁਰੂ ਦੀ ਵਾਕਫ਼ੀ ਨਾਲ ਪਰਵਾਨ ਹੋਏ, ਗੁਰੂ ਦੇ ਮੇਲ ਨਾਲ ਕਬੂਲ ਪਏ ।

੪ ਜਿਸ ਨੇ ਨਾ-ਭਰੀਣ ਵਾਲੇ ਤਲਾਅ ਨਕਾ-ਨੱਕ ਭਰ ਦਿੱਤੇ ।

੫ ਗੁਰੂ ਦੀ ਪਹੁੰਚ ਵਰਗਾ । ਦੇਖੋ ਪੰਨਾ ੧੩੯੨, ਨੋਟ ੫ । ੬ ਕਲ੍ਹ ਸਹਾਰ ਕਹਿੰਦਾ ਹੈ ।

੭ ਤੂੰ ਸੁਤੇ-ਸਿੱਧ ਹੀ ਨਿੱਜ ਸਰੂਪ ਵਾਲਾ ਹਰੀ-ਮਿਲਾਪ ਪਾਇਆ ਹੈ ।

੮ ਜੀਭ ਤੋਂ ਅੰਮ੍ਰਿਤ ਤੇ ਮੂੰਹ ਤੋਂ ਵਰ ਦਿੰਦੇ ਹੋ, ਹੇ ਅਲਖ, ਅਪਾਰ ਸੂਰਮੇ ਗੁਰੂ ਜੀ!

੯ ਦੂਰ ਕੀਤੀ ਹੈ ।

੧੦ ਪੰਜਾਂ ਇੰਦਰੀਆਂ ਨੂੰ ਹਰਨ ਵਾਲੇ (ਵਿਸ਼ੇ) ਨੂੰ ਦਲਿਆ ਅਤੇ ਸੁੰਨ (ਅਫੁਰ ਹਰੀ) ਨੂੰ ਸਹਜੇ ਹੀ ਆਪਣੇ ਅੰਤਰ ਆਤਮੇ ਟਿਕਾਇਆ ।

੧੧ ਤਾਰਿਆ ।

੧੨ ਤੂੰ ਜਨਕ (ਗਿਆਨ) ਦੇ ਕਲਸ ਨੂੰ ਚਮਕਾਇਆ ਹੈ ।

੧੩ ਗੁਰੂ ਅਰਜਨ ਦੇਵ ਪ੍ਰਮਾਣੀਕ ਪੁਰਖ ਹਨ, ਕੁੰਤੀ ਦੇ ਪੁੱਤਰ (ਅਰਜਨ ਵਾਂਗ) ਜੰਗ ਤੋਂ ਚਲੇ ਜਾਣ ਵਾਲੇ ਨਹੀਂ ।

੧੪ ਨੇਜਾ ਉਨ੍ਹਾਂ ਦੇ ਹੱਥ ਕਿਹੜਾ ਹੈ ? ਨਾਮ ਦਾ ਪ੍ਰਕਾਸ਼, ਜਿਸ ਨੇਜੇ ਨੂੰ ਗੁਰੂ ਦੇ ਸ਼ਬਦ ਨਾਲ ਸਜਾਇਆ ਹੈ, ਬਣਾਇਆ ਹੈ ।

੧੫ ਸੰਸਾਰ-ਸਮੁੰਦਰ ਹੈ, ਨਾਮ ਉਸ ਉੱਤੇ ਪੁਲ ਹੈ; ਜਾਂ ਇਉਂ ਕਹੋ ਕਿ ਹਰੀ ਜਹਾਜ਼ ਹੈ ।

੧੬ ਤੈਨੂੰ ਗੁਰੂ ਨਾਲ ਪਿਆਰ ਹੈ, ਨਾਮ ਵਿਚ ਲੱਗ ਕੇ ਸੰਸਾਰ ਨੂੰ ਤਾਰਿਆ ਹੈ ।

੧੭ ਕਿਸੇ ਹੋਰ ਨਾਲ ।

੧੮ ਤੁਹਾਡੇ ਬਾਰ (ਦਰ) 'ਤੇ ਆਉਣ ਨਾਲ ਸਾਡੀ ਪੂਰੀ ਪੈ ਗਈ, ਸਫਲਤਾ ਮਿਲ ਗਈ ।

੧੯ ਜਿਸ ਨੇ ਗੁਰੂ ਨਾਨਕ ਦੀ ਜੋਤ ਨਾਲ ਆਪਣੀ ਜੋਤ ਮਿਲਾ ਦਿੱਤੀ ।

੨੦ ਗੁਰੂ ਮੁਕੱਰਰ ਕੀਤਾ ।

੨੧ ਅਮਰਤਾ ਦਾ ਛਤਰ, ਨਿਹਚਲ ਛਤਰ ।

੨੨ ਹੇ ਮਥਰਾ ! ਤੂੰ ਆਖ ਕਿ ਗੁਰੂ ਰਾਮਦਾਸ ਦਾ ਦਰਸ਼ਨ ਕਰ ਕੇ ਗੁਰੂ ਅਰਜਨ ਦੇ ਵਚਨ ਅੰਮ੍ਰਿਤ ਹੋ ਗਏ ।

੨੩ ਪੰਜਵੀਂ ਮੂਰਤ ਨਮੂਨੇ ਦੇ ਪੁਰਸ਼ ਗੁਰੂ ਅਰਜਨ ਨੂੰ ਅੱਖਾਂ ਨਾਲ ਦੇਖੋ ।

੨੪ ਦਿਲ ਵਿਚ ।

੨੫ (ਹਰੀ ਨੇ) ਧੁਰ ਤੋਂ ਹੀ ਗੁਰੂ ਅਰਜਨ ਦੇ ਮੱਥੇ ਉੱਤੇ ਲੇਖ ਲਿਖਿਆ ਹੈ ।

੨੬ ਧਰਤੀ ਉੱਤੇ ।

੨੭ ਪਾਰਸ-ਗੁਰੂ ਨੂੰ ਛੋਹ ਕੇ, ਪਰਸਣ ਯੋਗ ਗੁਰੂ ਨੂੰ ਮਿਲ ਕੇ ਗੁਰੂ ਤੋਂ ਗੁਰੂ ਅਖਵਾਇਆ ।

੨੮ ਆਖ ।

੨੯ ਚੰਗੀ ਤਰ੍ਹਾਂ ਤਰੋ ।

੩੦ ਹੇ ਜਨੋ ! ਉਸ ਤੋਂ ਮੰਗੋ ਜੋ ਸਾਰੇ ਸੰਸਾਰ ਵਿਚ ਜਾਣਿਆਂ ਜਾਂਦਾ ਹੈ ਤੇ ਦਿਨ ਰਾਤ ਜਿਸ ਦਾ ਵਾਸਾ ਤੇ ਪਿਆਰ ਨਾਮ ਵਿਚ ਹੈ ।

੩੧ ਪਰ ਦੇਖੀਦਾ ਹੈ । ਗ੍ਰਹਿਸਤ ਵਿਚ ।

੩੨ ਸਰਬ-ਵਿਆਪੀ ।

੩੩ ਰਾਮ ਦੇ ਚਰਨਾਂ ਵਿਚ ਮਿਲਿਆ ਰਹਿੰਦਾ ਹੈ ।

੩੪ ਜੋਗ ਕਮਾਇਆ ।

੩੫ ਅਤੇ ਬ੍ਰਹਮਾ ਵੇਦਾਂ ਨੂੰ ਵਿਚਾਰ-ਵਿਚਾਰ ਕੇ ਰਹਿ ਗਿਆ ।

* ਇਹ ੧੨ ਸਵੱਯੇ ਭੱਟ ਕਲ੍ਹ-ਸਹਾਰ ਦੇ ਹਨ। ਨੌਂ ਸਵੱਯਾਂ ਦੇ ਬਾਅਦ ਛੋਟਾ ਅੰਕ ਬਦਲਿਆ ਸੀ, ਕਿਉਂਕਿ ਉਸੇ ਛੰਦ ਦੀ ਚਾਲ ਬਦਲ ਕੇ ਸੋਰਠਾ ਛੰਦ ਸ਼ੁਰੂ ਹੋਇਆ ਸੀ । ਅਗਲੇ ਸੱਤ ਸਵੱਯੇ ਮਥਰਾ ਭੱਟ ਦੇ ਹਨ।

ਬਿਚਾਰਿ ਰਹਿਓ ਹਰਿ ਜਾਪੁ ਨ ਛਾਡੑਉ ਏਕ ਘਰੀ ॥ ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥ [੧]ਰਾਮਦਾਸਿ ਗੁਰੂ ਜਗ ਤਾਰਨ ਕਉ [੨]ਗੁਰ ਜੋਤਿ ਅਰਜੁਨ ਮਾਹਿ ਧਰੀ ॥ ੪ ॥ [੩]ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥ ਤਿਨ ਕੇ ਦੁਖ ਕੋਟਿਕ[੪] ਦੂਰਿ ਗਏ ਮਥੁਰਾ ਜਿਨੑ ਅੰਮ੍ਰਿਤ ਨਾਮੁ ਪੀਅਉ ॥ ਇਹ ਪਧਤਿ[੫] ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥ ਪਰਤਛਿ ਰਿਦੈ ਗੁਰ ਅਰਜੁਨ ਕੈ [੬]ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥ ੫ ॥ [੭]ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥ ਕਲਿ ਘੋਰ ਸਮੁਦ੍ਰ ਮੈ ਬੂਡਤ ਥੇ [੮]ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥ ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥ ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ [੯]ਸੰਕਟ ਜੋਨਿ ਗਰਭ ਨ ਆਯਉ ॥ ੬ ॥ [੧੦]ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥ ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ[੧੧] ਨਿਵਾਰਨੁ ॥ [੧੨]ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥ [੧੩]ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥ [੧੪]ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥ ਭਨਿ[੧੫] ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥ ੭ ॥ ੧੯ ॥* [੧੬]ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥ [੧੭]ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥ ਅਜੈ ਚਵਰੁ ਸਿਰਿ ਢੁਲੈ[੧੮] ਨਾਮੁ ਅੰਮ੍ਰਿਤੁ ਮੁਖਿ ਲੀਅਉ ॥ ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥ ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ ॥ ਹਰਿਬੰਸ [੧੯]ਜਗਤਿ ਜਸੁ ਸੰਚਰੵਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥ ੧ ॥ ਦੇਵਪੁਰੀ ਮਹਿ ਗਯਉ ਆਪਿ[੨੦] ਪਰਮੇਸ੍ਵਰ ਭਾਯਉ ॥ ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥ [੨੧]ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥ [੨੨]ਅਸੁਰ ਗਏ ਤੇ ਭਾਗਿ ਪਾਪ ਤਿਨੑ ਭੀਤਰਿ ਕੰਪਹਿ ॥ ਕਾਟੇ ਸੁ ਪਾਪ ਤਿਨੑ ਨਰਹੁ ਕੇ ਗੁਰੁ ਰਾਮਦਾਸੁ ਜਿਨੑ ਪਾਇਯਉ ॥ [੨੩]ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥ ੨ ॥ ੨੧ ॥ ੯ ॥ ੧੧ ॥ ੧੦ ॥ ੧੦ ॥ ੨੨ ॥ ੬੦ ॥ ੧੪੩ ॥

੧ ਗੁਰੂ ਰਾਮਦਾਸ ਨੇ । ਦੇਖੋ ਨੇਮ ੨੦ (ੳ) ।

੨ ਗੁਰੂ ਵਾਲੀ ਜੋਤਿ, ਆਤਮ-ਪ੍ਰਕਾਸ਼ ।

੩ ਜਗਤ ਦੇ ਐਸੇ ਵੱਡੇ ਹਨੇਰੇ ਵਿਚ (ਗੁਰੂ ਅਰਜਨ ਤੋਂ ਬਿਨਾਂ) ਹੋਰ ਕੋਈ (ਚਾਨਣਾ ਦੇਣ ਵਾਲਾ) ਨਹੀਂ, ਇਸ ਲਈ ਹਰੀ ਨੇ ਉਸ ਨੂੰ ਲਿਆ ਕੇ ਅਵਤਾਰ ਦੇ ਤੌਰ ਰੌਸ਼ਨ ਕੀਤਾ ।

੪ ਕੋੜ੍ਹਾਂ ।

੫ [ਸੰ.] ਰਾਹ, ਨੇਮ । ਹੇ ਮਨ ! ਇਸ (ਗੁਰੂ ਦੇ ਚਲਾਏ) ਰਸਤੇ ਤੋਂ ਨਾ ਖੁੰਝੀਂ; ਹਰੀ ਅਤੇ ਗੁਰੂ ਵਿੱਚ ਕੋਈ ਭਿੰਨ-ਭੇਦ ਨਾ ਸਮਝੀਂ, ਗੁਰੂ ਉਸ ਤੋਂ ਵੱਖਰਾ ਨਾ ਜਾਣੀਂ ('ਜਾਨ' ਦੇਹਲੀ ਦੀਪਕ ਹੋ ਕੇ ਦੋਹਾਂ ਪਾਸੇ ਲੱਗਦਾ ਹੈ) ।

੬ ਹਰੀ ਪੂਰਨ ਬ੍ਰਹਮ ਨੇ । ਦੇਖੋ ਨੇਮ ੨੦ (ੳ)।

੭ ਜਦ ਤੱਕ ਮੱਥੇ 'ਤੇ ਭਾਗ ਪ੍ਰਗਟ ਨਹੀਂ ਹੋਏ ਸੀ।

੮ ਪਛਤਾਵਾ ਕਦੀ ਨਹੀਂ ਮੁੱਕਦਾ ।

੯ ਗਰਭ ਜੋਨੀ ਦੇ ਸੰਕਟ ਵਿਚ ਨਹੀਂ ਪਿਆ, ਜਨਮ ਮਰਨ ਦੇ ਦੁੱਖ ਵਿਚ ਨਹੀਂ ਪੈਣਾ ਪਿਆ ।

੧੦ ਕਲਯੁਗ ਦੇ ਸਮੁੰਦਰ ਤੋਂ ਤਾਰਨ ਲਈ ਗੁਰੂ ਅਰਜਨ ਦੇਵ ਹਰੀ ਦਾ ਨਾਮ ਰੂਪ ਹੋ ਕੇ ਪੈਦਾ ਹੋਏ ਹਨ।

੧੧ ਗਰੀਬੀ ।

੧੨ ਗੁਰੂ ਜੀ ਅਪਾਰ (ਹਰੀ) ਦਾ ਸਾਫ ਰੂਪ ਹਨ, ਉਨ੍ਹਾਂ ਤੋਂ ਬਿਨਾਂ ਹੋਰ ਕੋਈ ਨਹੀਂ ਹੈ ।

੧੩ ਜਿਸ ਨੇ ਹਰੀ ਨੂੰ ਮਨ ਤੇ ਬਚਨ ਦੁਆਰਾ ਜਾਣਿਆਂ, ਉਹ ਹਰੀ ਵਰਗਾ ਹੀ ਹੋ ਗਿਆ ।

੧੪ ਗੁਰੂ ਹੀ ਧਰਤਿ, ਅਸਮਾਨ ਅਤੇ ਸਾਰੇ ਜਹਾਨ ਵਿੱਚ ਹਰੀ ਦੀ ਜੋਤ ਰੂਪ ਹੋ ਕੇ ਵਰਤ ਰਿਹਾ ਹੈ ।

੧੫ ਆਖ ।

੧੬ ਗੁਰੂ ਅਰਜਨ ਦੇਵ ਦੇ ਹਜ਼ੂਰ ਨਾਮ ਰੂਪ ਗੰਗਾ ਦਾ ਜਲ ਵਹਿੰਦਾ ਰਹਿੰਦਾ ਹੈ ਜੋ ਅਜੈ ਤੇ ਅਟੱਲ ਹੈ। ਉਸ ਵਿਚ ਸਾਰੀ ਸਿੱਖ ਸੰਗਤਿ ਇਸ਼ਨਾਨ ਕਰਦੀ ਹੈ ।

੧੭ ਉਥੇ ਸਦਾ ਪੁਰਾਣ ਪੜ੍ਹੇ ਜਾਂਦੇ ਹਨ ਤੇ ਬ੍ਰਹਮਾ ਮੂੰਹ ਤੋਂ ਵੇਦ ਉਚਾਰਨ ਕਰਦਾ ਰਹਿੰਦਾ ਹੈ । ਭਾਵ ਇਹ ਕਿ ਗੁਰੂ ਦੇ ਦਰਬਾਰ ਵਿਚ ਜੋ ਬਾਣੀ ਨਾਮ ਤੇ ਕੀਰਤਨ ਦਾ ਅਭਿਆਸ ਹੁੰਦਾ ਰਹਿੰਦਾ ਹੈ, ਉਸ ਨੂੰ ਵੇਖ ਕੇ ਪੁਰਾਣਾਂ ਤੇ ਵੇਦਾਂ ਦੀ ਸੋਭਾ ਵਿਚੇ ਆ ਜਾਂਦੀ ਹੈ । ਜੇ ਅੱਖਰੀਂ ਅਰਥ ਲੈ ਕੇ ਕਹੀਏ ਕਿ ਸੱਚੀਂ ਮੁਚੀਂ ਪੁਰਾਣ ਪੜ੍ਹੇ ਜਾਂਦੇ ਹਨ, ਤਾਂ ਕੀ ਸੱਚ ਮੁਚ ਬ੍ਰਹਮਾ ਭੀ ਉਥੇ ਆ ਕੇ ਵੇਦ ਉਚਾਰਨ ਕਰਦਾ ਹੈ ? ਜੇ ਬ੍ਰਹਮੇ ਦਾ ਜ਼ਿਕਰ ਅਲੰਕਾਰਕ ਹੈ ਤਾਂ ਪੁਰਾਣਾਂ ਦਾ ਜ਼ਿਕਰ ਭੀ ਉਵੇਂ ਹੀ ਮੰਨਣਾ ਪਏਗਾ।

੧੮ ਝੁਲਦਾ ਹੈ ।

੧੯ ਆਪ ਦਾ ਜਸ ਜਗਤ ਵਿਚ ਖਿਲਰ ਗਿਆ ਹੈ ।

੨੦ ਗੁਰੂ ਰਾਮਦਾਸ ਜੀ ।

੨੧ ਦੇਵਤਿਆਂ ਨੇ ਖੁਸ਼ੀ ਕੀਤੀ ਤੇ ਤੇਰਾ ਜਸ ਤੇ ਜੈ ਜੈ ਕਰ ਰਹੇ ਹਨ ।

੨੨ ਉਥੋਂ ਦੈਂਤ ਨੱਠ ਗਏ ਅਤੇ ਉਨ੍ਹਾਂ ਦੇ ਅੰਦਰ ਉਨ੍ਹਾਂ ਦੇ ਪਾਪ ਕੰਬਣ ਲੱਗੇ ।

੨੩ ਗੁਰੂ ਰਾਮਦਾਸ ਜੀ ਧਰਤੀ ਦਾ ਰਾਜ-ਭਾਗ ਗੁਰੂ ਅਰਜਨ ਨੂੰ ਦੇ ਆਏ ਹਨ ।

* ਏਥੇ 'ਮਥੁਰਾ' ਭੱਟ ਦੇ ੭ ਸਵੱਯੇ ਮੁੱਕਦੇ ਹਨ ਅਤੇ 'ਹਰਿਬੰਸ' ਭੱਟ ਦੇ ਸ਼ੁਰੂ ਹੁੰਦੇ ਹਨ, ਜੋ ਗਿਣਤੀ ਵਿਚ ਦੋ ਹਨ ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸਲੋਕ ਵਾਰਾਂ ਤੇ ਵਧੀਕ* ॥ ਮਹਲਾ ੧ ॥

† ਉਤੰਗੀ[੧] ਪੈਓਹਰੀ[੨] ਗਹਿਰੀ[੩] ਗੰਭੀਰੀ ॥ ਸਸੁੜਿ[੪] [੫]ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥ ਗਚੁ[੬] ਜਿ ਲਗਾ ਗਿੜਵੜੀ[੭] ਸਖੀਏ ਧਉਲਹਰੀ ॥ ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥ ੧ ॥ ਸੁਣਿ ਮੁੰਧੇ ਹਰਣਾਖੀਏ[੮] ਗੂੜਾ ਵੈਣੁ[੯] ਅਪਾਰੁ ॥ ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ[੧੦] ਵਾਪਾਰੁ ॥ [੧੧]ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ[੧੨] ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥ ਤਨੁ ਮਨੁ ਦੀਜੈ ਸਜਣਾ [੧੩]ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥ ਨਾਨਕ ਜਿਨ੍ੀ ਇਵ ਕਰਿ ਬੁਝਿਆ ਤਿਨ੍ਾ ਵਿਟਹੁ[੧੪] ਕੁਰਬਾਣੁ ॥ ੨ ॥ [੧੫]ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ ॥ ਤਾਹੂ ਖਰੇ ਸੁਜਾਣ ਵੰਵਾ ਏਨ੍ੀ ਕਪਰੀ ॥ ੩ ॥ ਝੜ ਝਖੜ ਓਹਾੜ[੧੬] ਲਹਰੀ ਵਹਨਿ ਲਖੇਸਰੀ[੧੭] ॥ ਸਤਿਗੁਰ ਸਿਉ [੧੮]ਆਲਾਇ ਬੇੜੇ ਡੁਬਣਿ ਨਾਹਿ ਭਉ ॥ ੪ ॥ ਨਾਨਕ ਦੁਨੀਆ ਕੈਸੀ ਹੋਈ ॥ [੧੯]ਸਾਲਕੁ ਮਿਤੁ ਨ ਰਹਿਓ ਕੋਈ ॥ ਭਾਈ ਬੰਧੀ ਹੇਤੁ ਚੁਕਾਇਆ[੨੦] ॥ ਦੁਨੀਆ ਕਾਰਣਿ ਦੀਨੁ ਗਵਾਇਆ ॥ ੫ ॥ ਹੈ ਹੈ ਕਰਿ ਕੈ ਓਹਿ ਕਰੇਨਿ ॥ ਗਲ੍ਾ ਪਿਟਨਿ ਸਿਰੁ ਖੋਹੇਨਿ ॥ ਨਾਉ ਲੈਨਿ ਅਰੁ ਕਰਨਿ ਸਮਾਇ[੨੧] ॥ ਨਾਨਕ ਤਿਨ ਬਲਿਹਾਰੈ ਜਾਇ ॥ ੬ ॥ ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥ ਪਾਛੈ ਬਾਘੁ[੨੨] ਡਰਾਵਣੋ ਆਗੈ ਅਗਨਿ[੨੩] ਤਲਾਉ ॥ [੨੪]ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥ ਨਾਨਕ ਗੁਰਮੁਖਿ[੨੫] ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥ ੭ ॥ ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ[੨੬] ਹੋਇ ॥ ਆਪੁ ਪਛਾਣੈ ਹਰਿ

੧ ਉੱਚੇ ਅੰਗਾਂ ਵਾਲੀਏ ! ਸਿਰ ਉੱਚਾ ਕਰ ਕੇ ਚੱਲਣ ਵਾਲੀਏ ! (ਸੱਸ ਨੂੰਹ ਨੂੰ ਉਪਦੇਸ਼ ਕਰਦੀ ਹੈ) ।
੨ ਪਯੋਧਰਾਂ (ਥਣਾਂ) ਵਾਲੀਏ !
੩ ਪਕੜ । ਗੰਭੀਰਤਾ ਸਿੱਖ ।
੪ ਸੱਸ ਨੂੰ (ਨੂੰਹ ਦਾ ਉੱਤਰ ਹੈ) ।
੫ ਸੂਹੀ, ਨਮਸਕਾਰ । (ਜਵਾਨੀ ਦੇ ਹੰਕਾਰ ਵਿਚ ਮਸਤ ਉੱਤਰ ਦਿੰਦੀ ਹੈ ਕਿ ਥਣਾਂ ਕਰ ਕੇ ਮੈਥੋਂ ਨਿੰਵਿਆ ਨਹੀਂ ਜਾਂਦਾ, ਮੈਂ ਨਮਸਕਾਰ ਸੱਸ ਨੂੰ ਕਿਵੇਂ ਕਰਾਂ ?) ।
੬ ਚੂਨਾ ।
੭ ਪਹਾੜ ਜੇਡੇ ਉੱਚੇ । ਧਉਲਰ ਵੱਡੇ ਵੱਡੇ ਚੂਨੇ ਗੱਚ ਢਹਿੰਦੇ ਵੇਖੇ ਹਨ; ਇਸ ਲਈ, ਹੇ ਇਸਤ੍ਰੀ ! ਥਣਾਂ (ਜਵਾਨੀ) ਦਾ ਮਾਣ ਨਾ ਕਰ ।
੮ ਹਰਨ ਦੀਆਂ ਅੱਖਾਂ ਵਾਲੀਏ !
੯ ਬਚਨ ।
੧੦ ਕਰਨਾ ਚਾਹੀਏ ।
੧੧ ਦੁਰਜਨਾਂ ਦੀ ਸੰਗਤ ਦੀ ਦੁਹਾਈ ਦਿਓ ਕਿ ਨਹੀਂ ਕਰਾਂਗਾ ।
੧੨ ਪੁਕਾਰ ਕਰਨ ਨਾਲ ।
੧੩ ਇਹ ਖੁਸ਼ੀ ਸ੍ਰੇਸ਼ਟ ਹੈ ।
੧੪ ਉੱਤੋਂ ।
੧੫ ਜੇ ਤੂੰ ਪਾਣਿ (ਪਾਣੀ) ਦਾ ਤਾਰੂ ਹੋਣਾ ਚਾਹੁੰਦਾ ਹੈਂ, ਤਾਂ ਉਹਨਾਂ ਨੂੰ ਪੁੱਛ ਜਿਨ੍ਹਾਂ ਨੂੰ ਤਰਨ ਦੀ ਕਲ (ਜਾਚ) ਹੈ । ਓਹ ਅਸਲ ਸਿਆਣੇ ਹਨ ਜੋ ਇਨ੍ਹਾਂ ਕਪਰਾਂ (ਲਹਿਰਾਂ) ਵਿਚੋਂ ਲੰਘ ਗਏ ਹਨ ।
੧੬ ਹੜ ।
੧੭ ਲੱਖਾਂ ਦੀਆਂ ਲੜੀਆਂ ।
੧੮ ਆਲਾ ਮਾਰ, ਆਵਾਜ਼ ਦੇਹ, ਫਿਰ ਤੈਨੂੰ ਡੁੱਬਣ ਦਾ ਡਰ ਨਹੀਂ ਹੋਵੇਗਾ ।
੧੯ [ਅ.] ਰਸਤਾ ਦਿਖਾਣ ਵਾਲਾ ਸੱਚਾ ਮਿੱਤ੍ਰ ।
੨੦ ਦੂਰ ਕੀਤਾ ।
੨੧ ਸਮਾਇ= ਅਭਿਆਸ । ਦੇਖੋ ਪੰਨਾ ੭੨੧, ਨੋਟ ੭। ਹਾਇ ਤੇ ਉਇ ਕਰ ਕੇ ਰੋਣ ਪਿੱਟਣ ਦੀ ਥਾਂ ਨਾਮ ਜਪਣ ਤੇ ਸ਼ੁਭ ਕਰਨੀ ਦਾ ਅਭਿਆਸ ਕਰਨ ।
੨੨ ਬਘਿਆੜ (ਸੰਸਾਰਕ ਡਰ ਰੂਪ) ।
੨੩ ਤ੍ਰਿਸ਼ਨਾ ਰੂਪ ਅਗਨੀ ।
੨੪ ਮੇਰਾ ਜੀਵ ਸੰਸੇ ਵਿਚ ਪਿਆ ਹੈ ਕਿਉਂਕਿ ਮੈਨੂੰ ਮੁਕਤਿ ਪ੍ਰਾਪਤੀ ਦਾ ਢੰਗ ਨਹੀਂ ਆਉਂਦਾ ।
੨੫ ਗੁਰੂ ਦੁਆਰਾ ।
੨੬ ਉਪਦੇਸ਼ ।

* ਕੁਝ ਸ਼ਲੋਕ ਤਾਂ ਵਾਰਾਂ ਵਿਚ ਪਉੜੀਆਂ ਨਾਲ ਮਿਲਾ ਕੇ ਪਾ ਦਿੱਤੇ ਗਏ ਹਨ, ਜੋ ਬਚ ਰਹੇ ਓਹ ਇਥੇ ਦਰਜ ਹਨ ।

† ਆਪਣੇ ਆਪ ਦਾ ਮਦ ਛੱਡ ਕੇ (੧) । ਕਿਸੇ ਚੰਗੇ ਆਗੂ ਦਾ ਪੱਲਾ ਫੜਨਾ ਚਾਹੀਦਾ ਹੈ (੨) । ਇਹ ਆਗੂ ਉਹ ਹੋਣਾ ਚਾਹੀਦਾ ਹੈ ਜੋ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਬਚਾਅ ਸਕਦਾ ਹੋਵੇ (੩) । ਉਹ ਗੁਰੂ ਹੀ ਹੈ (੪) । ਹੋਰ ਸਾਕਾਂ ਸੰਬੰਧੀਆਂ ਵਿਚੋਂ ਕੋਈ ਨਹੀਂ ਹੋ ਸਕਦਾ, ਓਹ ਤਾਂ ਨਿਰਾ ਦਿਖਾਵਾ ਕਰਦੇ ਹਨ (੫) । ਨਾਮ ਦਾ ਅਭਿਆਸ ਕਰਨ ਵਾਲੇ ਚਾਹੀਦੇ ਹਨ (੬) । ਉਹ ਤਾਂ ਗੁਰੂ ਹੀ ਹੋ ਸਕਦਾ ਹੈ ਜੋ ਸਹਸੇ ਵਿਚੋਂ ਕੱਢ ਕੇ ਹਰੀ ਦੇ ਪ੍ਰੇਮ ਵਿਚ ਲਾ ਸਕਦਾ ਹੈ (੭-੯) ।

ਮਿਲੈ ਬਹੁੜਿ[1] ਨ ਮਰਣਾ ਹੋਇ ॥ *ਕੀਚੜਿ ਹਾਥੁ ਨ ਬੂਡਈ[2] [3]ਏਕਾ ਨਦਰਿ ਨਿਹਾਲਿ ॥ ਨਾਨਕ ਗੁਰਮੁਖਿ[4] ਉਬਰੇ[5] [6]ਗੁਰੁ ਸਰਵਰੁ ਸਚੀ ਪਾਲਿ ॥ ੮ ॥ [7]ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥ ਜਮੁ ਜਾਗਾਤਿ[8] ਨ ਲਗਈ ਜੇ ਚਲੈ ਸਤਿਗੁਰ ਭਾਇ ॥ ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥ ੯ ॥ †[9]ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥ [10]ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ[11] ॥ ਸੰਤ ਸਭਾ ਜੈਕਾਰੁ ਕਰਿ ਗੁਰਮੁਖਿ[4] ਕਰਮ ਕਮਾਉ ॥ ਨਿਰਮਲੁ ਨ੍ਹ੍ਹਾਵਣੁ[12] ਨਾਨਕਾ ਗੁਰੁ ਤੀਰਥੁ ਦਰੀਆਉ ॥ ੧੦ ॥ ਜਨਮੇ ਕਾ ਫਲੁ ਕਿਆ ਗਣੀ[13] ਜਾਂ ਹਰਿ ਭਗਤਿ ਨ ਭਾਉ ॥ ਪੈਧਾ ਖਾਧਾ ਬਾਦਿ[14] ਹੈ ਜਾਂ ਮਨਿ [15]ਦੂਜਾ ਭਾਉ ॥ ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਆਲਾਉ[16] ॥ ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ ॥ ੧੧ ॥ ਹੈਨਿ ਵਿਰਲੇ ਨਾਹੀ ਘਣੇ[17] ਫੈਲ[18] ਫਕੜੁ ਸੰਸਾਰੁ ॥ ੧੨ ॥ ਨਾਨਕ [19]ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ॥ ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥ ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ ॥ ਪਿਰਮ ਪੈਕਾਮੁ[20] ਨ ਨਿਕਲੈ ਲਾਇਆ ਤਿਨਿ ਸੁਜਾਣਿ ॥ ੧੩ ॥ ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ [21]ਧਾਤੂ ਪੰਜਿ ਰਲਾਇ ਕੂੜਾ ਪਾਜਿਆ[22] ॥ ਭਾਂਡਾ[23] ਆਣਗੁ[24] ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ [25]ਵਾਜਾ ਵਾਵਸੀ ॥ ੧੪ ॥ [26]ਮਨਹੁ ਜਿ ਅੰਧੇ ਘੂਪ [27]ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ[28] ਕਵਲ ਦਿਸਨਿ ਖਰੇ ਕਰੂਪ ॥ ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦੁ[29] ਨ ਬੇਦੁ[30] ਨ [31]ਗੀਅ ਰਸੁ [32]ਰਸੁ ਕਸੁ ਨ ਜਾਣੰਤਿ ॥ ਇਕਨਾ ਸਿਧਿ ਨ ਬੁਧਿ ਨ ਅਕਲਿ ਸਰ[33] [34]ਅਖਰ ਕਾ ਭੇਉ ਨ ਲਹੰਤਿ ॥ ਨਾਨਕ ਤੇ ਨਰ [35]ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥ ੧੫ ॥ ਸੋ ਬ੍ਰਹਮਣੁ ਜੋ ਬਿੰਦੈ[36] ਬ੍ਰਹਮੁ ॥ ਜਪੁ ਤਪੁ ਸੰਜਮੁ[37] ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ [38]ਪੂਜਣ ਜੁਗਤੁ ॥ ੧੬ ॥ ਖਤ੍ਰੀ ਸੋ ਜੁ ਕਰਮਾ ਕਾ ਸੂਰੁ[39] ॥ [40]ਪੁੰਨ ਦਾਨ ਕਾ ਕਰੈ ਸਰੀਰੁ ॥ ਖੇਤੁ[41] ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ ਲਬੁ ਲੋਭੁ ਜੇ ਕੂੜੁ ਕਮਾਵੈ ॥ ਅਪਣਾ ਕੀਤਾ ਆਪੇ ਪਾਵੈ ॥ ੧੭ ॥ [42]ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ

੧ ਮੁੜ ਕੇ, ਫੇਰ । ੨ ਡੁੱਬਦਾ ।
੩ ਜਿਸ ਨੇ ਸਮਦ੍ਰਿਸ਼ਟੀ ਨਾਲ ਵੇਖਿਆ ਹੈ ।
੪ ਗੁਰੂ ਦੇ ਅਨੁਸਾਰੀ ।
੫ ਬਚ ਗਏ ।
੬ ਗੁਰੂ ਰੂਪ ਸਰੋਵਰ ਹੈ ਜਿਸ ਦੀ ਪਾਲਿ (ਵੱਟ) ਸੱਚ ਦੀ ਹੈ। ਜੋ ਇਸ ਨਾਲ ਲੱਗੇ ਹਨ, ਬਚ ਗਏ ਹਨ।
੭ ਤ੍ਰਿਸ਼ਨਾ-ਅਗਨੀ ਨੂੰ ਬੁਝਾਣਾ ਹੈ ਤੇ ਨਾਮ-ਜਲ ਲੱਭੇ, ਪਰ ਇਹ ਸਮੁੰਦਰੀ ਜਲ ਗੁਰੂ ਬਿਨਾਂ ਨਹੀਂ ਲੱਭਣਾ।
੮ ਟੈਕਸ, ਮਸੂਲ । ੯ ਭਾਵ ਕੁਸੰਗਤ ।
੧੦ ਗੁਰੂ-ਸਰੋਵਰ ਨੂੰ ਮਨੁੱਖ-ਹੰਸ ਨੇ ਮਨਮੁਖ-ਕਾਵਾਂ ਦੀ ਕੁਸੰਗਤ ਕਰ ਕੇ ਪਛਾਣਿਆ ਨਹੀਂ ਹੈ ।
੧੧ ਪ੍ਰੇਮ ਨਾਲ । ੧੨ ਇਸ਼ਨਾਨ ।
੧੩ ਗਿਣਾਂ ।
੧੪ ਬੇਅਰਥ, ਫਜ਼ੂਲ ।
੧੫ ਇਕ ਹਰੀ ਨੂੰ ਛੱਡ ਕੇ ਹੋਰ ਪਾਸੇ ਦਾ ਪਿਆਰ।
੧੬ ਬੋਲਣਾ ।
੧੭ ਬਹੁਤੇ ।
੧੮ ਦਿਖਾਵਾ । ਬਾਕੀ ਸੰਸਾਰ ਨਿਰਾ ਦਿਖਾਵਾ ਤੇ ਬਕਬਾਦ ਹੈ ।
੧੯ ਚੋਟ ਲੱਗੀ ਉਹ ਸਮਝੋ ਜਿਸ ਨਾਲ ਤੁਰਿ (ਤੁਰਤ) ਮਰ ਜਾਵੇ । ਆਪਾ ਭਾਵ ਤੋਂ, ਤੇ ਆਪਾ ਭਾਵ ਵਾਲੇ ਜੀਵਨ ਦਾ ਬਲ ਨਾ ਰਹੇ ।
੨੦ [ਫ਼ਾ. ਪੈਕਾਨ] ਤੀਰ । ਪ੍ਰੇਮ ਦਾ ਤੀਰ ਲੱਗਾ ਹੋਇਆ ਨਹੀਂ ਨਿਕਲਦਾ ।
੨੧ ਪੰਜ ਤੱਤ । ੨੨ ਦਿਖਾਵਾ ।
੨੩ ਸਰੀਰ ਰੂਪ ਭਾਂਡਾ ।
੨੪ ਲਿਆਵੇਗਾ । ਗੁਰੂ ਸਰੀਰ-ਭਾਂਡੇ ਨੂੰ ਸੂਤ ਕਰ ਦੇਵੇਗਾ ।
੨੫ ਜੀਵਨ-ਵਾਜਾ ਵਜਾਵੇਗਾ ।
੨੬ ਇਹੋ ਸ਼ਲੋਕ ਪੰ: ੧੨੪੫, ੪੬ ਉਤੇ ਵਾਰ ਸਾਰਗ ਮ: ੪ ਵਿਚ ਆਇਆ ਹੈ ।
੨੭ ਆਪਣੇ ਕੀਤੇ ਉਪਦੇਸ਼ ਦੀ ਲਾਜ ਨਹੀਂ ਪਾਲਦੇ ।
੨੮ ਪੁੱਠੇ । ਮਨ ਅੰਨ੍ਹਾ ਹੋਣ ਕਰ ਕੇ ਉਨ੍ਹਾਂ ਦੇ ਹਿਰਦੇ ਰੂਪ ਕੰਵਲ ਉਲਟੇ ਹਨ ।
੨੯ ਸ਼ਬਦ । ੩੦ ਗਿਆਨ ਵਿਚਾਰ ।
੩੧ ਗੀਤ ਦਾ ਰਸ । ਭਾਵ ਓਹ ਨਾ ਜੋਗੀ, ਨਾ ਗਿਆਨੀ ਤੇ ਨਾ ਰਾਗੀ ਹਨ ।
੩੨ ਕਸੈਲਾ ਆਦਿ ਛੇ ਰਸ ਭਾਵ ਚੰਗਾ ਮੰਦਾ ।
੩੩ ਸਾਰ, ਖ਼ਬਰ ।
੩੪ ਅੱਖਰ ਦਾ ਭੇਦ ਨਹੀਂ ਜਾਣਦੇ, ਭਾਵ ਊੜਾ ਵੀ ਪੜ੍ਹਨਾ ਨਹੀਂ ਆਉਂਦਾ ।
੩੫ ਨਿਰੇ ਖੋਤੇ ਹਨ, ਮੂਰਖ ਹਨ ।
੩੬ ਜਾਣਦਾ ਹੈ । ਦੇਖੋ ਪੰਨਾ ੧੧੨੮; ਨੋਟ ੧ ।
੩੭ ਮਨ ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ ।
੩੮ ਪੂਜਣ ਜੋਗ ਹੈ ।
੩੯ ਸੂਰਮਾ ।
੪੦ ਭਾਵ ਆਪਣੇ ਜੀਵਨ ਨੂੰ ਪੁੰਨ ਦਾਨ ਕਰਨ ਵਾਲਾ ਬਣਾਵੇ ।
੪੧ ਯੋਗ ਪਾਤਰ ।
੪੨ ਦੇਖੋ ਸ਼ਲੋਕ ਫਰੀਦ ੧੨੦ ।

* ਤਲਾਅ ਦੇ ਕੰਢੇ ਚਿੱਕੜ ਹੁੰਦਾ ਹੈ । ਉਸ ਤੋਂ ਪਾਣੀ ਨੂੰ ਨਿਖੇੜਨ ਲਈ ਇਕ ਬੰਨ੍ਹ, ਬੰਨ੍ਹ ਦਿੰਦੇ ਹਨ । ਜੋ ਆਦਮੀ ਚਿੱਕੜ ਤੋਂ ਬਚਣ ਲਈ ਉਸ ਬੰਨ੍ਹ ਉਤੋਂ ਦੀ ਲੰਘਣਾ ਚਾਹੇ ਤਾਂ ਉਸ ਨੂੰ ਏਕਾ ਨਦਰਿ ਨਿਹਾਲਣਾ ਚਾਹੀਦਾ ਹੈ, ਭਾਵ ਇਕ ਨਿਸ਼ਾਨੇ ਵੱਲ ਟੱਕ ਬੰਨ੍ਹ ਕੇ ਚੱਲਦਾ ਜਾਏ; ਨਹੀਂ ਤਾਂ ਜੇ ਧਿਆਨ ਇਧਰ ਉਧਰ ਹੋ ਗਿਆ ਤਾਂ ਡਿੱਗ ਪਏਗਾ ਤੇ ਚਿੱਕੜ ਨਾਲ ਹੱਥ ਭਰ ਜਾਣਗੇ । ਇਥੇ ਸਰੋਵਰ ਗੁਰੂ ਹੈ ਤੇ ਉਸ ਦੇ ਕੰਢੇ ਵੱਟ ਸੱਚ ਦੀ ਹੈ । ਦੇਖੋ ਪੰਨਾ ੧੦੯੫, ਨੋਟ ੨੭ ।

† ਪਰ ਮਨਮੁਖ ਕੁਸੰਗਤ ਕਰ ਕੇ ਗੁਰੂ ਦੀ ਲੋੜ ਮਹਿਸੂਸ ਨਹੀਂ ਕਰਦਾ (੧੦) । ਹਰੀ-ਪ੍ਰੇਮ ਬਿਨਾਂ ਜਨਮ ਸਫਲ ਨਹੀਂ ਹੁੰਦਾ (੧੧) । ਇਸ ਦੇ ਗਾਹਕ ਥੋੜ੍ਹੇ ਹਨ (੧੨) । ਇਹ ਹਰੀ-ਪ੍ਰੇਮ, ਹਰੀ ਆਪ ਲਾਏ ਤਾਂ ਲੱਗਦਾ ਹੈ (੧੩) । ਮਨੁੱਖ ਦੀਆਂ ਸਰੀਰਕ ਰੁਚੀਆਂ ਨੀਵੀਆਂ ਹਨ, ਪਰ ਹਰੀ ਚਾਹੇ ਤਾਂ ਆਪਣੀ ਜੋਤਿ ਅੰਦਰ ਜਗਾ ਕੇ ਇਸੇ ਸਰੀਰ ਰਾਹੀਂ ਉੱਚੀ ਤੋਂ ਉੱਚੀ ਗਤੀ ਦੇ ਸਕਦਾ ਹੈ (੧੪) । ਪਰ ਕਈ, ਕੋਈ ਗੁਣ ਪ੍ਰਾਪਤ ਕਰਨ ਤੋਂ ਬਿਨਾਂ ਹੀ ਆਪਣੇ ਉੱਤੇ ਮਾਣ ਕਰਨ ਲੱਗ ਪੈਂਦੇ ਹਨ, ਉਹ ਮੂਰਖ ਹਨ (੧੫)। ਫਿਰ ਗੁਣਵਾਨ ਬ੍ਰਾਹਮਣ ਖੱਤਰੀ ਆਦਿ ਦੇ ਆਦਰਸ਼ ਦੱਸਦੇ ਹਨ (੧੬-੧੭) । ਸਰੀਰ ਨੂੰ ਨਿੰਦਣਾ ਨਹੀਂ, ਨਾ ਇਸ ਨੂੰ ਮਾੜਾ ਜਾਣ ਕੇ ਤਸੀਹੇ ਦੇਣੇ ਹਨ । ਜੇ ਇਸ ਵਿਚ ਹਰੀ ਦਾ ਵਾਸਾ ਦੇਖ ਕੇ ਵਰਤੀਏ, ਤਾਂ ਸਭ ਕੰਮ ਰਾਸ ਹਨ (੧੮) ।

ਅੰਦਰਿ ਪਿਰੀ ਸਮ੍ਾਲਿ ॥ ੧੮ ॥ *ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ ਜਿਨ੍ਾ ਗੁਰਮੁਖਿ ਪਰਗਟੁ ਹੋਇ ॥ ੧੯ ॥ ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ[੧] ਨ ਕੀਜੈ ॥ ੨੦ ॥ ਨਾਲਿ ਕਿਰਾੜਾ[੨] ਦੋਸਤੀ [੩]ਕੂੜੈ ਕੂੜੀ ਪਾਇ ॥ [੪]ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥ ੨੧ ॥ [੫]ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ [੬]ਭਾਉ ਦੂਜਾ ॥ ੨੨ ॥ ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ [੭]ਸਚ ਬਿਨੁ ਸਾਖੀ ਮੂਲੋ ਨ ਬਾਕੀ ॥ ੨੩ ॥ ਮਾਣੂ[੮] ਘਲੈ ਉਠੀ ਚਲੈ ॥ ਸਾਦੁ ਨਾਹੀ ਇਵੇਹੀ ਗਲੈ ॥ ੨੪ ॥ [੯]ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ ॥ ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ ॥ ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ ॥ ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ[੧੦] ॥ ੨੫ ॥ ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ[੧੧] ॥ [੧੨]ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ ॥ ਭੂਲਾ ਦੈਤੁ[੧੩] ਨ ਸਮਝਈ ਤਿਨਿ ਪ੍ਰਭ ਕੀਏ ਕਾਮ ॥ ਨਾਨਕ ਵੇਪਰਵਾਹੁ ਸੋ ਕਿਰਤੁ[੧੪] ਨ ਮਿਟਈ ਰਾਮ ॥ ੨੬ ॥ [੧੫]ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ ੨੭ ॥ ਮਹਲਾ ੩ ॥ [੧੬]ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥ ੨੮ ॥ ਮਹਲਾ ੧ ॥ [੧੭]ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ[੧੮] ॥ ਉਦੋਸੀਅ[੧੯] ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ ॥ ਸਤੀ[੨੦] ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ ॥ ਜੋ ਲੇਵੈ ਸੋ ਦੇਵੈ ਨਾਹੀ [੨੧]ਖਟੇ ਦੰਮ ਸਹੰਮੀ ॥ ੨੯ ॥ ਪਬਰ[੨੨] ਤੂੰ ਹਰੀਆਵਲਾ ਕਵਲਾ [੨੩]ਕੰਚਨ ਵੰਨਿ ॥ [੨੪]ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥ ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥ ਜਿਤੁ ਡਿਠੈ ਤਨੁ ਪਰਫੁੜੈ[੨੫] ਚੜੈ [੨੬]ਚਵਗਣਿ ਵੰਨੁ ॥ ੩੦ ॥ ਰਜਿ ਨ ਕੋਈ ਜੀਵਿਆ ਪਹੁਚਿ[੨੭] ਨ ਚਲਿਆ ਕੋਇ ॥ ਗਿਆਨੀ ਜੀਵੈ ਸਦਾ ਸਦਾ [੨੮]ਸੁਰਤੀ ਹੀ ਪਤਿ ਹੋਇ ॥ ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ ॥ ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ [੨੯]ਲੈ ਜਾਇ ॥ ੩੧ ॥ ਦੋਸੁ ਨ ਦੇਅਹੁ ਰਾਇ[੩੦] ਨੋ ਮਤਿ ਚਲੈ ਜਾਂ ਬੁਢਾ ਹੋਵੈ ॥ ਗਲਾਂ ਕਰੇ ਘਣੇਰੀਆ[੩੧] ਤਾਂ [੩੨]ਅੰਨ੍ੇ ਪਵਣਾ ਖਾਤੀ ਟੋਵੈ ॥ ੩੨ ॥ ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥ ੩੩ ॥

੧ ਅਹਿਸਾਨ ।

੨ [ਬਾਣੀਏ] ਮਾਇਆ ਦੇ ਲੋਭ ਕਰ ਕੇ ਕਾਇਰ ਲੋਕ ।

੩ ਕੂੜ ਦੇ ਕਾਰਨ (ਇਸ ਦੋਸਤੀ ਦੀ) ਬੁਨਿਆਦ ਕੂੜੀ ਹੁੰਦੀ ਹੈ ।

੪ ਇਹ ਪਤਾ ਨਹੀਂ ਕਿ ਮੌਤ ਕਿਥੇ ਆ ਜਾਵੇਗੀ । ਮੂਲੇ ਖਤ੍ਰੀ ਸਿਆਲਕੋਟ ਵਾਲੇ ਵੱਲ ਇਸ਼ਾਰਾ ਹੈ, ਜੋ ਗੁਰੂ ਨਾਨਕ ਦੇਵ ਜੀ ਨਾਲ ਕਾਫੀ ਸਮਾਂ ਰਿਹਾ, ਪਰ ਘਰ ਦੇ ਮੋਹ ਦੇ ਅਧੀਨ ਹੋ ਕੇ ਦੂਜੀ ਵਾਰ ਨਾਲ ਜਾਣੋਂ ਬਚਣ ਲਈ ਆਪਣੀ ਇਸਤਰੀ ਤੋਂ ਅਖਵਾਇਆ ਕਿ ਉਹ ਘਰ ਨਹੀਂ । ਕੁਦਰਤ ਦਾ ਕਾਰਨ ਐਸਾ ਹੋਇਆ ਕਿ ਅੰਦਰ ਸੱਪ ਲੜਨ ਦੇ ਕਾਰਨ ਮਰ ਗਿਆ ।

੫ ਅਗਿਆਨੀ ਲੋਕ ਅਗਿਆਨਤਾ ਦੀ ਪੂਜਾ ਕਰਦੇ ਹਨ ।

੬ ਮਾਇਆ ਦਾ ਪਿਆਰ ਹੋਣ ਕਰ ਕੇ ।

੭ ਸੱਚ ਤੋਂ ਸੱਖਣੀ ਸਿਖਿਆ ਦੇਣ ਦਾ ਅਸਰ ਕੁਝ ਬਾਕੀ ਨਹੀਂ ਰਹਿੰਦਾ ।

੮ ਮਨੁੱਖ । ਇਸ ਗੱਲ ਵਿਚ ਕੀ ਸਵਾਦ ਹੋਇਆ ਕਿ ਜਿਵੇਂ ਮਨੁੱਖ ਆਇਆ, ਤਿਵੇਂ ਤੁਰ ਗਿਆ ਤੇ ਸਵਾਰਿਆ ਕੁਝ ਨਾ ।

੯ ਰਾਮ ਚੰਦਰ ਫੌਜ ਇਕੱਠੀ ਕਰਦਾ ਹੈ । ਬੰਦਰਾਂ ਦੀ ਸੈਨਾ ਉਸ ਦੀ ਸੇਵਾ ਵਿਚ ਹੈ ਤੇ ਅੰਦਰ ਜੁੱਧ ਦਾ ਚਾਉ ਵੀ ਹੈ ਅਤੇ ਅਧਿਕਾਰ ਦਾ ਬਲ ਵੀ ਹੈ, ਪਰ ਫਿਰ ਵੀ ਉਹ ਝੂਰਦਾ ਗਿਆ, ਕਿਉਂਕਿ ਸੀਤਾ ਨੂੰ ਰਾਵਣ ਲੈ ਗਿਆ ਸੀ ਤੇ ਭਾਈ (ਲਛਮਣ) ਸਰਾਪ ਦੇ ਕਾਰਨ ਮਾਰਿਆ ਗਿਆ ਸੀ ।

੧੦ ਨਾਸ ਕਰਦਾ ਹੈ । ੧੧ ਵਾਸਤੇ ।

੧੨ ਹਨੂੰਮਾਨ ਨੂੰ ਯਾਦ ਕੀਤਾ ਜੋ ਸੰਜੋਗਾਂ ਦੇ ਮੇਲ ਕਰ ਕੇ ਆ ਪਹੁੰਚਿਆ ।

੧੩ ਰਾਵਣ । ੧੪ ਕੀਤੇ ਕਰਮਾਂ ਦਾ ਫਲ ।

੧੫ ਬਾਬਰ ਦੇ ਚੌਥੇ ਹਮਲੇ (੧੫੨੪) ਵਿਚ ਜੋ ਲਾਹੌਰ ਸ਼ਹਿਰ ਵਿਚ ਜ਼ੋਰ ਜ਼ੁਲਮ ਹੋਇਆ, ਉਸ ਵੱਲ ਇਸ਼ਾਰਾ ਹੈ । ਦੇਖੋ ਤੌਜਕ ਬਾਬਰੀ; ਅਤੇ ਲਤੀਫ਼ ਦੀ ਤ੍ਵਾਰੀਖ ਲਾਹੌਰ, ਪੰਨਾ ੨੦ ।

੧੬ ਉਹੋ ਲਾਹੌਰ ਸ਼ਹਿਰ ਗੁਰੂ ਰਾਮਦਾਸ ਜੀ ਦੇ ਪ੍ਰਵੇਸ਼ ਲੈਣ ਕਰ ਕੇ ਅੰਮ੍ਰਿਤ ਦਾ ਸਰੋਵਰ ਤੇ ਸਿਫ਼ਤਾਂ ਦਾ ਘਰ ਹੋ ਗਿਆ ।

੧੭ [ਸਾਹ ਚੜ੍ਹਿਆ ਰਹਿਣਾ, ਆਪਣਾ ਕੰਮ-ਕਾਜ ਇਉਂ ਫੁਰਤੀ ਤੇ ਤੇਜੀ ਨਾਲ ਕਰਨਾ ਕਿ ਸਾਹੋ ਸਾਹ ਹੋਏ ਰਹਿਣਾ] ਉਦੇਸਾਹ ਹੋਣ ਦੀ ਕੀ ਨਿਸ਼ਾਨੀ ਹੈ ?

੧੮ ਅੰਨ ਦੀ ।

੧੯ ਉਦੇਸਾਹੀ, ਹਫੜਾ-ਦਫੜੀ। ਧੀਆਂ ਵਹੁਟੀਆਂ ਦੀ ਭਰਮਾਰ ਹੋਣ ਕਰ ਕੇ ਸਾਰੇ ਘਰ ਵਿਚ ਉਦੇਸਾਹੀ ਵਰਤੀ ਰਹਿੰਦੀ ਹੈ ।

੨੦ ਸੌ ਬਹੁਤੀਆਂ ਰੰਨਾਂ ਦੇ ਕਾਰਨ ਸਿਆਪਾ ਪਿਆ ਰਹਿੰਦਾ ਹੈ ।

੨੧ ਬੜਾ ਔਖਾ ਹੋ ਕੇ ਦਮ (ਮਾਇਆ) ਇਕੱਠੀ ਕਰਦਾ ਹੈ । ੨੨ ਹੇ ਕਮਲ !

੨੩ ਤੇਰਾ ਰੰਗ ਸੋਨੇ ਵਾਂਗ ਸੁੰਦਰ ਹੈ ।

੨੪ ਕਿਸ ਦੋਸ਼ ਦੇ ਕਾਰਨ ਤੂੰ ਸੜਿਆਂ ਹੈਂ ਕਿ ਤੇਰੀ ਦੇਹ ਕਾਲੀ ਹੋ ਗਈ ਹੈ ? ਉੱਤਰ ਵਿਚ ਕੰਵਲ ਕਹਿੰਦਾ ਹੈ ਕਿ ਮੇਰੇ ਸਰੀਰ ਵਿਚ ਕੋਈ ਵਿਘਨ ਪੈ ਗਿਆ ਹੈ । ਉਹ ਇਹ ਹੈ ਕਿ ਮੈਨੂੰ ਪਾਣੀ ਨਹੀਂ ਮਿਲਿਆ ਜਿਸ ਨਾਲ ਮੇਰੀ ਸਦਾ ਸੰਗਤ ਰਹਿੰਦੀ ਹੈ ।

੨੫ ਖਿੜਦਾ ਹੈ । ੨੬ ਚੌਗੁਣਾਂ ਰੰਗ ।

੨੭ ਸਾਰੇ ਕੰਮ ਮੁਕਾਅ ਕੇ ।

੨੮ ਜਿਨ੍ਹਾਂ ਦੀ ਸੁਰਤੀ ਹਰੀ ਵਿਚ ਹੈ, ਉਨ੍ਹਾਂ ਨੂੰ ਆਦਰ ਮਿਲਦਾ ਹੈ । ੨੯ ਜਿੰਦ ਕੱਢ ਲੈ ਜਾਂਦਾ ਹੈ ।

੩੦ ਅਮੀਰ ਮਨੁੱਖ । ੩੧ ਬਹੁਤੀਆਂ ।

੩੨ ਅਗਿਆਨਤਾ ਕਰ ਕੇ ਟੋਏ ਵਿਚ ਪੈ ਰਿਹਾ ਹੈ ।

* ਇਹ ਹਰੀ ਦਾ ਵਾਸਾ ਸਭ ਵਿਚ ਹੈ (੧੯) । ਉਸ ਦੇ ਪ੍ਰੇਮ ਲਈ ਕੁਰਬਾਨੀ ਦੀ ਲੋੜ ਹੈ (੨੦) । ਕਾਇਰ ਤੇ ਅਬੂਝ ਲੋਕ ਕੁਝ ਨਹੀਂ ਸਵਾਰ ਸਕਦੇ (੨੧-੨੩) । ਵੱਡੇ ਵੱਡੇ ਅਵਤਾਰ ਭੀ ਜੋ ਕੁਝ ਕਰਦੇ ਆਏ ਹਨ, ਹਰੀ ਦੀ ਮੱਦਦ ਨਾਲ ਕਰਦੇ ਆਏ ਹਨ (੨੪-੨੬) । ਬੜੇ ਬੜੇ ਹਮਲਾਆਵਰ ਭੀ ਕੁਝ ਨਹੀਂ ਸਵਾਰ ਸਕਦੇ, ਜਦ ਤਕ ਜ਼ਹਿਰ ਤੇ ਕਹਿਰ ਵਿਚ ਅੰਮ੍ਰਿਤ ਵਰਤਾਉਣ ਵਾਲੀਆਂ ਹਸਤੀਆਂ ਕਾਇਮ ਹਨ (੨੭-੨੮) । ਹਰੀ ਨੂੰ ਛੱਡ ਕੇ ਨਿਰੇ ਸੰਸਾਰੀ ਮਾਲ-ਧਨ ਪਿਛੇ ਪੈ ਜਾਣ ਨਾਲ ਨਿਰੀ ਹਫੜਾ-ਦਫੜੀ ਹੀ ਮਿਲਦੀ ਹੈ (੨੯) । ਹਰੀ ਬਿਨਾਂ ਸੋਕਾ ਹੀ ਸੋਕਾ ਹੈ (੩੦-੩੨) । ਹਰੀ ਨੂੰ ਅੰਦਰ ਸਮਾਈਏ ਤਾਂ ਜ਼ਿੰਦਗੀ ਹਰੀ-ਭਰੀ ਰਹਿੰਦੀ ਹੈ (੩੩) ।

ਸਲੋਕ ਮਹਲਾ ੩ ੴ ਸਤਿਗੁਰ ਪ੍ਰਸਾਦਿ ॥

*ਅਭਿਆਗਤ[1] ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ ॥ [2]ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ ॥ ੧ ॥ ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ[3] ਹੋਇ ॥ [4]ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ ੨ ॥ [5]ਹੋਵਾ ਪੰਡਿਤੁ ਜੋਤਕੀ[6] ਵੇਦ ਪੜਾ ਮੁਖਿ ਚਾਰਿ ॥ [7]ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ ॥ ੩ ॥ ਬ੍ਰਹਮਣ ਕੈਲੀ[8] ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥ [9]ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥ [10]ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥ [11]ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥ ੪ ॥ ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ ॥ ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ ॥ ੫ ॥ ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥ ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥ [12]ਜਿਨ੍ਹਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ ॥ ਮਨਮੁਖ ਬੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ[13] ॥ ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ॥ ਨਾਨਕ ਗੁਰਮੁਖਿ[14] ਛੁਟੀਐ ਜੇ ਚਲੈ ਸਤਿਗੁਰ ਭਾਇ ॥ ੬ ॥ [15]ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ ॥ ਨਾਨਕ ਸਚਾ ਏਕੁ ਦਰੁ ਬੀਭਾ[16] ਪਰਹਰਿ ਆਹਿ ॥ ੭ ॥ ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ ॥ ਜਹ ਦੇਖਾ ਤਹ ਏਕੁ ਹੈ ਗੁਰਮੁਖਿ[14] ਪਰਗਟੁ ਹੋਇ ॥ ੮ ॥ ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ॥ ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ ॥ ੯ ॥ ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ[17] ਲਖ ਅਸੰਖ ॥ ਸਤਿਗੁਰ ਮਿਲੇ ਸੁ ਉਬਰੇ[18] ਸਾਚੈ ਸਬਦਿ ਅਲੰਖ[19] ॥ ੧੦ ॥ ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ[20] ॥ ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ ॥ ਸੇ ਜਨ ਨਿਰਮਲ ਊਜਲੇ ਜਿ ਗੁਰਮੁਖਿ[14] ਨਾਮਿ ਸਮਾਇ ॥ ਨਾਨਕ ਹੋਰਿ ਪਤਿਸਾਹੀਆ ਕੂੜੀਆ [21]ਨਾਮਿ ਰਤੇ ਪਾਤਿਸਾਹ ॥ ੧੧ ॥ ਜਿਉ ਪੁਰਖੈ ਘਰਿ ਭਗਤੀ[22] ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥ ਬਹੁ ਰਸ ਸਾਲਣੇ[23] ਸਵਾਰਦੀ ਖਟ ਰਸ ਮੀਠੇ ਪਾਇ ॥ ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ ॥ ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥ ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭ [24]ਲੋਚਾ ਪੂਰਿ ਮਿਲਾਇ ॥ ਹਰਿ ਪ੍ਰਭੁ ਵੇਪਰਵਾਹੁ ਹੈ [25]ਕਿਤੁ ਖਾਧੈ ਤਿਪਤਾਇ ॥

੧ [ਸਾਮ੍ਹਣੇ ਆਇਆ ਹੋਇਆ] ਭਿੱਖਿਆ ਮੰਗਣ ਵਾਲੇ ਸਾਧੂ, ਤਿਆਗੀ । ਇਹ ਦੋਵੇਂ ਸ਼ਲੋਕ ਪੰਨਾ ੯੪੯ ਉੱਤੇ ਦੋ ਸ਼ਲੋਕ ਕਰ ਕੇ ਆਉਂਦੇ ਹਨ ।

੨ ਉਨ੍ਹਾਂ ਨੂੰ ਦਾਨ ਕਰਨ ਨਾਲ ਪੁੰਨ ਵੀ ਤਾਂ ਉਹੋ ਜਿਹਾ ਹੋਣਾ ਹੋਇਆ ।

੩ ਮੰਗਤਾ । ਜੋ (ਅਭੈ) ਮਾਇਆ ਤੋਂ ਰਹਿਤ । ਉੱਚੀ ਪਦਵੀ ਵਾਲੇ ਹਰੀ ਦਾ ਭੀਖਕ ਹੈ ।

੪ ਇਸ ਤਰ੍ਹਾਂ ਦੇ ਮੰਗਤੇ ਦਾ ਭੋਜਨ ।

੫ ਦੇਖੋ ਇਹੋ ਸ਼ਲੋਕ ਪੰਨਾ ੧੦੯੦ ਉੱਤੇ ।

੬ ਜੋਤਸ਼ੀ ।

੭ ਅਤੇ ਆਪਣੇ ਕੰਮਾਂ ਤੇ ਸਿਆਣਪ ਕਰ ਕੇ ਨਵਾਂ ਖੰਡਾਂ ਵਿੱਚ ਮਸ਼ਹੂਰ ਹੋਵਾਂ (ਫਿਰ ਭੀ ਕੁਝ ਨਹੀਂ)।

੮ ਕਪਿਲ ਗਊ । ਬ੍ਰਾਹਮਣ ਤੇ ਗਊ ਦਾ ਘਾਤ ਕਰਨਾ, ਕੰਞਕਾ (ਕੁੜੀ) ਮਾਰਨਾ ਤੇ ਕੁਕਰਮੀ ਦਾ ਧਾਨ ਖਾਣਾ ।

੯ ਤਾਂ ਉਨ੍ਹਾਂ ਨੂੰ ਫਿਟਕਾਰ ਪਾਂਦਾ ਹੋਵਾਂਗਾ ਜਿਨ੍ਹਾਂ ਵਿੱਚ ਇਹ ਤੇ ਇਸ ਤਰ੍ਹਾਂ ਦੀਆਂ ਬਦੀਆਂ ਦਾ ਕੋੜ੍ਹ ਅਤੇ ਸਦਾ ਅਭਿਮਾਨ ਰਹਿੰਦਾ ਹੈ ('ਕੋੜ੍ਹ' ਦੇ ੜਾੜੇ ਨਾਲ ਸਿਹਾਰੀ ਦੀ ਥਾਂ ਔਂਕੜ ਹੋਣ ਕਰ ਕੇ ਅਰਥ ਕ੍ਰੋੜਾਂ ਨਹੀਂ ਹੋ ਸਕਦਾ)।

੧੦ ਉਤਨੇ ਹੀ ਪਾਪ ਉਨ੍ਹਾਂ ਉੱਤੇ ਆ ਪੈਂਦੇ ਹਨ ਜੋ ਨਾਮ ਨੂੰ ਵਿਸਾਰਦੇ ਹਨ ਭਾਵ ਨਾਮ ਦਾ ਭੁਲਾਉਣਾ ਮਹਾਂ ਪਾਪ ਹੈ, ਉਤਨਾ ਹੀ ਪਾਪ ਜਿਤਨਾ ਕਿ ਹਿੰਦੂ ਬ੍ਰਾਹਮਣ ਦੇ ਮਾਰਨ ਆਦਿ ਨੂੰ ਪਾਪ ਸਮਝਦੇ ਹਨ। [ਇਥੇ ਤੀਜਾ ਤੇ ਚੌਥਾ ਸ਼ਲੋਕ ਇਕੱਠੇ ਕਰ ਕੇ ਲੈਣੇ ਹਨ, ਕਿਉਂਕਿ ਤੀਜਾ ਸ਼ਲੋਕ ਆਪਣੇ ਆਪ ਵਿੱਚ ਮੁਕੰਮਲ ਨਹੀਂ, ਚੌਥੇ ਸ਼ਲੋਕ ਨੂੰ ਨਾਲ ਰਲਾਈਏ ਤਾਂ ਵਾਕ ਪੂਰਨ ਹੁੰਦਾ ਹੈ। ਪੰਨਾ ੧੦੯੦ ਉੱਤੇ ਵੀ ਇਹੋ ਦੋ ਤੁਕਾਂ ਆਈਆਂ ਹਨ, ਜਿਨ੍ਹਾਂ ਦਾ ਭਾਵ ਵੀ ਅਧੂਰਾ ਹੈ ਅਤੇ ਅਗਲੀਆਂ ਦੋ ਤੁਕਾਂ ਨਾਲ ਰਲਾ ਕੇ ਅਰਥ ਕੱਢਣਾ ਪੈਂਦਾ ਹੈ । ਉਥੋਂ ਚੌਂਕੇ ਦਾ ਭਰਮ ਤੋੜਿਆ ਸੀ; ਏਥੇ ਕਰਮ-ਕਾਂਡ ਵਾਲੇ ਪਾਪਾਂ ਦੇ ਮੁਕਾਬਲੇ 'ਤੇ ਨਾਮ ਦੇ ਵਿਸਾਰਨ ਦਾ ਪਾਪ ਦੱਸਿਆ ਹੈ । ਭਾਵ ਜੇ ਮੈਂ ਪੱਕਾ ਕਰਮ-ਕਾਂਡੀ ਹੋਵਾਂ ਤਾਂ ਜਿਵੇਂ ਗਊ ਬ੍ਰਾਹਮਣ ਆਦਿ ਦੇ ਮਾਰਨ ਦਾ ਅਪਰਾਧ ਬਹੁਤ ਵੱਡਾ ਮੰਨਦਾ ਹੋਵਾਂਗਾ, ਤਿਵੇਂ ਹੁਣ ਮੈਂ ਸਾਰੀਆਂ ਪੰਡਤਾਈਆਂ ਸਾੜ ਕੇ ਇਹ ਤਤ ਗਿਆਨ ਲੱਭਾ ਹੈ ਕਿ ਉਤਨੇ ਹੀ ਭਾਰੀ ਪਾਪ ਉਨ੍ਹਾਂ ਉੱਤੇ ਆ ਪੈਂਦੇ ਹਨ ਜੋ ਨਾਮ ਨੂੰ ਵਿਸਾਰਦੇ ਹਨ।]

੧੧ ਹੋਰ ਸਭ ਬੁੱਧਾਂ (ਪੰਡਤਾਈਆਂ) ਸੜ ਜਾਵਣ ।

੧੨ ਜਿਨ੍ਹਾਂ ਅੰਦਰ ਭਗਤੀ ਰੂਪ ਵੇਲ ਨਹੀਂ ਤੇ ਗਿਆਨ ਰੂਪੀ ਤੂੰਬੀ (ਕੱਦੂ ਦਾ ਫਲ) ਨਹੀਂ ਹੈ ।

੧੩ ਕੁੱਤੇ । ਕੁੱਤਿਆਂ ਦਾ ਗਊਆਂ ਦੇ ਵੱਗ ਵਿੱਚ ਮੇਲ ਨਹੀਂ ਹੁੰਦਾ ।

੧੪ ਗੁਰੂ ਦੁਆਰਾ ।

੧੫ ਸਲਾਹੁਣ ਯੋਗ ਹਰੀ ਨੂੰ ਸਲਾਹੁਣਾ ਚਾਹੀਦਾ ਹੈ ।

੧੬ ਦੂਜਾ । ਦੂਜੇ ਨੂੰ ਤਿਆਗ ਦਿਓ ।

੧੭ ਖੂਹਣੀਆਂ ਭਾਵ ਬੇਅੰਤ ।

੧੮ ਬਚ ਗਏ ।

੧੯ ਅਲਖ ਹਰੀ । ਅਲਖ ਹਰੀ ਦੇ ਸੱਚੇ ਸ਼ਬਦ ਦਵਾਰਾ।

੨੦ ਪੈਰੀਂ, ਚਰਨੀਂ ।

੨੧ ਅਸਲ ਪਾਤਸ਼ਾਹ ਓਹ ਹਨ ਜੋ ਨਾਮ ਵਿੱਚ ਰੱਤੇ ਹਨ ।

੨੨ ਸੱਚੇ ਪਿਆਰ ਵਾਲੀ ।

੨੩ ਸਲੂਣੇ ।

੨੪ ਲੋਚਾ ਪੂਰੀ ਕਰਦਾ ਹੈ ਤੇ ਨਾਲ ਮਿਲਾ ਲੈਂਦਾ ਹੈ।

੨੫ ਕੀ ਖਾਂਦਿਆਂ ਉਹ ਹਰੀ ਰੱਜਦਾ ਹੈ ?

* ਭੇਖੀ ਸਾਧੂਆਂ ਨੂੰ ਨਹੀਂ ਮੰਨਣਾ ਚਾਹੀਦਾ, ਕਿਉਂਕਿ ਉਹ ਭਰਮ ਫੈਲਾਂਦੇ ਹਨ (੧) । ਅਸਲ ਸਾਧੂ ਉਹ ਹੈ ਜੋ ਸੰਸਾਰੀ ਭਿਛਿਆ ਮੰਗਣ ਦੀ ਥਾਂ ਨਾਮ ਦਾਨ ਮੰਗਦਾ ਹੈ (੨) । ਜਿਵੇਂ ਕਰਮ-ਕਾਂਡੀ ਪੰਡਤਾਂ ਲਈ ਗਊ ਬ੍ਰਹਮਣ ਦਾ ਮਾਰਨਾ ਮਹਾਂ ਅਪਰਾਧ ਗਿਣਿਆ ਜਾਂਦਾ ਹੈ, ਤਿਵੇਂ ਸਾਡੇ ਲਈ ਹਰੀ ਦਾ ਨਾਮ ਵਿਸਾਰਨਾ ਪਾਪ ਹੈ (੩-੪) । ਇਹ ਗੱਲ ਉਨ੍ਹਾਂ ਨੂੰ ਸਮਝ ਆਉਂਦੀ ਹੈ ਜਿਨ੍ਹਾਂ ਉੱਤੇ ਹਰੀ ਦੀ ਮਿਹਰ ਹੋਵੇ (੫-੬) । ਸਾਨੂੰ ਹਰੀ ਦੀ ਸਿਫਤ-ਸਲਾਹ ਕਰਨੀ ਚਾਹੀਦੀ ਹੈ (੭) । ਜੋ ਹਰ ਥਾਂ ਵਿਆਪਕ ਹੈ (੮) । ਉਹ ਗੁਰੂ ਦੇ ਸ਼ਬਦ ਤੋਂ ਪ੍ਰਾਪਤ ਹੁੰਦਾ ਹੈ (੯-੧੨) ।

[੧]ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ ॥ [੨]ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ ॥ ੧੨ ॥* ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ [੩]ਉਰ ਧਾਰਿ ॥ ਧਿਗੁ ਤਿਨਾ ਕਾ ਜੀਵਿਆ ਕਿਤੁ[੪] ਆਏ ਸੰਸਾਰਿ ॥ ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥ ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥ ੧੩ ॥ ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ[੫] ਖਬਰਿ ਨ ਹੋਇ ॥ ਕਾਮ ਕ੍ਰੋਧਿ ਮਨੁ [੬]ਹਿਰਿ ਲਇਆ ਮਨਮੁਖ ਅੰਧਾ ਲੋਇ[੭] ॥ ਗਿਆਨ ਖੜਗ[੮] ਪੰਚ[੯] ਦੂਤ ਸੰਘਾਰੇ[੧੦] ਗੁਰਮਤਿ ਜਾਗੈ ਸੋਇ ॥ ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ[੧੧] ਫਿਰਹਿ ਬਿਨੁ ਨਾਵੈ ਬਹਿ ਰੋਇ ॥ ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥ ੧੪ ॥ ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥ ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥ ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥ ੧੫ ॥ [੧੨]ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ [੧੩]ਦਸਵੈ ਆਕਾਸਿ ॥ ਤਿਥੈ ਊਂਘ[੧੪] ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ [੧੫]ਆਤਮਰਾਮ ਪ੍ਰਗਾਸੁ ॥ ੧੬ ॥ ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥ ਜੰਮਣੁ ਮਰਣੁ ਨ ਚੁਕਈ[੧੬] [੧੭]ਰੰਗੁ ਲਗਾ ਦੂਜੈ ਭਾਇ ॥ ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥ ੧੭ ॥ ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥ ਸਤਿਗੁਰਿ ਮਿਲੇ [੧੮]ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥ ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥ ੧੮ ॥ ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥ ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ [੧੯]ਥਾਇ ਨ ਪਾਈ ॥ ਪੁੰਨ ਦਾਨੁ ਜੋ ਬੀਜਦੇ [੨੦]ਸਭ ਧਰਮਰਾਇ ਕੈ ਜਾਈ ॥ ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ ॥ ਜੋਬਨੁ ਜਾਂਦਾ ਨਦਰਿ ਨ ਆਵਈ ਜਰੁ[੨੧] ਪਹੁਚੈ ਮਰਿ ਜਾਈ ॥ ਪੁਤੁ ਕਲਤੁ[੨੨] ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ[੨੩] ॥ ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ ॥ ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥ ੧੯ ॥ ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ ॥ ਆਤਮਾਰਾਮੁ[੨੪] ਨ ਪੂਜਨੀ ਦੂਜੈ[੨੫] ਕਿਉ ਸੁਖੁ ਹੋਇ ॥ ਹਉਮੈ ਅੰਤਰਿ ਮੈਲੁ ਹੈ [੨੬]ਸਬਦਿ ਨ ਕਾਢਹਿ

੧ ਗੁਰੂ ਦੇ ਭਾਣੇ ਵਿੱਚ ਚਲੇ ਤੇ ਹਰੀ ਗੁਣ ਗਾਵੇ ਤਾਂ ਉਹ ਰੱਜਦਾ ਹੈ ।
੨ ਕਲਜੁਗ ਵਿੱਚ ਓਹ ਧੰਨ ਹਨ ।
੩ ਦਿਲ ਵਿੱਚ ਧਾਰ ਕੇ ।
੪ ਕਿਸ ਲਈ ?
੫ ਲੁੱਟਿਆ ਜਾਂਦਾ ਹੈ ।
੬ ਚੁਰਾ ਲਿਆ ਹੈ ।
੭ ਦੁਨੀਆਂ ਅੰਦਰ ।
੮ ਤਲਵਾਰ ।
੯ ਕਾਮਾਦਿਕ ।
੧੦ ਮਾਰੇ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਸਘਾਰੇ' ਹੈ)।
੧੧ ਨੱਕ ਕੱਟੇ ਹੋਏ, ਬੇਇੱਜ਼ਤ ।
੧੨ ਗੁਰੂ ਦੇ ਅਨੁਸਾਰੀ ਵਿੱਚ ਪੂਰਨ ਅਡੋਲਤਾ ਤੇ ਸ਼ਾਂਤੀ ਹੈ ।
੧੩ ਦਸਮ ਦੁਆਰ ਵਿੱਚ, ਉਨਮਨ ਅਵਸਥਾ ਵਿੱਚ, ਸਹਜ ਵਿੱਚ, ਪੂਰਨ ਅਡੋਲਤਾ ਵਿੱਚ ।
੧੪ ਨੀਂਦ ।
੧੫ ਵਿਆਪਕ ਹਰੀ ਦਾ ਚਾਨਣਾ ਹੈ ।
੧੬ ਦੂਰ ਹੁੰਦਾ, ਮੁੱਕਦਾ ।
੧੭ ਪ੍ਰੀਤੀ ਲੱਗੀ ਹੈ ਹਰੀ ਨੂੰ ਛੱਡ ਕੇ ਮਾਇਆ ਵਿੱਚ।
੧੮ ਸਤਿਗੁਰੂ ਦੇ ਮਿਲਣ ਨਾਲ ਮਾਇਆ ਵੱਲੋਂ ਉਲਟ ਕੇ ਜੀਵਤ ਭਾਵ ਤੋਂ ਮਰ ਗਿਆ ਤੇ ਇਉਂ ਕੁਦਰਤੀ ਤਰੀਕੇ ਨਾਲ ਜੀਊਣ ਲੱਗਾ ।
੧੯ ਕਬੂਲ ਨਹੀਂ ਪੈਂਦਾ ।
੨੦ ਭਾਵ ਹਿਸਾਬ ਦੇਣਾ ਪਵੇਗਾ ਕਿ ਆਇਆ ਇਹ ਪੁੰਨ ਦਾਨ ਕਿਸੇ ਗ਼ਰਜ਼ ਨਾਲ ਕੀਤਾ ਗਿਆ ਸੀ ਜਾਂ ਨਿਸ਼ਕਾਮ ।
੨੧ ਬੁਢੇਪਾ ।
੨੨ ਇਸਤਰੀ ।
੨੩ ਸਹਾਈ ।
੨੪ ਵਿਆਪਕ ਵਾਹਿਗੁਰੂ ।
੨੫ ਦੂਜੇ ਭਾਵ ਵਿੱਚ ।
੨੬ ਸ਼ਬਦ ਦਵਾਰਾ ਧੋ ਕੇ ਕੱਢਦੇ ਨਹੀਂ ਹਨ ।

* ਗੁਰੂ ਨੂੰ ਨਾ ਮੰਨਣ ਵਾਲੇ ਨਿਸਫਲ ਰਹਿੰਦੇ ਹਨ (੧੩) । ਉਨ੍ਹਾਂ ਵਿੱਚ ਮਾਇਆ-ਮੋਹ ਹੁੰਦਾ ਹੈ, ਜੋ ਉਨ੍ਹਾਂ ਨੂੰ (ਕਾਮ ਕ੍ਰੋਧ) ਵਿੱਚ ਫਸਾ ਰੱਖਦਾ ਹੈ । ਪਰ ਓਹ ਭੀ ਜਾਗ ਉਠਦੇ ਹਨ ਜਦ ਗੁਰੂ ਦਾ ਸ਼ਬਦ ਉਨ੍ਹਾਂ ਦੇ ਅੰਦਰ ਚਾਨਣਾ ਕਰਦਾ ਹੈ (੧੪) । ਗੁਰੂ ਦੇ ਮੰਨਣ ਵਾਲਿਆਂ ਦੀ ਰਹਿਣੀ (੧੫-੧੬) । ਆਮ ਲੋਕ ਪਾਪਾਂ ਕਰਕੇ ਆਵਾ-ਗਵਣ ਦੇ ਗੇੜ ਵਿੱਚ ਪਏ ਰਹਿੰਦੇ ਹਨ (੧੭) । ਜਦ ਉਨ੍ਹਾਂ ਵਿਚੋਂ ਕਿਸੇ ਉੱਤੇ ਮਿਹਰ ਹੁੰਦੀ ਹੈ ਤਾਂ ਉਸ ਨੂੰ ਗੁਰੂ ਮਿਲ ਪੈਂਦਾ ਹੈ (੧੮) । ਬਾਕੀ ਦੇ ਮਨਮੁਖਤਾ ਵਿੱਚ ਪਏ ਰਹਿੰਦੇ ਹਨ (੧੯-੨੧) ।

ਧੋਇ ॥ ਨਾਨਕ ਬਿਨੁ ਨਾਵੈ ਮੈਲਿਆ ਮੁਏ [੧]ਜਨਮੁ ਪਦਾਰਥੁ ਖੋਇ ॥ ੨੦ ॥
ਮਨਮੁਖ ਬੋਲੇ ਅੰਧੁਲੇ [੨]ਤਿਸੁ ਮਹਿ ਅਗਨੀ ਕਾ ਵਾਸੁ ॥ [੩]ਬਾਣੀ ਸੁਰਤਿ ਨ
ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥ ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ
ਬਚਨਿ ਨ ਕਰਹਿ ਵਿਸਾਸੁ[੪] ॥ ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ
ਹਰਿ ਲਿਵ ਸਦਾ ਵਿਗਾਸੁ[੫] ॥ ਹਰਿ ਗਿਆਨੀਆ ਕੀ ਰਖਦਾ ਹਉ ਸਦ
ਬਲਿਹਾਰੀ ਤਾਸੁ[੬] ॥ ਗੁਰਮੁਖਿ[੭] ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ ॥
੨੧ ॥ *ਮਾਇਆ ਭੁਇਅੰਗਮੁ[੮] ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥ ਬਿਖੁ
ਕਾ ਮਾਰਣੁ[੯] ਹਰਿ ਨਾਮੁ ਹੈ ਗੁਰ ਗਰੁੜ[੧੦] ਸਬਦੁ ਮੁਖਿ ਪਾਇ ॥ ਜਿਨ ਕਉ
ਪੂਰਬਿ[੧੧] ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥ ਮਿਲਿ ਸਤਿਗੁਰ
ਨਿਰਮਲੁ ਹੋਇਆ ਬਿਖੁ ਹਉਮੈ [੧੨]ਗਇਆ ਬਿਲਾਇ ॥ ਗੁਰਮੁਖਾ ਕੇ ਮੁਖ
ਉਜਲੇ ਹਰਿ ਦਰਗਹ ਸੋਭਾ ਪਾਇ ॥ ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ
ਚਾਲਹਿ ਸਤਿਗੁਰ ਭਾਇ ॥ ੨੨ ॥ ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ
ਹਿਰਦੈ ਹਰਿ ਲਿਵ ਲਾਇ ॥ ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ
ਘਰਿ ਲੂਕੀ[੧੩] ਲਾਇ ॥ ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ[੧੪] ਜਲੈ ਸਦਾ
ਦੁਖੁ ਪਾਇ ॥ ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ [੧੫]ਦੂਜੈ ਭਾਇ ॥
ਬਿਖੁ ਮਾਇਆ ਕਾਰਣਿ ਭਰਮਦੇ ਫਿਰਿ ਘਰਿ ਘਰਿ ਪਤਿ ਗਵਾਇ ॥
ਬੇਸੁਆ ਕੇਰੇ ਪੂਤ ਜਿਉ [੧੬]ਪਿਤਾ ਨਾਮੁ ਤਿਸੁ ਜਾਇ ॥ ਹਰਿ ਹਰਿ ਨਾਮੁ
ਨ ਚੇਤਨੀ ਕਰਤੈ ਆਪਿ ਖੁਆਇ ॥ ਹਰਿ ਗੁਰਮੁਖਿ[੭] ਕਿਰਪਾ ਧਾਰੀਅਨੁ
ਜਨ ਵਿਛੁੜੇ ਆਪਿ ਮਿਲਾਇ ॥ ਜਨ ਨਾਨਕੁ ਤਿਸੁ ਬਲਿਹਾਰਣੈ ਜੋ
ਸਤਿਗੁਰ ਲਾਗੇ ਪਾਇ[੧੭] ॥ ੨੩ ॥ ਨਾਮਿ ਲਗੇ ਸੇ ਊਬਰੇ[੧੮] ਬਿਨੁ ਨਾਵੈ
ਜਮ ਪੁਰਿ ਜਾਂਹਿ ॥ ਨਾਨਕ ਬਿਨੁ ਨਾਵੈ ਸੁਖੁ ਨਹੀ ਆਇ ਗਏ ਪਛੁਤਾਹਿ ॥
੨੪ ॥ [੧੯]ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥ ਗੁਰ
ਪ੍ਰਸਾਦੀ[੨੦] ਬੁਝੀਐ ਸਾਧਨ[੨੧] ਸੁਤੀ ਨਿਚਿੰਦ[੨੨] ॥ ਜਿਨ ਕਉ ਪੂਰਬਿ ਲਿਖਿਆ
ਤਿਨ੍ਾ ਭੇਟਿਆ ਗੁਰ ਗੋਵਿੰਦੁ ॥ ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ
ਪਰਮਾਨੰਦੁ ॥ ੨੫ ॥ ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ [੨੩]ਉਰ ਧਾਰਿ ॥ ਐਥੈ ਓਥੈ
ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ ॥ ਗੁਰਮੁਖਿ[੨੪] ਸਬਦਿ ਸਿਞਾਪਦੇ ਤਿਤੁ
ਸਾਚੈ ਦਰਬਾਰਿ ॥ ਸਚਾ ਸਉਦਾ ਖਰਚੁ ਸਚੁ ਅੰਤਰਿ [੨੫]ਪਿਰਮੁ
ਪਿਆਰੁ ॥ ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥ ਨਾਨਕ
ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥ ੨੬ ॥ ਜਨ ਕੀ

੧ ਮਨੁੱਖਾ ਜਨਮ ਜਹੀ ਅਮੋਲਕ ਚੀਜ਼ ।	੧੩ ਚਵਾਤੀ ।
੨ ਉਨ੍ਹਾਂ ਦੀ ਸੁਰਤ ਅੰਦਰ ਤ੍ਰਿਸ਼ਨਾ ਦੀ ਅੱਗ ਰਹਿੰਦੀ ਹੈ ।	੧੪ ਹਰ ਰੋਜ਼, ਸਦਾ ।
੩ ਸੁਰਤਿ ਦੁਆਰਾ ਬਾਣੀ ਨੂੰ ਨਹੀਂ ਸਮਝਦੇ ਅਤੇ ਸ਼ਬਦ ਦੁਆਰਾ ਆਪਣੇ ਅੰਦਰ ਚਾਨਣਾ ਨਹੀਂ ਕਰਦੇ।	੧੫ ਇਕ ਹਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨਾ ।
੪ ਵਿਸ਼ਵਾਸ, ਵਿਸਾਹ, ਸ਼ਰਧਾ, ਯਕੀਨ ।	੧੬ ਪਿਉ ਦਾ ਨਾਮ ਨਹੀਂ ਹੁੰਦਾ ।
੫ ਖਿੜਾਉ, ਅਨੰਦ ।	੧੭ ਚਰਨੀਂ ।
੬ ਉਨ੍ਹਾਂ ਤੋਂ ।	੧੮ ਤਰ ਗਏ ।
੭ ਗੁਰੂ ਦੁਆਰਾ ।	੧੯ ਚਿੰਤਾ ਤੇ ਭਟਕਣਾ ਮੁੱਕ ਗਈ ।
੮ ਵਲਦਾਰ ਸੱਪ ।	੨੦ ਕਿਰਪਾ ਦੁਆਰਾ ।
੯ ਉਲਟਾ ਅਸਰ ਰੱਖਣ ਵਾਲੀ ਦਵਾਈ, ਤਿਰਿਆਕ।	੨੧ ਇਸਤਰੀ ।
੧੦ ਸੱਪ ਦੀ ਵਿਹੁ ਕੱਟਣ ਵਾਲਾ ਮੰਤਰ ।	੨੨ ਬੇ-ਫ਼ਿਕਰ ।
੧੧ ਪਹਿਲੋਂ ਦਾ, ਹਰੀ ਦੇ ਹਜ਼ੂਰੋਂ ।	੨੩ ਦਿਲ ਵਿੱਚ ਵਸਾ ਕੇ ।
੧੨ ਦੂਰ ਹੋ ਗਈ ।	੨੪ ਗੁਰੂ ਦੇ ਅਨੁਸਾਰੀ ।
	੨੫ ਪਿਆਰੇ ਵਾਲਾ ਪਿਆਰ ।

* ਮਾਇਆ ਦਾ ਅਸਰ ਜ਼ਹਿਰੀਲਾ ਹੈ, ਜਿਸ ਦਾ ਇਲਾਜ ਹਰੀ ਨਾਮ ਹੈ, ਜੋ ਗੁਰੂ ਤੋਂ ਮਿਲਦਾ ਹੈ (੨੨)। ਮਨਮੁਖ ਲੋਕ ਮਾਇਆ ਦੇ ਜ਼ਹਿਰੀਲੇ ਅਸਰ ਹੇਠਾਂ ਗੁਰੂ ਨੂੰ ਪਛਾਣਨ ਦੀ ਥਾਂ ਉਸ ਦੀ ਵਿਰੋਧਤਾ ਕਰਨ ਲੱਗ ਪੈਂਦੇ ਹਨ । ਜੇ ਹਰੀ ਕ੍ਰਿਪਾ ਕਰੇ ਤਾਂ ਐਸੇ ਵਿਛੜੇ ਹੋਏ ਲੋਕ ਭੀ ਗੁਰੂ ਨੂੰ ਮਿਲ ਪੈਂਦੇ ਹਨ (੨੩) ਅਤੇ ਨਾਮ ਦੀ ਦਾਤ ਗ੍ਰਹਿਣ ਕਰ ਕੇ ਬਚ ਜਾਂਦੇ ਹਨ (੨੪) ਅਤੇ ਸਾਰੀ ਚਿੰਤਾ ਤੇ ਭਟਕਣਾ ਮੁੱਕ ਜਾਂਦੀ ਹੈ (੨੫) । ਫਿਰ ਓਹ ਗੁਰੂ ਦੇ ਅਨੁਸਾਰੀ ਹੋ ਕੇ ਸਾਰੀ ਜ਼ਿੰਦਗੀ ਉਸ ਦੇ ਸ਼ਬਦ ਰਾਹੀਂ ਸੱਚ ਤੇ ਪ੍ਰੇਮ ਨਾਲ ਰੰਗ ਲੈਂਦੇ ਹਨ (੨੬) ਅਤੇ ਨਾਮ ਦੀ ਕਮਾਈ ਕਰ ਕੇ ਸਹਿਜ ਨੂੰ ਪ੍ਰਾਪਤ ਹੁੰਦੇ ਹਨ (੨੭)।

ਟੇਕ ਹਰਿ ਨਾਮੁ ਹਰਿ ਬਿਨੁ ਨਾਵੈ ਠਵਰ[1] ਨ ਠਾਉ ॥ ਗੁਰਮਤੀ ਨਾਉ ਮਨਿ ਵਸੈ [2]ਸਹਜੇ ਸਹਜਿ ਸਮਾਉ ॥ ਵਡਭਾਗੀ ਨਾਮੁ ਧਿਆਇਆ ਅਹਿਨਿਸਿ[3] ਲਾਗਾ ਭਾਉ ॥ ਜਨ ਨਾਨਕੁ ਮੰਗੈ ਧੂੜਿ ਤਿਨ ਹਉ ਸਦ ਕੁਰਬਾਣੈ ਜਾਉ ॥ ੨੭ ॥ *ਲਖ ਚਉਰਾਸੀਹ ਮੇਦਨੀ[4] ਤਿਸਨਾ ਜਲਤੀ ਕਰੇ ਪੁਕਾਰ ॥ ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ ॥ ਬਿਨੁ ਹਰਿ ਸਾਂਤਿ ਨ ਆਵਈ ਕਿਸੁ ਆਗੈ ਕਰੀ ਪੁਕਾਰ ॥ ਵਡਭਾਗੀ ਸਤਿਗੁਰੁ ਪਾਇਆ ਬੂਝਿਆ ਬ੍ਰਹਮੁ ਬਿਚਾਰੁ ॥ ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ [5]ਉਰਿ ਧਾਰਿ ॥ ੨੮ ॥ ਅਸੀ ਖਤੇ[6] ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ ਹਰਿ ਜੀਉ [7]ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥ ਗੁਰ ਤੁਠੈ[8] ਹਰਿ ਪ੍ਰਭੁ ਮੇਲਿਆ ਸਭ ਕਿਲਵਿਖ[9] ਕਟਿ ਵਿਕਾਰ ॥ ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥ ੨੯ ॥ ਵਿਛੁੜਿ ਵਿਛੁੜਿ ਜੋ ਮਿਲੇ ਸਤਿਗੁਰ ਕੇ [10]ਭੈ ਭਾਇ ॥ ਜਨਮ ਮਰਣ ਨਿਹਚਲੁ ਭਏ ਗੁਰਮੁਖਿ[11] ਨਾਮੁ ਧਿਆਇ ॥ ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍ ॥ ਨਾਨਕ ਲਾਲੁ ਅਮੋਲਕਾ ਗੁਰਮੁਖਿ[12] ਖੋਜਿ ਲਹੰਨਿ੍ ॥ ੩੦ ॥ ਮਨਮੁਖ ਨਾਮੁ ਨ ਚੇਤਿਓ ਧਿਗੁ ਜੀਵਣੁ ਧਿਗੁ ਵਾਸੁ ॥ ਜਿਸ ਦਾ ਦਿਤਾ ਖਾਣਾ ਪੈਨਣਾ ਸੋ ਮਨਿ ਨ ਵਸਿਓ [13]ਗੁਣਤਾਸੁ ॥ ਇਹੁ ਮਨੁ ਸਬਦਿ ਨ ਭੇਦਿਓ[14] ਕਿਉ ਹੋਵੈ [15]ਘਰ ਵਾਸੁ ॥ ਮਨਮੁਖੀਆ ਦੋਹਾਗਣੀ[16] ਆਵਣ ਜਾਣਿ ਮੁਈਆਸੁ[17] ॥ [18]ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ[19] ਲਿਖਿਆਸੁ ॥ ਹਰਿ ਹਰਿ ਨਾਮੁ [20]ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸੁ ॥ ਸਤਿਗੁਰੁ ਸੇਵਨਿ ਆਪਣਾ ਹਉ ਸਦ ਬਲਿਹਾਰੀ ਤਾਸੁ[21] ॥ ਨਾਨਕ ਤਿਨ ਮੁਖ ਉਜਲੇ ਜਿਨ ਅੰਤਰਿ ਨਾਮੁ ਪ੍ਰਗਾਸੁ ॥ ੩੧ ॥ ਸਬਦਿ ਮਰੈ ਸੋਈ ਜਨੁ ਸਿਝੈ[22] ਬਿਨੁ ਸਬਦੈ ਮੁਕਤਿ ਨ ਹੋਈ ॥ ਭੇਖ ਕਰਹਿ ਬਹੁ ਕਰਮ ਵਿਗੁਤੇ[23] ਭਾਇ ਦੂਜੈ ਪਰਜ[24] ਵਿਗੋਈ[25] ॥ ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ ॥ ੩੨ ॥ ਹਰਿ ਕਾ ਨਾਉ ਅਤਿ ਵਡ ਊਚਾ ਊਚੀ ਹੂ ਊਚਾ ਹੋਈ ॥ ਅਪੜਿ ਕੋਇ ਨ ਸਕਈ ਜੇ ਸਉ ਲੋਚੈ ਕੋਈ ॥ [26]ਮੁਖਿ ਸੰਜਮ ਹਛਾ ਨ ਹੋਵਈ ਕਰਿ ਭੇਖ ਭਵੈ ਸਭ ਕੋਈ ॥ ਗੁਰ ਕੀ ਪਉੜੀ ਜਾਇ ਚੜੈ ਕਰਮਿ[27] ਪਰਾਪਤਿ ਹੋਈ ॥ ਅੰਤਰਿ ਆਇ ਵਸੈ ਗੁਰ ਸਬਦੁ ਵੀਚਾਰੈ ਕੋਇ ॥ ਨਾਨਕ ਸਬਦਿ ਮਰੈ ਮਨੁ ਮਾਨੀਐ ਸਾਚੇ ਸਾਚੀ ਸੋਇ[28] ॥ ੩੩ ॥ ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ[29] ਤਰਿਆ ਨ ਜਾਇ ॥ ਮੇਰਾ ਮੇਰਾ ਕਰਦੇ[30] ਪਚਿ ਮੁਏ ਹਉਮੈ

੧ ਥਾਂ ।
੨ ਸੁਤੇ-ਸਿੱਧ ਹੀ ਪੂਰਨ ਅਡੋਲ ਅਵਸਥਾ ਨੂੰ ਪਹੁੰਚ ਜਾਂਦੇ ਹਨ ।
੩ ਦਿਨ ਰਾਤ, ਭਾਵ ਸਦਾ ।
੪ ਸ੍ਰਿਸ਼ਟੀ ।
੫ ਦਿਲ ਵਿੱਚ ਵਸਾ ਕੇ ।
੬ [ਅ. ਖਤਾ] ਭੁੱਲਾਂ, ਪਾਪ ।
੭ ਲੇਖਾ ਕੀਤਿਆਂ ਤਾਂ ਪੂਰੀ ਨਹੀਂ ਪੈ ਸਕਦੀ । ਤੂੰ ਆਪ ਹੀ ਕਿਰਪਾ ਕਰ ਕੇ ਬਖ਼ਸ਼ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਵਾਰਾ' ਹੈ)।
੮ ਕ੍ਰਿਪਾਲੂ ਹੋ ਕੇ ।
੯ ਪਾਪ ।
੧੦ ਭੈ ਵਾਲੇ ਪ੍ਰੇਮ ਨਾਲ ।
੧੧ ਗੁਰੂ ਦੁਆਰਾ ।
੧੨ ਗੁਰੂ ਦੇ ਅਨੁਸਾਰੀ ।
੧੩ ਗੁਣਾਂ ਦਾ ਭੰਡਾਰ ।
੧੪ ਵਿੰਨ੍ਹਿਆਂ ਗਿਆ ।
੧੫ ਆਪਣੇ ਅਸਲੀ ਘਰ ਦਾ ਵਾਸਾ, ਹਰੀ ਦੀ ਹਜ਼ੂਰੀ ਵਿੱਚ ਵਾਸਾ ।
੧੬ ਛੁੱਟੜਾਂ ।
੧੭ ਮਰਦੀਆਂ ਹਨ ।
੧੮ ਗੁਰਮੁਖਾਂ ਨੂੰ ਨਾਮ ਰੂਪ ਸੁਹਾਗ ਮਿਲਿਆ ਹੈ ।
੧੯ ਚੰਗੇ ਭਾਗਾਂ ਦੀ ਮਣੀ (ਮੱਥੇ 'ਤੇ ਲਿਖੀ ਹੋਈ ਹੈ)।
੨੦ ਦਿਲ ਵਿੱਚ ਵਸਾਇਆ ।
੨੧ ਉਨ੍ਹਾਂ ਦੇ ।
੨੨ ਮੁਕਤ ਹੁੰਦਾ ਹੈ ।
੨੩ ਫਸੇ ਹੋਏ ।
੨੪ ਪਰਜਾ, ਸ੍ਰਿਸ਼ਟੀ ।
੨੫ ਖ਼ਰਾਬ ਹੁੰਦੀ ਹੈ ।
੨੬ ਨਿਰਾ ਜ਼ੁਬਾਨੀ ਸੰਜਮ-ਸੰਜਮ ਕਰਦਿਆਂ ।
੨੭ ਭਾਗਾਂ ਨਾਲ ।
੨੮ ਸੋਭਾ ।
੨੯ ਔਖਾ ਤਰਿਆ ਜਾਣ ਵਾਲਾ ।
੩੦ ਸੜ ਕੇ ।

* ਸੰਸਾਰ ਵਿੱਚ ਤ੍ਰਿਸ਼ਨਾ ਦੀ ਅੱਗ ਪਸਰ ਰਹੀ ਹੈ, ਜਿਸ ਤੋਂ ਗੁਰੂ ਹੀ ਛੁਟਕਾਰਾ ਦੇ ਸਕਦਾ ਹੈ (੨੮) । ਅਸੀਂ ਪਾਪ ਇਤਨੇ ਕਰਦੇ ਹਾਂ ਕਿ ਹਿਸਾਬ ਕੀਤਿਆਂ ਕਦੀ ਛੁਟਕਾਰਾ ਨਹੀਂ ਹੋ ਸਕਦਾ । ਹਰੀ ਦੀ ਮਿਹਰ ਹੀ ਬਚਾਅ ਸਕਦੀ ਹੈ (੨੯) । ਇਹ ਮਿਹਰ ਗੁਰੂ ਦੇ ਰਾਹੀਂ ਹੁੰਦੀ ਹੈ ਜੋ ਨਾਮ ਦਾ ਦਾਨ ਦੇ ਕੇ ਸਾਡੇ ਅੰਦਰ ਅਮੋਲਕ ਗੁਣ ਪੈਦਾ ਕਰਦਾ ਹੈ (੩੦) । ਗੁਰੂ ਤੋਂ ਮੁਨੱਕਰ ਰਹਿ ਕੇ ਕੋਈ ਆਦਮੀ ਆਪਣਾ ਜਨਮ ਸਫਲਾ ਨਹੀਂ ਕਰ ਸਕਦਾ (੩੧) । ਕਰਮ ਜਾਂ ਭੇਖ ਕੁਝ ਨਹੀਂ ਸਵਾਰਦੇ, ਗੁਰੂ ਦਾ ਸ਼ਬਦ ਹੀ ਜਨਮ ਸਫਲ ਕਰ ਸਕਦਾ ਹੈ (੩੨-੩੩) । ਮਨਮੁਖ ਕਿਸੇ ਹੀਲੇ ਤ੍ਰਿਸ਼ਨਾ ਜਾਂ ਮਾਇਆ ਮੋਹ ਤੋਂ ਬਚ ਨਹੀਂ ਸਕਦੇ। ਗੁਰੂ ਦਾ ਲੜ ਫੜਨ, ਤਾਂ ਹੀ ਬਚ ਸਕਦੇ ਹਨ (੩੪) ।

ਕਰਤ ਵਿਹਾਇ ॥ ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ ॥
ਜੋ ਧੁਰਿ[1] ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ ॥ ਗੁਰਮਤੀ ਗਿਆਨੁ
ਰਤਨੁ ਮਨਿ ਵਸੈ [2]ਸਭੁ ਦੇਖਿਆ ਬ੍ਰਹਮੁ ਸੁਭਾਇ ॥ ਨਾਨਕ ਸਤਿਗੁਰਿ ਬੋਹਿਥੈ[3]
ਵਡਭਾਗੀ ਚੜੈ ਤੇ ਭਉਜਲਿ[4] ਪਾਰਿ ਲੰਘਾਇ ॥ ੩੪ ॥ *ਬਿਨੁ ਸਤਿਗੁਰ
ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ[5] ॥ ਗੁਰ ਕਿਰਪਾ ਤੇ ਨਾਉ ਮਨਿ
ਵਸੈ ਸਦਾ ਰਹੈ [6]ਉਰਿ ਧਾਰਿ ॥ ਤਿਸਨਾ ਬੁਝੈ [7]ਤਿਪਤਿ ਹੋਇ ਹਰਿ ਕੈ ਨਾਇ
ਪਿਆਰਿ ॥ ਨਾਨਕ ਗੁਰਮੁਖਿ[8] ਪਾਈਐ ਹਰਿ ਅਪਨੀ ਕਿਰਪਾ ਧਾਰਿ ॥ ੩੫ ॥
ਬਿਨੁ ਸਬਦੈ ਜਗਤੁ ਬਰਲਿਆ[9] ਕਹਣਾ ਕਛੂ ਨ ਜਾਇ ॥ ਹਰਿ ਰਖੇ ਸੇ
ਉਬਰੇ[10] ਸਬਦਿ ਰਹੇ ਲਿਵ ਲਾਇ ॥ ਨਾਨਕ ਕਰਤਾ ਸਭ ਕਿਛੁ ਜਾਣਦਾ ਜਿਨਿ
ਰਖੀ ਬਣਤ ਬਣਾਇ ॥ ੩੬ ॥ ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ
ਪੁਰਾਣ ॥ ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ [11]ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥ ੩੭ ॥
ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥ ਮਨਮੁਖਿ
ਅਸਥਿਰੁ ਨਾ ਥੀਐ[12] ਮਰਿ ਬਿਨਸਿ ਜਾਇ [13]ਖਿਨ ਵਾਰ ॥ ਵਡਭਾਗੁ ਹੋਵੈ
ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥ ਹਰਿ ਨਾਮਾ ਜਪਿ ਸੁਖੁ
ਪਾਇਆ ਜਨ ਨਾਨਕ ਸਬਦੁ ਵੀਚਾਰ ॥ ੩੮ ॥ ਬਿਨੁ ਸਤਿਗੁਰ ਭਗਤਿ
ਨ ਹੋਵਈ ਨਾਮਿ ਨ ਲਗੈ ਪਿਆਰੁ ॥ ਜਨ ਨਾਨਕ ਨਾਮੁ ਅਰਾਧਿਆ
ਗੁਰ ਕੈ ਹੇਤਿ ਪਿਆਰਿ ॥ ੩੯ ॥ ਲੋਭੀ ਕਾ ਵੇਸਾਹੁ ਨ ਕੀਜੈ [14]ਜੇ ਕਾ
ਪਾਰਿ ਵਸਾਇ ॥ ਅੰਤਿ ਕਾਲਿ ਤਿਥੈ ਧੁਹੈ[15] ਜਿਥੈ ਹਥੁ ਨ ਪਾਇ ॥ ਮਨਮੁਖ
ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥ ਮੁਹ ਕਾਲੇ ਤਿਨ੍ ਲੋਭੀਆਂ
ਜਾਸਨਿ ਜਨਮੁ ਗਵਾਇ ॥ ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ
ਮਨਿ ਆਇ ॥ ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ
ਗਾਇ ॥ ੪੦ ॥ ਧੁਰਿ ਹਰਿ ਪ੍ਰਭਿ ਕਰਤੈ ਲਿਖਿਆ ਸੁ ਮੇਟਣਾ ਨ ਜਾਇ ॥
ਜੀਉ ਪਿੰਡੁ[16] ਸਭੁ ਤਿਸ ਦਾ ਪ੍ਰਤਿਪਾਲਿ ਕਰੇ ਹਰਿ ਰਾਇ[17] ॥ ਚੁਗਲ ਨਿੰਦਕ
ਭੁਖੇ ਰੁਲਿ ਮੁਏ [18]ਏਨਾ ਹਥੁ ਨ ਕਿਥਾਊ ਪਾਇ ॥ ਬਾਹਰਿ ਪਾਖੰਡ ਸਭ
ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥ [19]ਖੇਤਿ ਸਰੀਰਿ ਜੋ ਬੀਜੀਐ
ਸੋ ਅੰਤਿ [20]ਖਲੋਆ ਆਇ ॥ ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ
ਮਿਲਾਇ ॥ ੪੧ ॥ ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ ॥
ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ ॥ ਤਬ ਨਰੁ ਸੁਤਾ

੧ ਹਰੀ ਦੇ ਧੁਰ ਹਜ਼ੂਰੋਂ ।
੨ ਤਾਂ ਸੁਭਾਵਕ ਹੀ ਸਭ ਕੁਝ ਹਰੀ, ਰੂਪ ਦੇਖਿਆ ।
੩ ਜਹਾਜ਼ 'ਤੇ ।
੪ ਸੰਸਾਰ-ਸਾਗਰ ਤੋਂ ।
੫ ਆਸਰੇ ਦੇ ਤੌਰ 'ਤੇ ।
੬ ਦਿਲ ਵਿੱਚ ਧਾਰ ਕੇ ।
੭ ਰੱਜ ਜਾਵੇ ।
੮ ਗੁਰੂ ਦੁਆਰਾ ।
੯ ਬੌਂਦਲਿਆ, ਝੱਲਾ ਹੋਇਆ ।
੧੦ ਬਚ ਗਏ ।
੧੧ ਸਿਆਣਾ ਪੁਰਖ ।
੧੨ ਹੁੰਦਾ ।
੧੩ ਥੋੜ੍ਹੇ ਚਿਰ ਵਿੱਚ ।
੧੪ ਜਿਥੋਂ ਤੱਕ ਵਾਹ ਲੱਗੇ ।
੧੫ ਧਰੋਹ ਕਰਦਾ ਹੈ, ਧੋਖਾ ਦਿੰਦਾ ਹੈ ।
੧੬ ਸਰੀਰ ।
੧੭ ਰਾਜਾ ।
੧੮ ਇਨ੍ਹਾਂ ਦਾ ਕਿਤੇ ਵੀ ਹੱਥ ਨਹੀਂ ਪੈਂਦਾ, ਭਾਵ ਕੋਈ ਆਸਰਾ ਨਹੀਂ ਲੱਭਦਾ ।
੧੯ ਸਰੀਰ ਰੂਪ ਖੇਤੀ ਵਿੱਚ (ਕਈਆਂ ਬੀੜਾਂ ਵਿੱਚ ਪਾਠ 'ਬੀਜਿਆ' ਆਉਂਦਾ ਹੈ)।
੨੦ ਪ੍ਰਗਟ ਹੁੰਦਾ ਹੈ ।

* ਗੁਰੂ ਤੋਂ ਬਿਨਾਂ ਨਾਮ ਕੋਈ ਨਹੀਂ ਦੇ ਸਕਦਾ (੩੫) । ਜਿਸ ਤੋਂ ਬਿਨਾਂ ਸੰਸਾਰ ਬੌਂਦਲਿਆ ਫਿਰਦਾ ਹੈ (੩੬) । ਨਾਮ ਤੋਂ ਬਿਨਾਂ ਹੋਮ ਜਗ ਆਦਿ ਹੋਰ ਕੋਈ ਸਾਧਨ ਨਹੀਂ (੩੭) । ਮਾਇਆ-ਮੋਹ ਕਰ ਕੇ ਮਨੁੱਖ ਗੁਰੂ ਜਾਂ ਨਾਮ ਦੀ ਲੋੜ ਅਨੁਭਵ ਨਹੀਂ ਕਰ ਸਕਦੇ (੩੮) । ਪਰ ਭਗਤੀ ਗੁਰੂ ਤੋਂ ਬਿਨਾਂ ਨਹੀਂ ਹੋ ਸਕਦੀ (੩੯) । ਗੁਰੂ ਨੂੰ ਛੱਡ ਕੇ ਹੋਰ ਲੋਭੀ ਲੋਕਾਂ ਦੇ ਲੜ ਨਹੀਂ ਲੱਗਣਾ ਚਾਹੀਦਾ; ਓਹ ਅੰਤ ਧੋਖਾ ਦੇ ਜਾਣਗੇ (੪੦) । ਚੰਗਾ ਗੁਰੂ ਮਿਲ ਜਾਣਾ ਹਰੀ ਦੀ ਕਿਰਪਾ ਦੇ ਵੱਸ ਹੈ (੪੧) । ਮਾਇਆ-ਮੋਹ ਵਿੱਚ ਲਪੇਟੇ ਹੋਏ ਮਨੁੱਖ ਨੂੰ ਜਾਗ ਨਹੀਂ ਆਉਂਦੀ ਤੇ ਉਹ ਹਰੀ ਨੂੰ ਯਾਦ ਨਹੀਂ ਕਰਦਾ (੪੨) ।

ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ ॥ ਗੁਰਮੁਖਾਂ [੧]ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ [੨]ਮੋਖ ਦੁਆਰੁ ॥ ਨਾਨਕ ਆਪਿ ਓਹਿ ਉਧਰੇ ਸਭ ਕੁਟੰਬ ਤਰੇ ਪਰਵਾਰ ॥ ੪੨ ॥ **ਸਬਦਿ ਮਰੈ ਸੋ ਮੁਆ ਜਾਪੈ ॥ ਗੁਰ ਪਰਸਾਦੀ[੩] ਹਰਿ ਰਸਿ ਧ੍ਰਾਪੈ[੪] ॥ ਹਰਿ ਦਰਗਹਿ ਗੁਰ ਸਬਦਿ ਸਿਞਾਪੈ ॥ ਬਿਨੁ ਸਬਦੈ ਮੁਆ ਹੈ ਸਭੁ ਕੋਇ ॥ ਮਨਮੁਖੁ ਮੁਆ ਅਪੁਨਾ ਜਨਮੁ ਖੋਇ ॥ ਹਰਿ ਨਾਮੁ ਨ ਚੇਤਹਿ ਅੰਤਿ ਦੁਖੁ ਰੋਇ ॥ ਨਾਨਕ ਕਰਤਾ ਕਰੇ ਸੁ ਹੋਇ ॥ ੪੩ ॥ ਗੁਰਮੁਖਿ[੫] ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥ ਸਦਾ ਸਦਾ ਹਰਿ ਗੁਣ ਰਵਹਿ[੬] [੭]ਅੰਤਰਿ ਸਹਜ ਧਿਆਨੁ ॥ ਓਇ ਸਦਾ ਅਨੰਦਿ ਬਿਬੇਕ[੮] ਰਹਹਿ [੯]ਦੁਖਿ ਸੁਖਿ ਏਕ ਸਮਾਨਿ ॥ ਤਿਨਾ ਨਦਰੀ ਇਕੋ ਆਇਆ ਸਭੁ ਆਤਮਰਾਮੁ[੧੦] ਪਛਾਨੁ ॥ ੪੪ ॥ [੧੧]ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਾ ਅੰਤਰਿ ਹਰਿ ਸੁਰਤਿ ਨਾਹੀ ॥ ਵਿਚਿ ਹਉਮੈ ਕਰਮ ਕਮਾਵਦੇ ਸਭ [੧੨]ਧਰਮਰਾਇ ਕੈ ਜਾਂਹੀ ॥ ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥ ਓਨਾ ਮੈਲੁ ਪਤੰਗੁ [੧੩]ਨ ਲਗਈ ਜਿ ਚਲਨਿ ਸਤਿਗੁਰ ਭਾਇ ॥ ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥ ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ[੧੪] ਸਮਾਇ ॥ ੪੫ ॥ [੧੫]ਬੁਰਾ ਕਰੇ ਸੁ ਕੇਹਾ ਸਿਝੈ ॥ ਆਪਣੈ ਰੋਹਿ ਆਪੇ ਹੀ ਦਝੈ ॥ ਮਨਮੁਖਿ ਕਮਲਾ ਰਗੜੈ ਲੁਝੈ[੧੬] ॥ ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥ ਨਾਨਕ ਗੁਰਮੁਖਿ ਮਨ ਸਿਉ ਲੁਝੈ ॥ ੪੬ ॥ ਜਿਨਾ ਸਤਿਗੁਰੁ ਪੁਰਖੁ[੧੭] ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥ ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥ [੧੮]ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ[੧੯] ॥ ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥ ੪੭ ॥ ਹਰਿ ਮੰਦਰੁ[੨੦] ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ[੨੧] ॥ ਹਰਿ ਮੰਦਰਿ ਵਸਤੁ ਅਨੇਕ ਹੈ [੨੨]ਨਵ ਨਿਧਿ ਨਾਮੁ ਸਮਾਲਿ ॥ ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ[੨੩] ਲਧਾ ਹਰਿ ਭਾਲਿ ॥ ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥ ੪੮ ॥ ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥ ਮਾਇਆ ਮੋਹੁ ਨ ਚੁਕਈ[੨੪] ਮਰਿ ਜੰਮਹਿ ਵਾਰੋ ਵਾਰ ॥ ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥ ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥ ੪੯ ॥ ਹਰਿ ਹਰਿ ਨਾਮੁ

੧ ਹੱਥਾਂ 'ਤੇ; ਭਾਵ ਏਸੇ ਜਨਮ ਵਿੱਚ ।
੨ ਮੁਕਤੀ ।
੩ ਕਿਰਪਾ ਨਾਲ ।
੪ ਰੱਜਦਾ ਹੈ ।
੫ ਗੁਰੂ ਦੇ ਅਨੁਸਾਰੀ ।
੬ ਸਿਮਰਦੇ ਹਨ ।
੭ ਆਪਣੇ ਅੰਦਰ ਸਹਜ ਅਵਸਥਾ (ਪੂਰਨ ਸ਼ਾਂਤੀ) ਦਾ ਧਿਆਨ ਕਰਕੇ ।
੮ ਵਿਚਾਰ ਵਾਲੇ ।
੯ ਦੁੱਖ ਸੁਖ ਵਿੱਚ ਇਕੋ ਜੇਹੇ ।
੧੦ ਵਿਆਪਕ ਹਰੀ ।
੧੧ ਮਨਮੁਖ ਬਾਲਕ ਵੀ ਬੁੱਢੇ ਵਾਂਗ ਬਲਹੀਨ ਹੈ ("ਗੁਰਮੁਖਿ ਬੁਢੇ ਕਦੇ ਨਾਹੀ" ਦੇ ਮੁਕਾਬਲੇ 'ਤੇ)।
੧੨ ਲੇਖਾ ਦੇਣਾ ਪੈਂਦਾ ਹੈ ।
੧੩ ਰਤਾ ਵੀ ।
੧੪ ਅੰਗਾਂ ਨਾਲ, ਗੋਦੀ ਵਿੱਚ ।
੧੫ ਜੋ ਬੁਰਾ ਕਰਦਾ ਹੈ ਉਸ ਦਾ ਕੀ ਹਾਲ ਹੁੰਦਾ ਹੈ? ਉਹ ਗੁੱਸੇ ਦੇ ਕਾਰਨ ਆਪ ਹੀ ਅੰਦਰ ਸੜਦਾ ਰਹਿੰਦਾ ਹੈ ।
੧੬ ਲੜਦਾ ਹੈ । ਰਗੜੇ-ਝਗੜੇ ਵਿੱਚ ਕਮਲਾ ਹੋਇਆ ਫਿਰਦਾ ਹੈ ।
੧੭ ਸਮਰੱਥ ਹਸਤੀ ।
੧੮ ਜਿਹੜੇ ਲੋਕ (ਗੁਰੂ ਵਰਗੇ) ਜੀਵਨ ਵਾਲਿਆਂ ਨੂੰ ਮਿਲਦੇ ਹਨ ਓਹੀ ਜੀਉਂਦੇ ਹਨ, ਹਰੀ ਨੂੰ ਦਿਲ ਵਿੱਚ ਰੱਖ ਕੇ ।
੧੯ ਦਿਲ ਵਿੱਚ ਧਾਰ ਕੇ ।
੨੦ ਸਰੀਰ-ਮੰਦਰ ।
੨੧ ਚੰਗੀ ਤਰ੍ਹਾਂ ਸਾੜ ਕੇ ।
੨੨ ਦੇਖੋ ਪੰਨਾ ੧੧੨੯, ਫੁਟ ਨੋਟ * ।
੨੩ ਗੁਰੂ ਦੁਆਰਾ ।
੨੪ ਦੂਰ ਹੁੰਦਾ ।

* ਮਨੁੱਖ ਦੀ ਮਾਇਆ ਵਾਲੀ ਬ੍ਰਿਤੀ ਸ਼ਬਦ ਦੁਆਰਾ ਮਰਦੀ ਹੈ (੪੩) । ਗੁਰਮੁਖ ਹਰੀ ਦੇ ਗੁਣ ਗਾਂਦੇ, ਸਦਾ ਤਿਆਰ-ਬਰ-ਤਿਆਰ ਰਹਿੰਦੇ ਹਨ (੪੪) । ਮਨਮੁਖ ਹਰੀ ਦੀ ਸੋਝੀ ਨਾ ਰੱਖਣ ਕਰ ਕੇ ਜਵਾਨੀ ਵਿੱਚ ਭੀ ਨਿਤਾਣੇ ਰਹਿੰਦੇ ਹਨ (੪੫) । ਗੁਰਮੁਖਾਂ ਤੇ ਮਨਮੁਖਾਂ ਦਾ ਹੋਰ ਮੁਕਾਬਲਾ (੪੬-੫੩) ।

ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥ ਕਿਲਵਿਖ[੧] ਪਾਪ ਸਭਿ ਕਟੀਅਹਿ ਹਉਮੈ ਚੁਕੈ[੨] ਗੁਮਾਨੁ ॥ ਗੁਰਮੁਖਿ[੩] ਕਮਲੁ[੪] ਵਿਗਸਿਆ[੫] ਸਭੁ ਆਤਮ ਬ੍ਰਹਮੁ ਪਛਾਨੁ ॥ ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥ ੫੦ ॥ [੬]ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥ ਤਨੁ ਮਨੁ ਸਉਪੇ [੭]ਜੀਅ ਸਉ ਭਾਈ [੮]ਲਏ ਹੁਕਮਿ ਫਿਰਾਉ ॥ ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ ॥ ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ ॥ ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ ॥ ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ[੯] ਕੇ ਸਾਦ ਆਪੇ ਖਾਇ ॥ [੧੦]ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥ ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥ [੧੧]ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥ ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥ ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ [੧੨]ਧੁਰੇ ਕਮਾਇਆ ਨਾਉ ॥ ਤਿਨ੍ ਵਿਟਹੁ[੧੩] ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ ॥ ੫੧ ॥ ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍ ॥ ਅਨਦਿਨੁ[੧੪] ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍ ॥ ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍ ॥ ੫੨ ॥ ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥ ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥ ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥ ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥ ੫੩ ॥ *ਬਾਬੀਹਾ[੧੫] ਪ੍ਰਿਉ ਪ੍ਰਿਉ ਕਰੇ [੧੬]ਜਲਨਿਧਿ ਪ੍ਰੇਮ ਪਿਆਰਿ ॥ ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ[੧੭] ॥ [੧੮]ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ ॥ ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ [੧੯]ਉਰਿ ਧਾਰਿ ॥ ੫੪ ॥ ਬਾਬੀਹਾ ਤੂੰ ਸਚੁ ਚਉ[੨੦] ਸਚੇ ਸਉ ਲਿਵ ਲਾਇ ॥ ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ[੨੧] ॥ ਸਬਦੁ ਚੀਨਿ[੨੨] ਤਿਖ ਉਤਰੈ ਮੰਨਿ ਲੈ ਰਜਾਇ ॥ ਚਾਰੇ ਕੁੰਡਾ ਝੋਕਿ[੨੩] ਵਰਸਦਾ ਬੂੰਦ ਪਵੈ [੨੪]ਸਹਜਿ ਸੁਭਾਇ ॥ ਜਲ[੨੫] ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥ ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥ ੫੫ ॥ ਬਾਬੀਹਾ ਤੂੰ ਸਹਜਿ[੨੬] ਬੋਲਿ ਸਚੈ ਸਬਦਿ ਸੁਭਾਇ ॥

੧ ਪਾਪ ।
੨ ਦੂਰ ਹੋਵੇ ।
੩ ਗੁਰੂ ਦੁਆਰਾ ।
੪ ਹਿਰਦਾ ਰੂਪ ਕਮਲ ।
੫ ਖਿੜਿਆ ।
੬ ਧਨਾਸਰੀ ਰਾਗਣੀ ਦਵਾਰਾ ਦੱਸਦੇ ਹਨ ਕਿ ਧਨਵੰਤੀ ਉਹ ਹੈ ਜੋ ਗੁਰੂ ਦੀ ਕਾਰ ਕਮਾਂਦੀ ਹੈ ।
੭ ਦਿਲ ਨਾਲ ।
੮ ਹੁਕਮ ਵਿੱਚ ਫੇਰੀ ਲਵੇ, ਭਾਵ ਵਿਚਰੇ ।
੯ ਉਹ ਪਤ ਜਾਂ ਇਤਬਾਰ ਜੋ ਮਨੁੱਖ ਨੇ ਮਾਲਕ ਦੀ ਨਜ਼ਰ ਵਿੱਚ ਪੈਦਾ ਕੀਤਾ ਹੈ । ਆਪਣੀ ਸਾਖ ਦੇ ਮੁਤਾਬਕ ਜੋ ਆਪਣੇ ਅੰਦਰ ਹਰੀ ਲਈ ਸਵਾਦ ਪੈਦਾ ਕੀਤਾ ਹੈ, ਉਸ ਨਾਲ ਆਪ ਹੀ ਹਰੀ ਦਾ ਰਸ ਮਾਣਦਾ ਹੈ । ਦੇਖੋ ਪੰਨਾ ੧੪੭, ਫੁਟ ਨੋਟ †।
੧੦ ਉਸ ਦੀ ਸਿਫ਼ਤ ਹੋ ਹੀ ਨਹੀਂ ਸਕਦੀ ।
੧੧ ਕਈ ਐਸੇ ਹਨ ਜੋ ਹੁਕਮ ਮੰਨਣਾ ਨਹੀਂ ਜਾਣਦੇ ਤੇ ਦ੍ਵੈਤ ਭਾਵ ਵਿੱਚ ਟੱਕਰਾਂ ਮਾਰਦੇ ਰਹਿੰਦੇ ਹਨ।
੧੨ ਹਰੀ ਦੇ ਹਜ਼ੂਰੋਂ ਨਾਮ ਦਾ ਕਮਾਉਣਾ ਮਿਲਿਆ ਹੈ।
੧੩ ਉੱਤੋਂ ।
੧੪ ਹਰ ਰੋਜ਼ ।
੧੫ ਜਗਿਆਸੂ ਰੂਪ ।
੧੬ ਜਲ ਦਾ ਖ਼ਜ਼ਾਨਾ । ਸ਼ਬਦ ਜਾਂ ਨਾਮ ਰੂਪ ਜਲਨਿਧ ਦੇ ਪਿਆਰ ਵਿੱਚ ।
੧੭ ਦੂਰ ਕਰਨ ਵਾਲਾ ।
੧੮ ਪਿਆਸ ਲਹਿ ਜਾਂਦੀ ਹੈ ਤੇ ਸ਼ਾਂਤੀ ਹੋ ਜਾਂਦੀ ਹੈ।
੧੯ ਦਿਲ ਵਿੱਚ ਧਾਰ ਕੇ ।
੨੦ [ਸਿੰਧੀ] ਬੋਲ ।
੨੧ ਬੋਲ । ਗੁਰੂ ਦੁਆਰਾ ਹੋ ਕੇ ਬੋਲ ।
੨੨ ਵਿਚਾਰ ਕੇ ।
੨੩ ਝੁਕ ਕੇ ।
੨੪ ਕੁਦਰਤੀ ਤੌਰ 'ਤੇ ।
੨੫ ਹਰੀ ਨਾਮ ਰੂਪ ਜਲ ।
੨੬ ਪੂਰੀ ਅਡੋਲਤਾ ਨਾਲ ।

* ਹਰੀ ਮਿਲਾਪ ਲਈ ਤਾਂਘਣ ਵਾਲੇ ਜਗਿਆਸੂ ਨੂੰ ਬਬੀਹਾ ਜਾਣ ਕੇ ਉਪਦੇਸ਼ ਦਿੱਤਾ ਹੈ ਕਿ ਉਸ ਦੀ ਮੁਰਾਦ ਕਿਵੇਂ ਪੂਰੀ ਹੋ ਸਕਦੀ ਹੈ (੫੪-੫੮) ।

ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥ ਆਪੁ[੧] ਪਛਾਣਹਿ ਪ੍ਰੀਤਮੁ ਮਿਲੈ [੨]ਵੁਠਾ ਛਹਬਰ ਲਾਇ ॥ [੩]ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥ ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥ ੫੬ ॥ ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ[੪] ॥ ਇੰਦੁ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ ॥ ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ[੫] ਬੂੰਦ ਮੁਹਿ ਪਾਇ ॥ [੬]ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ ॥ ਅਨਦਿਨੁ[੭] ਲੋਕੁ ਭਗਤਿ ਕਰੇ ਗੁਰ ਕੈ ਸਬਦਿ ਸਮਾਇ ॥ ਆਪੇ ਸਚਾ ਬਖਸਿ ਲਏ ਕਰਿ ਕਿਰਪਾ ਕਰੈ ਰਜਾਇ ॥ ਹਰਿ ਗੁਣ ਗਾਵਹੁ ਕਾਮਣੀ[੮] ਸਚੈ ਸਬਦਿ ਸਮਾਇ ॥ [੯]ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥ ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥ ੫੭ ॥ ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ ॥ ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ[੧੦] ਭੂਖ ਪਿਆਸ ॥ ਜੀਉ ਪਿੰਡੁ[੧੧] ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥ ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥ ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ[੧੨] ॥ ੫੮ ॥ *ਨਾਨਕ ਤਿਸੈ ਬਸੰਤੁ[੧੩] ਹੈ ਜਿ ਸਤਿਗੁਰੁ ਸੇਵਿ ਸਮਾਇ ॥ ਹਰਿ ਵੁਠਾ[੧੪] ਮਨੁ ਤਨੁ ਸਭੁ ਪਰਫੜੈ[੧੫] ਸਭੁ ਜਗੁ ਹਰੀਆਵਲੁ ਹੋਇ ॥ ੫੯ ॥ ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥ ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ[੧੬] ਸਭੁ ਕੋਇ ॥ ੬੦ ॥ ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ[੧੭] ਵਸਿਆ ਮਨਿ ਸੋਇ ॥ ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥ ੬੧ ॥ ਵਡੜੈ ਝਾਲਿ[੧੮] ਝਲੁੰਭਲੈ[੧੯] ਨਾਵੜਾ[੨੦] ਲਈਐ ਕਿਸੁ ॥ ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥ ੬੨ ॥ [੨੧]ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥ ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥ ਜਿਨਿ ਜਗਤੁ ਉਪਾਇ ਹਰਿ ਰੰਗੁ[੨੨] ਕੀਆ ਤਿਸੈ ਵਿਟਹੁ[੨੩] ਕੁਰਬਾਣੁ ॥ ਆਪੁ[੨੪] ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ ॥ ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ ॥ [੨੫]ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ[੨੬] ॥ ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ ॥ ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ ॥ ਨਾਨਕ ਗੁਰਮੁਖਿ[੧੭] ਜਿਨ੍ਹੀ ਧਿਆਇਆ ਆਏ ਸੇ ਪਰਵਾਣੁ ॥ ੬੩ ॥ ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥ ਨਾਨਕ

੧ ਆਪਣੇ ਆਪ ਨੂੰ ।
੨ ਇਕ-ਰਸ ਝੜੀ ਲਾ ਕੇ ਵਸਿਆ ।
੩ ਛਮ-ਛਮ ਇਕ ਰਸ ਮੀਂਹ ਦਾ ਵੱਸਣਾ ।
੪ ਭੇਜ ਕੇ ।
੫ ਅਸਲੀਅਤ ਰੂਪ ਜੋ ਨਾਮ ਹੈ ।
੬ ਗੁਰੂ-ਬੱਦਲ ਦੇ ਵੱਸਣ ਨਾਲ ਸਭ ਸੁਖ ਵਰਤ ਗਏ ਹਨ ।
੭ ਹਰ ਰੋਜ਼, ਨਿੱਤ ।
੮ ਹੇ ਇਸਤਰੀ !
੯ ਭੈ ਤੋਂ ਪੈਦਾ ਹੋਈ ਸਹਜ ਅਵਸਥਾ ਨੂੰ ਸ਼ਿੰਗਾਰ ਬਣਾ । "ਭੈ ਤੇ ਸਹਜੁ ਪਾਈਐ" (ਵਾਰ ਮਲਾਰ, ਮ: ੧) ।
੧੦ ਦੂਰ ਹੋਵੇ ।
੧੧ ਸਰੀਰ ।
੧੨ ਚਾਨਣਾ ।
੧੩ ਭਾਵ ਸਦਾ ਅਨੰਦ ।
੧੪ ਵੱਸਿਆ ।
੧੫ ਖਿੜਦਾ ਹੈ ।
੧੬ ਪੈਦਾ ਕੀਤਾ ।
੧੭ ਗੁਰੂ ਦੁਆਰਾ ।
੧੮ ਝਲਾਂਘੇ ।
੧੯ ਝਲਾਂਘੇ, ਪਰਭਾਤ । ਵੱਡੇ ਵੇਲੇ ਕਿਸ ਦਾ ਨਾਮ ਲਈਏ ।
੨੦ ਨਾਮ ।
੨੧ ਹੇ ਭਾਈ ਹਰਹਟ ! ਤੂੰ ਭੀ ਤੂੰ ਤੂੰ ਕਰਦਾ ਹੈਂ ਤੇ ਸੋਹਣੀ ਬੋਲੀ ਬੋਲਦਾ ਹੈਂ, ਪਰ ਸਾਹਿਬ ਤਾਂ ਪ੍ਰਤੱਖ ਹੈ, ਮਿੱਠੀ ਸੁਰ ਵਿੱਚ ਤੇ ਉੱਚੀ-ਉੱਚੀ ਬਾਣੀ ਪੜ੍ਹਨ ਦਾ ਤਾਂ ਅਨੰਦ ਹੈ ਜੇ ਗੁਰੂ ਦੀ ਮੱਤ ਅਨੁਸਾਰ ਆਪਾ ਭਾਵ ਗਵਾ ਦਿੱਤਾ ਜਾਵੇ ।
੨੨ ਪਿਆਰ ।
੨੩ ਉੱਤੋਂ ।
੨੪ ਆਪਾ ਭਾਵ, ਹਉਮੈ ।
੨੫ ਭਾਵ ਸਭ ਕੁਦਰਤ ।
੨੬ ਗੁਜ਼ਰਦਾ ਹੈ ਤੈਨੂੰ ਧਿਆਂਵਦਿਆਂ ।

* ਪਪੀਹੇ ਤੇ ਸ੍ਵਾਂਤ ਬੂੰਦ ਦੇ ਖ਼ਿਆਲ ਤੋਂ ਬਸੰਤ ਦੇ ਮੌਸਮ ਦਾ ਖ਼ਿਆਲ ਆ ਜਾਂਦਾ ਹੈ, ਜਿਸ ਦੁਆਰਾ ਹਰੀ ਮਿਲਾਪ ਦੀ ਖੁਸ਼ੀ ਬਿਆਨ ਕੀਤੀ ਹੈ (੫੯-੬੧) । ਫਿਰ ਨਾਮ ਦੇ ਮਿਲਾਪ ਨਾਲ ਸਵੇਰ ਵੇਲੇ ਦੀ ਤਾਜ਼ਗੀ ਯਾਦ ਆ ਜਾਂਦੀ ਹੈ (੬੨) । ਫੇਰ ਖੂਹ ਗਿੜਦਾ ਯਾਦ ਆਉਂਦਾ ਹੈ (੬੩) । ਜੋਗ ਕੀਤਿਆਂ ਹਰੀ ਨਹੀਂ ਮਿਲਦਾ (੬੪) ਤੇ ਨਾ ਵੇਦ ਪੜ੍ਹਨ ਤੋਂ; ਬਲਕਿ ਗੁਰੂ ਤੋਂ ਮਿਲਦਾ ਹੈ (੬੫) । ਇਸ ਲਈ ਮਨਮੁਖ ਨੂੰ ਛੱਡ ਕੇ ਗੁਰਮੁਖ ਦਾ ਮੇਲ ਕਰਨਾ ਚਾਹੀਦਾ ਹੈ (੬੬) । ਸਭ ਕੁਝ ਹਰੀ ਦੀ ਮਿਹਰ ਦੇ ਵੱਸ ਹੈ (੬੭)।

ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥ ੬੪ ॥ ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ ॥ ਨਾਨਕ [੧]ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ ॥ ੬੫ ॥ ਨਾਨਕ ਹੁਕਮੁ ਵਰਤੈ ਖਸਮ ਕਾ [੨]ਮਤਿ ਭਵੀ ਫਿਰਹਿ ਚਲ ਚਿਤ ॥ ਮਨਮੁਖ ਸਉ ਕਰਿ ਦੋਸਤੀ [੩]ਸੁਖ ਕਿ ਪੁਛਹਿ ਮਿਤ ॥ ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥ ਜੰਮਣ ਮਰਣ ਕਾ ਮੂਲੁ[੪] ਕਟੀਐ ਤਾਂ ਸੁਖੁ ਹੋਵੀ ਮਿਤ ॥ ੬੬ ॥ ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ ॥ ਨਾਨਕ ਨਦਰੀ ਬਾਹਰੀ [੫]ਕਰਣ ਪਲਾਹ ਕਰੇ ॥ ੬੭ ॥

ਸਲੋਕ ਮਹਲਾ ੪ ੴ ਸਤਿਗੁਰ ਪ੍ਰਸਾਦਿ ॥

*ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ[੬] ਮਿਲਿਆ ਹਰਿ ਰਾਇ[੭] ॥ ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥ ੧ ॥ ਵਾਹੁ ਵਾਹੁ ਸਤਿਗੁਰੁ ਪੁਰਖੁ[੮] ਹੈ ਜਿਨਿ ਸਚੁ ਜਾਤਾ ਸੋਇ ॥ ਜਿਤੁ ਮਿਲਿਐ ਤਿਖ[੯] ਉਤਰੈ ਤਨੁ ਮਨੁ ਸੀਤਲੁ[੧੦] ਹੋਇ ॥ ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ [੧੧]ਜਿਸ ਨੋ ਸਮਤੁ ਸਭ ਕੋਇ ॥ ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ[੧੨] ਹੋਇ ॥ ਵਾਹੁ ਵਾਹੁ ਸਤਿਗੁਰੁ ਸੁਜਾਣੁ[੧੩] ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ[੧੪] ॥ ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ[੧੫] ਸੋਇ ॥ ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥ ੨ ॥ ਹਰਿ ਪ੍ਰਭ ਸਚਾ ਸੋਹਿਲਾ[੧੬] ਗੁਰਮੁਖਿ ਨਾਮੁ ਗੋਵਿੰਦੁ ॥ ਅਨਦਿਨੁ[੧੭] ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥ ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ ਬਹੁੜਿ[੧੮] ਨ ਮਨਿ ਤਨਿ ਭੰਗੁ[੧੯] ॥ ੩ ॥ [੨੦]ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥ ਹਉ ਢੂਢੇਦੀ ਤਿਨ [੨੧]ਸਜਣ ਸਚਿ ਸਵਾਰਿਆ ॥ ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ ॥ [੨੨]ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ ॥ ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ[੨੩] ਦਿਖਾਲਿਆ ॥ ੪ ॥ ਹਉ ਖੜੀ [੨੪]ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥ ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥ ਹਉ ਜੀਉ ਕਰੀ [੨੫]ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ ॥ ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥ ੫ ॥ [੨੬]ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥ ਸਤਿਗੁਰ ਕਾ

੧ ਸੱਚਾ (ਗੁਰੂ) ਮਿਲੇ ਤਾਂ ।
੨ ਤੇਰੀ ਮੱਤ ਫਿਰੀ ਹੋਈ ਹੈ ਤੇ ਤੂੰ ਚੰਚਲ ਚਿਤ ਹੋਇਆ ਫਿਰਦਾ ਹੈਂ ।
੩ ਤੇ ਹੁਣ ਸੁਖ ਕੀ ਪੁੱਛਦਾ ਹੈਂ ? ਭਾਵ ਮਨਮੁਖ ਨਾਲ ਦੋਸਤੀ ਪਾ ਕੇ ਤੈਨੂੰ ਸੁਖ ਕਦੇ ਨਹੀਂ ਮਿਲ ਸਕਦਾ ।
੪ ਮੂਲ ਕਾਰਨ ।
੫ [ਕਾਰੁਣਜ ਪ੍ਰਲਾਪ] ਦੁੱਖ ਦੇ ਕੀਰਨੇ, ਵਿਰਲਾਪ ।
੬ ਗੁਰੂ ਦੁਆਰਾ ।
੭ ਰਾਜਾ ।
੮ ਸਮਰੱਥ ਹਸਤੀ ।
੯ ਤਿਹ, ਪਿਆਸ ।
੧੦ ਠੰਢਾ ।
੧੧ ਜਿਸ ਨੂੰ ਸਾਰੇ ਇਕੋ ਜਿਹੇ ਦਿਸਦੇ ਹਨ ।
੧੨ ਇਕ ਸਮਾਨ ।
੧੩ ਸਿਆਣਾ ।
੧੪ ਆਤਮ ਗਿਆਨ ।
੧੫ ਪੱਕੀ ਤਰ੍ਹਾਂ ਸਮਝਾਂਦਾ ਹੈ ।
੧੬ ਜਸ । ਨਾਮ ਹੀ ਗੁਰਮੁਖਾਂ ਲਈ ਸੱਚਾ ਜਸ ਹੈ।
੧੭ ਹਰ ਰੋਜ਼, ਨਿੱਤ ।
੧੮ ਮੁੜ ਕੇ ।
੧੯ ਵਿਘਨ ।
੨੦ ਮੇਰਾ ਪਤੀ ਨਾਲ ਪਿਆਰ ਹੈ ।
੨੧ ਸੱਚ ਨਾਲ ਸਵਾਰੇ ਹੋਏ ਸੱਜਣ, ਭਾਵ ਗੁਰੂ ਜੀ ।
੨੨ ਮੇਰਾ ਪਤੀ ਮੈਨੂੰ ਦੱਸ (ਦਿਖਾਲ) ਦਿੰਦਾ ਹੈ ।
੨੩ ਨਾਲ ਹੀ ।
੨੪ ਵੇਖਦੀ ਹਾਂ ਰਸਤਾ ।
੨੫ ਤਿਸ ਉੱਤੋਂ ਚਾਰ ਟੋਟੇ ਕਰਾਂ ।
੨੬ ਹੰਕਾਰ ਦਾ ਜ਼ੋਰ ਹੈ ਤੇ ਤਨ ਵਿੱਚ ਮਾਇਆ ਹੈ।

* (ਦੇਖੋ ਪੰਨਾ ੩੦੯ ਉੱਤੇ ੧੬ਵੀਂ ਪਉੜੀ ਦਾ ਦੂਜਾ ਸ਼ਲੋਕ) ਗੁਰੂ ਦੀ ਸਿਫ਼ਤ ਕਰਦੇ ਹਨ, ਜਿਸ ਦੇ ਵਸੀਲੇ ਨਾਲ ਸਭ ਰੁਕਾਵਟਾਂ ਦੂਰ ਹੋ ਕੇ ਹਰੀ ਦਾ ਮਿਲਾਪ ਹੁੰਦਾ ਹੈ (੧-੧੩) ।

ਫੁਰਮਾਇਆ ਮੰਨਿ ਨ ਸਕੀ ਦੁਤਰੁ[੧] ਤਰਿਆ ਨ ਜਾਇ ॥ ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥ ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੇ ਸੋ ਫਲੁ ਪਾਇ ॥ ਜਿਨੀ ਸਤਿਗੁਰੁ ਮੰਨਿਆਂ ਹਉ ਤਿਨ ਕੇ ਲਾਗਉ ਪਾਇ[੨] ॥ ਨਾਨਕੁ ਤਾ ਕਾ ਦਾਸੁ ਹੈ ਜਿ ਅਨਦਿਨੁ[੩] ਰਹੈ ਲਿਵ ਲਾਇ ॥ ੬ ॥ ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ[੪] ॥ ਨਾਨਕ ਮਿਲੇ ਸੁਭਾਇ ਗੁਰਮੁਖਿ[੫] ਇਹੁ ਮਨੁ ਰਹਸੀਐ[੬] ॥ ੭ ॥ ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ[੭] ॥ ਜਾਂ ਸਹੁ ਦੇਖਨਿ ਆਪਣਾ ਨਾਨਕ [੮]ਥੀਵਨਿ ਭੀ ਹਰੇ ॥ ੮ ॥ ਜਿਨਾ ਗੁਰਮੁਖਿ[੫] ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ ਰਾਤੀ ਅਤੈ ਡੇਹੁ[੯] ਨਾਨਕ ਪ੍ਰੇਮਿ ਸਮਾਇਆ ॥ ੯ ॥ ਗੁਰਮੁਖਿ[੫] ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥ ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ[੧੦] ਸਮਾਈਐ ॥ ੧੦ ॥ ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥ ਕਬਹੂ ਨ [੧੧]ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥ ੧੧ ॥ ਜਿਨ੍ਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਿ ਪਿਰੀ ਵਿਹੂਣਿਆ[੧੨] ॥ ਗੁਰਮੁਖਿ[੫] ਮੇਲੇ ਆਪਿ ਨਾਨਕ [੧੩]ਚਿਰੀ ਵਿਛੁੰਨਿਆ ॥ ੧੨ ॥ ਜਿਨ ਕਉ ਪ੍ਰੇਮ ਪਿਆਰੁ [੧੪]ਤਉ ਆਪੇ ਲਾਇਆ ਕਰਮੁ[੧੫] ਕਰਿ ॥ ਨਾਨਕ ਲੇਹੁ ਮਿਲਾਇ ਮੈ ਜਾਚਿਕ[੧੬] ਦੀਜੈ ਨਾਮੁ ਹਰਿ ॥ ੧੩ ॥ *[੧੭]ਗੁਰਮੁਖਿ ਹਸੈ ਗੁਰਮੁਖਿ ਰੋਵੈ ॥ ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥ ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ ਗੁਰਮੁਖਿ ਨਾਨਕ ਪਾਵੈ ਪਾਰੁ ॥ ੧੪ ॥ ਜਿਨਾ ਅੰਦਰਿ ਨਾਮੁ ਨਿਧਾਨੁ[੧੮] ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥ ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥ ੧੫ ॥ ਗੁਰ ਪੀਰਾਂ ਕੀ ਚਾਕਰੀ [੧੯]ਮਹਾਂ ਕਰੜੀ ਸੁਖ ਸਾਰੁ ॥ ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥ ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ[੨੦] ਫਲੁ ਪਾਇਸੀ ਅੰਤਰਿ [੨੧]ਬਿਬੇਕ ਬੀਚਾਰੁ ॥ ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ[੨੨] ॥ ੧੬ ॥ ਮਨਮੁਖ ਸੇਵਾ ਜੋ ਕਰੇ [੨੩]ਦੂਜੈ ਭਾਇ ਚਿਤੁ ਲਾਇ ॥ ਪੁਤੁ ਕਲਤੁ[੨੪] ਕੁਟੰਬੁ ਹੈ ਮਾਇਆ ਮੋਹੁ ਵਧਾਇ ॥ ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ[੨੫] ॥ ਨਾਨਕ [੨੬]ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥ ੧੭ ॥ ਗੁਰਮੁਖਿ ਹੁਕਮੁ ਮੰਨੇ [੨੭]ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥

੧ [ਦੁਸਤਰ] ਔਖਾ ਤਰਿਆ ਜਾਣ ਵਾਲਾ (ਸੰਸਾਰ-ਸਾਗਰ) ।
੨ ਚਰਨੀਂ ।
੩ ਹਰ ਰੋਜ਼, ਸਦਾ ।
੪ ਰੱਜਦਾ ਹੈ ।
੫ ਗੁਰੂ ਦੁਆਰਾ ।
੬ ਪ੍ਰਸੰਨ ਹੁੰਦਾ ਹੈ ।
੭ ਬਾਝੋਂ, ਬਿਨਾਂ ।
੮ ਜ਼ਰੂਰ ਹਰੇ ਹੁੰਦੇ ਹਨ ।
੯ [ਲਹਿੰਦੀ] ਦਿਨ ।
੧੦ ਪੂਰਨ ਅਡੋਲਤਾ ਅਤੇ ਸ਼ਾਂਤੀ ਵਾਲੀ ਹਾਲਤ ਵਿੱਚ।
੧੧ ਟੁਟਦਾ ।
੧੨ ਬਾਝੋਂ, ਬਿਨਾਂ ।
੧੩ ਚਿਰਾਂ ਤੋਂ ਵਿਛੜੇ ਹੋਇਆਂ ਨੂੰ ।
੧੪ ਤੂੰ ।
੧੫ ਬਖ਼ਸ਼ਿਸ਼ ।
੧੬ ਮੰਗਤੇ ਨੂੰ ।
੧੭ ਗੁਰਮੁਖ ਕੁਦਰਤੀ ਰੰਗ ਵਿੱਚ ਰੋਂਦਾ, ਹੱਸਦਾ ਹੈ । ਪਰਾਏ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਮਹਸੂਸ ਕਰਦਾ ਹੋਇਆ ਰੋਂਦਾ ਹੈ ਤੇ ਜੀਵਨ ਦਾ ਅਸਲ ਸੁਖ ਮਾਣਦਾ ਹੋਇਆ ਹੱਸਦਾ ਹੈ ।
੧੮ ਸੁਖਾਂ ਦਾ ਘਰ । ਜਿਨ੍ਹਾਂ ਨੇ ਗੁਰਬਾਣੀ ਦੇ ਵੀਚਾਰ ਦੁਆਰਾ ਆਪਣੇ ਅੰਦਰ ਸੁਖਾਂ ਦਾ ਘਰ (ਨਾਮ) ਪਾਇਆ ਹੈ ।
੧੯ ਬਹੁਤ ਕਠਨ ਹੈ, ਪਰ ਸ੍ਰੇਸ਼ਟ ਸੁਖ ਦੇਣ ਵਾਲੀ ਹੈ ।
੨੦ ਇੱਛਤ, ਮੰਗਿਆ ।
੨੧ ਨਿਰਣੈ ਕਰਨ ਵਾਲਾ ਵਿਚਾਰ ।
੨੨ ਦੂਰ ਕਰਨ ਵਾਲਾ ।
੨੩ ਇਕ ਹਰੀ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿੱਚ ।
੨੪ ਇਸਤਰੀ ।
੨੫ ਮਾਇਆ ਦਾ ।
੨੬ ਗੁਰਮੁਖਾਂ ਨੂੰ ਇਹ ਦਿੱਸ ਪਿਆ ਹੈ ਕਿ ਜਿਸ ਮਾਇਆ ਨਾਲ ਮੋਹ ਕਰੀਦਾ ਹੈ ਉਹ ਸਾਰੀ ਵਿਛੜ ਜਾਂਦੀ ਹੈ ।
੨੭ ਮਾਲਕ ਦਾ ।

* ਗੁਰਮੁਖ ਹੋਣ ਦੇ ਲਾਭ ਤੇ ਮਨਮੁਖ ਹੋਣ ਦੇ ਨੁਕਸਾਨ (੧੪-੨੩) ।

ਹੁਕਮੋ ਸੇਵੇ ਹੁਕਮੁ ਅਰਾਧੇ [੧]ਹੁਕਮੇ ਸਮੈ ਸਮਾਏ ॥ [੨]ਹੁਕਮੁ ਵਰਤੁ ਨੇਮੁ ਸੁਚ ਸੰਜਮੁ[੩] [੪]ਮਨ ਚਿੰਦਿਆ ਫਲੁ ਪਾਏ ॥ ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥ ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥ ੧੮ ॥ ਮਨਮੁਖਿ ਹੁਕਮੁ ਨ ਬੁਝੇ ਬਪੁੜੀ[੫] ਨਿਤ ਹਉਮੈ ਕਰਮ ਕਮਾਇ ॥ ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥ ਅੰਤਰਹੁ ਕੁਸੁਧੁ[੬] ਮਾਇਆ ਮੋਹਿ ਬੇਧੇ[੭] ਜਿਉ ਹਸਤੀ[੮] [੯]ਛਾਰੁ ਉਡਾਏ ॥ ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥ ਨਾਨਕ ਪਰਪੰਚੁ[੧੦] ਕੀਆ ਧੁਰਿ ਕਰਤੈ [੧੧]ਪੂਰਬਿ ਲਿਖਿਆ ਕਮਾਏ ॥ ੧੯ ॥ ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ[੧੨] ਸੇਵਾ ਕਰਤ ਸਮਾਇ ॥ ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥ ਮੰਨੀਐ ਸਤਿਗੁਰ [੧੩]ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥ ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥ ਨਾਨਕ [੧੪]ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥ ੨੦ ॥ ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥ ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥ ੨੧ ॥ ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥ ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥ ਗੁਣ ਗਾਵਹਿ ਗੁਣ ਉਚਰਹਿ [੧੫]ਗੁਣ ਮਹਿ ਸਵੈ ਸਮਾਇ ॥ ਨਾਨਕ ਗੁਰ ਪੂਰੇ ਤੇ ਪਾਇਆ ਸਹਜਿ[੧੬] ਮਿਲਿਆ ਪ੍ਰਭੁ ਆਇ ॥ ੨੨ ॥ ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਘਰੈ[੧੭] ਕੂੜਿ ਕਰੈ ਆਹਾਰੁ[੧੮] ॥ ਬਿਖੁ ਮਾਇਆ ਧਨੁ ਸੰਚਿ[੧੯] ਮਰਹਿ ਅੰਤਿ ਹੋਇ ਸਭੁ ਛਾਰੁ[੨੦] ॥ ਕਰਮ ਧਰਮ ਸੁਚਿ ਸੰਜਮੁ[੩] ਕਰਹਿ ਅੰਤਰਿ ਲੋਭੁ ਵਿਕਾਰ ॥ ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥ ੨੩ ॥ *ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ [੨੧]ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ [੨੨]ਰਾਗੈ ਨਾਦੈ ਬਾਹਰਾ ਇਨੀ[੨੩] ਹੁਕਮੁ ਨ ਬੂਝਿਆ ਜਾਇ ॥ ਨਾਨਕ ਹੁਕਮੈ ਬੂਝੈ [੨੪]ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥ ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥ ੨੪ ॥ ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ [੨੫]ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੋ ਨਿਰਮਲ ਨਾਮੁ ਧਿਆਇ ॥ ਅੰਮ੍ਰਿਤ ਬਾਣੀ ਤਤੁ[੨੬] ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ

੧ ਆਪ ਲੀਨ ਹੁੰਦਾ ਹੈ ਹੁਕਮ ਵਿੱਚ ਤੇ ਹੋਰਨਾਂ ਨੂੰ ਕਰਦਾ ਹੈ ।

੨ ਉਸ ਦਾ ਵਰਤ ਨੇਮ ਸੁਚ ਸੰਜਮ ਸਭ ਹੁਕਮ ਮੰਨਣਾ ਹੈ ।

੩ ਮਨ ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ ।

੪ ਮਨ-ਇੱਛਤ ।

੫ ਵਿਚਾਰੀ ।

੬ ਖੋਟੇ, ਗੰਦੇ ।

੭ ਵਿੰਨ੍ਹੇ ਹੋਏ ।

੮ ਹਾਥੀ । ਜਿਵੇਂ ਹਾਥੀ ਨਹਾ ਕੇ ਮੁੜ ਆਪਣੇ ਉਤੇ ਖੇਹ ਪਾ ਲੈਂਦਾ ਹੈ, ਤਿਵੇਂ ਇਹ ਲੋਕ ਕਰਮ ਕਰ ਕੇ ਜੋ ਪਵਿਤਰਤਾ ਹਾਸਲ ਕਰਦੇ ਹਨ, ਉਹ ਅੰਦਰ ਦੀ ਗੰਦਗੀ ਨਾਲ ਫਿਰ ਦੂਰ ਹੋ ਜਾਂਦੀ ਹੈ ।

੯ ਮਿੱਟੀ ਉਡਾਂਦਾ ਹੈ ।

੧੦ ਖੇਡ ਸ੍ਰਿਸ਼ਟੀ ਦੀ ।

੧੧ ਪਹਿਲੋਂ ਦੇ ਲਿਖੇ ਹੁਕਮ ਅਨੁਸਾਰ ਵਰਤਦੇ ਹਨ । ਇਨ੍ਹਾਂ ਵਿਚਾਰਿਆਂ ਦੇ ਭੀ ਵਸ ਕੀ ਹੈ ? ਇਹ ਤਾਂ ਹਰੀ ਦੀ ਖੇਡ ਪੂਰੀ ਹੁੰਦੀ ਹੈ ।

੧੨ ਹਰ ਰੋਜ਼ ।

੧੩ ਪਰਮ ਵਿਚਾਰਵਾਨ ।

੧੪ ਸੱਚਾ ਕਰਮ (ਚੰਗਾ ਭਾਗ) ਉਨ੍ਹਾਂ ਨੂੰ ਮਿਲਿਆ ਜਿਨ੍ਹਾਂ ਨੇ ਗੁਰੂ ਦੀ ਸ਼ਰਨ ਫੜੀ ।

੧੫ ਲੀਨ ਹੁੰਦੇ ਹਨ ਗੁਣਾਂ ਵਿੱਚ ਤੇ ਹੋਰਨਾਂ ਨੂੰ ਲੀਨ ਕਰਦੇ ਹਨ । ਦੇਖੋ ਉੱਤੇ ਨੋਟ ੧ ।

੧੬ ਸੁਤੇ-ਸਿਧ ਹੀ, ਨਿਰਯਤਨ ਹੀ ।

੧੭ ਕੱਠਾ ਕਰਦਾ ਹੈ ।

੧੮ ਭੋਜਨ ।

੧੯ ਇਕੱਠਾ ਕਰ ਕੇ ।

੨੦ ਸੁਆਹ ।

੨੧ ਸੱਚੇ ਹਰੀ ਨੂੰ ਪ੍ਰਾਪਤ ਕਰਨਾ ਹੀ ਰਾਗ ਨਾਦ ਹੈ।

੨੨ ਉਹ ਹਰੀ ਇਨ੍ਹਾਂ ਰਾਗਾਂ-ਸ਼ਾਗਾਂ ਤੋਂ ਉੱਤੇ ਹੈ ।

੨੩ ਇਨ੍ਹਾਂ ਰਾਗਾਂ ਰਾਹੀਂ ।

੨੪ ਇਹ ਰਾਗ ਉਨ੍ਹਾਂ ਨੂੰ ਰਾਸ ਪੈਂਦਾ ਹੈ, ਚੰਗਾ ਫਲਦਾ ਹੈ, ਜਿਹੜੇ ਗੁਰੂ ਤੋਂ ਸੋਝੀ ਲੈ ਕੇ ਹੁਕਮ ਨੂੰ ਬੁਝਦੇ ਹਨ ।

੨੫ ਨਾਮ-ਅੰਮ੍ਰਿਤ ਨੂੰ ਆਪ ਜਪਦਾ ਤੇ ਹੋਰਨਾਂ ਤੋਂ ਜਪਾਂਦਾ ਹੈ ।

੨੬ ਅਸਲ ਚੀਜ਼ ।

* ਕਈ ਲੋਕ ਰਾਗ ਨਾਦ ਨੂੰ ਹਰੀ ਦੇ ਪਾਉਣ ਦਾ ਵਸੀਲਾ ਮੰਨਦੇ ਹਨ । ਗੁਰੂ ਜੀ ਕਹਿੰਦੇ ਹਨ ਕਿ ਅਸਲ ਚੀਜ਼ ਹਰੀ ਦਾ ਹੁਕਮ ਮੰਨਣਾ ਹੈ, ਜਿਸ ਦੀ ਸਮਝ ਗੁਰੂ ਤੋਂ ਆਉਂਦੀ ਹੈ (੨੪) । ਗੁਰੂ ਨਾਮ ਦੇ ਕੇ ਅੰਦਰ ਜਾਗਰਤ ਪੈਦਾ ਕਰਦਾ ਹੈ । (੨੫)

ਪਰਗਾਸਿਆ ਜੋਤੀ ਜੋਤਿ ਮਿਲਾਇ ॥ ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ [੧]ਧੁਰਿ ਮਸਤਕਿ ਭਾਗੁ ਲਿਖਾਇ ॥ ੨੫ ॥ *ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ[੨] ॥ ਅਨਦਿਨੁ[੩] ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ[੪] ਹਉਮੈ ਕਰਮ ਕਮਾਇ ॥ ਗੁਰ ਸਰਣਾਈ ਉਬਰੈ[੫] ਨਾਨਕ ਲਏ ਛਡਾਇ ॥ ੨੬ ॥ ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥ ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥ ਏਹੁ ਭਉਜਲੁ[੬] ਜਗਤੁ ਸੰਸਾਰੁ ਹੈ ਗੁਰੁ ਬੋਹਿਥੁ[੭] ਨਾਮਿ ਤਰਾਇ ॥ ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥ ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ[੮] ਪਾਂਹਿ ॥ ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥ ਜਮਕੰਕਰ[੯] ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥ ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥ ੨੭ ॥ [੧੦]ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥ ਰਾਮ ਨਾਮੁ ਹਰਿ ਕੀਰਤਿ [੧੧] ਗਾਇ ਕਰਿ ਚਾਨਣੁ ਮਗੁ[੧੨] ਦੇਖਾਇਆ ॥ ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ ਗੁਰਮਤੀ ਜਮੁ [੧੩]ਜੋਹਿ ਨ ਸਕੈ ਸਚੈ ਨਾਇ ਸਮਾਇਆ ॥ ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥ ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥ ੨੮ ॥ [੧੪]ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ[੧੫] ਦੂਰਜਨਾ[੧੬] ॥ ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥ ੨੯ ॥ [੧੭]ਗੁਰਮਤੀ ਹਰਿ ਹਰਿ ਬੋਲੇ ॥ [੧੮]ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ [੧੯]ਹਰਿ ਰਤੀ ਹਰਿ ਰੰਗਿ ਚੋਲੇ ॥ ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥ ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ[੨੦] ਨ ਕਾਹੂ ਡੋਲੇ ॥ ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ [੨੧]ਗੁਲ ਗੋਲੇ ॥ ੩੦ ॥

ਸਲੋਕ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

†ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ[੨੨] ਸਾਈ ॥ ਝੜਿ ਝੜਿ ਪਵਦੇ [੨੩]ਕਚੇ ਬਿਰਹੀ ਜਿਨ੍ਹਾ [੨੪]ਕਾਰਿ ਨ ਆਈ ॥ ੧ ॥ [੨੫]ਧਣੀ ਵਿਹੂਣਾ ਪਾਟ ਪਟੰਬਰ[੨੬] [੨੭]ਭਾਹੀ ਸੇਤੀ ਜਾਲੇ ॥ ਧੂੜੀ ਵਿਚਿ [੨੮]ਲੁਡੰਦੜੀ

੧ ਧੁਰ ਹਜ਼ੂਰੋਂ ਮੱਥੇ 'ਤੇ ਭਾਗ ਲਿਖੇ ਹੁੰਦੇ ਹਨ ।
੨ ਚੰਬੜਿਆ ਹੋਇਆ ।
੩ ਹਰ ਰੋਜ਼ ।
੪ ਦੂਰ ਹੁੰਦਾ ।
੫ ਬਚਦਾ ਹੈ ।
੬ ਸੰਸਾਰ-ਸਾਗਰ ।
੭ ਜਹਾਜ਼ ।
੮ ਮੁਕਤੀ ।
੯ [ਕਿੰਕਰ] ਦਾਸ । ਜਮਦੂਤ ਨੂੰ ਮਾਰ ਕੇ ਦੂਰ ਕਰ ਦਿੱਤਾ ।
੧੦ ਇਹ ਸ਼ਲੋਕ ਪੰਨਾ ੮੬ ਉੱਤੇ ਮ: ੩ ਦਾ ਕਰ ਕੇ ਦਿੱਤਾ ਹੈ : ਦੇਖੋ ਵਾਰ ਸ੍ਰੀ ਰਾਗ, ਪਉੜੀ ੧੧, ਸ਼ਲੋਕ ੨ ।
੧੧ ਸਿਫ਼ਤ ।
੧੨ ਰਸਤਾ ।
੧੩ ਮਾਰ ਨਹੀਂ ਸਕਦਾ ।
੧੪ ਦੇਖੋ, ਇਹੋ ਸ਼ਲੋਕ ਪੰਨਾ ੩੦੧ ਅਤੇ ੧੩੧੭ ਉੱਤੇ।
੧੫ [ਸ਼ਕਤੀ ਦੇ ਉਪਾਸ਼ਕ] ਮਾਦਾ ਪ੍ਰਸਤ, ਮਾਇਆਧਾਰੀ।
੧੬ ਮਾੜੇ ਆਦਮੀ ।
੧੭ ਇਹੋ ਸ਼ਲੋਕ ਪੰਨਾ ੬੪੨, ਉੱਤੇ ਭੀ ਆਉਂਦਾ ਹੈ।
੧੮ ਹਰੀ ਦੇ ਪ੍ਰੇਮ ਵਿੱਚ ਖਿੱਚੀ ਹੋਈ ।
੧੯ ਚੋਲੇ ਕਰ ਕੇ ਹਰੀ-ਰੰਗ ਵਿੱਚ ਰਤੀ ਹੈ, ਭਾਵ ਜ਼ਿੰਦਗੀ ਹਰੀ-ਪ੍ਰੇਮ ਵਾਲੀ ਬਣਾਈ ਹੈ ।
੨੦ ਹੋਰ ਪਾਸੇ ।
੨੧ ਗੋੱਲਿਆਂ ਦੇ ਗੋੱਲੇ, ਦਾਸਾਂ ਦੇ ਦਾਸ ।
੨੨ ਪਛਾਤਾ ।
੨੩ ਕੱਚੇ ਪਿਆਰ ਵਾਲੇ ।
੨੪ ਪ੍ਰੇਮ ਦੀ ਜਾਚ ਨਹੀਂ ਆਈ ।
੨੫ ਮਾਲਕ (ਹਰੀ) ਤੋਂ ਬਿਨਾਂ ।
੨੬ ਪਟ ਦੇ ਕੱਪੜੇ ।
੨੭ ਅੰਗ ਨਾਲ ।
੨੮ ਲੇਟਦੀ ਸੋਭਾ ਪਾਵਾਂ ।

* ਮਨਮੁਖ ਤ੍ਰਿਸ਼ਨਾ, ਮੋਹ ਤੇ ਹਉਮੈ ਕਰ ਕੇ ਗੱਲ ਨਹੀਂ ਬੁਝਦਾ । ਪਰ ਜੇ ਗੁਰੂ ਨੂੰ ਮਿਲੇ ਤੇ ਐਸਾ ਆਦਮੀ ਭੀ ਬਚ ਸਕਦਾ ਹੈ (੨੬)। ਜਿਹੜੇ ਗੁਰੂ ਦੀ ਮੰਨ ਕੇ ਚਲਦੇ ਹਨ ਓਹ ਧੰਨ ਹਨ (੨੭) । ਗੁਰੂ ਦੇ ਉਪਕਾਰ (੨੮-੩੦) ।

† ਪ੍ਰੇਮ ਹੋਵੇ ਤਾਂ ਪੱਕਾ ਹੋਵੇ (੧) । ਇਸ ਵਿੱਚ ਪਿਆਰੇ ਦਾ ਅੰਗ-ਸੰਗ ਹੋਣਾ ਹਜ਼ਾਰ ਦੌਲਤ ਦੇ ਬਰਾਬਰ ਹੈ (੨) । ਇਹ ਪ੍ਰੇਮ ਗੁਰੂ ਦੇ ਸ਼ਬਦ ਰਾਹੀਂ ਕਾਮ ਕ੍ਰੋਧ ਮਾਰ ਕੇ ਪੈਦਾ ਹੁੰਦਾ ਹੈ (੩) । ਇਸ ਵਿੱਚ ਸਭ ਪਾਸੇ ਛੱਡ ਕੇ ਇਕੋ ਪਿਆਰੇ ਦੇ ਦਰ ਢਹਿਣਾ ਬਣਦਾ ਹੈ (੪) । ਇਸ ਪ੍ਰੇਮ ਦਾ ਰਸ ਕਦੀ ਫਿੱਕਾ ਨਹੀਂ ਪੈਂਦਾ (੫) । ਨਾ ਕਦੀ ਉਤਰ ਸਕਦਾ ਹੈ (੬) । ਇਸ ਵਿੱਚ ਰਜ਼ਾ ਦਾ ਬੰਦਾ ਬਣ ਕੇ ਰਹਿਣਾ ਪੈਂਦਾ ਹੈ (੭) । ਇਹ ਗੁਰੂ ਤੋਂ ਮਿਲਦਾ ਹੈ (੮) । ਜਿਹੜੇ ਇਸ ਪ੍ਰੇਮ ਤੋਂ ਖਾਲੀ ਹੁੰਦੇ ਹਨ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ ਤੇ ਜਿਹੜੇ ਪ੍ਰੇਮ ਨੂੰ ਗ੍ਰਹਿਣ ਕਰਦੇ ਹਨ ਉਨ੍ਹਾਂ ਨੂੰ ਕੀ ਮਿਲਦਾ ਹੈ? (੯-੨੦) ਅੰਤ ਗੁਰੂ ਜੀ ਆਪਣੀ ਤਾਂਘ ਇਸ ਪ੍ਰੇਮ ਲਈ ਦਸਦੇ ਹਨ (੨੧-੨੨) ।

ਸੋਹਾਂ ਨਾਨਕ [੧]ਤੈ ਸਹ ਨਾਲੇ ॥ ੨ ॥ ਗੁਰ ਕੈ ਸਬਦਿ ਅਰਾਧੀਐ [੨]ਨਾਮਿ ਰੰਗਿ
ਬੈਰਾਗੁ ॥ [੩]ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥ ੩ ॥
[੪]ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ ॥ ਬਾਮਣੁ ਬਿਰਥਾ
ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ ॥ ੪ ॥ ਸੋਰਠਿ ਸੋ ਰਸੁ ਪੀਜੀਐ ਕਬਹੂ
ਨ ਫੀਕਾ ਹੋਇ ॥ ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ
ਸੋਇ[੫] ॥ ੫ ॥ ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ ਮਾਰਈ ॥ ਅੰਦਰਿ ਨਾਮੁ
ਨਿਧਾਨੁ[੬] ਸਦਾ ਗੁਣ ਸਾਰਈ[੭] ॥ ਏਕਾ ਟੇਕ ਅਗੰਮ[੮] ਮਨਿ ਤਨਿ ਪ੍ਰਭੁ
ਧਾਰਈ[੯] ॥ ਲਗਾ ਰੰਗੁ [੧੦]ਅਪਾਰੁ ਕੋ ਨ ਉਤਾਰਈ ॥ ਗੁਰਮੁਖਿ[੧੧] ਹਰਿ ਗੁਣ
ਗਾਇ ਸਹਜਿ ਸੁਖੁ ਸਾਰਈ[੧੨] ॥ ਨਾਨਕ ਨਾਮੁ ਨਿਧਾਨੁ [੧੩]ਰਿਦੈ ਉਰਿ ਹਾਰਈ ॥
੬ ॥ [੧੪]ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ ॥ ਅਪਣੀ ਨਦਰਿ ਨਿਹਾਲਿ
ਆਪੇ ਲੈਹੁ ਲਾਇ ॥ ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ ॥ ਜੋ ਧੁਰਿ
ਲਿਖਿਆ ਲੇਖੁ ਸੋਈ ਸਭ ਕਮਾਇ ॥ ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ
ਜਾਇ[੧੫] ॥ ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥ ੭ ॥ ਗੁਰੁ ਪੂਰਾ
ਜਿਨ ਸਿਮਰਿਆ ਸੇਈ ਭਏ ਨਿਹਾਲ ॥ ਨਾਨਕ ਨਾਮੁ ਅਰਾਧਣਾ ਕਾਰਜੁ
ਆਵੈ ਰਾਸਿ ॥ ੮ ॥ ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ
ਜਿਉ ਮਥਨਿ ਮਾਧਾਣੀਆ ਤਿਉ ਮਥੇ [੧੬]ਧ੍ਰਮਰਾਇ ॥ ੯ ॥ ਨਾਮੁ ਧਿਆਇਨਿ
ਸਾਜਨਾ ਜਨਮ ਪਦਾਰਥੁ ਜੀਤਿ ॥ ਨਾਨਕ [੧੭]ਧਰਮ ਐਸੇ ਚਵਹਿ ਕੀਤੋ
ਭਵਨੁ ਪੁਨੀਤ ॥ ੧੦ ॥ [੧੮]ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ ॥
ਨਾਨਕ ਸੇਈ ਉਬਰੇ[੧੯] ਜਿਨਾ ਭਾਗੁ ਮਥਾਹਿ[੨੦] ॥ ੧੧ ॥ ਸੁਤੜੇ ਸੁਖੀ
ਸਵੰਨਿ੍ ਜੋ ਰਤੇ ਸਹ ਆਪਣੈ ॥ ਪ੍ਰੇਮ ਵਿਛੋਹਾ[੨੧] [੨੨]ਧਣੀ ਸਉ ਅਠੇ ਪਹਰ
ਲਵੰਨਿ੍[੨੩] ॥ ੧੨ ॥ ਸੁਤੜੇ[੨੪] ਅਸੰਖ ਮਾਇਆ ਝੂਠੀ ਕਾਰਣੇ ॥ ਨਾਨਕ ਸੇ
ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥ ੧੩ ॥ [੨੫]ਮ੍ਰਿਗ ਤਿਸਨਾ ਪੇਖਿ ਭੁਲਣੇ
ਵੁਠੇ ਨਗਰ ਗੰਧ੍ਰਬ ॥ ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ[੨੬] ॥
੧੪ ॥ [੨੭]ਪਤਿਤ ਉਧਾਰਣ ਪਾਰਬ੍ਰਹਮੁ ਸੰਮ੍ਰਥ ਪੁਰਖੁ ਅਪਾਰੁ ॥ ਜਿਸਹਿ
ਉਧਾਰੇ ਨਾਨਕਾ ਸੋ ਸਿਮਰੇ ਸਿਰਜਣਹਾਰੁ ॥ ੧੫ ॥ ਦੂਜੀ ਛੋਡਿ ਕੁਵਾਟੜੀ[੨੮]
ਇਕਸ ਸਉ ਚਿਤੁ ਲਾਇ ॥ [੨੯]ਦੂਜੈ ਭਾਵੀਂ ਨਾਨਕਾ ਵਹਣਿ ਲੁੜ੍ੰਦੜੀ
ਜਾਇ ॥ ੧੬ ॥ [੩੦]ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ ॥
ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥ ੧੭ ॥ *ਪੰਥਾ ਪ੍ਰੇਮ ਨ
ਜਾਣਈ ਭੂਲੀ ਫਿਰੈ ਗਵਾਰਿ ॥ ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ

੧ ਜੇ ਤੂੰ ਮਾਲਕ ਨਾਲ ਹੋਵੇਂ ।

੨ ਨਾਮ ਦੇ ਪਿਆਰ ਵਿੱਚ ਵੈਰਾਗ ਪ੍ਰਾਪਤ ਹੁੰਦਾ ਹੈ।

੩ ਇਹ ਮਾਰੂ ਰਾਗ ਸਫਲ ਹੈ ਜਿਸ ਦਵਾਰਾ ਪੰਜ ਕਾਮਾਦਿਕ ਵੈਰੀ ਜਿੱਤੇ ਹਨ ।

੪ ਹੇ ਬ੍ਰਾਹਮਣ, ਮੈਨੂੰ ਤਾਂ ਇਕੋ ਹਰੀ ਹੀ ਲੱਖਾਂ ਵਰਗਾ ਹੈ, ਜਿਸ ਦੇ ਦਰ 'ਤੇ ਤੇਰੇ ਵਰਗੇ ਕਿੰਨੇ ਹੀ ਮੰਗਣ ਵਾਲੇ ਹਨ । ਤੇਰਾ ਬ੍ਰਾਹਮਣ ਜਨਮ ਵਿਅਰਥ ਗਿਆ, ਜਦ ਤੂੰ ਆਪਣੇ ਸਿਰਜਣਹਾਰ ਨੂੰ ਵਿਸਾਰ ਦਿੱਤਾ । 'ਬ੍ਰਾਮਣੁ' ਵਿਸ਼ੇਸ਼ਣ ਹੈ, 'ਜਨੰਮੁ' ਦਾ । 'ਹੇ ਬ੍ਰਾਹਮਣ !' ਨਹੀਂ ਹੋ ਸਕਦਾ ਕਿਉਂਕਿ ਅੰਤ ਔਂਕੜ ਹੈ । ਦੇਖੋ ਨੇਮ ੩ (ੳ) ।

੫ ਸੋਭਾ ।

੬ ਸੁਖਾਂ ਦਾ ਘਰ ।

੭ ਸੰਭਾਲਦੇ ਹਨ ।

੮ ਪਹੁੰਚ ਰਹਿਤ ਹਰੀ ।

੯ ਧਾਰਦੇ ਹਨ ।

੧੦ ਪਿਆਰ ।

੧੧ ਗੁਰੂ ਦੁਆਰਾ ।

੧੨ ਸ੍ਰੇਸ਼ਟ । ਸਹਜ ਰੂਪ ਵਿੱਚ ਸ੍ਰੇਸ਼ਟ ਸੁਖ ਲੈਂਦੇ ਹਨ ।

੧੩ ਹਿਰਦੇ ਰੂਪ ਗਲੇ ਵਿੱਚ ਹਾਰ ਹੈ ।

੧੪ ਜੋ ਹਰੀ ਕਰਦਾ ਹੈ ਉਸ ਨੂੰ ਠੀਕ ਕਰਕੇ ਮੰਨੋ, ਦ੍ਵੈਤ ਭਾਵ ਵਾਲੀ ਗਿਣਤੀ ਮਿਣਤੀ ਹਟਾ ਕੇ । ਨਾਲੇ ਇਉਂ ਅਰਦਾਸ ਕਰੋ ਕਿ ਹੇ ਹਰੀ ! ਆਪਣੀ ਮਿਹਰ ਦੀ ਨਜ਼ਰ ਨਾਲ ਵੇਖ ਕੇ ਆਪੇ ਆਪਣੀ ਚਰਨੀਂ ਲਾ ਲਓ ।

੧੫ ਥਾਂ ।

੧੬ ਰਿੜਕਦਾ ਹੈ, ਭਾਵ ਦੁੱਖ ਦਿੰਦਾ ।

੧੭ ਓਹ ਐਸੀਆਂ ਧਰਮ ਦੀਆਂ ਗੱਲਾਂ ਕਰਦੇ ਹਨ ਕਿ ਸਾਰੇ ਸੰਸਾਰ ਨੂੰ ਪਵਿੱਤਰ ਕਰਦੇ ਹਨ ।

੧੮ ਭੈੜੀਆਂ ਸਾਲਾਹਾਂ ਦੇਣ ਵਾਲਿਆਂ ਦੀਆਂ ਗੱਲਾਂ ਮਿੱਠੀਆਂ ਜਾਣ ਕੇ ਕੁਥਾਇ ਫਸ ਗਈ ਹਾਂ ।

੧੯ ਬਚ ਗਏ ।

੨੦ ਮੱਥੇ 'ਤੇ ।

੨੧ ਵਿਛੋੜਾ ।

੨੨ ਮਾਲਕ ਨਾਲ ।

੨੩ ਲੌਂਦੇ, ਕਾਂ ਕਾਂ ਕਰਦੇ ਹਨ ।

੨੪ ਅਗਿਆਨਤਾ ਦੀ ਨੀਂਦ ਸੁੱਤੇ ।

੨੫ ਹਰਿ ਚੰਦੌਰੀ ਵਸੀ ਹੋਈ ਤੇ ਮ੍ਰਿਗ-ਤ੍ਰਿਸ਼ਨਾ ਵੇਖ ਭੁੱਲ ਗਏ ਹਨ । ਦੇਖੋ, ਪੰਨਾ ੮੦੩, ਨੋਟ ੩ ਅਤੇ ਪੰਨਾ ੧੧੨੦, ਨੋਟ ੨੧ ।

੨੬ ਫੱਬਦੇ ਹਨ । ਮਨੋਂ ਤਨੋਂ ਸੋਹਣੇ ਲੱਗਦੇ ਹਨ ।

੨੭ ਡਿਗਿਆਂ ਹੋਇਆਂ ਨੂੰ ਉੱਚਾ ਕਰਨ ਵਾਲਾ ।

੨੮ ਗ਼ਲਤ ਰਸਤਾ ।

੨੯ ਜੋ ਦੂਜੇ ਭਾਵ ਵਿੱਚ ਹੈ, ਉਹ ਨਦੀ ਵਿੱਚ ਰੁੜ੍ਹਦੀ ਜਾਂਦੀ ਹੈ ।

੩੦ ਇਹ ਜੀਵ ਤ੍ਰਿਗੁਣੀ ਮਾਇਆ ਵਿੱਚ ਵਿਚਰਦੇ ਤੇ ਜ਼ਿੰਦਗੀ ਦਾ ਵਿਹਾਰ ਕਰਦੇ ਹਨ; ਜਿਨ੍ਹਾਂ ਸੱਚ ਵੱਖਰ ਲਦਿਆ ਹੈ ਓਹ ਸੱਚੇ ਪਸਾਰੀ ਹਨ ।

* ਰਸਤਾ ਪ੍ਰੇਮ ਦਾ । "ਸਤ ਕਾ ਪੰਥਾ ਥਾਟਿਓ" (ਟੋਡੀ ਮ: ੫, ਪੰਨਾ ੭੧੪) ।

ਅੰਧਾਰ ॥ ੧੮ ॥ ਮਾਇਆ ਮਨਹੁ ਨ ਵੀਸਰੈ ਮਾਂਗੈ [੧]ਦੰਮਾਂ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ [੨]ਨਹੀ ਕਰੰਮਿ ॥ ੧੯ ॥ ਤਿਚਰੁ ਮੂਲਿ ਨ ਥੁੜੀਂਦੋ[੩] ਜਿਚਰੁ ਆਪਿ ਕ੍ਰਿਪਾਲੁ ॥ ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥ ੨੦ ॥ ਖੰਭ ਵਿਕਾਂਦੜੇ[੪] ਜੇ ਲਹਾਂ ਘਿੰਨਾ[੫] ਸਾਵੀ ਤੋਲਿ ॥ ਤੰਨਿ ਜੜਾਂਈ ਆਪਣੈ ਲਹਾਂ[੬] ਸੁ ਸਜਣੁ ਟੋਲਿ ॥ ੨੧ ॥ ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ[੭] ॥ ੨੨ ॥

ੴ ਸਤਿਗੁਰ ਪ੍ਰਸਾਦਿ ॥ ਸਲੋਕ ਮਹਲਾ ੯ ॥

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ[੮] ਕੀਨੁ ॥ ਕਹੁ ਨਾਨਕ ਹਰਿ ਭਜੁ ਮਨਾ [੯]ਜਿਹ ਬਿਧਿ ਜਲ ਕਉ ਮੀਨੁ ॥ ੧ ॥ ਬਿਖਿਅਨ ਸਿਉ ਕਾਹੇ ਰਚਿਓ [੧੦]ਨਿਮਖ ਨ ਹੋਹਿ ਉਦਾਸੁ ॥ ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥ ੨ ॥ ਤਰਨਾਪੋ[੧੧] ਇਉ ਹੀ ਗਇਓ ਲੀਓ ਜਰਾ[੧੨] ਤਨੁ ਜੀਤਿ ॥ ਕਹੁ ਨਾਨਕ ਭਜੁ ਹਰਿ ਮਨਾ ਅਉਧ[੧੩] ਜਾਤੁ ਹੈ ਬੀਤਿ ॥ ੩ ॥ ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥ ੪ ॥ ਧਨੁ ਦਾਰਾ[੧੪] ਸੰਪਤਿ[੧੫] ਸਗਲ[੧੬] ਜਿਨਿ ਅਪੁਨੀ ਕਰਿ ਮਾਨਿ ॥ ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥ ੫ ॥ ਪਤਿਤ ਉਧਾਰਨ ਭੈ ਹਰਨ[੧੭] ਹਰਿ ਅਨਾਥ ਕੇ ਨਾਥ ॥ ਕਹੁ ਨਾਨਕ [੧੮]ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥ ੬ ॥ ਤਨੁ ਧਨੁ [੧੯]ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥ ਕਹੁ ਨਾਨਕ ਨਰ ਬਾਵਰੇ [੨੦]ਅਬ ਕਿਉ ਡੋਲਤ ਦੀਨ ॥ ੭ ॥ ਤਨੁ ਧਨੁ ਸੰਪੈ[੨੧] ਸੁਖ ਦੀਓ [੨੨]ਅਰੁ ਜਿਹ ਨੀਕੇ ਧਾਮ ॥ ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥ ੮ ॥ ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥ ੯ ॥ ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ[੨੩] ਮੀਤ ॥ ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥ ੧੦ ॥ ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ[੨੪] ॥ ਜਿਹ ਤੇ ਉਪਜਿਓ ਨਾਨਕਾ [੨੫]ਲੀਨ ਤਾਹਿ ਮੈ ਮਾਨੁ ॥ ੧੧ ॥ ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ[੨੬] ਉਤਰਹਿ ਪਾਰਿ ॥ ੧੨ ॥ ਸੁਖੁ ਦੁਖੁ ਜਿਹ ਪਰਸੈ[੨੭] ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥ ੧੩ ॥ ਉਸਤਤਿ ਨਿੰਦਿਆ ਨਾਹਿ ਜਿਹਿ [੨੮]ਕੰਚਨ ਲੋਹ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ

੧ ਪੈਸੇ ਹੀ ਪੈਸੇ ।
੨ ਉਨ੍ਹਾਂ ਦੇ ਭਾਗਾਂ ਵਿੱਚ ਹੀ ਨਹੀਂ ।
੩ ਬੁੜਦੇ, ਘਾਟੇ ਵਿੱਚ ਹੁੰਦੇ ।
੪ ਵਿਕਦੇ ।
੫ [ਲਹਿੰਦੀ] ਲਵਾਂ ।
੬ ਲੱਭਾਂ, ਲਵਾਂ ।
੭ ਸਿਦਕ ਦਾ ਆਸਰਾ ।
੮ ਨਿਸਫਲ ।
੯ ਜਿਸ ਤਰ੍ਹਾਂ ਜਲ ਨੂੰ ਮੀਨ (ਮੱਛੀ ਸਿਮਰਦੀ ਹੈ)।
੧੦ ਇਕ ਘੜੀ ਵੀ ਵਿਸ਼ਿਆਂ ਤੋਂ ਪਰੇ ਨਹੀਂ ਹੁੰਦਾ ।
੧੧ ਤਰੁਣਾਪਾ, ਜੁਆਨੀ ।
੧੨ ਬੁਢੇਪੇ ਨੇ ।
੧੩ ਉਮਰ ।
੧੪ ਇਸਤਰੀ ।
੧੫ ਮਾਲ ਧਨ ।
੧੬ ਸਾਰੀ ।
੧੭ ਦੂਰ ਕਰਨ ਵਾਲਾ ।
੧੮ ਉਸ ਹਰੀ ਨੂੰ ਇਸ ਤਰ੍ਹਾਂ ਜਾਣੀਏ ।
੧੯ ਜਿਸ ਨੇ ਤੈਨੂੰ ਦਿੱਤਾ ।
੨੦ ਹੁਣ ਦੀਨ (ਧਨ ਹੀਨ) ਹੋਣ ਉੱਤੇ ਕਿਉਂ ਡੋਲਦਾ ਹੈਂ ?
੨੧ ਸੰਪਦਾ, ਧਨ ਮਾਲ, ਐਸ੍ਵਰਜ ।
੨੨ ਅਤੇ ਜਿਸ ਨੇ ਸੋਹਣੇ ਘਰ ਦਿੱਤੇ ।
੨੩ ਤੂੰ ।
੨੪ ਹੇ ਸਿਆਣੇ !
੨੫ ਇਹ ਗੱਲ ਮੰਨ ਲਉ ਕਿ ਉਸੇ ਵਿੱਚ ਲੀਨ ਹੋਵੇਂਗਾ।
੨੬ ਭਵਸਾਗਰ ਤੋਂ, ਸੰਸਾਰ ਤੋਂ ।
੨੭ ਛੋਂਹਦਾ ।
੨੮ ਸੋਨਾ ਤੇ ਲੋਹਾ ਇਕੋ ਜੇਹਾ ।

* ਇਨ੍ਹਾਂ ਸ਼ਲੋਕਾਂ ਵਿੱਚ ਦੁਨੀਆਂ ਤੇ ਇਸ ਦੇ ਰਸਾਂ ਨੂੰ ਨਾਸਮਾਨ ਦੱਸ ਕੇ ਹਰੀ ਦੀ ਭਗਤੀ ਵੱਲ ਪ੍ਰੇਰਿਆ ਹੈ ।

† ਇਨ੍ਹਾਂ ਸ਼ਲੋਕਾਂ ਦੀ ਲਿਖਤ ਵਿੱਚ ਕਈ ਥਾਂ 'ਤੇ ਸ਼ਬਦਾਂ ਤਕ ਲਗਾਂ ਮਾਤਰਾਂ ਦੇ ਨੇਮ ਪੂਰੀ ਤਰ੍ਹਾਂ ਨਿਭਦੇ ਨਹੀਂ ਦਿਸਦੇ । ਦੇਖੋ ਸ਼ਲੋਕ ੧੪ ਤੇ ੧੫ ਵਿੱਚ ਲਫ਼ਜ਼ 'ਸਮਾਨਿ' ਤੇ 'ਸਮਾਨ', 'ਜਾਨਿ' ਤੇ 'ਜਾਨ' ਸ਼ਲੋਕ ੪੫ ਵਿੱਚ 'ਇਕ ਮਨ' ਤੇ 'ਇਕ ਚਿਤਿ' ।

ਤਾਹਿ ਤੈ ਜਾਨਿ ॥ ੧੪ ॥ ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ[੧] ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ੧੫ ॥ *ਭੈ ਕਾਹੂ ਕਉ ਦੇਤ ਨਹਿ [੨]ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ[੩] ॥ ੧੬ ॥ ਜਿਹਿ ਬਿਖਿਆ ਸਗਲੀ ਤਜੀ [੪]ਲੀਓ ਭੇਖ ਬੈਰਾਗ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥ ੧੭ ॥ ਜਿਹਿ[੫] ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥ ੧੮ ॥ ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥ ੧੯ ॥ ਭੈ ਨਾਸਨ ਦੁਰਮਤਿ ਹਰਨ[੬] ਕਲਿ ਮੈ ਹਰਿ ਕੋ ਨਾਮੁ ॥ ਨਿਸਿ ਦਿਨੁ[੭] ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ ੨੦ ॥ ਜਿਹਬਾ[੮] ਗੁਨ ਗੋਬਿੰਦ ਭਜਹੁ ਕਰਨ[੯] ਸੁਨਹੁ ਹਰਿ ਨਾਮੁ ॥ ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ [੧੦]ਜਮ ਕੈ ਧਾਮ ॥ ੨੧ ॥ ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥ ੨੨ ॥ ਜਿਉ ਸੁਪਨਾ ਅਰੁ ਪੇਖਨਾ[੧੧] ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥ ੨੩ ॥ ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ [੧੨]ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥ ੨੪ ॥ ਜੈਸੇ ਜਲ ਤੇ ਬੁਦਬੁਦਾ[੧੩] ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ ੨੫ ॥ [੧੪]ਪ੍ਰਾਨੀ ਕਛੂ ਨ ਚੇਤਈ[੧੫] ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ [੧੬]ਪਰਤ ਤਾਹਿ ਜਮ ਫੰਧ ॥ ੨੬ ॥ ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥ ੨੭ ॥ ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ[੧੭] ॥ ੨੮ ॥ ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥ ਹਰਿ ਜਨ ਹਰਿ ਅੰਤਰੁ[੧੮] ਨਹੀ ਨਾਨਕ ਸਾਚੀ ਮਾਨੁ ॥ ੨੯ ॥ ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ ਕਹੁ ਨਾਨਕ ਬਿਨੁ ਹਰਿ ਭਜਨ ਜੀਵਨ [੧੯]ਕਉਨੇ ਕਾਮ ॥ ੩੦ ॥ [੨੦]ਪ੍ਰਾਨੀ ਰਾਮੁ ਨ ਚੇਤਈ [੨੧]ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥ ੩੧ ॥ ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥ ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥ ੩੨ ॥ ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ[੨੨] ॥ ਕਹੁ ਨਾਨਕ ਹਰਿ

੧ ਇਕੋ ਜੇਹੇ ।
੨ ਹੋਰ ਦਾ ਭੈ ਨਹੀਂ ਮੰਨਣਾ ।
੩ ਆਖ ।
੪ ਭਾਵ ਤਿਆਗ ਧਾਰਨ ਕੀਤਾ ਹੈ ।
੫ ਜਿਸ ਜੀਵ ਨੇ ।
੬ ਦੂਰ ਕਰਨ ਵਾਲਾ ।
੭ ਰਾਤ ਦਿਨ ।
੮ ਜੀਭ ਰਾਹੀਂ ।
੯ ਕੰਨਾਂ ਨਾਲ ।
੧੦ ਜਮ ਦੇ ਟਿਕਾਣੇ । ਭਾਵ ਨਰਕਾਂ ਵਿੱਚ ਨਹੀਂ ਪਏਂਗਾ ।
੧੧ ਤਮਾਸ਼ਾ । ਦੇਖੋ ਪੰਨਾ ੮੫੫, ਨੋਟ ੬ ।
੧੨ ਕੂੜਾਂ ਵਿੱਚ ।
੧੩ ਬੁਲਬੁਲਾ, ਬੁੜਬੁੜੀ ।
੧੪ ਇਹੋ ਸ਼ਲੋਕ ਕੁਝ ਅਦਲਾ-ਬਦਲੀ ਨਾਲ ਥਲੇ ਜਾ ਕੇ ੩੧ਵਾਂ ਸ਼ਲੋਕ ਕਰ ਕੇ ਦਿੱਤਾ ਹੈ ।
੧੫ ਚੇਤਦਾ ।
੧੬ ਪੈਂਦੀ ਹੈ, ਉਸ ਨੂੰ ਮਾਇਆ ਦੀ ਫਾਹੀ ।
੧੭ ਬੀਤਦਾ ਹੈ ।
੧੮ ਅੰਤਰਾ, ਫ਼ਰਕ । ਹਰੀ ਅਤੇ ਉਸ ਦੇ ਸੇਵਕ ਵਿੱਚ ਕੋਈ ਫ਼ਰਕ ਨਹੀਂ; ਦੋਵੇਂ ਇਕ ਰੂਪ ਹਨ ।
੧੯ ਕਿਸ ਕੰਮ ?
੨੦ ਇਹੋ ਸ਼ਲੋਕ ਉਪਰ ੧੬ਵਾਂ ਕਰ ਕੇ ਦਿੱਤਾ ਹੈ ।
੨੧ ਮਾਇਆ ਦੀ ਮਸਤੀ ਦੇ ਕਾਰਣ ਅੰਨ੍ਹਾ ਹੋਣ ਕਰ ਕੇ ।
੨੨ ਡਰ ।

* ਗੁਰੂ ਤੇਗ ਬਹਾਦਰ ਸਾਹਿਬ ਦੀ ਤਬੀਅਤ ਦੁਨੀਆਂ ਦੇ ਮੋਹ-ਮਾਇਆ ਤੋਂ ਉਚਾਟ ਸੀ ਪਰ ਇਸ ਦਾ ਇਹ ਭਾਵ ਨਹੀਂ ਕਿ ਉਨ੍ਹਾਂ ਵਿੱਚ ਨਿਰਾਸਤਾ ਸੀ । ਇਸ ਸ਼ਲੋਕ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਜਿਥੇ ਮੋਹ ਤੇ ਲਾਲਚਾਂ ਤੋਂ ਆਜ਼ਾਦ ਰਹਿਣਾ ਚਾਹੁੰਦੇ ਸਨ, ਉਥੇ ਕ੍ਰਿਸੇ ਤੋਂ ਡਰਦੇ ਭੀ ਨਹੀਂ ਸਨ ਤੇ ਨਾ ਡਰਾਣਾ ਚਾਹੁੰਦੇ ਸਨ । ਉਨ੍ਹਾਂ ਦੀ ਸ਼ਹੀਦੀ ਭੀ ਦਸਦੀ ਹੈ ਕਿ ਉਨ੍ਹਾਂ ਦੀ ਤਬੀਅਤ ਦੁੱਖ ਸੁਖ ਵਿੱਚ ਕਿਵੇਂ ਇਕ-ਰਸ ਰਹਿਣ ਵਾਲੀ ਸੀ ।

ਭਜੁ ਮਨਾ ਨਿਰਭੈ ਪਾਵਹਿ ਬਾਸੁ[੧] ॥ ੩੩ ॥ ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥ ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥ ੩੪ ॥ ਬਾਲ ਜੁਆਨੀ ਅਰੁ ਬਿਰਧਿ ਫੁਨਿ[੨] ਤੀਨਿ ਅਵਸਥਾ ਜਾਨਿ ॥ ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥ ੩੫ ॥ [੩]ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ ਨਾਨਕ [੪]ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥ ੩੬ ॥ ਮਨੁ ਮਾਇਆ ਮੈ ਰਮਿ ਰਹਿਓ ਨਿਕਸਤ[੫] ਨਾਹਿਨ ਮੀਤ ॥ ਨਾਨਕ [੬]ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥ ੩੭ ॥ ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥ ਚਿਤਵਤ ਰਹਿਓ ਠਗਉਰ[੭] ਨਾਨਕ ਫਾਸੀ ਗਲਿ ਪਰੀ ॥ ੩੮ ॥ ਜਤਨ ਬਹੁਤ ਸੁਖ ਕੇ ਕੀਏ *ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥ ੩੯ ॥ ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥ ੪੦ ॥ ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥ ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥ ੪੧ ॥ ਗਰਬੁ[੮] ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥ ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ [੯]ਤਿਹਿ ਜਗੁ ਜੀਤਿ ॥ ੪੨ ॥ ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥ ਤਿਹਿ ਨਰ ਹਰਿ ਅੰਤਰੁ[੧੦] ਨਹੀ ਨਾਨਕ ਸਾਚੀ ਮਾਨੁ ॥ ੪੩ ॥ ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ[੧੧] ਸੁਆਨ[੧੨] ਨਾਨਕ ਮਾਨੋ ਤਾਹਿ ਤਨੁ ॥ ੪੪ ॥ ਸੁਆਮੀ ਕੋ ਗ੍ਰਿਹੁ ਜਿਉ ਸਦਾ [੧੩]ਸੁਆਨ ਤਜਤ ਨਹੀ ਨਿਤ ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥ ੪੫ ॥ ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ [੧੪]ਇਸਨਾਨੁ ॥ ੪੬ ॥ ਸਿਰੁ ਕੰਪਿਓ [੧੫]ਪਗ ਡਗਮਗੇ ਨੈਨ ਜੋਤਿ ਤੇ ਹੀਨ ॥ ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥ ੪੭ ॥ [੧੬]ਨਿਜ ਕਰਿ ਦੇਖਿਓ ਜਗਤੁ ਮੈ ਕੋ [੧੭]ਕਾਹੂ ਕੋ ਨਾਹਿ ॥ ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥ ੪੮ ॥ ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ [੧੮]ਬਾਲੂ ਕੀ ਭੀਤਿ ॥ ੪੯ ॥ ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ ੫੦ ॥ ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ[੧੯] ਹੋਇ ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥ ੫੧ ॥ ਜੋ ਉਪਜਿਓ ਸੋ ਬਿਨਸਿ ਹੈ[੨੦] ਪਰੋ ਆਜੁ ਕੈ ਕਾਲਿ ॥

੧ ਵਾਸਾ ।
੨ ਭੀ ।
੩ ਜੋ ਕਰਨਾ ਸੀ ।
੪ ਸਮਾਂ ਗੁਜ਼ਰ ਗਿਆ ।
੫ ਨਿਕਲਦਾ ।
੬ ਜਿਵੇਂ ਚਿਤ੍ਰੀ ਹੋਈ ਮੂਰਤ ਕੰਧ ਨੂੰ ਨਹੀਂ ਛੱਡਦੀ।
੭ ਹੋਰਨਾਂ ਨੂੰ ਠੱਗਣ ਦੀਆਂ ਵਿਉਂਤਾਂ ।
੮ ਹੰਕਾਰ ।
੯ ਉਸ ਨੇ ਜਗਤ ਨੂੰ ਜਿੱਤਿਆ ਹੈ ।
੧੦ ਅੰਤਰਾ, ਫ਼ਰਕ ਹਰੀ ਨਾਲੋਂ ।
੧੧ ਸੂਰ ਦਾ ।
੧੨ ਕੁੱਤੇ ਦਾ ।
੧੩ ਕੁੱਤਾ ਕਦੇ ਨਹੀਂ ਛੱਡਦਾ ।
੧੪ ਹਾਥੀ ਦਾ ।
੧੫ ਪੈਰ ਥਿੜਕਦੇ ਹਨ ।
੧੬ ਜਗਤ ਨੂੰ ਮੈਂ ਆਪਣਾ ਕਰ ਕੇ ਸਮਝਿਆ ਸੀ, ਪਰ...।
੧੭ ਕਿਸੇ ਦਾ ।
੧੮ ਰੇਤ ਦੀ ਕੰਧ ।
੧੯ ਨਾ ਹੋਣ ਵਾਲੀ, ਅਸੰਭਵ ।
੨੦ ਅੱਜ-ਭਲਕ ਡਿੱਗ ਪੈਣ ਵਾਲਾ ਹੈ ।

* ਦੁੱਖ ਲਈ ਤਾਂ ਕਦੇ ਕੋਈ ਕੁਝ ਨਹੀਂ ਕਰਦਾ, ਭਾਵ ਜਿਨ੍ਹਾਂ ਗੱਲਾਂ ਕਰ ਕੇ ਦੁੱਖ ਪਹੁੰਚਦਾ ਹੈ, ਉਨ੍ਹਾਂ ਦੇ ਰੋਕਣ ਦਾ ਪ੍ਰਬੰਧ ਕੋਈ ਨਹੀਂ ਕਰਦਾ ।

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥ ੫੨ ॥ ਦੋਹਰਾ * ॥
ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ
ਹਰਿ ਗਜ[੧] ਜਿਉ ਹੋਹੁ ਸਹਾਇ ॥ ੫੩ ॥ ਬਲੁ ਹੋਆ ਬੰਧਨ ਛੁਟੇ ਸਭੁ ਕਿਛੁ
ਹੋਤ ਉਪਾਇ ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥
੫੪ ॥ ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥ ਕਹੁ ਨਾਨਕ
ਇਹ ਬਿਪਤਿ ਮੈ ਟੇਕ ਏਕ ਰਘੁਨਾਥ[੨] ॥ ੫੫ ॥ [੩]ਨਾਮੁ ਰਹਿਓ ਸਾਧੂ ਰਹਿਓ
ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ ਕਿਨ[੪] ਜਪਿਓ ਗੁਰ
ਮੰਤੁ ॥ ੫੬ ॥ ਰਾਮ ਨਾਮੁ [੫]ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥ ਜਿਹ
ਸਿਮਰਤ ਸੰਕਟ[੬] ਮਿਟੈ ਦਰਸੁ ਤੁਹਾਰੋ ਹੋਇ ॥ ੫੭ ॥ ੧ ॥

ਮੁੰਦਾਵਣੀ† ਮਹਲਾ ੫ ॥

[੭]ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ[੮] ॥ ਅੰਮ੍ਰਿਤ ਨਾਮੁ
ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ[੯] ॥ ਜੇ ਕੋ ਖਾਵੈ ਜੇ ਕੋ ਭੁੰਚੈ[੧੦] ਤਿਸ
ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ [੧੧]ਉਰਿ
ਧਾਰੋ ॥ [੧੨]ਤਮ ਸੰਸਾਰੁ ਚਰਨ ਲਗਿ ਤਰੀਐ [੧੩]ਸਭੁ ਨਾਨਕ ਬ੍ਰਹਮ ਪਸਾਰੋ ॥
੧ ॥ ਸਲੋਕ ਮਹਲਾ ੫‡ ॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ[੧੪] ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥ ਤਰਸੁ ਪਇਆ
ਮਿਹਰਾਮਤਿ[੧੫] ਹੋਈ ਸਤਿਗੁਰੁ ਸਜਣੁ ਮਿਲਿਆ ॥ ਨਾਨਕ ਨਾਮੁ ਮਿਲੈ ਤਾਂ
ਜੀਵਾਂ ਤਨੁ ਮਨੁ [੧੬]ਥੀਵੈ ਹਰਿਆ ॥ ੧ ॥

ੴ ਸਤਿਗੁਰ ਪ੍ਰਸਾਦਿ ॥ ਰਾਗ ਮਾਲਾ ॥

ਰਾਗ ਏਕ ਸੰਗਿ ਪੰਚ ਬਰੰਗਨ ॥ ਸੰਗਿ ਅਲਾਪਹਿ ਆਠਉ ਨੰਦਨ ॥ ਪ੍ਰਥਮ
ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥ ਪ੍ਰਥਮ ਭੈਰਵੀ
ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥ ਪੁਨਿ ਅਸਲੇਖੀ ਕੀ ਭਈ
ਬਾਰੀ ॥ ਏ ਭੈਰਉ ਕੀ ਪਾਚਉ ਨਾਰੀ ॥ ਪੰਚਮ ਹਰਖ ਦਿਸਾਖ ਸੁਨਾਵਹਿ ॥
ਬੰਗਾਲਮ ਮਧੁ ਮਾਧਵ ਗਾਵਹਿ ॥ ੧ ॥ ਲਲਤ ਬਿਲਾਵਲ ਗਾਵਹੀ
ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥
੧ ॥ ਦੁਤੀਆ ਮਾਲਕਉਸਕ ਆਲਾਪਹਿ ॥ ਸੰਗਿ ਰਾਗਨੀ ਪਾਚਉ
ਥਾਪਹਿ ॥ ਗੋਂਡਕਰੀ ਅਰੁ ਦੇਵਗੰਧਾਰੀ ॥ ਗੰਧਾਰੀ ਸੀਹੁਤੀ ਉਚਾਰੀ ॥

੧ ਹਾਥੀ । ਜਿਵੇਂ ਹਾਥੀ ਨੂੰ ਤੰਦੂਏ ਤੋਂ ਬਚਾਇਆ ਸੀ । ਦੇਖੋ ਪੰਨਾ ੧੧੨੪, ਨੋਟ ੪੩ ।

੨ [ਰਘੂਕੁਲ ਦਾ ਮਾਲਕ, ਰਾਮ] ਵਾਹਿਗੁਰੂ ।

੩ ਅਸੀਂ ਭਾਵੇਂ ਨਾ ਰਹੀਏ, ਪਰ ਜਦ ਗੁਰੂ ਗੋਬਿੰਦ ਸਿੰਘ ਜੀ ਰਹਿ ਗਏ ਹਨ, ਤਾਂ ਹਰੀ ਦਾ ਨਾਮ, ਤੇ ਉਸ ਦੇ ਜਪਣ ਜਪਾਣ ਵਾਲਾ ਸਾਧੂ ਗੁਰੂ ਰਹਿ ਗਿਆ ਹੈ । ਹੁਣ ਕੋਈ ਫਿਕਰ ਨਹੀਂ ।

੪ ਕਿਸੇ ਵਿਰਲੇ ਨੇ ।

੫ ਦਿਲ ਵਿੱਚ ਪਕੜਿਆ (ਧਾਰਨ) ਕੀਤਾ ਹੈ ।

੬ ਕਲੇਸ਼ ।

੭ ਗੁਰੂ ਗ੍ਰੰਥ ਸਾਹਿਬ ਰੂਪ ਥਾਲ ਵਿੱਚ । "ਥਾਲੇ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ", ਆਦਿ (ਵਾਰ ਸੋਰਠਿ ਮ: ੩, ਪੰਨਾ ੬੪੫) । ਇਸ ਥਾਲ ਵਿੱਚ ਜੋ ਆਤਮਕ ਖੁਰਾਕ ਪਰੋਸੀ ਗਈ ਹੈ, ਉਸ ਵਿੱਚ ਤਿੰਨ ਚੀਜ਼ਾਂ ਹਨ : 'ਸਤੁ' (ਜੋ ਭਗਤੀ ਦੇ ਮਨੋਰਥ ਨੂੰ ਪੂਰਾ ਕਰਦਾ ਹੈ), 'ਸੰਤੋਖੁ' (ਜੋ ਕਰਮ-ਮਾਰਗ ਦੀ ਦੌੜ-ਭਜ ਨੂੰ ਥਾਂ ਸਿਰ ਰੱਖਦਾ ਹੈ) ਅਤੇ 'ਵੀਚਾਰੋ' (ਜੋ ਗਿਆਨ-ਮਾਰਗ ਦੀਆਂ ਔਕੜਾਂ ਨੂੰ ਦੂਰ ਕਰ ਕੇ ਠੀਕ-ਠੀਕ ਸੋਚਣ ਵਿੱਚ ਸਹਾਈ ਹੁੰਦਾ ਹੈ) ।

੮ ਵਿਚਾਰ ।

੯ ਆਸਰਾ; ਜਿਵੇਂ, ਭੁੱਖੇ ਨੂੰ ਰੋਟੀ ਦਾ ਹੁੰਦਾ ਹੈ ।

੧੦ ਖਾਂਦਾ ਹੈ, ਭੋਗਦਾ ਹੈ ।

੧੧ ਦਿਲ ਵਿੱਚ ਧਾਰੋ ।

੧੨ ਅੰਧੇਰੇ, ਸੰਸਾਰ ਤੋਂ ।

੧੩ ਫਿਰ ਸਭ ਥਾਂ 'ਤੇ ਬ੍ਰਹਮ ਦਾ ਪਸਾਰਾ ਦਿਸਦਾ ਹੈ।

੧੪ ਯੋਗ, ਲਾਇਕ (ਇਸ ਬਾਣੀ ਦੇ ਜਹਾਜ਼ ਰਚਣ ਦੇ ਲਾਇਕ) ।

੧੫ [ਮਰਹਮਤ] ਮੇਹਰ ।

੧੬ ਹਰਾ ਹੋ ਜਾਂਦਾ ਹੈ ।

* ਕਹਿੰਦੇ ਹਨ ਕਿ ਇਹ ਦੋਹਰਾ ਗੁਰੂ ਜੀ ਨੇ ਦਿੱਲੀ ਤੋਂ ਕੈਦ ਦੀ ਹਾਲਤ ਵਿੱਚ ਲਿਖ ਕੇ ਦਸਮੇਸ਼ ਜੀ ਨੂੰ ਭੇਜਿਆ ਸੀ । ਇਸ ਵਿੱਚ ਉਨ੍ਹਾਂ ਇਰਾਦਾ ਆਪਣੇ ਸਪੁੱਤਰ ਦੀ ਤਕੜਾਈ ਨੂੰ ਪਰਖਣ ਦਾ ਸੀ । ਅਗਲੇ ਦੋਹਿਰੇ ਵਿੱਚ ਦਸਮੇਸ਼ ਜੀ ਵਲੋਂ ਉੱਤਰ ਦਿੱਤਾ ਹੋਇਆ ਹੈ । ਕਈਆਂ ਬੀੜਾਂ (ਜਿਵੇਂ ਭਾਈ ਬੰਨੋ ਵਾਲੀ ਅਤੇ ਤਖ਼ਤ ਪਟਨਾ ਸਾਹਿਬ ਵਾਲੀ) ਵਿੱਚ ਇਸ ਦੇ ਨਾਲ 'ਮਹਲਾ ੧੦' ਦਿੱਤਾ ਹੋਇਆ ਹੈ । ਜਿਥੇ 'ਮਹਲਾ ੧੦' ਨਾਲ ਦਿੱਤਾ ਹੈ, ਉਥੇ ਦੂਜੀ ਤੁਕ ਦਾ ਪਾਠ ਇਉਂ ਆਉਂਦਾ ਹੈ: 'ਸਭੁ ਕਛੁ ਤੁਮਰੈ ਹਾਥ ਮਹਿ ਤੁਮ ਹੀ ਹੋਇ ਸਹਾਇ' । ਇਸ ਦੋਹਿਰੇ ਮਗਰੋਂ 'ਮਹਲਾ ੯' ਦੇ ਕੇ ਸ਼ਲੋਕ ਜਾਰੀ ਕੀਤੇ ਹਨ ।

† ਬੁਝਾਰਤ । ਹੇਠਲਾ ਸ਼ਬਦ ਇਕ ਅੜਾਉਣੀ ਹੈ । ਦੱਸੋ ਖਾਂ, ਉਹ ਥਾਲ ਕਿਹੜਾ ਹੈ ? ਜਿਸ ਵਿੱਚ ਤਿੰਨ ਚੀਜ਼ਾਂ ਪਈਆਂ ਹੋਈਆਂ ਹਨ- ਸਤ, ਸੰਤੋਖ ਤੇ ਵਿਚਾਰ । ਉਨ੍ਹਾਂ ਨੂੰ ਰਲਾ ਕੇ ਭੋਜਨ ਬਣਾਨ ਲਈ ਪਾਣੀ ਦੀ ਥਾਂ ਅੰਮ੍ਰਿਤ ਨਾਮ ਪਿਆ ਹੋਇਆ ਹੈ । ਇਸ ਤਰ੍ਹਾਂ ਇਕ ਖੁਰਾਕ ਤਿਆਰ ਕੀਤੀ ਗਈ ਹੈ, ਜਿਸ ਨੇ ਸਾਰੇ ਜਹਾਨ ਦੀ ਭੁੱਖ ਦੂਰ ਕਰਨੀ ਹੈ । ਹੋਰਨਾਂ ਖ਼ੁਰਾਕਾਂ ਤੋਂ ਬਿਨਾਂ ਗੁਜ਼ਾਰਾ ਹੋ ਸਕਦਾ ਹੈ, ਪਰ ਇਸ ਖੁਰਾਕ ਤੋਂ ਬਿਨਾਂ ਮਨੁੱਖ ਜਾਤੀ ਜਿੰਦਾ ਨਹੀਂ ਰਹਿ ਸਕਦੀ : 'ਏਹ ਵਸਤੁ ਤਜੀ ਨਹ ਜਾਈ' । ਹੇ ਸੰਸਾਰ ਦੇ ਲੋਕੋ ! ਇਹ ਚੀਜ਼ ਤੁਸੀਂ ਨਹੀਂ ਛੱਡ ਸਕਦੇ । ਇਸ ਲਈ ਸਦਾ ਇਸ ਦਾ ਖਿਆਲ ਰੱਖੋ । ਇਹ ਕਿਹੜਾ ਥਾਲ ਹੈ ? ਉੱਤਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਦੀ ਇਥੇ ਸਮਾਪਤੀ ਹੁੰਦੀ ਹੈ ।

‡ ਇਸ ਦੂਜੇ ਸ਼ਲੋਕ ਵਿੱਚ ਗੁਰੂ ਜੀ ਵਾਹਿਗੁਰੂ ਦਾ ਧੰਨਵਾਦ ਕਰਦੇ ਹਨ, ਜਿਸ ਨੇ ਇਤਨਾ ਮਹਾਨ ਕਾਰਜ ਕਰਨ ਦੀ ਸਮਰੱਥਾ ਬਖ਼ਸ਼ੀ ਹੈ ।

ਧਨਾਸਰੀ ਏ ਪਾਚਉ ਗਾਈ ॥ ਮਾਲ ਰਾਗ ਕਉਸਕ ਸੰਗਿ ਲਾਈ॥ ਮਾਰੂ ਮਸਤਅੰਗ ਮੇਵਾਰਾ॥ ਪ੍ਰਬਲਚੰਡ ਕਉਸਕ ਉਭਾਰਾ॥ ਖਉਖਟ ਅਉ ਭਉਰਾਨਦ ਗਾਏ॥ ਅਸਟ ਮਾਲਕਉਸਕ ਸੰਗਿ ਲਾਏ॥ ੧॥ ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ॥ ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ॥ ੧॥ ਤੇਲੰਗੀ ਦੇਵਕਰੀ ਆਈ॥ ਬਸੰਤੀ ਸੰਦੂਰ ਸੁਹਾਈ॥ ਸਰਸ ਅਹੀਰੀ ਲੈ ਭਾਰਜਾ॥ ਸੰਗਿ ਲਾਈ ਪਾਂਚਉ ਆਰਜਾ॥ ਸੁਰਮਾਨੰਦ ਭਾਸਕਰ ਆਏ॥ ਚੰਦ੍ਰਬਿੰਬ ਮੰਗਲਨ ਸੁਹਾਏ॥ ਸਰਸਬਾਨ ਅਉ ਆਹਿ ਬਿਨੋਦਾ॥ ਗਾਵਹਿ ਸਰਸ ਬਸੰਤ ਕਮੋਦਾ॥ ਅਸਟ ਪੁਤ੍ਰ ਮੈ ਕਹੇ ਸਵਾਰੀ॥ ਪੁਨਿ ਆਈ ਦੀਪਕ ਕੀ ਬਾਰੀ॥ ੧॥ ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥ ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ॥ ੧॥ ਕਾਲੰਕਾ ਕੁੰਤਲ ਅਉ ਰਾਮਾ॥ ਕਮਲਕੁਸਮ ਚੰਪਕ ਕੇ ਨਾਮਾ॥ ਗਉਰਾ ਅਉ ਕਾਨਰਾ ਕਲ੍ਯਾਨਾ॥ ਅਸਟ ਪੁਤ੍ਰ ਦੀਪਕ ਕੇ ਜਾਨਾ॥ ੧॥ ਸਭ ਮਿਲਿ ਸਿਰੀਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥ ਬੈਰਾਰੀ ਕਰਨਾਟੀ ਧਰੀ॥ ਗਵਰੀ ਗਾਵਹਿ ਆਸਾਵਰੀ॥ ਤਿਹ ਪਾਛੈ ਸਿੰਧਵੀ ਅਲਾਪੀ॥ ਸਿਰੀਰਾਗ ਸਿਉ ਪਾਂਚਉ ਥਾਪੀ॥ ੧॥ ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ॥ ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ॥ ੧॥ ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥ ਸੋਰਠਿ ਗੋਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਂਚਉ ਚੀਨੀ॥ ੧॥ ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟ ਅਉ ਜਲਧਾਰਾ॥ ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥ ੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥ ੧॥ ੧॥